*ਸਾਹਿਤ, ਸਭਿਆਚਾਰ ਅਤੇ ਕਲਾ ਦਾ ਤ੍ਰੈਮਾਸਿਕ ਪ੍ਰਕਾਸ਼ਨ*

# ਸ਼ਬਦ

**ਸਾਲ : ਨੌਂਵਾਂ** **ਪੁ : ਲੜੀ : ਪੈਂਤੀ** **ਜੁਲਾਈ-ਸਤੰਬਰ, 2006**

***ਸਰਪ੍ਰਸਤ***

ਹਰੀਸ਼ ਜੈਨ

***ਸਲਾਹਕਾਰ***

ਨ੍ਰਿਪਇੰਦਰ ਰਤਨ

**ਸੰਪਾਦਕ**

ਜਿੰਦਰ (ਆਨਰੇਰੀ)

***ਮੁੱਖ ਸੰਪਾਦਕ***

ਹਰਜੀਤ ਅਟਵਾਲ

67, HILLSIDE ROAD, SOUTHALL

MIDDLESEX , ENGLAND. UB1 2PE

Ph. : 020-85780393 MOBILE : 07782-265726

e mail address shabad_atwal @ hotmail.com.

Internet address : www.shabad_punjabi.com

**Managing Editor Shiv**

984, Near Bindu Sharma Depot,

Model House, Jalandhar-144003

Mobile No.98148-03254, 98881-80266, Ph.: 0181-2440191

**ਡਿਸਟ੍ਰੀਬਿਊਟਰ**

ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ

***ਚੰਦਾ :*** 15 ਪੌਂਡ ਸਾਲਾਨਾ, 40 ਡਾਲਰ ਸਾਲਾਨਾ, 80 ਰੁ: ਸਾਲਾਨਾ

***ਨੋਟ :*** ਯੂਰਪ 'ਚ ਚੈੱਕ, ਬੈਂਕ ਡਰਾਫਟ J. S. ATWAL ਦੇ ਨਾਂ ਦਾ ਹੋਵੇ।

ਭਾਰਤ ਵਿਚ ਚੈੱਕ, ਬੈਂਕ ਡਰਾਫਟ 'ਤੇ ਕੇਵਲ ਸ਼ਿਵ (Shiv) ਲਿਖਿਆ ਹੋਣਾ ਚਾਹੀਦਾ ਹੈ।

ਨੋਟ : 'ਅਦਾਰਾ ਸ਼ਬਦ' ਦਾ ਲੇਖਕਾਂ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।
ਕਿਸੇ ਵੀ ਕਾਨੂੰਨੀ ਝਗੜੇ ਲਈ ਲੇਖਕ ਆਪ ਜੁੰਮੇਵਾਰ ਹੋਵੇਗਾ।

ਦਰਸ਼ਨ ਸਿੰਘ ਅਟਵਾਲ ਮਾਲਕ ਤੇ ਪ੍ਰਕਾਸ਼ਕ ਨੇ ਕੰਡਾ ਕੰਪਿਊਟਰਜ਼ ਫੋਨ : 98556-37266 ਤੋਂ ਕੰਪੋਜ਼ ਕਰਵਾ ਕੇ ਸਵਿੱਤਰ ਪ੍ਰੈਸ, ਚੰਡੀਗੜ੍ਹ ਤੋਂ ਛਪਵਾ ਕੇ ਪਿੰਡ ਤੇ ਡਾਕ. ਫਰਾਲਾ (ਨਵਾਂਸ਼ਹਿਰ) ਤੋਂ ਜਾਰੀ ਕੀਤਾ

## ਮੇਰਾ ਪੰਨਾ

ਪਿਛਲੇ ਦਿਨੀਂ ਕਮਲੇਸ਼ਵਰ ਨੇ ਇਕ ਫੰਕਸ਼ਨ ਦੀ ਪ੍ਰਧਾਨਗੀ ਕਰਦਿਆਂ ਹੋਇਆਂ ਕਿਹਾ ਕਿ ਹਿੰਦੀ ਸਾਹਿਤ 'ਚ ਚੰਗੀਆਂ ਰਚਨਾਵਾਂ ਦਾ ਸੈਲਾਬ ਆਇਆ ਹੋਇਆ ਹੈ। ਕਵਿਤਾ ਬਾਰੇ ਤਾਂ ਮੈਨੂੰ ਪਤਾ ਨਹੀਂ, ਪਰ ਕਹਾਣੀ, ਨਾਵਲ, ਔਰਤ ਦੀ ਸਾਇਕੀ ਨੂੰ ਜਾਣਨ/ਸਮਝਣ ਵਾਲੀਆਂ ਅਨੇਕਾਂ ਹੀ ਉਤਕ੍ਰਿਸ਼ਟ ਪੁਸਤਕਾਂ ਉਪਲਬਧ ਹਨ। ਹਿੰਦੀ ਕਹਾਣੀ ਦੇ ਵਿਸ਼ੇਸ਼ ਅੰਕ ਨੂੰ ਸੰਪਾਦਤ ਕਰਨਾ ਮੇਰੇ ਲਈ ਬਹੁਤ ਹੀ ਔਖਾ ਕਾਰਜ ਸੀ। ਇਕ ਤੋਂ ਵੱਧ ਕੇ ਇਕ ਚੰਗੀਆਂ ਕਹਾਣੀਆਂ ਸਨ। ਇਸੇ ਲਈ ਮੈਂ ਇਸ ਵਿਸ਼ੇਸ਼ ਅੰਕ ਲਈ ਉਨ੍ਹਾਂ ਕਹਾਣੀਕਾਰਾਂ ਦੀਆਂ ਕਹਾਣੀਆਂ ਨੂੰ ਚੁਣਿਆ ਜਿਨ੍ਹਾਂ ਦਾ ਜਨਮ 1950 ਤੋਂ ਬਾਅਦ ਹੋਇਆ। ਇਨ੍ਹਾਂ ਕਹਾਣੀਕਾਰਾਂ ਨੇ 1975-80 ਤੋਂ ਲਿਖਣਾ ਸ਼ੁਰੂ ਕੀਤਾ। ਇਹ ਉਹ ਸਮਾਂ ਸੀ ਜਦੋਂ ਕਹਾਣੀ 'ਅਕਹਾਣੀ', 'ਸਮਾਂਤਰ ਕਹਾਣੀ, 'ਜਨਵਾਦੀ ਕਹਾਣੀ' ਆਦਿ ਦੇ ਬੰਧਨਾਂ ਤੋਂ ਮੁਕਤ ਹੋ ਚੁੱਕੀ ਸੀ। ਇਸੇ ਸਮੇਂ 'ਚ ਸਾਰਿਕਾ, ਧਰਮਯੁੱਗ ਅਤੇ ਸਪਤਾਹਿਕ ਹਿੰਦੋਸਤਾਨ ਅਜਿਹੀਆਂ ਵੱਡੀਆਂ ਪਤ੍ਰਿਕਾਵਾਂ ਬੰਦ ਹੋਈਆਂ। ਹੰਸ ਤੇ ਕਥਾ ਦੇਸ਼ ਪਤ੍ਰਿਕਾਵਾਂ ਸਾਹਮਣੇ ਆਈਆਂ ਜਿਹੜੀਆਂ ਕਿ ਨਿਰੋਲ ਕਹਾਣੀ ਨੂੰ ਸਮਰਪਿਤ ਹਨ। ਪਿਛਲੇ ਦੋ ਦਹਾਕਿਆਂ 'ਚ ਸਮਾਜ 'ਚ ਵੱਡੀਆਂ ਤਬਦੀਲੀਆਂ ਆਈਆਂ ਹਨ। ਮਹਾਨਗਰਾਂ ਦਾ ਖੇਤਰ ਵਧਿਆ ਹੈ। ਛੋਟੇ ਸ਼ਹਿਰ ਵੱਡੇ ਸ਼ਹਿਰਾਂ 'ਚ ਫੈਲੇ ਹਨ। ਕੰਪਿਊਟਰ, ਮੀਡੀਆ ਨੇ ਲੋਕਾਂ ਨੂੰ ਹਰ ਪੱਖੋਂ ਚੇਤੰਨ ਕੀਤਾ ਹੈ। ਇਸ ਸਭ ਕੁਝ ਨਾਲ ਜ਼ਿੰਦਗੀ 'ਚ ਭੱਜ ਦੌੜ, ਤਨਾਉ, ਮਾਰ-ਲੁੱਟ, ਸੁਆਰਥਪਣ ਦੀ ਭਾਵਨਾ ਬਹੁਤ ਜ਼ਿਆਦਾ ਹੋ ਗਈ ਹੈ। ਸੈਕਸ ਹੁਣ ਪਹਿਲਾਂ ਜਿਹਾ ਟੈਬੂ ਨਹੀਂ ਰਿਹਾ। ਹੁਣ 'ਰਹੱਸ' ਜਿਹਾ ਕੁਝ ਨਹੀਂ ਰਿਹਾ। ਸ਼ਿਲਪ ਤੇ ਸ਼ੈਲੀ ਬਦਲੀ ਹੈ। ਜ਼ਿੰਦਗੀ ਪੇਚਦਗੀ ਹੋਣ ਨਾਲ ਕਹਾਣੀ 'ਚ ਵੀ ਇਹੀ ਭਾਵਨਾ ਦੇਖੀ ਜਾ ਸਕਦੀ ਹੈ।

1980 ਤੋਂ ਬਾਅਦ ਉਦਯ ਪ੍ਰਕਾਸ਼, ਪ੍ਰਿਂਯਵਦ, ਅਖਿਲੇਸ਼, ਸੰਰਜਯ ਨੇ ਕਹਾਣੀ ਦੀ ਵਾਂਗਡੋਰ ਆਪਣੇ ਹੱਥਾਂ 'ਚ ਲੈ ਲਈ। ਇਨ੍ਹਾਂ ਦੀਆਂ ਕਹਾਣੀਆਂ ਆਕਾਰ ਪੱਖੋਂ ਲੰਬੀਆਂ ਹਨ। ਇਹ ਬਹੁ-ਪਰਤੀ ਹਨ। ਉਦਯ ਪ੍ਰਕਾਸ਼ ਦੀ ਕਹਾਣੀ 'ਪੀਲੀ ਛੱਤਰੀ ਵਾਲੀ ਲੜਕੀ', ਅਖਿਲੇਸ਼ ਦੀ 'ਜਲਡਮਰੂਮਧਯ', ਸੰਰਜਯ ਦੀ 'ਕਾਮਰੇਡ ਕਾ ਕੋਟ', ਪ੍ਰਿਂਯਵਦ ਦੀ 'ਲਾਲ ਗੋਦਾਮ ਕਾ ਭੂਤ' ਨੂੰ ਇਕ ਚੈਲੇਂਜ ਵਾਂਗ ਲਿਆ ਗਿਆ ਹੈ। ਉਂਝ ਵੀ ਹੁਣ ਪਹਿਲਾਂ ਜਿਹੀ ਸਿੱਧੀ-ਸਪਾਟ ਕਹਾਣੀ ਰਹੀ ਹੀ ਨਹੀਂ।

ਇਸ ਅੰਕ ਦੀਆਂ ਕਹਾਣੀਆਂ ਦੀ ਚੋਣ ਲਈ ਮੈਂ ਹਜ਼ਾਰ ਤੋਂ ਵੱਧ ਕਹਾਣੀਆਂ ਨੂੰ ਪੜ੍ਹਿਆ। ਇਸ ਕੰਮ 'ਚ ਮੇਰੇ ਦੋਸਤਾਂ ਸੁਭਾਸ਼ ਨੀਰਵ ਤੇ ਅਖਿਲੇਸ਼ ਨੇ ਬਹੁਤ ਹੀ ਜ਼ਿਆਦਾ ਮੱਦਦ ਕੀਤੀ। ਜੇ ਇਨ੍ਹਾਂ ਦਾ ਸਹਿਯੋਗ ਨਾ ਮਿਲਦਾ ਤਾਂ ਸ਼ਾਇਦ ਮੇਰੀ ਚੋਣ ਉੱਨੀ ਸਾਰਥਕ ਨਾ ਹੁੰਦੀ। ਨਵੀਂ ਕਹਾਣੀਕਾਰਾ ਸ਼ਿਲਪਾ ਦੀ ਕਹਾਣੀ ਮੈਨੂੰ ਉਦਯ ਪ੍ਰਕਾਸ਼ ਨੇ ਦੱਸੀ। ਸਫਿਆਂ ਦੀ ਘਾਟ ਕਰਕੇ ਕਈ ਇਕ ਬਹੁਤ ਹੀ ਚੰਗੀਆਂ ਕਹਾਣੀਆਂ ਨੂੰ ਮੈਂ ਇਸ ਅੰਕ 'ਚ ਸ਼ਾਮਿਲ ਨਹੀਂ ਕਰ ਸਕਿਆ। ਕਈ ਕਹਾਣੀਕਾਰ ਹੋਰ ਹਨ ਜਿਨ੍ਹਾਂ 'ਚ ਜਯਨਦਨ, ਸੰਰਜਯ, ਰਵਿ ਬੁਲੇ, ਆਨੰਦ ਹਰਸ਼ੂਲ, ਅਭਿਸ਼ੇਕ ਕਸ਼ਯਪ, ਲਵਲੀਨ, ਪੰਖੁਰੀ ਸਿਨਹਾ। ਗੁਰਮੇਲ ਮੜਾਹੜ, ਗੁਰਦਿਆਲ ਦਲਾਲ ਤੇ ਅਨੇਮਨ ਸਿੰਘ ਨੇ ਇਨ੍ਹਾਂ ਕਹਾਣੀਆਂ ਨੂੰ ਅਨੁਵਾਦ ਕੀਤਾ। ਇਨ੍ਹਾਂ ਕਹਾਣੀਆਂ ਨੂੰ ਇਕ ਸੁਰ 'ਚ ਰੱਖਣ ਲਈ ਮੈਂ ਤਿੰਨ ਹੋਰ ਦੋਸਤਾਂ ਦੀ ਮੱਦਦ ਲਈ, ਜਿਨ੍ਹਾਂ ਨੇ ਇਨ੍ਹਾਂ ਕਹਾਣੀਆਂ ਦੇ ਅਨੁਵਾਦ ਨੂੰ ਮੁੜ ਤੋਂ ਸੋਧਿਆ।

'ਸ਼ਬਦ' ਦਾ ਕੋਈ ਅਗਲਾ ਅੰਕ 'ਵੇਸ਼ਵਾਵ੍ਰਤੀ ਸਾਹਿਤ ਵਿਸ਼ੇਸ਼ ਅੰਕ' ਹੋਵੇਗਾ।

**-ਜਿੰਦਰ**

## ਆਉ ਹਿੰਦੀ ਸਾਹਿਤ-ਸਾਗਰ ਵਿੱਚ ਡੁਬਕੀ ਮਾਰੀਏ/ਡਾ. ਜਸਵਿੰਦਰ ਕੌਰ ਬਿੰਦਰਾ

ਸਾਡੀ ਇਸ ਦੁਨੀਆ ਵਿੱਚ ਕੁਝ ਗਿਣੇ-ਮਿੱਥੇ ਹੀ ਸਾਗਰ-ਮਹਾਂਸਾਗਰ ਨਹੀਂ ਹਨ, ਜਿਨ੍ਹਾਂ ਨੂੰ ਉਂਗਲਾਂ 'ਤੇ ਗਿਣ ਕੇ ਅਸੀਂ ਉਨ੍ਹਾਂ ਦੇ ਨਾਂ ਯਾਦ ਕਰ ਸਕਦੇ ਹਾਂ। ਸਾਗਰਾਂ-ਮਹਾਂਸਾਗਰਾਂ ਦਾ ਵਿਸਥਾਰ ਕਰਕੇ ਦੇਖੀਏ ਤਾਂ ਧਰਮ, ਇਤਿਹਾਸ, ਦਰਸ਼ਨ, ਕਲਾ ਤੇ ਸਾਹਿਤ ਜਿਹੇ ਅਨੇਕਾਂ-ਅਨੇਕਾਂ ਸਮੁੰਦਰ ਹਨ, ਜਿਨ੍ਹਾਂ ਦਾ ਕੋਈ ਅੰਤ ਨਹੀਂ. ਲੁਤਫ਼ ਦੀ ਗੱਲ ਇਹ ਹੈ ਕਿ ਸਾਗਰਾਂ-ਮਹਾਂਸਾਗਰਾਂ ਵਿੱਚ ਡੂੰਘੀਆਂ ਤਾਰੀਆਂ ਲਗਾ ਕੇ ਅਨਮੋਲ ਮੋਤੀ ਹਾਸਿਲ ਕੀਤੇ ਜਾ ਸਕਦੇ ਹਨ, ਕਿਨਾਰੇ ਖੜੇ ਰਹਿ ਕੇ, ਬਿਨਾਂ ਪਾਣੀ ਵਿੱਚ ਭਿੱਜੇ ਗਹਿਰਾਈ ਵਿੱਚ ਉਤਰਿਆ ਨਹੀਂ ਜਾ ਸਕਦਾ ਤੇ ਬਿਨਾਂ ਗਹਿਰਾਈ ਵਿੱਚ ਉਤਰੇ........ਸ਼ਾਇਦ ਕੋਈ ਪ੍ਰਾਪਤੀ ਸੰਭਵ ਨਹੀਂ ਹੋ ਸਕਦੀ। ਕੁਦਰਤ ਦਾ ਇਹ ਅਟਲ ਨਿਯਮ ਮਨੁੱਖ ਨਾਮਕ ਜੀਵ 'ਤੇ ਵੀ ਭਲੀਭਾਂਤ ਉੱਤਰਦਾ ਹੈ। ਉਹ ਆਪਣੇ ਆਪ ਵਿੱਚ ਹੀ ਇਕ ਮਹਾਂਸਾਗਰ ਹੈ। ਧਰਮ, ਇਤਿਹਾਸ, ਦਰਸ਼ਨ, ਕਲਾ ਅਤੇ ਸਾਹਿਤ ਉਸ ਦੇ ਵੱਖ-ਵੱਖ ਟਾਪੂ ਜਿਨ੍ਹਾਂ ਵਿੱਚ ਉਹ ਸਵੈ ਨੂੰ ਪ੍ਰਗਟ ਕਰਦਾ ਨਜ਼ਰ ਆਉਂਦਾ ਹੈ। ਵਿਭਿੰਨ ਦ੍ਰਿਸ਼ਟੀਕਣ, ਨਜ਼ਰੀਏ ਤੇ ਵਿਚਾਰਧਾਰਾਵਾਂ ਵਿਭਿੰਨ ਹੋਣ ਦੇ ਬਾਵਜੂਦ ਮਨੁੱਖੀ ਜੀਵ ਨੂੰ ਸਮਝਣ ਤੇ ਸਮਝਾਉਣ ਦਾ ਉਪਰਾਲਾ ਹੀ ਨਹੀਂ ਕਰਦੇ ਸਗੋਂ ਦਾਅਵਾ ਵੀ ਕਰਦੇ ਹਨ।

ਇਨ੍ਹਾਂ ਵਿਚੋਂ ਜਦੋਂ ਸਾਹਿਤ ਨਾਲ ਜੁੜੇ ਸਰੋਕਾਰਾਂ ਦੀ ਗੱਲ ਕਰਦੇ ਹਾਂ ਤਾਂ ਵਿਭਿੰਨ ਦੇਸ਼ੀ-ਵਿਦੇਸ਼ੀ ਭਾਸ਼ਾਵਾਂ ਦੇ ਮਹਾਨ ਸਾਗਰ ਵਿੱਚ ਡੁੱਬਣ ਦਾ ਮੌਕਾ ਮਿਲਦਾ ਹੈ। ਵੈਸੇ ਵੀ ਅਨੁਵਾਦ-ਕਾਰਜ ਨੇ ਦੂਜੀਆਂ ਭਾਸ਼ਾਵਾਂ ਤੱਕ ਪਹੁੰਚਣ ਦਾ ਰਾਹ ਆਸਾਨ ਵੀ ਕਰ ਦਿੱਤਾ ਹੈ। ਅੱਜ ਕਲ੍ਹ ਵਿਦੇਸ਼ੀ ਭਾਸ਼ਾਵਾਂ ਦੇ ਹੀ ਨਹੀਂ, ਆਪਣੇ ਦੇਸ਼ ਦੀਆਂ ਵਿਭਿੰਨ ਭਾਸ਼ਾਵਾਂ ਵਿੱਚ ਰਚੇ ਜਾ ਰਹੇ ਉੱਤਮ ਕੋਟੀ ਦੇ ਸਾਹਿਤ ਨੂੰ ਅਨੁਵਾਦ ਰਾਹੀਂ ਪੜ੍ਹਿਆ ਤੇ ਵਿਚਾਰਿਆ ਜਾ ਸਕਦਾ ਹੈ। ਭਾਰਤ ਦੀਆਂ ਦੂਜੀਆਂ ਭਾਸ਼ਾਵਾਂ ਤੱਕ ਸਿੱਧੇ ਪਹੁੰਚ ਬਣਾਉਣ ਲਈ ਰਾਸ਼ਟਰ ਭਾਸ਼ਾ ਹਿੰਦੀ ਇਕ ਜ਼ਬਰਦਸਤ ਸੇਤੂ ਦਾ ਹੀ ਕੰਮ ਨਹੀਂ ਕਰਦੀ, ਬਲਕਿ ਇਹ ਆਪ ਹੀ ਇਕ ਜਾਨਦਾਰ ਤੇ ਸਸ਼ਕਤ ਭਾਸ਼ਾ ਹੈ। ਹਿੰਦੀ ਕਹਾਣੀ ਨੂੰ ਨੇੜਿਓਂ ਵੇਖਣ ਤੇ ਹਿੰਦੀ ਦੇ ਵਰਤਮਾਨ ਕਥਾਕਾਰਾਂ ਵੱਲੋਂ ਰਚੀਆਂ ਜਾ ਰਹੀਆਂ ਕਹਾਣੀਆਂ ਦਾ ਪੰਜਾਬੀ ਅਨੁਵਾਦ ਕਰਨ ਦਾ ਉਚੇਚਾ ਯਤਨ ਜਿੰਦਰ ਨੇ ਕੀਤਾ ਹੈ।

ਹਿੰਦੀ ਸਾਹਿਤ ਦਾ ਇਕ ਬਹੁਤ ਲੰਮਾ ਇਤਿਹਾਸ ਰਿਹਾ ਹੈ। ਇਸ ਦੇ ਮਹਾਨ ਕਥਾਕਾਰਾਂ 'ਚ ਪ੍ਰੇਮਚੰਦ ਤੋਂ ਲੈ ਕੇ ਹੁਣ ਤੱਕ ਦੀ ਨੌਜਵਾਨ ਪੀੜ੍ਹੀ ਦੇ ਕਥਾਕਾਰਾਂ ਦੀ ਇਕ ਸਦੀ ਜੇਡੀ ਹੀ ਫੇਰਿਸਤ ਰਹੀ ਹੈ। ਰਾਜਿੰਦਰ ਯਾਦਵ, ਕਮਲੇਸ਼ਵਰ, ਮੋਹਨ ਰਾਕੇਸ਼, ਸੰਜੀਵ, ਪ੍ਰਿਯਵਦ, ਅਖਿਲੇਸ਼, ਉਦਯ ਪ੍ਰਕਾਸ਼ ਆਦਿ ਇਨ੍ਹਾਂ ਕਥਾਕਾਰਾਂ ਦੀ ਖ਼ੂਬੀ ਇਹ ਰਹੀ ਕਿ ਉਨ੍ਹਾਂ ਨੇ ਸਮੇਂ ਦੀ ਨਬਜ਼ ਪਛਾਣੀ ਤੇ ਸਾਧਾਰਣ ਜਨ-ਜੀਵਨ ਵਿੱਚ ਵਿਚਰਦੇ ਹੋਏ ਸਾਹਿਤ ਵਿੱਚ ਆਪਣੀ ਡੂੰਘੀ ਪੈਠ ਬਣਾਈ। ਵੈਸੇ ਵੀ ਕਿਸੇ ਭਾਸ਼ੇ ਦਾ ਸਹਿਤ ਹੋਵੇ, ਉਹ ਉਦੋਂ ਹੀ ਲੰਮੇ ਸਮੇਂ ਤਕ ਜੀਵਤ ਰਹਿ ਸਕਦਾ ਹੈ ਜਦੋਂ ਉਸ ਦੇ ਰਚਨਹਾਰ ਸਮੇਂ ਦੇ ਬਦਲਦੇ ਪ੍ਰਭਾਵਾਂ ਨੂੰ ਆਸਾਨੀ ਨਾਲ ਗ੍ਰਹਿਣ ਕਰਦੇ ਹੋਏ ਵੀ ਮਨੁੱਖ ਦੇ ਮੂਲ ਸੁਭਾਅ ਤੋਂ ਉਰ੍ਹੇ-ਪਰ੍ਹੇ ਨਹੀਂ ਜਾਂਦੇ। ਸਾਹਿਤ ਦੀ ਹਰ ਵੰਨਗੀ ਵਿੱਚ ਮਨੁੱਖ ਦੀ ਕਲਪਨਾ ਸ਼ਕਤੀ ਅਤੇ ਹਕੀਕਤ ਨਾਲ ਉਸ ਦਾ ਤਾਲਮੇਲ ਹੀ ਵਧੇਰੇ ਮਹੱਤਤਾ ਰੱਖਦੇ ਹਨ।

ਜਿੰਦਰ ਨੇ ਹਿੰਦੀ ਦੀਆਂ ਕੁੱਲ ਬਾਰ੍ਹਾਂ ਕਹਾਣੀਆਂ ਲਈਆਂ ਹਨ। ਇਹ ਸਿਰਫ਼ ਗਿਣਤੀ ਵਿੱਚ ਬਾਰ੍ਹਾਂ ਕਹਾਣੀਆਂ ਹੀ ਨਹੀਂ ਹਨ, ਸਗੋਂ ਬਾਰ੍ਹਾਂ ਵੱਖ-ਵੱਖ ਵਿਚਾਰਧਾਰਾਵਾਂ ਵੀ ਹਨ, ਜਿਨ੍ਹਾਂ ਵਿੱਚ ਨਾ ਸਿਰਫ਼ ਭਾਰਤੀ ਸੰਸਕ੍ਰਿਤੀ ਦੀ ਝਲਕ ਮਿਲਦੀ ਹੈ, ਉਸ ਦੇ ਪਰੰਪਰਿਕ ਸੰਸਕਾਰ, ਬਲਕਿ ਆਤਮ-ਅਨਾਤਮ ਦੇ ਡੂੰਘੇ ਭੇਤ, ਇਤਿਹਾਸਕ ਤੱਥ, ਅਨੇਕ ਮਿੱਥਾਂ, ਵਿਸ਼ਵਾਸਾਂ ਦਾ ਨਵੀਨੀਕਰਣ ਤੇ ਇਸਤਰੀ-ਮਰਦ ਦੇ ਸੰਬੰਧਾਂ ਵਿੱਚ ਸਨਾਤਨੀ ਤੇ ਮੂਲ ਕਾਮਵਾਸਨਾ ਹੀ ਨਹੀਂ, ਕਿਤੇ ਨਜ਼ਦੀਕੀ ਰਿਸ਼ਤਿਆਂ ਹੇਠ ਇਸ ਦਾ ਕੋਝਾ ਰੂਪ ਤੇ ਕਿੱਧਰੇ ਕਿਸੇ ਤੋਂ ਬਦਲਾ ਲੈਣ ਦੀ ਭਾਵਨਾ ਦਾ ਜੁੜਿਆ ਹੋਣਾ ਵੀ ਨਜ਼ਰ ਆਉਂਦਾ ਹੈ। ਮਨ ਦੀਆਂ ਲਾਲਸਾਵਾਂ, ਚਾਹਤਾਂ ਦਾ ਅੰਤ ਬੁਢਾਪੇ ਵਿੱਚ ਹੀ ਨਹੀਂ ਹੋ ਸਕਦਾ ਤੇ ਔਰਤ-ਮਰਦ ਵਿਚਕਾਰ ਸਹਿਜ-ਅਸਹਿਜ ਹੁੰਦੇ ਸੰਬੰਧ ਆਦਿ ਅਨੇਕ ਨਵੇਂ-ਪੁਰਾਣੇ ਵਿਸੇ ਇਨ੍ਹਾਂ ਕਹਾਣੀਆਂ ਦੇ ਅਧਿਐਨ ਮਗਰੋਂ ਸਾਹਮਣੇ ਆਉਂਦੇ ਹਨ।

ਲਫ਼ਜ਼ਾਂ ਨਾਲ ਰਚਿਆ ਇਹ ਸੰਸਾਰ ਸਾਨੂੰ ਮਨੁੱਖੀ ਮਹਾਂਸਾਗਰ ਦੀਆਂ ਅਨੇਕ ਡੂੰਘਾਈਆਂ ਦੇ ਤਲ ਵਿੱਚ ਲੈ ਜਾਣ ਦੇ ਸਮਰੱਥ ਹੁੰਦਾ ਹੈ। ਜੇ ਪਾਠਕ ਵਿੱਚ ਕਿਨਾਰੇ-ਕਿਨਾਰੇ ਖੜੇ ਰਹਿ ਕੇ ਪੇਤਲੇ ਅਧਿਐਨ ਦੀ ਬਜਾਏ ਕੁਝ ਗ੍ਰਹਿਣ ਕਰ ਲੈਣ ਦੀ ਸਮਰੱਥਾ ਹੋਵੇ, ਇਸਦੇ ਲਈ ਉਸਨੂੰ ਰਚਨਾ ਵਿੱਚ ਡੁੱਬਣਾ ਪੈਂਦਾ ਹੈ। ਡੁੱਬਣ 'ਤੇ ਹੀ ਜਾਣਿਆ ਜਾ ਸਕਦਾ ਹੈ ਕਿ 'ਚੂਹੇ ਨੂੰ ਚੂਹਾ ਹੀ ਰਹਿਣ ਦਿਉ' ਕਹਾਣੀ ਦੀ ਇਸਤਰੀ ਪਾਤਰ ਦੀ ਮਨੋਸਥਿਤੀ ਨੂੰ। ਮਧੂ ਕਾਂਕਰਿਆ ਦੀ ਇਹ ਕਹਾਣੀ ਸਿਰਫ਼ ਹਿਮਾਲੇ ਦੀ ਗੋਦ ਵਿੱਚ ਵਸੇ ਗੰਗਟਾਕ ਦੀ ਖ਼ੂਬਸੂਰਤੀ ਦੀ ਹੀ ਸੈਰ ਨਹੀਂ ਕਰਾਉਂਦੀ ਬਲਕਿ ਪਰਬਤਾਂ ਦੇ ਸਿਖਰ ਛੂੰਹਦੇ ਤੇ ਝਾਂਗੂ ਝੀਲ ਦੀ ਗਹਿਰਾਈ ਸਮੇਟੇ ਔਰਤ-ਮਰਦ ਦੇ ਸਹਿਜ, ਸੁਭਾਵਿਕ ਸੰਬੰਧ ਵਿੱਚ ਆਉਂਦੇ ਅਨੇਕ ਉਤਰਾਂ-ਚੜ੍ਹਾਵਾਂ ਦੀ ਵੀ ਤਰਜਮਾਨੀ ਕਰਦੀ ਹੈ। ਸਰਲ ਢੰਗ ਤੇ ਸਹਿਜਤਾ ਨਾਲ ਟੂਰਿਸਟਾਂ ਵਾਂਗ ਨਵਾਂ ਕੁਝ ਵੇਖਣ, ਨਵੀ ਜਾਣਕਾਰੀ ਹਾਸਿਲ ਕਰਨ,ਕੁਦਰਤ ਦੀ ਅਟੁੱਟ ਸੁੰਦਰਤਾ ਦਾ ਅਨੰਦ ਮਾਣਦੇ, ਅਨਜਾਣੇ, ਬੇਪਛਾਣੇ ਔਰਤ-ਮਰਦ ਨੂੰ ਔਰਤ ਦਾ ਪੁੱਤਰ ਉਮੰਗ ਗੱਲਬਾਤ ਦਾ ਜ਼ਰੀਆ ਬਣ 'ਇਕ ਸੇ ਭਲੇ ਦੋ' ਵਿਚਾਰ ਵਾਂਗ ਇਕ ਦੂਜੇ ਦੇ ਨੇੜੇ ਲੈ ਆਇਆ। ਇਸ ਕਹਾਣੀ ਵਿੱਚ ਔਰਤ-ਮਰਦ ਇਕੱਠੇ ਹੁੰਦੇ, ਸੈਰ ਕਰਦੇ, ਇਕੱਠੇ ਖਾਣਾ ਖਾਣ ਦੇ ਬਾਵਜੂਦ ਇਕ-ਦੂਜੇ ਤੋਂ ਅਜਨਬੀ,ਸਿਰਫ਼ ਟੂਣੇਹਾਰੀ ਰਾਤ ਵਿੱਚ ਇਕਾਂਤ ਹੋਣ ਕਾਰਣ ਸੰਗ ਮਾਣਦੇ ਹਨ। ਬਲਕਿ ਇਸ ਸੰਗ ਮਾਣਨ ਦਾ ਸੱਦਾ ਔਰਤ ਆਪ ਹੀ ਉਸ ਮਰਦ ਨੂੰ ਦੇਂਦੀ ਹੈ, ਪਰ ਸਿੱਖਰ 'ਤੇ ਪਹੁੰਚੇ ਸਰੀਰਕ ਸੁੱਖ ਵੱਲੋਂ ਅਚਾਨਕ ਔਰਤ ਦਾ ਝਟਕੇ ਨਾਲ ਪਰ੍ਹੇ ਹੋ ਜਾਣਾ ਦਾਕਾਰਣ ਮਰਦ ਨੂੰ ਸਮਝ ਨਹੀਂ ਆਉਂਦਾ। ਅਸਲ ਵਿੱਚ ਮਰਦ ਸਿਰਫ਼ ਇਕ 'ਮੋਹਰਾ' ਸੀ, ਜਿਸ ਨੂੰ ਔਰਤ ਨੇ ਆਪਣੇ ਪਤੀ ਨਾਲ ਨਫ਼ਰਤ ਕਰਨ ਤੇ ਬਿਨਾਂ ਵਜ੍ਹਾ ਉਸ ਉੱਤੇ ਸ਼ੱਕ ਕਰਨ ਕਾਰਣ, ਬਦਲਾ ਲੈਣ ਲਈ ਵਰਤਿਆ ਸੀ, ਸਿਰਫ਼ ਉਸ ਹੱਦ ਤਕ ਜਿਸ ਹੱਦ ਤੱਕ ਉਸ ਨੂੰ ਲੱਗਾ ਕਿ ਉਸ ਦਾ ਬਦਲਾ ਪੂਰਾ ਹੋ ਸਕਦਾ ਹੈ ਜਾਂ ਹੋ ਗਿਆ ਹੈ, ਮਹਿਸੂਸ ਕਰਨ ਤੱਕ। ਆਪਣੀ ਮਨਸਥਿਤੀ ਦੀ ਤਸੱਲੀ ਲਈ ਅਤੇ ਬਦਲਾ ਲੈਣ ਦੀ ਪ੍ਰਵਿਰਤੀ ਲਈ। ਪਰ ਉਸ ਨੇ ਸਿਰਫ਼ ਉਸੇ ਮਰਦ ਨੂੰ ਹੀ ਕਿਉਂ ਚੁਣਿਆ ? ਇਸ ਪ੍ਰਸ਼ਨ ਦਾ ਉੱਤਰ ਭਾਵੇਂ ਉਸ ਮਰਦ ਨੂੰ ਪ੍ਰੇਸ਼ਾਨ ਕਰਦਾ ਹੈ, ਪਰ ਉੱਤਰ ਸਾਫ਼ ਹੈ। ਜੀਪ ਵਿੱਚ ਬੈਠੇ ਬਾਕੀ ਮਰਦਾਂ ਵਿੱਚ ਗੱਲਬਾਤ ਕਰਨ ਦੀ ਪਹਿਲ ਉਸੇ ਮਰਦ ਨੇ ਹੀ ਕੀਤੀ ਸੀ। ਉਂਗਲ ਮਰਦ ਦੇ ਵਧਾਈ, ਹੱਥ ਔਰਤ ਨੇ ਫੜ ਲਿਆ। ਗੰਗਟਾਕ ਦੀ ਇਕ ਖ਼ੂਬਸੂਰਤ ਥਾਂ ਦਾ ਨਾਂ 'ਸੁਸਾਇਟ ਪੁਆਇੰਟ' ਵੇਖ ਔਰਤ ਹੈਰਾਨ ਹੋ ਗਈ ਸੀ, ਐਨੀ ਸੁੰਦਰ ਥਾਂ ਤੇ ਵੀ ਆ ਕੇ ਕੋਈ ਮਰ ਸਕਦਾ ਹੈ। ਪਰ ਡੀਹਾਈਡ੍ਰੇਸ਼ਨ ਕਾਰਣ ਬੇਹਾਲ ਹੋਏ ਛੋਟੇ ਪੁੱਤਰ ਦੀ ਮੌਜੂਦਗੀ ਵਿੱਚ ਵੀ ਉਹ ਪਤੀ ਤੋਂ ਬਦਲਾ ਲੈਣ ਦੇ ਮਕਸਦ ਨੂੰ ਪੂਰਾ ਕਰਨ ਲਈ ਅਜਨਬੀ ਮਰਦ ਨੂੰ ਉਕਸਾਉਣਾ ਨਹੀਂ ਭੁੱਲਦੀ। ਇਸ ਲਈ ਹਾਦਸੇ ਕਿਧਰੇ ਵੀ ਵਾਪਰ ਸਕਦੇ ਹਨ, ਸਿਰਫ਼ ਚਿੰਨ੍ਹਿਤ ਕੀਤੇ 'ਸੁਸਾਇਟ ਪੁਆਇੰਟਾਂ' ਤੇ ਹੀ ਨਹੀਂ। ਇਸੇ ਕਾਰਣ ਪਤੀ ਦੇ ਵਿਸ਼ਵਾਸ ਦਾ ਭਰਮ ਬਣੇ ਰਹਿਣ ਲਈ ਜ਼ਰੂਰ ਹੈ, ਚੂਹੇ ਨੂੰ ਚੂਹਾ ਹੀ ਰਹਿਣ ਦਿਉ।

ਆਤਮਾ-ਪ੍ਰਮਾਤਮਾ ਦੇ ਆਭੇਦ ਹੋ ਜਾਣ ਦਾ ਸਿਲਸਿਲਾ ਸ੍ਰਿਸ਼ਟੀ ਦੇ ਆਰੰਭ ਤੋਂ ਹੀ

ਚਲ ਰਿਹਾ ਹੈ। ਸਿਰਫ਼ ਇਕ ਸਿਧਾਰਥ ਦੇ ਰਾਜਘਾਟ ਤਿਆਗ, ਪਤਨੀ-ਬੱਚੇ ਦੇ ਮੋਹ ਤੋਂ ਪੱਲਾ ਵੱਡਾ ਬੋਧਤਵ ਪ੍ਰਾਪਤੀ ਲਈ ਕਦਮ ਨਹੀਂ ਚੁੱਕਿਆ ਸੀ। ਉਸੇ ਦੀ ਪੈੜ 'ਤੇ ਤੁਰਦੇ ਕਈ ਹੋਰ ਸਿਧਾਰਥਾਂ ਨੇ ਵੀ ਅਜਿਹਾ ਕਰਨਾ ਚਾਹਿਆ ਪਰ ਉਹ ਜੀਵਨ ਦੇ ਉਨ੍ਹਾਂ ਬਾਰ੍ਹਾਂ ਸਾਲਾਂ ਵਿੱਚ ਬਹੁਤ ਕੁਝ ਹਾਸਿਲ ਕਰਕੇ ਵੀ ਆਪਣੇ ਆਪ ਨੂੰ ਕੁਝ ਪਹਿਲੂਆਂ ਤੋਂ ਹਾਰਦਾ ਹੀ ਮੰਨਦਾ ਰਿਹਾ। ਬਾਪ ਦੀ ਮੌਤ ਬਾਰੇ ਸੁਣ ਕੇ ਵਾਪਸ ਮੁੜੇ ਸਵਾਮੀ ਨੂੰ ਘਰ-ਪਰਿਵਾਰ ਨੇ ਵੀ ਮਰਿਆ ਹੋਇਆ ਜਾਣ ਕੋਈ ਮੋਹ,ਪਿਆਰ ਅਪਨਾਪਨ ਨਹੀਂ ਜਤਾਇਆ। ਉਸ ਦੇ ਜਾਣ ਮਗਰੋਂ ਘਰ ਦੀ ਜਵਾਨ ਨੂੰਹ ਨੇ ਧੀ ਬਣ ਬੁੱਢੇ ਸੱਸ-ਸਹੁਰੇ ਨੂੰ ਸੰਭਾਲ ਲਿਆ। ਉਨ੍ਹਾਂ ਦੀ ਸੇਵਾ ਕਰ, ਘਰੇਲੂ ਜ਼ਿੰਮੇਵਾਰੀਆਂ ਨਿਭਾਉਂਦੀ ਤਨੂੰ ਨੇ ਉਸ ਸੁਖ ਤੇ ਸ਼ਾਂਤੀ ਨੂੰ ਪ੍ਰਾਪਤ ਕਰ ਲਿਆ ਜਿਸ ਨੂੰ ਪ੍ਰਾਪਤ ਕਰਨ ਲਈ ਪਤੀ ਨੇ ਘਰ-ਘਰ ਵੱਡ, ਆਪਣੇ ਗੁਰੂ ਦੇ ਡੇਰੇ ਤੇ ਯੋਗ-ਸਾਧਨਾ ਨੂੰ ਅਪਨਾਇਆ ਪਰ ਦੋਹਾਂ ਵਿਚਕਾਰ ਢੇਰ ਸਾਰਾ ਫਰਕ ਅਜਿਹਾ ਵੀ ਕਾਇਮ ਸੀ। ਪਤੀ ਘਰ-ਪਰਿਵਾਰ ਦੀਆਂ ਜ਼ਿੰਮੇਵਾਰੀਆਂ ਤੇ ਜਵਾਨ ਪਤਨੀ ਦੀਆਂ ਉਮੰਗਾਂ ਤੋਂ ਮੂੰਹ ਮੋੜ ਕੇ ਜਾਣ ਕਾਰਣ ਅਪਰਾਧਬੋਧ ਨਾਲ ਭਰਿਆ ਹੋਇਆ ਸੀ, ਜਦੋਂਕਿ ਪਤਨੀ ਸਾਹਮਣੇ ਅਜਿਹੀ ਕੋਈ ਸ਼ੰਕਾ, ਦੁਵਿਧਾ ਤੇ ਅਪਰਾਧ ਬੋਧ ਨਹੀਂ ਸੀ। ਪਤਨੀ ਤੋਂ ਮਾਫ਼ੀ ਮੰਗ ਕੇ ਆਪਣੇ ਅਪਰਾਧ ਤੋਂ ਮੁਕਤ ਹੋਣਾ ਲੋਚਦੇ ਪਤੀ ਨੂੰ ਪਤਨੀ ਨੇ ਸਾਫ਼ ਸਾਫ਼ ਸ਼ਬਦਾਂ ਵਿੱਚ ਕਹਿ ਦਿੱਤਾ ਸੀ, "ਜਿਸ ਮੁਕਤੀ ਦੀ ਭਾਲ ਵਿੱਚ ਘਰੋ ਭੱਜਿਆ ਸੀ, ਉਸ ਮੁਕਤੀ ਨੂੰ ਅਪਰਾਧ ਮੁਕਤ ਕਰਨ ਲਈ ਫੇਰ-ਫੇਰ ਇਸੇ ਘਰ ਵਿੱਚ ਮੁੜੇਂਗਾ।" ਜੇ ਆਪਣੇ ਚੁਣੇ ਮਾਰਗ ਤੇ ਨਿਸ਼ਚੇ ਨਾਲ ਤੁਰੇ ਜਾਣ ਨੂੰ ਹੀ ਆਦਮੀ ਅਪਰਾਧ ਸਮਝ, ਉਸ ਤੋਂ ਮੁਕਤ ਹੋਣ ਲਈ ਮਾਫ਼ੀ ਮੰਗਣਾ ਚਾਹ ਰਿਹਾ ਹੈ ਤਾਂ ਫਿਰ ਉਹ ਕਦੇ ਮੋਕਸ਼ ਪ੍ਰਾਪਤੀ ਨਹੀਂ ਕਰ ਸਕਦਾ। ਮੋਕਸ਼ ਦੀ ਸਿਰਫ਼ ਯੋਗ-ਸਾਧਨਾਂ ਤੇ ਸ਼ਾਂਤੀ ਦੀ ਭਾਲ ਵਿੱਚੋਂ ਘਰੋਂ ਦੂਰ ਭਟਕ ਕੇ ਹੀ ਪਾਇਆ ਜਾ ਸਕਦਾ ਹੈ ? ਜਦੋਂ ਕਿ ਗ੍ਰਹਿਸਥੀ ਵਿੱਚ ਰਹਿੰਦਿਆਂ ਪਤਨੀ ਸ਼ਾਂਤ, ਦੁਬਿਧਾਹੀਣ ਤੇ ਮੁਕਤ ਹੋ ਗਈ ਸੀ। ਇਹ ਇਕ ਡੂੰਘਾ ਰਹੱਸ ਹੈ, ਜੋ ਅਜੇ ਤੱਕ ਨਾ ਸਮੇਟਿਆ ਜਾ ਸਕਿਆ ਹੈ ਤੇ ਨਾ ਹੀ ਭਾਲਿਆ ਜਾ ਸਕਦਾ ਹੈ। ਕਹਾਣੀ ਦੇ ਸਿਰਲੇਖ 'ਫੇਰ ਫੇਰ ਮੁੜੇਗਾ' ਵਾਂਗ ਇਸ 'ਭਉਜਲ ਫੇਰੇ' ਦੀ ਪਕੜ 'ਚੋਂ ਨਿਕਲਣ ਤੇ ਮੋਕਸ਼-ਪ੍ਰਾਪਤੀ ਲਈ ਅਹੁਲਣ ਲਈ ਮੁੜ-ਮੁੜ ਦੁਹਰਾਇਆ ਜਾਂਦਾ ਰਹੇਗਾ।

'ਰੰਗਮਹਿਲ ਵਿੱਚ ਨੱਚੀ ਰਾਧਾ' ਵੀ ਦੀਵਾਨਬਾਈ ਜਿਹੀ ਗ੍ਰਹਿਸਥਣ ਪੁੱਤਰ-ਪੋਤਿਆਂ ਤੱਕ ਦੀ ਉਮਰ ਤਕ ਆਪਣੀ ਬੁਢਾਪੇ ਦੀ ਦਹਿਲੀਜ਼ 'ਤੇ ਖੜ੍ਹੀ ਅਜਿਹੀ ਔਰਤ ਦੀ ਕਹਾਣੀ, ਜੋ ਉਮਰ ਦੇ ਇਸੇ ਆਖਰੀ ਰਾਤ 'ਤੇ ਖੜ੍ਹੀ ਵੀ ਅਜੇ ਤਕ ਆਪਣੀ ਕੱਚੀ ਉਮਰ ਦੇ ਮੂਕ ਪ੍ਰੇਮੀ ਨੂੰ ਪਾਉਣ ਲਈ ਤਤਪਰ ਹੈ। ਉਸ ਅੰਦਰ ਉਹ ਕੰਵਾਰੀ ਉਮੰਗ ਅਜੇ ਵੀ ਉਸ ਨੋਰਏ ਅੰਦਾਜ਼ ਵਿੱਚ ਜੀਵਤ ਹੈ। ਪਰਿਵਾਰਿਕ ਜ਼ਿੰਮੇਵਾਰੀਆਂ ਨਿਭਾਉਂਦੀ, ਸਫ਼ਲ ਵਕੀਲ ਪਤੀ ਦੀ ਪਤਨੀ, ਆਪਣੇ ਸ਼ਿਕੰਜੇ ਵਿੱਚ ਨੂੰਹਾਂ ਤੇ ਘਰ ਦੀ ਵਾਗਡੋਰ ਕੱਸੇ, ਔਰਤ ਨੂੰ ਵੇਖ ਕੇ ਕੋਈ ਇਸ ਗੱਲ ਦਾ ਅਨੁਮਾਨ ਵੀ ਲੱਗਾ ਸਕਦਾ ਹੈ ਕਿ ਇਹ ਅਜੇ ਵੀ ਅਤ੍ਰਿਪਤ ਹੈ। ਅਤ੍ਰਿਪਤ ਨਾਰੀਆਂ ਅਤੇ ਗ੍ਰਹਿਸਥਣਾਂ ਦੇ ਅਨੇਕਾਂ ਉਦਾਹਰਣ ਪਛਾਣੇ-ਅਪਛਾਣੇ ਢੰਗ ਨਾਲ ਸਾਨੂੰ ਮਿਲ ਜਾਣਗੇ, ਪਰ ਬੁਢਾਪੇ ਵਿੱਚ ਪਰਿਵਾਰ ਦੇ ਐਕਸੀਡੈਂਟ ਵਿੱਚ ਖਤਮ ਹੋਣ ਜਾਣ 'ਤੇ ਪ੍ਰੇਮੀ ਦੇ ਦੁੱਖ ਵਿੱਚ ਬੇਹਾਲ ਹੁੰਦੀ ਬੁੱਢੀ ਔਰਤ ਤੇ ਘਰ-ਪਰਿਵਾਰ ਦੀ ਜ਼ਿੰਮੇਵਾਰੀ ਤੋਂ ਮੁਕਤ ਹੋ ਕੇ ਆਖਰੀ ਵੇਲੇ ਪ੍ਰੇਮੀ ਦੇ ਬੂਹੇ ਉੱਤੇ ਬੈਠ ਜਾਣ ਵਾਲੀ ਔਰਤ ਅਸੀਂ ਆਮ ਜ਼ਿੰਦਗੀ ਵਿੱਚ ਬਹੁਤ ਘੱਟ ਹੀ ਨਹੀਂ, ਸ਼ਾਇਦ ਵਿਰਲੀ ਹੀ ਦੇਖੀ ਹੋਵੇਗੀ। ਖੈਰ ਨੀਲਾਕਸ਼ੀ ਸਿੰਘ ਨੇ ਇਕ ਅਜਿਹੀ ਔਰਤ ਨੂੰ ਸਿਰਜਣ ਦੀ ਜੁਰਅਤ ਕੀਤੀ ਹੈ, ਜੋ ਬੁੱਢੀ ਹੋ ਕੇ ਵੀ ਆਪਣੇ ਪ੍ਰੇਮੀ ਲਈ ਉਸੇ ਕੱਚੀ ਉਮਰ ਦੀ ਪ੍ਰੇਮਿਕਾ ਵਾਂਗ ਤੜਫਦੀ ਹੈ, ਉਸਦੀ ਇਕ ਮੁਸਕਰਾਹਟ ਉੱਤੇ ਨਿਛਾਵਰ ਹੋ ਜਾਣ ਲਈ ਪਤੀ ਤੋਂ ਮਾਰ-ਕੁੱਟ ਖਾ, ਘਰੋਂ ਮੁਕਤ ਹੋ ਉਸ ਦੇ ਦਰ 'ਤੇ ਜਾ ਪਹੁੰਚਦੀ ਹੈ। ਆਪਣੇ ਮਨ ਦੇ ਰੰਗਮਹਿਲ ਵਿੱਚ ਸ਼ਾਇਦ ਹਰ ਔਰਤ ਇਕ ਰਾਧਾ ਹੁੰਦੀ ਹੈ। ਇਕ ਪ੍ਰੇਮਿਕਾ ਤੇ ਮਾਂ ਸਮਾਨ। ਲਾਲਸਾਵਾਂ ਤੇ ਆਪਣੇ ਪਿਆਰ ਨੂੰ ਪਾਉਣ ਦੀ ਚਾਹਤ ਵਿੱਚ ਬੁੱਢੀ ਦੀਵਾਨਬਾਈ ਅਜੇ ਵੀ



ਜੀਵਤ ਹੈ। ਜ਼ਿੰਮੇਵਾਰੀਆਂ ਨੇ ਉਸ ਨੂੰ ਸੁਘੜ ਗ੍ਰਹਿਸਥਣ ਤਾਂ ਬਣਾ ਦਿੱਤਾ ਪਰ ਆਪਣੇ ਲੰਮੇ ਜੀਵਨ ਅੰਦਰ ਵੀ ਉਸ ਨੇ ਆਪਣੇ ਅੰਦਰ ਸਮਾਈ ਬੈਠੀ ਇਕ ਪ੍ਰੇਮਿਕਾ ਨੂੰ ਕਦੇ ਮਰਨ ਨਾ ਦਿੱਤਾ।

ਸ਼ਿਲਪੀ ਦੀ ਕਹਾਣੀ 'ਪਾਪਾ ਤੇਰਾ ਭਾਈ' ਕਹਾਣੀ ਦਾ ਵਿਸ਼ਾ ਭਾਵੇਂ ਨਵੀਨ ਨਹੀਂ ਹੈ, ਉਹੀ ਗੈਰ-ਜਾਤ ਦੇ ਮੁੰਡੇ ਨਾਲ ਇਸ਼ਕ ਕਰਨ ਤੇ ਦਿੱਤੀ ਜਾਣ ਵਾਲੀ ਸਜ਼ਾ ਤੇ ਆਪਣੀ ਹੀ ਚਾਚੇ ਵੱਲੋਂ ਜਵਾਨ ਭਤੀਜੀ ਨੂੰ ਬੇਪੱਤ ਕਰਨ ਦੀ ਕੋਈ ਸਾਜ਼ਿਸ਼, ਕੁਝ ਵੀ ਨਵਾਂ ਨਹੀਂ। ਪਰ ਕਹਾਣੀ ਕਹਿਣ ਦਾ ਅੰਦਾਜ਼ ਮਾਰਮਿਕ ਤੇ ਰੋਂਗਟੇ ਖੜ੍ਹੇ ਕਰ ਦੇਣ ਵਾਲਾ ਹੈ। ਮਰ ਚੁੱਕੇ ਹਾਕੀ ਖਿਡਾਈ ਬਾਪ ਦੀ ਖਿਡਾਰਣ ਧੀ ਲਈ ਸਟਿੱਕ ਚੁੱਕ ਕੇ ਤੇ ਨੰਗੀਆਂ ਲੱਤਾਂ ਨਾਲ ਖੇਡਣਾ ਜਿੰਨਾ ਸਹਿਜ ਤੇ ਸੁਭਾਵਿਕ ਸੀ, ਉਨਾ ਹੀ ਸਹਿਜ ਤੇ ਸੁਭਾਵਿਕ ਅੱਜ ਦੇ ਭਾਰਤੀ ਪਿੰਡਾਂ ਦੇ ਮਾਹੌਲ ਦਾ ਚਿਰਣ ਹੈ। ਆਪਣੇ ਹੀ ਮਨ ਦੀ ਹਵਸ ਨੂੰ ਪੂਰਾ ਕਰਨ ਲਈ ਆਤੁਰ ਉਸ ਦਾ ਚਾਚਾ, ਉਸ ਨੂੰ ਪੰਚਾਇਤ ਤੋਂ ਬਚਾਉਣ ਲਈ ਉਸ ਦੇ ਜਿਸਮ ਦੀ ਸੌਦੇਬਾਜ਼ੀ ਕਰਦਾ ਵੀ ਅਸੁਭਾਵਿਕ ਪ੍ਰਤੀਤ ਨਹੀਂ ਹੁੰਦਾ। ਪਰ ਬਦਬੂਦਾਰ ਖੱਡ ਵਿੱਚ ਮਰੇ ਹੋਏ ਪਸ਼ੂਆਂ ਦੀਆਂ ਖਲਾਂ, ਹੱਡੀਆਂ ਦੇ ਨਾਲ ਕੁੱਤੇ, ਗਿਰਝਾਂ ਨਾਲ ਜੂਝਦੀ ਤੇ ਅਸਹਿ ਬਦਬੂ ਕਾਰਣ ਵੀ ਆਪਣੇ ਆਪ ਨੂੰ ਪਿੰਡ ਦੇ ਲੋਕਾਂ ਦੀਆਂ ਨਜ਼ਰਾਂ ਤੋਂ ਲੁਕਾਉਂਦੀ ਖਿਡਾਰਣ ਆਖਿਰ ਜਿੱਤ ਹਾਸਿਲ ਕਰ ਲੈਂਦੀ ਹੈ। ਕਹਾਣੀ ਵਿੱਚ ਬਦਬੂਦਾਰ ਖੱਡ, ਗਿਰਝਾਂ ਦੇ ਸਾਡੇ ਸਮਾਜ ਲਈ ਵਰਤੇ ਗਏ ਪ੍ਰਤੀਕਾਂ ਤੇ ਬਿੰਬਾਂ ਰਾਹੀਂ ਕਹਾਣੀਕਾਰ ਦੇ ਰੋਂਗਟੇ ਖੜ੍ਹੇ ਕਰ ਦੇਣ ਵਾਲਾ ਤੇ ਜੁਝਾਰੂ ਮਨ ਦਰਸਾਉਣ ਦਾ ਚਿਤਰਣ ਪ੍ਰਸਤੁਤ ਕੀਤਾ ਹੈ ਤੇ ਆਖਿਰ ਜਿੱਤ ਵਿਖਾ ਸੋਨੇ 'ਤੇ ਸੁਹਾਗਾ ਕਰ ਵਿਖਾਇਆ ਹੈ।

ਔਰਤ ਮਰਦ-ਵਿਚਕਾਲੇ ਜਮਾਂਦਰੂ ਸਰੀਰਕ ਅੰਤਰ ਨੂੰ ਤਾਂ ਸਹਿਜਤਾ ਨਾਲ ਸਵੀਕਾਰ ਕੀਤਾ ਜਾ ਸਕਦਾ ਹੈ, ਪਰ ਦੋਹਾਂ ਨੂੰ ਇਕ ਸਮਾਨ ਇਨਸਾਨ ਤੇ ਜੀਵ ਸਮਝਣ ਵਿੱਚ ਝਿਜਕ ਔਰਤ-ਮਰਦ ਦੋਹਾਂ ਵਿੱਚ ਸ਼ਾਇਦ ਅਜੇ ਵੀ ਕਾਇਮ ਹੈ ? ਇਸੇ ਮੁੱਦੇ ਨੂੰ ਕਹਾਣੀ ਰੂਪ ਵਿੱਚ ਪ੍ਰਸਤੁਤ ਕਰਦੀ ਹੈ ਅਲਕਾ ਸਰਾਵਗੀ ਦੀ ਕਹਾਣੀ 'ਲਾਲ ਮਿੱਟੀ ਦੀ ਸੜਕ'। ਛੋਟੀਆਂ-ਛੋਟੀਆਂ ਗੱਲਾਂ ਤੇ ਘਟਨਾਵਾਂ ਨੂੰ ਸਹਿਜਤਾ ਨਾਲ ਅਪਨਾਉਣ ਦੀ ਬਜਾਏ ਔਰਤ-ਮਰਦ ਆਪਣੇ-ਆਪਣੇ ਵਿਚਾਰਾਂ ਤੇ ਦ੍ਰਿਸ਼ਟੀਕੋਣਾਂ ਨੂੰ ਪੁਖ਼ਤਾ ਕਰਨ ਦੀ ਕੋਸ਼ਿਸ਼ ਵਿੱਚ ਹੋਰ ਵੀ ਉਲਝਾ ਦਿੰਦੇ ਹਨ।

ਕਿਸੇ ਨੂੰ ਉਸ ਦੀਆਂ ਜ਼ਰੂਰਤਾਂ ਤੋਂ ਵੱਧ ਸਹੂਲਤਾਂ ਦੇ ਕੇ ਵੀ ਉਸਦਾ ਅਨਜਾਣੇ ਹੀ ਸਹੀ, ਪਰ ਅਹਿਤ ਕੀਤਾ ਜਾ ਸਕਦਾ ਹੈ, ਕਿਉਂਕਿ ਉਨ੍ਹਾਂ ਸਹੂਲਤਾਂ ਨੂੰ ਅਪਨਾ ਕੇ ਜੀਅ ਲੈਣ ਤੇ ਉਨ੍ਹਾਂ ਦਾ ਆਦੀ ਹੋਣ ਮਗਰੋਂ ਜਦੋਂ ਪਥਰੀਲੇ ਰਾਹਾਂ 'ਤੇ ਚਲਣਾ ਪੈਂਦਾ ਹੈ ਤਾਂ ਇਹ ਸੁਖ-ਸਹੂਲਤਾਂ ਜੀ ਦਾ ਜੰਜਾਲ ਬਣ ਵਧੇਰੇ ਅਹਿਤ ਕਰ ਜਾਂਦੀਆਂ ਹਨ। ਕੁਝ ਅਜਿਹਾ ਹੀ ਵਾਪਰਦਾ ਹੈ ਸ਼ਿਵਮੂਰਤੀ ਦੀ 'ਕੇਸ਼ਰ ਕਸਤੂਰੀ' ਨਾਲ। ਪਰ ਥੋੜ੍ਹੇ ਸਮੇਂ ਲਈ ਭੋਗੇ ਸੁਖ, ਉਨ੍ਹਾਂ ਕਾਰਣ ਲਲਚਾਏ ਜਾਣ ਦੇ ਬਾਵਜੂਦ ਜਦੋਂ ਉਸ ਦਾ ਵਾਸਤਾ ਜ਼ਿੰਦਗੀ ਦੀਆਂ ਅਸਲ ਤੰਗੀਆਂ-ਤੁਰਸ਼ੀਆਂ ਨਾਲ ਪੈਂਦਾ ਹੈ। ਤਾਂ ਉਨ੍ਹਾਂ ਨਾਲ ਵੀ ਨਜਿੱਠਣਾ ਸਿੱਖ ਲੈਂਦੀ ਹੈ। ਕਹਿਣ ਦਾ ਭਾਵ ਹੈ ਕਿ ਸੁਖ-ਸੁਵਿਧਾਵਾਂ ਆਲਸੀ ਤੇ ਸੁਸਤਖੋਰ ਬਣਾਉਂਦੇ ਹਨ ਤੇ ਤੰਗੀਆਂ-ਤੁਰਸੀਆਂ ਜਦੋ ਜਹਿਦ ਕਹਿਣ ਕਰਨ ਦਾ ਬਲ ਬਖਸ਼ਦੀਆਂ ਹਨ। ਸ਼ਿਵਮਰੂਤੀ ਨੇ ਇਕ ਅਜਿਹੀ ਨਾਰੀ ਨੂੰ ਸਫ਼ਲਤਾ ਨਾਲ ਚਿਤ੍ਰਿਤ ਕੀਤਾ ਹੈ ਜਿਹੜੀ ਆਪਣੇ ਆਪ ਨੂੰ ਇਸ ਗੱਲ ਦੀ ਤਸੱਲੀ ਦਿਵਾਉਂਦੀ ਹੈ ਕਿ ਉਹ ਇਸ ਗਰੀਬੀ ਤੇ ਭੁੱਖਮਾਰੀ ਤੋਂ ਘਬਰਾ ਦੇ ਕਿਸੇ ਹੋਰ ਦੇ ਬੂਹੇ ਜਾ ਕੇ ਨਹੀਂ ਬੈਠੇਗੀ। ਕਹਾਣੀਕਾਰ ਇੱਕ ਪਰੰਪਰਿਕ ਤੇ ਆਧੁਨਿਕ ਭਾਰਤੀ ਨਾਰੀ ਨੂੰ ਨਾ ਹਾਰਦੇ ਹੋਏ ਵਿਖਾਉਂਦਾ ਹੈ।

ਇਹ ਚਰਚਾ ਉਦੋਂ ਤਕ ਪੂਰਾ ਨਹੀਂ ਹੋ ਸਕਦੀ ਜੇ ਇਸ ਵਿੱਚ ਉਦਯ ਪ੍ਰਕਾਸ਼ ਦੀ 'ਵਾਰੇਨ ਹੇਸਟਿੰਗਜ ਦਾ ਸਾਨ੍ਹ' ਜਿਹੀ ਹੈਰਤਗਰੇਜ਼ ਕਹਾਣੀ ਤੇ ਮਾਂ-ਪੁੱਤਰ ਦੇ ਮੋਹ ਭਿੱਜੇ ਰਿਸ਼ਤੇ ਦੇ ਨਵੀਨ ਅਰਥ ਉਪਜਾਉਣ ਦੀ ਪ੍ਰਿਯੰਵਦ ਦੀ ਕਹਾਣੀ 'ਪਲੰਘ' ਦਾ ਜ਼ਿਕਰ ਨਾ ਕੀਤਾ ਜਾਏ। ਉਦਯ ਪ੍ਰਕਾਸ਼ ਤੇ ਪ੍ਰਿਯੰਵਦ ਹਿੰਦੀ ਦੇ ਦਿਗਗੱਜ ਕਹਾਣੀਕਾਰ ਮੰਨੇ ਜਾਂਦੇ ਹਨ, ਜਿਨ੍ਹਾਂ ਨੇ ਕਹਾਣੀ ਵਿੱਚ ਨਵੀਆਂ

ਪੈੜਾਂ ਸਿਰਜੀਆਂ ਹਨ। ‘ਵਾਰੇਨ ਹੇਸਟਿੰਗਜ ਦਾ ਸਾਨ੍ਹ’ ਜਿੱਥੇ ਇਕ ਬੜੀ ਲੰਮੀ ਕਹਾਣੀ ਹੈ, ਉਥੇ ‘ਪਲੰਘ’ ਬੇਹੱਦ ਛੋਟੀ ਜਿਹੀ ਹੈ। ‘ਵਾਰੇਨ ਹੇਸਟਿੰਗਜ ਦਾ ਸਾਨ੍ਹ’ ਕਹਾਣੀ ਕਈ ਪਰਤਾਂ ਨੂੰ ਖੋਲ੍ਹਦੀ ਹੈ। ਉਸ ਵਿੱਚ ਬ੍ਰਿਟਿਸ਼ ਕਾਲ ਦੇ ਭਾਰਤ ਦੇ ਰਹੱਸਮਈ, ਮਿੱਥਾਂ, ਧਰਮ, ਵਿਸ਼ਵਾਸ, ਰਾਜਨੀਤਕ ਖੜਸ਼ੰਤਰਾਂ ਤੇ ਦਾਵ-ਪੇਚਾਂ ਦੇ ਭੇਤ ਖੁੱਲ੍ਹਦੇ ਜਾਂਦੇ ਹਨ, ਉਥੇ ਭਾਰਤ ਨੂੰ ਲੁੱਟ-ਖਸੁੱਟ ਕੇ ਪ੍ਰਸ਼ਾਸਨ ਚਲਾਉਣ ਵਾਲੇ ਅਨੇਕ ਅੰਗਰੇਜ਼ ਗਵਰਨਰਾਂ ਦੇ ਨਾਂ ਅਤੇ ਟਿੱਪਣੀਆਂ ਸਮੇਤ ਇਤਿਹਾਸਕ ਤੱਥ ਦੀ ਮੌਜੂਦ ਹਨ। ਇਸ ਦੇ ਬਾਵਜੂਦ ਇਹ ਪਤਾ ਨਹੀਂ ਲੱਗਦਾ ਕਿ ਕਿੱਥੇ ਕਹਾਣੀਕਾਰ ਦੀ ਕਲਪਨਾ ਉਡਾਣ ਭਰ ਰਹੀ ਹੈ ਤੇ ਕਿੱਥੇ ਇਤਿਹਾਸਕ ਤੱਥ ਪੇਸ਼ ਕਰ ਕੇ ਇਸ ਨੂੰ ਹਕੀਕਤ ਨਾਲ ਜੋੜ ਰਹੀ ਹੈ। ਇਹੀ ਰਲਗੱਡਤਾ ਹੀ ਕਥਾਕਾਰ ਦੀ ਸਫ਼ਲਤਾ ਕਹੀ ਜਾ ਸਕਦੀ ਹੈ। ਸਾਨ੍ਹ ਦੇ ਪ੍ਰਤੀਕ ਰਾਹੀਂ ਕਹਾਣੀਕਾਰ ਭਾਰਤੀਆਂ ਦੇ ਰੋਹ ਦਾ ਚਿਤਰਣ ਕਰਦਾ ਹੈ ਤੇ ਕਈ ਚਿੱਤਰਾਂ ਦਾ ਬਾਰੀਕ ਵਿਸ਼ਲੇਸ਼ਣ ਪ੍ਰਸਤੁੱਤ ਕਰ ਪਾਠਕਾਂ ਨੂੰ ਸਥੂਲ ’ਚੋਂ ਸੂਖਮ ਵੇਖਣ ਦਾ ਦ੍ਰਿਸ਼ਟੀਕੋਣ ਪ੍ਰਦਾਨ ਕਰਦਾ ਹੈ।

ਪ੍ਰਿਯੰਵਦ ਦੀ ਕਹਾਣੀ ‘ਪਲੰਘ’ ਵਿੱਚ ਪਲੰਘ ਦੇ ਦੋ ਕੋਨਿਆਂ ਨੂੰ ਮਲ ਕੇ ਸੌਂਦੇ ਬੁੱਢੀ ਮਾਂ ਤੇ ਅਧੇੜ ਹੁੰਦੇ ਪੁੱਤਰ ਦੀ ਕਹਾਣੀ ਮਾਂ ਨੂੰ ਤਾਂ ਮਾਂ ਦੇ ਰੂਪ ਵਿੱਚ ਹੀ ਸਿਰਜਦੀ ਹੈ, ਪਰ ਪੁਤਰ ਦੇ ਰੂਪ ਵਿੱਚੋਂ ਮਰਦ ਦੇ ਨਜ਼ਰੀਏ ਨੂੰ ਲੁਕਾਉ ਨਾਲ ਪੇਸ਼ ਕਰਦੀ ਹੈ। ਆਪਣੇ-ਆਪਣੇ ਕੋਨੇ ਦੀ ਬਾਦਸ਼ਾਹਤ ਮਾਂ ਪੁੱਤਰ ਕਿਸੇ ਤੀਜੇ ਨੂੰ ਦੇਣ ਜਾਂ ਉਸ ਨਾਲ ਸਾਂਝਾ ਕਰਨ ਲਈ ਤਿਆਰ ਨਹੀਂ ਹੁੰਦੇ। ਇਸੇ ਲਈ ਕਿਸੇ ਇਸਤਰੀ ਨੂੰ ਚਾਹੁਣ ਦੇ ਬਾਵਜੂਦ ਪੁੱਤਰ ਅਧੇੜ ਅਵਸਥਾ ਤੱਕ ਪੁੱਜ ਕੇ ਵੀ ਵਿਆਹ ਕਰਵਾਉਣ ਲਈ ਤਿਆਰ ਨਹੀਂ ਤੇ ਸ਼ਾਇਦ ਮਾਂ ਵੀ ਤਿਆਰ ਨਹੀਂ। ਭਾਵੇਂ ਉਹ ਮੂੰਹੋਂ ਕੁਝ ਕਹਿੰਦੀ ਨਹੀਂ, ਪਰ ਉਸ ਇਸਤਰੀ ਨਾਲ ਪੁੱਤਰ ਦੇ ਸੰਬੰਧਾਂ ਨੂੰ ਹੁੰਗਾਰਾ ਨਹੀਂ ਦੇਂਦੀ। ਪਰ ਬੁੱਢੀ ਮਾਂ ਲਈ ਨਗਨ ਅਵਸਥਾ ਵਿੱਚ ਨਹਾ ਕੇ ਬਾਹਰ ਨਿਕਲਣਾ ਕਿਸੇ ਪਾਪਬੋਧ ਜਾਂ ਕਿਸੇ ਹੋਰ ਭਾਵ ਨੂੰ ਸੋਚਣ ਨਹੀਂ ਦੇਂਦਾ,ਪਰ ਪੁਤਰ ਦਾ ਮਾਂ ਨੂੰ ਅਜਿਹੀ ਅਵਸਥਾ ਵਿੱਚ ‘ਇਕ ਔਰਤ’ ਦੇ ਰੂਪ ਵਿੱਚ ਵੇਖਣਾ ਤੇ ਫਿਰ ਪੁੱਤਰ ਹੋਣ ਨਾਤੇ ਕ੍ਰੋਧਿਤ ਹੋ ਜਾਣਾ ਬੱਸ ਪਲ ਦੇ ਪਲ ਦੀ ਹੀ ਗੱਲ ਸੀ। ਪਰ ਇਸ ਨਜ਼ਰੀਏ ਨੇ ਦੋਹਾਂ ਦੇ ਰਿਸ਼ਤੇ ਤੇ ਸੋਚ ਉੱਤੇ ਇਕ ਪ੍ਰਸ਼ਨ ਚਿੰਨ੍ਹ ਲਾ ਦਿੱਤਾ। ਮਾਂ ਹੋਰ ਵੀ ਆਪਣੇ ਕੋਨੇ ਵਿੱਚ ਸਿਕੁੜ ਗਈ ਤੇ ਬਿਮਾਰ ਪੈ ਮਰ ਗੀ। ਮਾਂ ਦੇ ਕੋਨੇ ਵਿੱਚ ਜਦੋਂ ਵਿਆਹ ਮਗਰੋਂ ਉਸ ਨੇ ਪਹਿਲੀ ਹੀ ਰਾਤ ਪਤਨੀ ਨੂੰ ਨਗਨ ਅਵਸਥਾ ਵਿੱਚ ਦੇਖਿਆ ਤਾਂ ਉਹ ਤ੍ਰਬਕ ਗਿਆ, ਕਿਉਂਕਿ ਉਥੇ ਉਸ ਨੂੰ ਪਤਨੀ ਨਹੀਂ, ਮਾਂ ਖੜੀ ਨਜ਼ਰ ਆਈ। ਬੜੀ ਹੀ ਸੂਖਮ ਛੋਹ ਵਾਲੀ ਇਹ ਕਹਾਣੀ ਅੰਤਰੀਵ ਵਿੱਚ ਲਹਿ ਦ੍ਰਵਿਤ ਕਰ ਜਾਂਦੀ ਹੈ।

ਬਾਕੀ ਕਹਾਣੀਆਂ ਵਿੱਚੋਂ ਸ਼ੁਭਾਸ਼ ਨੀਰਵ ਦੀ ‘ਐਨੇ ਮਾੜੇ ਦਿਨ’ ਤੇ ਰਘਨੁੰਦਨ ਤ੍ਰਿਵੇਦੀ ਦੀ ‘ਰੋਣ ਵਾਲਾ ਕਮਰਾ’ ਦੀ ਪ੍ਰਭਾਵਿਤ ਕਰਦੀਆਂ ਹਨ। ਦੋਵੇਂ ਕਹਾਣੀਆਂ ਪਰਿਵਾਰਿਕ ਮੁੱਲਾਂ ਤੇ ਏਕਤਾ ਦੇ ਟੁੱਟ ਜਾਣ ਕਾਰਨ ਬਦਤਰ ਜ਼ਿੰਦਗੀ ਤੇ ਬੁਢਾਪੇ ਦੇ ਇਕੱਲੇਪਣ ਤੇ ਉਦਾਸੀ ਨੂੰ ਦਰਸਾਉਂਦੀਆਂ ਹਨ। ਮਾਂ-ਬਾਪ ਨਾਲ ਜੁੜੀਆਂ ਸੰਵੇਦਨਾਵਾਂ ਬੱਸ ਹੁਣ-ਇਕਾਂਤ ਵਿੱਚ ਉਨ੍ਹਾਂ ਦੇ ਟੁੱਟੇ-ਭੁੱਜੇ ਕਮਰੇ ਵਿੱਚ ਰੋਣ ਜਾਂ ਰੁਸ ਕੇ ਬੈਠ ਜਾਣ ਨਾਲ ਹੀ ਸੰਬੰਧਿਤ ਰਹਿ ਗਈਆਂ ਹਨ ਤੇ ਦੂਜੇ ਪਾਸੇ ਭੁੱਖਮਰੀ ਦੀ ਹਾਲਤ ਵਿੱਚ ਵੀ ਕਿਸੇ ਹੋਰ ਅੱਗੇ ਕੀ, ਆਪਣੇ ਬੱਚਿਆਂ ਅੱਗੇ ਵੀ ਹੱਥ ਅੱਡਣਾ ਮੌਤ ਸਮਾਨ ਜਾਪਦਾ ਹੈ।

ਅਖਿਲੇਸ਼ ‘ਸ਼ਰਾਪ ਪੀੜਤ’ ਜੇ ਐਨੇ ਲੰਬੇ ਪ੍ਰਸੰਗਾਂ ਤੇ ਵੱਧ ਘਟਨਾਵਾਂ ਨੂੰ ਖਿੱਚਣ ਦੀ ਬਜਾਏ ਥੋੜ੍ਹੇ ਵਿੱਚ ਦੁੱਖ ਸੁੱਖ ਦੀ ਪ੍ਰਾਪਤੀ ਦੇ ਸਦੀਵੀ ਸੱਚ ਨੂੰ ਪ੍ਰਗਟਾਉਂਦਾ ਤਾਂ ਸ਼ਾਇਦ ਵਧੇਰੇ ਪ੍ਰਭਾਵਸ਼ਾਲੀ ਕਹਾਣੀ ਬਣ ਸਕਦੀ ਸੀ।

ਦੂਸਰੇ ਸ਼ਬਦਾਂ ਵਿੱਚ, ਇਹ ਸਾਰੀਆਂ ਕਹਾਣੀਆਂ ਮਾਨਵੀ ਸੰਬੰਧਾਂ ਦੇ ਨਵੇਂ ਅਰਥ ਹੀ ਨਹੀਂ ਸਿਰਜਦੀਆਂ, ਬਲਕਿ ਮਨ ਦੇ ਅਣਦੇਖੇ ਭਾਵਾਂ, ਚਾਹਤਾਂ ਅਤੇ ਵਿਕਾਰ-ਪ੍ਰਵਿਰਤੀਆਂ ਨੂੰ ਵੀ ਪ੍ਰਗਟਾਉਂਦੀਆਂ ਹਨ। ਇਨ੍ਹਾਂ ਕਹਾਣੀਆਂ ਵਿੱਚ ਸਹੀ ਤੌਰ ’ਤੇ ਔਰਤ ਦੇ ਨਵੇਂ ਰੂਪ ਤੇ ਭਾਵ-ਮੁਦਰਾਵਾਂ ਵੇਖਣ ਨੂੰ ਮਿਲਦੀਆਂ ਹਨ। ਭਾਵੇਂ ਬੁਢਾਪੇ ਵਿੱਚ ਪਹੁੰਚੀ ਦੀਵਾਨਬਾਈ ਹੋਵੇ ਜਾਂ ‘ਚੂਹੇ ਨੂੰ



ਚੂਹਾ ਰਹਿਣ ਦਿਉ’ ਤੇ ਤਸੱਲੀ ਦੀ ਭਾਵਨਾ ਨੂੰ ਇਕੱਠੇ ਮਹਿਸੂਸ ਕਰਦੀ ਔਰਤ, ਕਿੱਧਰੇ ਪਰਿਵਾਰਿਕ ਜ਼ਿੰਮੇਵਾਰੀਆਂ ਨਿਭਾਉਣ ਨਾਲ ਹੀ ਸ਼ਾਂਤ ਹੁੰਦੀ ਤਨੂੰ ਜਾਂ ਔਰਤ ਨੂੰ ਮਰਦ-ਸਮਾਨ ਬਰਾਬਰ ਸਮਝਣ ਦਾ ਅਹਿਸਾਸ ਕਰਨ ਲਈ ਘਰੋਂ ਕੁਝ ਦੂਰ ਰਹਿਣ ਦੀ ਖਾਹਿਸ ਰੱਖਦੀ ‘ਲਾਲ ਮਿੱਟੀ ਦੀ ਸੜਕ’ ਦੀ ਪਾਤਰ। ਹੁਣ ਖਿਡਾਰਣ ਕੁੜੀਆਂ ਵੀ ਹਰ ਮੋਰਚਾ ਸੰਭਾਲ ਕੇ ਜਿੱਤ ਹਾਸਿਲ ਕਰ ਸਕਦੀਆਂ ਹਨ। ਆਦਿ।

ਇਨ੍ਹਾਂ ਕਹਾਣੀਆਂ ਨੂੰ ਚੰਗੇ ਢੰਗ ਨਾਲ ਅਨੁਵਾਦ ਕਰਨ ਲਈ ਸਾਰੇ ਅਨੁਵਾਦਕ ਗੁਰਮੇਲ ਮਡਾਹੜ, ਗੁਰਦਿਆਲ ਦਲਾਲ, ਬਲਵਿੰਦਰ ਸਿੰਘ ਤੇ ਅਨਮੇਨ ਸਿੰਘ ਦਾ ਅਨੁਵਾਦ ਸਰਲ ਹੈ, ਜੋ ਪੰਜਾਬੀ ਕਹਾਣੀ ਦੀ ਤੋਰ ਵਾਂਗ ਸਹਿਜ ਪ੍ਰਤੀਤ ਹੁੰਦਾ ਹੈ। ਜਿੰਦਰ ਦਾ ਇਹ ਕਦਮ ਉੱਦਮੀ ਤੇ ਸ਼ਲਾਘਾਯੋਗ ਹੈ, ਜਿਸਨੇ ਪੰਜਾਬੀ ਪਾਠਕਾਂ ਨੂੰ ਹਿੰਦੀ ਸਾਹਿਤ ਦੇ ਕਹਾਣੀ-ਸਮੁੰਦਰ ਵਿੱਚ ਡੁੱਬਕੀ ਲਗਾਉਣ ਦਾ ਮੌਕਾ ਦਿੱਤਾ ਤੇ ਇਹ ਅਹਿਸਾਸ ਕਰਵਾਉਣ ਦਾ ਜਤਨ ਕੀਤਾ ਹੈ ਕਿ ਪੰਜਾਬੀ ਵਿੱਚ ਵੀ ਅਜੇ ਕਈ ਨਵੀਨ ਵਿਸ਼ਿਆਂ ਦੀ ਆਮਦ ਹੋ ਸਕਦੀ ਹੈ। ਨਵੀ ਤਕਨੀਕ, ਨਵੇਂ ਅੰਦਾਜ਼, ਨਵੀਂ ਸ਼ੈਲੀ ਰਾਹੀਂ ਮਨੁੱਖੀ ਮਨ ਦੇ ਵਲਵੱਲਿਆਂ ਤੇ ਉਸ ਦੇ ਮੂਲ ਸੁਭਾਅ ਦੇ ਕਹੇ-ਅਣਕਹੇ ਪਹਿਲੂਆਂ ਨੂੰ ਸਜਾਇਆ, ਸੰਵਾਰਿਆ ਤੇ ਪ੍ਰਗਟਾਇਆ ਜਾ ਸਕਦਾ ਹੈ। ਹੈ ਨਾ!

# ਕੇਸ਼ਰ ਕਸਤੂਰੀ /ਸ਼ਿਵ ਮੂਰਤੀ

"ਪਾਪਾ, ਤੁਹਾਡੇ ਐਸ. ਸੀ. ਸਾਹਿਬ ਆਏ ਨੇ......," ਬੇਬੀ ਨੇ ਕਮਰੇ ਵਿਚ ਵੜਦਿਆਂ ਹੋਇਆਂ ਦੱਸਿਆ। ਮੈਂ ਕਾਹਲੀ-ਕਾਹਲੀ ਪੁੱਛਿਆ "ਕਿਥੇ ਨੇ ?"

"ਬਾਹਰ ਸੜਕ 'ਤੇ । ਜੀਪ ਵਿਚ ਹੀ ਬੈਠੇ ਨੇ ?"

"ਮੈਂ ਕਿਹੈ ਸੁਣ ਬਈ । ਜ਼ਰਾ ਸ਼ੀਸ਼ਾ-ਕੰਘੀ ਦਈਂ ਤਾਂ। ਪਜਾਮਾ ਵੀ ।"

ਮੈਂ ਕਲਮ ਤੇ ਰਜਿਸਟਰ ਇਕ ਪਾਸੇ ਸੁੱਟਦਿਆਂ ਹੋਇਆਂ ਆਵਾਜ਼ ਮਾਰੀ ਤੇ ਉਲਟ ਕੇ ਬਿਸਤਰੇ ਤੋਂ ਹੇਠਾਂ ਉਤਰ ਆਇਆ। "ਬਈ, ਮੇਰੀਆਂ ਚੱਪਲਾਂ ਕੌਣ ਲੈ ਗਿਆ ਏਥੋਂ ?"

ਸੋਚਿਆ ਸੀ, ਅੱਜ ਪੂਰਾ ਦਿਨ ਲਾ ਕੇ ਕਹਾਣੀ ਪੂਰੀ ਕਰ ਲਵਾਂਗਾ। ਬਹੁਤ ਦਿਨਾਂ ਤੋਂ ਇਸ ਦਾ ਲਿਖਣਾ ਟਲਦਾ ਆ ਰਿਹਾ ਹੈ। ਸਵੇਰੇ ਹੀ ਬੱਚਿਆਂ ਨੂੰ ਬੁਲਾ ਕੇ ਹਦਾਇਤ ਕਰ ਦਿੱਤੀ ਸੀ ਕਿ ਕੋਈ ਮਿਲਣ ਆਵੇ ਤਾਂ ਕਹਿ ਦੇਣਾ ਪਾਪਾ ਘਰ ਨਹੀਂ ਹਨ।

"ਪਰ ਪਾਪਾ। ਅੱਜ ਹੀ ਲਈ ਤਾਂ ਤੁਸੀਂ ਵਾਅਦਾ ਕੀਤਾ ਸੀ ਮੇਰੇ ਕੱਪੜੇ ਲਿਆਉਣ ਦਾ," ਕੇਸ਼ਰ ਨੇ ਯਾਦ ਕਰਵਾਇਆ ਸੀ।

"ਹੁਣ ਕੱਪੜੇ ਦੂਜੇ ਦਿਨ ਕੁੜੀਏ ।"

"ਪਰ ਕਲ੍ਹ ਨੂੰ ਤਾਂ ਮੇਰੀ ਸਹੇਲੀ ਦਾ ਵਿਆਹ ਏ। ਸਿਊਂਤੇ ਜਾਣ ਤਕ ਦਾ ਵਕਤ ਨ੍ਹੀਂ ਏ। ਤੁਸੀਂ ਮਹੀਨੇ ਤੋਂ ਟਾਲਦੇ ਆ ਰਹੇ ਹੋ ।"

"ਕੁਸ਼ ਵੀ ਹੋਵੇ, ਅੱਜ ਮੇਰਾ ਲਿਖਣ ਦਾ ਮੂਡ ਬਣ ਚੁੱਕਿਆ ਏ। ਅੱਜ ਤਾਂ ਕਿਸੇ ਵੀ ਸੂਰਤ ਵਿਚ ਨਹੀਂ। ਨਹਾਉਣ ਲਈ ਵੀ ਨਹੀਂ ਉਠਣਾ । ਦਰਅਸਲ ਮੂਡ ਦੀ ਗੱਲ ਏ ਨਾ। ਇਕ ਵਾਰ ਮੂਡ ਉਖੜਿਆ ਤਾਂ ਮਹੀਨੇ ਕੁ ਦੀ ਛੁੱਟੀ ਹੋ ਜਾਵੇਗੀ। ਕਿਸੇ ਸੂਰਤ ਵਿਚ ਨਹੀਂ।"

ਅਜੇ ਘੰਟਾ ਵੀ ਨਹੀਂ ਹੋਇਆ ਸੀ ਕਿ ਇਹ ਆਫ਼ਤ। ਪੂਰਾ ਦਿਨ ਖਰਾਬ ਹੋ ਜਾਵੇਗਾ। ਛੇਤੀ-ਛੇਤੀ ਪਜਾਮਾ ਪਾ ਕੇ ਬਾਹਰ ਆਇਆ। ਸਾਹਮਣੇ ਹੀ ਸੜਕ ਹੈ ਪਰ ਉਥੇ ਤਾਂ ਕੋਈ ਜੀਪ ਦਿੱਸਦੀ ਨਹੀਂ। ਸਾਹਮਣਿਓਂ ਆਉਂਦੀ ਕੇਸ਼ਰ ਨੇ ਕਿਹਾ, "ਪਾਪਾ । ਤੁਸੀਂ ਬਾਹਰ ਕਿਉਂ ਨਿਕਲ ਆਏ ? ਮੈਂ ਤਾਂ ਤੁਹਾਡੇ ਸਾਹਿਬ ਨੂੰ ਕਹਿ ਦਿੱਤਾ ਕਿ ਪਾਪਾ ਕਿਤੇ ਗਏ ਹੋਏ ਨੇ....।"

"ਵਈ, ਇਹ ਕਿਉਂ ਕਹਿ ਦਿੱਤਾ ? ਕਿਧਰ ਗਏ ਨੇ ?"

"ਬੋਲੇ ਡਾਕ ਬੰਗਲੇ ਚਲਿਆ ਹਾਂ, ਆਉਣ ਤਾਂ ਭੇਜ ਦੇਣਾ।"

ਅਜੇ ਅਰਦਲੀ ਨਹੀਂ ਆਇਆ ਸੀ। ਮੁੜ ਕੇ ਬੇਬੀ ਨੂੰ ਕਿਹਾ, "ਦੌੜ ਕੇ ਡਰਾਈਵਰ ਨੂੰ ਬੁਲਾ ਲਿਆਓ।"

ਪਤਨੀ ਨੂੰ ਕਿਹਾ, "ਤਿੰਨ-ਚਾਰ ਚਾਹ ਦੇ ਕੱਪ ਤਿਆਰ ਕਰਕੇ ਥਰਮਸ ਵਿਚ ਪਾ ਦੇ। ਥੋੜ੍ਹੇ ਬਿਸਕੁਟ ਵਗੈਰਾ ਵੀ।"

"ਪਰ ਪਾਪਾ", ਕੇਸ਼ਰ ਨੇ ਥਰਮਸ ਧੋਂਦਿਆਂ ਹੋਇਆਂ ਕਿਹਾ, "ਜਦ ਮੈਂ ਕਹਿ ਦਿੱਤਾ



ਪਾਪਾ ਘਰ ਵਿਚ ਨਹੀਂ ਤਾਂ ਪ੍ਰੇਸ਼ਾਨ ਹੋਣ ਦੀ ਕੀ ਲੋੜ ਏ ? ਮੰਨ ਲਓ ਕਿ ਤੁਸੀਂ ਵਾਪਸ ਆਏ ਹੀ ਨਹੀਂ। ਚੁੱਪ ਚਾਪ ਬਹਿ ਕੇ ਆਪਣੀ ਕਹਾਣੀ ਪੂਰੀ ਕਰ ਲਓ। ਫੇਰ ਪਤਾ ਨਹੀਂ, ਕਦ ਮੂਡ ਬਣੇ।"

"ਤੂੰ ਨਹੀਂ ਸਮਝੇਂਗੀ ਧੀਏ। ਇਹ ਨੌਕਰੀ ਏ। ਅਜਿਹੇ ਹਾਲਾਤ ਵਿਚ ਜੇ ਮੈਂ ਘਰ ਬੈਠਿਆ ਵੀ ਰਹਾਂ ਤਾਂ ਕੀ ਲਿਖਣ ਵਿਚ ਮਨ ਲੱਗ ਸਕਦਾ ਏ ?"

ਡਾਕ ਬੰਗਲੇ ਵਿਚ ਕੋਈ ਜੀਪ ਨਹੀਂ ਸੀ, ਚੌਕੀਦਾਰ ਨੇ ਦੱਸਿਆ ਕਿ ਇਥੇ ਤਾਂ ਕੋਈ ਆਇਆ ਹੀ ਨਹੀਂ। ਦਫਤਰ ਗਿਆ। ਉਥੇ ਵੀ ਨਹੀਂ ਸੀ। ਫੇਰ ਘਰ ਆਇਆ। ਕੇਸ਼ਰ ਨੂੰ ਬੁਲਾ ਕੇ ਪੁੱਛਿਆ, "ਤੈਨੂੰ ਕਿਸ ਤਰ੍ਹਾਂ ਪਤਾ ਲੱਗਿਆ ਕਿ ਆਉਣ ਵਾਲਾ ਸਾਡਾ ਐਸ. ਈ. ਸੀ।"

"ਪਾਪਾ", ਕੇਸ਼ਰ ਸੋਫੇ 'ਤੇ ਬੈਠਦੀ ਹੋਈ ਬੋਲੀ, "ਮੈਂ ਹੀ ਹਾਂ ਤੁਹਾਡਾ ਐਸ. ਸੀ. ਸਾਹਿਬ। ਮੇਰੇ ਕੰਮ ਲਈ ਤੁਸੀਂ ਘਰ ਵਿਚ ਨਹੀਂ ਹੋ ਤੇ ਆਪਣੇ ਸਾਹਿਬ ਦਾ ਹੁਕਮ ਵਜਾਉਣ ਲਈ....ਅਸੀਂ ਲੋਕ ਤੁਹਾਡੇ ਤੇ ਮੁਕੱਦਮਾ ਚਲਾਵਾਂਗੇ।"

ਮੈਨੂੰ ਬਹੁਤ ਜ਼ਬਰਦਸਤ ਗੁੱਸਾ ਆਇਆ। ਅਜਿਹਾ ਮਜ਼ਾਕ ! ਮੇਰੀ ਸਕੀ ਧੀ ਹੁੰਦੀ ਤਾਂ ਹੋ ਸਕਦੈ ਮੈਂ ਹੱਥ ਵੀ ਚੁੱਕ ਲੈਂਦਾ। ਪਤਨੀ ਨੂੰ ਪੈ ਗਿਆ, "ਤੈਂ ਵੀ ਨਹੀਂ ਦੱਸਿਆ। ਮੈਂ ਕਿਥੇ-ਕਿਥੇ ਭਟਕਦਾ ਫਿਰਿਆਂ।"

"ਮੈਨੂੰ ਵੀ ਤਾਂ ਨਹੀਂ ਪਤਾ।" ਪਤਨੀ ਨੇ ਮੁਸਕਰਾਉਂਦਿਆਂ ਹੋਇਆਂ ਕਿਹਾ, "ਹੁਣ, ਚਲੋ ਲਿਖੋ ਬਹਿ ਕੇ।"

"ਹੁਣ ਕੀ ਸੁਆਹ ਲਿਖਾਂਗਾ ।"

ਕੇਸ਼ਰ ਹੱਸਦੀ ਹੋਈ ਚਾਹ ਦਾ ਕੱਪ ਲੈ ਆਈ।

"ਮੈਨੂੰ ਮੁਆਫ ਕਰ ਦਿਓ ਪਾਪਾ। ਪਰ ਜਦ ਉਠ ਹੀ ਗਏ ਹੋ ਤਾਂ ਮਾਰਕਿਟਿੰਗ ਹੀ ਕਰ ਆਈਏ।"

ਕੇਸ਼ਰ ਦੇ ਸਾਹਮਣੇ ਦੇਰ ਤਕ ਗੁੱਸਾ ਟਿਕ ਵੀ ਤਾਂ ਨਹੀਂ ਸਕਦਾ। ਉਹ ਤਾਂ ਰੋਂਦੇ ਹੋਏ ਨੂੰ ਵੀ ਹੱਸਾ ਦੇਂਦੀ ਹੈ। ਜਦੋਂ ਦੀ ਆਈ ਹੈ, ਉਸਦੇ ਚੋਹਲ ਤੇ ਹਾਸੇ ਦੇ ਨਾਲ ਚਾਨਣ ਹੋਇਆ ਰਹਿੰਦਾ ਹੈ। ਇੰਨੇ ਡੂੰਘੇ ਮਖੌਲ ਦੀ ਗੱਲ ਸੋਚਣੀ ਉਸਦੇ ਹੀ ਵੱਸ ਦੀ ਗੱਲ ਸੀ। ਸੱਚਮੁੱਚ, ਕਲ੍ਹ ਹੀ ਉਸ ਦੀ ਪੱਕੀ ਸਹੇਲੀ ਦਾ ਵਿਆਹ ਹੈ ਤੇ ਮੈਂ ਇਕ ਦਿਨ ਪਹਿਲਾਂ ਵੀ ਉਸ ਲਈ ਕੱਪੜੇ ਲਿਆਉਣ ਵਿਚ ਟਾਲਮਟੋਲ ਕਰ ਰਿਹਾ ਸੀ। ਸਰਾਸਰ ਅਨਿਆਂ। ਕੀ ਕਮਾਲ ਦਾ ਤਰੀਕਾ ਕੱਢਿਆ ਹੈ ਉਸ ਨੇ ਇਸ ਅਨਿਆਂ ਨੂੰ ਪ੍ਰਗਟ ਕਰਨ ਦਾ ।

ਕੇਸਰ ਮੇਰੇ ਸਾਂਢੂ-ਭਾਈ ਦੀ ਲੜਕੀ ਹੈ। ਪਤਨੀ ਦੀ ਬਿਮਾਰੀ ਦੀ ਦੇਖਭਾਲ ਕਰਨ ਲਈ ਪਿਛਲੇ ਸਾਲ ਆਈ ਸੀ। ਆਉਣ ਦੇ ਥੋੜ੍ਹੇ ਦਿਨਾਂ ਬਾਅਦ ਹੀ ਉਹ ਕਲੋਨੀ ਦੀਆਂ ਹਾਣੀ ਕੁੜੀਆਂ ਤੋਂ ਲੈ ਕੇ ਆਂਟੀਆਂ ਤਕ ਵਿਚ ਇਕੋ ਜਿੰਨੀ ਹਰਮਨ ਪਿਆਰੀ ਹੋ ਗਈ ਸੀ। ਹਰੇਕ ਲਈ ਉਸਦੇ ਕੋਲ ਕੋਈ ਨਾ ਕੋਈ ਸਪੈਸ਼ਲ ਪੇਂਡੂ ਨੁਸਖਾ ਸੀ। ਵਾਲਾਂ ਨੂੰ ਲੰਮਾ ਤੇ ਚਮਕੀਲਾ ਬਣਾਉਣ ਦਾ ਨੁਸਖਾ, ਬਿਆਈ ਠੀਕ ਕਰਨ ਦਾ ਨੁਸਖਾ, ਬੈਅਬਾਦੀ ਤੋਂ ਛੁਟਕਾਰਾ ਪਾਉਣ ਦਾ ਨੁਸਖਾ। ਕਾਲੋਨੀ ਦਾ ਹਰ ਘਰ ਹੁਣ ਉਸਦਾ ਆਪਣਾ ਘਰ ਹੈ। ਹਰ ਘਰ ਦਾ ਕੋਈ ਨਾ ਕੋਈ ਕੰਮ ਉਸਦੀ ਅਣਹੋਂਦ ਕਰਕੇ ਰੁਕਿਆ ਰਹਿੰਦਾ ਹੈ। .....ਜਦ ਵੀ ਦਫਤਰ ਰੋਂ ਥੋੜ੍ਹਾ ਪਹਿਲਾਂ ਜਾਂ ਦੁਪਹਿਰੇ ਮੁੜਦਾ ਹਾਂ, ਡਰਾਇੰਗ ਰੂਮ ਕਲੋਨੀ ਦੀਆਂ ਕੁੜੀਆਂ ਨਾਲ ਭਰਿਆ ਹੁੰਦਾ। ਕਦੇ ਗਾਉਣ ਹੋ ਰਿਹਾ ਹੈ, ਕਦੇ ਨੱਚਣਾ। ਸੈਂਕੜੇ ਗੀਤ, ਲੋਕ ਗੀਤ ਯਾਦ ਹਨ ਉਸਨੂੰ। ਜੋ ਚਾਹੇ, ਜਿੰਨਾ ਚਾਹੇ ਸਿਖੋ।

ਹੱਸ ਮੁੱਖ ਏਨੀ ਕਿ ਪਤਨੀ ਕਦੇ-ਕਦੇ ਉਸ ਦੇ ਹਾਸੇ ਤੋਂ ਆਤੰਕਿਤ ਹੋ ਉਠਦੀ

ਹੈ। ਉਦਾਸ ਹੋਣ ਜਾਂ ਫਿਕਰ ਕਰਨ ਦੀ ਗੱਲ ’ਤੇ ਵੀ ਹਾਸਾ। ਕਦੇ-ਕਦੇ ਤਾਂ ਹਾਸੇ ਲਈ ਪਤਨੀ ਦੀ ਮਾਰ ਖਾਣ ’ਤੇ ਮੂੰਹ ਵਿਚ ਦੁਪੱਟਾ ਲੈ ਕੇ ਹੱਸਦੀ ਰਹਿੰਦੀ ਹੈ। ਹਾਸੇ ਦੇ ਫੁਹਾਰੇ ਛੱਡਦੀ ਦੇਹ ! ਹਾਰ ਕੇ ਪਤਨੀ ਵੀ ਡਾਟਣਾ-ਮਾਰਨਾ ਛੱਡ ਕੇ ਹੱਸਣ ਲੱਗਦੀ ਹੈ।

ਹੱਸ ਮੁੱਖ ਤੇ ਵਿਵਹਾਰਕ ਹੋਣ ਦੇ ਨਾਲ-ਨਾਲ ਕੇਸ਼ਰ ਦੇ ਹਿੱਸੇ ਵਿਚ ਬੇਹੱਦ ਖੂਬਸੂਰਤੀ ਆਈ ਹੈ। ਘਰ ਤੋਂ ਲੈ ਕੇ ਆਂਢ-ਗੁਆਂਢ ਤਕ ਦੀਆਂ ਬੱਚੀਆਂ ’ਤੇ ਉਸਦੀ ਸੁੰਦਰਤਾ ਦਾ ਜਾਦੂ ਛਾਇਆ ਹੋਇਆ ਹੈ। ਕੁੜੀਆਂ ਉਸਦੇ ਵਾਲ, ਦੰਦ, ਅੱਖਾਂ, ਬੁੱਲ੍ਹ ਤੇ ਹਾਸੇ ਦੀ ਤੁਲਨਾ ਅੱਡ-ਅੱਡ ਐਕਟਰੈਸਾਂ ਨਾਲ ਕਰਦੀਆਂ ਹਨ।

ਕੇਸ਼ਰ ਵਿਚ ਸੇਵਾ-ਭਾਵਨਾ ਵੀ ਕਮਾਲ ਦੀ ਹੈ। ਜਦੋਂ ਤੋਂ ਉਹ ਘਰ ਆਈ ਹੈ, ਪਤਨੀ ਨੇ ਅਰਾਮ ਹੀ-ਅਰਾਮ ਕੀਤਾ ਹੈ। ਆਉਣ ਸਾਰ ਬਹੁਤ ਘੱਟ ਵਕਤ ਵਿਚ ਹੀ ਉਸਨੇ ਏਸ ਘਰ ਦਾ ਹਿਸਾਬ-ਕਿਤਾਬ ਸਮਝ ਲਿਆ ਹੈ। ਪਤਨੀ ਨੂੰ ਸਾਰੀਆਂ ਜ਼ਿਮੇਵਾਰੀਆਂ ਤੇ ਉਲਝਣਾਂ ਤੋਂ ਮੁਕਤ ਕਰ ਦਿੱਤਾ ਹੈ। ਹੁਣ ਸਕੂਲ ਜਾਣ ਵਾਲੇ ਬੱਚੇ ਆਪਣੇ ਡ੍ਰੈਸ ਤੇ ਟਿਫਿਨ ਲਈ ਕੇਸ਼ਰ ਦੇ ਨਾਂ ਦੀ ਆਵਾਜ਼ ਮਾਰਦੇ ਹਨ। ਝਿਉਰੀ ਤੇ ਧੋਬਣ ਆਪਣਾ ਹਿਸਾਬ ਕੇਸ਼ਰ ਤੋਂ ਲਿਖਵਾਉਂਦੀਆਂ ਹਨ। ਮੈਂ ਹੁਣ ਕੀ ਪਾਉਣਾ ਹੈ ? ਕਿਹੜਾ ਕੱਪੜਾ ਧੋਇਆ ਹੋਇਆ ਹੈ, ਕਿਹੜੀ ਲਾਂਡਰੀ ਗਿਆ ਹੋਇਆ ਹੈ, ਇਸਦੇ ਫੈਸਲੇ ਤੇ ਜਾਣਕਾਰੀ ਦਾ ਮਾਧਿਅਮ ਕੇਸ਼ਰ ਹੀ ਹੋ ਗਈ ਹੈ। ਨਮਕ-ਚੀਨੀ ਤੋਂ ਲੈ ਕੇ ਕੱਪੜੇ-ਲੀੜੇ ਤਕ ਦੀ ਚੋਣ ’ਤੇ ਉਸ ਦੀ ਮਰਜ਼ੀ ਚਲਦੀ ਹੈ। ਪੂਰੇ ਘਰ ’ਤੇ ਇਸ ਵੇਲੇ ਉਸਦਾ ਰਾਜ ਚਲ ਰਿਹਾ ਹੈ। ਛੇ ਮਹੀਨੇ ਦੀ ਸੇਵਾ ਨਾਲ ਪਤਨੀ ਪੂਰੀ ਤਰ੍ਹਾਂ ਤੰਦਰੁਸਤ ਹੋ ਗਈ ਤੇ ਕੇਸ਼ਰ ਦੇ ਵਾਪਸ ਜਾਣ ਦੀ ਗੱਲ ਹੋਈ ਤਾਂ ਉਦਾਸ ਹੋ ਗਈ ਕਿ ਉਸ ਲਈ ਬਹੁਤ ਦੁੱਖ ਛੱਡ ਕੇ ਜਾਵੇਗੀ ਇਹ। ਇਸ ਦੇ ਜਾਣ ਤੋਂ ਬਾਅਦ ਕੌਣ ਸੰਭਾਲੂਗਾ ਇਸ ਘਰ ਨੂੰ। ਪਰ ਕੇਸ਼ਰ ਨੇ ਇਕ ਵਾਰ ਫੇਰ ਆਪਣੇ ਢੰਗ ਨਾਲ ਪਤਨੀ ਦੇ ਸਾਰੇ ਦੁੱਖ ਦੂਰ ਕਰ ਦਿੱਤੇ। ਉਸ ਨੇ ਪਤਨੀ ਨੂੰ ਕਿਹਾ, “ਮੈਨੂੰ ਸਿਲਾਈ-ਕਢਾਈ ਦੇ ਸਕੂਲੇ ਦਾਖਲ ਕਰਵਾਦੇ ਮਾਸੀ। ਸਾਲ ਭਰ ਦੀ ਗੁਲਾਮੀ ਦਾ ਪਟਾ ਪੱਕਾ ਹੋ ਜਾਊਗਾ।” ਕੇਸ਼ਰ ਨੇ ਪਹਿਲਾਂ ਹੀ ਪਤਾ ਕਰ ਲਿਆ ਸੀ ਕਿ ਕਾਲੋਨੀ ਦੇ ਪਿੱਛੇ ਕੋਈ ਔਰਤ ਇਕ ਟ੍ਰੇਨਿੰਗ ਸਕੂਲ ਚਲਾਉਂਦੀ ਸੀ। ਨਵਾਂ ਬੈਚ ਭਰਤੀ ਹੋ ਰਿਹਾ ਸੀ। ਕੇਸ਼ਰ ਨੇ ਵੀ ਦਾਖਲਾ ਲੈ ਲਿਆ।

ਇਸੇ ਵਿਚ ਪਤਨੀ ਦੇ ਹੱਥ ਪੈਰ ਦਬਾ ਕੇ, ਮਹਿੰਦੀ-ਮਹਾਵਰ (ਪੈਰਾਂ ਨੂੰ ਲਾਇਆ ਜਾਣ ਵਾਲਾ ਲਾਖ ਦਾ ਲਾਲ ਰੰਗ) ਲਾ ਕੇ ਉਸ ਤੋਂ ਕਦੇ ਬਾਲਟੀ, ਕਦੇ ਸੈਂਡਲ, ਕਦੇ ਸਾੜ੍ਹੀ ਤੇ ਕਦੇ ਸ਼ਾਲ ਪ੍ਰਾਪਤ ਕਰਦੀ ਰਹੀ । ਪਤਨੀ ਕਹਿੰਦੀ ਹੈ ਕਿ ਕੋਈ ਚੀਜ਼ ਮੰਗਣ ਤੋਂ ਪਹਿਲਾਂ ਕੇਸ਼ਰ ਆਪਣੀਆਂ ਗੱਲਾਂ, ਆਪਣੇ ਵਿਵਹਾਰ ਨਾਲ ਪੂਰੀ ਤਰ੍ਹਾਂ ਮੋਹ ਲੈਂਦੀ ਹੈ। ਮਾਹੌਲ ਬਣਾ ਲੈਂਦੀ ਹੈ। ਜਾਦੂ ਕਰ ਦਿੰਦੀ ਹੈ। ਦਸ ਪੈਸੇ ਦੀ ਚੀਜ਼ ਮੰਗਣ ਤੋਂ ਪਹਿਲਾਂ ਮਹੌਲ ਅਜਿਹਾ ਬਣਾਏਗੀ ਕਿ ਆਦਮੀ ਦਸ ਰੁਪੈ ਦੀ ਚੀਜ਼ ਵੀ ਖੁਸ਼ੀ-ਖੁਸ਼ੀ ਦੇਣ ਨੂੰ ਤਿਆਰ ਹੋ ਜਾਵੇ। ਲੜਕੇ ਦੇ ਜਨਮ ਦਿਨ ’ਤੇ, ਰੱਖੜੀ ਦੇ ਤਿਉਹਾਰ ’ਤੇ, ਦਸਤੂਰ ਦੇ ਤੌਰ ’ਤੇ ਉਹ ਮੈਥੋਂ ਵੀ ਘੜੀ, ਸਿਲਾਈ-ਮਸ਼ੀਨ ਤੇ ਇਕ ਲੋਹੇ ਦੀ ਪੇਟੀ ਜਿੰਦੇ ਸਮੇਤ ਦੇਣ ਲਈ ਵਚਨਬਧ ਕਰ ਚੁੱਕੀ ਹੈ....।

ਕੇਸ਼ਰ ਦੀ ਟ੍ਰੇਨਿੰਗ ਹੁਣ ਲਗਭਗ ਪੂਰੀ ਹੋ ਚੁੱਕੀ ਹੈ। ਇਕ ਡੇਢ ਮਹੀਨੇ ਵਿਚ ਉਸਦਾ ਮੁਕਲਾਵਾ ਹੋਣ ਵਾਲਾ ਹੈ। ਤਰੀਕ ਪੱਕੀ ਹੁੰਦਿਆਂ ਹੀ ਉਸਨੂੰ ਵਾਪਸ ਪਿੰਡ ਭੇਜ ਦੇਣਾ ਹੈ। ਇਸੇ ਵਿਚ ਕਾਰ ਗੁੱਡੀ ਦੇ ਵਿਆਹ ਦੇ ਮੌਕੇ ਲਈ ਉਸਨੇ ਆਪਣੇ ਲਈ ਇਕ ਹੋਰ ਸਾੜ੍ਹੀ-ਬਲਾਊਜ਼ ਦਾ ਜੁਗਾੜ ਬਣਾ ਲਿਆ ਹੈ।

ਗੁੱਡੀ ਗੁਆਂਢ ਵਿਚ ਰਹਿਣ ਵਾਲੇ ਐਸ. ਡੀ. ਐਮ. ਦੀ ਕੁੜੀ ਹੈ। ਉਸਦਾ ਵਿਆਹ ਕਿਸੇ ਆਈ. ਏ. ਐਸ. ਮੁੰਡੇ ਨਾਲ ਹੋ ਰਿਹਾ ਹੈ। ਸ਼ਹਿਰ ਦੇ ਵਿਆਹਾਂ ਵਿਚ ਹੁਣ



ਸਿਠਣੀਆਂ ਦੇਣ ਦਾ ਰਿਵਾਜ਼ ਫੈਸ਼ਨ ਤੋਂ ਬਾਹਰ ਹੋ ਗਿਆ ਹੈ। ਪਰ ਕੇਸ਼ਰ ਨੇ ਗੁੱਡੀ ਦੀ ਮੰਮੀ ਨੂੰ ਰਾਜ਼ੀ ਕਰ ਲਿਆ ਹੈ। ਇਸ ਵਿਆਹ ਵਿਚ ਉਹ ਮਾਡਰਨ ਸਿਠਣੀਆਂ ਦੇਵੇਗੀ। ਦੇਖਦੀ ਹੈ, ਕਿਵੇਂ ਨਹੀਂ ਪਸੰਦ ਆਉਣਗੀਆਂ ਲੋਕਾਂ ਨੂੰ। ਗੁੱਡੀ ਜਾਨ ਛਿੜਕਦੀ ਹੈ ਕੇਸ਼ਰ ’ਤੇ। ਖੁਦ ਆ ਕੇ ਪਤਨੀ ਨੂੰ ਬੇਨਤੀ ਕਰ ਗਈ ਹੈ ਕਿ ਵਿਆਹ ਦੇ ਦਿਨ ਕੇਸ਼ਰ ਨੂੰ ਉਸ ਦੇ ਕੋਲ ਰਹਿਣ ਦਿੱਤਾ ਜਾਵੇ।

“ਹੁਣ ਬੈਠੇ ਬੈਠੇ ਕੀ ਸੋਚ ਰਹੇ ਹੋ ?” ਪਤਨੀ ਨੇ ਆ ਕੇ ਕਿਹਾ, “ਜਾਓ ਲਿਆ ਦਿਓ ਨਾ ਉਸ ਦੇ ਸਾੜ੍ਹੀ-ਕੱਪੜੇ।”

“ਹਾਂ...ਹਾਂ ...ਜਾਨਾਂ, ” ਮੈਂ ਚਾਹ ਦਾ ਖਾਲੀ ਕੱਪ ਉਸ ਨੂੰ ਫੜਾਇਆ, “ਕੇਸ਼ਰ ਧੀਏ ! ਚਲ, ਤੂੰ ਵੀ ਤਿਆਰ ਹੋ ਜਾ। ਆਪਣੀ ਪਸੰਦ ਦੇ ਲੈ ਲਵੀਂ।”

ਆਹਾ ! ਤਿਆਰ ਹੋ ਕੇ ਨਿਕਲੀ ਕੇਸ਼ਰ ਤਾਂ ਮੇਰੀਆਂ ਅੱਖਾਂ ਪੱਥਰਾ ਗਈਆਂ। ਇਹ ਰੂਪ !

ਮੇਰੀਆਂ ਆਪਣੀਆਂ ਧੀਆਂ ਏਨੀਆਂ ਖੂਬਸੂਰਤ ਹੁੰਦੀਆਂ ਤਾਂ ਵਿਆਹ ਲਈ ਘੱਟ-ਤੋਂ-ਘੱਟ ਪਾਪੜ ਬੇਲਣੇ ਪੈਂਦੇ। ਇਸ ਸੋਚ ਦੇ ਨਾਲ ਹੀ ਇਕ ਕਸਕ ਮਨ ਵਿਚ ਉਠੀ ਕੇਸ਼ਰ ਦੇ ਪਾਪਾ ਨੇ ਉਸ ਦਾ ਵਿਆਹ ਅੱਠਵੀਂ ਪਾਸ ਕਰਦਿਆਂ ਹੀ ਕਰ ਦਿੱਤਾ, ਇਕ ਹਾਈ ਸਕੂਲ ਵਿਚ ਪੜ੍ਹਦੇ ਮੁੰਡੇ ਨਾਲ। ਇਹ ਵਿਆਹ ਵੀ ਉਹ ਤਿੰਨ ਸਾਲ ਪਹਿਲਾਂ ਕਰ ਰਿਹਾ ਸੀ, ਜਿਸ ਸਾਲ ਕੇਸ਼ਰ ਨੇ ਪੰਜਵੀ ਪਾਸ ਕੀਤੀ ਸੀ ਪਰ ਸਾਡੇ ਰੋਕਣ ’ਤੇ ਤੇ ਕੇਸ਼ਰ ਨੂੰ ਅੱਗੇ ਪੜ੍ਹਾਉਣ ਲਈ ਦਬਾਅ ਪਾਉਣ ਦੇ ਕਾਰਨ ਤਿੰਨ ਸਾਲ ਲਈ ਟਾਲ ਦਿੱਤਾ ਸੀ ਪਰ ਅੱਠਵੀਂ ਤੋਂ ਅੱਗੇ ਪੜ੍ਹਾਉਣ ਲਈ ਉਹ ਕਿਸੇ ਤਰ੍ਹਾਂ ਨਾ ਮੰਨਿਆ। ਇਸ ਮਾਮਲੇ ਵਿਚ ਉਸ ਦੀ ਦਲੀਲ ਸੀ ਕਿ ਤਿੰਨ ਮੀਲ ਦੂਰ ਦੇ ਸਕੂਲ ਵਿਚ ਜੁਆਨ ਲੜਕੀ ਨੂੰ ਇਕੱਲੀ ਪੜ੍ਹਨ ਭੇਜਣਾ ਸੁਰੱਖਿਅਤ ਨਹੀਂ। ਪਿੰਡਾਂ ਵਿਚ ਜਾਤੀ ਨਫਰਤ ਦਿਨੋ ਦਿਨ ਇੰਨੀ ਜ਼ੋਰ ਫੜ ਰਹੀ ਹੈ ਕਿ ਕਦੇ ਵੀ ਕੋਈ ਮਾੜੀ ਘਟਨਾ ਲਾਰਕ ਸਕਦੀ ਹੈ। ਵਿਆਹ ਬਾਰੇ ਵੀ ਉਸਦਾ ਆਪਣਾ ਮੌਲਿਕ ਤਰਕ ਸੀ। ਉਸਦੇ ਮੁਤਾਬਕ, ਬਾਲ-ਵਿਆਹ ਪ੍ਰਥਾ ਵਿਚ ਸਿਰਫ ਏਨਾ ਫਰਕ ਸੀ ਕਿ ਪਹਿਲਾਂ ਵਿਆਹ ਸੱਤ ਅੱਠ ਸਾਲ ਦੀ ਉਮਰ ਵਿਚ ਹੋ ਜਾਂਦਾ ਸੀ, ਹੁਣ ਪੰਦਰਾਂ ਸੋਲ੍ਹਾਂ ਸਾਲ ਦੀ ਉਮਰ ਵਿਚ ਹੋ ਜਾਂਦਾ ਹੈ। ਜਿਸ ਮੁੰਡੇ ਦਾ ਪਿਉ ਬਹੁਤ ਟਾਲਦਾ ਹੈ, ਉਸ ਦਾ ਵਿਆਹ ਵੀ ਹਾਈ ਸਕੂਲ ਪਾਰ ਕਰਦਿਆਂ ਹੋ ਜਾਂਦਾ ਹੈ। ਅਜਿਹੇ ਵਿਚ ਕੁੜੀ ਨੂੰ ਕੰਵਾਰੀ ਰੱਖ ਕੇ ਬਾਅਦ ਵਿਚ ਮੁੰਡੇ ਕਿਥੋਂ ਮਿਲਣਗੇ ? ਫੇਰ ਕੰਵਾਰੀ ਰੱਖਣ ਦਾ ਉਦੇਸ਼ ਵੀ ਕੀ ਹੈ ? ਕੁੜੀ ਦੀ ਕਿਸਮਤ ਵਿਚ ਹੋਵੇਗਾ ਤਾਂ ਉਹੀ ਮੁੰਡਾ ਪੜ੍ਹ-ਲਿਖ ਕੇ ਕਿਸੇ ਕਿੱਤੇ ’ਤੇ ਲੱਗ ਜਾਵੇਗਾ। ਚੰਗਾ ਘਰ ਵਰ ਦੇਖ ਕੇ ਕਰ ਰਹੇ ਹਾਂ। ਡੇਢ ਏਕੜ ਖੇਤੀ ਹੈ। ਵੱਡਾ ਭਾਈ ਕਾਨਪੁਰ ਵਿਚ ਕਮਾਉਂਦਾ ਹੈ। ਵਿਚਕਾਰਲਾ ਖੇਤੀ-ਬਾੜੀ ਦੇਖਦਾ ਹੈ। ਸੱਸ-ਸਹੁਰਾ ਜਿਉਂਦੇ ਹਨ। ਗਾਂ-ਮੱਝ ਹੈ। ਆਥਣ ਤਕ ਦੋ ਰੋਟੀਆਂ ਤਾਂ ਮਿਲਣਗੀਆਂ ਹੀ। ਹੋਰ ਕੀ ਚਾਹੀਦੈ ?

ਆਪਣੀ ਔਕਾਤ ਦੇਖਦਿਆਂ ਹੋਇਆਂ ਕੇਸ਼ਰ ਦੇ ਪਾਪਾ ਦਾ ਤਰਕ ਠੀਕ ਹੀ ਸੀ। ਉਸ ਦੀ ਮਾਲੀ ਹਾਲਤ ਐਸੀ ਸੀ ਕਿ ਸਾਰਾ ਸਾਲ ਖਿਚ-ਧੂਹ ਕੇ ਰੋਟੀ ਮਿਲ ਜਾਂਦੀ ਸੀ। ਮੋਟਾ ਖਾਣਾ, ਮੋਟਾ ਪਹਿਨਣਾ। ਪਰ ਏਧਰ ਮੈਂ ਸੁਣਿਆਂ ਕਿ ਮੁੰਡੇ ਨੇ ਪੜ੍ਹਾਈ ਛੱਡ ਦਿੱਤੀ। ਇੰਟਰ ਵਿਚ ਫੇਲ੍ਹ ਹੋਣ ਮਗਰੋਂ ਪਿਛਲੇ ਦਿਨੀਂ ਚੰਡੀਗੜ੍ਹ ਭੱਜ ਗਿਆ । ਕਿਸੇ ਕਾਰਖਾਨੇ ਵਿਚ ਕੰਮ ਕਰ ਰਿਹਾ ਹੈ। ਸੁਣ ਕੇ ਮੈਂ ਥੋੜ੍ਹਾ ਫਿਕਰਮੰਦ ਹੋ ਗਿਆ। ਪਹਿਲਾਂ ਕੇਸ਼ਰ ਨੇ ਸ਼ਹਿਰ ਨਹੀਂ ਦੇਖਿਆ ਸੀ। ਇਥੋਂ ਦੇ ਖਾਣ-ਪਕਾਣ, ਰਹਿਣ-ਸਹਿਣ ਤੋਂ ਜਾਣੂ ਨਹੀਂ ਸੀ ਤਾਂ ਦੂਜੀ ਗੱਲ ਸੀ ਪਰ ਇਕ ਵਾਰ ਸੁੱਖ ਸਹੂਲਤਾਂ ਦੀਆਂ ਸਾਰੀਆਂ ਚੀਜ਼ਾਂ ਦੇਖ-ਭੋਗ ਲੈਣ ਤੋਂ ਬਾਅਦ ਉਸਨੂੰ ਪਿੰਡ ਵਿਚ ਬੇਰੁਜ਼ਗਾਰ ਪਤੀ ਦੇ ਨਾਲ ਦਿਨ ਕੱਟਣੇ ਪੈਣਗੇ, ਏਨੀ ਸੁੰਦਰ ਸੁਘੜ ਧੀ ਨੂੰ ਤਾਂ

ਉਸਦੇ ਮਨ ’ਤੇ ਕੀ ਬੀਤੇਗੀ ? ਮੈਂ ਪਤਨੀ ਨਾਲ ਗੱਲ ਕੀਤੀ। ਦੱਸਿਆ ਕਿ ਭਾਲਣ ’ਤੇ ਸ਼ਹਿਰ ਵਿਚ ਛੋਟੀ-ਮੋਟੀ ਨੌਕਰੀ ਕਰਨ ਵਾਲੇ ਮੁੰਡੇ ਮਿਲ ਸਕਦੇ ਹਨ। ਉਨ੍ਹਾਂ ’ਚੋਂ ਕਿਸੇ ਨਾਲ ਕੇਸ਼ਰ ਦਾ ਮੁੜ ਵਿਆਹ......। ਕੋਈ ਵੀ ਲੜਕਾ ਕੇਸ਼ਰ ਨੂੰ ਪਾ ਕੇ ਨਿਹਾਲ ਹੋ ਜਾਵੇਗਾ।

"ਕੀ ਸੋਚਦੇ ਰਹਿੰਦੇ ਹੋ ਤੁਸੀਂ ?" ਪਤਨੀ ਨੇ ਇਕ ਵਾਰ ਘੁਰਕੀ ਦਿੱਤੀ, "ਓਸ ਮੁੰਡੇ ਵਿਚ ਕੀ ਖੋਟ ਏ ? ਇਹੀ ਨਾ ਕਿ ਘੱਟ ਕਮਾਉਂਦਾ ਏ। ਸਿਰਫ ਇੰਨੀ ਗੱਲ ’ਤੇ ਕੋਈ ਲੜਕੀ ਆਪਣੇ ਵਿਆਹੇ ਆਦਮੀ ਨੂੰ ਛੱਡ ਦੇਵੇਗੀ ? ਅਜੇ ਤਾਂ ਉਹ ਦੋਵੇਂ ਇਕ ਦੂਜੇ ਨੂੰ ਮਿਲ ਵੀ ਨਹੀਂ ਸਕੇ। ਕੇਸ਼ਰ ਸੁਣੂੰਗੀ ਤਾਂ ਕੀ ਸੋਚੂੰਗੀ ? ਸਾਡਾ ਵਿਆਹ ਹੋਇਆ ਸੀ ਉਦੋਂ ਤੁਸੀਂ ਸਕੂਲ ਜਾਣਾ ਵੀ ਨਹੀਂ ਸ਼ੁਰੂ ਕੀਤਾ ਸੀ। ਮੇਰੇ ਮੁਕਲਾਵੇ ਮਗਰੋਂ ਵੀ ਬਹੁਤ ਦਿਨਾਂ ਤਕ ਬੇਕਾਰ ਮਾਰੇ-ਮਾਰੇ ਫਿਰੇ ਸੀ। ਉਸ ਵੇਲੇ ਦੇ ਆਪਣੇ ਘਰ ਦੀ ਮਾਲੀ ਹਾਲਤ ਤਾਂ ਕੇਸ਼ਰ ਦੇ ਸਹੁਰਿਆਂ ਤੋਂ ਵੀ ਗਈ-ਗੁਜਰੀ ਸੀ। ਉਦੋਂ ਕੋਈ ਮੈਨੂੰ ਦੂਜੇ ਵਿਆਹ ਲਈ ਕਹਿੰਦਾ ਤਾਂ ਮੈਨੂੰ ਚੰਗਾ ਲੱਗਦਾ ?"

"ਚੰਗਾ ਤਾਂ ਜ਼ਰੂਰ ਲੱਗਦਾ", ਮੈਂ ਮੁਸਕਰਾ ਕੇ ਕਿਹਾ।

"ਹੱਟੋ । ਫਾਲਤੂ ਕਮੀਆਂ ਕੱਢਦੇ ਰਹਿੰਦੇ ਹੋ।" ਪਤਨੀ ਨੇ ਤੜਫ ਕੇ ਕਿਹਾ, "ਅਜੇ ਉਸਦੀ ਛੋਟੀ ਭੈਣ ਦਾ ਵਿਆਹ ਹੋਣਾ। ਤੁਸੀਂ ਉਸ ਨੂੰ ਏਥੇ ਮੁੜ ਤੋਂ ਵਿਆਹ ਦੇਵੋਗੇ ਤਾਂ ਉਥੇ ਬਿਰਾਦਰੀ ਅਗੇ ਉਸਦੇ ਪਾਪਾ ਕੀ ਮੂੰਹ ਦਿਖਾਉਣਗੇ ? ਉਸ ਘਰ ਨੂੰ ਛੱਡਣ ਦਾ ਕਿਹੜਾ ਕਾਰਨ ਦੱਸਣਗੇ ? ਬੇਰੁਜ਼ਗਾਰੀ ਜਾਂ ਘੱਟ ਕਮਾਈ ਤਾਂ ਉਥੇ ਕੋਈ ਕਾਰਨ ਮੰਨਿਆ ਨਹੀਂ ਜਾਵੇਗਾ। ਬਿਰਾਦਰੀ ਵਿਚ ਸਾਰੇ ਨੌਕਰੀ ਹੀ ਤਾਂ ਕਰ ਨਹੀਂ ਰਹੇ ਹਨ। ਤੁਹਾਡੇ ਵਰਗੇ ਦੋ ਚਾਰ ਲੋਕ ਭਾਵੇਂ ਪੜ੍ਹ ਲਿਖ ਕੇ ਢੰਗ ਨਾਲ ਲੱਗ ਗਏ ਹਨ, ਬਾਕੀ ਤਾਂ ਜਿਵੇਂ ਵੀ ਹੋਵੇ, ਉਥੇ ਹੀ ਗੁਜਰ-ਬਸਰ ਕਰ ਰਹੇ ਨੇ....। ਫੇਰ ਨੌਕਰੀ-ਚਾਕਰੀ ਵਾਲਾ ਮੁੰਡਾ ਮਿਲ ਵੀ ਜਾਵੇ ਤਾਂ ਉਸ ਦੇ ਪਾਪਾ ਫੇਰ ਤੋਂ ਵਿਆਹ ’ਤੇ ਹੋਣ ਵਾਲਾ ਦਸ ਪੰਜ ਹਜ਼ਾਰ ਖਰਚ ਕਿਥੋਂ ਤੇ ਕਿਉਂ ਕਰਨਗੇ ? ਇੰਨਾ ਪੈਸਾ ਇਕੱਠਾ ਕਰਨਗੇ ਤਾਂ ਉਹ ਜੁਆਨ ਹੋ ਰਹੀ ਦੂਸਰੀ ਲੜਕੀ ਦੇ ਹੱਥ ਪੀਲੇ ਕਰਨ ਦੀ ਸੋਚਣਗੇ। ਤੁਸੀਂ ਵੀ ਕਈ ਧੀਆਂ ਦਾ ਕਰਨਾ ਹੈ। ਜਿਸ ਦਿਨ ਸ਼ੁਰੂ ਕਰੋਗੇ, ਆਪੇ ਸਮਝ ਵਿਚ ਆ ਜਾਵੇਗਾ ।"

ਸ਼ਾਇਦ ਉਸ ਨੂੰ ਡਰ ਸੀ ਕਿ ਕੇਸ਼ਰ ਦੇ ਸੰਭਾਵਤ ਦੁਆਰਾ ਵਿਆਹ ਵਿਚ ਹੋਣ ਵਾਲੇ ਖਰਚ ਨੂੰ ਮੈਂ ਭਾਵੁਕਤਾ ਵਿਚ ਆ ਕੇ ਆਪਣੇ ਜ਼ੁੰਮੇ ਲੈਣ ਦਾ ਫੈਸਲਾ ਨਾ ਕਰ ਲਵਾਂ, ਇਸ ਲਈ ਆਪਣੀਆਂ ਧੀਆਂ ਦੇ ਵਿਆਹ ਦੀ ਸਮੱਸਿਆ ਯਾਦ ਦਿਵਾ ਕੇ ਉਹ ਸਾਹਮਣੇ ਤੋਂ ਹੱਟ ਕੇ ਰਸੋਈ ਵਿਚ ਰੁਝ ਗਈ ਤੇ ਮੁੱਦੇ ਤੋਂ ਮੇਰਾ ਧਿਆਨ ਹਟਾਉਣ ਲਈ ਬੇਟੀ ਨੂੰ ਮੇਰੇ ਕੋਲ ਸਵਾਲ ਪੁੱਛਣ ਭੇਜ ਦਿੱਤਾ ਸੀ।

ਮੁਕਲਾਵੇ ਲਈ ਪਿੰਡ ਭੇਜਦਿਆਂ ਪਤਨੀ ਨੇ ਕੇਸ਼ਰ ਨੂੰ ਲੋੜ ਅਨੁਸਾਰ ਜਿੰਨਾ ਦੇ ਸਕਦੀ ਸੀ, ਸਾਮਾਨ ਦਿੱਤਾ। ਕੁਝ ਸਾਮਾਨ ਕੇਸ਼ਰ ਸਮੇਂ-ਸਮੇਂ– ਪਹਿਲਾਂ ਹੀ ਲੈ ਚੁੱਕੀ ਸੀ। ਸਿਲਾਈ ਮਸ਼ੀਨ, ਘੜੀ ਤੇ ਸਹੁਰੀ ਲੈ ਜਾਣਦੇ ਲਈ ਲੋਹੇ ਦੀ ਪੇਟੀ ਮੈਂ ਖੁਦ ਖਰੀਦ ਕੇ ਦਿੱਤੀ। ਛੋਟੀਆਂ-ਛੋਟੀਆਂ ਵਰਤੋਂ ਦੀਆਂ ਕਈ ਚੀਜ਼ਾਂ ਕਾਲੋਨੀ ਦੀਆਂ ਉਸਦੀਆਂ ਸਹੇਲੀਆਂ ਨੇ ਦਿੱਤੀਆਂ। ਵਿਦਾਇਗੀ ਦੇ ਸਮੇਂ ਘੰਟਾ ਕੁ ਤਾਂ ਉਸ ਨੂੰ ਆਪਣੀਆਂ ਸਹੇਲੀਆਂ ਦੇ ਗਲ੍ਹ ਮਿਲਣ ਤੇ ਰੋਣ ਵਿਚ ਲੱਗ ਗਿਆ। ਜੀਪ ਚਲੀ ਤਾਂ ਸਾਰਿਆਂ ਦੇ ਗਲ੍ਹ ਭਰੇ ਹੋਏ ਸਨ। ਉਸਦੀਆਂ ਸਹੇਲੀਆਂ, ਮੇਰੀਆਂ ਧੀਆਂ, ਪਤਨੀ ਸਾਰੀਆਂ ਸਿਸਕ ਰਹੀਆਂ ਸਨ। ਵਿਦਾਅ ਕਰਕੇ ਅੰਦਰ ਆਇਆ ਤਾਂ ਘਰ ਵੱਢਣ ਨੂੰ ਪੈਂਦਾ ਸੀ। ਅੱਜ ਮੇਰਾ ਵਿਹੜਾ ਸੁੰਨਾ ਕਰਕੇ ਉੜ ਗਈ ਮੇਰੀ ਮੈਨਾ। ਉਸਦੇ ਮਾਖੌਲ ਤੇ ਖਿੜਖਿੜਾਹਟ ਦੀਆਂ ਆਵਾਜ਼ਾਂ ਬਹੁਤ ਦਿਨਾਂ ਤਕ ਮੇਰੇ ਮਨ ਵਿਚ ਗੂੰਜਦੀਆਂ ਰਹੀਆਂ ਸਨ। ਪਰ ਕੁਝ ਅਜਿਹਾ ਸੰਯੋਗ ਰਿਹਾ ਕਿ ਉਸਦੇ ਮੁਕਲਾਵੇ



ਵਿਚ ਨਹੀਂ ਜਾ ਸਕਿਆ। ਪਤਨੀ ਤੇ ਬੱਚੇ ਹੀ ਗਏ। ਪਤਨੀ ਨੇ ਮੁੜ ਕੇ ਦੱਸਿਆ ਕਿ ਵਿਦਾਇਗੀ ਵੇਲੇ ਤੁਹਾਡੇ "ਆਖਰ" ਦੇ ਨਾਲ ਬਹੁਤ ਦੇਰ ਤਕ, ਬਹੁਤ ਦੂਰ ਰੋਂਦੀ ਚਲੀ ਗਈ ਸੀ ਤੁਹਾਡੀ ਲਾਡਲੀ ਧੀ।

ਜਾਣ ਵੇਲੇ ਮੇਰੇ ਘਰੋਂ ਹੀ ਬਹੁਤ ਸਾਰੇ ਲਿਫਾਫੇ, ਅੰਤਰਦੇਸ਼ੀ ਖਰੀਦ ਕੇ ਲੈ ਗਈ ਸੀ। ਅਕਸਰ ਪਤਨੀ ਦੇ ਨਾਂ, ਕੁੜੀਆਂ ਦੇ ਨਾਂ ਤੇ ਗੁਆਂਢ ਦੀਆਂ ਸਹੇਲੀਆਂ ਦੇ ਨਾਂ ਉਸਦੇ ਪੱਤਰ ਆਉਂਦੇ ਰਹਿੰਦੇ ਸੀ, ਜਿਸ ਤੋਂ ਪਤਾ ਲੱਗਦਾ ਸੀ ਕਿ ਉਹ ਆਪਣੇ ਸਹੁਰੇ ਹੀ ਹੈ। ਆਪਣੇ ਬਾਰੇ ਉਹ ਬਹੁਤ ਹੀ ਘੱਟ ਲਿਖਦੀ। ਉਸਦੀ ਰੁਚੀ ਦੂਜਿਆਂ ਦੀ ਸੁਖ-ਸਾਂਦ ਜਾਨਣ ਵਿਚ ਵਧੇਰੇ ਸੀ।

ਕੇਸ਼ਰ ਨਾਲ ਮੁਲਾਕਾਤ ਦਾ ਮੌਕਾ ਮਿਲਿਆ ਸੀ ਡੇਢ ਸਾਲ ਮਗਰੋਂ। ਮੇਰਾ ਇਕ ਕੁਲੀਗ ਦੋਸਤ ਆਪਣੀ ਲੜਕੀ ਦੇ ਵਿਆਹ ਲਈ ਇਕ ਲੜਕਾ ਦੇਖਣ ਮੇਰੇ ਸਾਂਢੂ-ਭਾਈ ਦੇ ਪਿੰਡ ਜਾ ਰਿਹਾ ਸੀ। ਮੇਰੀ ਪਤਨੀ ਨੇ ਹੀ ਉਸਨੂੰ ਇਸ ਲੜਕੇ ਬਾਰੇ ਦੱਸ ਪਾਈ ਸੀ। ਦੋਸਤ ਨੇ ਇਸ ਕਰਕੇ ਮੈਨੂੰ ਵੀ ਨਾਲ ਲੈ ਲਿਆ ਸੀ ਕਿ ਜਾਣਕਾਰੀ ਦਾ ਬਰੀਕ ਸੂਤਰ ਵੀ ਗੱਲਬਾਤ ਨੂੰ ਫੈਸਲਾਕੁਨ ਬਣਾਉਣ ਵਿਚ ਸਹਾਇਕ ਹੋਵੇਗਾ।

ਅਸੀਂ ਪਹੁੰਚੇ ਤਾਂ ਦਰਵਾਜ਼ੇ ’ਤੇ ਪਹਿਲਾਂ ਕੇਸ਼ਰ ਹੀ ਮਿਲੀ। ਦੇਖਿਆਂ ਮੁਦਤ ਹੋ ਗਈ ਸੀ। ਸਾਡਾ ਬੈਗ ਫੜ ਲਿਆ। ਬੈਠਣ ਲਈ ਮੰਜਾ ਲੈ ਆਈ। ਫੇਰ ਲਗ ਪਈ ਕਾਲੋਨੀ ਦੇ ਇਕੱਲੇ-ਇਕੱਲੇ ਜੀਅ, ਇਥੋਂ ਤਕ ਗਾਈਆਂ ਮੱਝਾਂ, ਕੁੱਤੇ, ਬਿੱਲੀਆਂ ਤਕ ਦਾ ਹਾਲ ਪੁੱਛਣ। ਮੈਂ ਆਦਮੀਆਂ ਨਾਲ ਸੰਬੰਧਤ ਬਹੁਤ ਸਾਰੀਆਂ ਜਾਣਕਾਰੀਆਂ ਤੋਂ ਅਣਭਿੱਜ ਸੀ, ਕੁੱਤੇ, ਬਿੱਲੀਆਂ ਦੀ ਤਾਂ ਗੱਲ ਹੀ ਕੀ ਸੀ। ਬਹੁਤ ਸਾਰੀ ਜਾਣਕਾਰੀ ਦੇਣ ਤੋਂ ਅਸਮਰਥ ਰਿਹਾ।

ਫੇਰ ਉਸਦੀ ਮਾਂ ਆ ਗਈ। ਲਗੀ ਡਾਟਣ ਕਿ ਪਾਣੀ-ਧਾਣੀ ਦੇਣ ਦੀ ਯਾਦ ਨਹੀਂ। ਦੁਨੀਆਂ ਜਹਾਨ ਦਾ ਕਿੱਸਾ ਲੈ ਕੇ ਬਹਿ ਗਈ।

ਕੇਸ਼ਰ ਪਾਣੀ ਲੈਣ ਚਲੀ ਗਈ। ਮੈਂ ਲੱਭਣ ਲੱਗ ਪਿਆ ਕਿ ਪਹਿਲਾਂ ਵਾਲੀ ਕੇਸ਼ਰ ਕਿਥੇ ਹੈ ? ਆਵਾਜ਼ ਦੀ ਖਣਕ ਤਾਂ ਬਰਕਰਾਰ ਹੈ, ਪਰ ਉਹ ਚੰਚਲਤਾ, ਛੋਹਲਾਪਣ, ਸਰੀਰਕ ਚੁਸਤੀ ਕਮਜ਼ੋਰ ਪੈ ਗਈ ਹੈ। ਚਿਹਰਾ ਉਦਾਸ ! ਅਲੜਪਣ ਦੀ ਬੇਵਕਤੀ ਮੌਤ ਹੋ ਰਹੀ ਹੈ। ਝੌਂਪੜੀ ਦੇ ਇਕ ਖੂੰਜੇ ਵਿਚ ਪਤਨੀ ਦੀ ਦਿੱਤੀ ਗਈ ਪਲਾਸਟਿਕ ਦੀ ਬਾਲਟੀ ਪਈ ਸੀ। ਉਸਦਾ ਟੰਗਣਾ ਕਈ ਥਾਂ ਧਾਗੇ ਨਾਲ ਸਿਉਂਤਾ ਗਿਆ ਸੀ। ਇਕ ਪਾਸੇ ਸ਼ੈਪੂ ਦੀ ਇਕ ਖਾਲੀ ਸ਼ੀਸ਼ੀ ਪਈ ਸੀ। ਕੇਸ਼ਰ ਨੰਗੇ ਪੈਰੀਂ ਏਧਰ-ਓਧਰ ਫਿਰ ਰਹੀ ਸੀ।

ਆਥਣੇ ਮੇਰਾ ਮਿੱਤਰ ਕੇਸ਼ਰ ਦੇ ਪਾਪਾ ਨੂੰ ਲੈ ਕੇ ਲੜਕੇ ਦੇ ਬਾਪ ਨਾਲ ਗੱਲ ਕਰਨ ਚਲਿਆ ਗਿਆ। ਕੇਸ਼ਰ ਖਾਣਾ ਬਣਾਉਣ ਲਗ ਪਈ। ਮੈਂ ਮੰਜੇ ’ਤੇ ਪਿਆ-ਪਿਆ ਕੇਸ਼ਰ ਦੀ ਮਾਂ ਤੋਂ ਹਾਲ-ਚਾਲ ਪੁੱਛਣ ਲੱਗਿਆ।

ਪਤਾ ਲੱਗਾ ਕਿ ਹੁਣੇ ਦਸ ਦਿਨ ਪਹਿਲਾਂ ਕੇਸ਼ਰ ਆਪਣੇ ਸਹੁਰਿਆਂ ਤੋਂ ਆਈ ਹੈ। ਉਸ ਦੇ ਘਰ ਦੀ ਵੰਡ ਹੋ ਗਈ ਹੈ। ਵੰਡ ਵਿਚ ਅੱਧਾ ਏਕੜ ਖੇਤ, ਬਲਦ, ਸਤਾਈ ਸੌ ਰੁਪੈ ਦਾ ਕਰਜ਼ਾ ਤੇ ਬੁੱਢੀ ਸੱਸ ਮਿਲੀ ਹੈ। ਲੱਗਦਾ ਹੈ, ਕੇਸ਼ਰ ਦੇ ਦੋਵੇਂ ਜੇਠਾਂ ਦੇ ਮਨ ਵਿਚ ਪਹਿਲਾਂ ਤੋਂ ਹੀ ਬੇਈਮਾਨੀ ਸੀ। ਵੰਡ ਤੋਂ ਪਹਿਲਾਂ ਵੱਡੇ ਜੇਠ ਨੇ ਆਪਣੀਆਂ ਦੋਵੇਂ ਕੁੜੀਆਂ ਦੇ ਵਿਆਹ ਕਰ ਦਿੱਤੇ। ਵਿਚਕਾਰਲੇ ਨੇ ਗਯਾ-ਜਗਨ ਨਾਥ ਜੀ ਦੇ ਦਰਸ਼ਨ ਕਰਕੇ ਬਰਾਦਰੀ ਨੂੰ ਮਹਾਂ-ਭੋਜ ਦਿੱਤਾ। ਫੇਰ ਇਨ੍ਹਾਂ ਤਿਨ੍ਹਾਂ ਦੇ ਖਰਚ ਤੇ ਚੜ੍ਹੇ ਕਰਜ਼ ਨੂੰ ਤਿਨ੍ਹਾਂ ਵਿਚ ਵੰਡ ਕੇ ਅੱਡ ਕਰ ਦਿੱਤਾ। ਵੱਡਾ ਜੇਠ ਤੀਹ ਸਾਲਾਂ ਤੋਂ ਕਾਨਪੁਰ ਵਿਚ 'ਪਰਮਾਨੈਂਟ' ਨੌਕਰੀ ਕਰਦਾ ਹੈ। ਓਥੇ ਹੀ ਆਪਣਾ ਮਕਾਨ ਬਣਾ ਲਿਆ ਹੈ। ਪਰ ਪਿੰਡ ਆਇਆ, ਕਰਜ਼ਾ ਲੈ ਕੇ ਵਿਆਹ ਕੀਤਾ ਤੇ ਹਿੱਸੇ ਵਿਚ ਕਰਜ਼ਾ ਵੰਡ ਗਿਆ। ਆਪਣੀ ਕਮਾਈ

ਦੀ ਇਕ ਕੌਡੀ ਦਾ ਹਿਸਾਬ ਨਹੀਂ ਦਿੱਤਾ। ਇਕ-ਇਕ ਬਲਦ ਦੋਵੇਂ ਛੋਟੇ ਭਾਈਆਂ ਨੂੰ ਦੇ ਦਿੱਤਾ ਤੇ ਆਪ ਮੱਝ ਲੈ ਕੇ ਕਾਨਪੁਰ ਤੁਰ ਗਿਆ। ਵਿਚਕਾਰਲੇ ਭਾਈ ਦੇ ਵੀ ਮਨ ਵਿਚ ਪਹਿਲਾਂ ਤੋਂ ਹੀ ਮੈਲ ਸੀ। ਕੇਸ਼ਰ ਦੇ ਆਦਮੀ ਨੂੰ ਕਿਤਾਬ-ਕਾਪੀ ਖਰੀਦਣ ਲਈ ਪੈਸਾ ਨਹੀਂ ਦਿੰਦਾ ਸੀ। ਪੜ੍ਹਾਈ ਵੇਲੇ ਜਾਣ-ਬੁਝ ਕੇ ਖੇਤੀ ਦੇ ਕੰਮ ਵਿਚ ਫਸਾਈ ਰੱਖਦਾ ਸੀ। ਖੇਤਾਂ ਦੀ ਵੰਡ ਵਿਚ ਵੀ ਬੇਈਮਾਨੀ ਕਰ ਗਏ। ਮਾਂ ਬਾਪ ਦੀ ਵੰਡ ਤਕ ਵੀ ਬੇਈਮਾਨੀ ਹੋਈ। ਬਾਪ ਅਜੇ ਤਕੜਾ ਹੈ। ਹਲ ਕਹੀ ਚਲਾ ਲੈਂਦਾ ਹੈ, ਉਸ ਨੂੰ ਵਿਚਕਾਰਲੇ ਭਾਈ ਨੇ ਆਪਣੇ ਹਿੱਸੇ ਵਿਚ ਲੈ ਲਿਆ। ਮਾਂ ਜਿਹੜੀ ਦਮੇ ਦੀ ਮਰੀਜ ਹੈ ਤੇ ਬੇਕਾਰ ਹੈ, ਛੋਟੇ ਭਾਈ ਦੇ ਹਿੱਸੇ ਪਾਈ ਹੈ। ਛੋਟੇ ਭਾਈ ਨੇ ਲੱਖ ਮਿੰਨਤ ਕੀਤੀ ਕਿ ਉਹ ਪਰਦੇਸ ਰਹਿੰਦਾ ਹੈ, ਬਾਪੂ ਨੂੰ ਉਸ ਦੇ ਹਿੱਸੇ ਵਿਚ ਆਉਣ ਦਿੱਤਾ ਜਾਵੇ। ਵਾਹੂ-ਬੀਜੂਗਾ, ਪਰ ਕਿਸੇ ਨੇ ਨਹੀਂ ਸੁਣਿਆ। ਸੱਸ ਗਾਂ ਚਾਰਣ ਦੇ ਕਾਬਲ ਵੀ ਨਹੀਂ ਹੈ। ਦਸ ਕਦਮ ਤੁਰਦੀ ਹੈ ਤਾਂ ਕਿੰਨਾ ਚਿਰ ਹਫਦੀ ਹੈ। ਬੜੀ ਮਜਬੂਰੀ ਹੋਵੇ ਤਾਂ ਕਿਸੇ ਤਰ੍ਹਾਂ ਰੋਟੀ ਪਕਾਉਂਦੀ ਹੈ।

ਕੇਸ਼ਰ ਦਾ ਆਦਮੀ ਚੰਡੀਗੜ੍ਹ ਮਕਾਨ ਲਿਖਣ ਦਾ ਕੰਮ ਕਰ ਰਿਹਾ ਸੀ। ਪੱਚੀ-ਤੀਹ ਰੁਪੈ ਰੋਜ਼ ਮਿਲ ਜਾਂਦੇ ਸੀ ਪਰ ਮਹੀਨਾ ਦੋ ਮਹੀਨੇ ਪਹਿਲਾਂ ਪੌੜੀ ਤੋਂ ਡਿਗ ਪਿਆ। ਪਿੱਠ ਭਾਰ। ਰੀੜ ਦੀ ਹੱਡੀ ਵਿਚ ਇੱਟ ਨਾਲ ਸੱਟ ਵੱਜ ਗਈ। ਮਹੀਨਾ ਕੁ ਮੰਜੇ 'ਤੇ ਪਿਆ ਰਿਹਾ। ਦਵਾਈ ਵਿਚ ਬੜਾ ਪੈਸਾ ਲੱਗਿਆ। ਡਾਕਟਰ ਨੇ ਭਾਰੀ ਕੰਮ ਕਰਨ ਤੋਂ ਰੋਕ ਦਿੱਤਾ। ਇਸੇ ਵਿਚ ਭਾਈਆਂ ਨੇ ਵੰਡ ਕਰ ਲਈ। ਕੇਸ਼ਰ ਦਾ ਆਦਮੀ ਪਹਿਲਾਂ ਬੜੇ ਵਧੀਆ ਸੁਭਾਅ ਦਾ ਸੀ ਪਰ ਹੁਣ ਬਹੁਤ ਚਿੜਚਿੜਾ ਹੋ ਗਿਆ ਹੈ। ਕਰਜ਼ੇ ਦੀ ਚਿੰਤਾ ਹੈ, ਗੱਲ-ਗੱਲ 'ਤੇ ਲੜਨ ਲੱਗਦਾ ਹੈ। ਇਕ ਟਿੱਕੀ ਸਾਬਣ ਖਰੀਦਣਾ ਵੀ ਉਸਨੂੰ ਫਾਲਤੂ ਖਰਚ ਲੱਗਦਾ ਹੈ। ਕਹਿੰਦਾ ਹੈ," ਸਾਹਿਬ-ਸੁਬਾ ਦੇ ਘਰ ਕਿਉਂ ਰਹਿਣ ਗਈ ? ਖਰਚ ਕਰਨ ਦੀ ਬਿਮਾਰੀ ਨਾਲ ਲੈ ਕੇ ਆਈ। ਕੇਸ਼ਰ ਦੇ ਮਾਸੜ, ਕੇਸ਼ਰ ਦੇ ਸਰੀਰ ਨੂੰ ਝੋਰਾ ਲੱਗ ਗਿਆ ਏ। ਦੇਖੋ ਨਾ, ਸਰੀਰ ਕਿੰਨਾ ਗਲ ਗਿਆ ਏ।"

ਮਨ ਵਿਚ ਆਇਆ, ਉਸਨੂੰ ਦੱਸਾਂ ਕਿ ਇਕ ਵਾਰ ਮੇਰੇ ਮਨ ਵਿਚ ਕੇਸ਼ਰ ਦੇ ਦੁਬਾਰਾ ਵਿਆਹ ਦਾ ਵਿਚਾਰ ਆਇਆ ਸੀ ਪਰ ਉਸਦੀ ਗੱਲ ਕਰਨ ਦੀ ਕੋਈ ਤੁਕ ਨਹੀਂ ਸੀ। ਮੈਂ ਡੂੰਘੇ ਦੁੱਖ ਵਿਚ ਡੁੱਬ ਗਿਆ।

ਸਵੇਰੇ ਅੱਖ ਖੁੱਲ੍ਹੀ ਤਾਂ ਹਨੇਰਾ ਹਲਕਾ ਹੋ ਰਿਹਾ ਸੀ। ਕੇਸ਼ਰ ਬੂਹੇ 'ਤੇ ਝਾੜੂ ਦੇ ਰਹੀ ਸੀ। ਬਾਹਰ ਜੰਗਲ-ਪਾਣੀ ਤੋਂ ਵਿਹਲਾ ਹੋ ਕੇ ਮੁੜਿਆ ਤਾਂ ਉਹ ਚੁਲੇ ਦੇ ਲਈ ਲਕੜਾਂ ਲਈ ਜਾ ਰਹੀ ਸੀ। ਮੇਰੇ ਦਾਤੁਣ ਕਰਦਿਆਂ ਕਰਦਿਆਂ ਉਸਨੇ ਛੋਟੀ ਭੈਣ ਨੂੰ ਡੋਲੂ ਦੇ ਕੇ ਛੇਤੀ ਦੁੱਧ ਲੈਣ ਲਈ ਭੇਜ ਦਿੱਤਾ, ਖੁਦ ਚੁੱਲ੍ਹਾ ਬਾਲਣ ਲੱਗ ਪਈ। ਉਸਦੀ ਤੇਜ਼ੀ ਤੋਂ ਪਤਾ ਗਿਆ ਸੀ ਕਿ ਉਸਨੂੰ ਮੇਰੇ ਛੇਤੀ ਵਾਪਸ ਜਾਣ ਦੀ ਜਾਣਕਾਰੀ ਹੈ ਤੇ ਉਹ ਚਾਹ-ਨਾਸ਼ਤਾ ਕਰਵਾ ਕੇ ਹੀ ਮੈਨੂੰ ਜਾਣ ਦੇਵੇਗੀ। ਕਲ੍ਹ ਤੋਂ ਕੇਸ਼ਰ ਨਾਲ ਨਿਸ਼ਚਿੰਤ ਹੋ ਕੇ ਗੱਲ ਕਰਨ ਦਾ ਮੌਕਾ ਹੀ ਨਹੀਂ ਮਿਲਿਆ। ਹੁਣ ਉਹ ਅੰਦਰ ਵਿਹੜੇ ਵਿਚ ਕੁਝ ਕਰ ਰਹੀ ਸੀ। ਭਾਂਡੇ ਖੜਕ ਰਹੇ ਸੀ। ਮੈਂ ਅੰਦਰ ਚਲਿਆ ਗਿਆ। ਉਹ ਚਾਹ ਦੇਣ ਲਈ ਗਲਾਸ ਧੋ ਰਹੀ ਸੀ। ਮੈਂ ਕਿਹਾ, "ਕਿਉਂ, ਤੜਕੇ ਤੜਕੇ ਇੰਨੇ ਕੰਮ ਵਿਚ ਰੁਝ ਗਈ ਏ ਮੇਰੀ ਧੀ ? ਮੈਂ ਜਾਊਂਗਾ ਹੁਣ।"

"ਏਨੀ ਜਲਦੀ ਕੀ ਏ ਪਾਪਾ ? ਚਾਹ ਬਣ ਰਹੀ ਏ । ਪੀਓ, ਫੇਰ ਨਾਸ਼ਤਾ ਕਰਨਾ। ਅੱਜ ਠਹਿਰੋ, ਕਲ੍ਹ ਚਲੇ ਜਾਣਾ।"

"ਨਹੀਂ ਧੀਏ। ਜਾਣਾ ਤਾਂ ਜ਼ਰੂਰੀ ਏ। ਹੁਣ ਨਿਕਲ ਗਿਆ ਤਾਂ ਪਹਿਲੀ ਬਸ ਮਿਲ ਜਾਊਂਗੀ ।"

ਕੇਸ਼ਰ ਚੁੰਨੀ ਨਾਲ ਹੱਥ ਪੂੰਝਦੀ ਹੋਈ ਖੜੀ ਹੋ ਗਈ। ਹੱਸਦੀ ਹੋਈ ਬੋਲੀ, "ਬਿਨਾਂ ਚਾਹ ਪੀਤਿਆਂ ਤਾਂ ਤੁਸੀਂ ਦੁਬਾਰਾ ਬਾਥ ਰੂਮ ਵੀ ਨਹੀਂ ਜਾ ਸਕੋਗੇ, ਪਾਪਾ। ਤੁਹਾਡਾ ਸਾਰਾ ਦਿਨ ਬਰਬਾਦ ਹੋ ਜਾਊਗਾ।"

"ਚੰਗਾ ਸਿਰਫ ਚਾਹ ਪਿਆ ਦੇ ਜਲਦੀ।"



ਫੇਰ ਮੈਂ ਜੇਬ 'ਚੋ ਸੌ ਦਾ ਨੋਟਂ ਕੱਢ ਕੇ ਉਸ ਵੱਲ ਕੀਤਾ, "ਇਹ ਰੱਖ ਲੈ। ਮਿਠਾਈ ਖਾਣ ਲਈ।"

ਪਰ ਸੁਭਾਅ ਦੇ ਉਲਟ ਉਸਦੇ ਹੱਥ ਨਹੀਂ ਉਠੇ। ਅੱਖਾਂ ਨੀਵੀਆਂ ਹੋ ਗਈਆਂ। ਪਤਾ ਨਹੀਂ ਕਿਵੇਂ ਮੈਂ ਸੋਚ ਰਿਹਾ ਸੀ ਕਿ ਪਹਿਲਾਂ ਵਾਂਗੂੰ ਕਹੇਗੀ, "ਸੌ ਰੁਪਏ ਨਾਲ ਅੱਜ-ਕਲ੍ਹ ਕੀ ਹੋਵੇਗਾ ਪਾਪਾ ਸਾਬਣ, ਸ਼ੈਪੂ, ਤੇਲ-ਕੰਘੀ, ਸੈਂਡਲ ਤੇ ਪਤਾ ਨਹੀਂ ਕੀ-ਕੀ, ਪੂਰੀਆਂ ਇਕ ਸੌ ਇਕ ਚੀਜ਼ਾਂ ਲੈਣੀਆਂ।"

"ਕੀ ਗੱਲ ਏ ਧੀਏ ? ਹੋਰ ਕੋਈ ਚੀਜ਼ ਚਾਹੀਦੀ ਏ ਤਾਂ ਬੋਲ।"

ਉਸਦੀਆਂ ਅੱਖਾਂ ਵਿਚੋਂ ਛਲਕ ਕੇ ਹੰਝੂ ਵਹਿ ਤੁਰੇ ਤੇ ਟਪਕ-ਟਪਕ ਕੇ ਧਰਤੀ 'ਤੇ ਡਿੱਗਣ ਲੱਗੇ। ਸਿਰ ਝੁਕ ਗਿਆ। ਸੱਜੇ ਪੈਰ ਦਾ ਅੰਗੂਠਾ ਵਿਹੜੇ ਦੇ ਕੱਚੇ ਫਰਸ਼ ਨੂੰ ਕੁਰੇਦਣ ਲੱਗ ਪਿਆ।

"ਓ..ਓ...। ਰੋਂਦੀ ਕਿਉਂ ਏ ਪਾਗਲੇ ? ਬੋਲ ਨਾ, ਕੀ ਤਕਲੀਫ ਏ। ਨਿਰਸੰਕੋਚ ਬੋਲ। ਤੇਰਾ ਪਾਪਾ ਏਨਾਂ ਕੰਜੂਸ ਨਹੀਂ।"

ਮੈਂ ਉਸ ਦੀ ਠੋਡੀ ਫੜ ਕੇ ਚਿਹਰਾ ਉਤਾਂਹ ਚੁੱਕਿਆ, "ਬੋਲ ਨਾ ਮੇਰੀ ਧੀਏ।" ਕੇਸ਼ਰ ਨੇ ਚੁੰਨੀ ਨਾਲ ਸਾਰਾ ਚਿਹਰਾ ਢੱਕ ਲਿਆ ਤੇ ਸਿਸਕਦੀ ਹੋਈ ਬੋਲੀ, "ਉਸਨੂੰ ਕੋਈ ਚਪੜਾਸੀ-ਚੁਪੜੂਸੀ ਦੀ ਨੌਕਰੀ ਦਵਾ ਦਿਓ ਪਾਪਾ।" ਤੇ ਹੁੱਬਕੀਏ ਹੁਬਕੀਏ ਰੋਣ ਲੱਗੀ। ਮੈਂ ਸੁੰਨ ਰਹਿ ਗਿਆ। ਇਕ ਦਮ ਕੁਝ ਬੋਲ ਨਾਂ ਸਕਿਆ। ਇਸ ਵਿਚਕਾਰ ਉਹ ਗਲਾਸ ਲੈ ਕੇ ਅੱਖਾਂ ਪੂੰਝਦੀ ਤੇਜ਼ੀ ਨਾਲ ਚੁੱਲੇ ਕੋਲ ਚਲੀ ਗਈ।

ਚਾਹ ਦਾ ਗਲਾਸ ਫੜਾਉਂਦਿਆਂ ਹੋਇਆਂ ਉਸ ਦੀਆਂ ਅੱਖਾਂ ਗਿੱਲੀਆਂ ਤੇ ਝੁਕੀਆਂ ਹੋਈਆਂ ਸਨ। ਮੈਂ ਕਿਹਾ, "ਤੂੰ ਉਸਦੀ ਮਾਰਕਸ਼ੀਟ ਤੇ ਸਰਟੀਫਿਕੇਟ ਭੇਜ ਦੇਵੀਂ, ਮੈਂ ਕੁਸ਼ ਨਾ ਕੁਸ਼ ਜ਼ਰੂਰ ਕਰੂੰਗਾ।"

ਤੇ ਸੌ ਰੁਪਏ ਦਾ ਨੋਟ ਧੱਕੇ ਨਾਲ ਉਸਦੀ ਮੁਠ ਵਿਚ ਦਿੱਤਾ ਸੀ। ਵਿਦਾਅ ਕਰਨ ਵੇਲੇ ਉਸਨੇ ਆਪਣੀ ਮਾਂ ਦੇ ਪਿਛੇ ਖੜੇ-ਖੜੇ ਹੱਥ ਜੋੜ ਕੇ ਨਮਸ਼ਕਾਰ ਕੀਤੀ ਸੀ। ਉਸ ਦੀਆਂ ਅੱਖਾਂ ਵਿਚ ਉਮੀਦ ਦੀ ਜੋਤ ਟਿਮਟਿਮਾ ਰਹੀ ਸੀ।

ਦੋ ਦਿਨਾਂ ਦੇ ਸਾਥ ਵਿਚ ਮੇਰਾ ਮਿੱਤਰ ਵੀ ਕੇਸ਼ਰ ਦੇ ਵਰਤਮਾਨ ਤੋਂ ਕਾਫੀ ਜਾਣੂੰ ਹੋ ਗਿਆ ਹੈ। ਇਸੇ ਲਈ ਉਸਨੇ ਐਮ. ਏ. ਕਰਕੇ ਕੰਪੀਟੀਸ਼ਨ ਦੀ ਤਿਆਰੀ ਕਰਨ ਵਾਲੇ ਤੇ ਦਹੇਜ ਵਿਚ ਪੱਚੀ ਹਜ਼ਾਰ ਰੁਪੈ ਲੈਣ ਦਾ ਸੁਪਨਾ ਲੈਣ ਵਾਲੇ ਉਸ ਲੜਕੇ ਨੂੰ ਧੀ ਦੀ ਆਪਣੀ ਸੂਚੀ ਤੋਂ ਕੱਢ ਦੇਣਾ ਹੀ ਬੇਹਤਰ ਸਮਝਿਆ। ਉਸ ਅਨੁਸਾਰ, ਛੋਟੀ ਨੌਕਰੀ ਕਰਨ ਵਾਲੇ ਮੁੰਡੇ ਨਾਲ ਧੀ ਦਾ ਵਿਆਹੁਣਾ ਡਿਪਟੀ ਕੁਲੈਕਟਰ ਦਾ ਸੁਪਨਾ ਲਈਂ ਫਿਰਦੇ ਬੇਰੁਜ਼ਗਾਰ ਮੁੰਡੇ ਦੀ ਤੁਲਨਾ ਤੋਂ ਵਧੇਰੇ ਚੰਗਾ ਸੀ।

ਇਕ ਮਹੀਨੇ ਮਗਰੋਂ ਕੇਸ਼ਰ ਦਾ ਖਤ ਮਿਲਿਆ, ਨਾਲ ਹੀ ਜੁਆਈ ਦਾ ਸਰਟੀਫਿਕੇਟ ਤੇ ਮਾਰਕਸ਼ੀਟ। ਹਾਈ ਸਕੂਲ ਵਿਚ ਤੀਸਰੀ ਸ਼੍ਰੇਣੀ ਸੀ। ਇੰਟਰ ਵਿਚ ਦੋ ਵਿਸ਼ਿਆਂ 'ਚੋਂ ਫੇਲ੍ਹ ਪਰ ਚੌਥੇ ਦਰਜੇ ਵਿਚ ਤਾਂ ਲੱਗ ਸਕਦਾ ਹੈ। ਮੇਰੇ ਵਿਚਾਰ ਵਿਚ ਵੀ ਪੰਜ-ਛੇ ਜਗ੍ਹਾ ਸਨ। ਮੈਂ ਪਤਾ ਕੀਤਾ। ਪਤਾ ਲੱਗਾ ਕਿ ਉਹ ਸਾਰੀਆਂ ਉੱਚ ਅਧਿਕਾਰੀਆਂ ਦੇ ਉਮੀਦਵਾਰਾਂ ਲਈ ਮੌਖਿਕ ਰੂਪ ਵਿਚ ਰਿਜਰਵ ਹੋ ਚੁੱਕੀਆਂ ਸੀ। ਉਮੀਦਵਾਰ ਕਿਸੇ ਅਧਿਕਾਰੀ ਦੇ ਘਰ ਚਾਰ ਸਾਲ ਤੋਂ ਭਾਂਡੇ ਮਾਜ ਰਹੇ ਸੀ, ਕਿਸੇ ਦੇ ਘਰ ਛੇ ਸਾਲ ਤੋਂ। ਮੈਂ ਢਿਲਾ ਪੈ ਗਿਆ। ਕੇਸ਼ਰ ਨੂੰ ਲਿਖ ਦਿੱਤਾ ਕਿ ਕੋਸ਼ਿਸ਼ ਕਰ ਰਿਹਾ ਹਾਂ। ਘਬਰਾਉਣਾ ਨਹੀਂ।

ਮਹੀਨੇ ਕੁ ਮਗਰੋਂ ਉਸ ਦਾ ਫੇਰ ਖਤ ਆਇਆ। ਮੇਰੇ ਜ਼ਿਲ੍ਹੇ ਵਿਚ ਸੀਜਨਲ ਗਰਦਾਵਰਾਂ ਦੀ ਭਰਤੀ ਹੋ ਰਹੀ ਸੀ। ਖਾਲੀ ਅਸਾਮੀਆਂ ਕਾਫੀ ਸਨ। ਕੁਝ ਅਧਿਕਾਰੀ ਜਾਣਕਾਰ ਵੀ ਸੀ। ਪਰ ਅਫਵਾਹ ਇਹ ਫੈਲੀ ਹੋਈ ਸੀ ਕਿ ਵਿਚ ਕੁਝ ਦਲਾਲ ਪਏ ਹੋਏ ਹਨ। ਲੈ-ਦੇ ਕੇ 'ਸੈਟ' ਕਰ ਰਹੇ ਹਨ। ਇੰਟਰਵਿਊ ਵਗੈਰਾ ਧੋਖਾ ਹੀ ਹੈ। ਪਰ ਮੈਂ ਮੁੰਡੇ ਨੂੰ ਬੁਲਾ ਕੇ ਇੰਟਰਵਿਊ ਦਵਾ ਦਿੱਤੀ। ਜਿਵੇਂ ਕਿ ਪਹਿਲਾਂ ਤੋਂ ਹੀ ਸ਼ੱਕ ਸੀ ਉਸ ਦੀ ਚੋਣ ਨਹੀਂ ਹੋ ਸਕੀ। ਤਿੰਨ-ਚਾਰ ਦਿਨ ਰਹਿ ਕੇ ਮੁੰਡਾ ਮੁੜ ਗਿਆ। ਮਨ ਬੜਾ ਦੁਖੀ ਹੋਇਆ।

ਸੀਜਨਲ ਵਾਟਰਮੈਨ ਦੀ ਇਕ ਅਸਾਮੀ ਤਾਂ ਮੇਰੇ ਆਪਣੇ ਦਫਤਰ ਵਿਚ ਵੀ ਸੀ, ਜਿਸ ਦੀ ਨਿਯੁਕਤੀ ਮੈਂ ਹੀ ਕਰਨੀ ਸੀ ਪਰ ਇੰਨੇ ਨੇੜੇ ਦੇ ਰਿਸ਼ਤੇਦਾਰ ਨੂੰ ਆਪਣੇ ਹੀ ਦਫਤਰ ਵਿਚ ਵਾਟਰਮੈਨ ਲਾਉਣਾ ਕਿਸੇ ਤਰ੍ਹਾਂ ਵੀ ਠੀਕ ਨਹੀਂ ਲਗ ਰਿਹਾ ਸੀ।

ਪੰਜ ਛੇ ਮਹੀਨੇ ਬੀਤ ਜਾਣ ਮਗਰੋਂ ਇਕ ਦਿਨ ਫੇਰ ਕੇਸ਼ਰ ਦਾ ਖਤ ਆਇਆ। ਉਸਨੇ ਪਤਨੀ ਤੋਂ ਗੁੱਡੀ ਦਾ ਪਤਾ ਮੰਗਿਆ ਸੀ। ਉਸਨੂੰ ਪਤਾ ਸੀ ਕਿ ਗੁੱਡੀ ਦਾ ਵਿਆਹ ਆਈ. ਏ.ਐਸ. ਲੜਕੇ ਨਾਲ ਹੋਇਆ ਹੈ, ਜਿਸ ਦੇ ਹੱਥ ਵਿਚ ਸੈਂਕੜੇ ਨੌਕਰੀਆਂ ਰਹਿੰਦੀਆਂ ਹਨ। ਸ਼ਾਇਦ ਗੁੱਡੀ ਤੋਂ ਆਪਣੇ ਪਤੀ ਲਈ ਕੋਈ ਨੌਕਰੀ ਦਵਾਉਣ ਦੀ ਬੇਨਤੀ ਕਰਨੀ ਸੀ। ਪਰ ਗੁੱਡੀ ਦੇ ਪਾਪਾ ਦੀ ਬਦਲੀ ਉਸੇ ਸਾਲ ਦੇਹਰਾਦੂਨ ਹੋ ਗਈ ਸੀ। ਹੁਣ ਪਤਾ ਨਹੀਂ ਕਿਥੇ ਹੈ ? ਉਹੀ ਦੱਸ ਸਕਦਾ ਸੀ ਕਿ ਉਸਦੇ ਧੀ ਜੁਆਈ ਇਸ ਵੇਲੇ ਕਿਥੇ ਕਿਥੇ ਲੱਗੇ ਹਨ ? ਕੇਸ਼ਰ ਦੇ ਇਸ ਪੱਤਰ ਦਾ ਉੱਤਰ ਉਸਨੂੰ ਨਹੀਂ ਦਿੱਤਾ ਜਾ ਸਕਿਆ ਪਰ ਮੇਰੇ ਦਿਲ ਦੀ ਤਹਿ 'ਤੇ ਇਕ ਵਾਰ ਫੇਰ ਉਸਦਾ ਚੁੰਨੀ ਨਾਲ ਮੂੰਹ ਢੱਕ ਕੇ ਡੁੱਸਕਣਾ ਲਿਸ਼ਕ ਗਿਆ। ਸਚਮੁੱਚ ਕੇਸ਼ਰ ਲਈ ਕੁਝ ਨਾ ਕੁਝ ਕਰਨਾ ਚਾਹੀਦਾ ਹੈ। ਮੈਂ ਕਈ ਦਿਨ ਬੇਚੈਨ ਰਿਹਾ। ਫੇਰ ਇਕ ਦੋ ਜਗ੍ਹਾ ਗੱਲ ਚਲਾਈ ਪਰ ਕੁਝ ਨਾ ਬਣਿਆ ਤੇ ਵਕਤ ਨਾਲ ਉਹ ਇਹ ਸੰਵੇਦਨਾ ਫੇਰ ਮੱਠੀ ਪੈਂਦੀ ਚਲੀ ਗਈ।

ਪਹਿਲੀ ਵਾਰ ਕੇਸ਼ਰ ਮੇਰੇ ਘਰ ਆਈ, ਉਦੋਂ ਸਿਰਫ ਦਸ-ਗਿਆਰਾਂ ਸਾਲ ਦੀ ਸੀ। ਇਸੇ ਸਾਲ ਉਸਨੇ ਪੰਜਵੀਂ ਪਾਸ ਕੀਤੀ ਸੀ। ਏਨੀ ਘੱਟ ਉਮਰ ਵਿਚ ਉਹ ਪੂਰੇ ਘਰ ਦਾ ਖਾਣਾ ਬਣਾ ਲੈਂਦੀ ਸੀ। ਪਤਨੀ ਦੀ ਡਲਿਵਰੀ ਹੋਣ ਵਾਲੀ ਸੀ। ਉਸਦੀ ਸਹਾਇਤਾ ਲਈ ਕਿਸੇ ਜਨਾਨੀ ਦੀ ਲੋੜ ਸੀ। ਕੇਸ਼ਰ ਨੂੰ ਗਰਮੀ ਦੀਆਂ ਛੁੱਟੀਆਂ ਸਨ। ਕਿਸੇ ਹੋਰ ਦੇ ਨਾ ਮਿਲਣ ਕਾਰਨ ਪਤਨੀ ਨੇ ਕੇਸ਼ਰ ਨੂੰ ਬੁਲਾ ਲਿਆ ਸੀ। ਉਹ ਪਹਿਲੀ ਵਾਰ ਪਿੰਡੋਂ ਬਾਹਰ ਨਿਕਲੀ ਸੀ। ਸ਼ਹਿਰ ਦੀਆਂ ਚੀਜ਼ਾਂ ਅੱਖਾਂ ਫਾੜ-ਫਾੜ ਕੇ ਦੇਖਦੀ। ਚਲਦੇ ਹੋਏ ਟੇਬਲ ਫੈਨ ਦੇ ਸਾਹਮਣੇ ਖੜੀ ਹੋ ਕੇ, ਮੂੰਹ ਖੋਲ੍ਹ ਕੇ ਹਵਾ ਨੂੰ ਢਿੱਡ ਵਿਚ ਭਰਨ ਤੇ ਜੀਭ ਨੂੰ ਠੰਢਾ ਕਰਨ ਦਾ ਯਤਨ ਕਰਦੀ ਹੋਈ ਆਨੰਦਤ ਹੁੰਦੀ ਸੀ। ਬਿਜਲੀ ਨਾਲ ਪਾਣੀ ਗਰਮ ਹੋ ਜਾਣਾ, ਬਿਨਾਂ ਧੂੰਆਂ-ਲੱਕੜ ਦੇ ਗੈਸ ਦੇ ਚੁੱਲੇ 'ਤੇ ਖਾਣਾ ਪੱਕ ਜਾਣਾ, ਸੀਟੀ ਮਾਰਣ, ਭਾਫ ਉਗਲਣ ਵਾਲਾ ਕੂਕਰ, ਬਿਨਾਂ ਮਿਹਨਤ ਦੇ ਟੂਟੀ ਘੁਮਾਉਂਦਿਆਂ ਹੀ ਬਾਲਟੀ ਭਰ ਦੇਣ ਵਾਲਾ, ਸਾਰੇ ਉਸ ਨੂੰ ਅਜੀਬੋ-ਗਰੀਬ ਲੱਗਦੇ। ਚਾਰ ਪੰਜ ਦਿਨਾਂ ਵਿਚ ਹੀ ਉਸਨੇ ਘਰ ਦੇ ਬੱਚਿਆਂ ਨੂੰ ਇਕ ਕ੍ਰਿਸ਼ਮਾ ਕਰ ਦਿਖਾਇਆ। ਤੇਜ਼ੀ ਨਾਲ ਚਲਦੇ ਟੇਬਲ ਫੈਨ ਦੇ ਬਲੇਡ ਦੇ ਜੁਆਇੰਟ 'ਤੇ ਉਹ ਉਂਗਲ ਦਬਾਉਂਦੀ ਤੇ ਚਲਦਾ ਹੋਇਆ ਪੱਖਾ ਰੁੱਕ ਜਾਂਦਾ। ਬੱਚਿਆਂ ਨੂੰ ਦੱਸਦੀ ਕਿ ਮੰਤਰ ਦੇ ਜ਼ੋਰ ਨਾਲ ਉਸਨੇ ਪੱਖੇ ਦੀ ਬਿਜਲੀ ਨੂੰ ਬੰਨ ਦਿੱਤਾ ਹੈ। ਬੱਚੇ ਹੈਰਾਨੀ ਨਾਲ ਦੇਖਦੇ। ਪਹਿਲੀ ਵਾਰ ਉਸਨੂੰ ਸੈਂਡਲ ਤੇ ਮੋਜੇ ਮਿਲੇ ਤਾਂ ਉਹਨਾਂ ਨੂੰ ਪਾ ਕੇ ਪੈਰ ਪਟਕਦੀ ਹੋਈ ਸਾਰਾ ਦਿਨ ਕਲੋਨੀ ਵਿਚ ਘੁੰਮੀ ਫਿਰੀ। ਸਕੂਲ ਖੁੱਲ੍ਹੇ ਤਾਂ ਵਰਦੀ ਪਾ ਕੇ ਸਕੂਲ ਜਾਂਦੇ ਬੱਚਿਆਂ ਨੂੰ ਦੇਖਦੀ ਰਹਿੰਦੀ। ਪਿੰਡ ਦੀਆਂ ਥੁੜ੍ਹਾਂ, ਕੰਟ੍ਰੋਲ ਤੇ ਆਰਥਿਕ ਸੰਜਮ ਵਿਚ ਪਲਿਆ ਬਚਪਨ ਇਥੋਂ ਦੀ ਆਜ਼ਾਦੀ ਤੇ ਸਹਿਜ ਪ੍ਰਾਪਤੀ ਦੇਖਦਿਆਂ ਹੋਇਆਂ ਬਾਗੋਬਾਗ ਹੋ ਗਿਆ ਸੀ। ਛੇਤੀ ਹੀ ਜਾਦੂ ਮੰਤਰ, ਪੇਂਡੂ-ਵਿਸ਼ਵਾਸ ਤੇ ਮਾਨਤਾਵਾਂ ਦਾ ਹਊਆ ਖੜਾ ਕਰਕੇ ਬੱਚਿਆਂ ਦੇ ਦਿਲ ਦਿਮਾਗ 'ਤੇ ਉਸਨੇ ਕਬਜ਼ਾ ਕਰ ਲਿਆ ਸੀ। ਮੇਰੀਆਂ ਬੱਚੀਆਂ ਦੇ ਕੰਨ ਤਾਂ ਵਿੰਨੇ ਹੋਏ ਸੀ ਪਰ ਨੱਕ ਨਹੀਂ ਵਿੰਨੇ ਗਏ ਸੀ। ਇਕ ਦਿਨ ਸਾਰੀਆਂ ਨੇ ਜਿੱਦ ਕੀਤੀ ਕਿ ਉਹ ਨੱਕ ਵੀ ਵਿੰਨਵਾਉਣਗੀਆਂ। ਬਾਅਦ ਵਿਚ ਪਤਾ ਲੱਗਾ, ਕੇਸ਼ਰ ਨੇ ਸਭ ਨੂੰ ਇਹ ਕਹਿ ਕੇ ਡਰਾ ਦਿੱਤਾ ਸੀ ਕਿ ਜਿਸ ਕੁੜੀ ਦਾ ਨੱਕ-ਕੰਨ ਦੋਵੇਂ ਨਹੀਂ ਵਿੰਨੇ ਹੋਣਗੇ, ਉਹ ਜੇ ਮਰ ਗਈ ਤਾਂ ਉਸਦੇ ਨੱਕ-ਕੰਨ ਯਮਰਾਜ ਦੇ ਦੂਤ ਖੰਭੇ ਨਾਲ ਬੰਨ ਕੇ ਲੋਹੇ ਦੇ ਲਾਲ ਸਰੀਆਂ ਨਾਲ ਵਿੰਨਣਗੇ।

ਆਪਣੀ ਬੁੱਧੀ-ਯੋਗਤਾ ਨਾਲ ਉਹ ਸਾਥਣਾਂ ਦੀਆਂ ਸਾਰੀਆਂ ਚੀਜ਼ਾਂ ਸ਼ਰਤ ਵਿਚ ਜਿੱਤ ਰਹੀ ਸੀ। ਹਰ ਗੱਲ 'ਤੇ ਸ਼ਰਤ। ਘੰਟੀ ਬਜਾਉਣ ਵਾਲਾ ਆਉਣ ਵਾਲਾ ਡਰਾਈਵਰ ਹੈ ਜਾਂ ਅਰਦਲੀ ? ਅੱਜ ਸ਼ਾਮ ਨੂੰ ਬਿਜਲੀ ਗੁੱਲ ਹੋਵੇਗੀ ਕਿ ਨਹੀਂ ? ਇਨ੍ਹਾਂ ਗੱਲਾਂ 'ਤੇ ਉਹ ਉਨ੍ਹਾਂ ਚੀਜ਼ਾਂ ਨੂੰ ਲਾਉਂਦੀ



ਜੋ ਉਸਦੇ ਕੋਲ ਨਹੀਂ ਹੁੰਦੀ ਸੀ ਤੇ ਸ਼ਰਤ ਵੀ ਇਕ ਪਾਸੜ। ਜਿਵੇਂ, ਜੇ ਬਿਜਲੀ ਗੁੱਲ ਹੋਵੇਗੀ ਤਾਂ ਉਹ ਹਾਰਨ ਵਾਲੇ ਦਾ ਪੈੱਨ ਲੈ ਲਵੇਗੀ। ਪਰ ਨਹੀਂ ਗੁੱਲ ਤਾਂ ? ਉਹ ਨਹੀਂ ਲਵੇਗੀ, ਬੱਸ। ਉਹ ਨਹੀਂ ਕਿ ਆਪਣਾ ਪੈੱਨ ਦੇ ਦੇਵੇਗੀ। ਕਿਉਂਕਿ ਉਸਦੇ ਕੋਲ ਪੈੱਨ ਹੈ ਹੀ ਨਹੀਂ। ਜਿਹੜੀਆਂ ਚੀਜ਼ਾਂ ਉਸਦੇ ਕੋਲ ਆ ਜਾਂਦੀਆਂ, ਉਨ੍ਹਾਂ ਨੂੰ ਉਹ ਸ਼ਰਤ ਤੋਂ ਬਾਹਰ ਕਰਦੀ ਜਾਂਦੀ। ਇਸ ਤਰ੍ਹਾਂ ਸਿਰਫ ਡੇਢ ਦੋ ਮਹੀਨਿਆਂ ਦੇ ਥੋੜ੍ਹੇ ਜਿਹੇ ਸਮੇਂ ਵਿਚ ਉਸਨੇ ਪਤਾ ਨਹੀਂ ਕਿੰਨੀਆਂ ਗੁੱਡੀਆਂ, ਪੈੱਨ, ਪੈਨਸਿਲਾਂ, ਰਬੜ, ਕਟਰ, ਕਾਪੀ, ਕਲਰਬਕਸ, ਹੇਅਰਪਿੰਨ, ਕਲਿੰਪ ਆਦਿ ਬਟੋਰ ਲਏ ਸੀ। ਇਕ ਵਾਰ ਜੋ ਚੀਜ਼ ਉਸਦੀ ਹੋ ਗਈ, ਉਸਦੇ ਗੁਆਚਣ ਜਾਂ ਦੂਜੇ ਦੇ ਹੱਥ ਲੱਗ ਜਾਣ ਦਾ ਤਾਂ ਸਵਾਲ ਹੀ ਨਹੀਂ ਸੀ।

ਪਤਨੀ ਕਹਿੰਦੀ," ਪੂਰੀ ਗ੍ਰਹਿਸਤਨ ਹੋਊਗੀ ਇਹ ਕੁੜੀ। ਚੁਣ ਚੁਣ ਕੇ ਆਪਣਾ ਘਰ ਭਰੇਗੀ। ਜਿਥੋਂ ਜੋ ਪ੍ਰਾਪਤ ਕਰੇਂਗੀ, ਹੜੱਪ ਜਾਊਗੀ।"

"ਹੜੱਪ ਜਾਊਗੀ ਕੀ, ਸੁਆਹ ।" ਮੈਂ ਉਸਨੂੰ ਚਿੜਾਉਂਦਾ, "ਇਸ ਦੇ ਵਿਆਹ 'ਚ ਟੁੱਟੀ ਮੰਜੀ ਤੇ ਬੁੱਢੀ ਗਾਂ ਦਿੱਤੀ ਜਾਵੇਗੀ ਦਹੇਜ ਵਿਚ।"

"ਮੈਂ ਤੁਹਾਡੀ ਜੀਪ ਲੈ ਜਾਊਂਗੀ ਮਾਸੜ ਜੀ", ਉਹ ਕਹਿੰਦੀ

ਸਭ ਤੋਂ ਵੱਧ ਇੱਜਤ ਉਹ ਜੀਪ ਡਰਾਈਵਰ ਦੀ ਕਰਦੀ ਸੀ। ਸਵੇਰੇ ਉਸਦੇ ਆਉਂਦੇ ਹੀ ਚਾਹ ਲੈ ਜਾ ਕੇ ਉਸਨੂੰ ਦਿੰਦੀ, ਫੇਰ ਪੁੱਛਦੀ, "ਚਾਚਾ, ਅੱਜ ਮੈਨੂੰ ਜੀਪ ਵਿਚ ਘੁਮਾਵੇਂਗਾ ?"

"ਹਾਂ ਬੇਟੀ, ਕਿਉਂ ਨਹੀਂ ਘੁੰਮਾਊਂਗਾ। ਤੂੰ ਜਦੋਂ ਚਾਹ ਪਿਆਏਗੀ, ਮੈਂ ਘੁੰਮਾਉਂਗਾ।"

ਕੇਸ਼ਰ ਨਾਂ ਦੀ ਚੋਣ ਉਸਨੇ ਖੁਦ ਕੀਤੀ। ਪਹਿਲਾਂ ਉਸਦਾ ਨਾਂ ਸੀ ਕੇਸ਼ ਕੁਮਾਰੀ। ਬੁਲਾਉਣ ਲਈ ਨਿੱਕਾ ਨਾਂ 'ਕੇਸ਼' ਵਰਤੋਂ ਵਿਚ ਆਉਂਦਾ ਸੀ। ਇਕ ਦਿਨ ਕਿਸੇ ਆਉਣ ਵਾਲੇ ਨੇ ਉਸ ਤੋਂ ਨਾਂ ਪੁੱਛਿਆ ਤੇ 'ਕੇਸ਼' ਦੀ ਥਾਂ 'ਕੇਸ਼ਰ' ਸੁਣ ਲਿਆ। ਤਾਰੀਫ ਕਰ ਦਿੱਤੀ, "ਵਾਹ ਕਿੰਨਾ ਖ਼ੂਬਸੂਰਤ ਨਾਂ ਏ-ਕੇਸ਼ਰ-ਕਸਤੂਰੀ। ਰੂਪ ਤੇ ਸੁਗੰਧ ਦੋਵੇਂ ਇਕੱਠੇ। ਕਿਸ ਨੇ ਰੱਖਿਆ ਇੰਨਾ ਅਰਥਭਰਪੂਰ ਨਾਂ ਇਸ ਬਾਲ ਸੁੰਦਰੀ ਦਾ ?" ਆਉਣ ਵਾਲੇ ਨੇ ਉਸਦਾ ਚਿਹਰਾ ਦੋਵੇਂ ਹਥੇਲੀਆਂ ਵਿਚ ਲੈ ਕੇ ਪੁੱਛਿਆ।

ਝਟ 'ਕੇਸ਼' ਨੇ 'ਕੇਸ਼ਰ' ਨੂੰ ਫੜ ਲਿਆ। ਖੜੀ ਬੋਲੀ ਤਾਂ ਉਹ ਪੰਦਰਾਂ ਵੀਹ ਦਿਨਾਂ ਵਿਚ ਹੀ ਬੋਲਣ ਲੱਗ ਗਈ ਸੀ।

ਕਾਲੋਨੀ ਵਿਚ ਰਹਿੰਦਿਆਂ ਹੋਇਆਂ ਕੁਝ ਕੁ ਸਮੇਂ ਵਿਚ ਹੀ ਉਹ ਅਧਿਕਾਰੀਆਂ ਦੇ ਛੋਟੇ-ਵੱਡੇ ਅਹੁਦੇ, ਉਨ੍ਹਾਂ ਦੇ ਅਧਿਕਾਰਾਂ ਤੇ ਸਹੂਲਤਾਂ ਬਾਰੇ ਬਾਲ-ਬੁੱਧੀ ਦੇ ਸਮਾਨ ਜਾਣੂ ਹੋ ਗਈ ਸੀ।

ਇਕ ਵਾਰ ਇਕ ਟ੍ਰੇਨੀ ਡਿਪਟੀ ਕੁਲੈਕਟਰ ਕੁੜੀ ਘਰ ਮਿਲਣ ਆਈ। ਕੇਸ਼ਰ ਨੂੰ ਪਤਾ ਲੱਗਿਆ ਤਾਂ ਉਹ ਬੇਯਕੀਨੀ ਨਾਲ ਬੜੀ ਦੇਰ ਤਕ ਪਰਦੇ ਦੀ ਓਟ ਵਿਚ ਉਸਨੂੰ ਦੇਖਦੀ ਰਹੀ। ਫੇਰ ਜਿਵੇਂ ਆਪਣਾ ਸ਼ੱਕ ਮਿਟਾਉਣ ਲਈ ਕੋਲ ਜਾ ਕੇ ਨਮਸਤੇ ਕੀਤੀ ਤੇ ਪੁੱਛਿਆ, "ਆਪ ਡਿਪਟੀ ਸਾਹਿਬ ਹੋ ?"

"ਜੀ ਹਾਂ । ਤੇ ਤੁਸੀਂ ਕੌਣ ਸਾਹਿਬ ਹੋ ?"

"ਮੈਂ ਕੇਸ਼ਰ ਹਾਂ।" ਕਹਿ ਕੇ ਸ਼ਰਮਾ ਕੇ ਭੱਜ ਗਈ ਸੀ।

ਉਸੇ ਦਿਨ ਸ਼ਾਮ ਨੂੰ ਉਸਨੇ ਮੈਨੂੰ ਕਿਹਾ ਸੀ, "ਮਾਸੜ ਜੀ, ਮੇਰੇ ਪਿਤਾ ਜੀ ਨੂੰ ਕਹੋ ਮੈਨੂੰ ਹੋਰ ਅਗੇ ਪੜ੍ਹਣ ਦੇਣ।"

"ਕਿਉਂ ? ਕੀ ਤੇਰੇ ਪਿਤਾ ਜੀ ਨੇ ਪੜ੍ਹਾਈ ਬੰਦ ਕਰਵਾ ਦਿੱਤੀ ?"

"ਹਾਂ, ਕਹਿੰਦੇ ਨੇ ਹੁਣ ਵਿਆਹ ਹੋਊਗਾ।"

"ਨਹੀਂ, ਨਹੀਂ । ਤੂੰ ਜ਼ਰੂਰ ਪੜ੍ਹਨ ਜਾਏਂਗੀ। ਮੈਂ ਤੇਰੇ ਪਿਤਾ ਜੀ ਨੂੰ ਕਹਿ ਦਿਆਂਗਾ।"

ਕੇਸ਼ਰ ਦੀ ਇਸ ਪ੍ਰਬਲ ਇੱਛਾ-ਸ਼ਕਤੀ ਤੇ ਮੇਰੇ ਵੱਲੋਂ ਉਸਦੇ ਪਿਤਾ ਨੂੰ ਕਹਿਣ-ਸੁਨਣ ਦਾ ਹੀ ਨਤੀਜਾ ਸੀ ਕਿ ਉਸਦਾ ਵਿਆਹ ਟਲ ਗਿਆ ਤੇ ਸਿੱਖਿਆ ਕਾਲ ਤਿੰਨ ਸਾਲਾਂ ਲਈ ਵਧ ਗਿਆ।

ਮੇਰੇ ਘਰੋਂ ਵਾਪਸੀ 'ਤੇ ਸ਼ਰਤਾਂ ਵਿਚ ਜਿੱਤੀਆਂ ਹੋਈਆਂ ਆਪਣੀਆਂ ਸਾਰੀਆਂ ਚੀਜ਼ਾਂ ਦੇ

ਨਾਲ ਕੇਸ਼ਰ ਆਪਣੀਆਂ ਛੇਵੀਂ ਜਮਾਤ ਦੀਆਂ ਕਿਤਾਬਾਂ-ਕਾਪੀਆਂ ਤੇ ਪਿੱਠ 'ਤੇ ਲਟਕਾਉਣ ਵਾਲਾ ਕਿਰਮਚ ਦਾ ਇਕ ਨੀਲਾ ਬੈੱਗ ਵੀ ਲੈ ਗਈ ਸੀ।

ਅੱਜ ਫੇਰ ਕੇਸ਼ਰ ਨਾਲ ਮੁਲਾਕਾਤ ਹੋਵੇਗੀ- ਦੋ ਸਾਲ ਬਾਅਦ, ਮਿੱਤਰ ਦੇ ਜ਼ੋਰ ਦੇਣ 'ਤੇ ਮੈਨੂੰ ਫੇਰ ਕੇਸ਼ਰ ਦੇ ਪੇਕੇ ਜਾਣਾ ਪੈ ਰਿਹਾ ਸੀ। ਉਹ ਮੁੰਡਾ, ਜਿਸ ਨੂੰ ਦੋ ਸਾਲ ਪਹਿਲਾਂ ਦੇਖ ਕੇ ਮਨ ਹੀ-ਮਨ ਖਾਰਿਜ ਕਰ ਚੁੱਕਿਆ ਸੀ ਇਸ ਸਾਲ ਅਪਰ ਸਬਾਰਡੀਨੇਟ ਸਰਵਿਸੇਜ ਲਈ ਚੁਣ ਲਿਆ ਗਿਆ ਸੀ। ਮਿੱਤਰ ਨੂੰ ਪਤਾ ਲੱਗਿਆ ਤਾਂ ਕਾਹਲਾ ਪੈ ਗਿਆ। ਬਿਨਾਂ ਇਕ ਦਿਨ ਦੀ ਵੀ ਦੇਰ ਕੀਤਿਆਂ, ਉਹ ਮੈਨੂੰ ਨਾਲ ਲੈ ਕੇ ਤੁਰ ਪਿਆ। ਇਸ ਵਾਰ ਇਹ ਰਿਸ਼ਤਾ ਉਹ ਕਿਸੇ ਵੀ ਕੀਮਤ 'ਤੇ ਪੱਕਾ ਕਰ ਦੇਣਾ ਚਾਹੁੰਦਾ ਸੀ।

ਕੇਸ਼ਰ ਦੀ ਮਾਂ ਤੋਂ ਪਤਾ ਲੱਗਾ ਕਿ ਕੇਸ਼ਰ ਆਪਣੇ ਸਹੁਰੀਂ ਹੈ। ਉਸ ਦਾ ਪਤੀ ਨਾਲ ਦੇ ਇਕ ਭੱਠੇ 'ਤੇ ਇਸੇ ਦੁਸਹਿਰੇ ਤੋਂ ਮੁਨਸ਼ੀਗਿਰੀ ਕਰਦਾ ਹੈ। ਕੇਸ਼ਰ ਦੇ ਕੁੜੀ ਹੋਈ ਸੀ, ਦੋ ਮਹੀਨੇ ਦੀ ਹੋ ਕੇ ਪਿਛਲੇ ਹਫਤੇ ਗੁਜਰ ਗਈ ਸੀ। ਉਸਦੇ ਪਿਤਾ ਜੀ ਅਗਲੇ ਦਿਨ ਉਸਨੂੰ ਵਿਦਾਅ ਕਰਵਾਉਣ ਜਾ ਰਹੇ ਸੀ। ਮੈਨੂੰ ਵੀ ਨਾਲ ਚਲਣ ਲਈ ਜ਼ੋਰ ਲਾਇਆ। ਕੇਸ਼ਰ ਨੂੰ ਦੇਖਣ ਦੀ ਇੱਛਾ ਸੀ ਪਰ ਉਸ ਦੇ ਸਾਹਮਣੇ ਹੋਣ ਵਿਚ ਥੋੜ੍ਹੀ ਝਿਜਕ ਲਗ ਰਹੀ ਸੀ। ਕੁਝ ਅਪਰਾਧ-ਬੋਧ ਵਿਚਾਲੇ ਆ ਰਿਹਾ ਸੀ ਪਰ ਸ਼ਾਮ ਨੂੰ ਪਤਾ ਲੱਗਾ ਕਿ ਦਹੇਜ ਦੀ ਰਕਮ ਘਟਾਉਣ ਲਈ ਮਿੱਤਰ ਨੂੰ ਮੁੰਡੇ ਦੇ ਬਾਪ ਦੇ ਦਰਵਾਜ਼ੇ 'ਤੇ ਅਜੇ ਇਕ ਦਿਨ ਹੋਰ ਰੁਕਣਾ ਪਵੇਗਾ ਤਾਂ ਮੈਂ ਵੀ ਕੇਸ਼ਰ ਦੇ ਸਹੁਰੇ ਜਾਣ ਨੂੰ ਤਿਆਰ ਹੋ ਗਿਆ। ਅਸੀਂ ਦੋਵੇਂ ਦੋ ਸਾਈਕਲਾਂ 'ਤੇ ਚਲ ਪਏ। ਪਤਾ ਨਹੀਂ ਕਿਉਂ ਮਨ ਵਾਰ ਵਾਰ ਪਿਛੇ ਮੁੜ ਰਿਹਾ ਸੀ। ਉਚੇ-ਨੀਵੇ, ਮੋੜ-ਘੋੜ ਵਾਲੇ ਨਹਿਰੀ ਰਾਹ 'ਤੇ ਅਗੇ-ਪਿਛੇ ਤੁਰਦਿਆਂ ਹੋਇਆਂ ਮੈਂ ਗੁਣਗੁਣਾਉਣ ਲੱਗਾ। ਬਹੁਤ ਪਹਿਲਾਂ ਕਿਸੇ ਜਨਾਨੇ-ਗਲ ਤੋਂ ਸੁਣੇ ਗਏ ਗੀਤ ਦੀ ਇਕ ਹੀ ਸਤਰ, ਵਾਰ-ਵਾਰ ।

.....ਭਈਆ ਆਏ ਬਹਿਨੀ ਬੋਲਬਨ, ਸੁਨੁ ਸਖੀਆ।

(ਸੁਣਦੀਐਂ ਸਹੇਲੀ। ਭੈਣ ਦੀ ਵਿਦਾਇਗੀ ਕਰਾਉਣ ਭਾਈ ਆ ਗਿਆ ਹੈ )

ਇਸ ਸਤਰ ਵਿਚ ਅਜਿਹਾ ਕੁਝ ਨਹੀਂ ਲੱਗਦਾ ਜੋ ਉਦਾਸ ਕਰੇ ਪਰ ਪਤਾ ਨਹੀਂ ਕਿਉਂ ਜਿਉਂ-ਜਿਉਂ ਮੈਂ ਗੁਣਗੁਣਾਉਂਦਾ ਹਾਂ, ਮੇਰੀਆਂ ਅੱਖਾਂ ਭਰ ਆਉਂਦੀਆਂ ਹਨ।...ਰਾਹ ਵਾਰ-ਵਾਰ ਧੁੰਧਲਾ ਰਿਹਾ ਹੈ।

ਅਸੀਂ ਲੋਕ ਪਹੁੰਚੇ ਤਾਂ ਘੰਟਾ ਕੁ ਦਿਨ ਬਾਕੀ ਸੀ। ਪੁਰਾਣੇ ਖਪਰੈਲ ਘਰ ਦਾ ਪਿਛਲਾ ਹਿੱਸਾ ਕੇਸ਼ਰ ਨੂੰ ਵੰਡ ਵਿਚ ਮਿਲ ਗਿਆ ਸੀ। ਇਸ ਲਈ ਪਿਛਵਾੜੇ ਪੱਛਮ ਵੱਲ 'ਮੋਹਾਰ' (ਬੂਹਾ) ਖੋਲ੍ਹਿਆ ਗਿਆ ਸੀ। ਸਭ ਤੋਂ ਅਗੇ ਇਕ ਮਟਮੈਲਾ ਹੱਡਲ ਬਲਦ ਠੰਢ ਨਾਲ ਝੰਡ ਖੜੀ ਕਰੀ ਖੜਾ ਸੀ। ਉਸਦੇ ਬਾਅਦ ਪੁਆਲ ਦੀਆਂ ਲੱਕੜਾਂ ਦਾ ਵੱਡਾ ਢੇਰ। ਢੇਰ ਦੀ ਓਟ ਲੈ ਕੇ ਬੈਠੀ ਧੁੱਪ ਸੇਕਦੀ ਸੀ ਕੇਸ਼ਰ ਦੀ ਸ਼ਕਤੀਹੀਨ ਤੇ ਲਗਭਗ ਅੰਨੀ ਬੁੱਢੀ ਸੱਸ। ਨਾਲ ਹੀ ਇਕ ਮੰਜਾ ਖੜਾ ਸੀ। ਧਰਤੀ 'ਤੇ ਪਏ ਪੁਆਲ ਦੇ ਇਕ ਸਿਰੇ 'ਤੇ ਡੇਢ ਦੋ ਹੱਥ ਲੰਮੀ, ਤੇਲ ਤੇ ਮੈਲ ਨਾਲ ਭਰੀ ਇਕ ਕਾਲੀ ਗੁਦੜੀ ਸੁੱਕ ਰਹੀ ਸੀ। ਗੁਦੜੀ ਤੋਂ ਬੁੱਢੀ ਤਕ ਢਾਈ-ਤਿੰਨ ਗਜ ਲੰਮੇ ਥਾਂ ਵਿਚ ਮੱਖੀਆਂ ਭਿਣਕ ਰਹੀਆਂ ਸਨ। ਸਾਂਆਂ...ਸਾਂਆਂ....ਕਰਕੇ ਹਫਦੀ ਬੁੱਢੀ, ਰਹਿ-ਰਹਿ ਕੇ ਖੰਘਦੀ ਤੇ ਬਲਗਮ ਦਾ ਇਕ ਲੌਂਦਾ ਕੋਲ ਹੀ ਸੁੱਟ ਦਿੰਦੀ। ਹਰ ਲੌਂਦੇ 'ਤੇ ਮੱਖੀਆਂ ਦਾ ਕਾਲਾ ਗੋਲਾ ਜਮ੍ਹਾ ਸੀ।

ਆਸੇ-ਪਾਸੇ ਰੇਹ ਖਿੰਡਾਈ ਹੋਈ ਸੀ, ਜਿਸ ਵਿਚ ਮਿਲੇ ਚੌਲਾਂ ਦੇ ਦਾਣਿਆਂ ਨੂੰ ਇਕ ਕਾਟੋ ਲੱਭ-ਲੱਭ ਕੇ ਤੋੜ ਰਹੀ ਸੀ ਤੇ ਰਹਿ-ਰਹਿ ਕੇ ਚਟਕਾ ਦਿੰਦੀ ਸੀ। ਸਾਨੂੰ ਦੇਖ ਕੇ ਉਹ ਨਿੰਮ 'ਤੇ ਚੜ ਗਈ ਸੀ।

ਅਸੀਂ ਦੋਹਾਂ ਨੇ ਸਾਈਕਲ ਖੜੇ ਕਰਕੇ ਬੁੱਢੀ ਦਾ ਸਤਿਕਾਰ ਕੀਤਾ ਤੇ ਕੋਲ ਖੜੇ ਮੰਜੇ ਨੂੰ ਡਾਹ ਕੇ ਉਸ 'ਤੇ ਬੈਠ ਗਏ। ਮੱਖੀਆਂ ਇਕ ਵਾਰ ਜ਼ੋਰ ਨਾਲ ਭਿਣਭਣਾਈਆਂ, ਫੇਰ ਆਪਣੀ-ਆਪਣੀ ਥਾਂ ਬੈਠ ਗਈਆਂ। ਸਾਹਮਣੇ ਵਰਾਂਡੇ ਵਿਚ ਕੁਝ ਅੱਧ-ਨੰਗੇ ਬੱਚੇ ਭੱਜਣ-ਕੁਦਣ ਵਾਲਾ ਕੋਈ ਖੇਡ



ਖੇਡਦੇ ਹੋਏ ਠੰਢ ਨਾਲ ਲੜ ਰਹੇ ਸੀ। ਸਿਰਫ ਗੰਦੀ ਬੁਨਿਆਣ ਪਾਈ ਇਕ ਸਭ ਤੋਂ ਛੋਟਾ ਬੱਚਾ ਹੰਝੂ, ਨੱਕ ਤੇ ਲਾਲਾਂ ਸੁੱਟਦਾ ਬੈਠਾ ਹੁੰਭਕੀਂ-ਹੁੰਭਕੀਂ ਰੋ ਰਿਹਾ ਸੀ।

ਬੁੱਢੀ ਸਾਨੂੰ ਪਛਾਣ ਨਾ ਸਕੀ ਤਾਂ ਉਸ ਨੇ ਪੁੱਛਿਆ, "ਕਿਥੋਂ ਆਏ ਹੋ ?"

ਕੇਸ਼ਰ ਦੇ ਪਿਤਾ ਨੇ ਦੱਸਿਆ ਤਾਂ ਬੁੱਢੀ ਸੰਕੋਚ ਵਿਚ ਪੈ ਗਈ। ਗੋਡਿਆਂ ਤੱਕ ਮੁੜੀ ਧੋਤੀ ਨੂੰ ਖਿਚ ਕੇ ਪੈਰ ਢੱਕਣ ਲੱਗੀ। ਘਰ ਪਰਿਵਾਰ ਦਾ ਹਾਲ ਚਾਲ ਪੁੱਛਿਆ। ਫੇਰ ਪੋਤੀ ਨੂੰ ਯਾਦ ਕਰਕੇ ਰੋਣ ਲੱਗੀ। ਖੇਡਦੇ ਬੱਚਿਆਂ ਨੇ ਆ ਕੇ ਘੇਰ ਲਿਆ। ਮੈਂ ਦੇਖਿਆ, ਬੁੱਢੀ ਨੇ ਉਹੀ ਸੁਆਟਰ ਪਾਇਆ ਹੋਇਆ ਸੀ ਜਿਸ ਨੂੰ ਚਾਰ ਸਾਲ ਪਹਿਲਾਂ ਪਤਨੀ ਨੇ ਕੇਸ਼ਰ ਨੂੰ ਦਿੱਤਾ ਸੀ।

ਤਦ ਤਕ ਕੇਸ਼ਰ ਗੁਆਂਢ 'ਚੋਂ ਕੜਛੇ ਵਿਚ ਅੱਗ ਲੈ ਕੇ ਮੁੜ ਆਈ।

ਸਾਨੂੰ ਪਛਾਣਿਆ ਤਾਂ ਘੁੰਡ ਚੁੱਕ ਦਿੱਤਾ। ਅੱਗ ਬਰਾਂਡੇ ਦੇ ਚੁੱਲੇ ਵਿਚ ਰੱਖ ਕੇ ਮੇਰੇ ਪੈਰਾਂ ਨੂੰ ਚਿੰਬੜ ਗਈ। ਫੇਰ ਤਾਂ ਜਿਉਂ ਹੁਭਕੀਏਂ-ਹੁਭਕੀਏਂ ਰੋਣਾ ਸ਼ੁਰੂ ਕੀਤਾ ਉਸਨੇ ਕਿ ਉਸਦੇ ਵਰਲਾਪ ਨਾਲ ਕਾਲਜਾ ਦਹਿਲਣ ਲੱਗਿਆ।

'ਓ ਆ ਮੇਰੇ ਪਾਪਾ...। ਮੇਰੀ ਤਾਂ ਯਾਦ ਹੀ ਭੁਲਾਤੀ ਮੇਰੇ ਪਾਪਾ।'

ਹੰਝੂਆਂ ਨਾਲ ਮੋਢਾ ਭਿੱਜਣ ਲੱਗਿਆ। ਵਰਲਾਪ ਦੀ ਵਿਆਕੁਲਤਾ ਨੇ ਆਂਢ-ਗੁਆਂਢ ਦੀਆਂ ਤੀਵੀਆਂ ਨੂੰ ਖਿਚ ਲਿਆ। ਭੀੜ ਵਧਣ ਲੱਗੀ। ਲੱਗਿਆ, ਜਿਵੇਂ ਵਰਲਾਪ ਕਰਦੀ ਕੇਸ਼ਰ ਮਿਹਣਾ ਮਾਰ ਰਹੀ ਸੀ ਕਿ ਮੇਰੇ ਪਿਤਾ ਜੀ ਤਾਂ ਗਰੀਬ ਸੀ, ਅਸਮਰਥ ਸੀ ਪਰ ਤੁਹਾਨੂੰ ਤਾਂ ਉਪਰਵਾਲੇ ਨੇ ਸਮਰਥ ਬਣਾ ਦਿੱਤਾ ਸੀ। ਤੁਸੀਂ ਤਾਂ ਮੇਰੇ ਲਈ ਕੁਝ ਵੀ ਕਰ ਸਕਦੇ ਸੀ। ਜਿੰਨੇ ਦਿਨ ਮੌਕਾ ਮਿਲਿਆ, ਤੁਹਾਡੀਆਂ ਸਕੀਆਂ ਧੀਆਂ ਤੋਂ ਵਧ ਕੇ ਮੈਂ ਤੁਹਾਡੀ ਸੇਵਾ ਕੀਤੀ ਸੀ। ਦੇਣਾ ਨਹੀ ਸੀ ਤਾਂ ਮੰਗ-ਮੰਗ ਕਿਹੜੇ ਮੂੰਹ ਨਾਲ ਕਿਹਾ ਸੀ। ਇਕ ਵਾਰ ਮੂੰਹ ਖੋਲ੍ਹ ਕੇ ਮੰਗ ਲਿਆ ਤਾਂ ਕੇਸਰ ਦੇ ਘਰ ਦਾ ਰਸਤਾ ਹੀ ਭੁੱਲ ਗਏ।

ਮੇਰੀਆਂ ਅੱਖਾਂ ਗੰਗਾ ਜਮਨਾ ਬਣ ਵਹਿਣ ਲੱਗੀਆਂ। ਸੱਚਮੁਚ, ਇਸ ਧੀ ਲਈਆਂ ਲੱਗ ਕੁਝ ਕੀਤਾ ਜਾ ਸਕਦਾ ਸੀ, ਜੋ ਨਹੀਂ ਕੀਤਾ ਗਿਆ। ਸਗੋਂ ਆਪਣੇ ਨਾਲ ਰੱਖ ਕੇ, ਆਰਾਮ ਤੇ ਸਾਧਨ ਭਰਪੂਰ ਦੁਨੀਆਂ ਤੋਂ ਜਾਣੂ ਕਰਵਾ ਕੇ, ਇਸ ਦੇ ਦੁੱਖ ਨੂੰ ਹੋਰ ਦੁਗਣਾ ਕਰ ਦਿੱਤਾ ਮੈਂ। ਇਹ ਉਹ ਕੇਸ਼ਰ ਨਹੀਂ ਸੀ ਜਿਹੜੀ ਪਹਿਲਾਂ ਸੀ। ਇਹ ਤਾਂ ਉਸ ਦਾ ਪਿੰਜਰ ਹੀ ਸੀ। ਇਸ ਕੜਕਦੀ ਠੰਢ ਵਿਚ ਸਿਰਫ ਨਾਈਲੋਨ ਦੀ ਘਸੀ ਮਟਮੈਲੀ ਸਾੜ੍ਹੀ ਤੇ ਸੂਤੀ ਬਲਾਊਜ ਵਿਚ ਕੰਬਦੀ।

ਮੈਂ ਬੇਚੈਨ ਹੋ ਗਿਆ। ਕਿਹੜੇ ਸ਼ਬਦਾਂ ਨਾਲ ਧੀਰਜ ਬਨਾ ਕੇ ਚੁੱਪ ਕਰਾਵਾਂ।

"ਮੇਰੀਏ ਧੀਏ, ਕੇਸ਼ਰ। ਚੁੱਪ ਹੋ ਜਾ।"

ਮੇਰੇ ਮਗਰੋਂ ਉਸਨੇ ਪਿਉ ਦੇ ਪੈਰ ਫੜ ਲਏ।

ਔਰਤਾਂ ਦੇ ਇਕੱਠ ਨੇ ਮੇਰੇ ਤੋਂ ਮੇਰੇ ਬਾਰੇ ਪੁੱਛਿਆ । ਫੇਰ ਦੱਸਿਆ ਕਿ ਬਹੂ ਅਕਸਰ ਤੁਹਾਨੂੰ ਯਾਦ ਕਰਦੀ ਹੈ।.... ਤੁਸੀਂ ਹੀ ਉਸਨੂੰ ਸਿਲਾਈ ਦੀ ਮਸ਼ੀਨ ਲੈ ਕੇ ਦਿੱਤੀ ਹੈ ? ਤੁਹਾਡੇ ਕੋਲ ਰਹਿ ਕੇ ਸਿਲਾਈ ਵੀ ਸਿੱਖੀ ਹੈ ਨਾ ?

ਸਹਿਜ ਹੋ ਕੇ ਕੇਸ਼ਰ ਨੇ ਪਰਿਵਾਰ ਦੇ ਆਂਢ-ਗੁਆਂਢ ਦੇ ਇਕ-ਇਕ ਜੀਅ ਦੀ ਸੁੱਖਸਾਂਦ ਪੁੱਛੀ। ਫੇਰ ਇਕ ਕੌਲੀ ਵਿਚ ਚੌਲਾਂ ਦੇ ਮਰੁੰਡੇ-ਗੁੱੜ ਤੇ ਕੌਲੇ ਵਿਚ ਪਾਣੀ ਲੈ ਆਈ। ਬੱਚਿਆਂ ਦੇ ਝੁੰਡ ਨੂੰ ਉਸਨੇ ਇਕ ਹਲਕੀ ਜਿਹੀ ਝਿੜਕੀ ਦੇ ਕੇ ਭਜਾ ਦਿੱਤਾ। ਅਸੀਂ ਮਰੁੰਡੇ ਚੱਬਣ ਲੱਗੇ।

ਦੋ ਛੋਟੀਆਂ-ਛੋਟੀਆਂ ਕੁੜੀਆਂ ਨੇ ਫੇਰ ਆ ਕੇ ਘੇਰ ਲਿਆ ਤੇ ਕੌਲੀ ਵਿਚ ਰੱਖੇ ਗੁੜ ਨੂੰ ਇਕ ਟਕ ਘੂਰਨ ਲੱਗੀਆਂ।

ਕੇਸ਼ਰ ਦੇ ਪਿਤਾ ਨੇ ਉਨ੍ਹਾਂ ਨੂੰ ਥੋੜ੍ਹਾ-ਥੋੜ੍ਹਾ ਮਰੁੰਡਾ-ਗੁੜ ਦਿੰਦਿਆਂ ਹੋਇਆਂ ਦੱਸਿਆ, "ਕੇਸ਼ਰ ਦੀ ਜਠਾਣੀ ਦੀਆਂ ਕੁੜੀਆਂ ਨੇ।"

ਮਰੁੰਡਾ-ਗੁੜ ਨੂੰ ਇਕ ਹੀ ਝਟਕੇ ਵਿਚ ਮੂੰਹ ਵਿਚ ਪਾ ਕੇ ਦੋਹਾਂ ਨੇ ਫੇਰ ਕੌਲੀ 'ਤੇ ਨਜ਼ਰ ਟਿਕਾ

ਦਿੱਤੀ ਤੇ ਮੰਜੇ ਦੀ ਬਾਹੀ ਫੜ ਕੇ ਕੁੱਦਣ-ਝੂਮਣ ਲੱਗੀਆਂ।

ਬੁੱਢੀ ਦੇ ਕੋਲ ਪਟੜੀ 'ਤੇ ਬੈਠੀ ਕੇਸ਼ਰ ਨੇ ਬੁਲਾਇਆ," ਨੀਂ, ਗੁੱਡੀਓ, ਐਧਰ ਆਓ।" ਫੇਰ ਉਠ ਕੇ ਦੋਹਾਂ ਨੂੰ ਬਾਹਾਂ ਤੋਂ ਫੜ ਕੇ ਪਿੱਛੇ ਲੈ ਗਈ ਤੇ ਸਮਝਾਉਣ ਲੱਗੀ।

"ਉਥੇ ਨਹੀਂ ਖੜਦੇ ਹੁੰਦੇ ਬੇਟਾ। ਪਤਾ, ਕੌਣ ਨੇ ?"

"ਹਾਂ। ਮਾਂ ਕਹਿੰਦੀ ਏ, ਨਾਨਾ ਏ।" ਵੱਡੀ ਨੇ ਕਿਹਾ।

"ਨਹੀ ਬੇਟਾ। ਓ ਸਾਹਿਬ ਏ । ਆਓ, ਮੈਂ ਥੋਨੂੰ ਘਰੋਂ ਦੂਸਰੀ ਕੌਲੀ ਵਿਚ ਮਰੁੰਡਾ-ਗੁੜ ਦੇਣੀ।" ਤੇ ਦੋਹਾਂ ਨੂੰ ਲੈ ਕੇ ਅੰਦਰ ਚਲੀ ਗਈ।

ਹਨੇਰਾ ਹੋਣ ਲੱਗਿਆ ਸੀ। ਕੇਸ਼ਰ ਨੇ ਵਰਾਂਡੇ ਵਿਚ ਅਤਰ ਬਾਲ ਦਿੱਤੀ। ਬੁੱਢੀ ਤੇ ਅਸੀਂ ਦੋਵੇਂ ਹੱਥ ਸੇਕਣ ਲੱਗੇ। ਉਹ ਬਲਦ ਨੂੰ ਕੱਖ ਪਾਉਣ ਤੇ ਚੁੱਲੇ-ਚੌਕੇ ਵਿਚ ਲੱਗ ਗਈ। ਅਸੀਂ ਬੁੱਢੀ ਤੋਂ ਹਾਲਚਾਲ ਪੁੱਛਣ ਲੱਗੇ। ਬੁੱਢੀ ਨੇ ਹੌਂਕ-ਹੌਂਕ ਕੇ ਜੋ ਕੁਝ ਦੱਸਿਆ, ਉਸ ਦਾ ਸਾਰ ਇਹ ਸੀ ਕਿ ਉਸਦੀ ਨੂੰਹ ਬੜੀ ਮਰਦਾਨਾ-ਔਰਤ ਹੈ। ਬੇਟਾ ਤਾਂ ਜਦੋਂ ਤੋਂ ਭੱਠੇ 'ਤੇ ਰਹਿਣ ਲਗਿਆ ਏ, ਹਫਤੇ-ਹਫਤੇ ਮਗਰੋਂ ਇਕ ਦਿਨ ਲਈ ਘਰ ਆਉਂਦਾ ਹੈ। ਖੇਤੀ-ਬਾੜੀ ਦਾ ਭਾਰੀ ਮਿਹਨਤ ਵਾਲਾ ਕੰਮ-ਕਾਜ ਵੀ ਨਹੀਂ ਕਰ ਸਕਦਾ। ਬਹੂ ਇਕੱਲੀ ਹੀ ਘਰ-ਗ੍ਰਿਹਸਤੀ ਦਾ ਸਾਰਾ ਕੰਮ ਸੰਭਾਲਦੀ ਹੈ। ਇਸੇ ਜੰਜਾਲ ਦੇ ਕਾਰਨ ਮਟਰ ਦੀ ਫਲੀ ਜਿਹੀ ਬੱਚੀ ਨਮੂਨੀਏ ਨਾਲ ਮਰ ਗਈ। ਇਸੇ ਦੀ ਸੇਵਾ ਕਰਕੇ ਜਿਉਂਦੀ ਹਾਂ ਭਾਈ, ਨਹੀਂ ਤਾਂ ਏਸ ਠੰਢ ਵਿਚ ਉਠ ਜਾਂਦੀ। ਦਿਨ ਭਰ ਘਰ ਦੇ 'ਭਰਮ ਜਾਲ' ਨਾਲ ਜੂਝਣ ਬਾਅਦ ਅੱਧੀ-ਅੱਧੀ ਰਾਤ ਤਕ ਸਿਲਾਈ ਵਿਚ ਅੱਖਾਂ ਭੰਨਦੀ ਹੈ। ਪਿੰਡ ਵਿਚ ਇੰਨਾ ਕੰਮ ਹੀ ਕਿਥੇ ਮਿਲਦਾ ਹੈ। ਜੇ ਚਾਰ-ਛੇ ਰੁਪੱਈਆਂ ਦਾ ਕੰਮ ਕਦੇ ਮਿਲਿਆ ਵੀ ਤਾਂ ਉਸ ਵਿਚੋਂ ਅੱਧਾ ਉਧਾਰ । ਕਿਸੇ ਤਰ੍ਹਾਂ ਲੂਣ-ਤੇਲ ਜੋਗਾ ਕੱਢਦੀ ਹੈ ਤਾਂ ਦੇਖ ਕੇ ਜੇਠ ਜਠਾਣੀ ਦੀਆਂ ਅੱਖਾਂ ਫੁਟਦੀਆਂ ਹਨ। ਜੇਠ ਅਕਸਰ ਲੜਦਾ ਹੈ। ਝੂਠੇ-ਮੂਠੇ ਕਲੰਕ ਲਾਉਂਦਾ ਹੈ ਕਿ ਸਿਲਾਈ ਦਾ ਤਾਂ ਬਹਾਨਾ ਹੈ। ਦੁਨੀਆਂ ਭਰ ਦੇ ਲੁੱਚੇ-ਲਫੰਗੇ ਹਨੇਰਾ ਹੁੰਦੇ ਹੀ ਬੂਹੇ ਅਗੇ ਘੁੰਮਣ ਲੱਗਦੇ ਹਨ। ਇਸ ਦਾ ਆਦਮੀ ਤਾਂ ਭੱਠੇ 'ਤੇ ਜਾ ਕੇ ਅੱਖੋਂ ਓਹਲੇ ਹੋ ਜਾਂਦਾ ਹੈ। ਮੈਂ ਖਾਨਦਾਨ ਦੀ ਪੱਗ ਰੁਲਦੀ ਨਹੀਂ ਦੇਖ ਸਕਦਾ। ਕਿਸ-ਕਿਸ ਦੇ ਨਾਲ ਝਗੜਾ ਮੁੱਲ ਲੈਂਦਾ ਫਿਰਾਂ ? ਬਹੁਤ-ਬਹੁਤ ਸਿਲਾਈ-ਕਢਾਈ ਵਾਲੀਆਂ ਦੇਖੀਆਂ ਹਨ। ਏਹ ਧੰਦਾ ਕਰਨਾ ਹੈ ਤਾਂ ਬਾਜ਼ਾਰ ਵਿਚ ਜਾ ਕੇ ਦੁਕਾਨ ਖੋਲ੍ਹੇ। ਜੇਠਾਣੀ ਅੱਡ ਰਾਹ ਜਾਂਦੀ ਨੂੰ ਗੰਦ ਬਕਦੀ ਹੈ। ਚੰਦਨ ਜਿਹੀ ਲੜਕੀ ਇਨ੍ਹਾਂ ਲੋਕਾਂ ਦੀ ਨਜ਼ਰ ਵਿਚ ਬਬੂਲ ਦੀ ਲਕੜ ਹੋ ਗਈ ਹੈ। ਇਸ ਦਾ ਆਦਮੀ ਪਹਿਲਾਂ ਇਕ ਦਮ ਗਊ ਸੀ ਪਰ ਬਕਵਾਸ ਸੁਣਦਿਆਂ ਸੁਣਦਿਆਂ ਹੁਣ ਕਦੇ-ਕਦਾਈਂ ਉਸ ਨੂੰ ਵੀ ਝੱਲ ਚੜ ਜਾਂਦਾ ਹੈ। ਕਿਸੇ-ਕਿਸੇ ਦਿਨ ਅੱਧੀ ਰਾਤ ਨੂੰ ਆ ਕੇ ਦਰਵਾਜ਼ਾ ਖੁੱਲ੍ਹਵਾਉਂਦਾ ਹੈ।

ਅਸੀਂ ਚੁੱਪਚਾਪ ਸੁਣਦੇ ਰਹੇ।

ਥੋੜ੍ਹੀ ਦੇਰ ਮਗਰੋਂ ਕੇਸ਼ਰ ਦੇ ਪਿਤਾ ਨੇ ਕਿਹਾ, "ਅਸੀਂ ਕੇਸ਼ਰ ਨੂੰ ਲੈਣ ਆਏ ਹਾਂ ਜੀ, ਥਾਂ ਬਦਲ ਜਾਵੇਗੀ ਤਾਂ ਕੁੜੀ ਦੇ ਮਨ ਵਿਚ ਬੈਠੀ, ਧੀ ਦੀ ਮੌਤ ਦੀ ਗੰਢ ਕੁਝ ਘਟੇਗੀ।"

ਬੁੱਢੀ ਚੁੱਪ ਹੋ ਗਈ। ਕੁਝ ਚਿਰ ਚੁੱਪ ਹੀ ਰਹੀ। ਫੇਰ ਬੋਲੀ, "ਆਪਣੀ ਧੀ ਨੂੰ ਹੀ ਕਹੋ। ਉਹੀ ਮਾਲਕਿਨ ਏ ਘਰ ਦੀ ।"

ਥੋੜ੍ਹੇ ਚਿਰ ਮਗਰੋਂ ਕੇਸ਼ਰ ਨੇ ਖਾਣਾ ਲਾ ਦਿੱਤਾ। ਖਾਣੇ ਵਿਚ ਉਸਨੇ ਮਟਰ ਪੂਰੀਆਂ ਬਣਾਈਆਂ ਸਨ। ਇਸ ਨੂੰ ਹੁਣ ਤਕ ਯਾਦ ਹੈ ਮੇਰੀ ਪਸੰਦ।

ਕੇਸ਼ਰ ਦੇ ਪਿਉ ਨੇ ਖਾਂਦਿਆਂ ਖਾਂਦਿਆਂ ਗੱਲ ਹੋਈ, "ਅਸੀਂ ਤੈਨੂੰ ਲੈਣ ਆਏ ਹਾਂ ਕੁੜੀਏ। ਦੋਹਤੀ ਦੀ ਮੌਤ ਸੁਣਨ ਮਗਰੋਂ ਤੇਰੀ ਮਾਂ ਅਕਸਰ ਰੋਂਦੀ ਰਹਿੰਦੀ ਏ।"

ਕੇਸ਼ਰ ਤੁਰੰਤ ਕੁਝ ਨਾ ਬੋਲੀ। ਚੁੱਪਚਾਪ ਪੂਰੀਆਂ ਸੇਕਦੀ ਰਹੀ। ਥੋੜ੍ਹੇ ਚਿਰ ਮਗਰੋਂ ਉਸਦੇ ਪਿਤਾ ਨੇ ਫੇਰ ਗੱਲ ਦੁਹਰਾਈ।



"ਮੇਰਾ ਜਾਣਾ ਹੁਣ ਕਿਸ ਤਰ੍ਹਾਂ ਹੋ ਸਕਦਾ ਏ ਪਾਪਾ ? ਬੁੱਢਾ ਬਲਦ, ਬੁੱਢੀ ਸੱਸ ਇਨ੍ਹਾਂ ਨੂੰ ਦਾਣਾ ਪਾਣੀ ਕੌਣ ਦੇਊਗਾ ?"

"ਕਿਉਂ ਤੇਰੀ ਨਣਦ ਨਹੀਂ ਆ ਜਾਵੇਗੀ ਕੁਝ ਦਿਨਾਂ ਲਈ। ਤਿੰਨ-ਤਿੰਨ ਨੇ। ਕਹੇਂ ਤਾਂ ਅਸੀਂ ਇਕ ਅੱਧ ਹਫਤੇ ਮਗਰੋਂ ਫੇਰ ਆ ਜਾਈਏ। ਓਥੇ ਚਲੂੰਗੀ, ਹਵਾ-ਪਾਣੀ ਬਦਲੇਗਾ ਤਾਂ ਮਨ ਕੁਸ਼ ਠੀਕ ਹੋਊਗਾ। ਦੁਖ ਦਾ ਜਾਲਾ ਕੁਸ਼ ਛਟ ਜਾਊਗਾ।"

"ਦੁੱਖ ਤਾ ਕੱਟਣ ਨਾਲ ਹੀ ਘਟੂਗਾ ਪਾਪਾ !" ਕੇਸ਼ਰ ਚੁੱਲੇ ਦੀ ਅੱਗ ਤੇਜ਼ ਕਰਦੀ ਹੋਈ ਬੋਲੀ, "ਮੰਗਣ ਨਾਲ ਤਾਂ ਹੋਰ ਪਿਛੇ ਆਊਗਾ।" ਚਿਹਰੇ 'ਤੇ ਅੱਗ ਦੀਆਂ ਲਾਲ ਲਪਟਾਂ ਪੈ ਰਹੀਆਂ ਸਨ। ਉਹ ਜਿਵੇਂ ਸਮਾਧੀ ਲਾ ਕੇ ਬੈਠ ਗਈ ਸੀ। ਇਹ ਕੇਸ਼ਰ ਸੀ। ਇਕ ਨਿਸ਼ਚਿੰਤ, ਨਿਰਦਵੰਧ, ਖਿੜਖਿੜਾਉਂਦੀ ਧੀ ਦੀ ਭੂਮਿਕਾ ਤੋਂ ਕਿੰਨੀ ਛੇਤੀ ਦੁੱਖਾਂ ਵਿਚ ਭੁੱਜਦੀ ਬਜ਼ੁਰਗ ਔਰਤ ਦੀ ਭੂਮਿਕਾ ਵਿਚ ਉਤਰਨਾ ਪਿਆ ਸੀ। ਮੈਂ ਦੁਖੀ ਹੋ ਗਿਆ। ਆਖਿਰ ਬੋਲ ਹੀ ਪਿਆ, "ਤੇਰੇ ਲਈ ਮੈਂ ਵੀ ਕੁਸ਼ ਨਹੀਂ ਕਰ ਸਕਿਆ, ਧੀਏ। ਇਸ ਦਾ ਮੈਨੂੰ ਬਹੁਤ ਅਫਸੋਸ ਏ।"

"ਓ, ਨਹੀਂ ਪਾਪਾ। " ਕੇਸ਼ਰ ਨੇ ਤਾਜ਼ੀ ਸੇਕੀ ਪੂਰੀ ਮੇਰੀ ਥਾਲੀ ਵਿਚ ਰੱਖਦਿਆਂ ਹੋਇਆਂ ਕਿਹਾ, "ਮੇਰੀ ਸੋਚ ਵਿਚ ਆਪਣੀ ਦੇਹ ਨਾ ਗਾਲੋ। ਜਿੰਨੇ ਦਿਨ ਆਪਣੀ ਬਾੜੀ-ਫੁਲਵਾੜੀ ਵਿਚ ਖੇਡਣਾ-ਖਾਣਾ ਲਿਖਿਆ ਸੀ, ਖੇਡੇ-ਖਾਏ। ਹੁਣ ਤਾਂ ਜਦ ਮੈਨੂੰ ਅੱਡ ਹਿੱਸਾ ਮਿਲ ਗਿਆ ਏ, ਤਾਂ ਜਿਹੋ ਜਿਹਾ ਵੀ ਏ, ਉਸਨੂੰ ਭੋਗਣਾ ਹੀ ਹੋਊਗਾ, ਝਲਣਾ ਹੀ ਪਊਗਾ। ਮਾਂ-ਬਾਪ ਜਨਮ ਦੇ ਸਾਥੀ ਹੁੰਦੇ ਨੇ ਪਾਪਾ। 'ਕਿਸਮਤ-ਰੇਖਾ' ਤਾਂ ਸਭ ਦੀ ਵੱਖਰੀ ਏ। ਜਦੋਂ ਜਨਕ ਜਿਹੇ ਬਾਪ ਜਿਹੜੇ ਰਾਜੇ ਵੀ ਸਨ ਤੇ 'ਬ੍ਰਹਮ-ਗਿਆਨੀ' ਵੀ, ਜਿਨ੍ਹਾਂ ਦੀ ਇੰਨੀ ਔਕਾਤ ਸੀ ਕਿ ਸੌ ਧੀਆਂ ਦੇ ਘਰਵਾਲਿਆਂ ਨੂੰ ਘਰ-ਜੁਆਈ ਰੱਖ ਕੇ ਉਮਰ ਭਰ ਖਵਾ ਸਕਦੇ ਸੀ। ਤਿੰਨ ਲੋਕ ਦੇ ਮਾਲਿਕ ਨਾਲ ਧੀ ਵਿਆਹ ਕੇ ਵੀ ਉਮਰ ਭਰ ਉਸਨੂੰ ਸੁਖੀ ਦੇਖਣ ਲਈ ਤਰਸ ਗਿਆ ਤਾਂ ਸਾਡੇ ਵਰਗੇ ਗਰੀਬ ਲੋਕਾਂ ਦੀ ਕੀ ਔਕਾਤ ?"

ਇਹ ਕੇਸ਼ਰ ਨਹੀਂ , ਕੇਸ਼ਰ ਦੇ ਰੂਪ ਵਿਚ ਭਾਰਤੀ ਨਾਰੀ ਦਾ ਹਜ਼ਾਰਾਂ-ਹਜ਼ਾਰਾਂ ਪੀੜ੍ਹੀਆਂ ਤੋਂ ਵਿਰਾਸਤ ਵਿਚ ਮਿਲਿਆ ਤਜ਼ਰਬਾ ਤੇ ਯਥਾਰਥ ਨੂੰ ਉਸਦੇ ਠੋਸ ਵਿਹਾਰਕ ਰੂਪ ਵਿਚ ਉਸਦੀ ਅੰਤਰ ਚੇਤਨਾ ਬੋਲ ਰਹੀ ਸੀ। ਇਸ ਹਕੀਕੀ ਦਰਸ਼ਨ ਨੂੰ ਸਹਿਜੇ ਕਿਸੇ ਕਿਤਾਬੀ ਤਰਕ ਨਾਲ ਕਟਣ ਦੀ ਹਿੰਮਤ ਸੰਭਵ ਨਹੀਂ ਸੀ।

ਥੋੜ੍ਹੀ ਦੇਰ ਕੋਈ ਕੁਝ ਨਹੀਂ ਬੋਲਿਆ।

ਆਖਿਰ ਉਸਦੇ ਪਿਤਾ ਨੇ ਆਪਣੇ ਸ਼ੱਕ ਤੋਂ ਉਸਨੂੰ ਸਾਵਧਾਨ ਕਰ ਦੇਣਾ ਚਾਹਿਆ, "ਸੁਣਿਐ ਤੇਰੇ ਜੇਠ ਜਠਾਣੀ ਪੁੱਠੇ-ਸਿੱਧੇ ਕਲੰਕ ਲਾਉਂਦੇ ਨੇ । ਤੂੰ ਤਾਂ ਖੁਦ ਹੀ ਸਮਝਦਾਰ ਹੈਂ ਧੀਏ। ਜਾਣੇ-ਅਣਜਾਣੇ ਅਜਿਹੀ ਕੋਈ ਗੱਲ ਨਹੀਂ ਹੋਣੀ ਚਾਹੀਦੀ ਕਿ .....।"

ਪੂਰੀ ਬਣਾਉਂਦੀ ਕੇਸ਼ਰ ਦੇ ਹੱਥ ਪਲ ਕੁ ਲਈ ਰੁਕ ਗਏ। ਉਸਨੇ ਸਿੱਧਿਆਂ ਪਿਉ ਦੀਆਂ ਅੱਖਾਂ ਵਿਚ ਤੱਕਿਆ, "ਇਹ ਕੀ ਕਹਿੰਦੇ ਹੋ ਪਾਪਾ ?"

ਫੇਰ ਬਿਲਕੁਲ ਕੋਈ ਕੁਝ ਨਾਂ ਬੋਲਿਆ।

ਸਫਰ ਦੀ ਥਕਾਨ ਸੀ। ਨੀਂਦ ਛੇਤੀ ਆ ਗਈ ਪਰ ਉਨੀਂ ਹੀ ਛੇਤੀ ਖੁੱਲ੍ਹ ਵੀ ਗਈ। ਕੋਈ ਰੋਂਦਾ ਹੈ ਕਿ ਗਾਉਂਦਾ ਹੈ ? ਚਾਰੇ ਪਾਸੇ ਗਾੜ੍ਹਾ ਹਨੇਰਾ ਸੀ। ਭਿਆਨਕ ਸੰਨਾਟਾ ਤੇ ਵਿਚਕਾਰੋਂ ਉਭਰਦਾ ਹੋਇਆ ਇਹ ਦਰਦ ਭਰਿਆ ਪਤਲਾ ਜ਼ਨਾਨਾ ਬੋਲ। ਮੈਂ ਦਬੇ ਪੈਰੀਂ ਬਰਾਂਡੇ ਵਿਚ ਆ ਗਿਆ। ਆਵਾਜ਼ ਕੇਸ਼ਰ ਦੀ ਸੀ। ਅੰਦਰਲੀ ਕੋਠੜੀ 'ਚੋਂ ਆ ਰਹੀ ਸੀ। ਬਲੀਆ ਪ੍ਰਵਾਸ ਦੇ ਦੌਰਾਨ ਸੁਣਿਆ, ਕਰੁਣ-ਕਵੀ ਧੀਰਜ ਦਾ ਗੀਤ-"ਸੀਤਾ ਦਾ ਦਰਦ"

....ਸੀਤਾ ਜੀ ਨੂੰ ਗਰਭ ਅਵਸਥਾ ਵਿਚ ਬਨਵਾਸ ਹੋ ਗਿਆ ਹੈ। ਲਛਮਣ ਉਸਨੂੰ ਧੋਖੇ ਨਾਲ ਜੰਗਲ ਵਿਚ ਛੱਡ ਆਇਆ ਹੈ। ਰਾਜਾ ਜਨਕ ਨੂੰ ਖ਼ਬਰ ਮਿਲਦੀ ਹੈ ਤਾਂ ਉਹ ਵਿਆਕੁਲ ਹੋ ਜਾਂਦਾ ਹੈ। ਤੁਰੰਤ ਰੱਥ ਦੇ ਕੇ ਮੰਤਰੀ ਜੀ ਨੂੰ ਭੇਜਦਾ ਹੈ, "ਜਾਕੇ ਜਨਕਪੁਰ ਲੈ ਆਓ। ਕਹਿਣਾ ਕਿ ਤੁਹਾਡੇ

ਮਾਂ–ਬਾਪ ਦਾ ਰੋਂਦਿਆਂ ਰੋਂਦਿਆਂ ਬੁਰਾ ਹਾਲ ਹੈ" ਪਰ ਸੀਤਾ ਮੰਤਰੀ ਜੀ ਨੂੰ ਸਮਝਾ–ਬੁਝਾ ਕੇ ਮੋੜ ਦਿੰਦੀ ਹੈ।

ਨਾ ਰੋਵੇ ਮਾਂ, ਨਾ ਰੋਵੇ ਪਿਤਾ
ਨਾ ਰੋਵੇ ਭਾਈ, ਹਜਾਰੀ ਜੀ...ਈ...ਈ...
ਆਪਣੇ ਕਰਮਾਂ ਵਿਚ 'ਜਰਨਾ' ਲਿਖਾ ਲਿਆਈ,
ਕੀ ਕਰਨਗੇ ਪਿਤਾ–ਮਾਈ ਜੀ...ਈ.. ਈ...।

ਹੁਣ ਮੰਤਰੀ ਕਿਵੇਂ ਸਮਝਾਵੇ ਕਿ ਗੱਲ ਸਿਰਫ ਧੀ ਦੇ ਦੁਖ ਦਰਦ ਦੀ ਹੀ ਨਹੀਂ ਹੈ।ਇਸ ਨਾਲ ਪਿਉ ਦੀ ਇੱਜਤ ਵੀ ਜੁੜੀ ਹੋਈ ਹੈ।ਦੁੱਖ–ਖੁੜ੍ਹਾਂ ਕਰਕੇ ਜਾਂ ਕਿਸੇ ਤਰ੍ਹਾਂ ਵੀ ਜੇਕਰ ਧੀ ਦਾ ਪੈਰ ਕਿਤੇ ਉਚਾ–ਨੀਵਾਂ ਟਿਕ ਗਿਆ ਜਾਂ ਕੋਈ ਐਸੀ–ਵੈਸੀ ਗੱਲ ਹੋ ਗਈ, ਜਿਸ ਨਾਲ ਬਾਪ ਦੀ ਮੁੱਛ ਨੀਵੀਂ ਹੁੰਦੀ ਹੋਵੇ ਤਾਂ....?

ਕੀ ਕਹਿੰਦੇ ਹੋ ਮੰਤਰੀ ਜੀ।ਇਸਦਾ ਮਤਲਬ ਪਾਪਾ ਮੈਨੂੰ ਅਜੇ ਤਕ ਸਮਝ ਹੀ ਨਹੀਂ ਸਕੇ। ਪਾਪਾ ਨੂੰ ਜਾ ਕੇ ਕਹੋ...

"ਮੁੱਛਾਂ ਤੇਰੀਆਂ ਬਾਪੂ ਨੀਵੀਆਂ ਨਾ ਹੋਈਆਂ
ਪੱਗ ਕਿਸੇ ਨਾ ਉਤਾਰੀ ਜੀ....ਈ...ਈ....
ਟੁੱਟੀ ਝੌਂਪੜੀ ਵਿਚ ਜ਼ਿੰਦਗੀ ਬਿਤਾਊ,
ਨਹੀਂ ਜਾਊ ਕਿਸੇ ਹੋਰ ਦੇ ਦੁਆਰੀ ਜੀ....ਈ...

ਵਿਚਾਲੇ ਜਗਦੀ ਲਾਲਟੈਣ ਦੀ ਰੌਸ਼ਨੀ ਦੀ ਪਤਲੀ ਰੇਖਾ ਤਖਤਿਆਂ ਦੀ ਵਿਰਲ 'ਚੋਂ ਬਾਹਰ ਆ ਰਹੀ ਹੈ।ਮੈਂ ਅੰਦਰ ਦੇਖਣ ਦੀ ਕੋਸ਼ਿਸ਼ ਕਰਦਾ ਹਾਂ।ਇਕ ਹੱਥ ਵਿਚ ਕੈਂਚੀ ਫੜੀ, ਸਿਲਾਈ ਮਸ਼ੀਨ ਅੱਗੇ ਰੱਖੀਂ ਬੈਠੀ ਹੈ ਕੇਸ਼ਰ।ਚਿਹਰਾ ਸਾਹਮਣੇ ਹੈ।ਅੱਖਾਂ ਹੰਝੂਆਂ ਨਾਲ ਭਰੀਆਂ ।ਪਲਕਾਂ ਬੰਦ। ਮਸ਼ੀਨ ਵਿਚ ਇਕ ਅਧਸਿਉਂਤਾ ਕੱਪੜਾ ਲੱਗਿਆ ਹੋਇਆ ਹੈ।

ਮੈਂ ਦਬੇ ਪੈਰੀਂ ਮੁੜ ਆਉਂਦਾ ਹਾਂ।ਗਾੜ੍ਹੇ ਹਨੇਰੇ ਵਿਚ ਮੇਰੀਆਂ ਅੱਖਾਂ ਦੇਖ ਰਹੀਆਂ ਹਨ। ਸਿਲਾਈ ਮਸ਼ੀਨ ਦੇ ਸਾਹਮਣੇ ਬੈਠੀ ਗਾਉਂਦੀ ਰੋਂਦੀ ਕੇਸ਼ਰ... ਸ਼ਰਤ ਜਿੱਤ ਕੇ ਛੋਟੀਆਂ–ਛੋਟੀਆ ਚੀਜ਼ਾਂ ਬਟੋਰਦੀ ਕੇਸ਼ਰ....।ਛਤਰੀ ਅਕਾਰ ਦਾ ਘਗਰਾ ਫੈਲਾ ਕੇ ਨੱਚਦੀ ਕੇਸ਼ਰ...ਖਿੜਖਿੜਾਉਂਦੀ ਕੇਸ਼ਰ....।ਤੇ ਪਿਉ ਦੇ ਮੋਢੇ ਨੂੰ ਥਪਥਪਾ ਕੇ ਤਸੱਲੀ ਦਿੰਦੀ ਕੇਸ਼ਰ ਕਿ

ਨਹੀਂ ਜਾਊ ਹੋਰ ਦੇ ਦੁਆਰੀ ਓ ਪਾਪਾ।ਨਹੀਂ ਜਾਊ ......।

**ਅਨੁਵਾਦ: ਗੁਰਮੇਲ ਮਡਾਹੜ**



## ਵਾਰੇਨ ਹੇਸਟਿੰਗਜ ਦਾ ਸਾਨ੍ਹ/ ਉਦਯ ਪ੍ਰਕਾਸ਼

ਇਹ ਕਿੱਸਾ ਅੱਜ ਤੋਂ ਲਗਭਗ ਢਾਈ ਸੌ ਸਾਲ ਪਹਿਲਾਂ ਦਾ ਹੈ। ਤੁਸੀਂ ਇਹ ਕਹਿ ਸਕਦੇ ਹੋ, ਇੰਨੀ ਪੁਰਾਣੀ ਗੱਲ ਅੱਜ ਚੁੱਕਣ ਦੀ ਕੀ ਤੁੱਕ ਹੈ ਕਿਉਂਜੁ ਇਨ੍ਹਾਂ ਢਾਈ ਸੌ ਸਾਲਾਂ ਵਿਚ ਇਹ ਦੁਨੀਆਂ ਪੂਰੀ ਤਰ੍ਹਾਂ ਬਦਲ ਚੁੱਕੀ ਹੈ। ਇਹ ਪ੍ਰੀਵਰਤਨ ਇੰਨੇ ਹੈਰਾਨੀਜਨਕ ਤੇ ਕਲਪਨਾ ਤੋਂ ਦੂਰ ਹਨ, ਜਿਨ੍ਹਾਂ ਦਾ ਅੰਦਾਜ਼ਾ ਢਾਈ ਸੌ ਸਾਲ ਪਹਿਲਾਂ ਕੋਈ ਜੋਤਸ਼ੀ, ਵਿਗਿਆਨਕ, ਸਮਾਜ-ਚਿੰਤਕ, ਦਾਰਸ਼ਨਿਕ ਜਾਂ ਅਫੀਮਚੀ, ਪਾਗਲ ਤੇ ਪੈਗੰਬਰ ਤਕ ਨਹੀਂ ਲਾ ਸਕਦਾ ਸੀ।

ਸੱਚ ਹੈ, ਆਖਿਰ ਕਲਪਨਾ ਦੀ ਵੀ ਤਾਂ ਕੋਈ ਹੱਦ ਹੁੰਦੀ ਹੈ, ਕਲਪਨਾ ਦੇ ਖੰਭ ਹਮੇਸ਼ਾ ਸਮੇਂ ਦੀ ਕੈਂਚੀ ਕੁਤਰਦੀ ਹੈ। ਨਹੀਂ ਤਾਂ ਹਰ ਕੋਈ ਭਵਿੱਖ ਪੁਰਾਣ ਰਚਦਾ, ਹਰ ਕੋਈ ਪੀਰ ਪੈਗੰਬਰ ਜਾਂ ਨੋਸਤਰਦਾਮਸ ਹੁੰਦਾ।

ਪਰ ਸੱਚ ਇਹ ਵੀ ਹੈ ਕਿ ਕੋਈ ਢਾਈ ਸੌ ਸਾਲ ਪਹਿਲਾਂ ਤੇ ਅੱਜ ਦੇ ਵਿਚਕਾਰ ਕੁਝ ਅਜਿਹਾ ਵੀ ਹੈ, ਜਿਹੜਾ ਭੋਰਾ ਵੀ ਨਹੀਂ ਬਦਲਿਆ ਹੈ। ਉਹ ਜਿਉਂ ਦਾ ਤਿਉਂ ਹੈ। ਤੁਸੀਂ ਕਹਿ ਸਕਦੇ ਹੋ ਕਿ ਇਤਿਹਾਸ ਦੇ ਅੰਤ ਦਾ ਐਲਾਨ ਕਰਨ ਵਾਲੇ ਸਾਰੇ ਪੰਡਿਤਾਂ ਦੇ ਬਾਵਜੂਦ ਇਤਿਹਾਸ ਹਮੇਸ਼ਾ ਨਿਵਰਤਮਾਨ ਹੈ। ਉਹ ਲਗਾਤਾਰ ਹੈ। ਮਸਾਲ ਵਜੋਂ ਪਲਾਸੀ ਦੀ ਲੜਾਈ (ਸੰਨ 1757 ਈ ) ਵਿਚ ਬੰਗਾਲ ਦੇ ਨਵਾਬ ਸਰਾਜਉਦੌਲਾ ਨੂੰ ਹਰਾਉਣ ਵਾਲੇ ਈਸਟ ਇੰਡੀਆ ਦੇ ਲਾਰਡ ਕਲਾਈਵ ਦੀ ਇਹ ਟਿਪਣੀ ਦੇਖੋ, "ਮੈਂ ਸਿਰਫ ਇਹ ਕਹਾਂਗਾ ਕਿ ਅਨੁਸ਼ਾਸਣਹੀਣਤਾ ਦਾ ਅਜਿਹਾ ਦ੍ਰਿਸ਼, ਅਜਿਹਾ ਭਰਮ, ਅਜਿਹੀ ਰਿਸ਼ਵਤਖੋਰੀ ਤੇ ਬੇਈਮਾਨੀ, ਅਜਿਹਾ ਭ੍ਰਿਸ਼ਟਾਚਾਰ, ਅਜਿਹੀ ਲੁੱਟ–ਖਸੁੱਟ ਜਿਹੋ ਜਿਹੀ ਸਾਡੇ ਰਾਜ ਵਿਚ ਅੱਜ ਦਿਖਾਈ ਦੇ ਰਹੀ ਏ, ਉਹੋ ਜਿਹੀ ਕਿਸੇ ਹੋਰ ਦੇਸ਼ ਵਿਚ ਨਾ ਕਦੇ ਸੁਣੀ ਗਈ ਸੀ, ਨਾ ਕਦੇ ਦੇਖੀ ਗਈ। ਅਚਾਨਕ ਧੰਨਾਢਾਂ ਦੀ ਬੇਹੱਦ ਦੌਲਤਪ੍ਰਸਤੀ ਨੇ ਅਯਾਸ਼ੀ ਤੇ ਭੋਗ ਦੇ ਭਿਆਨਕ ਰੂਪ ਨੂੰ ਚਾਰੇ ਪਾਸੇ ਪੈਦਾ ਕਰ ਦਿੱਤਾ ਏ। ਇਸ ਬੁਰਾਈ ਨਾਲ ਹਰ ਡਿਪਾਰਟਮੈਂਟ ਦਾ ਹਰ ਮੈਂਬਰ ਪ੍ਰਭਾਵਿਤ ਏ। ਹਰ ਛੋਟਾ ਮੁਲਾਜਿਮ ਵਧ ਤੋਂ ਵਧ ਧਨ ਹੜੱਪ ਕੇ ਬੜੇ ਮੁਲਾਜ਼ਮ ਜਾਂ ਅਧਿਕਾਰੀ ਦੇ ਬਰਾਬਰ ਹੋ ਜਾਣਾ ਚਾਹੁੰਦਾ ਏ ਕਿਉਂਕਿ ਉਹ ਇਹ ਜਾਣਦਾ ਏ ਕਿ ਧਨ ਤੇ ਤਾਕਤ ਹੀ ਉਸ ਨੂੰ ਵੱਡਾ ਬਣਾ ਰਹੇ ਨੇ.....ਕੋਈ ਅਚੰਭਾ ਨਹੀਂ ਕਿ ਦੌਲਤ ਦੀ ਇਸ ਹਵਸ ਨੂੰ ਪੂਰਾ ਕਰਨ ਵਾਲੇ ਸਾਧਨ ਇਨ੍ਹਾਂ ਲੋਕਾਂ ਦੇ ਉਹ 'ਅਧਿਕਾਰ' ਨੇ ਜਿਹੜੇ ਇਨ੍ਹਾਂ ਨੂੰ ਬੜੀ ਜ਼ੁੰਮੇਵਾਰੀ ਨਾਲ ਪ੍ਰਸ਼ਾਸਨ ਚਲਾਉਣ ਦੇ ਲਈ ਦਿੱਤੇ ਗਏ ਨੇ। ਅਫਸੋਸ ਏ ਕਿ ਇਹ 'ਸਾਧਨ' ਸਿਰਫ ਰਿਸ਼ਵਤਖੋਰੀ ਜਿਹੇ ਭ੍ਰਿਸ਼ਟ ਆਚਰਣ  ਲਈ ਹੀ ਨਹੀਂ, ਲੁੱਟ–ਖਸੁੱਟ ਤੇ ਠੱਗੀ ਜਾਲਸਾਜ਼ੀ ਲਈ ਵੀ ਵਰਤੇ ਜਾ ਰਹੇ ਨੇ। ਇਸਦੀ ਮਿਸਾਲ ਉਪਰ ਦੇ ਅਹੁਦਿਆਂ 'ਤੇ ਬੈਠੇ ਲੋਕਾਂ ਨੇ ਕਾਇਮ ਕੀਤੀ ਏ ਤਾਂ ਭਲਾ ਹੇਠਲੇ ਲੋਕ ਉਸ ਦੀ ਨਕਲ ਕਰਨ ਵਿਚ ਨਾਕਾਮਯਾਬ ਕਿਉਂ ਰਹਿਣ?

ਇਹ ਰੋਗ ਹਰ ਥਾਂ ਏ। ਇਹ ਨਾਗਰਿਕ ਪ੍ਰਸ਼ਾਸਨ, ਪੁਲਿਸ ਤੇ ਫ਼ੌਜ ਹੀ ਨਹੀਂ,

ਲੇਖਕਾਂ, ਕਾਲਮ ਨਵੀਸਾਂ ਤੇ ਵਿਉਪਾਰੀਆਂ ਤਕ ਨੂੰ ਆਪਣੀ ਲਪੇਟ ਵਿਚ ਲੈ ਚੁੱਕਿਆ ਏ।"

ਇਹੀ ਹੈ ਉਹ ਬਿੰਦੂ ਜਿਥੋਂ ਢਾਈ ਸੌ ਸਾਲ ਪਹਿਲਾਂ ਦੀ ਕਹਾਣੀ ਅੱਜ ਦੀ ਕਹਾਣੀ ਬਣਦੀ ਹੈ। ਇਤਿਹਾਸ ਫੇਰ ਤੋਂ ਨਿਰੰਤਰਤਾ ਹਾਸਿਲ ਕਰਦਾ ਹੈ। ਇਸ ਸਦੀ ਦੇ ਇਕ ਮਹਾਨ ਕਹਾਣੀਕਾਰ ਦੀਆਂ ਇਹ ਸਤਰਾਂ ਅਮਰ ਹੋ ਜਾਂਦੀਆਂ ਹਨ ਕਿ ਸਾਰੇ ਸੰਸਾਰ ਵਿਚ ਆਦਿਕਾਲ ਤੋਂ ਅੱਜ ਤਕ ਬੱਸ ਇਕ ਹੀ ਕਹਾਣੀ ਰਚੀ ਗਈ ਹੈ, ਜਿਹੜੀ ਵਾਰ-ਵਾਰ ਦੁਹਰਾਈ ਜਾਂਦੀ ਹੈ। ਉਸਦਾ ਰੂਪ, ਉਸਦਾ ਕਲੇਵਰ ਬਦਲ ਸਕਦਾ ਹੈ, ਪਰ ਮੂਲ ਕਹਾਣੀ ਉਹੀ ਹੈ।

ਇਹ ਉਹ ਸਮਾਂ ਸੀ ਜਦ ਮੁਗਲਸ਼ਾਹੀ ਦੇ ਨਾਂ 'ਤੇ ਮੁਗਲਵੰਸ਼ ਦੇ ਕਾਇਰ, ਕਰਜ਼ਖੋਰ, ਅਯਾਸ਼ ਤੇ ਭਗੌੜੇ ਸ਼ਹਿਜਾਦੇ ਜਾਂ ਬੱਸ ਨਾਂ ਦੇ ਬਾਦਸ਼ਾਹ ਰਹਿ ਗਏ ਸੀ। ਦੂਜੇ ਪਾਸੇ ਲਗਾਤਾਰ ਵਧਦੀਆਂ ਜਾਂਦੀਆਂ ਹਰਮ ਦੀਆਂ ਤੀਵੀਆਂ, ਦਰਬਾਰ ਦੀਆਂ ਨਾਚੀਆਂ, ਨਾਚਾਰਾਂ, ਆਪਣੇ ਭਾਈ-ਭਤੀਜਿਆਂ, ਖੁਸ਼ਾਮਦੀਆਂ ਨੂੰ ਦੌਲਤ ਤੇ ਖਿਤਾਬ ਵੰਡਦੇ ਉਹ ਰਜਵਾੜੇ ਤੇ ਨਵਾਬ ਸਨ, ਜਿਨ੍ਹਾਂ ਦੇ ਕਾਰਿੰਦਿਆਂ ਦੀ ਵਸੂਲੀ ਤੇ ਉਗਰਾਹੀ ਦੇ ਡਰ ਤੋਂ ਘਰ, ਪਿੰਡ ਤੇ ਖੇਤ ਛੱਡ ਕੇ ਗਰੀਬ ਤੇ ਮੇਹਨਤਕਸ਼ ਕਿਸਾਨ ਦੌੜ ਜਾਂਦੇ ਸੀ। ਬਹਾਦਰ, ਲੁਟੇਰੇ, ਗੌਰਵਸ਼ਾਲੀ ਤੇ ਮਹੱਤਵਕਾਂਖੀ ਮਰਹੱਟੇ, ਰਾਜਪੂਤ, ਸਿੱਖ ਤੇ ਦੱਖਣ ਦੇ ਸ਼ਾਸਕ ਆਪਣੀ ਮਜ਼ਬੂਰ ਪਰਜਾ ਨੂੰ ਮਾਰਦੇ-ਕੁੱਟਦੇ ਰਹਿੰਦੇ ਸੀ।

ਇਨ੍ਹਾਂ ਤੋਂ ਇਲਾਵਾ ਪੱਛਮੀ ਦੇਸ਼ਾਂ ਤੋਂ ਸਮੁੰਦਰ ਪਾਰ ਕਰਕੇ ਆਈਆਂ ਹੋਈਆਂ ਵਿਉਪਾਰਕ ਕੰਪਨੀਆਂ ਸੀ-ਡੱਚ, ਫਰਾਂਸੀਸੀ, ਪੁਰਤਗਾਲੀ ਤੇ ਅੰਗਰੇਜ਼। ਉਨ੍ਹਾਂ ਕੰਪਨੀਆਂ ਵਿਚ ਕੰਮ ਕਰਨ ਵਾਲੇ ਗੋਰੇ ਅਫਸਰ, ਸਾਥੀ ਤੇ ਕਰਮਚਾਰੀ ਸਨ ਜਿਨ੍ਹਾਂ ਦੀ ਚਮੜੀ ਦਾ ਰੰਗ ਸਾਡੇ ਦੇਸ਼ ਦੇ ਗੋਰੇ ਤੋਂ ਗੋਰੇ ਆਦਮੀ ਤੋਂ ਵਧ ਸਫੈਦ ਜਾਂ ਗੁਲਾਬੀ ਸੀ। ਜਿਹੜੇ ਇਸ ਦੇਸ਼ ਨੂੰ, ਜਿਸਨੂੰ ਉਹ 'ਵੰਡਰ ਦੈਟ ਇਜ਼ ਇੰਡੀਆ' ਕਹਿੰਦੇ ਸੀ, ਆਪਣੀਆਂ ਚੌਕੰਨੀਆਂ, ਫਟੀਆਂ ਤੇ ਹੈਰਾਨੀਜਨਕ ਅੱਖਾਂ ਨਾਲ ਦੇਖ ਰਹੇ ਸੀ।

ਇਹ ਕਿੱਸਾ ਉਨ੍ਹਾਂ ਈ ਦਿਨਾਂ ਦਾ ਹੈ।

ਵਾਰੇਨ ਹੇਸਟਿੰਗਜ, ਜਿਹੜਾ ਮਗਰੋਂ 1772 ਵਿਚ ਈਸਟ ਇੰਡੀਆ ਕੰਪਨੀ ਦਾ ਗਵਰਨਰ ਬਣਿਆ, ਉਸ ਵੇਲੇ ਆਪਣੇ ਬਚਪਨ ਵਿਚ ਸੀ, ਭਾਵ ਇਹ ਗੱਲ 1750-70 ਦੇ ਵਿਚਾਲੇ ਦੀ ਹੋਵੇਗੀ।

× × ×

ਕਿੰਨਾ ਇਕੱਲਾਪਣ ਮਹਿਸੂਸ ਹੁੰਦਾ ਸੀ ਵਾਰੇਨ ਹੇਸਟਿੰਗਜ ਨੂੰ। ਉਹ ਸਭ ਤੋਂ ਅੱਡ ਸੀ। ਇਥੇ ਹਿੰਦੁਸਤਾਨ ਵਿਚ ਅਜਿਹਾ ਕੁੱਝ ਵੀ ਨਹੀਂ ਸੀ, ਜਿਹੋ ਜਿਹਾ ਇੰਗਲੈਂਡ ਵਿਚ ਸੀ।

ਇਥੋਂ ਦੇ ਲੋਕ ਕਾਲੇ, ਭੂਰੇ ਤੇ ਰਹੱਸਮਈ ਸਨ। ਜਦ ਉਹ ਆਪਸ ਵਿਚ ਗੱਲਾਂ ਕਰਦੇ ਸੀ ਤੇ ਹੱਸਦੇ ਹੋਏ ਉਨ੍ਹਾਂ ਦੇ ਮਟਮੈਲੇ ਦੰਦ ਬਾਹਰ ਨਿਕਲਦੇ ਸੀ ਤਾਂ ਉਹ ਡਰਾਉਣੇ, ਖਤਰਨਾਕ, ਸ਼ੱਕੀ, ਡਰਾਉਣੀਆਂ ਕਹਾਣੀਆਂ ਦੇ ਪਾਤਰ ਲੱਗਦੇ ਸੀ। ਉਦੋਂ ਤਕ ਵਾਰੇਨ ਹੇਸਟਿੰਗਜ ਨੂੰ ਗੁਲੀਵਰ ਦੀ ਯਾਤਰਾ ਬਾਰੇ ਵੀ ਪਤਾ ਨਹੀਂ ਸੀ, ਨਹੀਂ ਤਾਂ ਉਹ ਆਪਣੇ ਆਪ ਨੂੰ ਗੁਲੀਵਰ ਮੰਨਦਾ, ਇਸ ਦੀਪ ਨੂੰ ਭੇਤ ਭਰੇ, ਭੂਰੇ-ਕਾਲੇ ਦੈਤਾਂ ਦਾ ਦੇਸ਼ ਤੇ ਆਪਣੀ ਬਹਾਦਰੀ ਨਾਲ ਉਨ੍ਹਾਂ ਦਾ ਨਾਸ ਕਰਦਾ।

ਇਥੇ ਔਰਤਾਂ ਵੀ ਅਜਿਹੀਆਂ ਹੀ ਸਨ। ਉਹ ਲੱਕੜਾਂ ਵੱਢਦੀਆਂ, ਭਾਰੀ ਬੋਝ ਸਿਰ 'ਤੇ ਚੁੱਕਦੀਆਂ, ਨਦੀਆਂ ਤੋਂ ਮੱਛੀਆਂ ਫੜ ਕੇ ਲਿਆਉਂਦੀਆਂ ਤੇ ਅਨਾਜ ਦੇ ਵੱਟੇ ਉਨ੍ਹਾਂ ਨੂੰ ਬਾਜ਼ਾਰ ਵਿਚ ਵੇਚਦੀਆਂ। ਉਹ ਗੰਦੀਆਂ ਸਨ। ਉਨ੍ਹਾਂ ਦੇ ਬੱਚੇ, ਉਨ੍ਹਾਂ ਦੀ ਕਮਰ ਜਾਂ ਪਿੱਠ 'ਤੇ ਬਾਂਦਰ ਦੇ ਬੱਚੇ ਦੀ ਤਰ੍ਹਾਂ ਚੁੰਮੜੇ ਹੁੰਦੇ ਸੀ। ਨਦੀ ਦੇ ਘਾਟ ਜਾਂ ਖੂਹ ਦੇ ਕੋਲ ਉਸਨੇ ਇਨ੍ਹਾਂ ਤੀਵੀਆਂ ਦਾ ਝੁੰਡ ਅਕਸਰ ਦੇਖਿਆ ਸੀ। ਧਾਤ ਜਾਂ ਮਿੱਟੀ ਦੇ ਲਗਭਗ ਅਰਧਇਤਿਹਾਸਕ



ਭਾਂਡਿਆਂ ਜਾਂ ਘੜਿਆਂ ਵਿਚ ਪਾਣੀ ਭਰ ਕੇ, ਉਨ੍ਹਾਂ ਨੂੰ ਸਿਰ 'ਤੇ ਧਰ ਕੇ ਉਹ ਇਕ ਕਤਾਰ ਵਿਚ ਇਕ-ਦੂਜੀ ਦੇ ਪਿਛੇ ਚੁੱਪਚਾਪ ਤੁਰਦੀਆਂ। ਹੈਰਾਨੀ ਦੀ ਗੱਲ ਇਹ ਸੀ ਕਿ ਉਨ੍ਹਾਂ ਦੇ ਦੋਵੇਂ ਹੱਥ ਪੂਰੀ ਤਰ੍ਹਾਂ ਆਜ਼ਾਦ ਹੁੰਦੇ ਪਰ ਉਨ੍ਹਾਂ ਦੇ ਸਿਰ ਉਤਲਾ ਬਿਲਕੁਲ ਥੋੜ੍ਹੀ-ਜਿੰਨੀ ਥਾਂ 'ਤੇ ਟਿਕਿਆ ਹੋਇਆ ਗੋਲ ਘੜਾ ਉਨ੍ਹਾਂ ਦੇ ਚਲਣ ਤੇ ਸਿਰ ਘੁੰਮਾ ਕੇ ਇਕ ਦੂਜੀ ਨਾਲ ਗੱਲਾਂ ਕਰਨ ਦੇ ਬਾਵਜੂਦ, ਕਦੇ ਨਾ ਡਿੱਗਦਾ।

ਇਥੋਂ ਦੀ ਹਰ ਔਰਤ ਗੰਦੀ, ਖਤਰਨਾਕ ਤੇ ਹੱਦ ਦਰਜੇ ਦੀ ਜਿੰਮਨਾਸਟ ਸੀ। ਨਿਪੁੰਨ ਨਟਨੀ। ਵਾਰੇਨ ਹੇਸਟਿੰਗਜ ਨੇ ਉਨ੍ਹਾਂ ਨੂੰ ਮੂਹਲੇ ਨਾਲ ਜੀਰੀ ਜਾਂ ਕੋਈ ਦੂਜਾ ਅਨਾਜ ਕੁਟਦਿਆਂ ਹੋਇਆਂ, ਪੱਥਰ ਦੇ ਦੋ ਗੋਲ ਪਹੀਆਂ ਨੂੰ, ਜਿਸਨੂੰ ਚੱਕੀ ਜਾਂ ਜਤਵਾ ਕਹਿੰਦੇ, ਲਗਾਤਾਰ ਇਕ ਲੈਅ ਤੇ ਗਤੀ ਵਿਚ ਗੋਲ ਗੋਲ ਘੁੰਮਾ ਕੇ ਕਈ-ਕਈ ਮਣ ਦਾਲ ਦਲਦਿਆਂ ਹੋਇਆਂ ਦੇਖਿਆ ਸੀ। ਇੰਨੀ ਦਾਲ ਕਿ ਉਸਦੇ ਢੇਰਾਂ ਦੇ ਪਿਛੇ ਉਹ ਖੁਦ ਲੁਕ ਜਾਂਦੀਆਂ, ਸਿਰਫ ਚੱਕੀ ਦੀ ਆਵਾਜ਼ ਹੀ ਆਉਂਦੀ ਹੋਈ ਰਹਿ ਜਾਂਦੀ। ਧੋਬਣਾਂ ਨਦੀ ਦੇ ਘਾਟ 'ਤੇ ਕਿਸੇ ਛੋਟੇ-ਜਿਹੇ ਪੱਥਰ 'ਤੇ ਕੱਪੜੇ ਮਾਰਦੀਆਂ, ਜਿੰਨੀ ਵਾਰ ਕਪੜਾ ਪੱਥਰ 'ਤੇ ਵਜਦਾ ਉਨ੍ਹਾਂ ਦੇ ਗਲ਼ ਚੋਂ 'ਛੋਹ...ਛੋ, ਛੋਹ... ਛੋ' ਦੀ ਆਵਾਜ਼ ਨਿਕਲਦੀ। ਉਹ ਗਿਣਦਾ-ਗਿਣਦਾ ਥਕ ਜਾਂਦਾ।

ਵਾਰੇਨ ਹੇਸਟਿੰਗਜ ਘਾਟ ਤੋਂ ਕੁਝ ਦੂਰ ਬੈਠਾ ਹੋਇਆ ਉਨ੍ਹਾਂ ਨੂੰ ਚੁੱਪਚਾਪ ਦੇਖਦਾ। ਉਹ ਬਿਨਾਂ ਰੁਕਿਆਂ ਕੱਠਪੁਤਲੀਆਂ ਵਾਂਗ ਉਹ ਕੰਮ ਕਰਦੀਆਂ, ਉਹ ਲਕੜੀ ਜਾਂ ਕੋਲੇ ਦੀਆਂ ਬਣੀਆਂ ਹੋਈਆਂ ਲਗਦੀਆਂ। ਪਰ ਦੇਖਦਿਆਂ ਹੀ ਦੇਖ ਕੇ ਇਕ ਜਾਦੂ ਜਿਹਾ ਹੋ ਜਾਂਦਾ। ਨਦੀ ਤਟ ਦਾ ਸਾਰਾ ਰੇਤਾ ਖੂਬ ਸਾਫ, ਧੋਤੇ, ਚਮਕਦੇ ਤੇ ਰੰਗੀਨ ਕੱਪੜਿਆਂ ਨਾਲ ਢਕ ਜਾਂਦਾ। ਮੀਲਾਂ ਦੂਰ ਤੱਕ ਜਿਥੇ ਤੱਕ ਨਿਗਾਹ ਜਾਂਦੀ, ਕੱਪੜੇ ਹੀ ਕੱਪੜੇ ਸੁਕਦੇ ਦਿਖਾਈ ਦਿੰਦੇ। ਇਹ ਕੰਮ ਕਾਠ ਜਾਂ ਕੋਲੇ ਦੀ ਸਿਰਫ ਇਕ ਕਠਪੁਤਲੀ ਧੋਬਣ ਕਰ ਦਿੰਦੀ।

ਇਕ ਵਾਰ ਉਹ ਆਪਣੇ ਬੰਗਲੇ ਦੇ ਪਿਛਵਾੜੇ ਦੇ ਇਕ ਪਿੰਡ ਵਿਚ ਗਿਆ ਸੀ ਜਿਥੇ ਇਕ ਕਾਈ ਦੀ ਝੌਂਪੜੀ ਵਿਚ ਉਸਨੇ ਇਕ ਅਜਿਹੀ ਔਰਤ ਨੂੰ ਦੇਖਿਆ ਸੀ ਜਿਹੜੀ ਪੱਥਰ ਦੇ ਇਕ ਵੱਡੇ ਸਾਰੇ ਪਈਏ ਨੂੰ ਜ਼ੋਰ-ਜ਼ੋਰ ਨਾਲ ਘੁੰਮਾ ਕੇ ਛੱਡ ਦਿੰਦੀ ਸੀ। ਉਹ ਪਹੀਆ ਇਕ ਕਿੱਲ ਦੇ ਧੁਰੇ 'ਤੇ ਟਿਕਿਆ ਰਹਿੰਦਾ ਸੀ। ਔਰਤ ਫੁਰਤੀ ਨਾਲ ਉਸ ਪਹੀਏ ਦੇ ਵਿਚਾਲੇ ਮਿੱਟੀ ਦਾ ਇਕ ਥੋਬਾ ਰੱਖਦੀ, ਜਿਹੜਾ ਦੇਖਦਿਆਂ ਹੀ ਦੇਖਦਿਆਂ ਇਕ ਗੋਲ-ਮਟੋਲ ਘੜਾ ਜਾਂ ਗਮਲਾ ਜਾਂ ਸੁਰਾਹੀ ਬਣਨ ਲੱਗਦਾ। ਉਸ ਔਰਤ ਦਾ ਰੰਗ ਬਿਲਕੁਲ ਮਿੱਟੀ ਜਿਹਾ ਸੀ । ਉਸਨੇ ਸਿਰਫ ਆਪਣੀ ਕਮਰ 'ਤੇ ਇਕ ਪੁਰਾਣੇ ਕੱਪੜੇ ਦਾ ਟੋਟਾ ਬੰਨਿਆ ਹੋਇਆ ਸੀ। ਵਾਰੇਨ ਹੇਸਟਿੰਗਜ ਨੇ ਉਸ ਔਰਤ ਦੀਆਂ ਛਾਤੀਆਂ ਨੂੰ ਦੇਖਿਆ। ਉਹ ਜਾਣ ਗਿਆ ਸੀ ਕਿ ਇਹ ਵੀ ਪੱਥਰ ਦੇ ਉਸ ਘੁੰਮਦੇ ਹੋਏ ਪਹੀਏ 'ਤੇ ਮਿੱਟੀ ਰੱਖ ਕੇ ਉਸੇ ਪ੍ਰਕ੍ਰਿਆ ਵਿਚ ਬਣਾਈਆਂ ਗਈਆਂ ਹਨ। ਜਿਵੇਂ ਕਿ ਤੌਲੇ ਤੇ ਘੜੇ। ਓਨੇ ਹੀ ਗੋਲ, ਉਹੋ ਜਿਹਾ ਹੀ ਸਾਫ ਤੇ ਹੈਰਾਨੀਜਨਕ ਆਕਾਰ । ਇੰਨੀਆਂ ਹੀ ਨਹੀਂ, ਅਜਿਹੀਆਂ ਹੋਰ ਵੀ ਔਰਤਾਂ ਸਨ। ਇਕ ਉਹ ਸੀ, ਜਿਹੜੀ ਸਵੇਰੇ-ਸਵੇਰੇ ਬੰਗਲੇ ਵਿਚ ਫੁੱਲ ਤੇ ਗਜਰੇ ਦੇਣ ਆਉਂਦੀ ਸੀ। ਉਹ ਬਿਲਕੁਲ ਕਾਲੀ ਸੀ ਪਰ ਉਸਦੇ ਦੰਦ ਮੋਤੀਆਂ ਦੀ ਤਰ੍ਹਾਂ ਚਮਕਦੇ ਸੀ।

ਇੰਗਲੈਂਡ ਵਿਚ ਨਾ ਅਜਿਹੀ ਕੋਈ ਔਰਤ ਸੀ, ਨਾ ਹੀ ਅਜਿਹੇ ਫੁੱਲ ਸਨ ਜਿਹੜੇ ਇਸ ਤਰ੍ਹਾਂ ਕਿਸੇ ਅਜਨਬੀ ਸੈਂਟ ਦੀ ਤਰ੍ਹਾਂ ਮਹਿਕਦੇ ਸੀ।

ਉਨ੍ਹਾਂ ਵਿਚੋਂ ਇਕ ਸਫੈਦ ਫੁੱਲ ਅਜਿਹਾ ਸੀ, ਜਿਸਦੀ ਖੁਸ਼ਬੂ ਵਾਰੇਨ ਹੇਸਟਿੰਗਜ ਨੂੰ ਆਪਣੇ ਪੇਟ ਦੇ ਅੰਦਰ ਤੱਕ ਜਾਂਦੀ ਹੋਈ ਲੱਗੀ ਤੇ ਥੋੜ੍ਹੀ ਦੇਰ ਬਾਅਦ ਉਸਦੇ ਪੂਰੇ ਸਰੀਰ ਵਿਚੋਂ ਉਹੀ ਮਹਿਕ ਉਠਣ ਲੱਗੀ। ਸਭ ਤੋਂ ਅਚੰਭੇ ਦੀ ਗੱਲ ਤਾਂ ਇਹ ਸੀ ਕਿ ਜਦੋਂ ਉਹ ਸ਼ਾਮ ਨੂੰ ਘੋੜਸਵਾਰੀ ਦਾ ਅਭਿਆਸ ਕਰ ਰਿਹਾ ਸੀ ਤਾਂ ਉਸਦੇ ਪਸੀਨੇ ਵਿਚੋਂ ਉਹੀ ਫੁੱਲ ਮਹਿਕ ਰਿਹਾ ਸੀ। ਇਸ ਤੋਂ ਮਗਰੋਂ ਉਸਨੇ ਉਸ ਮੋਤੀਆਂ ਵਰਗੇ ਦੰਦਾਂ ਵਾਲੀ ਕਾਲੀ-ਕਲੂਟੀ ਔਰਤ ਤੋਂ, ਜਿਸ ਨੂੰ ਮਾਲਿਣ ਕਹਿੰਦੇ ਸੀ,

ਡਰਨਾ ਛੱਡ ਦਿੱਤਾ। ਉਹ ਉਸ ਤੋਂ ਉਹੀ ਸਫੈਦ ਫੁੱਲ ਲੈ ਕੇ ਆਪਣੀ ਜੇਬ ਵਿਚ ਪਾ ਲੈਂਦਾ।

ਉਸ ਨੇ ਉਸ ਮਾਲਣ ਨੂੰ ਇਕ ਵਾਰ ਸੁੰਘਿਆ ਸੀ। ਉਹ ਕਾਲੀ ਹੋਣ ਦੇ ਬਾਵਜੂਦ ਉਸੇ ਸਫੈਦ ਫੁੱਲ ਦੀ ਤਰ੍ਹਾਂ ਮਹਿਕ ਰਹੀ ਸੀ।

ਪਰ ਤਾਂ ਵੀ ਇਕ ਅਜਿਹਾ ਡਰ ਸੀ ਜਿਹੜਾ ਵਾਰੇਨ ਹੇਸਟਿੰਗਜ ਦੇ ਦਿਲ ਵਿਚ ਇਨ੍ਹਾਂ ਗੰਦੀਆਂ, ਹੈਰਾਨੀਜਨਕ ਤੇ ਭੇਤ ਭਰੀਆਂ ਔਰਤ ਪ੍ਰਤੀ ਗਹਿਰਾਈ ਨਾਲ ਬੈਠਿਆ ਹੋਇਆ ਸੀ। ਉਸ ਨੇ ਸੁਣ ਰੱਖਿਆ ਸੀ ਕਿ ਨਟਨੀ ਨਾਂ ਦੀ ਇਕ ਔਰਤ ਢੋਲ ਜਾਂ ਨਗਾਰੇ ਦੀ ਆਵਾਜ਼ ਦੇ ਨਾਲ ਜ਼ਮੀਨ ਤੋਂ ਉਪਰ ਬਾਂਸ ਦੇ ਇਕ ਉੱਚੇ ਡੰਡੇ 'ਤੇ ਜਾਂ ਪਤਲੀ ਤਣੀ ਹੋਈ ਰੱਸੀ 'ਤੇ ਤੁਰਨ ਲੱਗ ਜਾਂਦੀ ਸੀ। ਕੁਝ ਅਜਿਹੀਆਂ ਵੀ ਸਨ ਜੋ ਬੀਨ ਦੀ ਧੁੰਨ ਵਿਚ ਕੋਬਰੇ ਜਿਹੇ ਜ਼ਹਿਰੀਲੇ ਸੱਪਾਂ ਨੂੰ ਆਪਣੇ ਸਰੀਰ 'ਤੇ ਲਪੇਟ ਕੇ ਉਨ੍ਹਾਂ ਦਾ ਫਣ ਆਪਣੇ ਮੂੰਹ ਵਿਚ ਲੈ ਲੈਂਦੀਆਂ ਸਨ। ਉਸ ਨੂੰ ਇਹ ਵੀ ਦੱਸਿਆ ਗਿਆ ਸੀ ਕਿ ਕਈ-ਕਈ ਵਾਰ ਇਹ ਤੀਵੀਆਂ ਖੁਦ ਨਾਗਣਾਂ ਬਣ ਜਾਂਦੀਆਂ ਹਨ । ਜਿਸ ਤੋਂ ਬਦਲਾ ਲੈਣਾ ਹੁੰਦਾ ਹੈ, ਉਸ ਨੂੰ ਰਾਤ ਨੂੰ ਡੰਗ ਕੇ ਮੁੜ ਔਰਤਾਂ ਬਣ ਜਾਂਦੀਆਂ ਹਨ।

ਵਾਰੇਨ ਹੇਸਟਿੰਗਜ ਨੂੰ ਯਾਦ ਸੀ ਕਿ ਜਦੋਂ ਕਈ ਸਾਲ ਪਹਿਲਾਂ ਗੁਜਰਾਤ ਦੇ ਸੂਰਤ ਦੀ ਫੈਕਟਰੀ ਵਿਚ ਇੰਗਲੈਂਡ ਦੇ ਮਿਸਟਰ ਫਰੇਅਰ ਆਏ ਸੀ ਤੇ ਕੁਝ ਦਿਨ ਇੰਡੀਆ ਘੁੰਮ ਕੇ ਵਾਪਸ ਮੁੜੇ ਤਾਂ ਉਨ੍ਹਾਂ ਨੇ ਦੱਸਿਆ ਸੀ ਕਿ ਉਹ ਇਕ ਅਜੀਬੋਗਰੀਬ ਦੇਸ਼ ਹੈ। ਉਸਨੇ ਗੁਜਰਾਤ ਦੇ ਇਕ ਅਜਿਹੇ ਮਦਾਰੀ ਨੂੰ ਦੇਖਿਆ ਸੀ ਜਿਹੜਾ ਬੀਨ ਬਜਾ ਕੇ ਰੱਸੀ ਨੂੰ ਅਸਮਾਨ ਵਿਚ ਖੜਾ ਕਰ ਦਿੰਦਾ ਸੀ, ਉਸ ਰੱਸੀ 'ਤੇ ਛਿਪਕਲੀ ਵਾਂਗ ਰੇਂਘਦਾ ਹੋਇਆ ਉਸਦਾ ਮੁੰਡਾ ਆਸਮਾਨ ਵਿਚ ਗਾਇਬ ਹੋ ਜਾਂਦਾ ਸੀ।

ਬਾਅਦ ਵਿਚ ਨੇੜੇ-ਤੇੜੇ ਦੇ ਕਿਸੇ ਦਰਖਤ ਦੀ ਕਰੂੰਬਲ ਤੋਂ ਉਸ ਅਦਿਖ ਹੋ ਚੁੱਕੇ ਮੁੰਡੇ ਦੀ ਆਵਾਜ਼ ਆਉਂਦੀ ਸੀ, ਉਹ ਹਰ ਕਿਸੇ ਦਾ ਅਤੀਤ ਤੇ ਭਵਿੱਖ ਦੱਸ ਦਿੰਦਾ ਸੀ। ਫਰੇਅਰ ਨੇ ਦੱਸਿਆ ਸੀ ਕਿ ਰਸੀ 'ਤੇ ਚੜ ਕੇ ਆਸਮਾਨ ਵਿਚ ਗਾਇਬ ਹੋਣ ਵਾਲੇ ਉਸ ਅਦਿਖ ਮੁੰਡੇ ਦੀ ਆਵਾਜ਼ ਨੇ ਭਵਿੱਖਬਾਣੀ ਕੀਤੀ ਸੀ ਕਿ ਫਰਾਂਸੀਸੀ ਕੰਪਨੀ ਅੰਗਰੇਜ਼ਾਂ ਦੀ ਈਸਟ ਇੰਡੀਆ ਕੰਪਨੀ ਤੋਂ ਹਾਰ ਜਾਵੇਗੀ। ਡੁਪਲੇ ਨੂੰ ਉਸਦੇ ਆਪਣੇ ਫਰਾਂਸੀਸੀ ਲੋਕ ਹੀ ਖਤਮ ਕਰ ਦੇਣਗੇ ਤੇ ਇੰਡੀਆ ਵਿਚ ਕੰਪਨੀ ਦਾ ਰਾਜ ਹੋਵੇਗਾ। ਫਰੇਅਰ ਨੇ ਇਹ ਵੀ ਦੱਸਿਆ ਸੀ ਕਿ ਉਹ ਅਦਿਖ ਮੁੰਡੇ ਦੀ, ਨਾਲ ਦੇ ਉੱਚੇ ਪਿੱਪਲ ਦੀ ਕਰੂੰਬਲ ਤੋਂ ਆਉਣ ਵਾਲੀ ਆਵਾਜ਼ ਨੇ ਇਹ ਵੀ ਕਿਹਾ ਸੀ ਕਿ ਦੋ ਸੌ ਸਾਲਾਂ ਬਾਅਦ ਜਦ ਅੰਗਰੇਜ਼ ਮਾਲੋਮਾਲ ਹੋ ਕੇ ਵਾਪਸ ਆਪਣੇ ਦੇਸ਼ ਇੰਗਲੈਂਡ ਮੁੜਨਗੇ, ਉਦੋਂ ਵੀ ਇੰਡੀਆ ਵਿਚ ਉਨ੍ਹਾਂ ਵਰਗੇ ਹੀ ਸਥਾਨਕਾਂ ਦਾ ਰਾਜ ਹੋਵੇਗਾ। ਉਹ ਲੋਕ ਉਹ ਖਾਣਗੇ ਜੋ ਅੰਗਰੇਜ਼ ਖਾਂਦੇ ਹਨ। ਉਹੀ ਪੀਣਗੇ ਜੋ ਅੰਗਰੇਜ਼ ਪੀਂਦੇ ਹਨ। ਉਹ ਉਹੀ ਭਾਸ਼ਾ ਬੋਲਣਗੇ ਜੋ ਅੰਗਰੇਜ਼ ਬੋਲਦੇ ਹਨ। ਉਨ੍ਹਾਂ ਦੇ ਕੱਪੜੇ, ਵਿਚਾਰ, ਸੁਪਨੇ, ਇੱਛਾਵਾਂ, ਅੰਗਰੇਜ਼ੀ ਹੋਣਗੀਆਂ। ਉਹ ਹਰ ਇੰਡੀਅਨ ਚੀਜ਼ ਤੋਂ ਘਿਰਣਾ ਕਰਨਗੇ, ਉਹ ਇੰਡੀਆ ਨੂੰ ਉਸ ਤੋਂ ਵੀ ਵੱਧ ਲੁਟਣਗੇ, ਜਿਨ੍ਹਾਂ ਵਿਦੇਸ਼ੀ ਕੰਪਨੀਆਂ ਨੇ ਲੁਟਿਆ ਹੈ।

ਫਰੇਅਰ ਨੇ ਸ਼ਰਾਬ ਦੇ ਨਸ਼ੇ ਵਿਚ ਗੁਜਰਾਤ ਦੇ ਕੱਛ ਵਾਲੇ ਰੇਗਿਸਤਾਨੀ ਮੈਦਾਨ ਵਿਚੋਂ ਸ਼ਿਕਾਰ ਕੀਤੀ ਗਈ ਜੰਗਲੀ ਖੱਚਰ ਦੀ ਬੋਟੀ ਚਬਾਉਂਦਿਆਂ ਹੋਇਆਂ ਕਿਹਾ ਸੀ ਕਿ ਅਖੀਰ ਵਿਚ ਉਸ ਮੁੰਡੇ ਨੇ ਇਕ ਅਜਿਹਾ ਵਾਕ ਕਿਹਾ ਸੀ ਜਿਹੜਾ ਕਿਸੇ ਪੁਰਾਤਨ ਗਰੰਥ ਦੀ ਚੌਪਾਈ ਜਿਹਾ ਲਗਦਾ ਸੀ। ਉਸਦਾ ਅਰਥ ਇਹ ਸੀ ਕਿ ਵਿਦੇਸ਼ੀਆਂ ਨੇ ਉਥੇ ਰਹਿਣ ਵਾਲੇ ਸਾਧਾਰਨ ਮਨੁੱਖਾਂ ਦੀਆਂ ਜਿੰਨੀਆਂ ਹੱਤਿਆਵਾਂ ਪੰਜ ਸੌ ਸਾਲਾਂ ਵਿਚ ਨਹੀਂ ਕੀਤੀਆਂ ਹੋਣਗੀਆਂ, ਉਸ ਤੋਂ ਵਧ ਇਹ ਲੋਕ ਸਿਰਫ ਪੰਜਾਹ ਸਾਲਾਂ ਵਿਚ ਕਰ ਦੇਣਗੇ। ਇਸ ਤੋਂ ਮਗਰੋਂ ਮਿਸਟਰ ਫਰੇਅਰ ਠਹਾਕੇ ਮਾਰ ਕੇ ਹੱਸਣ ਲੱਗਿਆ ਸੀ। ਪੁੱਛਣ 'ਤੇ ਉਸਨੇ ਦੱਸਿਆ ਸੀ ਕਿ ਹੋਇਆ ਇਹ ਕਿ ਇਸ ਤੋਂ ਮਗਰੋਂ ਮਦਾਰੀ ਦੀ ਹਵਾ ਵਿਚ ਟੰਗੀ ਹੋਈ ਰਸੀ ਡਿਗ ਪਈ ਤੇ ਮਦਾਰੀ ਦੇ ਜ਼ੋਰ-ਜ਼ੋਰ ਨਾਲ ਬੁਲਾਉਣ 'ਤੇ ਵੀ ਪਿੱਪਲ ਦੀ ਕਰੂੰਬਲ ਤੋਂ ਮੁੰਡੇ ਦੀ ਆਵਾਜ਼ ਆਉਣੀ ਬੰਦ ਹੋ ਗਈ। ਸਾਰੇ ਲੋਕ ਡਰ ਗਏ, ਇਥੋਂ ਤਕ ਕਿ ਖੁਦ



ਮਦਾਰੀ ਦੇ ਚਿਹਰੇ ਦਾ ਰੰਗ ਉਡ ਗਿਆ। ਤਦੇ ਮੁੰਡੇ ਦੀ ਖਿੜਖਿੜਾ ਕੇ ਹੱਸਣ ਦੀ ਆਵਾਜ਼ ਆਈ। ਉਹ ਤਮਾਸ਼ਬੀਨਾਂ ਦੀ ਭੀੜ ਵਿਚ ਮਿਸਟਰ ਫਰੇਅਰ ਦੇ ਬਿਲਕੁਲ ਪਿਛੇ ਖੜਾ ਸੀ। ਜਦੋਂ ਉਸਨੇ ਉਸ ਨੂੰ ਚਾਂਦੀ ਦਾ ਇਕ ਰਾਅਲ ਸਿੱਕਾ ਬਖਸ਼ੀਸ਼ ਵਿਚ ਦਿੱਤਾ ਸੀ ਤਾਂ ਉਹ ਝੁਕਝੁਕ ਕੇ ਉਸ ਨੂੰ ਸਲਾਮ ਕਰਨ ਲੱਗ ਪਿਆ। ਕਿਸੇ ਪਾਲਤੂ ਬਾਂਦਰ ਵਾਂਗ। ਉਸਨੇ ਉਸ ਤੋਂ ਪੁੱਛਿਆ ਕਿ ਤੂੰ ਇਹ ਦੱਸ ਕਿ ਮੈਨੂੰ ਕੰਪਨੀ ਦੀ ਨੌਕਰੀ ਵਿਚ ਤਰੱਕੀ ਮਿਲੇਗੀ ਜਾਂ ਨਹੀਂ, ਤਾਂ ਉਸ ਮੁੰਡੇ ਨੇ ਕਿਹਾ ਕਿ ਕਿਉਂਜੁ ਉਹ ਆਕਾਸ਼ ਤੋਂ ਮੁੜ ਆਇਆ ਹੈ ਇਸ ਲਈ ਉਹ ਕੋਈ ਭਵਿੱਖਬਾਣੀ ਨਹੀਂ ਕਰ ਸਕਦਾ।

× × ×

ਇਸ ਲਈ ਵਾਰੇਨ ਹੇਸਟਿੰਗਜ ਦੇ ਮਨ ਵਿਚ ਜਿਥੇ ਇਕ ਪਾਸੇ ਇਨ੍ਹਾਂ ਲੋਕਾਂ ਨੂੰ ਲੈ ਕੇ ਇਕ ਡੂੰਘਾ ਸ਼ੱਕ ਤੇ ਭੈ ਸੀ, ਉਥੇ ਉਸਦੇ ਮਨ ਵਿਚ ਇਨ੍ਹਾਂ ਨੂੰ ਕੁਝ ਹੋਰ ਜਾਨਣ ਦੀ ਉਤਸੁਕਤਾ ਵੀ ਸੀ। ਉਹ ਅਜੇ ਮੁੰਡਾ ਹੀ ਸੀ ਇਸ ਲਈ ਉਨ੍ਹਾਂ ਰਹੱਸਮਈ ਡਰਾਉਣੇ ਅਰਧਮਨੁੱਖਾਂ ਵਰਗੇ ਇਨ੍ਹਾਂ ਮਨੁੱਖਾਂ ਦੇ ਮੁਕਾਬਲੇ ਵਿਚ ਤੀਵੀਆਂ ਉਸ ਨੂੰ ਘੱਟ ਖਤਰਨਾਕ ਲੱਗਦੀਆਂ ਸੀ।

ਇਕ ਔਰਤ ਦੀ ਮੂਰਤ ਜਾਂ ਚਿੱਤਰ ਉਸ ਨੂੰ ਅਕਸਰ ਦਿਖਾਈ ਦਿੰਦਾ ਸੀ, ਜਿਹੜੀ ਇਕ ਸ਼ੇਰ ਉਪਰ ਬੈਠੀ ਰਹਿੰਦੀ ਸੀ, ਜਿਸਦੇ ਕਈ ਹੱਥ ਸਨ। ਉਸਦੇ ਇਕ ਦ੍ਰਿਸ਼ ਵਿਚ ਕਿਸੇ ਡਰਾਉਣੇ ਆਦਮੀ ਦਾ ਕਟਿਆ ਹੋਇਆ ਸਿਰ ਤੇ ਉਸਦੇ ਬੁੱਲ੍ਹਾਂ 'ਤੇ ਲਾਲ-ਲਾਲ ਖੂਨ ਲੱਗਿਆ ਹੁੰਦਾ ਸੀ।

ਮੁਕਾਬਲਾ ਔਖਾ ਹੈ। ਅਸੀਂ ਇਨ੍ਹਾਂ ਨੂੰ ਹੀ ਗੁਲਾਮ ਬਣਾਉਣਾ ਹੈ। ਉਸਦੇ ਅੰਦਰ ਉਸ ਬਹਾਦਰ ਸ਼ਿਕਾਰੀ ਜਿਹੀ ਬਹਾਦਰੀ ਦੀ ਭਾਵਨਾ ਪੈਦਾ ਹੋਣ ਲੱਗਦੀ ਜਿਹੜਾ ਕਿਸੇ ਸੰਘਣੇ, ਖੂੰਖਾਰ ਜੰਗਲ ਵਿਚ ਆਦਮਖੋਰ ਜੰਗਲੀ ਜਾਨਵਰਾਂ ਦਾ ਸ਼ਿਕਾਰ ਕਰਨ ਵੜਿਆ ਹੋਵੇ।

ਅਜੇ ਕੁਝ ਹੀ ਰਾਤ ਪਹਿਲਾਂ, ਜਿਥੇ ਕੰਪਨੀ ਦੇ ਗਾਰਡਜ਼ ਤੇ ਸਿਪਾਹੀਆਂ ਦੇ ਕਮਰੇ ਸਨ, ਉਸਨੇ ਇਕ ਤੀਵੀਂ ਦੀਆਂ ਜ਼ੋਰ-ਜ਼ੋਰ ਨਾਲ ਚੀਕਣ ਤੇ ਹੱਸਣ ਦੀਆਂ ਆਵਾਜ਼ਾਂ ਸੁਣੀਆਂ ਸੀ। ਉਹ ਆਪਣੇ ਬੰਗਲੇ ਵਿਚੋਂ ਨਿਕਲ ਕੇ ਲੁਕਦਾ ਹੋਇਆ ਉਥੇ ਪਹੁੰਚ ਗਿਆ ਸੀ। ਉਹ ਗੋਰੇ ਨੌਜਵਾਨ ਗਾਰਡ ਕਿਸੇ ਔਰਤ ਨੂੰ ਫੜ ਲਿਆਏ ਸੀ। ਉਹ ਪੂਰੀ ਤਰ੍ਹਾਂ ਨੰਗੀ ਸੀ ਪਰ ਵਾਰੇਨ ਹੇਸਟਿੰਗਜ ਨੇ ਦੇਖਿਆ ਕਿ ਉਸ ਔਰਤ ਨੇ ਕੋਈ ਲਾਲ ਲਾਲ ਚੀਜ਼ ਖਾਧੀ ਸੀ, ਜਿਸ ਕਰਕੇ ਵਾਰ ਵਾਰ ਉਹ ਲਹੂ ਵਰਗਾ ਕੁਝ ਬਾਹਰ ਥੁਕਦੀ ਸੀ ਤੇ ਜ਼ੋਰ-ਜ਼ੋਰ ਦੀ ਹੱਸਦੀ ਹੋਈ ਉਨ੍ਹਾਂ ਪੰਜਾਂ ਗੋਰੇ ਮੁੰਡਿਆਂ ਨੂੰ ਫੜ ਕੇ ਆਪਣੇ ਵੱਲ ਖਿਚਦੀ ਸੀ। (ਅਸਲ ਵਿਚ ਉਸਨੇ ਪਾਨ ਖਾਧਾ ਹੋਇਆ ਸੀ)। ਹੇਸਟਿੰਗਜ ਨੇ ਦੇਖਿਆ ਕਿ ਉਹ ਪੰਜੇ ਗਾਰਡ ਬੁਰੀ ਤਰ੍ਹਾਂ ਡਰੇ ਹੋਏ ਸੀ। ਉਹ ਔਰਤ ਕਿਸੇ ਚਿੱਤੇ ਦੀ ਤਰ੍ਹਾਂ ਵਾਰ-ਵਾਰ ਝਪੁੱਟੇ ਮਾਰ ਕੇ ਉਨ੍ਹਾਂ ਨਾਲ ਲਿਪਟਦੀ ਸੀ ਤੇ ਹੱਸਦੀ ਸੀ।

ਮਗਰੋਂ ਬੜੀ ਮੁਸ਼ਕਲ ਨਾਲ ਉਨ੍ਹਾਂ ਪੰਜਾਂ ਸਿਪਾਹੀਆਂ ਨੇ ਉਸ ਨੂੰ ਪੈਸੇ ਦੇ ਕੇ, ਕੁੱਟ ਕੇ ਤੇ ਹੱਥ-ਪੈਰ ਫੜ ਕੇ ਘੜੀਸਦਿਆਂ ਹੋਇਆਂ ਅਹਾਤੇ ਤੋਂ ਬਾਹਰ ਕੱਢਿਆ। ਉਥੇ ਬਹੁਤ ਦੇਰ ਤੱਕ ਖੜੀ ਹੋਈ ਉਹ ਔਰਤ ਜ਼ੋਰ ਜ਼ੋਰ ਨਾਲ ਕੁਝ ਚੀਕਦੀ ਰਹੀ ਤੇ ਹੱਸਦੀ ਰਹੀ। ਮਗਰੋਂ ਪਤਾ ਲੱਗਿਆ ਕਿ ਉਹ ਕੋਈ ਬੰਜਾਰਨ ਰੰਡੀ ਸੀ, ਜਿਸ ਨੂੰ ਕੰਪਨੀ ਦੇ ਨੌਜਵਾਨ ਸਿਪਾਹੀ ਕਿਤੋਂ ਲੈ ਆਏ ਸੀ।

ਉਸਨੇ ਕੰਪਨੀ ਦੇ ਹੀ ਇਕ ਏਜੰਟ ਮਿਸਟਰ ਚਾਰਲਸਟ ਤੋਂ ਸੁਣਿਆ ਸੀ ਕਿ ਹੋ, ਸੰਤਾਲ, ਪਿੰਡਾਰੀ ਤੇ ਚੁਆਰ ਜਾਤ ਦੀਆਂ ਔਰਤਾਂ ਇਕ ਛੋਟੀ-ਜਿਹੀ ਰੱਸੀ ਦੇ ਟੁੱਕੜੇ ਨਾਲ ਤਕੜੇ ਤੋਂ ਤਕੜੇ ਆਦਮੀ ਨੂੰ ਇਕ ਮਿੰਟ ਵਿਚ ਮਾਰ ਦਿੰਦੀਆਂ ਹਨ।

"ਓ ਜੀਸਸ, ਵੇਅਰ ਦ ਹੇਲ ਆਯਮ !" ਵਾਰੇਨ ਹੇਸਟਿੰਗਜ ਨੇ ਕਿਹਾ।

× × ×

ਇਹ ਉਹ ਦੌਰ ਸੀ ਜਦੋਂ ਫਰਾਂਸੀਸੀ ਕੰਪਨੀ ਅਤੇ ਇੰਗਲੈਂਡ ਦੀ ਈਸਟ ਇੰਡੀਆ ਕੰਪਨੀ ਦੇ ਵਿਚਕਾਰ ਯੂਰਪ, ਅਮਰੀਕਾ ਤੇ ਏਸ਼ੀਆ ਦੇ ਸਮੁੰਦਰਾਂ, ਬਾਜ਼ਾਰਾਂ ਤੇ ਕੁਦਰਤੀ ਸੋਮਿਆਂ ਨੂੰ ਹਥਿਆਉਣ ਲਈ ਵੀਹ ਸਾਲ ਤੋਂ ਲੜਾਈ ਚਲ ਰਹੀ ਸੀ। ਇਸ ਦੌੜ ਵਿਚ ਡਚ ਤੇ ਪੁਰਤਗਾਲੀ

ਵੀ ਸ਼ਾਮਲ ਸਨ ਪਰ ਉਹ ਕਮਜ਼ੋਰ ਪੈਂਦੇ ਜਾ ਰਹੇ ਸੀ।

ਫਰਾਂਸੀਸੀ ਕੰਪਨੀ ਤੇ ਈਸਟ ਇੰਡੀਆ ਕੰਪਨੀ ਵਿਚ ਸਭ ਤੋਂ ਵੱਡਾ ਫਰਕ ਇਹ ਸੀ ਕਿ ਜਿਥੇ ਫਰਾਂਸੀਸੀ ਕੰਪਨੀ ਸਰਕਾਰੀ ਜਾਂ ਪਬਲਿਕ ਸੈਕਟਰ ਦੀ ਸੀ, ਉਥੇ ਈਸਟ ਇੰਡੀਆ ਕੰਪਨੀ ਇਕ ਪ੍ਰਾਈਵੇਟ ਕੰਪਨੀ ਸੀ। ਸੋ ਉਸਦੇ ਅਫਸਰ ਤੇ ਮੁਲਾਜ਼ਮ ਵੱਧ ਤੋਂ ਵੱਧ ਮੁਨਾਫਾ ਕਮਾਉਣ ਲਈ ਜ਼ਿਆਦਾ ਜੀ-ਜਾਨ ਲਾਉਂਦੇ ਸੀ। ਭਾਵ ਅੱਜ ਤੋਂ ਢਾਈ ਸੌ ਸਾਲ ਪਹਿਲਾਂ ਵੀ ਇਕ ਵਿਦੇਸ਼ੀ ਸਵਰਜਨਕ ਕੰਪਨੀ ਇੰਗਲੈਂਡ ਦੀ ਇਕ ਪ੍ਰਾਈਵੇਟ ਕੰਪਨੀ ਤੋਂ ਹਾਰ ਰਹੀ ਸੀ। ਫਰਾਂਸੀਸੀ ਕੰਪਨੀ ਦੇ ਮੁੱਖ ਪ੍ਰਬੰਧਕ (ਡਾਇਰੈਕਟਰ ਜਨਰਲ) ਡੁਪਲੇ ਦੀ ਆਪਣੀ ਵਿਲੱਖਣ ਦੂਰਅੰਦੇਸ਼ੀ ਤੇ ਯੋਗਤਾ ਦੇ ਬਾਵਜੂਦ ਜਗ੍ਹਾ-ਜਗ੍ਹਾ ਅੰਗਰਜ਼ਾਂ ਤੋਂ ਹਾਰ ਮਿਲ ਰਹੀ ਸੀ। ਓਧਰ ਮਰਾਠੇ ਮੈਸੂਰ 'ਤੇ ਲਗਾਤਾਰ ਹਮਲੇ ਕਰ ਰਹੇ ਸੀ। ਉਨ੍ਹਾਂ ਨੇ ਉਥੋਂ ਦੇ ਸ਼ਾਸਕ ਰਾਜਾ ਦੇਵਰਾਵ ਨੂੰ ਦੁੱਖੀ ਕਰ ਦਿੱਤਾ ਸੀ।

ਇੰਨੀਂ ਦਿਨੀਂ ਵਾਰੇਨ ਹੇਸਟਿੰਗਜ ਦੀ ਦੋਸਤੀ ਬੰਤੂ ਨਾਲ ਹੋ ਗਈ। ਬੰਤੂ ਦਾ ਪਿਉ ਕੰਪਨੀ ਦਾ ਮਾਮੂਲੀ ਕਰਮਚਾਰੀ ਸੀ। ਬੰਤੂ ਨੇ ਦੱਸਿਆ ਕਿ ਉਨ੍ਹਾਂ ਦਾ ਪਿਛਾ ਕੇਂਡੂਲੀ ਨਾਂ ਦੇ ਪਿੰਡ ਦਾ ਸੀ। ਪਰ ਵਾਰ-ਵਾਰ ਦੇ ਅਕਾਲ ਤੇ ਜਿਮੀਦਾਰਾਂ ਦੀ ਲੁੱਟ-ਖਸੁੱਟ ਦੇ ਡਰ ਤੋਂ ਦੌੜ ਕੇ ਬੰਗਾਲ ਚਲੇ ਆਏ ਸੀ। ਬੰਤੂ ਬਹੁਤ ਚੰਗਾ, ਸਿੱਧਾ ਤੇ ਭਾਵੁਕ ਸੀ। ਉਹ ਇਕ ਅਣਜਾਣ ਜਿਹੀ ਭਾਸ਼ਾ ਵਿਚ ਇੰਨਾ ਮਿੱਠਾ ਜਾਦੂ ਭਰਿਆ ਲੋਰ ਵਿਚ ਛਲਕਦਾ ਹੋਇਆ ਗੀਤ ਗਾਉਂਦਾ ਸੀ ਕਿ ਕੁਝ ਨਾ ਸਮਝਣ ਦੇ ਬਾਵਜੂਦ ਵਾਰੇਨ ਹੇਸਟਿੰਗਜ ਦੀਆਂ ਅੱਖਾਂ ਡਬਡਬਾ ਜਾਂਦੀਆਂ ਸੀ। ਬੰਤੂ ਨੇ ਉਸ ਨੂੰ ਦੱਸਿਆ ਸੀ ਕਿ ਉਹ ਬਾਊਲ ਗੀਤ ਹੈ, ਇਸ ਨੂੰ ਜੈ ਦੇਵ ਨੇ ਸਭ ਤੋਂ ਪਹਿਲਾਂ ਗਾਇਆ ਸੀ।

ਵਾਰੇਨ ਹੇਸਟਿੰਗਜ ਬੰਤੂ ਦੇ ਨਾਲ ਸਾਰਾ ਦਿਨ ਘੁੰਮਦਾ। ਉਸਦੇ ਨਾਲ ਹੋਣ ਕਰਕੇ ਉਸ ਨੂੰ ਉਨ੍ਹਾਂ ਕਾਲੀਆਂ ਰਹੱਸਮਈ ਤੀਵੀਆਂ ਤੇ ਡਰਾਉਣੇ ਟੇਡੇ-ਮੇਢੇ ਉਥੋਂ ਦੇ ਆਦਮੀਆਂ ਤੋਂ ਡਰ ਨਹੀਂ ਲੱਗਦਾ ਸੀ। ਉਹ ਮਨ ਹੀ ਮਨ ਸੋਚਦਾ ਕਿ ਜਦੋਂ ਮੈਂ ਇਨ੍ਹਾਂ ਗੰਦੇ ਅਰਧਮਨੁੱਖਾਂ ਨੂੰ ਆਪਣੀ ਕੰਪਨੀ ਦੀ ਬੰਦੂਕ ਨਾਲ ਮਾਰਾਂਗਾ ਤਾਂ ਬੰਤੂ ਤੇ ਉਸਦੇ ਪਿਉ ਨੂੰ ਛੱਡ ਦੇਵਾਂਗਾ।

ਬੰਤੂ ਜਿਸ ਭਾਸ਼ਾ ਵਿਚ ਗਾਉਂਦਾ ਸੀ, ਉਹ ਭਾਸ਼ਾ ਮੈਥਿਲੀ ਸੀ। ਲੱਗਦਾ ਜਿਵੇਂ ਕਿਸੇ ਝਰਨੇ ਦੇ ਪਿਆਲੇ ਵਿਚੋਂ ਪਾਣੀ ਦੇ ਛੋਟੇ-ਛੋਟੇ ਬੁਲਬੁਲੇ ਉਠ ਰਹੇ ਹੋਣ, ਜਿਹੜੇ ਇਕ-ਇਕ ਕਰਕੇ ਫੁਟਦੇ ਹੋਏ ਅਜਿਹੇ ਸ਼ਬਦਾਂ ਤੇ ਧੁਨੀਆਂ ਨੂੰ ਹਵਾ ਵਿਚ ਜਨਮ ਦੇ ਰਹੇ ਹੋਣ ਜਿਨ੍ਹਾਂ ਦੇ ਅਬੁਝ ਅਰਥ ਹੌਲੀ-ਹੌਲੀ ਦਿਲ ਦੇ ਅੰਦਰ ਆਪਣੇ ਸੰਕੇਤਾਂ ਨੂੰ ਸੰਗੀਤ ਦੇ ਨਾਲ ਕਿਸੇ ਜਾਦੂ ਭਰੀ ਲੈਅ ਵਿਚ ਖੋਲ੍ਹ ਰਹੇ ਹੋਣ।

"ਇਟ ਸੀਮਜ, ਆਈ ਨੋ ਦੇਅਰ ਮੀਨਿੰਗਜ। ਆਈ ਕੈਨ ਅੰਡਰਸਟੈਂਡ ਦੇਮ। ਦੇ ਡਿਸੇਂਡ ਫਰਾਮ ਅਨਦਰ ਪਲੇਨੇਟ ਜਸਟ ਟੂ ਪਿਊਰੀਫਾਈ ਮਾਈ ਸੋਲ" ਵਾਰਨ ਹੇਸਟਿੰਗਜ ਉਸ ਜਾਦੂ ਵਿਚ ਘਿਰਿਆ ਹੌਲੀ-ਹੌਲੀ ਫੁਸਫੁਸਾਉਂਦਾ।

ਵਾਰੇਨ ਹੇਸਟਿੰਗਜ ਬੰਤੂ ਤੋਂ ਬੰਗਲਾ ਭਾਸ਼ਾ ਸਿਖਣ ਲੱਗਿਆ। ਦੂਜੇ ਪਾਸੇ, ਬੰਗਲੇ ਦਾ ਖਾਨਸਾਮਾ ਅਬਦੁਲ ਕਾਦਿਰ ਜਿਹੜਾ ਬਹੁਤ ਲਜੀਜ ਤੇ ਜੰਗਲੀ ਮੁਰਗੇ ਦਾ ਲਾਜਵਾਬ ਦਮਪੁਖਤ ਬਣਾਉਂਦਾ, ਉਸਨੂੰ ਫਾਰਸੀ ਬੋਲਣੀ ਸਿਖਾਉਣ ਲੱਗਿਆ।

ਵਾਰੇਨ ਹੇਸਟਿੰਗਜ ਨੂੰ ਇਹ ਦੇਸ਼ ਅਜੀਬ ਲੱਗਦਾ। ਉਹ ਇਸ ਤੋਂ ਡਰਦਾ ਪਰ ਕਿਸੇ ਇੰਦਰਜਾਲ ਖਿਚ ਵਿਚ ਬਝਿਆ ਉਹ ਉਸਦੇ ਹੋਰ ਨੇੜੇ ਜਾਣਾ ਚਾਹੁੰਦਾ। ਇੰਨਾ ਨੇੜੇ ਕਿ ਉਹ ਉਸਦੇ ਅੰਦਰ ਦੇ ਅਣਜਾਣੇ ਹਨੇਰੇ ਵਿਚ ਦਾਖਲ ਹੋ ਜਾਵੇ। ਉਸ ਹਨੇਰੇ ਵਿਚ, ਜਿਥੇ ਇਨ੍ਹਾਂ ਰਹੱਸਮਈ ਭੂਰੇ-ਕਾਲੇ, ਟੇਡੇ-ਮੇਢੇ, ਵੱਡਰੂਪ ਅਰਧਮਨੁੱਖਾਂ ਦੇ ਗੈਰ ਇਸਾਈ ਦੇਵੀ-ਦੇਵਤਿਆਂ ਦਾ ਵਾਸਾ ਸੀ, ਜਿਥੇ ਧੂਫ, ਅਗਰੂ, ਅਜਵਾਇਣ, ਲੋਹਬਾਨ ਤੇ ਪਤਾ ਨਹੀਂ ਕਿਹੜੀਆਂ ਕਿਹੜੀਆਂ ਜੜੀਆਂ-ਬੂਟੀਆਂ ਦੀ ਗੰਧ ਨਾਲ ਭਰਿਆ ਹੋਇਆ ਧੂੰਆਂ ਉਠਦਾ ਰਹਿੰਦਾ ਸੀ। ਉਸਨੇ ਜਗ੍ਹਾ-ਜਗ੍ਹਾ ਇਨ੍ਹਾਂ ਲੋਕਾਂ ਦੇ ਮੰਦਰ ਦੇਖੇ ਸੀ, ਜਿਨ੍ਹਾਂ ਵਿਚ ਅਜੀਬੋਗਰੀਬ ਸ਼ਕਲਾਂ ਪੱਥਰਾਂ 'ਤੇ ਉਕਰੀਆਂ ਹੋਈਆਂ ਸਨ। ਕਿਸੇ ਦਾ



ਸਿਰ ਹਾਥੀ ਦਾ ਸੀ, ਕਿਸੇ ਦਾ ਸ਼ੇਰ ਦਾ, ਕਿਸੇ ਦਾ ਬਾਂਦਰ ਦਾ, ਕਿਸੇ ਦੇ ਕਈ ਸਿਰ ਸਨ, ਕਿਸੇ ਦੇ ਕਈ ਹੱਥ। ਤੀਵੀਆਂ ਸਨ, ਪੱਥਰਾਂ 'ਤੇ ਬਣੀਆਂ। ਉਨ੍ਹਾਂ ਦੇ ਗਲ੍ਹਾਂ, ਪੈਰਾਂ ਤੇ ਲੱਕ ਵਿਚ ਗਹਿਣੇ ਸਨ। ਪਰ ਉਹ ਨੰਗੀਆਂ ਸੀ। ਉਨ੍ਹਾਂ ਦੀ ਦੇਹ ਕਿਸੇ ਅਲੌਕਿਕ ਮੁਦਰਾ ਵਿਚ, ਕਿਤੇ ਕਾਮੁਕ ਸੀ, ਕਿਤੇ ਪੀੜਤ ਤੇ ਥਕਾਵਟ ਨਾਲ ਚੂਰ, ਕਿਤੇ ਪ੍ਰਾਰਥਨਾਂ ਵਿਚ ਮਗਨ ਤੇ ਕਿਤੇ ਉਹ ਕਿਸੇ ਵਿਰਾਟ ਪੁਰਸ਼ ਦੇ ਨਾਲ ਸੰਭੋਗਿਤ ਸੀ।

ਰੋਮ ਜਾਂ ਗਰੀਸ ਵਿਚ ਵੀ ਉਸਨੇ ਅਜਿਹੀਆਂ ਤੀਵੀਆਂ ਤੇ ਅਜਿਹੇ ਦੇਵਤਿਆਂ ਦੀਆਂ ਮੂਰਤੀਆਂ ਨਹੀਂ ਦੇਖੀਆਂ ਸਨ। ਬੰਤੂ ਨੇ ਉਸਨੂੰ ਦੱਸਿਆ ਸੀ ਕਿ ਇਨ੍ਹਾਂ ਵਿਚ ਹਰ ਮੂਰਤੀ ਦੇ ਪਿਛੇ ਇਕ ਨਹੀਂ, ਕਈ-ਕਈ ਕਹਾਣੀਆਂ ਮੌਜੂਦ ਹਨ। ਇਨ੍ਹਾਂ ਸਾਰੀਆਂ ਦੀਆਂ ਅੱਡ ਅੱਡ ਆਤਮਕਥਾਵਾਂ ਹਨ।

ਵਾਰੇਨ ਹੇਸਟਿੰਗਜ ਦੇ ਰੌਂਗਟੇ ਉਦੋਂ ਖੜੇ ਹੋ ਗਏ ਜਦੋਂ ਬੰਤੂ ਨੇ ਉਸਨੂੰ ਦੱਸਿਆ ਕਿ, "ਸਭ ਤੋਂ ਮਹੱਤਵਪੂਰਨ ਗੱਲ ਤਾਂ ਇਹ ਏ ਕਿ ਇਨ੍ਹਾਂ ਵਿਚੋਂ ਕੋਈ ਵੀ ਅਜੇ ਤਕ ਮਰਿਆ ਨਹੀਂ। ਇਹ ਸਾਰੇ ਦੇ ਸਾਰੇ ਜੀਉਂਦੇ ਨੇ। ਚੰਦਰਮਾ ਦੀ ਚਾਲ ਨਾਲ ਵੱਖ ਵੱਖ ਗ੍ਰਹਿਆਂ ਦੇ ਯੋਗ ਦੇ ਮੌਕੇ 'ਤੇ ਅੱਡ ਅੱਡ ਮਿਤੀਆਂ ਅਤੇ ਪਹਿਰਾਂ ਵਿਚ ਇਹ ਸਭ ਜਿਉਂਦੇ ਆਦਮੀਆਂ ਤੇ ਤੀਵੀਆਂ ਵਾਂਗ ਸਾਡੇ ਵਿਚ ਘੁੰਮਣ-ਫਿਰਨ ਲੱਗ ਜਾਂਦੇ ਨੇ।"

ਵਾਰੇਨ ਹੇਸਟਿੰਗ ਨੂੰ ਪਤਾ ਲੱਗਿਆ ਕਿ ਇਸ ਦੇਸ਼ ਵਿਚ ਇੰਨੇ ਗਰੰਥ ਤੇ ਸ਼ਿਲਾਲੇਖ ਹਨ, ਇੰਨੀਆਂ ਦੰਦ ਕਥਾਵਾਂ ਤੇ ਮਿਥਿਹਾਸਕ ਕਥਾਵਾਂ ਜ਼ੁਬਾਨੀ ਰੂਪ ਵਿਚ ਪ੍ਰਚਲਤ ਹਨ ਕਿ ਜੇ ਉਨ੍ਹਾਂ ਨੂੰ ਪੂਰੀ ਧਰਤੀ 'ਤੇ ਵਿਛਾਅ ਦਿੱਤਾ ਜਾਵੇ ਤਾਂ ਉਨ੍ਹਾਂ ਦੀਆਂ ਅਣਗਿਣਤ ਪਰਤਾਂ ਦੇ ਹੇਠਾਂ ਯੂਰਪ, ਅਮਰੀਕਾ, ਏਸ਼ੀਆ ਤੇ ਅਫਰੀਕਾ ਹੀ ਨਹੀਂ ਸਾਰੇ ਸਮੁੰਦਰ ਵੀ ਢੱਕ ਜਾਣਗੇ। ਉਸ ਨੂੰ ਸੀਜ਼ਰ ਦਾ ਉਹ ਵਾਕ ਯਾਦ ਆ ਰਿਹਾ ਸੀ ਜਿਸ ਨੂੰ ਇੰਗਲੈਂਡ ਦੇ ਹੀ ਇਕ ਮਹਾਨ ਲੇਖਕ ਵਿਲੀਅਮ ਸ਼ੈਕਸਪੀਅਰ ਨੇ ਲਿਖਿਆ ਸੀ,"ਇਫ ਯੂ ਹੈਵ ਟੂ ਡਿਫੀਟ ਦੇਮ, ਯੂ ਹੈਵ ਟੂ ਕਿਲ ਦੇਅਰ ਮੇਮਰੀਜ਼" ਹਹ....ਹਹ....ਹਹ....ਹੇਸਟਿੰਗਜ ਡਰਦਾ ਹੋਇਆ ਕਿਸੇ ਮਿਰਗੀ ਦੇ ਮਰੀਜ਼ ਵਾਂਗੂੰ ਹੱਸ ਰਿਹਾ ਸੀ। ਬੰਤੂ ਹੈਰਾਨ ਸੀ। ਇਸ ਫਰੰਗੀ ਸਾਥੀ ਨੂੰ ਹੋਇਆ ਕੀ ਹੈ ?

× × ×

ਇਹ ਇਸ ਵਚਿਤਰ ਦੇਸ਼ ਦਾ ਬਸੰਤ ਸੀ।

ਹਵਾ ਅਜਿਹੀ ਚਲ ਰਹੀ ਸੀ ਜਿਸ ਨਾਲ ਸਰੀਰ ਵਿਚ ਨਸ਼ੇ ਤੇ ਵਾਸਨਾ ਦੀ ਝਰਨਾਹਟ ਪੈਦਾ ਹੋ ਰਹੀ ਸੀ। ਪਲਾਸ਼ ਦੇ ਦਰਖਤ ਲਾਲ ਫੁੱਲਾਂ ਨਾਲ ਲੱਦੇ ਹੋਏ ਸੀ, ਇਨ੍ਹਾਂ ਦੇ ਟੁੱਟ ਕੇ ਹੇਠਾਂ ਡਿਗਣ ਨਾਲ ਧਰਤੀ ਇਸ ਤਰ੍ਹਾਂ ਦਿਖਾਈ ਦੇ ਰਹੀ ਸੀ ਜਿਵੇਂ ਗੁਲਾਲ ਵਿਛਾਅ ਦਿੱਤਾ ਹੋਵੇ। ਜੰਗਲ ਦੇ ਸਾਰੇ ਦਰਖਤ ਨਵੇਂ ਪੱਤਿਆਂ, ਫੁੱਟਦੀਆਂ ਕਰੂੰਬਲਾਂ ਤੇ ਕਈ-ਕਈ ਤਰ੍ਹਾਂ ਦੇ ਫੁੱਲਾਂ ਨਾਲ ਭਰ ਗਏ ਸੀ।

ਵਾਰੇਨ ਹੇਸਟਿੰਗਜ ਨੂੰ ਅਫਸੋਸ ਹੋਇਆ ਕਿ ਉਸਦੀ ਕੰਪਨੀ ਦੇ ਅਫਸਰ ਤੇ ਦੂਸਰੇ ਕਰਮਚਾਰੀ ਇਸ ਸਾਰੇ ਕਾਸੇ ਤੋਂ ਬਿਲਕੁਲ ਅਭਿੱਜ ਸਨ। ਉਹ ਇੰਗਲੈਂਡ ਦੀ ਸ਼ਰਾਬ ਇਥੇ ਲੋੜ ਅਨੁਸਾਰ ਨਾ ਮਿਲਣ ਦੇ ਕਾਰਨ ਅਰਕ ਪੀਂਦੇ, ਅਫੀਂਫ ਖਾਂਦੇ ਤੇ ਬਰਮਾ ਜਾਂ ਸ਼ਿਆਮ ਤੋਂ ਮੰਗਵਾਏ ਗਏ ਲੰਮੀ ਗਰਦਨ, ਉਚੀਂ ਕਲੰਗੀ, ਵੱਡੀਆਂ ਵੱਡੀਆਂ ਲੱਤਾਂ ਵਾਲੇ ਮੁਰਗਿਆਂ ਨੂੰ ਲੜਾ ਕੇ ਮੁਰਗੇਬਾਜ਼ੀ ਕਰਦੇ ਜਾਂ ਫੇਰ ਆਪਣੀਆਂ ਬੰਦੂਕਾਂ ਲੈ ਕੇ ਨਿਕਲ ਜਾਂਦੇ, ਜੰਗਲ ਵਿਚੋਂ ਘੁੱਗੀਆਂ, ਹਰੀਅਲ, ਕਬੂਤਰ ਤੇ ਤਿੱਤਰ ਮਾਰਨ।

ਹੈਰਾਨੀ ਸੀ ਕਿ ਇਨ੍ਹਾਂ ਵਿਚ ਸਾਰੇ ਦੇ ਸਾਰੇ ਨੌਜਵਾਨ ਸਨ। ਕਹਿੰਦੇ ਹਨ ਕਿ ਇਕ ਵਾਰ ਕੈਪਟਨ ਡਾਊਨਟਨ ਨੇ ਮਖੌਲ ਵਿਚ ਕਿਹਾ ਸੀ ਕਿ ਇਨ੍ਹਾਂ ਵਿਚਾਰੇ ਭਾਰਤੀ ਲੋਕਾਂ ਨੂੰ ਕਦੇ ਇਹ ਪਤਾ ਵੀ ਨਹੀਂ ਲੱਗੇਗਾ ਕਿ ਇਹ ਗੋਰੇ ਵਿਦੇਸ਼ੀ ਬੁੱਢੇ ਹੋਣ 'ਤੇ ਕਿਹੋ ਜਿਹੇ ਦਿੱਸਦੇ ਹੋਣਗੇ। ਭਾਰਤੀ ਇਹ

ਜਾਨਣ ਲਈ ਤਰਸ ਰਹੇ ਹੋਣਗੇ ਕਿ ਸਫੈਦ ਚਮੜੀ ਵਾਲਿਆਂ ਦੇ ਸੁਨਹਿਰੇ ਭੂਰੇ ਵਾਲ ਬੁਢਾਪੇ ਵਿਚ ਪੱਕਣ ’ਤੇ ਕਿਸ ਰੰਗ ਦੇ ਹੁੰਦੇ ਹੋਣਗੇ।

ਵਾਰੇਨ ਹੇਸਟਿੰਗਜ ਦੀ ਸਮਝ ਵਿਚ ਨਹੀਂ ਆਉਂਦਾ ਸੀ ਕਿ ਕੰਪਨੀ ਉੱਚੇ-ਉੱਚੇ ਅਹੁਦਿਆਂ ਤੋਂ ਲੈ ਕੇ ਮਾਮੂਲੀ ਕਰਮਚਾਰੀਆਂ ਦੀਆਂ ਅਸਾਮੀਆਂ ’ਤੇ ਵੀ ਅਜਿਹੇ ਉਜੱਡ ਤੇ ਅਵਾਰਾ ਮੁੰਡਿਆਂ ਨੂੰ ਕਿਉਂ ਇੰਗਲੈਂਡ ਵਿਚ ਨਿਯੁਕਤ ਕਰਕੇ ਇਥੇ ਭੇਜ ਰਹੀ ਹੈ। ਇਨ੍ਹਾਂ ਵਿਚੋਂ ਜ਼ਿਆਦਾਤਰ ਅਪਰਾਧੀ ਤੇ ਇੰਗਲੈਂਡ ਦੀ ਸਮਾਜਕ ਜ਼ਿੰਦਗੀ ਲਈ ਸਿਰਦਰਦ ਬਣੇ ਹੋਏ ਸਨ। ਉਨ੍ਹਾਂ ਨੂੰ ਨਾ ਇੰਗਲੈਂਡ ਜਾਂ ਯੂਰਪ ਦੀਆਂ ਪਰੰਪਰਾਵਾਂ ਦਾ ਗਿਆਨ ਸੀ, ਨਾ ਉਹ ਇਸ ਦੇਸ਼ ਨੂੰ ਜਾਣਨਾ-ਸਮਝਣਾ ਚਾਹੁੰਦੇ ਸੀ।

ਉਹ ਜਾਲਮ, ਮੂਰਖ, ਅਸਭਯ ਤੇ ਬੇਹੱਦ ਲਾਲਚੀ ਸਨ। ਦੌਲਤ ਕਮਾਉਣ ਦੀ ਉਨ੍ਹਾਂ ਦੀ ਭੁੱਖ, ਧਨ ਜਮਾ ਕਰਨ ਦੀ ਉਨ੍ਹਾਂ ਦੀ ਹਵਸ ਕਲਪਨਾ ਤੋਂ ਬਾਹਰ ਸੀ, ਉਹ ਦੇਸ਼ ਨੂੰ ਲੁੱਟਣ ਆਏ ਸੀ। ਦੌਲਤ, ਭੋਗ, ਸੁਆਦ, ਅਯਾਸ਼ੀ ਤੇ ਲੁੱਟ-ਖਸੁੱਟ ਉਨ੍ਹਾਂ ਦਾ ਚਰਿੱਤਰ ਸੀ। ਵਾਰੇਨ ਹੇਸਟਿੰਗਜ ਨੂੰ ਦੁੱਖ ਤੇ ਹੈਰਾਨੀ ਹੋਈ। ਇੰਗਲੈਂਡ ਵਿਚ ਕੀ ਇਹੀ ਲੋਕ ਹੀ ਇੰਡੀਆ ਭੇਜਣ ਲਈ ਬਚੇ ਸੀ ? ਉਥੇ ਤਾਂ ਮਹਾਨ ਰੋਮ ਤੇ ਇਟਲੀ ਦੇ ਪ੍ਰਭਾਵ ਤੇ ਪ੍ਰੇਰਣਾ ਨਾਲ ਇਨਕਲਾਬ ਆ ਚੁੱਕਿਆ ਸੀ। ਚੌਸਰ, ਦਾਂਤੇ, ਸ਼ੇਕਸਪੀਅਰ, ਹੋਮਰ ਦੀ ਬਾਣੀ ਉਥੇ ਗੂੰਜ ਰਹੀ ਸੀ। ਇਸਾਕ ਨਿਉਟਨ, ਗਲੈਲੀਓ ਤੋਂ ਲੈ ਕੇ ਅਰਸਤੂ, ਪਲੈਟੋ ਹੀ ਨਹੀਂ ਫਰਾਂਸਿਸ ਬੇਕਨ, ਬੋਲਤੇਅਰ, ਦਿਦੇਰੋ ਤੇ ਮੈਕਿਆਵਲੀ ਦੇ ਵਿਚਾਰਾਂ ਨਾਲ ਗਿਆਨ ਤੇ ਵਿਗਿਆਨ ਦੇ ਖੇਤਰ ਵਿਚ ਨਵੀਂ ਉਥਲਪੁਥਲ ਮਚੀ ਹੋਈ ਸੀ। ਪਰ ਈਸਟ ਇੰਡੀਆ ਕੰਪਨੀ ਦੇ ਮੈਂਬਰਾਂ ਦੇ ਰੂਪ ਵਿਚ ਜਿਹੜੇ ਅੰਗਰੇਜ਼ ਇਥੇ ਆਏ ਸੀ ਉਹ ਲਫੰਗੇ, ਭ੍ਰਿਸ਼ਟ, ਚੋਰ-ਉਚੱਕੇ ਤੇ ਗੁੰਡੇ ਸੀ। ਮੌਜ-ਮਸਤੀ, ਲੁੱਟਣਾ, ਅਪਰਾਧ ਤੇ ਜਾਲਸਾਜੀ ਕਰਨਾ ਤੇ ਇੰਨੀ ਦੌਲਤ ਇਸ ਤਰੀਕੇ ਨਾਲ ਇਕੱਠੀ ਕਰ ਲੈਣੀ, ਜਿਸ ਦੇ ਬਾਰੇ ਵਿਚ ਉਹ ਖੁਦ ਨਹੀਂ ਜਾਣਦੇ ਸੀ ਕਿ ਉਹ ਇਸਦਾ ਕਰਨਗੇ ਕੀ ?

ਮਾੜੇ-ਭਾਗੀਂ ਸਮਾਂ ਉਨ੍ਹਾਂ ਦਾ ਸਾਥ ਦੇ ਰਿਹਾ ਸੀ। ਹਿੰਦੁਸਤਾਨ ਵਿਚ ਇਤਿਹਾਸ ਦੀ ਹਰ ਬਾਜ਼ੀ ਉਹ ਜਿੱਤ ਰਹੇ ਸੀ। ਪਲਾਸੀ ਵਿਚ ਮੀਰ ਜਾਫਰ ਨੂੰ ਰਿਸ਼ਵਤ ਦੇ ਕੇ ਉਨ੍ਹਾਂ ਨੇ ਸਿਰਾਜਉਦੌਲਾ ਦੀ ਵਿਸ਼ਾਲ ਫ਼ੌਜ ਨੂੰ ਬਿਨਾਂ ਯੁੱਧ ਦੇ ਹੀ ਹਰਾ ਦਿੱਤਾ ਸੀ। ਬੰਗਾਲ, ਬਿਹਾਰ, ਉੜੀਸਾ ਦਾ ਬਹੁਤ ਵੱਡਾ ਇਲਾਕਾ ਉਨ੍ਹਾਂ ਦੀ ਕੰਪਨੀ ਦੇ ਅਧੀਨ ਆ ਗਿਆ ਸੀ।

ਕਮਜ਼ੋਰ ਤੇ ਨਾਕਾਰਾ ਮੁਗਲ ਬਾਦਸ਼ਾਹ ਸ਼ਾਹ ਆਲਮ ਨੂੰ ਉਨ੍ਹਾਂ ਨੇ ਬੇਵਕੂਫ ਬਣਾ ਕੇ ਤੇ ਰੁਪਏ ਦੇ ਕੇ ਟਿਕਾਅ ਲਿਆ ਸੀ। ਇਕ ਤੋਂ ਮਗਰੋਂ ਇਕ ਦੀਵਾਨੀਆਂ ਹਾਸਲ ਕਰਦੇ ਜਾ ਰਹੇ ਸੀ। ਸਭ ਤੋਂ ਵੱਡੀ ਗੱਲ ਇਹ ਸੀ ਕਿ ਇੰਡੀਆ ਦੇ ਅਮੀਰ ਤੇ ਵੱਡੀਆਂ ਇੱਛਾਵਾਂ ਵਾਲੇ ਵਰਗ ਦੀ ਚਰਿਤਰਹੀਣਤਾ, ਭ੍ਰਿਸ਼ਟਾਚਾਰ ਤੇ ਦੇਸ਼ ਤੇ ਜਨਤਾ ਦੇ ਪ੍ਰਤੀ ਗਦਾਰੀ ਦੇ ਗੁਣ ਨੂੰ ਉਨ੍ਹਾਂ ਨੇ ਪਛਾਣ ਲਿਆ ਸੀ। ਅਮੀਨ ਚੰਦ, ਜਗਤ ਸੇਠ, ਮੀਰ ਜਾਫਰ, ਮੀਰ ਕਾਸਿਮ ਜਿਹੇ ਲੋਕ ਉਨ੍ਹਾਂ ਦਾ ਸਾਥ ਦੇ ਰਹੇ ਸੀ। ਥਾਂ, ਥਾਂ ਉਹ ਜ਼ਮੀਨ ਦੇ ਪਲਾਟ ਖਰੀਦ ਰਹੇ ਸੀ। ਇੰਡੀਅਨ ਮਾਲ ਦੇ ਥੋਕ ਖਰੀਦ ਤੇ ਵਿਉਪਾਰ ਦੇ ਲਸੰਸ ਤੇ ਅਧਿਕਾਰ ਪ੍ਰਾਪਤ ਕਰ ਰਹੇ ਸੀ। ਅਯਾਤ ਤੇ ਨਿਰਯਾਤ ’ਤੇ ਉਨ੍ਹਾਂ ਦਾ ਕਬਜ਼ਾ ਸੀ। ਤੰਬਾਕੂ, ਮਸਾਲੇ, ਸੋਨਾ, ਚਾਂਦੀ, ਹੀਰੇ, ਜਵਾਹਰਾਤ, ਹਰ ਚੀਜ਼ ’ਤੇ ਉਨ੍ਹਾਂ ਦਾ ਅਧਿਕਾਰ ਹੋ ਰਿਹਾ ਸੀ।

ਫਰਾਂਸੀਸੀ ਕੰਪਨੀ ਦਾ ਡੁਪਲੇ ਹਾਰ ਚੁਕਿਆ ਸੀ। ਪਰ ਉਸ ਤੋਂ ਉਨ੍ਹਾਂ ਨੇ ਉਹ ਭੇਤ ਜਾਣ ਲਿਆ ਸੀ ਜਿਸ ਨਾਲ ਇਨ੍ਹਾਂ ਹਿੰਦੁਸਤਾਨੀਆਂ ਨੂੰ ਇਨ੍ਹਾਂ ਦੀ ਹੀ ਡਾਂਗ ਨਾਲ ਮਾਰਿਆ ਜਾ ਸਕਦਾ ਸੀ। ਉਹ ਡਾਂਗ ਉਨ੍ਹਾਂ ਹੀ ਪੱਛਮੀ ਗੋਰਿਆਂ ਕੋਲ ਸੀ, ਜਿਨ੍ਹਾਂ ਵਿਚੋਂ ਇਕ ਵਾਰੇਨ ਹੇਸਟਿੰਗਜ ਵੀ ਸੀ। ਜਿਹੜਾ ਫਿਲਹਾਲ ਇਸ ਵਚਿੱਤਰ ਦੇਸ਼ ਦੀ ਖਿੱਚ ਵਿਚ ਡੁਬਦਾ-ਉਭਰਦਾ ਇਕ ਵੱਖਰੀ ਦੁਨੀਆਂ ਵਿਚ ਰਹਿ ਰਿਹਾ ਸੀ।

ਤਾਂ ਸਾਡੇ ਕਿੱਸੇ ਵਿਚ ਬਸੰਤ ਦਾ ਜ਼ਿਕਰ ਹੋ ਰਿਹਾ ਸੀ।



ਵਾਰੇਨ ਹੇਸਟਿੰਗਜ ਨੇ ਚਾਰੇ ਪਾਸੇ ਫੈਲੀ ਕੁਦਰਤ ਦੇ ਅਸੰਖਾਂ ਰੰਗਾਂ ਦੇ, ਉਸ ਪਹਿਲਾਂ ਕਦੇ ਨਾ ਦੇਖੇ ਦ੍ਰਿਸ਼ ’ਤੇ ਮੋਹਿਤ ਹੋ ਕੇ ਨਿਗਾਹ ਮਾਰੀ ਤੇ ਫੇਰ ਉਸਨੇ ਇਕ ਲੰਮਾ ਸਾਹ ਖਿਚਿਆ।

ਇਹ ਹਵਾ ਯੂਰਪ ਹੀ ਨਹੀਂ, ਸੰਸਾਰ ਦੀਆਂ ਸਾਰੀਆਂ ਹਵਾਵਾਂ ਤੋਂ ਬਿਲਕੁਲ ਵੱਖਰੀ ਸੀ। ਉਸਦਾ ਸਾਰਾ ਸਰੀਰ ਇਕ ਅਨੋਖੀ ਤਾਜ਼ਗੀ ਨਾਲ ਲਰਜਾ ਉਠਿਆ। ਲੱਗਿਆ ਜਿਵੇਂ ਇਸ ਹਵਾ ਨੂੰ ਅਣਗਿਣਤ ਨਦੀਆਂ ਤੇ ਝਰਨਿਆਂ ਨੇ ਆਪਣੇ ਨਿਰਮਲ ਪਾਣੀ ਨਾਲ ਧੋ ਦਿੱਤਾ ਹੈ। ਸੰਘਣੇ ਜੰਗਲਾਂ ਦੇ ਕਰੋੜਾਂ ਦਰਖਤਾਂ ਨੇ ਆਪਣੇ ਅਣਗਿਣਤ ਪੱਤਿਆਂ ਨਾਲ ਛਾਣ ਦਿੱਤਾ ਹੈ। ਲੱਖਾਂ ਪ੍ਰਕਾਰ ਦੇ ਫੁੱਲਾਂ ਨੇ ਉਸ ਵਿਚ ਆਪਣੀ ਖੁਸ਼ਬੂ ਭਰ ਦਿੱਤੀ ਹੈ।

ਪ੍ਰੀਸਟਲੇ ਤੇ ਸ਼ੀਲੇ ਜਿਹੇ ਵਿਗਿਆਨਕ ਕੀ ਇਸ ਹਵਾ ਦੇ ਪ੍ਰਾਣ ਤੱਤਾਂ ਨੂੰ ਵੀ ਸਿਰਫ ਆਕਸੀਜਨ ਜਿਹਾ ਨਾ ਦੇਣਗੇ ? ਹੇਸਟਿੰਗਜ ਨੇ ਸੋਚਿਆ ਸੀ ਕਿ ਕੀ ਇਹ ਹਵਾ ਜਿਸਦੇ ਬੱਸ ਛੂਹਣ ਨਾਲ ਉਸਦੇ ਸਾਰੇ ਸਰੀਰ ਵਿਚ ਇਕ ਨਵੀਂ ਉਮੰਗ, ਨਵਾਂ ਜੀਵਨ ਤੇ ਸਮੁੱਚੀ ਰੁੱਤ ਦਾ ਰੱਸ ਭਰ ਜਾਂਦਾ ਹੈ, ਕੀ ਉਹ ਸਿਰਫ ਇਕ ਰਸਾਇਣਕ ਚੀਜ਼ ਹੈ, ਜਿਹਾ ਯੂਰਪ ਦੇ ਲੋਕ ਹੁਣ ਮੰਨਣ ਲਗੇ ਹਨ ? ਉਸਦੇ ਮਨ ਵਿਚ ਇੱਛਾ ਪੈਦਾ ਹੋਈ ਕਿ ਜੇ ਉਸ ਨੂੰ ਉਹ ਬਾਜੀਗਰ ਕਿਤੇ ਫੇਰ ਮਿਲ ਜਾਵੇ, ਜਿਹੜਾ ਮਿਸਟਰ ਫਰੇਅਰ ਨੂੰ ਗੁਜਰਾਤ ਵਿਚ ਮਿਲਿਆ ਸੀ ਤਾਂ ਉਹ ਉਸ ਜੋਤਸ਼ੀ ਮੁੰਡੇ ਤੋਂ ਇਕ ਸਵਾਲ ਹੋਰ ਪੁੱਛੇਗਾ।

ਸਵਾਲ ਇਹ ਹੋਵੇਗਾ ਕਿ ਜਦ ਅੰਗਰੇਜ਼ ਮਾਲਾਮਾਲ ਹੋ ਕੇ ਆਪਣੇ ਵਤਨ ਇੰਗਲੈਂਡ ਮੁੜਨਗੇ ਤੇ ਭਾਰਤ ਵਿਚ ਉਨ੍ਹਾਂ ਵਰਗੇ ਹੀ ਸਥਾਨਕਾਂ ਦਾ ਰਾਜ ਹੋਵੇਗਾ ਤਾਂ ਕੀ ਇਹ ਸਥਾਨਕ ਸ਼ਾਸਕ ਭਾਰਤ ਨੂੰ ਲੁੱਟਣ ਤੇ ਵੇਚਣ ਦੇ ਨਾਲ-ਨਾਲ ਇਸ ਹਵਾ ਨੂੰ ਵੀ ਵੇਚ ਦੇਣਗੇ ਤੇ ਖਤਮ ਕਰ ਦੇਣਗੇ ?

ਉਸਨੇ ਦੇਖਿਆ, ਦੂਰ ਇਕ ਕਦੰਬ ਦੇ ਦਰਖਤ ਦੇ ਹੇਠਾਂ ਬੈਠਾ ਹੋਇਆ ਬੰਤੂ ਇਕਤਾਰਾ ਵਜਾ ਕੇ ਗਾ ਰਿਹਾ ਸੀ।

“...ਸ੍ਰੀ ਜਯਦੇਵੇ ਕ੍ਰਿਤ ਹਰਿਸੇਵੇ ਭਣਤੀ ਪਰਮ ਰਮਣੀਯਮ/ਪ੍ਰਮੁਦਿਤ ਹਦਯੰ ਹਰਿਮਤਿ ਸਦਯੰ ਨਮਨ ਸੁਕ੍ਰਿਤ ਕਮਨੀਯਮ/ਧੀਰ ਸਮੀਰੇ ਯਮੁਨਾ ਤੀਰੇ ਵਸਤਿ ਵਨੇ ਵਨਮਾਲੀ/ਗੋਪੀ ਪੀਨ ਪਯੋਧਰ ਮਰਦਨ ਚੰਚਲ ਕਰ ਯੁਗ ਸ਼ਾਲੀ....”

ਅਦਭੁਤ ! ਕਿਹੀ ਲੈਅ ! ਹਰ ਸ਼ਬਦ ਨਿੱਕੀਆਂ-ਨਿੱਕੀਆਂ ਘੰਟੀਆਂ ਵਾਂਗ ਵੱਜਦਾ ਹੋਇਆ। ਫੇਰ ਰੰਗ-ਬਿਰੰਗੀਆਂ ਸਵਰ-ਤਿਤਲੀਆਂ ਵਾਂਗ ਸਮੁੱਚੇ ਵਾਤਾਵਰਣ ਵਿਚ ਤੈਰਦਾ ਹੋਇਆ। ਵਾਰੇਨ ਹੇਸਟਿੰਗਜ ਨੂੰ ਲਗਿਆ ਇਕ ਨਸ਼ੀਲੀ ਬੇਹੋਸ਼ੀ ਉਸ ਨੂੰ ਘੇਰਦੀ ਜਾ ਰਹੀ ਹੈ। ਉਹ ਗੀਤ ਗੂੰਜ ਰਿਹਾ ਸੀ। “ਨਾਮ ਸਮੇਤੰ ਕ੍ਰਿਤ ਸਕੇਤੰ ਵਾਦਯਤੇ ਮ੍ਰਿਦੁਵੇਣੁਮ...”

ਇਹ ਇਕ ਕਦੇ ਨਾ ਭੁਲਾਉਣ ਵਾਲਾ ਅਨੁਭਵ ਸੀ।

ਉਸਨੇ ਬੰਤੂ ਨੂੰ ਕਿਹਾ, “ਤੂੰ ਮੈਨੂੰ ਆਪਣੇ ਪਿੰਡ ਕੇਂਦੁਲੀ ਲੈ ਚਲ । ਮੈਂ ਉਸ ਨੂੰ ਇਕ ਵਾਰ ਦੇਖਣਾ ਚਾਹੁੰਦਾ ਆ।” ਬੰਤੂ ਨੇ ਇਕ ਤਾਰਾ ਚੁੱਕ ਕੇ ਰੱਖ ਦਿੱਤਾ ਤੇ ਕੁਝ ਦੇਰ ਤਕ ਚੁੱਪ ਰਹਿਣ ਮਗਰੋਂ ਬੋਲਿਆ, “ਮੈਨੂੰ ਖੁਦ ਨਹੀਂ ਪਤਾ ਕਿ ਮੇਰਾ ਪਿੰਡ ਕਿਥੇ ਏ। ਇਕ ਵਾਰ ਇਕ ਬ੍ਰਾਹਮਣ ਨੇ ਦੱਸਿਆ ਸੀ ਕਿ ਉਹ ਪਿੰਡ ਦਾ ਨਾਂ ‘ਕੇਂਦੁ ਬਿਲਵ’ ਹੋਵੇਗਾ। ਕੇਂਦੁ ਬਿਲਵ ਹੀ ਅਪਭਰੰਸ਼ ਦੀ ਪ੍ਰੀਕ੍ਰਿਆ ਨਾਲ ਬਦਲ ਕੇ ਕੇਂਡੁਲੀ ਹੋ ਗਿਆ ਹੋਊਗਾ। ਇਸ ਪਿੰਡ ਵਿਚ ਜੈਦੇਵ ਦਾ ਜਨਮ ਹੋਇਆ ਸੀ। ਪਰ ਇਸ ਨਾਂ ਨਾਲ ਮਿਲਦੇ-ਜੁਲਦੇ ਨਾਵਾਂ ਵਾਲੇ ਪਿੰਡ ਬੰਗਾਲ ਵਿਚ ਸਿੰਹਭੂੰਮੀ ਜ਼ਿਲ੍ਹੇ ਵਿਚ, ਓਧਰ ਢਾਕਾ ਦੇ ਕੋਲ, ਉੜੀਸਾ ਵਿਚ ਦੋ ਥਾਈਂ ਤੇ ਬਿਹਾਰ ਪ੍ਰਾਂਤ ਦੇ ਮਿਥਿਲਾ ਵਿਚ ਵੀ ਹਨ।

ਬੰਤੂ ਨੇ ਸੁਣਿਆ ਤੇ ਗੁਆਚੀਆਂ ਹੋਈਆਂ ਨਜ਼ਰਾਂ ਨਾਲ ਕਿਤੇ ਦੂਰ ਦੇਖਦਿਆਂ

ਹੋਇਆਂ ਕਿਹਾ, "ਮੈਨੂੰ ਖੁਦ ਨਹੀਂ ਪਤਾ ਕਿ ਇਨ੍ਹਾਂ ਵਿਚੋਂ ਕਿਹੜਾ ਪਿੰਡ ਮੇਰਾ ਏ, ਕਿਉਂਕਿ ਸ਼ਾਇਦ ਇਨ੍ਹਾਂ ਵਿਚੋਂ ਹਰੇਕ ਪਿੰਡ ਦੇ ਲੋਕ ਕਹਿੰਦੇ ਨੇ ਕਿ ਜੈਦੇਵ ਦਾ ਜਨਮ ਇਥੇ ਹੋਇਆ ਸੀ। ਇਕ ਵਾਰ ਮੈਂ ਬਾਪੂ ਤੋਂ ਪੁੱਛਿਆ ਤਾਂ ਉਨ੍ਹਾਂ ਨੇ ਕਿਹਾ ਕਿ ਮੈਂ ਤਾਂ ਆਪਣੇ ਪਿੰਡ ਤੋਂ ਇਥੇ ਹੁਗਲੀ ਦੇ ਕਿਨਾਰੇ ਤਕ ਪੈਦਲ ਤੁਰਕੇ ਆਇਆ ਸੀ। ਰਾਹ ਵਿਚ ਇਕੋ ਜਿਹੇ ਜੰਗਲ, ਇਕੋ ਜਿਹੀਆਂ ਨਦੀਆਂ ਤੇ ਇਕੋ ਜਿਹੇ ਪਿੰਡ ਪੈਂਦੇ ਰਹੇ। ਇਥੋਂ ਤਕ ਪਹੁੰਚਣ ਵਿਚ ਮੈਨੂੰ ਦੋ-ਇਕ ਮਹੀਨੇ ਲਗੇ ਸੀ। ਪਰ ਵਿਚ-ਵਿਚ ਕਈ ਪਿੰਡਾਂ ਵਿਚ ਮੈਂ ਰੁਕ ਵੀ ਜਾਂਦਾ ਸੀ। ਇਕ ਵਾਰ ਛੇ ਦਿਨ ਬਿਮਾਰ ਹੀ ਪਿਆ ਰਿਹਾ ਸੀ। ਇਸੇ ਲਈ ਮੈਂ ਦੱਸ ਨਹੀਂ ਸਕਦਾ ਕਿ ਕਿਹੜਾ ਪਿੰਡ ਮੇਰਾ ਏ।" ਬੰਤੂ ਨੇ ਦੱਸਿਆ ਕਿ ਬਾਬੂ ਤਾਂ ਉਹ ਦਿਸ਼ਾ ਹੀ ਭੁੱਲ ਚੁੱਕੇ ਸੀ, ਜਿਧਰ ਉਹ ਪਿੰਡ ਸੀ।

ਵਾਰੇਨ ਹੇਸਟਿੰਗਜ ਨੂੰ ਬੰਤੂ ਦੀ ਗੱਲ 'ਤੇ ਵਿਸ਼ਵਾਸ ਇਸੇ ਲਈ ਹੋ ਗਿਆ ਕਿਉਂਜੁ ਉਸ ਵੇਲੇ ਇੰਡੀਆ ਦਾ ਕੋਈ ਨਕਸ਼ਾ ਹੀ ਨਹੀਂ ਬਣਿਆ ਸੀ। ਉਸ ਨੂੰ ਹਾਸਾ ਆਇਆ "ਇਟਸ ਸਟ੍ਰੇਂਜ, ਇੰਡੀਆ ਡਜ਼ ਇਗਜਿਸਟ ਬਟ ਵਿਦਾਉਣ ਅ ਮੈਂਪ, ਸਮਵੇਅਰ ਇਨ ਦਾ ਸੋਲ ਏਂਡ ਮਾਈਂਡ ਆਫ ਦੀਜ਼ ਮਿਸਟੀਰਿਯਮ ਇਨਹੈਬਿਟੇਂਟਸ" ਹਾ ! ਹਾ ! ਹਾ! ਇਕ ਦੇਸ਼ ਬਿਨਾਂ ਨਕਸ਼ੇ ਦਾ !!

× × ×

ਬੰਤੂ ਤੋਂ ਹੀ ਉਸ ਨੂੰ ਗੋਪਾਲ ਕ੍ਰਿਸ਼ਨ ਦੇ ਬਾਰੇ ਵਿਚ ਜਾਣਕਾਰੀ ਮਿਲੀ, ਉਸ ਦੇਵਤਾ ਦੇ ਜਨਮ ਤੋਂ ਲੈ ਕੇ ਮੌਤ ਤਕ ਦੀ ਪੂਰੀ ਕਹਾਣੀ ਸੁਣਨ ਨੂੰ ਮਿਲੀ। ਬੰਗਾਲ ਵਿਚ ਕੁਝ ਦਹਾਕੇ ਪਹਿਲਾਂ ਹੋਣ ਵਾਲੇ ਚੈਤਨਯ ਮਹਾਂਪ੍ਰਭੂ ਪਿੰਡ-ਪਿੰਡ, ਗਲੀ-ਗਲੀ ਇਸੇ ਗੋਪਾਲ ਕ੍ਰਿਸ਼ਨ ਦਾ ਕੀਰਤਨ ਗਾਉਂਦੇ, ਨੱਚਦੇ ਹੋਏ ਘੁੰਮਦੇ ਸੀ। ਉਸਦੇ ਗੀਤ ਤੇ ਕ੍ਰਿਸ਼ਨ ਦੀ ਕਹਾਣੀ ਦੋਹਾਂ ਦਾ ਪ੍ਰਭਾਵ ਅਜਿਹਾ ਸੀ ਕਿ ਉਤਰ-ਪੂਰਵ ਦੇ ਸਾਰੇ ਆਦਿਵਾਸੀ ਤੇ ਜਨਜਾਤੀਆਂ ਦੇ ਲੋਕ ਕ੍ਰਿਸ਼ਨ ਦੇ ਦੀਵਾਨੇ ਹੋ ਗਏ ਸੀ।

ਬੰਤੂ ਨੇ ਦੱਸਿਆ ਸੀ ਕਿ ਜਿਸ ਤਰ੍ਹਾਂ ਇਥੇ ਪੱਥਰਾਂ ਵਿਚ ਉਕਰੀਆਂ ਮੂਰਤੀਆਂ ਅਮਰ ਹਨ, ਉਸੇ ਤਰ੍ਹਾਂ ਕ੍ਰਿਸ਼ਨ ਵੀ ਦੁਆਪਰ ਯੁਗ ਵਿਚ ਇਕ ਸ਼ਿਕਾਰੀ ਦੇ ਰਾਹੀਂ ਮਾਰੇ ਜਾਣ ਦੇ ਬਾਵਜੂਦ ਮਰਿਆ ਨਹੀਂ ਹੈ। ਬੰਤੂ ਨੇ ਕਿਹਾ ਸੀ ਕਿ ਮੌਤ ਉਸਦੀ ਹੁੰਦੀ ਹੈ, ਜਿਸਦੀ ਕੋਈ ਕਹਾਣੀ ਨਹੀਂ ਹੁੰਦੀ। ਕ੍ਰਿਸ਼ਨ ਦੀ ਕਹਾਣੀ ਹੈ, ਇਸੇ ਲਈ ਉਹ ਹਨ। ਉਸ ਨੇ ਦੱਸਿਆ ਸੀ ਕਿ ਜੈਦੇਵ ਦੇ ਘਰ ਵਿਚ ਕ੍ਰਿਸ਼ਨ ਦੀ ਮੂਰਤੀ ਦੇ ਹੱਥ ਵਿਚ ਮੁੰਜ ਦੀ ਰੱਸੀ ਦਾ ਇਕ ਅਜਿਹਾ ਰੇਸ਼ਾ ਪਾਇਆ ਗਿਆ ਸੀ, ਜਿਸ ਨਾਲ ਇਹ ਸਿੱਧ ਹੋ ਜਾਂਦਾ ਸੀ ਕਿ ਕ੍ਰਿਸ਼ਨ ਨੇ ਜੈ ਦੇਵ ਦੀ ਝੌਂਪੜੀ ਦਾ ਛੱਪਰ ਖੁਦ ਆਪਣੇ ਹੱਥ ਨਾਲ ਪਾਇਆ ਸੀ। ਮੁੰਜ ਦਾ ਉਹ ਰੇਸ਼ਾ ਅੱਜ ਵੀ ਮੌਜੂਦ ਹੈ।

"ਇਹ ਕੀ ਮਾਮਲਾ ਏ। ਮੈਂ ਕਿਤੇ ਪਾਗਲ ਤਾਂ ਨਹੀਂ ਹੋ ਜਾਊਂਗਾ...." ਵਾਰੇਨ ਹੇਸਟਿੰਗਜ ਨੇ ਉਸ ਮੁੰਜ ਦੀ ਰੱਸੀ ਦੇ ਬਾਰੇ ਸੋਚਿਆ ਜਿਹੜੀ ਕਿਸੇ ਦੰਤ-ਕਥਾ ਦੇ ਭੌਤਿਕ ਪ੍ਰਮਾਣ ਦੇ ਰੂਪ ਵਿਚ ਮੌਜੂਦ ਸੀ। ਪ੍ਰਤੱਖ ਪ੍ਰਮਾਣ....।

ਇਸਦਾ ਮਤਲਭ ਉਹ ਸੇਬ ਦਾ ਦਰਖਤ ਵੀ ਜ਼ਰੂਰ ਕਿਤੇ ਹੋਵੇਗਾ, ਜਿਸਦਾ ਫਲ ਆਦਮ ਨੇ ਚੱਖਿਆ ਸੀ ਤੇ ਉਸ ਦੇ ਨੇੜੇ ਤੇੜੇ ਸੀਜ਼ਰ ਦੀ ਤਲਵਾਰ ਹੋਵੇਗੀ।

ਬੰਤੂ ਨੇ ਦੱਸਿਆ ਕਿ ਇਕ ਵਾਰ ਜਦ ਜੈਦੇਵ 'ਗੀਤ ਗੋਬਿੰਦ' ਲਿਖ ਰਿਹਾ ਸੀ ਤਾਂ ਉਹ ਇਕ ਥਾਂ ਅਟਕ ਗਿਆ। ਉਸਤੋਂ ਅਗੇ ਉਸਨੂੰ ਕੁਝ ਲਿਖਣ ਲਈ ਸੁਝ ਨਹੀਂ ਰਿਹਾ ਸੀ। ਕਵਿਤਾ ਰੁਕ ਗਈ। ਕਲਪਨਾ ਦੇ ਆਕਾਸ਼ ਵਿਚ ਕੋਈ ਸ਼ਬਦ ਨਹੀਂ ਬਚਿਆ ਸੀ। ਬੱਸ ਸੁਨ 'ਚ ਕਈ ਦਿਨ ਬੀਤ ਗਏ। ਮਹੀਨੇ ਬੀਤ ਗਏ। ਪਾਂਡੂਲਿਪੀ ਅਧੂਰੀ ਰਹਿ ਗਈ। ਜਿਥੇ



ਇਹ ਰੁਕਾਵਟ ਆਈ ਸੀ, ਉਥੋਂ ਦਾ ਅੰਤਮ ਪਦ ਸੀ "ਸੰਥਲ ਕਮਲ ਗਜਨੰ, ਮਮ ਹਿਰਦਯ ਰੰਜਨਮ/ ਜਨਿਤ ਰਤਿ ਤਰੰਗ ਪਰ ਭਾਗਮ/ਭਣ ਮਸਰਣ ਵਾਣੀ ਕਰ ਵਾਣੀ ਚਰਣ ਦਵਯੰ/ ਸਰਸਲਦਕਰਾਗੇਮ....."

ਉਦੋਂ ਅਚਾਨਕ ਹੀ ਇਕ ਦਿਨ ਜੈਦੇਵ ਨੇ ਦੇਖਿਆ ਕਿ ਉਸ ਪਾਂਡੂਲਿਪੀ ਵਿਚ ਇਕ ਅਣਪਛਾਣੀ ਲਿਖਾਈ ਵਿਚ ਅਗੇ ਦਾ ਸ਼ਲੋਕ ਲਿਖਿਆ ਹੋਇਆ ਸੀ, 'ਸਮਰਗਲਖੰਡਨ ਮਮ ਸ਼ਿਰਸਿ ਮੰਡਨ/ਦੇਹੀ ਪਦਪਲਵਮੁਦਾਰਮ....'

ਆਹ ! ਇਹੀ ਸੀ ਉਹ ਪਦ ਜਿਹੜਾ ਉਸਦੀ ਕਲਪਨਾ ਵਿਚ ਖੁਦ ਨੂੰ ਪ੍ਰਗਟ ਨਹੀਂ ਕਰ ਰਿਹਾ ਸੀ। ਇਸੇ ਦੀ ਭਾਲ ਵਿਚ ਉਸਦੀ ਪਾਂਡੂਲਿਪੀ ਅਟਕ ਗਈ ਸੀ।

ਜੈਦੇਵ 'ਦੇਹੀ ਪਦਪਲਵਮੁਦਾਰਮ... ਦੇਹੀ ਪਦਪਲਵਮੁਦਾਰਮ' ਰਟਦਾ ਹੋਇਆ ਜਦੋਂ ਕ੍ਰਿਸ਼ਨ ਦੀ ਉਸ ਮੂਰਤੀ ਕੋਲ ਗਿਆ, ਜਿਸਦੇ ਹੱਥ ਵਿਚ ਕਦੇ ਮੁੰਜ ਦੀ ਰੱਸੀ ਦਾ ਰੇਸ਼ਾ ਪਾਇਆ ਸੀ, ਤਾਂ ਉਸਨੇ ਦੇਖਿਆ ਕਿ ਉਸ ਮੂਰਤੀ ਦੇ ਸੱਜੇ ਹੱਥ ਦੀ ਉਂਗਲੀ 'ਤੇ ਸਿਆਹੀ ਲਗੀ ਹੋਈ ਸੀ... "ਓਹ, ਤਾਂ ਇਹ ਪਦ ਤੁਸੀਂ ਲਿਖਿਆ ਸੀ, ਗੋਪਾਲ ?"

"ਦੇਹੀ....ਪਦ....ਪਲਲਵ...ਮੁਦਾਰਮ....! ਦੇਹੀ...ਪਦ...ਪਲਵ...ਮੁਦਾਰਮ....!" ਜੈਦੇਵ ਵਾਰ-ਵਾਰ ਭਾਵੁਕ ਹੋ ਕੇ ਦੁਹਰਾ ਰਿਹਾ ਸੀ। ਉਸਦੀਆਂ ਅੱਖਾਂ 'ਚੋਂ ਲਗਾਤਾਰ ਹੰਝੂ ਵਹਿ ਰਹੇ ਸੀ।

ਵਾਰੇਨ ਹੇਸਟਿੰਗਜ ਖੁਦ ਵੀ ਰੋਣ ਲੱਗ ਪਿਆ।

ਕਿਥੇ ਇਕ ਪਾਸੇ ਇੰਗਲੈਂਡ ਵਿਚ 'ਏਜ ਆਫ ਰੀਜ਼ਨ' ਆ ਚੁੱਕਾ ਸੀ। ਬੈਂਕ, ਸ਼ੇਅਰ ਬਾਜ਼ਾਰ ਤੇ ਵਣਜ ਪੂੰਜੀ ਦਾ ਵਿਕਾਸ ਹੋ ਚੁੱਕਿਆ ਸੀ। ਦੁਨੀਆਂ ਭਰ ਵਿਚ ਨਵੇਂ-ਨਵੇਂ ਬਾਜ਼ਾਰ ਬਣ ਰਹੇ ਸੀ। ਪੂੰਜੀ, ਮਾਲ ਤੇ ਮੁਨਾਫੇ ਲਈ ਕੰਪਨੀਆਂ ਤੇ ਰਾਸ਼ਟਰ-ਰਾਜ ਇਕ-ਦੂਜੇ ਦਾ ਗੱਲ ਵੱਢ ਰਹੇ ਸੀ। ਧਰਤੀ ਤੇ ਸਮੁੰਦਰ ਵਿਚ ਲੜਾਈਆਂ ਜਾਰੀ ਸਨ...। ਕਿਥੇ ਇਹ ਅਜਿਹਾ ਦੇਸ਼ ਸੀ, ਜਿਥੇ ਪਾਂਡੂਲਿਪੀ ਵਿਚ ਇਕ ਅਣਜਾਣ ਲਿਖਾਈ ਵਿਚ ਲਿਖਿਆ ਗਿਆ ਪਦ ਤੇ ਮੁੰਜ ਦੀ ਰੱਸੀ ਦਾ ਇਕ ਅਜਿਹਾ ਰੇਸ਼ਾ ਸਾਖਸ਼ਾਤ ਸਭ ਦੇ ਸਾਹਮਣੇ ਮੌਜੂਦ ਸੀ, ਜਿਹੜਾ ਕਿਸੇ ਦੰਦਕਥਾ ਦਾ ਭੌਤਿਕ ਸਬੂਤ ਬਣ ਰਿਹਾ ਸੀ।

× × ×

ਮੈਂ ਵੀ ਕਵੀ ਬਣਾਂਗਾ। ਅੰਗਰੇਜ਼ੀ ਕਵਿਤਾ ਦਾ ਪਿਤਾਮਾ ਚੌਸਰ ਵੀ ਤਾਂ ਲੰਡਨ ਦਾ ਸੀ ਪਰ ਉਸਦੀ ਕਵਿਤਾ ਵਿਚ ਸਿਰਫ ਇੰਗਲੈਂਡ ਨਹੀਂ, ਸਮੁੱਚੇ ਯੂਰਪ ਦੀ ਸੰਸਕ੍ਰਿਤੀ ਦਿੱਸਦੀ ਸੀ।

ਮੈਂ ਵੀ ਸਰ ਫਿਲਿਪ ਸਿਡਨੀ ਜਿਹਾ ਕਵੀ ਬਣਾਂਗਾ- ਇੰਡੀਆ ਦੇ ਜੈਦੇਵ, ਵਿਦਿਆਪਤੀ, ਕਾਲੀਦਾਸ, ਚੈਤਨਯ ਤੇ ਸੰਸਕ੍ਰਿਤ ਦੇ ਸਾਰੇ ਕਵੀਆਂ ਤੋਂ ਪ੍ਰੇਰਨਾ ਲੈ ਕੇ। ਜੇ ਮੈਂ ਵੀ ਇਥੇ ਈਸਟ ਇੰਡੀਆ ਕੰਪਨੀ ਲਈ ਕਿਸੇ ਭਾਰਤੀ ਰਾਜੇ ਜਾਂ ਨਵਾਬ ਦੇ ਨਾਲ ਯੁੱਧ ਵਿਚ ਮਾਰਿਆ ਗਿਆ, ਜਿਵੇਂ ਫਿਲਿਪ ਸਿਡਨੀ ਜੁਟਫੇਨ ਦੇ ਯੁੱਧ ਵਿਚ ਮਾਰਿਆ ਗਿਆ ਸੀ, ਤਾਂ ਸਾਰਾ ਯੂਰਪ ਮੇਰੇ ਲਈ ਉਸ ਤਰ੍ਹਾਂ ਰੋਵੇਗਾ ਜਿਵੇਂ ਫਿਲਿਪ ਸਿਡਨੀ ਲਈ ਰੋਇਆ ਸੀ। ਮੈਨੂੰ ਵੀ 'ਫਲਾਵਰ ਆਫ ਇੰਗਲੈਂਡ' ਕਿਹਾ ਜਾਵੇਗਾ। ਜਦੋਂ ਮੈਂ ਮਰਾਂਗਾ ਤਾਂ ਸਾਰੇ ਯੂਰਪ ਦੇ ਕਵੀ ਦੁੱਖ ਤੇ ਪੀੜ ਨਾਲ ਭਰ ਕੇ ਮੇਰੀ ਯਾਦ ਵਿਚ ਗਮਗੀਨ ਗੀਤ ਲਿਖਣਗੇ, ਫੇਰ ਜਿਸ ਕਲਮ ਨਾਲ ਉਹ ਗਮਗੀਨ ਗੀਤ ਲਿਖਿਆ ਗਿਆ ਹੈ, ਉਸ ਨੂੰ ਮੇਰੀ ਕਬਰ 'ਤੇ ਚੜ੍ਹਾ ਦੇਣਗੇ। ਫਿਲਿਪ ਸਿਡਨੀ ਵਾਂਗ ਮੇਰੀ ਕਬਰ ਵੀ ਬੇਗਿਣਤ ਕਵੀਆਂ ਦੀਆਂ ਉਦਾਸ ਕਲਮਾਂ ਨਾਲ ਢੱਕ ਜਾਵੇਗੀ। ਉਨ੍ਹਾਂ ਕਲਮਾਂ ਵਿਚ ਸਿਆਹੀ ਨਹੀਂ, ਯੂਰਪ ਦੇ ਸਾਰੇ ਆਮ ਲੋਕਾਂ ਦੇ ਹੰਝੂ ਹੋਣਗੇ। ਮੈਨੂੰ ਮੌਤ ਦੇ ਬਾਅਦ ਇੰਨਾ ਪਿਆਰ ਕੀਤਾ ਜਾਵੇਗਾ, ਇੰਨਾ ਪਿਆਰ ਕੀਤਾ

ਜਾਵੇਗਾ ਕਿ... ਵਾਰੇਨ ਹੇਸਟਿੰਗਜ ਦੀਆਂ ਅੱਖਾਂ ਵਿਚ, ਖ਼ੁੱਦ ਆਪਣੀ ਹੀ ਮੌਤ ਦੀ ਕਲਪਨਾ ਨਾਲ ਪੈਦਾ ਹੋਈ ਹਮਦਰਦੀ ਦੇ ਕਾਰਨ, ਹੰਝੂ ਵਹਿਣ ਲਗੇ।

× × ×

ਐਤਵਾਰ ਖਾਣ-ਪੀਣ ਤੇ ਮੌਜ-ਮਸਤੀ ਕਰਨ ਦਾ ਦਿਨ ਸੀ। ਸਾਰੇ ਲੋਕ ਖੁੱਲ੍ਹੇ ਬਗੀਚੇ ਵਿਚ ਬੈਠਦੇ। ਉਸ ਦਿਨ ਯੂਰਪ ਦੀ ਸ਼ਰਾਬ, ਬਰਾਂਡੀ ਤੇ ਵਾਈਨ ਦਿਲ ਖੋਲ੍ਹ ਕੇ ਸਾਰਿਆਂ ਨੂੰ ਪੇਸ਼ ਕੀਤੀ ਜਾਂਦੀ। ਨਹੀਂ ਤਾਂ ਬਾਕੀ ਦਿਨ ਤਾ ਫਾਰਸ ਦੀ ਸ਼ਿਰਾਜ ਜਾਂ ਜ਼ਿਆਦਾਤਰ ਅਰਕ ਪੀ ਕੇ ਹੀ ਪਿਆਸ ਬੁਝਾਈ ਜਾਂਦੀ।

ਕੇਸਰ ਦੀ ਖ਼ੁਸ਼ਬੂ ਵਿਚ ਡੁਬੇ ਮਹਿਕਦੇ ਹੋਏ ਚੌਲ, ਪੁਲਾਓ ਤੇ ਬਿਰਾਨੀ। ਖਾਨਸਾਮਾ ਅਬਦੁਲ ਕਾਦਰ ਦੇ ਹੱਥ ਵਿਚ ਕੋਈ ਜਾਦੂ ਸੀ। ਬਦਾਮ ਤੇ ਕਾਜੂ ਨਾਲ ਮੱਖਣ ਵਿਚ ਬਣਾਇਆ ਗਿਆ ਮੁਰਗ-ਦਮਪੁਖਤ ਜਦੋਂ ਮੇਜ਼ 'ਤੇ ਰੱਖਿਆ ਜਾਂਦਾ ਤਾਂ ਸਭ ਦੇ ਮੂੰਹ ਵਿਚ ਪਾਣੀ ਆ ਜਾਂਦਾ। ਡ੍ਰਿੰਕਸ ਦੇ ਨਾਲ ਕਬਾਬ ਵੀ ਘੱਟ ਸੁਆਦਲਾ ਨਹੀਂ ਹੁੰਦਾ। ਪਰ ਬੀਫ (ਗਊਮਾਸ) ਨਸੀਬ ਨਹੀਂ ਹੁੰਦਾ ਸੀ। ਇਥੋਂ ਦੇ ਲੋਕ (ਨੇਟਿਵ) ਗਊ ਦੀ ਪੂਜਾ ਕਰਦੇ ਸੀ, ਉਸਨੂੰ ਆਪਣੇ ਘਰ ਦੇ ਵਿਹੜੇ ਵਿਚ ਬੰਨਦੇ ਸੀ, ਉਸਦਾ ਦੁੱਧ ਪੀਂਦੇ ਸੀ। ਹਿੰਦੂ ਲੋਕ ਉਸ ਨੂੰ ਮਾਂ ਕਹਿੰਦੇ ਸੀ। ਮੁਸਲਮਾਨਾਂ ਦੀ ਨਵਾਬੀ ਹੋਣ ਦੇ ਬਾਵਜੂਦ ਸਰਕਾਰ ਵੱਲੋਂ ਗਊ ਵੱਢਣ 'ਤੇ ਬੰਦਿਸ਼ ਲਗੀ ਹੋਈ ਸੀ।

ਕਹਿੰਦੇ ਨੇ ਪਟਨਾ ਦੇ ਕੰਪਨੀ ਏਜੰਟ ਮਿਸਟਰ ਏਲਿਸ ਨੇ ਇਕ ਵਾਰ ਨਵਾਬ ਦੇ ਦਰਬਾਰ ਵਿਚ ਰਾਤ ਦੀ ਮਹਿਫਿਲ ਵਿਚ, ਨਵਾਬ ਨੂੰ ਯੂਰਪ ਦੀ ਖਾਸ, ਵਧੀਆ ਵਾਈਨ ਦੇ ਨਸ਼ੇ ਵਿਚ ਡੁਬ ਕੇ ਇਸ ਕਾਨੂੰਨ ਨੂੰ ਖਤਮ ਕਰਵਾਉਣਾ ਚਾਹਿਆ ਪਰ ਨਸ਼ੇ ਵਿਚ ਲੜਖੜਾਉਂਦੀ ਜੁਬਾਨ ਨਾਲ ਨਵਾਬ ਨੇ ਕਿਹਾ ਸੀ, "ਸੁਣੋ ਜਨਾਬ ਏਲਿਸ, ਤੁਸੀਂ ਲੋਕ ਤਾਂ ਇਥੇ ਦੌਲਤ ਕਮਾਉਣ ਤੇ ਤਿਜਾਰਤ ਕਰਨ ਆਏ ਹੋ, ਇਕ-ਨਾ-ਇਕ ਦਿਨ ਤੁਸੀਂ ਆਪਣੇ ਵਤਨ ਮੁੜ ਜਾਣਾ ਏ, ਪਰ ਅਸੀਂ ਤਾਂ ਇਥੇ ਰਹਿਣਾ ਏ। ਇਸੇ ਮਿੱਟੀ ਵਿਚ ਅਸੀਂ ਪੈਦਾ ਹੋਏ, ਖੇਡੇ-ਕੁਦੇ ਤੇ ਇਸੇ ਵਿਚ ਇਕ ਦਿਨ ਅਸੀਂ ਦਫਨ ਵੀ ਹੋ ਜਾਣਾ ਏ, ਤਾਂ ਅਸੀਂ ਇਥੋਂ ਦੇ ਰਹਿਣ ਵਾਲਿਆਂ ਦੇ, ਇਥੋਂ ਦੇ ਲੋਕਾਂ ਦੇ ਜਜ਼ਬਾਤਾਂ ਨੂੰ ਕਿਉਂ ਸੱਟ ਮਾਰੀਏ ।"

ਏਲਿਸ ਨੇ ਚਲਾਕੀ ਨਾਲ ਨਵਾਬ ਨੂੰ ਭੜਕਾਉਣ ਦੀ ਕੋਸ਼ਿਸ਼ ਕੀਤੀ, "ਯੋਰ ਹਾਈਨੇਸ, ਕੀ ਗਊ ਦੀ ਪੂਜਾ ਕਰਨ ਵਾਲੇ ਹਿੰਦੂ ਲੋਕ ਕਾਫਿਰ ਨਹੀਂ? ਕੀ ਤੁਸੀਂ ਆਪਣੀ ਹਕੂਮਤ ਕਾਫਿਰਾਂ ਦੇ ਰਹਮੋਕਰਮ 'ਤੇ ਚਲਾਉਂਦੇ ਹੋ ?"

ਨਵਾਬ ਨੇ ਸਾਰੀ ਵਾਈਨ ਇਕ ਘੁੱਟ ਵਿਚ ਆਪਣੇ ਹਲਕ ਵਿਚ ਉਤਾਰ ਕੇ ਖਾਲੀ ਪਿਆਲਾ ਅਗੇ ਵਧਾਉਂਦਿਆਂ ਹੋਇਆਂ ਉਸਨੂੰ ਫੇਰ ਭਰਨ ਦਾ ਇਸ਼ਾਰਾ ਕੀਤਾ। ਇਸ ਤੋਂ ਮਗਰੋਂ ਉਸਨੇ ਠਹਾਕੇ ਮਾਰਦਿਆਂ ਹੋਇਆਂ ਕਿਹਾ, "ਮਿਸਟਰ ਏਲਿਸ, ਕਾਫਿਰ ਉਹ ਹਿੰਦੂ ਨਹੀਂ ਜਿਹੜਾ ਗਊ ਦੀ ਪੂਜਾ ਕਰਦਾ ਏ, ਕਾਫਿਰ ਤਾਂ ਅਸੀਂ ਹਾਂ, ਜਿਹੜੇ ਹਜਰਤ ਦੀ ਪਾਬੰਦੀ ਦੇ ਬਾਵਜੂਦ ਇਹ ਸ਼ਰਾਬ ਪੀ ਕੇ ਕੁਫਰ ਦਾ ਗੁਨਾਹ ਕਰ ਰਹੇ ਹਾਂ।" ਮਿਸਟਰ ਏਲਿਸ ਨੇ ਦੇਖਿਆ ਕਿ ਨਸ਼ੇ ਵਿਚ ਲੜਖੜਾਉਂਦਾ ਹੋਇਆ ਨਵਾਬ ਖੜਾ ਹੋਇਆ, ਵਾਈਨ ਨਾਲ ਭਰਿਆ ਹੋਇਆ ਪਿਆਲਾ ਉਸਨੇ ਪੱਥਰ 'ਤੇ ਮਾਰ ਕੇ ਚਕਨਾਚੂਰ ਕਰ ਦਿੱਤਾ। ਉਸਦੀਆਂ ਅੱਖਾਂ ਮਿਸਟਰ ਏਲਿਸ ਨੂੰ ਘੂਰਦੀਆਂ ਹੋਈਆਂ ਮਚ ਰਹੀਆਂ ਸਨ। ਉਹ ਅੱਖਾਂ ਪਟਨਾ ਦੇ ਕੰਪਨੀ ਏਜੰਟ ਮਿਸਟਰ ਏਲਿਸ ਦੇ ਚਿਹਰੇ ਦੇ ਪਾਰ ਭਵਿੱਖ ਦਾ ਕੋਈ ਅਜਿਹਾ ਚਿਹਰਾ ਦੇਖ ਰਹੀਆਂ ਸੀ, ਜਿਹੜਾ ਦਹਿਸ਼ਤ ਨਾਲ ਭਰਿਆ ਸੀ।

ਮਿਸਟਰ ਏਲਿਸ ਨੇ ਚੁੱਪਚਾਪ ਉਥੋਂ ਖਿਸਕ ਜਾਣ ਵਿਚ ਹੀ ਆਪਣੀ ਭਲਾਈ ਸਮਝੀ। ਪਰ ਉਸ ਰਾਤ ਮਗਰੋਂ ਉਹ ਮੁਸਲਮਾਨ ਨਵਾਬ ਦਾ ਕਟੜ ਦੁਸ਼ਮਣ ਬਣ ਗਿਆ।



ਪਰ ਅਜਿਹੇ ਨਵਾਬ ਤਾਂ ਨਾਂ ਮਾਤਰ ਸਨ। ਇਥੇ ਤਾਂ ਕੰਪਨੀ ਦੇ ਅਫਸਰਾਂ ਰਾਹੀਂ ਦਿੱਤੀਆਂ ਗਈਆਂ ਪਾਰਟੀਆਂ ਵਿਚ ਅਜਿਹੇ ਮੁਸਲਮਾਨ ਅਮੀਰਜਾਦੇ ਆਉਂਦੇ ਸੀ ਜਿਨ੍ਹਾਂ ਦਾ ਸਿਰ, ਬੋਤਲ ਦੀ ਸ਼ਰਾਬ ਚੜ੍ਹਾ ਜਾਣ ਦੇ ਬਾਵਜੂਦ ਨਹੀਂ ਘੁੰਮਦਾ ਸੀ ਤੇ ਉਹ ਰਈਸ ਹਿੰਦੂ ਵੀ, ਜਿਹੜੇ ਗੋਰਿਆਂ ਦੀ ਕ੍ਰਿਪਾ ਦ੍ਰਿਸ਼ਟੀ ਪਾਉਣ ਲਈ ਕੇਲੇ ਦੇ ਪੱਤੇ ਵਿਚ ਚੋਰੀਓਂ ਲਪੇਟ ਕੇ ਲਿਆਂਦਾ ਗਿਆ ਗਊ ਦਾ ਕੰਨ ਭੇਂਟ ਵਿਚ ਦਿੰਦੇ ਸੀ। ਇਹ ਹਿੰਦੂ ਜ਼ਿਆਦਾਤਰ ਉੱਚੀ ਜਾਤ ਦੇ ਹੁੰਦੇ। ਅੰਗਰੇਜ਼ਾਂ ਦੀਆਂ ਪਾਰਟੀਆਂ ਵਿਚ ਸ਼ਾਮਿਲ ਹੋਣਾ ਉਹ ਆਪਣੀ ਸ਼ਾਨ ਸਮਝਦੇ ਸਨ।

ਵਾਰੇਨ ਹੇਸਟਿੰਗਜ ਨੇ ਦੇਖਿਆ ਕਿ ਇਹ ਉਨ੍ਹਾਂ ਰਹੱਸਮਈ ਲੋਕਾਂ ਤੋਂ ਬਿਲਕੁਲ ਅੱਡ ਸਨ। ਇਨ੍ਹਾਂ ਵਿਚ ਕੋਈ ਰਹੱਸ ਨਹੀਂ ਸੀ। ਉਹ ਜਾਣਦੇ ਸੀ ਕਿ ਬੰਗਾਲ ਦਾ ਨਵਾਬ ਮੀਰ ਕਾਸਿਮ ਹੁਣ ਹਾਰ ਚੁੱਕਿਆ ਹੈ ਤੇ ਇਲਾਹਾਬਾਦ, ਅਵਧ ਹੀ ਨਹੀਂ, ਦਿੱਲੀ ਤਕ ਦੀ ਦੀਵਾਨੀ ਅੰਗਰੇਜ਼ ਕੰਪਨੀ ਨੇ ਹਾਸਿਲ ਕਰ ਲਈ ਹੈ। ਇਸ ਲਈ ਉਹੀ ਹੁਣ ਉਨ੍ਹਾਂ ਦੇ ਆਕਾ ਹਨ। ਉਹ ਹਰ ਤਰ੍ਹਾਂ ਨਾਲ ਇਨ੍ਹਾਂ ਗੋਰਿਆਂ ਨੂੰ ਖ਼ੁਸ਼ ਕਰਕੇ ਇਨ੍ਹਾਂ ਦਾ ਵਿਸ਼ਵਾਸ ਹਾਸਲ ਕਰਨ ਦੀ ਕੋਸ਼ਿਸ਼ ਕਰਦੇ।

ਇਹ ਲੋਕ ਸਨ ਜਿਹੜੇ ਹਿੰਦੁਸਤਾਨ ਦੀ ਲੁੱਟ ਵਿਚ ਅੰਗਰੇਜ਼ਾਂ ਨਾਲ ਹਿੱਸੇਦਾਰੀ ਚਾਹੁੰਦੇ ਸੀ। ਉਨ੍ਹਾਂ ਨੂੰ ਸਿਰਫ ਅਯਾਸ਼ੀ, ਸੁਆਦ, ਸੁੱਖ ਤੇ ਦੌਲਤ ਚਾਹੀਦੀ ਸੀ। ਉਹ ਅੰਗਰੇਜ਼ੀ ਬੋਲਣ ਦੀ ਕੋਸ਼ਿਸ਼ ਕਰਦੇ, ਉਨ੍ਹਾਂ ਦੀਆਂ ਤੀਵੀਆਂ ਤੇ ਕੁੜੀਆਂ ਯੂਰਪੀਨਾਂ ਵਰਗੇ ਕੱਪੜੇ ਪਾਉਂਦੀਆਂ, ਉਹੋ ਜਿਹਾ ਹੀ ਨੱਚਦੀਆਂ। ਉਹ ਬਹੁਤ ਤੇਜ਼ੀ ਨਾਲ ਅੰਗਰੇਜ਼ਾਂ ਜਿਹਾ ਬਣਨ ਦੀ ਕੋਸ਼ਿਸ਼ ਕਰ ਰਹੇ ਸੀ। ਹਾਲਾਂਕਿ ਉਨ੍ਹਾਂ ਵਿਚ ਕਈ ਬਹੁਤ ਨਿਮਾਣੇ, ਸਭਿਅਕ ਤੇ ਵਿਦਵਾਨ ਸਨ। ਮੁਗਲ ਰਾਜ ਦੇ ਦੌਰਾਨ ਉਨ੍ਹਾਂ ਨੇ ਬੜੀ ਮਿਹਨਤ ਨਾਲ ਫਾਰਸੀ ਸਿੱਖੀ ਸੀ ਤੇ ਦਰਬਾਰ ਤੋਂ ਸਾਰੀਆਂ ਮਿਹਰਬਾਨੀਆਂ ਪਾਈਆਂ ਸਨ। ਬਦਲਦੇ ਵਕਤ ਵਿਚ ਉਹ ਹੁਣ ਅੰਗਰੇਜ਼ੀ ਸਿੱਖ ਰਹੇ ਸੀ। ਇਹ ਇਤਿਹਾਸਕ ਚਾਪਲੂਸ ਸਨ। ਇਤਿਹਾਸਕ ਵੱਡੇ ਆਦਮੀ, ਇਤਿਹਾਸਕ ਵਿਉਪਾਰੀ ਤੇ ਇਤਿਹਾਸਕ ਸੱਤਾਕਾਮੀ।

ਅਜਿਹੇ ਤਿੰਨ ਸਵਰਨ ਹਿੰਦੂ ਪਰਿਵਾਰ ਸਨ ਜਿਹੜੇ ਡਾਉਨਟਨ ਦੀ ਕੋਠੀ ਵਿੱਚ ਦਿੱਤੀ ਜਾਣ ਵਾਲੀ ਪਾਰਟੀ ਵਿੱਚ ਅਕਸਰ ਆਉਂਦੇ ਸੀ। ਉਨ੍ਹਾਂ ਨੇ ਬੀਫ ਖਾਣਾ ਸ਼ੁਰੂ ਕਰ ਦਿੱਤਾ ਸੀ। ਮੋਹਿਨੀ ਠਾਕੁਰ ਉਨ੍ਹਾਂ ਵਿਚੋਂ ਇਕ ਪਰਿਵਾਰ ਦੀ ਕੁੜੀ ਸੀ। ਸ਼ੈਕਸਪੀਅਰ ਦੇ ਕੁਝ ਨਾਟਕਾਂ ਦੇ ਅੰਸ਼ ਉਸਨੇ ਜ਼ੁਬਾਨੀ ਯਾਦ ਕਰ ਰੱਖੇ ਸੀ। ਪਿਆਨੋ ਵਜਾਉਣਾ ਉਸਨੇ ਸਿੱਖ ਲਿਆ ਸੀ। ਬਿਲਕੁਲ ਬ੍ਰਿਟਿਸ਼ ਉਚਾਰਨ ਨਾਲ ਅੰਗਰੇਜ਼ੀ ਬੋਲਦੀ ਸੀ। ਉਸਦੇ ਪਿਤਾ ਨੇ ਤੰਬਾਕੂ ਤੇ ਮੱਛੀ ਦੇ ਵਿਉਪਾਰ ਦਾ, ਮਿਦਨਾਪੁਰ ਕਲਕੱਤਾ ਤੇ ਮਾਲਦਾ ਦਾ ਠੇਕਾ ਈਸਟ ਇੰਡੀਆ ਕੰਪਨੀ ਤੋਂ ਹਾਸਿਲ ਕਰਨਾ ਸੀ। ਮੋਹਿਨੀ ਠਾਕੁਰ ਨੇ ਆਪਣੇ ਪਰਿਵਾਰ ਦੀ ਉਨਤੀ ਲਈ ਇਹ ਕੰਮ 'ਹੋਸ਼ਿਆਰੀ' ਨਾਲ ਕਰਵਾਉਣਾ ਸੀ।

ਉਹ ਬਹੁਤ ਹੋਸ਼ਿਆਰ ਸੀ। ਰਾਤ ਨੂੰ ਡਾਊਨਟਨ ਨੇ ਬਿਸਤਰ 'ਤੇ ਉਸ ਨੂੰ ਜਾਣਿਆ, ਉਹ ਅਦਭੁਤ ਸੀ। ਕੋਈ ਪੂਰਬੀ ਯਕਸ਼ਣੀ ਸੀ, ਉਹ ਉਸਦੇ ਉਲਟ ਸੀ। ਡਾਉਨਟਨ ਨੂੰ ਲੱਗਿਆ ਕਿ ਜਿਵੇਂ ਉਸਦਾ ਸਰੀਰ ਕੋਈ ਸਮੁੰਦਰ ਹੋਵੇ, ਜਿਸਦਾ ਮੰਥਨ ਹੋ ਰਿਹਾ ਹੋਵੇ। ਹਰ ਵਾਰ ਮੋਹਿਨੀ ਠਾਕੁਰ ਉਸਦੀ ਦੇਹ ਨੂੰ ਮੰਥਨ ਕਰਕੇ ਅਨੰਦ ਦਾ ਇਕ ਨਵਾਂ ਰਤਨ ਉਸ ਨੂੰ ਕੱਢ ਕੇ ਦੇਂਦੀ। ਟੇਕ ਮੀ, ਹੋਲਡ ਮੀ, ਆਯਮ ਕਮਿੰਗ, ਕਮ ਆਨ ਜਸਟ ਡੂ ਇਟ। ਡੂ ਇਟ।

ਇਸਦੇ ਬਾਅਦ ਫ੍ਰੇਡਰਿਕ ਦਾ ਨੰਬਰ ਲੱਗਿਆ। ਉਹ ਨਸ਼ੇ ਵਿਚ ਧੁੱਤ ਸੀ। ਮੋਹਿਨੀ ਠਾਕੁਰ ਨੇ ਉਸਦਾ ਵੀ ਮੰਥਨ ਕਰਕੇ ਮੋਨਾ ਦਾ ਨਾਂ ਨਾਮ ਹਾਸਿਲ ਕੀਤਾ। ਮੋਨਾ....ਆਯਮ

ਕਮਿੰਗ ਟੂ...ਊ...ਹੂ..।

ਸਭ ਤੋਂ ਗੰਭੀਰ ਕਹਾਣੀ ਲੇਟਿਨ ਦੀ ਸੀ, ਜਿਸਦੀ ਬਾਰੀ ਰਾਤ ਦੇ ਸਵਾ ਦੋ ਵਜੇ ਆਈ। ਉਹ ਚਾਰ ਸਾਲ ਤੋਂ ਇੰਗਲੈਂਡੋਂ ਬਾਹਰ ਸੀ। ਇਨ੍ਹਾਂ ਚਾਰ ਸਾਲਾਂ ਵਿਚ ਆਪਣੇ ਸ਼ਰਮੀਲੇਪਨ ਕਾਰਨ ਉਸਨੂੰ ਕਿਸੇ ਔਰਤ ਦਾ ਸੁਖ ਨਹੀਂ ਮਿਲ ਸਕਿਆ ਸੀ। ਉਹ ਇਕ ਰੁਕਿਆ ਹੋਇਆ ਤੂਫਾਨ ਸੀ। ਮਰਦਾਨਗੀ ਦਾ ਬੰਨਿਆ ਹੋਇਆ ਝਖੜ। ਡਾਊਨਟਨ ਦੇ ਬੈੱਡਰੂਮ ਵਿਚ ਜਾਣ ਦੀ ਉਸਦੀ ਹਿੰਮਤ ਨਹੀਂ ਹੋ ਰਹੀ ਸੀ ਜਿਥੇ ਮੋਹਿਨੀ ਠਾਕੁਰ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕਰ ਰਹੀ ਸੀ। ਪਰ ਮੋਹਿਨੀ ਦੀ ਮਾਂ ਨੰਦਿਨੀ ਠਾਕੁਰ ਨੇ ਉਸ ਨੂੰ ਪਿਆਰ ਨਾਲ ਧਕਿਆ। ਉਹ ਉਸ ਤੋਂ ਇੰਗਲੈਂਡ ਦੇ ਸੈਂਟ ਕਾਸਮੇਟਿਕਸ ਤੇ ਕੱਪੜਿਆਂ ਦਾ ਕੀਮਤੀ ਗਿਫਟ ਪਹਿਲਾਂ ਹੀ ਹਾਸਿਲ ਕਰ ਚੁੱਕੀ ਸੀ।

ਲੇਟਿਨ ਭਰ ਜੁਆਨ ਤੇ ਭਾਵੁਕ ਸੀ। ਮੋਹਿਨੀ ਠਾਕੁਰ ਨੇ ਉਸਨੂੰ ਦੇਖਿਆ, ਉਸ ਨੇ ਅਜੇ ਤਕ ਸ਼ੇਵਿੰਗ ਕਰਨੀ ਵੀ ਸ਼ੁਰੂ ਨਹੀਂ ਕੀਤੀ ਸੀ। ਨਰਮ-ਭੂਰੇ ਰੋਮ ਉਸਦੇ ਚਿਹਰੇ 'ਤੇ ਹੁਣ ਹੌਲੀ-ਹੌਲੀ ਸਖਤ ਤੇ ਸਿਆਹ ਹੋਣੇ ਸ਼ੁਰੂ ਹੋ ਗਏ ਸੀ। ਨਾਸਾਂ ਤੇ ਗਲ੍ਹਾਂ 'ਤੇ ਉਹ ਹਲਕਾ ਗੁਲਾਬੀਪਣ ਸੀ, ਜਿਹੜਾ ਕੱਚੇਪਣ ਦੀ ਨਿਸ਼ਾਨੀ ਹੁੰਦਾ ਹੈ।

ਲੇਟਿਨ ਸੰਗ ਰਿਹਾ ਸੀ। ਮੋਹਿਨੀ ਮਾਹਿਰ ਸੀ।

ਵਾਈਨ ਦੇ ਘੁੱਟ ਲੇਟਿਨ ਦੇ ਗਲ੍ਹ ਵਿਚੋਂ ਦੀ ਉੱਤਰੀ ਜਾ ਰਹੇ ਸੀ। ਰਾਤ ਦੇ ਤਿੰਨ ਵਜ ਰਹੇ ਸੀ। ਹਵਾ ਵਿਚ ਹਲਕੀ ਠੰਢ ਘੁਲਣ ਲੱਗੀ ਸੀ। ਲੇਟਨ ਸੁਪਨ ਲੋਕ ਵਿਚ ਸੀ। ਮੋਹਿਨੀ ਠਾਕੁਰ ਦੀਆਂ ਉਂਗਲਾਂ ਕਦੇ ਉਸਦੇ ਸਿਰ ਦੇ ਨਰਮ ਵਾਲਾਂ, ਕਦੇ ਉਸਦੀ ਛਾਤੀ ਵਿਚ ਘੁੰਮਣ ਲੱਗਦੀਆਂ ਸੀ।

ਲੇਟਿਨ ਗਾ ਰਿਹਾ ਸੀ: "ਕਮ ਲਿਵ ਵਿਦ ਮੀ ਏਂਡ ਬੀ ਮਾਈ ਲਵ/ਏਂਡ ਵੀ ਵਿਲ ਆਲ ਦ ਪਲੇਜ਼ਰਸ ਪ੍ਰੂਵ/ਦੈਟ ਹਿਲਸ ਏਂਡ ਵੈਲੀਜ਼, ਡੇਲਸ ਏਂਡ ਫੀਲਡਸ/ ਐਂਡ ਵੁਡਸ ਆਰ ਸਟੀਪੀ ਮਾਊਂਟੇਨ ਯੀਲਡਸ ਵੀ ਵਿਲ ਸਿਟ ਅਪਾਨ ਦਿ ਰਾਕਸ...."

ਮੋਹਿਨੀ ਠਾਕੁਰ ਦੇ ਅੰਦਰ ਪਹਿਲੀ ਵਾਰ ਅਜਿਹੀ ਕੁੜੀ ਪੈਦਾ ਹੋਈ ਜਿਹੜੀ ਆਪਣੇ ਪਿਤਾ ਨੂੰ ਤੰਬਾਕੂ ਤੇ ਮੱਛੀ ਦੇ ਵਿਉਪਾਰ ਦਾ ਠੇਕਾ ਕੰਪਨੀ ਤੋਂ ਦਵਾਉਣ ਲਈ ਨਹੀਂ ਬਲਕਿ ਇਸ ਨਿਰਛਲ, ਮਾਸੂਮ ਤੇ ਭਾਵੁਕ ਨੌਜਵਾਨ ਅੰਗਰੇਜ਼ ਅਫਸਰ ਲੇਟਿਨ ਨੂੰ ਪ੍ਰੇਮ ਲਈ ਤੜਫ ਰਹੀ ਸੀ। ਉਸ ਦਿਨ ਸਵੇਰ ਦੇ ਪੰਜ ਵਜੇ ਤਕ ਲੇਟਨ ਵਿਚ ਹੁਣ ਤਕ ਰੁਕੇ ਹੋਏ ਤੂਫਾਨ ਨੇ ਮੋਹਿਨੀ ਠਾਕੁਰ ਨੂੰ ਫਰਸ਼, ਬਿਸਤਰ, ਕਾਰਪੇਟ, ਪੋਟ੍ਰਿਟਿਕੋ...... ਪਤਾ ਨਹੀਂ ਕਿਥੇ-ਕਿਥੇ ਉਛਾਲਿਆ ਤੇ ਸੁੱਟਿਆ...।

ਪਰ ਜਦੋਂ ਤੂਫਾਨ ਥਮਿਆਂ ਤਾਂ ਮੋਹਿਨੀ ਠਾਕੁਰ ਨੂੰ ਲੱਗਿਆ ਜਿਵੇਂ ਕਿਸੇ ਅਨੋਖੇ ਝਰਨੇ ਨੇ ਉਸਦੀ ਆਤਮਾ ਤੇ ਦੇਹ ਨੂੰ ਅੰਮ੍ਰਿਤ ਜਿਹੀ ਠੰਢਕ ਨਾਲ ਨਵ੍ਹਾਂ ਦਿੱਤਾ ਹੋਵੇ.... ਇਕ ਅਨੋਖੀ ਤ੍ਰਿਪਤੀ ਤੇ ਤਾਜ਼ਗੀ। ਲੇਟਿਨ ਨੇ ਪੈਂਟ ਪਾ ਲਈ ਸੀ। ਉਹ ਉਸਦੇ ਵੱਲ ਸੁਪਨਿਆਂ ਵਿਚ ਡੁਬੀਆਂ ਅੱਖਾਂ ਨਾਲ ਦੇਖਦਾ ਹੋਇਆ ਮੁਸਕਰਾ ਰਿਹਾ ਸੀ। "ਵੀ ਡਿਡ ਇਟ ਇਨ ਫਰੰਟ ਆਫ ਦਿ ਮਿਰਰ/ ਇਨ ਦਿ ਲਾਈਟ। ਵੀ ਡਿਡ ਇਟ ਇਨ ਡਾਅਰਕਨੇਸ/ਇਨ ਵਾਟਰ, ਏਂਡ ਇਨ ਦਿ ਹਾਈ ਗ੍ਰਾਸ..../ਵੀ ਡਿਡ ਇਨ ਆਨਰ ਆਫ ਬੀਸਟ ਏਂਡ ਇਨ ਆਨਰ ਆਫ ਗਾਡ...।" ਹਾਂ, ਉਸਨੇ ਇਹ ਕੀਤਾ, ਵਹਿਸ਼ੀ ਪਸ਼ੂਆਂ ਦੇ ਸਨਮਾਨ ਲਈ। ਪਰ ਲੇਟਿਨ ਨਾਲ ਉਸਨੇ ਕੀਤਾ ਕਿਸੇ ਦੇਵਤਾ ਦੇ ਸਨਮਾਨ ਵਿਚ....।

ਕਹਿੰਦੇ ਹਨ ਲੇਟਿਨ ਉਸ ਰਾਤ ਤੋਂ ਮਗਰੋਂ ਮੋਹਿਨੀ ਠਾਕੁਰ ਨਾਲ ਮਿਲਣ ਉਸਦੇ ਘਰ ਪਹੁੰਚ ਜਾਂਦਾ। ਉਸਦੀ ਮਾਂ ਨੰਦਿਨੀ ਨੂੰ ਤਰ੍ਹਾਂ-ਤਰ੍ਹਾਂ ਦੇ ਗਿਫਟ ਦਿੰਦਾ-ਹਾਥੀ ਦੰਦ ਦੀਆਂ ਕਿਰਤਾਂ, ਫਰਾਂਸੀਸੀ ਸੈਂਟ ਤੇ ਸ਼ਿੰਗਾਰ ਦਾ ਸਾਮਾਨ, ਮਾਨਚੇਸਟਰ ਦੇ ਕੀਮਤੀ ਕੱਪੜੇ, ਮਾਲਾਵਾਰ



ਤਟ ਦੇ ਕਾਨੇਰਲੀਆ, ਮੇਰੀਲਾਂ ਦੇ ਕੋਰਲ।

ਲੇਟਿਨ ਕਵਿਤਾਵਾਂ ਲਿਖਣ ਲਗਿਆ ਸੀ। ਉਹ ਕਵਿਤਾਵਾਂ ਉਹ ਮੋਹਿਨੀ ਠਾਕੁਰ ਨੂੰ ਸੁਣਾਉਂਦਾ। ਏਧਰ ਮੋਹਿਨੀ ਠਾਕੁਰ ਦੇ ਪਿਤਾ ਨੂੰ ਤੰਬਾਕੂ ਤੇ ਮੱਛੀ ਹੀ ਨਹੀਂ, ਸ਼ੋਰਾ ਤੇ ਕਪਾਹ ਦੀ ਖਰੀਦ ਦਾ ਠੇਕਾ ਵੀ ਕੰਪਨੀ ਵੱਲੋਂ ਮਿਲ ਗਿਆ ਸੀ।

ਬਲਕਿ ਇਕ ਰਾਤ ਦੀ ਪਾਰਟੀ ਵਿਚ ਜਦੋਂ ਉਸਨੇ ਕੰਪਨੀ ਦੇ ਅਫਸਰਾਂ ਦੀ ਸੇਵਾ ਵਿਚ ਹਾਲਿਕਾਰ ਨਸਲ ਦੀ ਗਾਂ ਦੇ ਕੋਮਲ ਵੱਛੇ ਦਾ ਪੱਟ ਤੇ ਆਪਣੀ ਪਤਨੀ ਨੰਦਿਨੀ ਦੀ ਮਸੇਰੀ ਭੈਣ ਸੁਨੰਦਾ ਨੂੰ ਪੇਸ਼ ਕੀਤਾ ਤਾਂ ਉਸ ਤੋਂ ਕਿਹਾ ਗਿਆ ਕਿ ਤੁਸੀਂ ਦੇਖਦੇ ਰਹੋ, ਆਗਰਾ ਤੇ ਬਿਹਾਰ ਦੇ ਇੰਡਿਗੋ (ਨੀਲ) ਦਾ ਵਿਉਪਾਰ ਕਰਨ ਵਾਲੇ ਡੱਚ ਏਜੰਟਾਂ ਨੂੰ ਅਸੀਂ ਭਜਾ ਦੇਵਾਂਗੇ ਤੇ ਤੁਸੀਂ ਇਸਦੀ ਠੇਕੇਦਾਰੀ ਨਾਲ ਮਾਲਾਮਾਲ ਹੋ ਜਾਵੋਗੇ।

ਪਰ ਇਸ ਦੌਰਾਨ ਕੁਝ ਅਜਿਹੀਆਂ ਘਟਨਾਵਾਂ ਵਾਪੀਰਆਂ, ਜਿਹੜੀਆਂ ਸੁੱਖਦਾਈਕ ਨਹੀਂ ਸਨ।

ਇਕ ਰਾਤ ਜਦੋਂ ਫ੍ਰੇਡਰਿਕ ਮੋਹਿਨੀ ਠਾਕੁਰ ਦੇ ਕੱਪੜੇ ਲਾਹ ਰਿਹਾ ਸੀ ਤਾਂ ਉਹ ਰੋਣ ਲੱਗ ਪਈ। ਇਸ ਤੋਂ ਕੁਝ ਦਿਨ ਪਹਿਲਾਂ ਇਕ ਵਾਰ ਉਸ ਨੇ ਬੀਫ ਖਾਣ ਤੋਂ ਵੀ ਜਵਾਬ ਦੇ ਦਿੱਤਾ ਸੀ। ਉਸਦੀ ਮਾਂ ਨੰਦਿਨੀ ਨੇ ਉਸ ਨੂੰ ਸਮਝਾਇਆ ਕਿ,"ਮੋਨਾ, ਦੁਨੀਆਂ ਤੇਜ਼ੀ ਨਾਲ ਬਦਲ ਰਹੀ ਏ। ਯੂਰਪ ਵਿਚ ਉਦਯੋਗਿਕ ਕਰਾਂਤੀ ਹੋ ਗਈ ਏ। ਈਸਟ ਇੰਡੀਆ ਕੰਪਨੀ ਸਾਰੀ ਇੰਡੀਆ ਨੂੰ ਆਪਣੇ ਕਬਜੇ ਵਿਚ ਕਰੇਗੀ, ਤੂੰ ਜ਼ਰਾ-ਕੁ ਪ੍ਰੈਕਟੀਕਲ ਹੋ ਜਾ ਤਾਂ ਅਸੀਂ ਐਸ਼ ਕਰਾਂਗੇ।" ਪਰ ਮੋਹਿਨੀ ਠਾਕੁਰ ਨੇ ਕਿਹਾ, "ਮਾਂ, ਮੈਨੂੰ ਲੱਗਦਾ ਏ ਜਿਵੇਂ ਮੇਰੀਆਂ ਨਸਾਂ ਵਿਚ ਸਾਰੇ ਯੂਰਪ ਦੀਆਂ ਗੰਦੀਆਂ ਨਾਲੀਆਂ ਦੀ ਜ਼ਹਿਰੀਲੀ ਜੂਠ ਬਹਿ ਰਹੀ ਏ.... ਪਿਤਾ ਜੀ ਨੂੰ ਕਿੰਨੀ ਦੌਲਤ ਚਾਹੀਦੀ ਏ? ਇੰਨੀ ਤਾਂ ਮਿਲ ਗਈ....।"

ਨੰਦਿਨੀ ਠਾਕੁਰ ਨੇ ਉਸ ਦੇ ਇਕ ਥਪੜ ਮਾਰਿਆ। ਉਦੋਂ ਉਥੇ ਕੋਠੀ ਦਾ ਖਾਨਸਾਮਾ ਅਬਦੁਲ ਕਾਦਿਰ ਆ ਗਿਆ। ਉਹ ਅਰਕ ਦੇ ਨਸ਼ੇ ਵਿਚ ਧੁਤ ਸੀ। ਸ਼ਾਹ ਕਬਾਬ ਦੀ ਥਾਲੀ ਉਸਦੇ ਹੱਥ ਵਿਚ ਸੀ। ਉਸਨੇ ਕਿਹਾ, "ਮੇਰੇ ਤੋਂ ਵੀ ਲਵਾ ਲਓ ਮੇਮ ਸਾਬ, ਕਬਾਬ ਤੇ ਦਮਪੁਖਤ ਬਨਾਉਣਾ ਆ ਜਾਊਗਾ। ਇੰਨੀ ਦੌਲਤ ਕਿਸ ਕੰਮ ਦੀ ਜੇ ਜਾਇਕੇਦਾਰ ਖਾਣਾ ਬਨਾਉਣਾ ਹੀ ਕੋਈ ਨਾ ਜਾਣੇ....।"

"ਸ਼ਟ ਅਪ ਯੂ ਬਾਸਟਰਡ...." ਨੰਦਿਨੀ ਠਾਕੁਰ ਚੀਕੀ। ਇਸ ਦੋ ਕੌਡੀਆਂ ਦੇ ਖਾਨਸਾਮੇ ਦੀ ਇਹ ਮਜ਼ਾਲ ! ਉਸੇ ਰਾਤ ਅਬਦੁਲ ਕਾਦਿਰ ਨੂੰ ਬੰਗਲੇ 'ਚੋਂ ਬਰਖਾਸਤ ਕਰ ਦਿੱਤਾ ਗਿਆ। ਫ੍ਰੇਡਰਿਕ ਨੇ ਉਸ ਨੂੰ ਹੰਟਰ ਨਾਲ ਕੁੱਟਿਆ। ਅਬਦੁਲ ਕਾਦਿਰ ਨਾ ਚੀਕਿਆ, ਨਾ ਰੋਇਆ, ਨਾ ਰਹਿਮ ਦੀ ਭੀਖ ਮੰਗੀ।

ਲੇਟਿਨ ਨੂੰ ਮਦਰਾਸ ਭੇਜ ਦਿੱਤਾ ਗਿਆ, ਇਸ ਵਾਰਨਿੰਗ ਦੇ ਨਾਲ ਕਿ ਅਗੇ ਤੋਂ ਉਹ ਕਦੇ ਕਵਿਤਾਵਾਂ ਨਾ ਲਿਖੇ, ਅਨੁਸ਼ਾਸਨ ਵਿਚ ਰਹੇ। ਕਿਸੇ ਵੀ ਕੁੜੀ ਨਾਲ ਜ਼ਿਆਦਾ ਮੇਲ ਜੋਲ ਨਾ ਵਧਾਵੇ। ਲੇਟਿਨ ਨੇ ਕਲਕੱਤਾ ਛੱਡਣ ਤੋਂ ਪਹਿਲਾਂ ਆਪਣੀ ਮੋਨਾ ਨੂੰ ਆਪਣੀ ਅੰਤਿਮ ਕਵਿਤਾ ਭੇਂਟ ਕੀਤੀ ਸੀ।

"ਕਮ ਟੂ ਮੀ ਇਨ ਡ੍ਰੀਮ, ਦੈਟ ਆਈ ਮੇ ਲਿਵ/ ਮਾਈ ਵੇਰੀ ਲਾਈਫ ਅਗੇਨ ਦਾਓ ਕੋਲਡ ਇਨ ਡੇਥ/ ਕਮ ਬੈਕ ਟੂ ਮੀ ਇਨ ਡ੍ਰੀਮਜ, ਦੈਟ ਆਈ ਮੇ ਗਿਵ/ਪਲਸ ਫਾਰ ਪਲਸ, ਬ੍ਰੇਦ ਫਾਰ ਬ੍ਰੇਦ....।"

ਇਸ ਤੋਂ ਬਾਅਦ ਲੇਟਿਨ, ਮੋਹਿਨੀ ਠਾਕੁਰ ਤੇ ਅਬਦੁਲ ਕਾਦਰ ਦਾ ਕੀ ਹੋਇਆ, ਇਹ ਸਾਡੀ ਇਸ ਕਹਾਣੀ ਦਾ ਵਿਸ਼ਾ ਨਹੀਂ ਹੈ। ਹਾਂ, ਲੇਟਿਨ ਦਾ ਇਹ ਅੰਤ ਦੇਖਣ ਤੋਂ ਬਾਅਦ ਵਾਰੇਨ ਹੇਸਟਿੰਗਜ ਨੇ ਫਿਲਿਪ ਸਿਡਨੀ ਜਿਹਾ ਕਵੀ ਬਣਨ ਦਾ ਸੁਪਨਾ ਦੇਖਣਾ ਛੱਡ

ਦਿੱਤਾ।

ਬੰਤੂ ਦੇ ਨਾਲ ਘੁੰਮਦਾ-ਭਟਕਦਾ ਵਾਰੇਨ ਹੇਸਟਿੰਗਜ਼ ਕ੍ਰਿਸ਼ਨਮਈ ਹੁੰਦਾ ਜਾ ਰਿਹਾ ਸੀ। ਉਹ ਮਥੁਰਾ ਤੇ ਬਰਿੰਦਾਬਨ ਘੁੰਮ ਆਇਆ ਸੀ। ਸਰਯੂ ਤੇ ਯਮੁਨਾ ਜਿਹੀਆਂ ਨਦੀਆਂ ਦੀਆਂ ਸਿਆਹ-ਨੀਲੀਆਂ ਧਾਰਾਵਾਂ ਦਾ ਪ੍ਰਵਾਹ ਉਸਨੇ ਮੰਤਰਮੁਗਧ ਹੋ ਕੇ ਦੇਖਿਆ ਸੀ। ਯਮੁਨਾ ਦੇ ਤਟ 'ਤੇ, ਮਿੱਟੀ ਦੀ ਛੋਟੀ-ਜਿਹੀ ਚਿਲਮ ਵਿਚ ਗਾਂਜਾ ਸੁਲਘਾ ਕੇ...."ਯਾ ਅਲੱਖ ਨਿਰੰਜਨ" ਤੇ "ਹੋ ਬਮ ਬੋਲ, ਬਮ ਬੋਲ" ਦੇ ਹੋ ਕੇ ਦੇ ਨਾਲ ਫੇਫੜੇ ਭਰ ਸੂਟੇ ਮਾਰਨ ਵਾਲੇ ਸਾਧੂ ਆਨੰਦ ਮੁਰਾਰੀ ਨੇ ਕਿਹਾ ਸੀ, "ਬੱਚਾ, ਜੋ ਵੀ ਤੂੰ ਦੇਖ ਰਿਹਾ ਏਂ, ਉਹ ਸਭ ਮਿਥ ਏ। ਸਭ ਮਾਇਆ ਏ। ਸਭ ਭਰਮ ਏ। ਇਹ ਸਾਰੀ ਧਰਤੀ ਤਾਂ ਉਸ ਗੋਵਰਧਨਧਾਰੀ ਕ੍ਰਿਸ਼ਨ ਕਨ੍ਹੱਈਆ ਦੀ ਲੀਲਾਭੂੰਮੀ ਏ, ਜੋ ਭੀ ਕੁਸ਼ ਹੋ ਰਿਹਾ ਏ ਤੇ ਤੂੰ ਜਿਸ ਨਾਲ ਸੁਖੀ-ਦੁਖੀ ਹੁੰਦਾ ਏਂ, ਉਹ ਸਭ ਲੀਲਾ ਏ...! ਇਹ ਨਾਸ਼ਵਾਨ ਏ। ਪਰੰਤੂ ਅਮਰ ਏ...।"

ਜਦ ਆਨੰਦ ਮੁਰਾਰੀ ਨੇ ਚਿਲਮ 'ਚੋਂ ਸੂਟਾ ਖਿਚਿਆ ਤਾਂ ਗਾਂਜੇ ਦੀ ਕਲੀ ਨਾਲ ਅਗਿਨਸ਼ਿਖਾ ਦੀ ਲੋਅ ਨਿਕਲਣ ਲੱਗੀ। ਰਾਤ ਦੇ ਹਨੇਰੇ ਵਿਚ ਚਾਨਣ ਦੇ ਉਸ ਨਿੱਕੇ-ਜਿਹੇ ਦਾਇਰੇ ਵਿਚ ਉਸ ਸਾਧੂ ਦਾ ਚਿਹਰਾ ਜਗਮਗਾ ਉਠਿਆ। ਆਹ, ਇਹ ਉਹੀ ਚਿਹਰਾ ਸੀ। ਬੰਤੂ ਨੇ ਜ਼ੋਰ ਨਾਲ ਵਾਰੇਨ ਹੇਸਟਿੰਗਜ਼ ਦੇ ਮੋਢੇ ਫੜ ਲਏ....।

ਵਾਰੇਨ ਹੇਸਟਿੰਗਜ਼ ਯਮੁਨਾ ਦੇ ਕੰਢੇ 'ਤੇ, ਭਿੱਜੀ ਰੇਤ ਵਿਚ, ਹਨੇਰੇ ਵਿਚ ਰੋਮਾਂਚਿਤ ਤੇ ਡਰਿਆ ਹੋਇਆ ਖੜ੍ਹਾ ਸੀ। ਕੰਬਦੀ ਹੋਈ ਆਵਾਜ਼ ਵਿਚ ਉਹ ਬੋਲ ਰਿਹਾ ਸੀ: "ਓਹ! ਸੋ, ਇਟ ਵਾਜ਼ ਯੂ, ਇਟ ਵਾਜ਼ ਕ੍ਰਿਸ਼ਨ...! ਇਟ ਵਾਜ਼ ਯੂ ਅਗੇਨ।"

ਉਹ ਦੋਵੇਂ ਉਥੋਂ ਤਾਬੜਤੋੜ ਭੱਜ ਉਠੇ ਕਿਉਂਜੁ ਕੁਝ ਪਲ ਪਹਿਲਾਂ ਜਿਸ ਥਾਂ 'ਤੇ ਉਹ ਸਾਧੂ ਬੈਠਾ ਚਿਲਮ ਪੀ ਰਿਹਾ ਸੀ, ਉਥੇ ਸਿਰਫ ਰੇਤੇ ਦੀ ਇਕ ਛੋਟੀ ਜਿਹੀ ਢੇਰੀ ਸੀ।

× × ×

ਕਲਕੱਤਾ ਦੇ ਵਿਕਟੋਰੀਆ ਮੈਮੋਰੀਅਲ ਵਿਚ ਅੱਜ ਵੀ ਇਕ ਅਜਿਹੀ ਪੇਂਟਿੰਗ ਪਈ ਹੈ ਜਿਸ ਵਿਚ ਵਾਰੇਨ ਹੇਸਟਿੰਗਜ਼ ਆਪਣੀ ਪਤਨੀ ਨਾਲ ਇਕ ਬੋਹੜ ਦੇ ਦਰਖਤ ਹੇਠਾਂ ਖੜ੍ਹਾ ਹੈ। ਵਾਰੇਨ ਹੇਸਟਿੰਗਜ਼ ਦੇ ਖੱਬੇ ਹੱਥ ਵਿਚ ਇਕ ਛਟੀ ਹੈ ਤੇ ਉਸੇ ਹੱਥ ਨਾਲ ਉਸਨੇ ਛਟੀ ਦੀ ਮੁੱਠ ਦੇ ਨਾਲ ਨਾਲ ਆਪਣਾ ਹੈਟ ਵੀ ਫੜਿਆ ਹੋਇਆ ਹੈ। ਸੱਜੇ ਹੱਥ ਨਾਲ ਉਸਨੇ ਆਪਣੀ ਪਤਨੀ ਦਾ ਹੱਥ ਫੜਿਆ ਹੋਇਆ ਹੈ। ਪਿਛੋਕੜ ਵਿਚ ਕਲਕੱਤਾ ਹੈ। ਉਨ੍ਹੀਂ ਦਿਨੀਂ ਕਲਕੱਤਾ ਇੰਨਾ ਸੰਘਣਾ ਤੇ ਬੇਤਰਤੀਬ ਨਹੀਂ ਸੀ। ਉਹ ਆਲੀਸ਼ਾਨ ਤੇ ਖਿੱਚ ਭਰਪੂਰ ਸੀ। ਸਰਕਾਰੀ ਇਮਾਰਤਾਂ ਦੀ ਸਥਾਪਨਾ ਨਵੀਂ ਤੇ ਅਧੂਰੀ ਸੀ। ਨਦੀਆਂ ਵਿਚ ਯੂਰਪ ਦੇ ਜਹਾਜ਼, ਭਾਰਤੀ ਵਪਾਰੀਆਂ ਦੇ ਬਜਰੇ ਤੇ ਮੱਛੇਰਿਆਂ ਦੀਆਂ ਕਿਸ਼ਤੀਆਂ ਤੈਰਦੀਆਂ ਰਹਿੰਦੀਆਂ ਸੀ। ਇਸ ਚਿੱਤਰ ਵਿਚ ਵਾਰੇਨ ਹੇਸਟਿੰਗਜ਼ ਦੀ ਪਤਨੀ ਦੇ ਪਿਛੇ ਇਕ ਬੰਗਾਲੀ ਕੁੜੀ ਖੜ੍ਹੀ ਹੈ। ਉਸਦੀਆਂ ਵੱਡੀਆਂ-ਵੱਡੀਆਂ ਅੱਖਾਂ ਹਨ। ਉਸਦੇ ਸੱਜੇ ਹੱਥ ਵਿਚ ਵਾਰੇਨ ਹੇਸਟਿੰਗਜ਼ ਦੀ ਪਤਨੀ ਦਾ ਹੈਟ ਹੈ, ਜਿਸ ਵਿਚ ਕਿਸੇ ਦੁਰਲਭ ਸਫੈਦ ਪੰਛੀ ਦੇ ਪਰਾਂ ਦੀ ਕਲਗੀ ਲੱਗੀ ਹੋਈ ਹੈ।

ਵਿਕਟੋਰੀਆ ਮੈਮੋਰੀਅਲ ਵਿਚ ਪਏ ਇਸ ਚਿੱਤਰ ਨੂੰ 1783 ਵਿਚ ਇੰਗਲੈਂਡ ਤੋਂ ਖਾਸ ਤੌਰ 'ਤੇ ਭਾਰਤ ਬੁਲਾਏ ਗਏ ਅੰਗਰੇਜ਼ ਚਿੱਤਰਕਾਰ ਜਾਨ ਜੋਫੇਨੀ ਨੇ ਬਣਾਇਆ ਸੀ। ਤਦ ਵਾਰੇਨ ਹੇਸਟਿੰਗਜ਼ ਅਧਖੜ ਤੇ ਗੰਜਾ ਹੋ ਚੁੱਕਿਆ ਸੀ। ਪਰ ਜੇ ਤੁਸੀਂ ਗੌਰ ਨਾਲ ਤੇ ਦੇਰ ਤਕ ਇਸ ਚਿੱਤਰ ਨੂੰ ਦੇਖੋ ਤਾਂ ਤੁਹਾਨੂੰ ਪਤਾ ਲੱਗਣ ਲਗੇਗਾ ਕਿ ਉਸ ਬਰੋਟੇ ਦੇ ਦਰਖਤ ਹੇਠਾਂ, ਵਾਰੇਨ ਹੇਸਟਿੰਗਜ਼ ਦੀ ਪਤਨੀ ਦੇ ਪਿਛੇ ਖੜ੍ਹੀ ਉਸ ਜਵਾਨ ਬੰਗਾਲੀ ਨੌਕਰਾਣੀ ਤੇ ਵਾਰੇਨ ਹੇਸਟਿੰਗਜ਼ ਵਿਚ ਕੋਈ ਡੂੰਘਾ, ਅਦਿੱਖ ਤੇ ਅਪ੍ਰਭਾਸ਼ਿਤ ਸਬੰਧ ਹੈ। ਤੁਹਾਨੂੰ ਇਹ



ਲਗੇਗਾ ਕਿ ਵਾਰੇਨ ਹੇਸਟਿੰਗਜ਼ ਆਪਣੀ ਪਤਨੀ ਦਾ ਹੱਥ ਫੜ ਕੇ ਉਸ ਨੂੰ ਭਰੋਸਾ ਦਵਾਉਂਦਾ ਹੋਇਆ, ਉਸੇ ਸੰਬੰਧ ਨੂੰ ਛੁਪਾਉਣ ਦਾ ਯਤਨ ਕਰ ਰਿਹਾ ਹੈ। ਹੌਲੀ-ਹੌਲੀ ਤੁਸੀਂ ਇਸ ਰਹੱਸ ਨੂੰ ਜਾਣ ਜਾਓਗੇ ਕਿ ਆਖਿਰ ਵਾਰੇਨ ਹੇਸਟਿੰਗਜ਼ ਤੇ ਬੰਗਾਲੀ ਕੁੜੀ ਦੇ ਹੱਥਾਂ ਵਿਚ ਹੀ ਹੈਟ ਕਿਉਂ ਹੈ, ਜਦੋਂ ਕਿ ਵਾਰੇਨ ਹੇਸਟਿੰਗਜ਼ ਦੀ ਪਤਨੀ ਦੇ ਦੋਵੇਂ ਹੱਥ ਖਾਲੀ ਹਨ।

ਉਦੋਂ ਇਹ ਚਿੱਤਰ ਤੁਹਾਡੇ ਸਾਹਮਣੇ ਆਪਣੇ ਸਾਰੇ ਅਰਥ-ਸੰਕੇਤਾਂ ਨੂੰ ਖੋਲ੍ਹਣ ਲੱਗੇਗਾ ਤੇ ਤੁਸੀਂ ਜਾਣ ਜਾਓਗੇ ਕਿ ਚਿੱਤਰਕਾਰ ਜਾਨ ਜੋਫੈਨੀ ਨੇ ਇਹ ਚਿੱਤਰ ਵਾਰੇਨ ਹੇਸਟਿੰਗਜ਼ ਤੇ ਉਸ ਸਾਂਵਲੀ ਇੱਥੋਂ ਦੀ ਕੁੜੀ ਵਿਚਲੇ ਸੰਬੰਧਾਂ ਨੂੰ ਪ੍ਰਗਟ ਕਰਨ ਲਈ ਹੀ ਬਣਾਇਆ ਸੀ ਪਰ ਉਹ ਦੋਵੇਂ ਆਪਣੇ-ਆਪਣੇ ਹੱਥ ਵਿਚ ਰੱਖੇ ਹੈਟ ਨਾਲ ਉਸ ਨੂੰ ਲਗਾਤਾਰ ਢੱਕਣ ਦੀ ਕੋਸ਼ਿਸ਼ ਕਰ ਰਹੇ ਹਨ। ਪਰ ਜਾਨ ਜੋਫੇਨੀ ਆਪਣੀ ਕੋਸ਼ਿਸ਼ ਵਿਚ ਅੰਤ ਇਸੇ ਲਈ ਸਫਲ ਹੋ ਗਿਆ ਹੈ ਕਿਉਂਜੁ ਉਸਨੇ ਉਸ ਕੁੜੀ ਤੇ ਵਾਰੇਨ ਹੇਸਟਿੰਗਜ਼ ਦੀਆਂ ਅੱਖਾਂ ਦੀਆਂ ਭਾਵਨਾਵਾਂ ਨੂੰ ਫੜ ਲਿਆ ਹੈ। ਜੀ ਹਾਂ, ਤੁਸੀਂ ਗੌਰ ਨਾਲ ਦੇਖੋ, ਉਹ ਦੋਵੇਂ, ਭਾਵ ਉਹ ਸਾਂਵਲੀ ਬੰਗਾਲੀ ਕੁੜੀ ਤੇ ਵਾਰੇਨ ਹੇਸਟਿੰਗਜ਼ ਡੂੰਘੇ ਆਵੇਗ ਨਾਲ ਇਕ-ਦੂਜੇ ਨੂੰ ਸੰਮੋਹਤ ਹੋ ਕੇ ਨਿਹਾਰ ਰਹੇ ਹਨ ਤੇ ਉਨ੍ਹਾਂ ਵਿਚਕਾਰ ਖੜ੍ਹੀ ਇਪੀਰਿਅਲ ਪੋਸ਼ਾਕ ਵਿਚ ਸਜੀ-ਧਜੀ ਉਸਦੀ ਦੁਬਲੀ-ਪਤਲੀ ਪਤਨੀ, ਬੱਸ ਇਥੇ ਹਾਜਰ ਮਾਤਰ ਹੈ ਕਿਉਂਜੁ ਉਹ ਇਕ ਬ੍ਰਿਟਿਸ਼ ਪ੍ਰਤੀਕ ਹੈ-ਠੀਕ ਉਸੇ ਤਰ੍ਹਾਂ ਜਿਵੇਂ ਚਿੱਤਰ ਦੀ ਪਿੱਠਭੂੰਮੀ ਵਿਚ ਦਿਖਾਈ ਦੇਣ ਵਾਲਾ ਹਾਥੀ ਇਕ ਭਾਰਤੀ ਪ੍ਰਤੀਕ ਹੈ। ਉਹ ਵੀ ਉਥੇ ਬੱਸ ਹਾਜਰ ਮਾਤਰ ਹੈ।

ਇਸ ਕੁੜੀ ਨਾਲ ਵਾਰੇਨ ਹੇਸਟਿੰਗਜ਼ ਦੀ ਮੁਲਾਕਾਤ ਕਿਵੇਂ ਹੋਈ, ਇਸ ਦੀ ਵੀ ਇਕ ਰੌਚਕ ਕਹਾਣੀ ਹੇ। ਇਹ 1772 ਦੀ ਗੱਲ ਹੈ। ਇਸੇ ਸਾਲ ਈਸਟ ਇੰਡੀਆ ਕੰਪਨੀ ਨੇ ਵਾਰੇਨ ਹੇਸਟਿੰਗਜ਼ ਨੂੰ ਕਲਕੱਤੇ ਦਾ ਗਵਰਨਰ ਨਿਯੁਕਤ ਕੀਤਾ ਸੀ। ਵਾਰੇਨ ਹੇਸਟਿੰਗਜ਼ ਨੂੰ ਦੂਰ-ਦੂਰ ਤਕ ਇਸਦੀ ਆਸ ਨਹੀਂ ਸੀ। ਲਾਰਡ ਕਲਾਈਵ ਹਿੰਦੁਸਤਾਨ ਵਿਚ ਬ੍ਰਿਟਿਸ਼ ਸਾਮਰਾਜ ਦੀ ਨੀਂਹ ਰੱਖ ਕੇ ਵਾਪਸ ਇੰਗਲੈਂਡ ਜਾ ਚੁੱਕਿਆ ਸੀ।

ਵਾਰੇਨ ਹੇਸਟਿੰਗਜ਼ ਦੇ ਗਵਰਨਰ ਬਣਨ 'ਤੇ ਸਭ ਤੋਂ ਵੱਧ ਖੁਸ਼ ਬੰਤੂ ਹੋਇਆ। ਉਸ ਨੇ ਕਿਹਾ, "ਤੁਹਾਡੇ 'ਤੇ ਗੋਪਾਲ ਕ੍ਰਿਸ਼ਨ ਦੀ ਕ੍ਰਿਪਾ ਹੋਈ ਏ। ਉਹ ਜੇ ਕਿਸੇ ਨੂੰ ਕੁਸ਼ ਦੇਣ 'ਤੇ ਆ ਜਾਵੇ ਤਾਂ ਪਤਾ ਨਹੀਂ ਕੀ-ਕੀ ਦੇ ਦਿੰਦਾ ਏ।" ਵਾਰੇਨ ਹੇਸਟਿੰਗਜ਼ ਨੂੰ ਵੀ ਇਸ ਗੱਲ 'ਤੇ ਵਿਸ਼ਵਾਸ ਹੋ ਗਿਆ, ਕਿਉਂਜੁ ਉਹ ਅਕਸਰ ਆਪਣੇ ਬੰਗਲੇ ਦੇ ਬਗੀਚੇ ਵਿਚ ਫਟੇ ਸੂਤੀ ਕੱਪੜੇ, ਗਲ ਵਿੱਚ ਪੀਲਾ ਪਰਨਾ ਪਾ ਕੇ ਜਾਂ ਤਾਂ ਤਰ੍ਹਾਂ-ਤਰ੍ਹਾਂ ਦੇ ਪੇੜ-ਪੌਦੇ ਲਗਾਉਂਦਾ ਸੀ ਜਾਂ ਬਾਂਸਰੀ ਵਜਾਉਣ ਦੀ ਕੋਸ਼ਿਸ਼ ਕਰਦਾ ਸੀ। ਗਵਰਨਰ ਜਨਰਲ ਬਣਨ ਮਗਰੋਂ ਵੀ ਕੁਝ ਸਾਲਾਂ ਤਕ ਉਸਦੀ ਇਹ ਆਦਤੀ ਛੁਟੀ ਨਹੀਂ ਸੀ। ਡੇਨਿਸ ਕਿਨਕੇਡ ਨੇ ਆਪਣੀ ਪ੍ਰਸਿੱਧ ਪੁਸਤਕ 'ਬ੍ਰਿਟਿਸ਼ ਸੋਸ਼ਲ ਲਾਈਫ ਇਨ ਇੰਡੀਆ' ਵਿਚ ਲਿਖਿਆ ਹੈ ਕਿ ਵਾਰੇਨ ਹੇਸਟਿੰਗਜ਼ ਇੰਗਲੈਂਡ ਤੋਂ ਪਾਰਸਲ ਰਾਹੀਂ ਮਧੁਪੀਨ, ਸਵੀਟ ਬ੍ਰੇਅਰ ਜਿਹੇ ਬੂਟਿਆਂ ਦੇ ਬੀਜ ਜਾਂ ਬੋਤਲਾਂ ਵਿਚ ਪੈਕ ਕੀਤੇ ਗਏ ਪੌਦੇ ਮੰਗਵਾਉਂਦਾ ਰਹਿੰਦਾ ਸੀ। ਇਕ ਵਾਰ ਜਦ ਇਕ ਜਹਾਜ਼ ਵਿਚ ਟ੍ਰਾਫੇਲਸ, ਮੋਰੇਲੇਸ ਤੇ ਆਰਟਿਚੋਕ ਬਾਟਮਸ ਦੇ ਪਾਰਸਲ ਆਏ ਤਾਂ ਉਹ ਖੁਸ਼ੀ ਦੇ ਮਾਰਿਆਂ ਪਾਗਲ ਹੋ ਉਠਿਆ। ਉਹ ਚਾਹੁੰਦਾ ਸੀ ਕਿ ਇੰਗਲੈਂਡ ਦੇ ਪੌਦੇ ਇਥੇ ਭਾਰਤ ਦੀ ਆਬੋਹਵਾ ਨੂੰ ਅਪਨਾ ਲੈਣ।

ਖ਼ੈਰ, ਗਵਰਨਰ ਬਣਨ ਦੇ ਤੁਰੰਤ ਬਾਅਦ ਉਸਨੇ ਪਹਿਲਾਂ ਕੰਮ ਇਹ ਕੀਤਾ ਕਿ ਅਬਦੁਲ ਕਾਦਿਰ ਨੂੰ ਆਪਣੇ ਬੰਗਲੇ ਦਾ ਖਾਨਸਾਮਾ ਨਿਯੁਕਤ ਕਰ ਦਿੱਤਾ, ਵਧ ਤਨਖਾਹ ਤੇ ਤਰੱਕੀ ਨਾਲ। ਤੇ ਬੰਤੂ ਨੂੰ ਵੀ ਉਸਨੇ ਆਪਣੇ ਨਾਲ ਰੱਖਿਆ।

ਉਸ ਦਿਨ ਬਗੀਚੇ ਵਿਚ, ਸ਼ਾਮ ਢਲਣ ਮਗਰੋਂ ਵਾਰੇਨ ਹੇਸਟਿੰਗਜ਼ ਪੀਲਾ ਪਰਨਾ

ਤੇ ਗੋਡਿਆਂ ਤਕ ਦੀ ਧੋਤੀ ਵਿਚ ਖੜਾ ਹੋਇਆ ਬਾਂਸਰੀ ਵਜਾਉਣ ਦੀ ਕੋਸ਼ਿਸ਼ ਕਰ ਰਿਹਾ ਸੀ ਕਿ ਝੁਰਮਟ ਦੇ ਪਿਛੋਂ ਕਿਸੇ ਕੁੜੀ ਦੀ ਖਿੜਖਿੜਾਹਟ ਦੀ ਆਵਾਜ਼ ਆਈ। ਇਹ ਕੁੜੀ ਉਹੀ ਸੀ, ਜਿਹੜੀ ਜਾਨ ਜੋਫੇਨੀ ਦੇ ਬਣਾਏ ਗਏ ਚਿੱਤਰ ਵਿਚ ਉਸਦੀ ਪਤਨੀ ਦਾ ਹੈਟ ਲੈ ਕੇ ਉਸਦੇ ਪਿਛੇ ਖੜੀ ਹੈ।

"ਕੌਣ ਏ ਉਥੇ ?" ਹੇਸਟਿੰਗਜ ਨੇ ਪੁੱਛਿਆ। ਉਹ ਹੁਣ ਬੰਗਲਾ ਬੋਲਣ ਲੱਗ ਪਿਆ ਸੀ।

"ਮੈਂ ਹਾਂ, ਚੋਖੀ" ਇਕ ਸਾਂਵਲੀ-ਜਿਹੀ ਕੁੜੀ ਝੁਰਮਟ ਪਿਛੋਂ ਨਿਕਲ ਕੇ ਆਈ। ਵਾਰੇਨ ਹੇਸਟਿੰਗਜ ਦੀ ਚੇਤਨਾ ਸੁੰਨ ਹੋਣ ਲੱਗੀ। ਉਹ ਪੱਕੀ ਹੀ ਕੋਈ ਨਵੀਂ ਲੀਲਾ ਸੀ। ਇਹ ਦੇਸ਼ ਤਾਂ 'ਵੰਡਰਲੈਂਡ' ਸੀ ਹੀ । ਮਥੁਰਾ ਦੇ ਕੋਲ, ਯਮੁਨਾ ਦੇ ਤਟ 'ਤੇ ਕੰਡੇ ਦੀ ਢੇਰੀ ਵਿਚ ਬਦਲ ਜਾਣ ਵਾਲੇ ਗੰਜੇੜੀ ਸਾਧੂ ਆਨੰਦ ਮੁਰਾਰੀ ਨੇ ਤਾਂ ਕਿਹਾ ਵੀ ਸੀ ਕਿ ਇਹ ਲੀਲਾ ਭੂਮੀ ਹੈ। ਇਹ ਸਭ ਕੁਝ ਉਸੇ ਦੀ ਮਾਇਆ ਹੈ।

ਤਰ੍ਹਾਂ-ਤਰ੍ਹਾਂ ਦੇ ਭ੍ਰਮ। ਅਣਗਿਣਤ ਇਲਯੂਜੰਸ।

ਵਾਰੇਨ ਹੇਸਟਿੰਗਜ ਨੇ ਗੌਰ ਨਾਲ ਉਸ ਕੁੜੀ ਨੂੰ ਦੇਖਿਆ। ਹਾਂ, ਬਿਲਕੁਲ ਇਹੀ, ਅਜਿਹਾ ਹੀ ਚਿੱਤਰ ਸੀ ਜਿਹੜਾ ਬੰਤੂ ਨੇ ਉਸਨੂੰ ਬਰਿੰਦਾਵਨ ਦੇ ਮੰਦਰ ਦੀ ਕੰਧ 'ਤੇ ਦਿਖਾਇਆ ਸੀ ਤਾਂ ਇਸਦਾ ਮਤਲਬ ਗੋਪਾਲ ਕ੍ਰਿਸ਼ਨ ਹੁਣ ਮੇਰੇ ਨਾਲ 'ਟ੍ਰਿਕ' ਕਰ ਰਿਹਾ ਹੈ।

ਉਹੋ ਜਿਹੀਆਂ ਹੀ ਵੱਡੀਆਂ-ਵੱਡੀਆਂ ਅੱਖਾਂ। ਅਜਿਹੀ ਤਾਂਬੇ ਰੰਗੀ ਚਮੜੀ, ਜਿਸ ਨੂੰ ਪ੍ਰਾਪਤ ਕਰਨ ਲਈ ਯੂਰਪ ਦੀਆਂ ਗੋਰੀਆਂ ਤੀਵੀਆਂ ਆਪਣੀਆਂ ਛੱਤਾਂ 'ਤੇ ਜਾਂ ਸਮੁੰਦਰ ਕੰਢੇ, ਖੁੱਲ੍ਹੀ ਕੜਕਦੀ ਧੁੱਪ ਵਿਚ ਘੰਟਿਆਂਵੱਧੀ ਨੰਗੀਆਂ ਪਈਆਂ ਰਹਿੰਦੀਆਂ ਹਨ। ਉਹੋ ਜਿਹੀ ਹੀ ਦੇਹੀ ਜਿਹੋ ਜਿਹੀ ਇਥੇ ਹਿੰਦੂਆਂ ਦੇ ਮੰਦਰਾਂ ਵਿਚ ਪੱਥਰਾਂ 'ਤੇ ਉਕਰੀਆਂ ਯਕਸ਼ਣੀਆਂ ਦੀ ਹੁੰਦੀ ਹੈ।

ਬਰਿੰਦਾਵਨ ਦੇ ਮੰਦਿਰ ਦੀ ਉਸ ਕੰਧ 'ਤੇ ਮਿੱਟੀ ਤੇ ਬਨਸਪਤੀ ਦੇ ਰੰਗਾਂ ਨਾਲ ਕਿਸੇ ਅਗਿਆਤ ਚਿੱਤਰਕਾਰ ਰਾਹੀਂ ਬਣਾਏ ਗਏ ਉਸ ਚਿੱਤਰ ਵਿਚ ਉਹੀ ਲੜਕੀ ਗੋਪਾਲ ਨਾਲ ਹੈ ਤੇ ਉਹ ਇਸਦੀ ਸੱਜੀ ਛਾਤੀ ਨੂੰ ਆਪਣੀਆਂ ਹਥੇਲੀਆਂ ਵਿਚ ਫੜੀਂ ਖੜਾ ਹੈ।

"ਮੈਨੂੰ ਪਤਾ ਏ, ਤੁਸੀਂ ਕੌਣ ਓਂ ! ਮੈਨੂੰ ਉਲੂ ਨਾ ਬਣਾਓ," ਵਾਰੇਨ ਹੇਸਟਿੰਗਜ ਨੇ ਸਭ ਕੁਝ ਸਮਝ ਕੇ ਮੁਸਕਰਾਉਂਦਿਆਂ ਹੋਇਆਂ ਕਿਹਾ।

"ਮੈਂ ਚੋਖੀ ਹਾਂ, ਮਾਲਿਕ !" ਉਸ ਕੁੜੀ ਨੂੰ ਹਾਸਾ ਫੇਰ ਆਇਆ।

"ਹਾਂ, ਤੇ ਜਦੋਂ ਮੈਂ ਤੈਨੂੰ ਫੜਨ ਲਈ ਅਗੇ ਵਧਾਂਗਾ, ਤਾਂ ਮੇਰੇ ਹੱਥ ਵਿਚ ਇਸ ਕਨੇਰ ਦੀ ਟਾਹਣੀ ਹੀ ਲੱਗੇਗੀ। ਹੈ ਨਾ !" ਹੇਸਟਿੰਗਜ ਨੇ ਕਿਹਾ।

"ਤੁਸੀਂ ਤਾਂ ਬੜੇ ਦਿਲਚਸਪ ਆਦਮੀ ਹੋ ਮਾਲਿਕ। ਮੈਨੂੰ ਇਹ ਪਤਾ ਨਹੀਂ ਸੀ" ਕੁੜੀ ਫੇਰ ਹੱਸੀ।

"ਚੰਗਾ, ਮੈਂ ਤੈਨੂੰ ਛੂ ਕੇ, ਤੈਨੂੰ ਖੋਊਂਗਾ ਨਹੀਂ। ਤੂੰ ਵਾਦਾ ਕਰ ਕਿ ਤੂੰ ਹਰ ਰੋਜ਼ ਇਥੇ ਸ਼ਾਮ ਨੂੰ ਆਇਆ ਕਰੇਂਗੀ," ਵਾਰੇਨ ਹੇਸਟਿੰਗਜ ਈਸਟ ਇੰਡੀਆ ਕੰਪਨੀ ਦਾ ਗਵਰਨਰ ਜਿਸਦੇ ਅਧੀਨ ਬਿਹਾਰ-ਬੰਗਾਲ ਤੋਂ ਲੈ ਕੇ ਅਵਧ, ਇਲਾਹਾਬਾਦ ਤੇ ਦਿੱਲੀ ਤਕ ਦਾ ਇਲਾਕਾ ਸੀ, ਜਿਸਨੇ ਸਥਾਈ ਭੂਮੀ ਬੰਦੋਬਸਤ ਦੀ ਨਵੀਂ ਇਤਿਹਾਸਕ ਪ੍ਰਣਾਲੀ ਲਾਗੂ ਕੀਤੀ ਸੀ, ਰਾਜ ਦੇ ਨਵੇਂ ਕਾਨੂੰਨ ਬਣਾਏ ਸੀ। ਉਹ ਇਸ ਸਾਂਵਲੀ-ਜਿਹੀ ਚੋਖੀ ਸਾਹਮਣੇ ਗਿੜਗਿੜਾ ਰਿਹਾ ਸੀ।

"ਆਊਂਗੀ ਨਹੀਂ ਤਾਂ ਜਾਊਂਗੀ ਕਿਥੇ, ਮਾਲਿਕ," ਕੁੜੀ ਖਿੜਖਿੜਾ ਕੇ ਹੱਸਦੀ ਹੋਈ ਭੱਜ ਗਈ। ਉਥੇ ਸਮਮੁੱਚ ਕਨੇਰ ਦੀਆਂ ਹਿਲਦੀਆਂ ਹੋਈਆਂ ਟਾਹਣੀਆਂ ਹੀ ਬਚੀਆਂ



ਸੀ।

ਵਾਰੇਨ ਹੇਸਟਿੰਗਜ ਨੇ ਇਸ ਘਟਨਾ ਬਾਰੇ ਬੰਤੂ ਨੂੰ ਦੱਸਿਆ। ਪਹਿਲਾਂ ਤਾਂ ਬੰਤੂ ਨੂੰ ਵਿਸ਼ਵਾਸ ਨਾਂ ਹੋਇਆ ਤੇ ਜਦੋਂ ਹੋਇਆ ਤਾਂ ਉਹ ਆਪਣਾ ਇਕਤਾਰਾ ਵਜਾ-ਵਜਾ ਕੇ ਗਾਉਣ ਲਗਿਆ: 'ਕਾਤਰ ਨਯਨ ਬਯਨ ਕਰਿ ਸੁੰਦਰੀ, ਬੋਤਲ ਸਧੁਰਿਮ ਵਾਣੀ/ ਕਿ ਕਰਿ ਉਪਾਯ ਕਹਤ ਪ੍ਰਿਯ ਸਹਚਰੀ, ਵੇਦਨ ਛੇਦਨ ਜਾਨੀ.../ਇਸ ਮਹਂ ਪਈਠਲ ਸ਼ੇਲ, ਅਨੁਖਨ ਨੀਰ ਬਹਤ ਮਝੁ ਲੋਚਨ'

ਹੇਸਟਿੰਗਜ ਨੇ ਵਾਅਦਾ ਕੀਤਾ ਕਿ ਅੱਜ ਆਥਣੇ ਬੰਤੂ ਨੂੰ ਵੀ ਉਹ ਉਸ ਕੁੜੀ ਦੇ ਦਰਸ਼ਨ ਕਰਨ ਦਾ ਮੌਕਾ ਦੇਵੇਗਾ।

ਉਸ ਸ਼ਾਮ ਸੂਰਜ ਢਲਣ ਤੋਂ ਪਹਿਲਾਂ ਹੀ ਦੋਵੇਂ ਬਗੀਚੇ ਵਿਚ ਪਹੁੰਚ ਗਏ, ਵਾਰੇਨ ਹੇਸਟਿੰਗਜ ਪੀਲੇ ਪਰਨੇ ਤੇ ਧੋਤੀ ਵਿਚ ਸੀ। ਬੰਤੂ ਮਹਿੰਦੀ ਦੀਆਂ ਸੰਗਣੀਆਂ ਝਾੜੀਆਂ ਦੇ ਪਿਛੇ ਲੁਕ ਗਿਆ। ਵਾਰੇਨ ਹੇਸਟਿੰਗਜ ਬੇਚੈਨੀ ਨਾਲ ਟਹਿਲ ਰਿਹਾ ਸੀ। ਵਿਚ-ਵਿਚ ਉਹ ਆਪਣੀ ਬਾਂਸਰੀ ਵਜਾਉਣ ਦੀ ਕੋਸ਼ਿਸ਼ ਕਰਦਾ। ਕੀ ਇਹੋ ਜਿਹੀ ਹੀ, ਇੰਨੀ ਹੀ ਤੇਜ਼ ਬੇਚੈਨੀ ਤੇ ਵਿਆਕੁਲਤਾ ਗੋਪਾਲ ਕ੍ਰਿਸ਼ਨ ਨੂੰ ਵੀ ਘੇਰਦੀ ਰਹੀ ਹੋਵੇਗੀ, ਜਦੋਂ ਉਹ ਰਾਧਾ ਦਾ ਇੰਤਜ਼ਾਰ ਕਰਦੇ ਸੀ।

ਆਖਿਰ ਉਹ ਪਾਜੇਬ ਦੀ ਆਵਾਜ਼ ਜਿਹੀ ਖਿੜਖਿੜਾਹਟ ਸ਼ਾਮ ਦੇ ਧੁੰਦਲਕੇ ਵਿਚ ਪੈਦਾ ਹੋਈ। ਕਨੇਰ ਦੀਆਂ ਟਾਹਣੀਆਂ ਹਿਲੀਆਂ ਤੇ ਉਹ ਕੁੜੀ ਧੱਪ ਦੇਣੇ ਕੁੱਦ ਕੇ ਬਾਹਰ ਆ ਗਈ। ਉਸਦੇ ਮੋਤੀਆਂ ਵਰਗੇ ਦੰਦ ਚਮਕ ਰਹੇ ਸੀ। ਵੱਡੀਆਂ-ਵੱਡੀਆਂ ਕਟੋਰੇ ਵਰਗੀਆਂ ਅੱਖਾਂ ਵਿਚ ਸ਼ਰਾਰਤ ਭਰੀ ਮੁਸਕਰਾਹਟ ਸੀ।

"ਇਹ ਲਓ ਮੈਂ ਆ ਗਈ, ਮਾਲਿਕ। ਹੁਣ ਗੱਲਾਂ ਕਰੋ।" ਉਸ ਨੇ ਕਿਹਾ।

"ਓਏ, ਇਹ ਤਾਂ ਚੋਖੀ ਏ !" ਮਹਿੰਦੀ ਦੀਆਂ ਝਾੜੀਆਂ ਦੇ ਪਿਛੇ ਲੁਕਿਆ ਹੋਇਆ ਬੰਤੂ ਨਿਕਲ ਕੇ ਬਾਹਰ ਆ ਗਿਆ। "ਧਤ ਤੇਰੇ ਦੀ, ਤੁਸੀਂ ਕਿਹਾ ਸੀ ਤੁਸੀਂ ਰਾਧਾ ਨਾਲ ਮਿਲਵਾਓਗੇ।" ਵਾਰੇਨ ਹੇਸਟਿੰਗਜ ਹੱਕਾ ਬੱਕਾ ਰਹਿ ਗਿਆ ਸੀ। "ਤਾਂ ਕੀ ਇਹ ਅਸਲੀ ਏ ? ਇਹ ਰਾਧਾ ਨਹੀਂ ਏ ?" ਉਸ ਨੂੰ ਅਜੇ ਵੀ ਵਿਸ਼ਵਾਸ ਨਹੀਂ ਹੋ ਰਿਹਾ ਸੀ।

"ਇਹ ਕੌਣ ਏ। ਇਹ ਤਾਂ ਤੁਹਾਨੂੰ ਮਗਰੋਂ ਦੱਸਾਂਗਾ ਪਰ ਜੇ ਤੁਹਾਨੂੰ ਇਹ ਕੁੜੀ ਏਨੀ ਚੰਗੀ ਲੱਗ ਗਈ ਏ ਤਾਂ ਸਮਝ ਲਓ ਇਹੀ ਰਾਧਾ ਏ ਤੇ ਤੁਸੀਂ ਕਨੱਈਆਂ ਹੋ। ਨਿਤਯ-ਨਿਤਯ ਮਹਾਂਨਿਤਯ ਤੀਨਿ ਨਿਤਯ ਕਹਿ, ਸਥਾਨੇ-ਸਥਾਨੇ ਰਾਧਾ ਕ੍ਰਿਸ਼ਨ ਰਹਿ" ਬੰਤੂ ਸਮਝ ਗਿਆ ਸੀ ਕਿ ਉਸਦੇ ਫਿਰੰਗੀ ਮਿੱਤਰ ਦੇ ਦਿਲ ਵਿਚ ਇਸ ਕਲੂਟੀ ਚੋਖੀ ਨੇ ਸੰਨ ਲਾ ਦਿੱਤਾ ਹੈ।

ਉਸਨੇ ਦੇਖਿਆ ਕਿ ਹੇਸਟਿੰਗਜ ਬਿਨਾਂ ਪਲਕਾਂ ਝਪਕੇ ਉਸ ਕੁੜੀ ਨੂੰ ਦੇਖੀ ਜਾ ਰਿਹਾ ਸੀ। ਇਹ ਵਿਸ਼ਵਾਸ ਕਿ ਉਸ ਨੂੰ ਛੂਹਣ 'ਤੇ ਉਹ ਗਾਇਬ ਨਹੀਂ ਹੋਵੇਗੀ, ਉਸਦੇ ਅੰਦਰ ਇਕ ਨਵੇਂ ਅਨੁਭਵ ਨੂੰ ਜਨਮ ਦੇ ਰਿਹਾ ਸੀ। ਬੰਤੂ ਨੇ ਉਨ੍ਹਾਂ ਦੋਨਾਂ ਦੇ ਵਿਚਕਾਰ ਹੋਰ ਜ਼ਿਆਦਾ ਰੁਕਣਾ ਠੀਕ ਨਹੀਂ ਸਮਝਿਆ, "ਦੇਖ ਚੋਖੀ ! ਸਾਹਬ ਨਾਲ ਖੂਭ ਖੇਲ ਖੇਡਣਾ, ਜਿੰਨਾ ਤੂੰ ਖਿਡਾਏਂਗੀ, ਇਹ ਉੰਨਾ ਹੀ ਖੇਡਣਗੇ, ਸਮਝੀ।"

ਚੋਖੀ ਮੁਸਕਰਾਈ ਪਰ ਸ਼ਰਮ ਨਾਲ ਉਸਦਾ ਚਿਹਰਾ ਲਾਲ ਹੋ ਗਿਆ।

ਵਾਰੇਨ ਹੇਸਟਿੰਗਜ ਨੇ ਜਦੋਂ ਉਸ ਨੂੰ ਪਹਿਲੀ ਵਾਰ ਛੂਹਿਆ ਤਾਂ ਉਹ ਕੰਬ ਰਹੀ ਸੀ। ਬਾਪ ਰੇ, ਇੰਨਾ ਵੱਡਾ, ਗੋਰਾ ਲਾਟ ਗਵਰਨਰ ਇਕ ਦਮ ਛੱਲੀ ਦੇ ਸੁਨਹਿਰੇ ਵਾਲਾਂ ਵਰਗੇ ਵਾਲ, ਮੱਖਣ ਦਾ ਮਰਦ।

× × ×

ਵਾਰੇਨ ਹੇਸਟਿੰਗਜ ਹਾਲਾਂਕਿ ਬਹੁਤ ਦੂਰਦਰਸ਼ੀ ਤੇ ਯੋਗ ਗਵਰਨਰ ਸੀ ਪਰ

ਉਸਦੀਆਂ ਇਨ੍ਹਾਂ ਹਰਕਤਾਂ ਨਾਲ ਈਸਟ ਇੰਡੀਆ ਕੰਪਨੀ ਦੇ ਇੰਗਲੈਂਡ ਵਿਚ ਬੈਠੇ ਬੋਰਡ ਆਫ ਡਾਇਰੈਕਟਰਜ ਨੂੰ ਉਸਦੀ ਸਮਰਥਾ 'ਤੇ ਸ਼ੱਕ ਹੋਣ ਲੱਗਿਆ। ਸੋ ਉਹਨਾਂ ਨੇ ਹਾਲਵੇਲ ਤੇ ਸਟ੍ਰੇਚੀ ਤੋਂ ਉਸਦੀ ਜਾਸੂਸੀ ਕਰਵਾਈ।

ਇਨ੍ਹਾਂ ਅੰਗਰੇਜ਼ ਅਧਿਕਾਰੀਆਂ ਨੇ ਜਿਹੜੀ ਖੁਫੀਆ ਰਿਪੋਰਟ ਇੰਗਲੈਂਡ ਭੇਜੀ ਉਸ ਵਿਚ ਲਿਖਿਆ ਸੀ ਕਿ ਅੱਜ ਕਲ੍ਹ ਗਵਰਨਰ ਜਨਰਲ ਵਾਰੇਨ ਹੇਸਟਿੰਗਜ ਸ਼ਾਮ ਦਾ ਅਪਣਾ ਵੇਲਾ ਬਗੀਚੇ ਵਿਚ ਇਕ ਪਰੋ ਕੁੜੀ ਚੋਖੀ ਨਾਲ ਗੁਜਾਰਦੇ ਹਨ। ਇਕ ਵਾਰ ਸਟ੍ਰੇਚੀ ਨੇ ਉਸਨੂੰ ਨੰਗੀ ਚੋਖੀ ਦੀਆਂ ਛਾਤੀਆਂ 'ਤੇ ਟੇਸੂ, ਗੁਲਾਬ, ਕਲੇਰ, ਗੇਰੂ, ਚੰਦਨ, ਛੂਈ ਮਿੱਟੀ ਤੇ ਪੱਤਿਆਂ ਵਿਚੋਂ ਕਢੇ ਗਏ ਰੰਗਾਂ ਨਾਲ ਮੋਰ ਖੰਭ ਦੀ ਕਲਮ ਨਾਲ ਚਿਤਰਕਾਰੀ ਕਰਦੇ ਦੇਖਿਆ। ਉਹ ਉਸ ਬਲੈਕ ਤੇ ਬਦਸੂਰਤ ਕੁੜੀ ਨੂੰ ਤਰ੍ਹਾਂ-ਤਰ੍ਹਾਂ ਨਾਲ ਸਜਾਉਂਦੇ ਰਹਿੰਦੇ ਹਨ। ਹਾਲਵੇਲ ਨੇ ਉਸਨੂੰ ਬਗੀਚੇ ਦੇ ਇਕ ਅੰਬ ਦੇ ਦਰਖਤ ਦੀ ਟਾਹਣੀ ਨਾਲ ਬੰਨੇ ਝੂਲੇ 'ਤੇ ਝੂਲਦੇ ਹੋਏ ਸੰਭੋਗ ਕਰਦੇ ਦੇਖਿਆ ਸੀ। ਉਸਨੇ ਲਿਖਿਆ ਕਿ ਉਨ੍ਹਾਂ ਨੂੰ ਦੇਖ ਕੇ ਇਉਂ ਲੱਗਦਾ ਹੈ ਜਿਵੇਂ ਉਹ ਇੰਡੀਆ ਦੀ ਮਸ਼ਹੂਰ ਕਿਤਾਬ, ਜਿਸਨੂੰ ਗੁਪਤਾ ਪੀਰੀਅਡ ਵਿਚ ਲਿਖਿਆ ਗਿਆ ਸੀ, ਵਾਤਸਯਾਨ ਦੇ 'ਕਾਮਸੂਤਰ' ਦਾ ਡਿਮਾਨਸਟ੍ਰੇਸ਼ਨ ਕਰ ਰਹੇ ਹੋਣ। ਸਟ੍ਰੇਚੀ ਨੇ ਰਿਪੋਰਟ ਭੇਜੀ ਕਿ ਚੋਖੀ ਤੇ ਗਵਰਨਰ ਹੇਸਟਿੰਗਜ ਵਿਚਕਾਰ ਕੀ ਰਿਸ਼ਤਾ ਹੈ, ਇਸ ਨੂੰ ਬੰਗਲੇ ਵਿਚ ਕੰਮ ਕਰਨ ਵਾਲਾ ਹਰ ਕਰਮਚਾਰੀ ਜਾਣਦਾ ਹੈ ਪਰ ਉਹ ਲੋਕ ਉਸ ਨੂੰ ਖਾਸ ਮਹੱਤਵ ਨਹੀਂ ਦਿੰਦੇ ਕਿਉਂਜੁ ਇਥੇ ਲਗਭਗ ਹਰ ਅੰਗਰੇਜ਼ ਅਫਸਰ ਕੋਲ ਆਪਣੀਆਂ-ਆਪਣੀਆਂ ਸਥਾਨਕ ਰਖੇਲਾਂ ਹਨ। ਜਿਨ੍ਹਾਂ ਦੇ ਕੋਲ ਨਹੀਂ ਹਨ, ਉਹ ਜਾਂ ਤਾਂ ਜ਼ੋਰ-ਜਬਰਦਸਤੀ ਰਾਹੀਂ ਕਿਤੋਂ ਕੁੜੀਆਂ ਚੁੱਕਵਾ ਲੈਂਦੇ ਹਨ ਜਾਂ ਕੋਠਿਆਂ 'ਤੇ ਜਾਂਦੇ ਹਨ।

ਹਾਲਵੇਲ ਨੇ ਲਿਖਿਆ ਸੀ ਕਿ ਕੰਪਨੀ ਦੇ ਅਫਸਰਾਂ ਕੋਲ ਇਸ ਮਾਮਲੇ ਵਿਚ ਕੋਈ ਕਮੀ ਇਸੇ ਲਈ ਨਹੀਂ ਹੈ ਕਿਉਂਜੁ ਇਥੇ ਹਿੰਦੁਸਤਾਨੀਆਂ ਦਾ ਇਕ ਵਰਗ ਅਜਿਹਾ ਹੈ ਜਿਹੜਾ ਛੇਤੀ ਤੋਂ ਛੇਤੀ ਅਮੀਰ ਬਣਨਾ ਚਾਹੁੰਦਾ ਹੈ। ਉਹ ਪ੍ਰਾਚੀਨਕਾਲ ਦੇ ਰੋਮ ਦੇ ਗੁਲਾਮਾਂ ਤੋਂ ਵੀ ਜ਼ਿਆਦਾ ਗੁਲਾਮ ਹੈ। ਇਸ ਵਿਚ ਬਹੁਤੇ ਉੱਚੀ ਜਾਤ ਦੇ ਲੋਕ ਹਨ। ਉਨ੍ਹਾਂ ਨੇ ਬੀਫ ਖਾਣਾ ਸ਼ੁਰੂ ਕਰ ਦਿੱਤਾ ਹੈ। ਅੰਗਰੇਜ਼ੀ ਬੋਲਣ ਲਗੇ ਹਨ, ਯੂਰਪੀਨ ਕੱਪੜੇ ਪਾਉਂਦੇ ਹਨ। ਉਨ੍ਹਾਂ ਨੇ 'ਹਿੰਦੁਸਤਾਨ' ਦੀਆਂ ਸਾਰੀਆਂ ਪੁਰਾਣੀਆਂ ਪਰੰਪਰਾਵਾਂ ਨੂੰ ਢਕੌਂਸਲਾ ਕਹਿਣਾ ਸ਼ੁਰੂ ਕਰ ਦਿੱਤਾ ਹੈ। ਉਹ ਸਿਰਫ ਆਪਣੀ ਨਸਲ ਤੇ ਆਪਣੀ ਚਮੜੀ ਦੇ ਰੰਗ ਤੋ ਬਿਨਾਂ ਬਾਕੀ ਹਰ ਚੀਜ਼ ਵਿਚ ਅੰਗਰੇਜ਼ਾਂ ਦੀ ਨਕਲ ਹਨ।

ਹਾਲਵੇਲ ਨੇ ਇਸ ਮਾਮਲੇ ਵਿਚ ਫਰਾਂਸੀਸੀ ਡਾਇਰੈਕਟਰ ਜਨਰਲ ਡੁਪਲੇ ਨੂੰ ਕੋਟ ਕੀਤਾ ਸੀ, "ਉਹ ਸਾਡੀਆਂ ਹੀ ਗੁਲਾਮ-ਨਕਲਾਂ ਨੇ। ਇੰਡੀਆ ਵਿਚ ਸਾਡਾ ਸਾਰਾ ਪ੍ਰਸ਼ਾਸਨ ਉਹੀ ਚਲਾਉਂਦੇ ਨੇ। ਅਸੀਂ ਜਦੋਂ ਇੰਡੀਆ ਨੂੰ ਛੱਡ ਕੇ ਯੂਰਪ ਮੁੜ ਜਾਵਾਂਗੇ, ਉਦੋਂ ਵੀ ਉਥੇ ਸਾਡੀਆਂ ਇਹੀ ਗੁਲਾਮ-ਸ਼ਕਲਾਂ ਹੀ ਰਾਜ ਕਰਨਗੀਆਂ। ਉਹ ਇੰਡੀਆ ਵਿਚ ਸਾਡਾ ਰਾਜ ਹੋਵੇਗਾ।"

ਕੁਝ ਦਿਨਾਂ ਮਗਰੋਂ ਜਾਸੂਸਾਂ ਨੇ ਇਕ 'ਅਤਿਅੰਤ ਗੁਪਤ' ਰਿਪੋਰਟ ਭੇਜੀ ਜਿਸ ਵਿਚ ਚੋਖੀ ਦੇ ਪਿਛੋਕੜ ਦੀ ਜਾਣਕਾਰੀ ਸੀ। ਇਸ ਰਿਪੋਰਟ ਅਨੁਸਾਰ 1757 ਵਿਚ ਪਲਾਸੀ ਦੀ ਲੜਾਈ ਵਿਚ ਲਾਰਡ ਕਲਾਈਵ ਨੇ ਬੰਗਾਲ ਦੇ ਨਵਾਬ ਸਿਰਾਜਉਦੌਲਾ ਨੂੰ ਮੀਰ ਜਾਫਰ ਤੇ ਰਾਏ ਦੁਰਲਭ ਦੀ ਗੱਦਾਰੀ ਕਾਰਨ ਹਰਾਉਣ ਵਿਚ ਸਫਲਤਾ ਪਾਈ ਸੀ। ਪਰ ਇਸ ਲੜਾਈ ਵਿਚ ਮੀਰ ਮਦਾਨ ਤੇ ਮੋਹਨ ਲਾਲ ਦੋ ਅਜਿਹੇ ਸਿਪਾਸਲਾਰ ਸਨ, ਜਿਨ੍ਹਾਂ ਨੇ ਸਾਰੇ ਲਾਲਚ ਦਿੱਤੇ ਜਾਣ ਦੇ ਬਾਵਜੂਦ ਨਵਾਬ ਸਿਰਾਜਉਦੌਲਾ ਤੇ ਆਪਣੇ ਵਤਨ ਬੰਗਾਲ ਪ੍ਰਤੀ ਆਪਣੀ ਵਫਾਦਾਰੀ ਆਖਰੀ ਦਮ ਤਕ ਨਿਭਾਈ। ਦੋਵਾਂ ਨੂੰ ਲੜਾਈ ਦੇ ਮੈਦਾਨ ਵਿਚ ਧੋਖੇ ਨਾਲ ਮਾਰ



ਦਿੱਤਾ ਗਿਆ, ਫੇਰ ਕੰਪਨੀ ਦੀ ਫ਼ੌਜ ਨੂੰ ਜਿੱਤ ਹਾਸਲ ਹੋਈ। ਬਾਅਦ ਵਿਚ ਵੀਰਗਤੀ ਪਾਉਣ ਵਾਲੇ ਮੋਹਨ ਲਾਲ ਦੇ ਪਰਿਵਾਰ ਨੂੰ ਮੀਰ ਜਾਫਰ ਤੇ ਰਾਏ ਦੁਰਲਭ ਨੇ ਖਤਮ ਕਰਵਾ ਦਿੱਤਾ, ਬੱਸ ਇੱਕ ਤਿੰਨ ਸਾਲ ਦੀ ਬੱਚੀ ਇਕ ਨੀਚ ਜਾਤ ਦੀ ਨੌਕਰਾਣੀ ਦੀ ਹੁਸ਼ਿਆਰੀ ਨਾਲ ਕਿਸੇ ਤਰ੍ਹਾਂ ਬਚ ਗਈ।

ਬਾਅਦ ਵਿਚ ਇਸ ਵਿਧਵਾ ਨੌਕਰਾਣੀ ਨੇ ਇਕ ਨਟ-ਬਾਜੀਗਰ ਨਾਲ ਵਿਆਹ ਕਰ ਲਿਆ ਤੇ ਇਹ ਬੱਚੀ ਉਥੇ ਹੀ ਪਲਣ ਲੱਗੀ। ਉਥੇ ਉਸਨੇ ਨਟਨੀ ਦੀਆਂ ਸਾਰੀਆਂ ਕਲਾਵਾਂ ਸਿਖੀਆਂ। ਉਹੀ ਕੁੜੀ ਅੱਜ ਕਲ੍ਹ ਗਵਰਨਰ ਜਨਰਲ ਦੇ ਬੰਗਲੇ ਵਿਚ ਨੌਕਰਾਣੀ ਦਾ ਕੰਮ ਕਰਦੀ ਹੈ। ਉਸਦਾ ਨਾਂ ਚੋਖੀ ਹੈ। ਅਸਲ ਵਿਚ ਇਹ ਨਟਨੀ ਨਹੀਂ, ਪਲਾਸੀ ਦੀ ਲੜਾਈ ਦੇ ਸ਼ਹੀਦ ਨਵਾਬ ਸਿਰਾਜਉਦੌਲਾ ਦੇ ਵਫਾਦਾਰ ਤੇ ਜਾਂਬਾਜ ਸਿਪਾਸਲਾਰ ਮੋਹਨ ਲਾਲ ਦੀ ਬੇਟੀ ਹੈ।

ਖੁਫੀਆ ਰਿਪੋਰਟ ਦੇ ਅੰਤ ਵਿਚ ਲਿਖਿਆ ਸੀ ਕਿ ਮਹੀਨਿਆਂ ਦੀ ਛਾਣਬੀਣ ਮਗਰੋਂ ਇਸ ਤੱਥ ਦਾ ਪਤਾ ਲਗਾਇਆ ਜਾ ਸਕਿਆ। ਪਰ ਆਪਣੇ ਬਾਰੇ ਵਿਚ ਇਹ ਸਚਾਈ ਚੋਖੀ ਨੂੰ ਵੀ ਪਤਾ ਨਹੀਂ ਹੈ।

ਇਹ ਵੀ ਕਿਹੀ ਵਿਡੰਬਨਾ ਸੀ ਕਿ ਜਿਹੜਾ ਮੋਹਨ ਲਾਲ ਪਲਾਸੀ ਦੀ ਲੜਾਈ ਵਿਚ ਲਾਰਡ ਕਲਾਈਵ ਦੀ ਅੰਗਰੇਜ਼ ਫ਼ੌਜ ਨਾਲ ਲੜਦਾ ਹੋਇਆ ਧੋਖੇ ਨਾਲ ਮਾਰਿਆ ਗਿਆ, ਉਸੇ ਦੀ ਬੇਟੀ ਚੋਖੀ ਕਿਸਮਤ ਦੇ ਚੱਕਰ ਨਾਲ ਅੰਗਰੇਜ਼ ਗਵਰਨਰ ਜਨਰਲ ਦੇ ਬੰਗਲੇ ਵਿਚ ਦਾਸੀ ਦੇ ਰੂਪ ਵਿਚ ਪਹੁੰਚ ਗਈ ਸੀ। ਜੋ ਖੁਦ ਗਵਰਨਰ ਜਨਰਲ ਦੇ ਨਾਲ ਗੋਪ-ਗੋਪੀ ਦੀ ਰਾਸਲੀਲਾ ਕਰ ਰਹੀ ਸੀ। ਇਹ ਕਿਸ ਦੀ ਜਿੱਤ ਸੀ, ਕੰਪਨੀ ਦੀ ਜਾਂ ਬੰਗਾਲ ਦੀ, ਹੇਸਟਿੰਗਜ ਦੀ ਜਾਂ ਚੋਖੀ ਦੀ ? ਕੋਈ ਨਹੀਂ ਜਾਣਦਾ।

ਹੋ ਸਕਦਾ, ਇਹ ਵੀ ਇਸ ਲੀਲਾਭੂਮੀ ਦੀ ਇਕ ਹੋਰ ਲੀਲਾ ਸੀ ਜਿਸ ਵਿਚ ਇਕ ਅੰਗਰੇਜ਼ ਗਵਰਨਰ ਜਨਰਲ ਸੂਤੀ ਚੀਥੜੇ ਪਹਿਨ ਕੇ, ਗਵਾਲਾ ਜਾਂ ਗਡਰੀਆ ਬਣਿਆ ਹੋਇਆ, ਲੱਕ ਵਿਚ ਬੰਸਰੀ ਟੰਗ ਕੇ ਇਕ ਸਾਂਵਲੀ ਕੁੜੀ ਦੇ ਅਗੇ-ਪਿਛੇ ਘੁੰਮਦਾ ਰਹਿੰਦਾ ਸੀ।

"ਇਹ ਬੰਗਾਲ ਦਾ ਜਾਦੂ ਤੂੰ ਕਿਥੇ ਤੋਂ ਸਿਖਿਆ, ਚੋਖੀ ? ਤੇਰਾ ਬਾਪ ਨਟ ਬਾਜੀਗਰ ਸੀ। ਉਸੇ ਨੇ ਸਿਖਾਇਆ ਹੋਵੇਗਾ। ਤੂੰ ਲਾਟ ਗਵਰਨਰ ਨੂੰ ਵੀ ਫਸਾ ਕੇ ਬਲਦ ਬਣਾ ਦਿੱਤਾ।" ਅਬਦੁਲ ਕਾਦਿਰ ਚੋਖੀ ਨੂੰ ਕਹਿ ਰਿਹਾ ਸੀ। ਖੀ....ਖੀ.....ਖੀ.....ਕਰਦਿਆਂ ਹੋਇਆਂ ਚੋਖੀ ਹੱਸ ਰਹੀ ਸੀ ਤੇ ਕਬਾਬ ਖਾ ਰਹੀ ਸੀ।

ਉਸ ਮਸਤ ਅੱਲੜ ਕੁੜੀ ਨੂੰ ਇਸ ਗੱਲ ਦਾ ਕੋਈ ਫਿਕਰ ਨਹੀਂ ਸੀ ਕਿ ਲੋਕ ਉਸਦੇ ਬਾਰੇ ਵਿਚ ਕੀ ਕਹਿੰਦੇ ਹਨ। ਉਹ ਤਾਂ ਇਸੇ ਗੱਲ 'ਤੇ ਖ਼ੁਸ਼ ਸੀ ਕਿ ਕਿਥੇ ਉਸਨੂੰ ਕਦੇ ਢਿੱਡ ਭਰ ਕੇ ਖਾਣਾ ਨਹੀਂ ਮਿਲਦਾ ਸੀ, ਢੋਲ ਦੀ ਥਾਪ 'ਤੇ ਬਾਂਸ ਦੀਆਂ ਕੈਚੀਆਂ ਵਿਚ ਬੰਨੀ ਰੱਸੀ 'ਤੇ ਸੰਤੁਲਨ ਬਣਾਉਂਦਿਆਂ ਹੋਇਆਂ ਤੁਰਨਾ ਪੈਂਦਾ ਸੀ ਤੇ ਇਕੱਲੇ ਬਾਂਸ ਤੋਂ ਪੁਆਲ ਦੀ ਪੰਡ 'ਤੇ ਛਾਲ ਲਾਉਣੀ ਪੈਂਦੀ ਸੀ, ਕਿਥੇ ਹੁਣ ਉਸ ਨੂੰ ਖਾਣ ਲਈ ਤਰ੍ਹਾਂ-ਤਰ੍ਹਾਂ ਦੀਆਂ ਚੀਜ਼ਾਂ, ਪਹਿਨਣ ਲਈ ਇਕ ਤੋਂ ਇਕ ਕੀਮਤੀ ਵਿਲਾਇਤੀ ਕੱਪੜੇ, ਨਹਾਉਣ ਲਈ ਖ਼ੁਸ਼ਬੂਦਾਰ ਸਾਬਣ ਤੇ ਸਜਣ-ਸੰਵਰਨ ਦੇ ਪਾਊਡਰ, ਟਿੱਕਾ-ਬਿੰਦੀ, ਚੂੜੀ, ਸੈਂਡਿਲ ਮਿਲ ਰਹੇ ਸੀ। ਚੋਖੀ ਆਪਣੀ ਕਿਸਮਤ 'ਤੇ ਮਾਣ ਕਰ ਰਹੀ ਸੀ ਪਰ ਹੌਲੀ-ਹੌਲੀ ਇਕ ਤਰ੍ਹਾਂ ਦੀ ਗੰਭੀਰਤਾ ਉਸਦੇ ਅੰਦਰ ਪੈਦਾ ਹੋ ਰਹੀ ਸੀ।

ਕਾਰਨ ਸੀ ਕਿ ਚੋਖੀ ਸਚਮੁੱਚ ਵਾਰੇਨ ਹੇਸਟਿੰਗਜ ਨੂੰ ਹੌਲੀ-ਹੌਲੀ 'ਆਪਣਾ ਆਦਮੀ' ਮੰਨਣ ਲੱਗ ਪਈ ਸੀ। ਉਹ ਜਾਣਦੀ ਸੀ ਕਿ ਉਹ ਕਦੇ ਇਸ ਅੰਗਰੇਜ਼ ਲਾਟ ਗਵਰਨਰ ਦੀ ਪਤਨੀ ਨਹੀਂ ਬਣ ਸਕੇਗੀ, ਪਰ ਆਖਿਰ ਰਾਧਾ ਵੀ ਕਿਹੜਾ ਕ੍ਰਿਸ਼ਨ ਦੀ

ਵਿਆਹੁਤਾ ਸੀ।

ਇਕ ਵਾਰ ਚੋਖੀ ਨਾਲ ਮਿਲਣ ਉਸਦੀ ਮਾਂ ਭਾਵ ਵਿਧਵਾ ਨਟਨੀ ਆਈ। ਉਸਨੇ ਉਸ ਨੂੰ ਕਿਹਾ, "ਮੈਂ ਸਭ ਸੁਣਿਆ ਏ। ਤੂੰ ਖ਼ੁਸ਼ ਰਹਿ। ਇਸ ਵਿਚ ਕੋਈ ਬੁਰਾਈ ਨਹੀਂ ਕਿਉਂਕਿ ਨਟਨੀ ਨੂੰ ਕਦੇ ਕੋਈ ਮਰਦ ਨਹੀਂ ਭੋਗਦਾ, ਨਟਨੀ ਨੂੰ ਇਹ ਵਰਦਾਨ ਮਿਲਿਆ ਏ ਕਿ ਉਹੀ ਦੁਨੀਆਂ ਦੇ ਕਾਮੀ ਮਰਦਾਂ ਦਾ ਭੋਗ ਕਰੇਗੀ ਤੇ ਧਰਤੀ ਦਾ ਤਾਪ ਹਰੇਗੀ। ਇਹ ਵਰਦਾਨ ਨਟਵਰ ਨਾਗਰ ਦਾ ਏ, ਜਿਸ ਨੇ ਦਹੀਂ ਦੇ ਤਪਲੇ ਨੂੰ ਭੰਨ ਕੇ ਉਸਦੀ ਮਿੱਟੀ ਨਾਲ ਦੁਨੀਆਂ ਦੀ ਪਹਿਲੀ ਨਟਨੀ ਨੂੰ ਬਣਾਇਆ ਤੇ ਸਭ ਤੋਂ ਪਹਿਲਾਂ ਉਸ ਨਾਲ ਰਾਸ ਕੀਤਾ।"

ਚੋਖੀ ਆਪਣੀ ਇਸ ਪਿਆਰੀ-ਜਿਹੀ ਮਾਂ ਦੀਆਂ ਗੱਲਾਂ ਧਿਆਨ ਨਾਲ ਸੁਣ ਰਹੀ ਸੀ।

"ਪਰ ਧੀਏ ਤੂੰ ਘੁੰਘਚੀ ਅੰਦਰ ਲੈ ਲਿਆ ਕਰਾ। ਯਾਦ ਰੱਖ, ਨਟਨੀ ਦੀ ਕੁੱਖ ਤੋਂ ਨੱਟ ਦਾ ਹੀ ਬੀਅ ਪੈਦਾ ਹੁੰਦਾ ਏ। ਤੂੰ ਆਪਣੇ ਗਰਭ ਨਾਲ ਕਿਸੇ ਫਰੰਗੀ ਨੂੰ ਨਹੀਂ ਪੈਦਾ ਕਰਨਾ। ਸੰਧੂਰ ਜਾਂ ਨੀਲਾ ਥੋਥਾ ਖਾ ਲੈਣਾ ਚੋਖੀ, ਪਰ ਅਜਿਹਾ ਨਾ ਕਰਨਾ।"

ਚੋਖੀ ਮਾਂ ਦੀ ਗੱਲ ਸੁਣ ਕੇ ਕੰਬ ਗਈ।

ਉਨ੍ਹੀਂ ਦਿਨੀਂ ਜਦੋਂ ਚੋਖੀ ਤੇ ਵਾਰੇਨ ਹੇਸਟਿੰਗਜ ਦਾ ਖੇਲ ਪਾਗਲਪਣ ਤੇ ਵਾਸਨਾ ਦੀਆਂ ਸਾਰੀਆਂ ਅਣਦੇਖੀਆਂ ਸਿਖਰਾਂ ਤੇ ਗੁਫਾਵਾਂ ਦੀਆਂ ਨਸ਼ੀਲੀਆਂ ਤੇ ਸੁਪਨਭਰਪੂਰ ਯਾਤਰਾਵਾਂ ਤੋਂ ਗੁਜਰ ਰਿਹਾ ਸੀ, ਵਾਰੇਨ ਹੇਸਟਿੰਗਜ ਨੇ ਇੰਗਲੈਂਡ ਤੋਂ ਔਜਿਆਸ ਹਮਫਰੀ ਤੇ ਜਾਨ ਥਾਮਸ ਸੇਟਨ ਨਾਂ ਦੇ ਕਲਾਕਾਰਾਂ ਨੂੰ ਹਿੰਦੁਸਤਾਨ ਬੁਲਾਇਆ। ਔਜਿਆਸ ਹਮਫਰੀ ਨੇ ਅਕਬਰ ਦੇ ਜ਼ਮਾਨੇ ਦੀ ਮੁਗਲ ਸ਼ੈਲੀ ਦੀ ਨਕਲ ਵਿਚ ਵਾਰੇਨ ਹੇਸਟਿੰਗਜ ਤੇ ਚੋਖੀ ਦੇ ਕਈ ਬਹੁਤ ਉਤਮ ਛੋਟੇ ਰੂਪ ਬਣਾਏ, ਇਨ੍ਹਾਂ ਵਿਚ ਵਾਰੇਨ ਹੇਸਟਿੰਗਜ ਤੇ ਚੋਖੀ ਨੂੰ ਕ੍ਰਿਸ਼ਨ ਤੇ ਰਾਧਾ ਜਾਂ ਗੋਪ ਤੇ ਗੋਪੀਕਾ ਦੇ ਰੂਪ ਵਿਚ ਮਿਲਣ ਥਾਂ 'ਤੇ ਜਾਂ ਕਾਮ ਕੀੜਾ ਵਿੱਚ ਰੁਝੇ ਦਿਖਾਇਆ ਗਿਆ ਸੀ। ਇਨ੍ਹਾਂ ਚਿੱਤਰਾਂ ਵਿਚ ਦੋਵਾਂ ਦੀਆਂ ਦੇਹ ਮੁਦਰਾਵਾਂ ਗੁਪਤ ਕਾਲ ਦੇ ਪ੍ਰਸਿੱਧ ਗਰੰਥ 'ਕਾਮਸੁਤਰ' 'ਤੇ ਆਧਾਰਤ ਸਨ। ਜਾਨ ਥਾਮਸ ਨੇ ਵੀ ਦੋਵਾਂ ਦੇ ਤਿੰਨ ਚਿੱਤਰ ਕੰਪਨੀ ਸ਼ੈਲੀ ਜਾਂ ਪਟਨਾ ਕਲਮ ਦੇ ਅਧਾਰ 'ਤੇ ਬਣਾਏ ਜਿਸ ਵਿਚ ਚੋਖੀ ਤੇ ਹੇਸਟਿੰਗਜ ਨੂੰ ਜੱਫੀ ਵਿਚ ਦਿਖਾਇਆ ਗਿਆ ਸੀ। ਦੂਸਰੇ ਚਿੱਤਰ ਵਿਚ ਹੇਸਟਿੰਗਜ ਨੂੰ ਯੂਨਾਨੀ ਮਿਥ ਦੇ ਪਾਤਰ 'ਹਮੀਜ਼' ਦੇ ਰੂਪ ਵਿਚ ਚਿਤ੍ਰਿਆ ਗਿਆ ਸੀ, ਜਿਹੜਾ ਕਛੂ ਤੋਂ 'ਲਾਅਰ' ਨਾਂ ਅੜਿਕਾ ਯੰਤਰ ਬਣਾ ਕੇ ਆਪਣੀ ਪ੍ਰੇਮਿਕਾ ਚੋਖੀ ਨੂੰ ਪ੍ਰੇਮ ਭਰੀ ਬੇਨਤੀ ਕਰ ਰਿਹਾ ਹੈ। ਹਮੀਜ਼ ਕ੍ਰਿਸ਼ਨ ਦਾ ਹੀ ਯੂਨਾਨੀ ਰੂਪ ਸੀ।

ਉਹ ਚਿੱਤਰ ਕਿਥੇ ਚਲੇ ਗਏ, ਕੋਈ ਨਹੀਂ ਜਾਣਦਾ ਕਿਉਂਜੁ ਨਾ ਉਹ ਕਿਤੇ ਪ੍ਰਕਾਸ਼ਿਤ ਹੋਏ, ਨਾ ਕਿਸੇ ਲਾਇਬ੍ਰੇਰੀ ਵਿਚ ਹਨ। ਭਾਰਤੀ ਜਾਂ ਯੂਰਪੀ ਕਲਾ ਦੇ ਇਤਿਹਾਸ ਦੀ ਕਿਸੇ ਪੁਸਤਕ ਵਿਚ ਵੀ ਉਨ੍ਹਾਂ ਦਾ ਕੋਈ ਜਿਕਰ ਨਹੀਂ ਮਿਲਦਾ।

ਉਸ ਰਾਤ ਬੰਤੂ ਬਹੁਤ ਸ਼ਰਾਬ ਪੀ ਕੇ ਇਕਤਾਰਾ ਵਜਾ-ਵਜਾ ਕੇ ਲਗਾਤਾਰ ਗਾਉਂਦਾ ਤੇ ਰੋਂਦਾ ਰਿਹਾ। ਜਦੋਂ ਵਾਰੇਨ ਹੇਸਟਿੰਗਜ ਉਸਦੇ ਕੋਲ ਆਇਆ ਤਾਂ ਉਸ ਨੇ ਕਿਹਾ, "ਲਾਖ ਦਾ ਘੋੜਾ ਤੇ ਮੋਮ ਦਾ ਸਵਾਰ, ਦੋਵਾਂ ਨੇ ਲਟ-ਲਟ ਕਰਦੀ ਅੱਗ ਵਿਚੋਂ-ਦੀ ਜਾਣਾ ਏ। ਵਾਸਨਾ ਦਾ ਬਾਰੂਦ ਤੇ ਪ੍ਰੀਤ ਦੀ ਅੱਗ, ਤੋਪ ਤੋਂ ਵੀ ਵੱਡਾ ਧਮਾਕਾ ਹੋਵੇਗਾ ਓਏ...। ਦੋਹਾਂ ਵਿਚੋਂ ਕੌਣ ਬਚੇਗਾ। ਲਾਖ ਦਾ ਘੋੜਾ ਕਿ ਮੋਮ ਦਾ ਸਵਾਰ?"

ਬੰਤੂ ਦੀਆਂ ਅੱਖਾਂ ਉਸੇ ਤਰ੍ਹਾਂ ਮੋੜ ਰਹੀਆਂ ਸੀ ਜਿਵੇਂ ਮਥੁਰਾ ਦੇ ਨੇੜੇ, ਯਮੁਨਾ ਦੇ ਕੰਢੇ 'ਤੇ ਉਸ ਰਾਤ ਗੰਜੇੜੀ ਸਾਧੂ ਅਨੰਦ ਮੁਰਾਰੀ ਦੀਆਂ ਮੋੜ ਰਹੀਆਂ ਸੀ। ਉਸ ਨੇ ਇਕ ਅਜੀਬ-ਜਿਹੀ ਆਵਾਜ਼ ਵਿਚ ਵਾਰੇਨ ਹੇਸਟਿੰਗਜ ਨੂੰ ਕਿਹਾ, "ਫਰੰਗੀ ਦੋਸਤ ਸਾਵਧਾਨ, ਉਹ



ਕੁੜੀ ਜਿਸ ਨੂੰ ਤੁਸੀਂ ਸਿਰਫ ਕਨੇਰ ਦੀ ਨਟਨੀ ਜਾਂ ਰੇਤੇ ਦੀ ਢੇਰੀ ਮੰਨਦੇ ਹੋ, ਜਾਂ ਬਰਿੰਦਾਵਨ ਦੀ ਕਿਸੇ ਕੰਧ ਦਾ ਚਿੱਤਰ ਜਾਂ ਕਿਸੇ ਕਹਾਣੀ ਦਾ ਕੋਈ ਪਾਤਰ, ਉਹ ਹੱਡ-ਮਾਸ ਦੀ ਕੁੜੀ ਚੋਖੀ ਤੈਨੂੰ ਪਿਆਰ ਕਰਨ ਲੱਗ ਪਈ ਏ।"

ਵਾਰੇਨ ਹੇਸਟਿੰਗਜ ਨੂੰ ਲੱਗਿਆ ਜਿਵੇਂ ਕਿਸੇ ਨੇ ਉਸਦੀ ਕਨਪੜੀ 'ਤੇ ਲੋਹੇ ਦਾ ਹਥੌੜਾ ਮਾਰ ਦਿੱਤਾ ਹੋਵੇ।

× × ×

ਉਨੀਂ ਦਿਨੀਂ ਜਦੋਂ ਵਾਰੇਨ ਹੇਸਟਿੰਗਜ ਚੋਖੀ ਨਾਲ ਫੈਂਟੇਸੀ ਦੀ ਇਕ ਨਸ਼ੀਲੀ ਦੁਨੀਆਂ ਵਿਚ ਕਲੋਲਾਂ ਕਰ ਰਿਹਾ ਸੀ, ਉਸਨੇ ਹਿੰਦੁਸਤਾਨ ਬਾਰੇ ਇਕ ਹੋਰ ਤਥ ਜਾਣਿਆ ਜਿਸ ਤੋਂ ਉਸਦੀਆਂ ਹੁਣ ਤਕ ਦੀਆਂ ਹੈਰਾਨੀਆਂ ਵਿਚ ਇਕ ਹੋਰ ਕੜੀ ਜੁੜ ਗਈ।

ਉਹ ਇੰਨਾ ਹੈਰਾਨ ਹੋਇਆ ਕਿ ਇਸ ਹੈਰਾਨੀ ਨੇ ਸਾਰੀ ਜ਼ਿੰਦਗੀ ਉਸਦਾ ਪਿੱਛਾ ਨਾ ਛੱਡਿਆ। ਇਹੀ ਉਹ ਹੈਰਾਨੀ ਸੀ ਜਿਸਨੂੰ ਸਮਝਣ ਲਈ ਉਸਨੇ 'ਸ੍ਰੀਮਦ ਭਗਵਤ ਗੀਤਾ' ਪੜ੍ਹਨੀ ਸ਼ੁਰੂ ਕੀਤੀ ਤੇ ਹਿੰਦੂ ਧਰਮ ਤੋਂ ਇੰਨਾ ਪ੍ਰਭਾਵਿਤ ਹੋਇਆ ਕਿ ਪੀਲਾ-ਪਰਨਾ ਤੇ ਧੋਤੀ ਹੀ ਨਹੀਂ ਪਾਏ, ਲਗਭਗ ਛੇ ਮਹੀਨੇ ਤਕ ਉਸਨੇ ਬਾਕਾਇਦਾ ਰਾਤ ਨੂੰ ਤਿਲਕ ਤੇ ਚੰਦਨ ਤਕ ਲਾਇਆ। ਜਾਨ ਥਾਮਸ ਦੇ ਉਹ ਚਿੱਤਰ, ਜਿਹੜੇ ਹੁਣ ਦੁਨੀਆਂ ਵਿਚ ਕਿਤੇ ਮੌਜੂਦ ਨਹੀਂ ਹਨ, ਉਨ੍ਹਾਂ ਵਿਚੋਂ ਇਕ ਚਿੱਤਰ ਵਿਚ ਹੇਸਟਿੰਗਜ ਬਾਕਾਇਦਾ ਮਾਲਾ, ਤਿਲਕ, ਬਾਂਸਰੀ ਤੇ ਬੋਦੀ ਵਿਚ ਗੋਪਕਾ ਨਾਲ ਸੰਭੋਗਿਤ ਹੈ। ਪਿਛੋਕੜ ਵਿਚ ਇਕ ਗਊ ਵੀ ਖੜੀ ਹੈ ਜੋ ਮੰਤਤਾ ਭਾਵ ਨਾਲ ਚੋਖੀ ਤੇ ਹੇਸਟਿੰਗਜ ਨੂੰ ਪ੍ਰੇਮ ਵਿਚ ਡੁਬਿਆਂ ਨੂੰ ਬਿਨਾਂ ਪਲਕ ਝਮਕਿਆਂ ਦੇਖ ਰਹੀ ਹੈ।

ਇਹੀ ਉਹ ਹੈਰਾਨੀ ਸੀ ਜਿਸਦੀ ਵਜ੍ਹਾ ਨਾਲ ਵਾਰੇਨ ਹੇਸਟਿੰਗਜ ਅਕਸਰ ਕਿਹਾ ਕਰਦਾ ਸੀ ਕਿ ਹਿੰਦੁਤਵ ਇਕ ਅਜਿਹਾ ਧਰਮਦਰਸ਼ਨ ਹੈ ਜਿਸਦੀ ਦਇਆ ਦਾ ਸਾਰ ਈਸਾਈਯਤ ਦੀ ਮੂਲ ਭਾਵਨਾ ਨੂੰ ਪ੍ਰਮਾਣਿਤ ਕਰਦਾ ਹੈ। ਜਿਸ ਨੇ ਵੀ ਇਤਿਹਾਸ ਪੜ੍ਹਿਆ ਹੈ ਉਹ ਇਹ ਜਾਣਦਾ ਹੈ ਕਿ ਵਾਰੇਨ ਹੇਸਟਿੰਗਜ ਨੇ ਗਵਰਨਰ ਜਨਰਲ ਬਣਨ ਤੋਂ ਬਾਅਦ ਇੰਗਲੈਂਡ ਤੋਂ ਸਰ ਵਿਲੀਅਮ ਜੋਨਸ, ਸਰ ਚਾਰਲਸ ਵਿਲਿਕੰਸ, ਨਾਥੇਨਿਯਲ ਹਾਲਹੇਡ ਤੇ ਕੋਲਬੁਰਕ ਜਿਹੇ ਵਿਦਵਾਨਾਂ ਨੂੰ ਭਾਰਤ ਬੁਲਾਇਆ ਤੇ ਉਨ੍ਹਾਂ ਨੂੰ ਕਿਹਾ ਕਿ ਇਸ ਦੇਸ਼ ਦੀ ਵਿਦਿਆ ਤੇ ਦਰਸ਼ਨ ਵਿਚ ਛੁਪੇ ਹੋਏ ਅਨਮੋਲ ਤੇ ਵਿਲੱਖਣ ਖਜਾਨੇ ਨੂੰ ਉਹ ਦੁਨੀਆਂ ਦੇ ਸਾਹਮਣੇ ਲਿਆਉਣ। ਇਹ ਹਰ ਕੋਈ ਜਾਣਦਾ ਹੈ ਕਿ ਵਿਲਿਕੰਸ ਨੇ ਉਸ ਦੇ ਕਹਿਣ 'ਤੇ ਸਾਲ ਕਈ ਮਿਹਨਤ ਕਰਕੇ ਭਗਵਤ ਗੀਤਾ ਦਾ ਅੰਗਰੇਜ਼ੀ ਵਿਚ ਅਨੁਵਾਦ ਕੀਤਾ ਜਿਸ ਦੀ ਭੂਮਿਕਾ ਖੁਦ ਵਾਰੇਨ ਹੇਸਟਿੰਗਜ ਨੇ ਲਿਖੀ।

ਤਾਂ ਜਿਸ ਗੱਲ ਤੋਂ ਵਾਰੇਨ ਹੇਸਟਿੰਗਜ ਹੈਰਾਨ ਹੋਇਆ ਉਹ ਸੀ ਹਿੰਦੁਸਤਾਨੀ ਗਊਆਂ-ਬਲਦਾਂ ਦਾ ਸੁਭਾਅ ਤੇ ਉਹਨਾਂ ਦਾ ਇਥੋਂ ਦੇ ਲੋਕਾਂ ਨਾਲ ਸੰਬੰਧ। ਉਸ ਨੇ ਦੇਖਿਆ ਸੀ ਕਿ ਸੈਂਕੜਿਆਂ ਦੀ ਗਿਣਤੀ ਵਿਚ ਖੜੇ ਗਾਂ-ਬੈਲਾਂ ਦੇ ਝੁੰਡ ਦੇ ਸਾਹਮਣੇ ਜੇ ਕੋਈ ਗਵਾਲਾ ਜਾਂ ਕਿਸਾਨ "ਧੌਰੀ" ਜਾਂ "ਸ਼ਯਾਮਾ" ਦਾ ਨਾਂ ਲੈ ਕੇ ਬੁਲਾਉਂਦਾ ਤਾਂ ਉਸ ਝੁੰਡ ਵਿਚੋਂ ਸਿਰਫ ਉਹ ਗਾਂ ਦੌੜਦੀ ਹੋਈ ਆਉਂਦੀ ਸੀ, ਜਿਸਦਾ ਨਾਂ ,'ਧੌਰੀ' ਜਾਂ 'ਸ਼ਯਾਮਾ' ਹੁੰਦਾ ਸੀ।

"ਓਹ, ਮਾਈ ਗਾਡ, ਇਟ ਸੀਮਸ ਦੇ ਹੈਵ ਦੇਅਰ ਪ੍ਰਾਪਰ ਨਾਊਨਸ !" ਵਾਰੇਨ ਹੇਸਟਿੰਗਜ ਹੱਕਾ ਬੱਕਾ ਰਹਿ ਗਿਆ ਸੀ। ਆਦਮੀਆਂ ਵਾਂਗੂੰ ਉਨ੍ਹਾਂ ਦੇ ਵਿਅਕਤੀਵਾਚਕ ਨਾਂ ਸਨ। ਹੈਰਾਨੀ ਇਹ ਕਿ ਉਹ ਆਪਣੇ ਨਾਂ ਨੂੰ ਜਾਣਦੇ ਵੀ ਸੀ। ਉਹ ਪਿੰਡਾਂ ਵਿਚ ਰਹਿਣ ਵਾਲੇ ਲੋਕਾਂ ਦੇ ਪਰਿਵਾਰ ਦੇ ਮੈਂਬਰ ਸਨ। ਗਾਵਾਂ ਉਥੇ ਵਿਹੜੇ ਵਿਚ ਬੰਨੀਆਂ ਹੁੰਦੀਆਂ ਸੀ। ਵੱਛੇ ਘਰ ਦੇ ਬੱਚਿਆਂ ਦੇ ਨਾਲ ਖੇਡਦੇ-ਝਗੜਦੇ ਸੀ। ਉਨ੍ਹਾਂ ਵਿਚ ਬਕਾਇਦਾ ਰੁਸਣਾ-

ਮਨਾਉਣਾ, ਛੇੜ-ਛਾੜ ਤੇ ਸ਼ਰਾਰਤਾਂ ਹੋਇਆ ਕਰਦੀਆਂ ਸਨ। ਇਹ ਗਾਵਾਂ ਸਭ ਸਮਝਦੀਆਂ ਸਨ। ਉਸਨੇ ਸੁਣਿਆ ਕਿ ਘਰ ਵਿਚ ਕੋਈ ਬੀਮਾਰ ਹੁੰਦਾ ਸੀ ਤਾਂ ਖਾਣਾ ਛੱਡ ਦਿੰਦੀਆਂ ਸੀ ਤੇ ਵਰਤ ਰੱਖਦੀਆਂ ਸੀ। ਕਿਸੇ ਦੀ ਮੌਤ ਜਾਂ ਕੋਈ ਦੁਰਘਟਨਾ ਹੋ ਜਾਵੇ ਤਾਂ ਪਰਿਵਾਰ ਦੇ ਲੋਕਾਂ ਨਾਲ ਗਊਆਂ ਜਾਰ-ਜਾਰ ਹੰਝੂ ਬਹਾ ਕੇ ਰੋਂਦੀਆਂ ਸੀ।

ਗਰੀਬੀ ਜਾਂ ਕਾਲ ਵਿਚ ਉਹ ਖਾਣਾ ਨਹੀਂ ਮੰਗਦੀਆਂ ਸੀ। ਸਭ ਨਾਲ ਬਰਾਬਰ ਭੁੱਖੀਆਂ ਰਹਿੰਦੀਆਂ ਸੀ। ਬੈਲਗੱਡੀ ਵਿਚ ਬੈਠਾ ਕਿਸਾਨ ਰਾਤ ਨੂੰ ਸੌਂ ਜਾਂਦਾ ਸੀ ਪਰ ਬੈਲ ਜੰਗਲ ਤੇ ਕਸਬੇ 'ਚੋਂ ਸਹੀ ਰਾਹ ਲੱਭਦੇ ਹੋਏ ਉਸਨੂੰ ਘਰ ਤਕ ਪਹੁੰਚਾ ਦਿੰਦੇ ਸੀ। ਗਰੀਬ ਪਰਿਵਾਰ ਵਿਚ ਜੇ ਕਿਸੇ ਨਵਜੰਮੇ ਬੱਚੇ ਦੀ ਮਾਂ ਦੇ ਦੁੱਧ ਨਹੀਂ ਉਤਰਦਾ ਸੀ ਤਾਂ ਗਾਵਾਂ ਆਪਣੇ ਬੱਛੇ ਨੂੰ ਅੱਧਾ ਭੁੱਖਾ ਰੱਖ ਕੇ ਉਸ ਬੱਚੇ ਲਈ ਆਪਣਾ ਦੁੱਧ ਦਿੰਦੀਆਂ ਸੀ। ਉਹ ਸਭ ਸਮਝਦੀਆਂ ਸੀ। ਸਭ ਜਾਣਦੀਆਂ ਸੀ। ਉਨ੍ਹਾਂ ਦੀਆਂ ਯਾਦਾਂ ਹੁੰਦੀਆਂ ਸੀ। ਬੱਸ, ਸਿਰਫ ਉਹ ਬੋਲ ਨਹੀਂ ਸਕਦੀਆਂ ਸੀ। ਪਰ ਉਨ੍ਹਾਂ ਦਾ ਰੰਭਣਾ ਉਨ੍ਹਾਂ ਦੀ ਭਾਸ਼ਾ ਦੀ ਅਸਮਰਥਾ ਤੇ ਲਾਚਾਰੀ ਨੂੰ ਬਹੁਤ ਤਰਸਯੋਗ ਤਰੀਕੇ ਨਾਲ ਪ੍ਰਗਟ ਕਰਦਾ ਸੀ।

ਵਾਰੇਨ ਹੇਸਟਿੰਗਜ ਦੀ ਸਮਝ ਵਿਚ ਆ ਗਿਆ ਕਿ ਆਖਿਰ ਕਿਉਂ ਹਿੰਦੂ ਲੋਕ ਹੀ ਨਹੀਂ, ਇਥੇ ਰਹਿਣ ਵਾਲੇ ਜ਼ਿਆਦਾਤਰ ਮੁਸਲਮਾਨ ਵੀ ਬੀਫ ਨਹੀਂ ਖਾਂਦੇ। ਉਸ ਨੂੰ ਉਨ੍ਹਾਂ ਗਰੰਥਾਂ 'ਤੇ ਵਿਸ਼ਵਾਸ ਹੋਣ ਲੱਗਿਆ ਜਿਨ੍ਹਾਂ ਵਿਚ ਕਿਹਾ ਗਿਆ ਸੀ ਕਿ ਸਿਰਫ ਇਹ ਕਿਸਮਤ ਹੈ, ਜਿਸਨੇ ਕਿਸੇ ਨੂੰ ਮੂਕ ਪਸ਼ੂ ਬਣਾਇਆ ਹੋਇਆ ਹੈ। ਉਨ੍ਹਾਂ ਨੂੰ ਜੇ ਭਾਸ਼ਾ ਮਿਲ ਜਾਵੇ, ਤਾਂ ਉਹ ਗੱਲਬਾਤ ਕਰਨ ਲੱਗ ਜਾਣਗੇ, ਸਾਡੇ ਵਾਂਗੂੰ।

ਵਾਰੇਨ ਹੇਸਟਿੰਗਜ ਨੇ ਖੁਦ ਵੀ ਇਨ੍ਹਾਂ ਹਿੰਦੁਸਤਾਨੀ ਗਾਵਾ-ਬਲਦਾਂ ਨਾਲ ਦੋਸਤੀ ਕੀਤੀ। ਉਨ੍ਹਾਂ ਨੂੰ ਆਪਣੇ ਬੰਗਲੇ ਦੇ ਅਹਾਤੇ ਵਿਚ ਪਾਲਿਆ। ਉਸਨੇ ਇੰਗਲੈਂਡ ਦੇ ਆਪਣੇ ਇਕ ਪੱਕੇ ਦੋਸਤ ਮਿਸਟਰ ਇਮਹਾਫ ਨੂੰ ਇਕ ਪੱਤਰ ਲਿਖਿਆ:

"ਮੈਨੂੰ ਯਕੀਨ ਹੁੰਦਾ ਜਾ ਰਿਹਾ ਏ ਕਿ ਉਹ ਜਾਨਵਰ ਨਹੀਂ, ਗੂੰਗੇ ਮਨੁੱਖ ਨੇ ਜਿਨ੍ਹਾਂ ਦਾ ਸਰੀਰ ਕੁਝ ਅਲੱਗ ਪ੍ਰਕਾਰ ਦਾ ਏ। ਮੈਂ ਉਨ੍ਹਾਂ ਨੂੰ ਬੁਲਾਉਂਦਾ ਹਾਂ ਤਾਂ ਗਊਆਂ ਪਿਆਰ ਨਾਲ ਭਰ ਕੇ ਮੇਰੇ ਵੱਲ ਦੌੜਦੀਆਂ ਚਲੀਆਂ ਆਉਂਦੀਆਂ ਨੇ। ਉਹ ਮੈਨੂੰ ਚਟਦੀਆਂ ਨੇ। ਮੈਂ ਉਨ੍ਹਾਂ ਨੂੰ ਪਲੋਸਦਾ ਹਾਂ ਤਾਂ ਸੁੱਖ ਵਿਚ ਉਨ੍ਹਾਂ ਦੀਆਂ ਅੱਖਾਂ ਮੁੰਦ ਜਾਂਦੀਆਂ ਨੇ।

ਜਦੋਂ ਕੰਪਨੀ ਦੇ ਕੰਮ ਤੋਂ ਮੈਂ ਕਿਤੇ ਬਾਹਰ ਦੌਰੇ 'ਤੇ ਜਾਂਦਾ ਹਾਂ ਤਾਂ ਬੰਗਲੇ ਵਿਚ ਚੋਖੀ ਤੋਂ ਬਿਨਾਂ ਉਹੀ ਸਭ ਤੋਂ ਜ਼ਿਆਦਾ ਬੈਚੈਨੀ ਨਾਲ ਮੇਰਾ ਇੰਤਜਾਰ ਕਰਦੀਆਂ ਨੇ।

ਮੇਰੇ ਦੋਸਤ, ਮੈਨੂੰ ਇਨ੍ਹਾਂ ਗਾਵਾਂ-ਬਲਦਾਂ ਨੇ ਹਿੰਦੂ ਬਣਾ ਦਿੱਤਾ ਏ। ਮੈਂ ਦੇਖਿਆ ਕਿ ਇਨ੍ਹਾਂ ਪ੍ਰਾਣੀਆਂ ਵਿਚ, ਜਿਨ੍ਹਾਂ ਨੂੰ ਅਸੀਂ ਯੂਰਪ ਵਿਚ 'ਕੈਟਲ' ਕਹਿੰਦੇ ਹਾਂ, ਸਾਡੇ ਤੋਂ ਕਿਤੇ ਜ਼ਿਆਦਾ ਵਿਕਸਿਤ ਤੇ ਡੂੰਘੀ ਨੈਤਿਕ ਭਾਵਨਾ ਹੈ।

ਮੇਰੇ ਪਿਆਰੇ ਦੋਸਤ ! ਜਦੋਂ ਮੈਂ ਤੈਨੂੰ ਇਹ ਖਤ ਲਿਖ ਰਿਹਾਂ ਉਦੋਂ ਵਿਲਿਕੰਸ ਹਿੰਦੂਆਂ ਦੇ ਇਕ ਵਿਲਖਣ ਗਰੰਥ 'ਭਗਵਤ ਗੀਤਾ' ਦਾ ਸੰਸਕ੍ਰਿਤ ਤੋਂ ਅੰਗਰੇਜ਼ੀ ਵਿਚ ਅਨੁਵਾਦ ਕਰ ਰਿਹਾ ਏ। ਵਿਲੀਅਮ ਜੋਨਸ ਬੰਗਲਾ ਵਿਚ ਏਸ਼ੀਆਟਿਕ ਸੁਸਾਇਟੀ ਬਣਾਉਣ ਲਈ ਜ਼ੋਰ-ਸ਼ੋਰ ਨਾਲ ਲਗਿਆ ਹੋਇਆ ਏ। ਹਾਲਹੇਡ, ਵਰਨਾਕਯੂਲਰ ਭਾਸ਼ਾ ਵਿਚ ਪ੍ਰਿੰਟਿੰਗ ਪ੍ਰੈਸ ਲਗਾ ਰਿਹਾ ਏ।

ਤੇ ਮੈਂ ਬੰਸਰੀ ਵਜਾਉਣੀ ਸਿਖ ਰਿਹਾਂ। ਗਾਈਆਂ ਦੀ ਪੂਜਾ ਕਰਨ ਲੱਗਿਆ। ਜਿਸ ਕਮਰੇ ਵਿਚ ਮੈਂ ਸੌਂਦਾ ਹਾਂ ਉਸ ਨੂੰ ਚੋਖੀ ਨਾਂ ਦੀ ਕੁੜੀ ਗੋਹੇ ਨਾਲ ਲਿਪਦੀ ਏ। ਚੋਖੀ ਕੌਣ ਏ। ਇਹ ਮੈਂ ਬਾਅਦ ਵਿਚ ਲਿਖੂੰਗਾ।

ਹਮੇਸ਼ਾ ਤੇਰਾ-



ਵਾਰੇਨ ਹੇਸਟਿੰਗਜ

ਤੇ ਹਾਂ, ਤੈਨੂੰ ਇਹ ਜਾਣ ਕੇ ਹੈਰਾਨੀ ਹੋਵੇਗੀ ਕਿ ਅਜੇ ਤਕ ਇਸ ਦੇਸ਼ ਦਾ ਕੋਈ ਭੂਗੋਲਿਕ ਨਕਸ਼ਾ ਵੀ ਮੌਜੂਦ ਨਹੀਂ ਸੀ। ਇੰਡੀਆ ਜਾਂ ਹਿੰਦੁਸਤਾਨ ਮੌਜੂਦ ਤਾਂ ਸੀ, ਪਰ ਬਿਨਾਂ ਨਕਸ਼ੇ ਦੇ। ਤੈਨੂੰ ਇਹ ਜਾਣ ਕੇ ਖੁਸ਼ੀ ਹੋਵੇਗੀ ਕਿ ਈਸਟ ਇੰਡੀਆ ਕੰਪਨੀ ਦੇ ਬੋਰਡ ਆਫ ਡਾਇਰੈਕਟਰਸ ਦੀ ਮਰਜ਼ੀ ਦੇ ਮੁਤਾਬਿਕ ਮੈਂ ਕੈਪਟਨ ਜੇਮਸ ਰੇਨੈਲ ਨੂੰ ਬੰਗਾਲ ਤੇ ਬਿਹਾਰ ਦਾ ਸਰਵੇਖਣ ਕਰਕੇ ਇਸ ਇਲਾਕੇ ਦਾ ਨਕਸ਼ਾ ਤਿਆਰ ਕਰਨ ਦਾ ਕੰਮ ਸੌਂਪਿਆ ਸੀ। ਰੇਨੈਲ ਕਮਾਲ ਦਾ ਆਦਮੀ ਏ। ਉਸ ਨੇ ਬੰਗਾਲ ਤੇ ਬਿਹਾਰ ਹੀ ਨਹੀਂ, ਪੂਰੇ ਹਿੰਦੁਸਤਾਨ ਦਾ ਪਹਿਲਾਂ ਨਕਸ਼ਾ ਤਿਆਰ ਕਰ ਦਿੱਤਾ ਏ।

ਹੁਣ ਅਸੀਂ ਇਸ 'ਤੇ ਰਾਜ ਕਰ ਸਕਦੇ ਹਾਂ। ਕਿਉਂਜੁ ਇਸਦਾ ਨਕਸ਼ਾ ਸਾਡੇ ਕਬਜ਼ੇ ਵਿਚ ਏ।

-ਵਾਰੇਨ ਹੇਸਟਿੰਗਜ

ਉਸ ਰਾਤ ਵਾਰੇਨ ਹੇਸਟਿੰਗਜ ਨੇ ਬੇਲਾ, ਮੋਗਰਾ, ਜੂਹੀ ਤੇ ਚੰਪਾ ਦੇ ਫੁਲਾਂ ਤੇ ਗਜਰਿਆਂ ਨਾਲ ਚੋਖੀ ਨੂੰ ਸਜਾਇਆ। ਉਸਦੀਆਂ ਮੀਢੀਆਂ ਉਸੇ ਤਰ੍ਹਾਂ ਗੁੰਦੀਆਂ ਜਿਵੇਂ ਬਰਿੰਦਾਵਨ ਦੀ ਕੰਧ ਦੇ ਉਸ ਚਿੱਤਰ ਵਿਚ ਰਾਧਾ ਦੀ ਮੀਢੀ ਸੀ। ਚੋਖੀ ਦੇ ਢਿੱਡ, ਬਾਹਾਂ ਤੇ ਛਾਤੀਆਂ 'ਤੇ ਉਸਨੇ ਚੰਦਨ, ਗੇਰੂ ਤੇ ਪਲਾਸ਼ ਦੇ ਰੰਗਾਂ ਨਾਲ ਬੇਲ-ਬੂਟੇ ਤੇ ਨਿੱਕੇ-ਨਿੱਕੇ ਮੋਟਿਫ ਬਣਾਏ। ਕਾਰਨੇਲੀਆ, ਪੁਖਰਾਜ, ਨੀਲਮ ਤੇ ਮੋਤੀਆਂ ਦੀਆਂ ਮਾਲਾਵਾਂ ਤੇ ਬਾਜੂਬੰਦ ਉਸ ਨੂੰ ਪਹਿਨਾਏ। ਚਾਂਦੀ ਦੀਆਂ ਪੰਜੇਬਾਂ ਤੇ ਲੜੀਆਂ ਵਾਲਾ ਕਮਰਬੰਦ। ਕਪੂਰ ਤੇ ਘੀਉ ਦੀ ਕਾਲਿਸ ਨਾਲ ਬਣਾਇਆ ਗਿਆ ਕਾਜਲ ਤੇ ਚੰਦਨ ਦੇ ਚੂਰਨ ਦਾ ਲੇਪ।

ਉਹ ਇਕ ਅਲੌਕਿਕ ਰਾਸ ਸੀ। ਦਸਮੀ ਦਾ ਚੰਦਰਮਾ ਕੇਲੇ ਦੇ ਪੱਤਿਆਂ ਦੇ ਉਪਰੋਂ ਝਾਕ ਰਿਹਾ ਸੀ। ਰਜਨੀਗੰਧਾ ਦੀ ਮਹਿਕ ਹਵਾ ਵਿਚ ਘੁਲ ਗਈ ਸੀ।

ਬੰਤੂ ਦੂਰ ਇਕਤਾਰਾ ਵਜਾ ਕੇ ਗਾ ਰਿਹਾ ਸੀ; "ਹੋ...ਹੋ...ਹੋ...ਵਸਨ ਹਰਏਤੇਂ ਲਾਜ ਦੂਰ ਗੇਲ/ਪਿਯਕ ਕਲੇਵਰ ਅੰਬਰਜ ਭੇਲ/ਪੀਨ ਪਯੋਧਰ ਪੁਰਹਰ ਭੇਲ/ਕਰਸ ਝਪਨ ਨਵ ਪਲਲਵ ਦੇਲ...."

ਸਿਰਫ ਇਕ ਕਮਲ ਦੀ ਪੰਖੜੀ ਸੀ, ਜਿਹੜੀ ਇਕ ਬਾਰੀਕ ਰੇਸ਼ਮ ਦੇ ਧਾਗੇ ਨਾਲ ਕਮਰਬੰਦ ਦੀਆਂ ਲੜੀਆਂ ਨਾਲ ਬੰਨੀ ਹੋਈ ਚੋਖੀ ਦੇ ਦੋਵੇਂ ਪੱਟਾਂ ਵਿਚਕਾਰ ਲਟਕ ਰਹੀ ਸੀ। ਵਾਰੇਨ ਹੇਸਟਿੰਗਜ ਨੇ ਉਸ ਨੂੰ ਹਟਾਉਣ ਲਈ ਹੱਥ ਅਗੇ ਵਧਾਇਆ ਤਾਂ ਚੋਖੀ ਨੇ ਉਸਦਾ ਗੁੱਟ ਫੜ ਲਿਆ। ਵਾਰੇਨ ਹੇਸਟਿੰਗਜ ਹੱਕਾ ਬੱਕਾ ਰਹਿ ਗਿਆ। ਅਜਿਹਾ ਪਹਿਲਾਂ ਕਦੇ ਨਹੀਂ ਹੋਇਆ ਸੀ।

"ਸੁਣੋ ਮਾਲਿਕ, ਸੱਚ-ਸੱਚ ਬੋਲਣਾ। ਝੂਠ ਬਚਨ ਦੀ ਆੜ ਨਾ ਲੈਣਾ...", ਚੋਖੀ ਉਸ ਚਾਂਦਨੀ ਰਾਤ ਵਿਚ ਉਸ ਨੂੰ ਘੂਰਦੀ ਹੋਈ ਪੁੱਛ ਰਹੀ ਸੀ। ਉਸ ਦੀਆਂ ਅੱਖਾਂ ਜਿਵੇਂ ਅਚਾਨਕ ਜਿਉਂਦੀਆਂ ਹੋ ਕੇ ਚਮਕ ਰਹੀਆਂ ਸਨ..."ਕੀ ਏਹ ਗੱਲ ਸੱਚ ਏ ਕਿ ਤੁਸੀਂ ਸਾਡੇ ਮੁਲਕ ਦਾ ਕੋਈ ਨਕਸ਼ਾ ਕਾਗਜ਼ 'ਤੇ ਬਣਵਾਇਆ ਏ ?"

ਵਾਰੇਨ ਹੇਸਟਿੰਗਜ ਨੂੰ ਹਾਸਾ ਆ ਗਿਆ। "ਓਏ, ਤਾਂ ਇਸ ਵਿਚ ਅਜਿਹੀ ਕੀ ਗੱਲ ਏ, ਚੋਖੀ। ਇਹ ਤਾਂ ਜ਼ਰੂਰੀ ਸੀ। "

ਚੋਖੀ ਉਠ ਕੇ ਖੜੀ ਹੋ ਗਈ, "ਇਹ ਠੀਕ ਨਹੀਂ ਹੋਇਆ। ਸੋਚੋ ਜਿਹੜਾ ਕੰਮ ਤੁਸੀਂ ਕੀਤਾ ਕੀ ਉਹ ਪਹਿਲਾਂ ਕੋਈ ਹੋਰ ਨਹੀਂ ਕਰ ਸਕਦਾ ਸੀ ? ਸੋਚੋ, ਕਿਸੇ ਨੇ ਅਜਿਹਾ ਕਿਉਂ ਨਹੀਂ ਕੀਤਾ ?"

"ਚਲ, ਅੱਛਾ, ਤੂੰ ਹੀ ਦੱਸ ਦੇ ਕਿ ਅਜਿਹਾ ਕਿਉਂ ਨਹੀਂ ਕੀਤਾ....?" ਵਾਰੇਨ

ਹੇਸਟਿੰਗਜ ਨੇ ਉਸ ਨੂੰ ਆਪਣੇ ਵੱਲ ਖਿਚ ਲਿਆ।

"ਦੂਰ ਹਟ ਸਾਬ !" ਚੋਖੀ ਦੀ ਆਵਾਜ਼ ਬਦਲ ਗਈ ਸੀ, "ਕਿਸੇ ਨੇ ਅਜਿਹਾ ਇਸੇ ਲਈ ਨਹੀਂ ਕੀਤਾ ਕਿਉਂਜੁ ਕੋਈ ਇਸ ਮੁਲਕ ਨੂੰ ਮਿਟਾਉਣਾ ਨਹੀਂ ਚਾਹੁੰਦਾ ਸੀ। ਸਾਡੇ ਇਥੇ ਜਿਸ ਨੂੰ ਮਾਰਨਾ ਹੁੰਦਾ ਏ, ਉਸਦਾ ਬੇਸਣ ਦਾ ਪੁਤਲਾ ਬਣਾ ਕੇ ਉਸ ਨੂੰ ਤਲਵਾਰ ਨਾਲ ਕਟਦੇ ਨੇ। ਜਿਵੇਂ-ਜਿਵੇਂ ਪੁਤਲਾ ਕਟਦਾ ਜਾਂਦਾ ਏ, ਉਹ ਆਦਮੀ ਜਿਸਦਾ ਰੂਪ ਇਹ ਪੁਤਲਾ ਹੁੰਦਾ ਏ, ਉਹ ਵੀ ਕਟਦਾ ਜਾਂਦਾ ਏ। ਫੇਰ ਪੁਤਲੇ ਨੂੰ ਅੱਗ ਵਿਚ ਸੁੱਟ ਦਿੰਦੇ ਨੇ। ਭਸਮਕੁੰਡ ਵਿਚ।"

ਚੋਖੀ ਥਰ-ਥਰ ਕੰਬ ਰਹੀ ਸੀ। ਉਸ ਨੇ ਪਤਾ ਨਹੀਂ ਕਿਥੋਂ, ਲੁਕਿਆ ਹੋਇਆ ਖੰਜਰ ਕੱਢਿਆ। "ਦੇਖ, ਮੈਂ ਇਹ ਤੈਨੂੰ ਮਾਰਨ ਲਈ ਲਿਆਈ ਸੀ।" ਉਹ ਰੋ ਰਹੀ ਸੀ। "ਇਸ ਲਈ ਨਹੀਂ ਮਾਰ ਸਕਦੀ ਕਿ ਤੈਨੂੰ ਮੈਂ ਆਪਣਾ ਮਰਦ ਮੰਨ ਲਿਆ ਏ। ਮੈਂ ਤੈਨੂੰ ਭੋਗਿਆ ਏ। ਰਜ ਕੇ ਤੇਰੇ ਰਸ ਨੂੰ ਪੀਤਾ ਏ। ਮੈਂ ਚਾਹਾਂ ਤਾਂ ਬੇਸਣ ਦਾ ਪੁਤਲਾ ਬਣਾ ਕੇ ਮੰਤਰ ਨਾਲ ਤੈਨੂੰ ਮਾਰ ਸਕਦੀ ਹਾਂ। ਪਰ ਤੂੰ ਜਿੰਦਾ ਰਹਿ, ਸਾਬ", ਚੋਖੀ ਉਸ ਤੋਂ ਖਿਸਕ ਕੇ ਦੂਰ ਖੜੀ ਹੋ ਗਈ, "ਬੰਤੂ ਨੂੰ, ਅਬਦੁਲ ਕਾਦਿਰ ਨੂੰ, ਮੈਨੂੰ ਸਭ ਪਤਾ ਏ ਕਿ ਤੁਸੀਂ ਫਿਰੰਗੀ ਲੋਕ ਉਸ ਕਾਗਜ਼ 'ਤੇ ਘੋੜਾ ਭਜਾਉਗੇ, ਉਸ ਨੂੰ ਬੰਦੂਕ ਨਾਲ ਮਾਰੋਗੇ, ਉਸਨੂੰ ਪਿੰਜਰੇ ਵਿਚ ਪਾਓਗੇ, ਉਸ ਨੂੰ ਚੂਸ-ਚੂਸ ਕੇ ਖਾਓਗੇ ਤੇ ਜਦੋਂ ਤੁਸੀਂ ਇਥੋਂ ਜਾਓਗੇ ਤਾਂ ਉਹ ਨਕਸ਼ਾ ਕਿਸੇ ਆਪਣੇ ਗੁਲਾਮ ਨੂੰ ਸੌਂਪ ਦੇਓਗੇ।"

ਵਾਰੇਨ ਹੇਸਟਿੰਗਜ ਦੇ ਸਰੀਰ ਦੇ ਰੌਂਗਟੇ ਡਰ ਦੇ ਮਾਰਿਆਂ ਖੜੇ ਹੋਣ ਲੱਗ ਪਏ ਸੀ। ਚੋਖੀ ਰਾਧਾ ਨਹੀਂ ਸੀ। ਉਹ ਸ਼ੇਰ 'ਤੇ ਬੈਠੀ ਹੋਈ ਉਹ ਦੂਸਰੀ ਔਰਤ ਸੀ ਜਿਸਦੇ ਹੱਥ ਵਿਚ ਕਿਸੇ ਡਰਾਉਣੇ ਪੁਰਸ਼ ਦਾ ਕਟਿਆ ਹੋਇਆ ਸਿਰ ਹੁੰਦਾ ਸੀ, ਜਿਸਦੇ ਚਿੱਤਰ ਤੇ ਮੂਰਤੀਆਂ ਉਹ ਅਕਸਰ ਦੇਖਦਾ ਰਹਿੰਦਾ ਸੀ।

"ਸੁਣ ਸਾਹਬ ਮੈਂ ਸਮਝਦੀ ਸੀ ਸਭ ਕੁਝ। ਜਦੋਂ ਤੂੰ ਉਸ ਅੰਗਰੇਜ਼ ਤੋਂ ਮੇਰੀ ਤਸਵੀਰ ਬਣਵਾਉਂਦਾ ਸੀ ਉਦੋਂ ਵੀ ਮੇਰੇ ਅੰਦਰੋਂ ਕੋਈ ਆਵਾਜ਼ ਆਉਂਦੀ ਸੀ ਕਿ ਅਜਿਹਾ ਤੂੰ ਤਾਂ ਕਰ ਰਿਹਾ ਹੈ ਕਿ ਤੂੰ ਮੈਨੂੰ ਮਿਟਾਉਣਾ ਚਾਹੁੰਦਾ ਏਂ। ਜਦੋਂ ਤੂੰ ਆਪਣੀ ਨਸਲ ਦੀ ਗੋਰੀ ਫਿਰੰਗਨ ਨਾਲ ਵਿਆਹ ਕਰ ਲਿਆ ਤਾਂ ਮੇਰਾ ਸ਼ੱਕ ਪੱਕਾ ਹੋ ਗਿਆ। ਤੂੰ ਜਿਵੇਂ ਆਪਣੀ ਨਸਲ ਵੱਲ ਮੁੜਿਆ ਏਂ ਉਸੇ ਤਰ੍ਹਾਂ ਹੀ ਆਪਣੇ ਵਤਨ ਵਿਚ ਵੀ ਮੁੜ ਜਾਊਂਗਾ। ਤੂੰ ਇਥੇ ਦਾ ਨਹੀਂ ਵੇ, ਤੂੰ ਫਿਰੰਗੀ ਏ, ਫਿਰੰਗੀ।"

ਚੋਖੀ ਨੇ ਚੀਕਦਿਆਂ ਹੋਇਆਂ ਕਿਹਾ,"ਦੇਖ ਇਸ ਖੰਜਰ ਨਾਲ ਕੌਣ ਮਰ ਰਿਹਾ ਏ ? ਮਰ ਰਿਹਾ ਏ ਤੇਰਾ ਬੀਜ ਜਿਹੜਾ ਮੇਰੇ ਪੇਟ ਵਿਚ ਏ। ਉਸ ਰਾਤ ਮੈਂ ਘੁੰਘਚੀ ਪਾਉਣੀ ਭੁੱਲ ਗਈ ਤੇ ਏਹ ਆ ਗਿਆ।"

ਵਾਰੇਨ ਹੇਸਟਿੰਗਜ ਨੇ ਕੰਬਦਿਆਂ ਹੋਇਆਂ ਡੂੰਘੇ ਸਦਮੇ ਦੀ ਹਾਲਤ ਵਿਚ ਦੇਖਿਆ ਕਿ ਚੋਖੀ ਨੇ ਖੰਜਰ ਆਪਣੇ ਪੇਟ ਵਿਚ ਖੋਬ ਲਿਆ। ਦਸਮੀ ਦਾ ਚੰਦਰਮਾ ਖੂਨ ਦੇ ਫੁਹਾਰੇ ਨਾਲ ਨਹਾ ਉਠਿਆ। ਇਕ ਅਮਨੁੱਖੀ ਚੀਕ ਪੈਦਾ ਹੋਈ। ਫੇਰ ਸਭ ਕੁਝ ਸ਼ਾਂਤ ਹੋ ਗਿਆ। ਵਾਰੇਨ ਹੇਸਟਿੰਗਜ ਚੋਖੀ ਨੂੰ ਚੁੱਕਣ ਲਈ ਅੱਗੇ ਵਧਿਆ ਤਾਂ ਉਸਨੇ ਦੇਖਿਆ ਕਿ ਉਥੇ ਕੁਝ ਵੀ ਨਹੀਂ ਹੈ। ਸਿਰਫ ਕਨੇਰ ਦੀਆਂ ਟਹਿਣੀਆਂ ਹਨ, ਜਿਹੜੀਆਂ ਚਾਂਦਨੀ ਰਾਤ ਦੇ ਧੁੰਦਲਕੇ ਵਿਚ, ਕਿਸੇ ਅਗਿਆਤ ਹਵਾ ਦੀ ਛੋਹ ਨਾਲ ਹੌਲੀ-ਹੌਲੀ ਹਿਲ ਰਹੀਆਂ ਹਨ।

ਇਤਿਹਾਸ ਵਿਚ ਬੰਗਾਲ ਦੇ ਨਵਾਬ ਸਿਰਾਜੁਉਦੌਲਾ ਦੇ ਵਫਾਦਾਰ ਸਿਪਾਸਲਾਰ ਮੋਹਨ ਲਾਲ ਦੀ ਧੀ ਚੋਖੀ ਹੁਣ ਸਿਰਫ ਜਾਨ ਜੋਫੇਨੀ ਰਾਹੀਂ ਬਣਾਏ ਗਏ ਉਸ ਚਿੱਤਰ ਵਿਚ ਮੌਜੂਦ ਹੈ ਜਿਹੜਾ ਕੱਲਕਤੇ ਦੇ ਵਿਕਟੋਰੀਆ ਮੇਮੋਰੀਅਲ ਵਿਚ ਪਿਆ ਹੈ। ਉਹ ਵਾਰੇਨ



ਹੇਸਟਿੰਗਜ ਦੀ ਪਤਨੀ ਦੇ ਪਿੱਛੇ ਖੜੀ ਹੈ ਤੇ ਉਸਦੇ ਹੱਥ ਵਿਚ ਉਸਦਾ ਹੈਟ ਹੈ।

ਕਹਾਵਤ ਹੈ ਕਿ 'ਪੁਰਸ਼ ਬਲੀ ਨਹੀਂ ਹੁੰਦਾ ਹੈ', 'ਸਮਾਂ ਬਲਵਾਨ ਹੁੰਦਾ ਹੈ।' ਤਾਂ, ਹਰ ਕਹਾਣੀ ਦੇ ਅੰਤ ਵਿਚ ਸਮਾਂ ਹੀ ਬਚਦਾ ਹੈ। ਇਸੇ ਲਈ ਹਰ ਕਥਾ ਸਮੇਂ ਦੀ ਹੀ ਕਹਾਣੀ ਹੁੰਦੀ ਹੈ। ਤਾਂ, ਵਾਰੇਨ ਹੇਸਟਿੰਗਜ ਨਾਲ ਵੀ ਅਜਿਹਾ ਹੀ ਹੋਇਆ।

ਵਕਤ ਗੁਜਰਨ ਨਾਲ-ਨਾਲ ਉਹ ਗੰਜਾ, ਬੁੱਢਾ ਤੇ ਮਾਮੂਲੀ ਫਿਰੰਗੀ ਬਣਦਾ ਚਲਿਆ ਗਿਆ। ਚੋਖੀ ਦੇ ਨਾ ਰਹਿਣ ਨਾਲ ਉਸਦੇ ਸੁਪਨਿਆਂ ਦੀ ਦੁਨੀਆਂ ਦਾ ਅੰਤ ਹੋ ਗਿਆ, ਜ਼ਿੰਦਗੀ ਵਿਚ ਕੋਈ ਫੈਂਟੇਸੀ ਨਾ ਰਹੀ।

ਜਦੋਂ ਕਿਸੇ ਮਨੁੱਖ ਕੋਲ ਸੁਪਨੇ ਨਾ ਰਹਿ ਜਾਣ, ਫੈਟੇਸੀ ਨਾ ਰਹੇ ਤੇ ਮਿਥਾਂ ਨਸ਼ਟ ਹੋ ਜਾਣ ਤਾਂ ਉਹ ਘਨਘੋਰ ਵਿਹਾਰਕ ਯਥਾਰਥਵਾਦੀ ਆਦਮੀ ਦੇ ਰੂਪ ਵਿਚ ਬਚਿਆ ਰਹਿ ਜਾਂਦਾ ਹੈ। ਸਮਿਰਤੀਹੀਣ, ਅਧਿਆਤਮਹੀਣ, ਸੁਪਨਾ ਸ਼ੁਨ, ਆਦਰਸ਼ਹੀਣ, ਸਪਾਟ, ਚੌਕੋਰ, ਦੁਨੀਆਦਾਰ, ਤਿਕੜਮੀ, ਘਟੀਆ ਆਦਮੀ।

ਇਸ ਤਰ੍ਹਾਂ, ਠੀਕ ਇਹੀ ਗੱਲ ਸਮਾਜ ਤੇ ਲੋਕਾਂ 'ਤੇ ਵੀ ਲਾਗੂ ਹੁੰਦੀ ਹੈ। ਗੀਤਾ ਵਿਚ ਅਰਜੁਨ ਕ੍ਰਿਸ਼ਨ ਨੂੰ ਕਹਿੰਦਾ ਹੈ: "ਅਹੋ ਬਤ ਮਹਤਪਾਪੰ ਕਰਤ ਵਯਵਸਿਤਾ ਵਯਮ/ ਯਦਾਜਯਸੁਖਲੋਭੇਨ ਹੰਤੁ ਸਵਜਨਮੁਛਾਤਾ:" ਕੇਹੀ ਹੈਰਾਨੀ ਹੈ ਕਿ ਸੱਤਾ ਸੁੱਖ ਦੇ ਲੋਭ ਵਿਚ ਅਸੀਂ ਆਪਣੇ ਹੀ ਲੋਕਾਂ ਦੀ ਹੱਤਿਆ ਕਰਨ ਦੇ ਘ੍ਰਿਣਤ ਪਾਪ ਕਰਨ ਵਿਚ ਉਤਾਵਲੇ ਹੋ ਰਹੇ ਹਾਂ)

ਪਰ ਇਹ ਵੀ ਨਿਯਮ ਹੈ ਕਿ ਸੱਤਾ ਭ੍ਰਿਸ਼ਟ ਕਰਦੀ ਹੀ ਹੈ ਖਾਸ ਤੌਰ 'ਤੇ ਜਦੋਂ ਸੱਤਾ ਵਿਚ ਕੋਈ ਮਹਾਨ ਸੁਪਨਾ, ਫੈਟੇਸੀ, ਯੂਟੋਪੀਆ, ਮਿਥ ਜਾਂ ਕੋਈ ਵਿਰਾਟ ਦਰਸ਼ਨ ਨਾ ਜੁੜਿਆ ਹੋਵੇ।

ਵਾਰੇਨ ਹੇਸਟਿੰਗ ਜਿਵੇਂ-ਜਿਵੇਂ ਬੁੱਢਾ ਤੇ ਗੰਜਾ ਹੁੰਦਾ ਜਾ ਰਿਹਾ ਸੀ ਜਿਵੇਂ-ਜਿਵੇਂ ਉਸਦੇ ਸਰੀਰ ਦੀਆਂ ਇੰਦਰੀਆਂ ਢਿੱਲੀਆਂ ਤੇ ਕਮਜ਼ੋਰ ਹੁੰਦੀਆਂ ਜਾ ਰਹੀਆਂ ਸੀ, ਜਿਵੇਂ-ਜਿਵੇਂ ਉਸਦਾ ਮੱਥਾ ਸੁਪਨਿਆਂ ਤੇ ਵਿਚਾਰਾਂ ਦੇ ਸੰਸਾਰ ਵਿਚ ਵਿਚਰਨ ਦੇ ਅਯੋਗ ਹੁੰਦਾ ਜਾ ਰਿਹਾ ਸੀ। ਉਹ ਲੋਭ, ਲਾਲਚ, ਤਿਕੜਮ, ਸਾਜਿਸ਼ ਤੇ ਕਾਮੁਕਤਾ ਤੇ ਲਾਲਸਾਵਾਂ ਦੇ ਅਟੱਲ ਜੰਜਾਲ ਵਿਚ ਫਸਦਾ ਚਲਿਆ ਜਾ ਰਿਹਾ ਸੀ।

× × ×

ਵਾਰੇਨ ਹੇਸਟਿੰਗਜ ਦੀ ਪਤਨੀ ਉਸ ਇੰਗਲੈਂਡ ਤੋਂ ਆਈ ਸੀ, ਜਿਥੇ ਉਦਯੋਗਿਕ ਕ੍ਰਾਂਤੀ ਹੋ ਚੁੱਕੀ ਸੀ। ਉਥੇ ਟਕਨੌਲਾਜੀ ਤੇ ਵਿਗਿਆਨ ਦੇ ਵਿਕਾਸ ਨੇ ਕਾਰਖਾਨੇ ਤੇ ਮਸ਼ੀਨਾਂ ਦਾ ਇਕ ਅਜਿਹਾ ਨਵਾਂ ਯੁੱਗ ਪੈਦਾ ਕਰ ਦਿੱਤਾ ਸੀ, ਜਿਨ੍ਹਾਂ ਦੇ ਉਤਪਾਦਾਂ ਦੀ ਖਪਤ ਦੇ ਲਈ ਨਵੇਂ-ਨਵੇਂ ਬਾਜ਼ਾਰਾਂ ਦੀ ਭਾਲ ਜ਼ਰੂਰੀ ਸੀ। ਉਥੇ ਦਾ ਅਟਲਾਂਟਿਕ ਸਾਗਰ ਵਪਾਰੀਆਂ, ਉਤਪਾਦਨਾਂ ਤੇ ਫ਼ੌਜੀਆਂ ਦੇ ਲੱਦੇ ਜਹਾਜ਼ਾਂ ਨਾਲ ਭਰਿਆ ਪਿਆ ਸੀ। ਵਣਿਜ ਕਰਾਂਤੀ ਨੇ ਬੀਮਾ, ਸ਼ੇਅਰ ਬਾਜ਼ਾਰ, ਬੈਂਕ ਪ੍ਰਣਾਲੀ ਤੇ ਸਟਾਕ ਐਕਸਚੇਜ ਨੂੰ ਜਿੰਨਾ ਵਿਕਸਿਤ ਕਰ ਦਿੱਤਾ ਸੀ, ਉਸਦੇ ਲਈ ਯੂਰਪ ਬਹੁਤ ਛੋਟਾ ਪੈ ਰਿਹਾ ਸੀ। ਉਥੇ ਅਜਿਹੀ ਪੂੰਜੀ ਪੈਦਾ ਹੋ ਗਈ ਸੀ, ਜਿਸ ਨੂੰ ਸਾਰੀ ਦੁਨੀਆਂ ਦਾ ਸਾਮਰਾਜ ਚਾਹੀਦਾ ਸੀ। ਇੰਨਾ ਵੱਡਾ ਸਾਮਰਾਜ ਜਿਸ ਵਿਚ ਕਦੇ ਸੂਰਜ ਨਾ ਡੁੱਬੇ।

ਵਾਰੇਨ ਹੇਸਟਿੰਗਜ ਦੀ ਪਤਨੀ ਉਸੇ ਇੰਗਲੈਂਡ ਤੋਂ ਆਈ ਸੀ। ਇਹ ਉਸੇ ਜਾਤੀ ਦੀ ਸੀ ਜਿਹੜੀ ਸਾਰੀ ਦੁਨੀਆਂ ਨੂੰ ਪਹਿਲਾਂ ਆਪਣਾ ਬਾਜ਼ਾਰ, ਫਿਰ ਆਪਣਾ ਸਾਮਰਾਜ ਬਣਾ ਲੈਣਾ ਚਾਹੁੰਦੀ ਸੀ। ਉਹ ਕਿਵੇਂ ਬਰਦਾਸ਼ਤ ਕਰਦੀ ਕਿ ਉਸਦਾ ਪਤੀ ਜਿਸ ਨੂੰ ਈਸਟ ਇੰਡੀਆ ਕੰਪਨੀ ਦੇ ਡਾਇਰੈਕਟਰਸ ਨੇ ਵੀ ਇੰਨਾ ਯੋਗ ਮੰਨਿਆ ਸੀ ਕਿ ਉਸ ਨੂੰ ਹਿੰਦੁਸਤਾਨ

ਦਾ ਗਵਰਨਰ ਜਨਰਲ ਬਣਾ ਦਿੱਤਾ ਸੀ, ਇਨ੍ਹਾਂ ਕਾਲੇ-ਕਲੂਟੇ, ਟੇਡੇ-ਮੇਢੇ, ਅਰਧ ਇਤਿਹਾਸਕ ਕਿਸਮ ਦੇ ਲੋਕਾਂ ਦੇ ਜਾਦੂ ਵਿਚ ਫਸ ਕੇ ਚੀਥੜੇ ਪਹਿਨ ਲਵੇ, ਨਟਨੀਆਂ ਤੇ ਬੇੜਨੀਆਂ ਦੇ ਪਿਛੇ ਭਟਕਦਾ ਫਿਰੇ, ਗਊ-ਬਲਦ ਚਰਾਵੇ ਤੇ ਕਿਸੇ ਅੱਧਪਾਗਲ ਨਾਚਾਰ ਦੀ ਤਰ੍ਹਾਂ ਬਗੀਚੇ ਵਿਚ ਅੱਧੀ ਰਾਤ ਤਕ ਬੰਸਰੀ ਵਜਾਵੇ, ਹੱਦ ਹੈ। ਇਸ ਨੂੰ ਠੀਕ ਕਰਨਾ ਹੋਵੇਗਾ। ਉਸਦੀ ਪਤਨੀ ਨੇ ਫੈਸਲਾ ਕੀਤਾ।

ਉਸਨੇ ਉਸਦਾ ਟਾਈਮ ਟੇਬਲ ਬਣਾਇਆ। ਬਹੁ ਨਾਸ਼ਤਾ, ਲੰਚ, ਡਿਨਰ ਤੇ ਬੈੱਡ ਵਿਚ ਜਾਣ ਦਾ ਨਿਸ਼ਚਿਤ ਕਰਮ ਨਿਰਧਾਰਤ ਕੀਤਾ। ਉਸਦੇ ਮਨੋਰੰਜਨ ਤੇ ਦਿਲਪਰਚਾਵੇ ਲਈ ਸ਼੍ਰੇਸ਼ਠ ਯੂਰਪੀਨ ਜਾਂ ਹਿੰਦੁਸਤਾਨੀ ਨਵਾਬਾਂ ਤੇ ਰਾਜਿਆਂ ਦੇ ਦਰਬਾਰਾਂ ਦੇ ਕੁਸ਼ਲ ਕਲਾਕਾਰਾਂ ਦੇ ਸਮਾਗਮ ਕਰਵਾਉਣੇ ਸ਼ੁਰੂ ਕੀਤੇ। ਉਸ ਨੇ ਵਾਰੇਨ ਹੇਸਟਿੰਗਜ ਨੂੰ ਸਮਝਾਇਆ ਕਿ ਤੁਸੀਂ ਜਿਸ ਜਾਤੀ ਤੇ ਜਿਸ ਦੇਸ਼ ਦੇ ਹੋ, ਉਹ ਇਕ ਜੇਤੂ ਦੇਸ਼ ਹੈ, ਉਹ ਭਵਿੱਖ ਦਾ ਦੇਸ਼ ਹੈ। ਤੁਸੀਂ ਇਸ ਨਿਹਾਇਤ ਪਿਛੜੇ ਆਦਿਮ, ਸੱਪਾਂ-ਮੱਛਰਾਂ ਤੇ ਜੰਗਲੀ ਜਾਨਵਰਾਂ ਨਾਲ ਭਰੇ, ਧੂੜ ਤੇ ਗਰਮੀ ਨਾਲ ਬੂ ਮਾਰਦੇ ਗੰਦੇ ਦੇਸ਼ ਦੇ ਅੰਧਵਿਸ਼ਵਾਸਾਂ ਤੇ ਜਾਦੂ-ਟੂਣਿਆਂ ਦੀ ਹਨੇਰੀ ਗੁਫਾ ਵਿਚ ਕਿਉਂ ਭਟਕਦੇ ਰਹਿੰਦੇ ਹੋ।

ਵਾਰੇਨ ਹੇਸਟਿੰਗਜ ਨੂੰ ਉਸਦੀ ਪਤਨੀ ਨੇ ਕਿਹਾ, "ਤੁਹਾਨੂੰ ਸ਼ਰਮ ਆਉਣੀ ਚਾਹੀਦੀ ਏ, ਇੰਗਲੈਂਡ ਤੋਂ ਇਥੇ ਆਉਣ ਵਾਲੇ ਕੰਪਨੀ ਦੇ ਛੋਟੇ-ਮੋਟੇ ਕਰਮਚਾਰੀ, ਲੌਂਡੇ-ਲਪਾੜੀ ਤੇ ਲੁੰਪਨ, ਉਚੱਕੇ ਤੱਕ ਇਥੋਂ ਲੱਖਾਂ-ਕਰੋੜਾਂ ਦੀ ਕਮਾਈ ਕਰਕੇ ਚਲੇ ਜਾਂਦੇ ਨੇ ਤੇ ਤੁਸੀਂ ਇਥੇ ਭ੍ਰਿਸ਼ਟਾਚਾਰ ਹਟਾਉਣ, ਗਊ-ਹੱਤਿਆ ਬੰਦ ਕਰਾਉਣ, ਅਕਾਲਪੀੜਤਾਂ ਦੀ ਮੱਦਦ ਲਈ ਗ੍ਰੇਨ ਗੋਲਾ (ਖੁਰਾਕੀ ਪੈਕਿਟ) ਬਣਵਾਉਣ ਜਿਹੇ ਬੇਹੂਦਾ ਤੇ ਫਾਲਤੂ ਕੰਮਾਂ ਵਿਚ ਲਗੇ ਹੋਏ ਹੋ। ਕੀ ਜ਼ਰੂਰਤ ਏ ਤੁਹਾਨੂੰ ਵਰਨਾਕਲੁਰ ਪ੍ਰੈੱਸ ਦੀ। ਬੁੱਢੇ ਹੋ ਰਹੇ ਹੋ, ਮਰ ਜਾਵੋਗੇ ਕੰਗਾਲ ਦੇ ਕੰਗਾਲ। ਮੈਂ ਜਦੋਂ ਇੰਗਲੈਂਡ ਜਾਊਂਗੀ ਤਾਂ ਉਥੇ ਕਿਸ ਨੂੰ ਕੀ ਮੂੰਹ ਦਿਖਾਊਂਗੀ। ਤੁਹਾਨੂੰ ਪਤਾ ਏ ਉਥੇ ਦਾ ਜੀਵਨ ਪੱਧਰ ਕਿੰਨਾ ਉਪਰ ਉਠ ਗਿਆ ਏ? ਹਰ ਐਰੇ-ਗੈਰੇ ਕੋਲ ਬੰਗਲਾ-ਕੋਠੀ ਤੇ ਬੱਘੀ ਏ। ਨੌਕਰ-ਚਾਕਰ ਨੇ। ਲੱਖਾਂ ਰੁਪੈ ਬੈਂਕ ਵਿਚ ਜਮ੍ਹਾ ਨੇ। ਹੁਣ ਵੀ ਵਕਤ ਏ, ਹੋਸ਼ ਵਿਚ ਆ ਜਾਓ।"

× × ×

ਉਹ ਤਾਂ ਇਤਿਹਾਸ ਹੀ ਦੱਸਦਾ ਹੈ ਕਿ ਵਾਰੇਨ ਹੇਸਟਿੰਗਜ ਨੇ ਕੀ-ਕੀ ਕਾਰਨਾਮੇ ਇਥੇ ਕੀਤੇ, ਇਕ ਪਾਸੇ ਉਹ ਹਿੰਦੂਤਵ ਦੀ ਗੱਲ ਕਰਦਾ ਸੀ, ਦੂਜੇ ਪਾਸੇ ਰਿਸ਼ਵਤ, ਕਮੀਸ਼ਨ ਤੇ ਭ੍ਰਿਸ਼ਟਚਾਰ ਨਾਲ ਆਪਣੀ ਤਿਜੌਰੀ ਭਰਦਾ ਸੀ। ਉਸਨੇ ਅਵਧ ਦੇ ਨਵਾਬ ਤੋਂ ਦਸ ਲੱਖ ਰੁਪੈ ਰਿਸ਼ਵਤ ਵਿਚ ਲਏ। ਬਨਾਰਸ ਦੇ ਰਾਜਾ ਚੇਤ ਸਿੰਘ ਤੋਂ ਉਸ ਨੇ ਇੰਨੇ ਰੁਪੈ ਰਿਸ਼ਵਤ ਤੇ ਜੁਰਮਾਨੇ ਦੇ ਰੂਪ ਵਿਚ ਹਾਸਿਲ ਕੀਤੇ ਕਿ ਉਹ ਡਰ ਦੇ ਮਾਰੇ ਬਨਾਰਸ ਛੱਡ ਕੇ ਭੱਜ ਗਿਆ। ਇਕ ਪਾਸੇ ਉਹ ਗੀਤਾ ਤੇ ਪੁਰਾਣਾਂ ਦਾ ਅਨੁਵਾਦ ਕਰਵਾਉਂਦਾ ਸੀ, ਅਰਬੀ-ਫਾਰਸੀ ਤੇ ਬੰਗਲਾ ਬੋਲ ਕੇ ਆਪਣੇ ਵਿਦਵਾਨ ਹੋਣ ਦੀ ਧਾਂਕ ਜਮਾਉਂਦਾ ਸੀ, ਦੂਜੇ ਪਾਸੇ ਉਸਨੇ ਆਪਣੀ ਫ਼ੌਜ ਭੇਜ ਕੇ ਨਿਰਦੋਸ਼ ਰੁਹੇਲਾ ਦਾ ਕਤਲੇਆਮ ਕਰਵਾਇਆ। ਸੈਂਕੜੇ ਰੁਹੇਲ ਔਰਤਾਂ ਉਸਦੀ ਫ਼ੌਜ ਰਾਹੀਂ ਬਲਾਤਕਾਰ ਦਾ ਸ਼ਿਕਾਰ ਹੋਈਆਂ। ਬੱਚਿਆ ਨੂੰ ਵੀ ਮਾਰ ਦਿੱਤਾ ਗਿਆ।

ਬੰਗਾਲ ਦੇ ਇਕ ਸਿੱਧੇ-ਸਾਧੇ ਬ੍ਰਾਹਮਣ ਨੰਦ ਕੁਮਾਰ ਨੇ ਜਦੋਂ ਵਾਰੇਨ ਹੇਸਟਿੰਗਜ ਰਾਹੀਂ ਮੀਰ ਜਾਫਰ ਦੀ ਵਿਧਵਾ ਬੇਗਮ ਤੋਂ ਸਾਢੇ ਤਿੰਨ ਲੱਖ ਰੁਪਏ ਦੀ ਰਿਸ਼ਵਤ ਲੈਣ ਦੇ ਦਸਤਾਵੇਜੀ ਸਬੂਤ ਈਸਟ ਇੰਡੀਆ ਕੰਪਨੀ ਦੇ ਉੱਚ ਅਧਿਕਾਰੀਆਂ ਦੇ ਸਾਹਮਣੇ ਪੇਸ਼ ਕਰਦਿਆਂ ਹੋਇਆਂ ਦੋਸ਼ ਲਾਇਆ ਤਾਂ ਨੰਦਕੁਮਾਰ ਨੂੰ ਜਾਲਸਾਜੀ ਦੇ ਝੂਠੇ ਮੁਕੱਦਮੇ ਵਿਚ ਫਸਾ ਕੇ ਉਸ ਨੂੰ ਫਾਂਸੀ 'ਤੇ ਲਟਕਾ ਦਿੱਤਾ।



ਵਾਰੇਨ ਹੇਸਟਿੰਗਜ ਨੇ ਅਦਾਲਤਾਂ ਵਿਚ ਆਪਣੇ ਭਰੋਸੇ ਦੇ ਜੱਜ ਲਾ ਕੇ ਉਨ੍ਹਾਂ ਤੋਂ ਮਨਚਾਹੇ ਫੈਸਲੇ ਕਰਵਾਏ, ਇੰਪੇ ਨਾਂ ਦਾ ਜੱਜ ਮਸ਼ਹੂਰ ਸੀ, ਜਿਸਨੇ ਨਿਰਦੋਸ਼ ਬ੍ਰਾਹਮਣ ਨੰਦ ਕੁਮਾਰ ਨੂੰ ਫਾਂਸੀ ਦੀ ਸਜ਼ਾ ਸੁਣਾਈ।

ਵਾਰੇਨ ਹੇਸਟਿੰਗਜ ਇਕ ਅਜਿਹਾ ਗਵਰਨਰ ਜਨਰਲ ਸੀ, ਜਿਸ ਨੇ ਆਪਣੇ ਸਾਰੇ ਅਧਿਕਾਰਾਂ ਤੇ ਆਪਣੇ ਅਧੀਨ ਸਾਰੀਆਂ ਸੰਸਥਾਵਾਂ ਦਾ ਅਨੈਤਿਕ, ਮਰਿਆਦਾਹੀਣ ਤੇ ਮਨਭਾਉਂਦਾ ਦੁਰਉਪਯੋਗ ਕੀਤਾ। ਉਸਨੇ ਕੋਰਟ ਆਫ ਪਰੋਪਰਾਈਟਰਸ ਤੇ ਕੋਰਟ ਆਫ ਡਾਇਰੈਕਟਰਸ ਦੇ ਲੋਕਾਂ ਤੇ ਉਨ੍ਹਾਂ ਦੇ ਭਾਈ-ਭਤੀਜਿਆਂ 'ਤੇ ਲਗਾਤਾਰ ਆਪਣੀ ਭ੍ਰਿਸ਼ਟ ਕ੍ਰਿਪਾ ਕੀਤੀ। ਹਿੰਦੁਸਤਾਨ ਦੇ ਪ੍ਰਮੁੱਖ ਪ੍ਰਸ਼ਾਸਨਿਕ ਅਹੁਦਿਆਂ 'ਤੇ ਆਪਣੇ ਚਾਪਲੂਸਾਂ ਤੇ ਚਮਚਿਆਂ ਦੀ ਭਰਤੀ ਕੀਤੀ।

ਕਹਿਣ ਦੀ ਲੋੜ ਨਹੀਂ ਕਿ ਵਾਰੇਨ ਹੇਸਟਿੰਗਜ ਅੰਦਰ ਉਹ 'ਸੱਤਾਧਾਰੀ', 'ਵਿਵਹਾਰਿਕ' 'ਤੇ 'ਕੁਸ਼ਲ ਪ੍ਰਸ਼ਾਸਕ' ਪੈਦਾ ਹੋ ਗਿਆ ਸੀ, ਜਿਸਦੀ ਕਰੂਰਤਾ ਤੇ ਜਾਲਮਪੁਣੇ ਦੀ ਮਿਸਾਲ 1769-70 ਦੇ ਮਹਾਂਅਕਾਲ ਦੌਰਾਨ ਕਾਇਮ ਹੋਈ। ਇਸ ਅਕਾਲ ਵਿਚ ਬਿਹਾਰ ਤੇ ਬੰਗਾਲ ਦੀ ਇਕ ਤਿਹਾਈ ਆਬਾਦੀ ਮੌਤ ਦੇ ਮੂੰਹ ਵਿਚ ਸਮਾ ਗਈ। ਇਕ ਕਰੋੜ ਤੋਂ ਜ਼ਿਆਦਾ ਲੋਕ ਮਰੇ, ਜੂਨ ਦੇ ਮਹੀਨੇ ਵਿਚ ਕੰਪਨੀ ਦੇ ਅਫਸਰਾਂ ਨੇ ਵਾਰੇਨ ਹੇਸਟਿੰਗਜ ਨੂੰ ਰਿਪੋਰਟ ਦਿੱਤੀ ਕਿ ਇਹ ਆ ਕਾਲ ਇੰਨਾ ਭਿਆਨਕ ਹੈ ਕਿ ਲੋਕ ਔਰਤਾਂ ਤੇ ਬੱਚਿਆਂ ਨੂੰ ਵੇਚ ਰਹੇ ਹਨ। ਪੇਟ ਭਰਨ ਲਈ ਮੁਰਦੇ ਨੂੰ ਖਾ ਰਹੇ ਹਨ। ਮਾਰਚ ਦੇ ਮਹੀਨੇ ਵਿਚ ਚੇਚਕ ਤੇ ਦੂਸਰੀਆਂ ਮਹਾਂਮਾਰੀਆਂ ਫੈਲੀਆਂ। ਡਬਲੂ...ਡਬਲੂ.. ਹੰਟਰ ਨੇ ਲਿਖਿਆ ਕਿ ਭੁੱਖ ਨਾਲ ਮਰਨ ਵਾਲਿਆਂ ਦੀਆਂ ਇੰਨੀਆਂ ਲਾਸ਼ਾਂ ਚਾਰੇ ਪਾਸੇ ਫੈਲੀਆਂ ਹਨ ਕਿ ਕਾਂ, ਗਿਰਝਾਂ, ਕੁੱਤੇ ਤੇ ਗਿਦੜ ਤਕ ਉਨ੍ਹਾਂ ਨੂੰ ਨਹੀਂ ਖਾ ਸਕੇ ਹਨ।

ਪਰ ਹਿੰਦੁਸਤਾਨ ਦੇ ਗਵਰਨਰ ਜਨਰਲ ਵਾਰੇਨ ਹੇਸਟਿੰਗਜ ਨੇ ਇਸ ਦੌਰਾਨ ਵੀ ਲਗਾਨ ਤੇ ਦੂਸਰੇ ਕਰਾਂ ਦੀ ਜੰਮ ਕੇ ਵਸੂਲੀ ਕਰਵਾਈ। ਉਸਦੇ ਕਰਮਚਾਰੀਆਂ ਨੇ ਭੁੱਖ ਤੇ ਗਰੀਬੀ ਨਾਲ ਮਰਦੇ ਕਿਸਾਨਾਂ ਨੂੰ ਹੀ ਨਹੀਂ, ਹੀਜੜਿਆਂ ਤੇ ਰੰਡੀਆਂ ਤੋਂ ਪੈਸੇ ਵਸੂਲੇ। ਵਾਰੇਨ ਹੇਸਟਿੰਗਜ ਨੇ ਬਹੁਤ ਮਾਣ ਤੇ ਖੁਸ਼ੀ ਨਾਲ ਕੋਰਟ ਆਫ ਡਾਇਰੈਕਟਰ ਨੂੰ ਸੂਚਿਤ ਕੀਤਾ ਕਿ 'ਸਾਡੇ ਕੁਸ਼ਲ ਪ੍ਰਸ਼ਾਸਨ ਦੀ ਬਦੌਲਤ ਇਸ ਸਾਲ ਜਨਤਾ ਤੋਂ ਕਰਾਂ ਦੀ ਵਸੂਲੀ ਪਿਛਲੇ ਸਾਰੇ ਸਾਲਾਂ ਤੋਂ ਕਈ ਗੁਣਾਂ ਜ਼ਿਆਦਾ ਹੈ।"

ਉਸਦੇ ਬਚਪਨ ਦੇ ਸਾਥੀ ਬੰਤੂ ਤੇ ਪਿਆਰੇ ਖਾਨਸਾਮੇ ਅਬਦੁਲ ਕਾਦਿਰ ਦੇ ਚਿਹਰੇ ਭੈਅ ਤੇ ਡਰ ਨਾਲ ਪੀਲੇ ਪੈ ਚੁੱਕੇ ਸੀ। ਬੰਤੂ ਨੇ ਬਾਊਲ ਗੀਤ ਗਾਉਣਾ ਬੰਦ ਕਰ ਦਿੱਤਾ ਸੀ ਤੇ ਅਬਦੁਲ ਕਾਦਿਰ ਕਬਾਬ ਜਾਂ ਦਮਪੁਖਤ ਬਣਾਉਂਦਾ ਹੋਇਆ ਅਕਸਰ ਆਪਣੇ ਹੱਥ ਸਾੜ ਲੈਂਦਾ ਸੀ।

ਵਾਰੇਨ ਹੇਸਟਿੰਗਜ ਨੇ ਬੰਤੂ ਤੇ ਅਬਦੁਲ ਕਾਦਿਰ ਹੀ ਨਹੀਂ, ਆਪਣੇ ਸਾਰੇ ਜਾਣਕਾਰਾਂ ਤੇ 'ਭਰੋਸੇਮੰਦ' ਲੋਕਾਂ ਦੇ ਨਾਂ 'ਤੇ ਥਾਂ-ਥਾਂ ਬੇਨਾਮੀ ਪਲਾਟ ਖਰੀਦ ਰੱਖੇ ਸੀ। ਇਨ੍ਹਾਂ ਨਾਵਾਂ ਦੀ ਆੜ ਵਿਚ ਉਹ ਅਫੀਮ ਦਾ ਵਿਉਪਾਰ ਕਰਦਾ ਸੀ।

ਇਕ ਦਿਨ ਬੰਤੂ ਨੇ ਅਬਦੁਲ ਕਾਦਿਰ ਨੂੰ ਕਿਹਾ, "ਅਸੀਂ ਹੁਣ ਗੁਲਾਮ ਹੋ ਗਏ ਹਾਂ ਕਾਦਿਰ" ਤੇ ਉਸਨੇ ਆਪਣਾ ਇਕਤਾਰਾ ਉਦੋਂ ਤੰਦੂਰ ਵਿਚ ਧੱਕ ਦਿੱਤਾ ਜਿਸ ਵਿਚ ਗਵਰਨਰ ਜਨਰਲ ਦੇ ਲਈ ਕਬਾਬ ਬਣਦਾ ਸੀ।

ਠੀਕ ਉਸੇ ਦਿਨ ਵਾਰੇਨ ਹੇਸਟਿੰਗਜ 'ਤੇ ਉਸਦੇ ਭ੍ਰਿਸ਼ਟ, ਅਨਿਆਂਪੂਰਣ ਤੇ ਨਿਰੰਕੁਸ਼ ਕਾਰਨਾਮਿਆਂ ਨੂੰ ਲੈ ਕੇ ਇੰਗਲੈਂਡ ਵਿਚ ਇੰਮਪੀਚਮੈਂਟ ਦਾ ਮੁਕਦਮਾ ਕੀਤਾ ਗਿਆ।

× × ×

ਇੰਗਲੈਂਡ ਦੇ ਇਕ ਕਲਾਪ੍ਰੇਮੀ ਦੇ ਨਿੱਜੀ ਸੰਗ੍ਰਹਿ ਵਿਚ ਬਰਕਸ਼ਾਇਰ ਦੇ ਉਸ ਬੰਗਲੇ ਦਾ ਚਿੱਤਰ ਹੈ ਜਿਸ ਵਿਚ ਹਿੰਦੁਸਤਾਨ ਤੋਂ ਮੁੜਨ ਬਾਅਦ ਵਾਰੇਨ ਹੇਸਟਿੰਗਜ ਆਪਣੀ ਪਤਨੀ ਨਾਲ ਕਿਰਾਏ ’ਤੇ ਰਹਿੰਦਾ ਸੀ। ਇਸ ਬੰਗਲੇ ਨੂੰ ‘ਪਿਊਰਲੀ ਹਾਲ’ ਕਹਿੰਦੇ ਸੀ। ਇਸ ਵਿਚ ਉਹ ਉਸ ਦੌਰਾਨ ਰਿਹਾ ਜਦੋਂ ਉਸ ’ਤੇ ਇੰਪੀਚਮੈਂਟ ਦਾ ਮੁਕੱਦਮਾ ਚਲਦਾ ਸੀ।

ਇਹ ਚਿੱਤਰ ਕਿਸ ਕਲਾਕਾਰ ਨੇ ਬਣਾਇਆ ਹੈ। ਇਸਦਾ ਪਤਾ ਨਹੀਂ ਲੱਗਿਆ। ਚਿੱਤਰ ਵਿਚ ਬੰਗਲੇ ਸਾਹਮਣੇ ਇਕ ਲਾਨ ਹੈ, ਜਿਸ ਵਿਚ ਦੋ ਉਨ ਵਾਲੀਆਂ ਭੇਡਾਂ ਦਿਖਾਈ ਦਿੰਦੀਆਂ ਹਨ। ਵਿਚ ਇਕ ਯੂਨਾਨੀ ਮੂਰਤੀ ਹੈ। ਚਿੱਤਰ ਦੇ ਖੱਬੇ ਫ੍ਰੇਮ ਦੇ ਖੂੰਜੇ ਵਿਚ ਇਕ ਬ੍ਰਾਹਮਣੀ ਨਸਲ ਦੀ ਗਊ ਤੇ ਇਕ ਬਲਦ ਹੈ। ਬਲਦ ਬੈਠਾ ਹੋਇਆ ਹੈ ਜਦੋਂ ਕਿ ਗਊ ਖੜੀ ਹੈ।

ਚਿੱਤਰ ਵਿਚਕਾਰ ਇਕ ਅੰਗਰੇਜ਼ ਸਾਈਸ ਆਪਣੇ ਸਫੈਦ ਕੁੱਤੇ ਦੇ ਨਾਲ ਇਕ ਸ਼ਾਨਦਾਰ ਕਾਲੇ ਘੋੜੇ ਦੀ ਲਗਾਮ ਫੜੀ ਉਸ ਨੂੰ ਕਿਤੇ ਲਈ ਜਾ ਰਿਹਾ ਹੈ। ਤੁਸੀਂ ਗੌਰ ਨਾਲ ਦੇਖੋ ਤਾਂ ਲੱਗਣ ਲੱਗੇਗਾ ਕਿ ਉਹ ਘੋੜਾ ਅਗੇ ਵਧਣ ਤੋਂ ਇਨਕਾਰ ਕਰ ਰਿਹਾ ਹੈ। ਉਸਨੇ ਆਪਣੀ ਗਰਦਨ ਮੋੜ ਲਈ ਹੈ ਤੇ ਉਹ ਲਗਭਗ ਆਕੜ ਗਿਆ ਹੈ। ਸਾਈਸ ਨਾਲ ਦਾ ਵਿਲਾਇਤੀ ਕੁੱਤਾ ਜ਼ੋਰ ਨਾਲ ਗੁਰਾਇਆ ਤੇ ਭੌਂਕਦਾ ਹੋਇਆ ਚਿੱਤਰ ਦੇ ਸੱਜੇ ਫਰੇਮ ਵੱਲ ਝਪਟਾ ਮਾਰ ਰਿਹਾ ਹੈ।

ਤੇ ਚਿੱਤਰ ਦੇ ਸੱਜੇ ਖੂੰਜੇ ਵਿਚ, ਲਕੜੀ ਦੇ ਮਜਬੂਤ ਬਾੜੇ ਵਿਚ ਕੈਦ, ਲੋਹੇ ਦੇ ਸੰਗਲਾਂ ਨਾਲ ਜਕੜਿਆ ਇਕ ਰਹੱਸਮਈ ਸ਼ਕਲ ਦਾ ਕਾਲਾ, ਸਫੈਦ ਡੱਬ-ਖੜੱਬਾ ਤੇ ਉੱਚੀ ਡੀਲ ਵਾਲਾ ਸਾਨ੍ਹ ਦਿਖਾਈ ਦੇ ਰਿਹਾ ਹੈ। ਗੁੱਸੇ ਵਿਚ ਇਹ ਡਰਾਉਣਾ, ਰਹੱਸਮਈ ਸਾਨ੍ਹ ਅਹਾਤੇ ਦੀ ਕੰਧ ਵੱਲ ਆਪਣੇ ਸਿੰਗਾਂ ਨੂੰ ਤਾਣੀ ਖੜਾ ਹੈ। ਤੁਸੀਂ ਜੇ ਉਸ ਅਗਿਆਤ ਚਿੱਤਰਕਾਰ ਰਾਹੀ ਬਣਾਏ ਗਏ ‘ਪਿਊਰਲੀ ਹਾਲ’ ਬੰਗਲੇ ਦੇ ਇਸ ਚਿੱਤਰ ਨੂੰ ਦੇਰ ਤਾਈਂ ਦੇਖੋ ਤਾਂ ਤੁਹਾਨੂੰ ਸਰੀਰ ਦੇ ਅੰਦਰ ਭੈਅ ਤੇ ਉਤਸੁਕਤਾ ਦੀ ਇਕ ਅਜੀਬ ਜਿਹੀ ਝੁਣਝੁਣੀ ਪੈਦਾ ਹੋਣ ਲਗੇਗੀ।

ਤੁਹਾਡੀਆਂ ਅੱਖਾ ਚਿੱਤਰ ਦੇ ਸੱਜੇ ਹੇਠਲੇ ਖੂੰਜੇ ਤੋਂ ਇਕ ਪਲ ਲਈ ਵੀ ਨਹੀਂ ਹਟਣਗੀਆਂ। ਉਹ ਉਥੇ ਹੀ ਜੜ ਹੋ ਜਾਣਗੀਆਂ, ਜਿਥੇ ਲੋਹੇ ਦੀਆਂ ਮੋਟੀਆਂ ਜੰਜੀਰਾਂ, ਸੰਗਲਾਂ ਤੇ ਕਾਠ ਦੇ ਮਜਬੂਤ ਬਾੜੇਬੰਦੇ ਵਿਚ ਇਕ ਰਹੱਸਮਈ, ਮਸਤ ਤੇ ਗੁੱਸੇ ਵਿਚ ਬਿਫਰਦਾ ਹੋਇਆ ਸਾਨ੍ਹ ਕੈਦ ਹੈ। ਇਸੇ ਸਾਨ੍ਹ ਨੂੰ ਦੇਖ ਕੇ ਬ੍ਰਿਟੇਨ ਦਾ ਉਹ ਸ਼ਾਨਦਾਰ ਸ਼ਾਹੀ ਕਾਲਾ ਘੋੜਾ ਡਰ ਕੇ ਅੜ ਗਿਆ ਹੈ। ਕੁੱਤਾ ਉਛਲਦਾ ਹੋਇਆ ਪਰ ਡਰਿਆ ਹੋਇਆ ਭੌਂਕ ਰਿਹਾ ਹੈ। ਚਿੱਤਰ ਦੇ ਸੱਜੇ ਫਰੇਮ ਦੇ ਹੇਠਲੇ ਖੂੰਜੇ ਵਿਚ ਬ੍ਰਾਹਮਣੀ ਗਊ ਤੇ ਬਲਦ ਬਹੁਤ ਉਮੀਦ, ਬੇਨਤੀ ਤੇ ਤਰਸ ਭਰੀਆਂ ਨਜ਼ਰਾਂ ਨਾਲ ਉਸ ਸਾਨ੍ਹ ਨੂੰ ਦੇਖ ਰਹੇ ਹਨ। ਇਸ ਸਾਨ੍ਹ ਨੂੰ ਵਾਰੇਨ ਹੇਸਟਿੰਗਜ ਲਈ ਸੈਮੂਅਲ ਟਰਨਰ ਨੇ ਉਦੋਂ ਭੇਜਿਆ ਸੀ ਜਦੋਂ ਉਹ ਤਿੱਬਤ ਦੀ ਯਾਤਰਾ ’ਤੇ ਗਿਆ ਸੀ। ਉਥੋਂ ਦੇ ਲਾਮਿਆਂ ਤੋਂ ਉਸਨੇ ਕਈ ਰਹੱਸਪੂਰਣ ਪਾਂਡੂੰਲਿਪੀਆਂ ਹਾਸਿਲ ਕੀਤੀਆਂ ਸੀ।

ਪਰ ਸੈਮੂਅਲ ਟਰਨਰ ਤਿੱਬਤ ਲਾਮਿਆਂ ਦੇ ਵਿਚ ਰਹਿੰਦਾ-ਰਹਿੰਦਾ ਮਿਰਗੀ ਦਾ ਮਰੀਜ ਹੋ ਗਿਆ ਸੀ। ਉਸਨੂੰ ਰਾਤ ਨੂੰ ਡਰਾਉਣੇ ਸੁਪਨੇ ਆਉਂਦੇ ਸੀ। ਹਿਮਾਲਿਆ ਦੀਆਂ ਸਫੈਦ ਤੇ ਨੀਲੀਆਂ ਚੋਟੀਆਂ ਵੱਲੋਂ, ਬਰਫ ਤੇ ਬਦਲਾਂ ਨੂੰ ਹਟਾਉਂਦਾ ਇਕ ਕਾਲਾ ਸਾਨ੍ਹ ਉਸਨੂੰ ਆਪਣੇ ਵੱਲ ਦੌੜਦਾ ਦਿਖਾਈ ਦਿੰਦਾ ਸੀ।

ਜਦੋਂ ਉਹ ਸਾਨ੍ਹ ਸੁਪਨੇ ਵਿੱਚ ਟਰਨਰ ਵੱਲ ਦੌੜਦਾ ਤਾਂ ਉਸਦੀਆਂ ਨਾਸਾਂ ’ਚੋ ਨੀਲੀ ਅੱਗ ਨਿਕਲਣ ਲੱਗਦੀ, ਜਿਹੜੀ ਬੇਗਿਣਤ ਜ਼ਹਿਰੀਲੇ ਸੱਪਾਂ ਦੇ ਜ਼ਹਿਰ ਨਾਲ ਭਰੀ ਹੁੰਦੀ।



ਟਰਨਰ ਨੂੰ ਲੱਗਣ ਲੱਗਿਆ ਕਿ ਉਹ ਕਦੇ ਤਿਬਤ ਤੋਂ ਵਾਪਸ ਨਹੀਂ ਮੁੜ ਸਕੇਗਾ। ਇਥੇ ਕਿਤੇ ਬਰਫ ਵਿਚ ਉਹ ਹਮੇਸ਼ਾ ਲਈ ਦਫਨ ਹੋ ਜਾਵੇਗਾ। ਪਰ ਉਸ ਨੂੰ ਲੱਗਦਾ ਸੀ ਕਿ ਉਸਦੇ ਮਰਨ ਮਗਰੋਂ ਵੀ, ਉਸਦੀ ਮੌਤ ਦੇ ਅੰਦਰ ਉਹ ਡਰਾਉਣਾ ਸਾਨ੍ਹ ਉਸੇ ਤਰ੍ਹਾਂ ਦੌੜਦਾ ਰਹੇਗਾ, ਜਿਵੇਂ ਉਸਦੇ ਸੁਪਨੇ ਵਿਚ ਦੌੜਦਾ ਹੈ।

ਉਹ ਤਿੱਬਤ ਦੇ ਇੱਕ ਬੁੱਧ ਮਠ ਦੇ ਸਭ ਤੋਂ ਬੁੱਢੇ ਲਾਮੇ ਨੂੰ ਮਿਲਿਆ। ਲਾਮਾ ਸਭ ਕੁਝ ਪਹਿਲਾਂ ਤੋਂ ਜਾਣਦਾ ਸੀ। ਉਹ ਸੂਰਜ ਦੀ ਰੌਸ਼ਨੀ ਵਿਚ ਚਮਕਦੀ ਆਪਣੀ ਗੰਜੀ ਖੋਪੜੀ ਹਿਲਾਉਂਦਾ ਹੋਇਆ ਝੁਰੜੀਆਂ ਵਿਚ ਮੁਸਕਰਾਉਂਦਾ ਰਿਹਾ। ਅੰਤ ਵਿਚ ਉਸਨੇ ਕਿਹਾ, “ਉਹ ਨੰਦੀ ਏ। ਹਿੰਦੂਆਂ ਦੇ ਦੇਵਤਾ ਪਸ਼ੂਪਤੀ ਦਾ ਬਲਦ। ਡਰਨ ਦੀ ਕੋਈ ਗੱਲ ਨਹੀਂ, ਬੱਸ ਤੁਸੀਂ ਤਿੱਬਤ ਤੋਂ ਵਾਪਸ ਮੁੜ ਜਾਓ। ਇਹ ਤੁਹਾਨੂੰ ਇਥੇ ਨਹੀਂ ਦੇਖਣਾ ਚਾਹੁੰਦਾ।”

ਸੈਮੂਅਲ ਟਰਨਰ ਜਦੋਂ ਮੁੜ ਰਿਹਾ ਸੀ ਉਦੋਂ ਤਿੱਬਤ ਦੇ ਉਸ ਬੁੱਢੇ ਲਾਮੇ ਨੇ ਉਸ ਨੂੰ ਇਹੀ ਸਾਨ੍ਹ ਦਿੱਤਾ ਸੀ ਤੇ ਕਿਹਾ ਸੀ,“ਇਸ ਨੂੰ ਲੈ ਜਾਓ ਤੇ ਇਸਦੀ ਸੇਵਾ ਕਰੋ। ਤੁਸੀਂ ਠੀਕ ਹੋ ਜਾਓਗੇ।”

ਸੈਮੂਅਲ ਟਰਨਰ ਮੁੜ ਆਇਆ ਪਰ ਉਸਦੀ ਜ਼ਿੰਦਗੀ ਇੰਨੀਆਂ ਭਟਕਣਾਂ ਤੇ ਯਾਤਰਾਵਾਂ ਨਾਲ ਭਰੀ ਹੋਈ ਸੀ ਕਿ ਉਹ ਇਸ ਸਾਨ੍ਹ ਦੀ ਸੇਵਾ ਨਹੀਂ ਸੀ ਕਰ ਸਕਦਾ। ਟਰਨਰ ਨੂੰ ਪਤਾ ਸੀ ਕਿ ਗਵਰਨਰ ਜਨਰਲ ਵਾਰੇਨ ਹੇਸਟਿੰਗਜ ਹਿੰਦੁਸਤਾਨੀ ਗਊਆਂ-ਬਲਦਾਂ ਦਾ ਦੀਵਾਨਾ ਹੈ, ਇਸੇ ਲਈ ਉਸਨੇ ਇਹ ਸੋਚ ਕੇ ਕਿ ਤਿੱਬਤ ਦੇ ਇਸ ਸਾਨ੍ਹ ਦੀ ਦੇਖਭਾਲ ਵਾਰੇਨ ਹੇਸਟਿੰਗਜ ਦੇ ਬੰਗਲੇ ਵਿਚ ਚੰਗੀ ਤਰ੍ਹਾਂ ਹੋਵੇਗੀ, ਉਸਨੂੰ ਉਥੇ ਭੇਜ ਦਿੱਤਾ।

× × ×

ਰਾਤ ਨੂੰ ਵਾਰੇਨ ਹੇਸਟਿੰਗਜ ਗਊ ਦੇ ਵਾੜੇ ਵਿਚ ਜਾ ਕੇ ਖੜਾ ਹੋ ਜਾਂਦਾ। ਗਊ ਉਸ ਨੂੰ ਦੇਖਦੀ, ਭ੍ਰਿਸ਼ਟਾਚਾਰ, ਸਾਜ਼ਿਸ਼, ਕਰੂਰਤਾ ਤੇ ਪਾਪਾਂ ਦੀ ਦਲਦਲ ਵਿਚ ਲਿਬੜਿਆ ਹੋਇਆ ਵਾਰੇਨ ਹੇਸਟਿੰਗਜ ਪਹਿਲਾਂ ਵਾਲਾ ਵਾਰੇਨ ਹੇਸਟਿੰਗਜ ਨਹੀਂ ਰਹਿ ਗਿਆ ਸੀ।

ਹਿੰਦੂ ਧਰਮ ਤੇ ਇਸਲਾਮ ਦੇ ਬਾਰੇ ਵਿਚ ਉਸਦਾ ਗਿਆਨ ਹੁਣ ਸਿਰਫ ਉਸਦੀਆਂ ਯਾਦਾਂ ਵਿਚ ਸੰਗ੍ਰਹਿਤ ਡੈਟਾਂ ਜਾਂ ਤੱਥ ਬਣ ਕੇ ਰਹਿ ਗਿਆ ਸੀ। ਪਹਿਲਾਂ ਦੀ ਭਾਵੁਕਤਾ, ਆਸਥਾ ਤੇ ਉਹ ਪਾਗਲਪਣ ਦੀ ਖਿੱਚ ਹੁਣ ਕਿਤੇ ਨਹੀਂ ਸੀ। ਉਹ ਵਿਹਾਰਕ ਤੇ ਨਿਰਾ ਵਾਸਤਵਿਕਤਾਵਾਦੀ ਹੋ ਗਿਆ ਸੀ।

ਪਰ ਫੇਰ ਵੀ ਕਦੇ-ਕਦੇ ਜਦੋਂ ਉਹ ਆਪਣੇ ਬੰਗਲੇ ਦੀ ਗਊਸ਼ਾਲਾ ਵਿਚ ਪਹੁੰਚਦਾ ਤਾਂ ਉਸ ਨੂੰ ਲੱਗਦਾ ਜਿਵੇਂ ਉਨ੍ਹਾਂ ਗਊਆਂ ਦੀਆਂ ਅੱਖਾਂ ਉਸਨੂੰ ਉਸਦੇ ਪਾਪਾਂ ਲਈ ਮੁਆਫ ਕਰ ਰਹੀਆਂ ਹਨ। ਉਸ ਨੂੰ ਮਹਿਸੂਸ ਹੁੰਦਾ ਜਿਵੇਂ ਉਹ ਸਭ ਕੁਝ ਜਾਣਦੀਆਂ ਹਨ, ਉਸਦੇ ਅੰਦਰ, ਉਸਦੇ ਜੀਵਨ ਤੇ ਵਿਅਕਤੀਤਵ ਵਿਚ ਆਈਆਂ ਤਬਦੀਲੀਆਂ ਬਾਰੇ ਵਿਚ ਉਨ੍ਹਾਂ ਨੂੰ ਸਭ ਕੁਝ ਪਤਾ ਹੈ, ਪਰ ਉਹ ਉਸ ਨੂੰ ਮਾਫ ਕਰ ਰਹੀਆਂ ਹਨ।

ਕਈ ਵਾਰ ਉਹ ਉਥੇ ਉਨ੍ਹਾਂ ਦੇ ਸਾਹਮਣੇ ਰੋਣ ਲੱਗਦਾ। ਉਹ ਚੁੱਪ ਰਹਿੰਦੀਆਂ। ਉਸਨੂੰ ਉਹੋ ਜਿਹਾ ਹੀ ਗਿਆਨ ਹੁੰਦਾ ਜਿਹੋ ਜਿਹਾ ਗਿਰਜਾਘਰ ਵਿਚ ਕਨਫੈਸ਼ਨ ਮਗਰੋਂ ਹੁੰਦਾ ਹੈ। ਉਹ ਖਾਲੀ ਤੇ ਗੁਨਾਹਾਂ ਦੇ ਬੋਧ ਤੋਂ ਹਲਕਾ ਹੋ ਕੇ ਉਥੋਂ ਮੁੜਦਾ।

ਇਹੀ ਕਾਰਨ ਸੀ ਕਿ ਪਤਨੀ ਦੇ ਲੱਖ ਵਿਰੋਧ ਦੇ ਬਾਵਜੂਦ, ਜਦੋਂ ਉਹ ਇੰਗਲੈਂਡ ਆਇਆ ਤਾਂ ਆਪਣੇ ਨਾਲ ਪੰਜ ਬ੍ਰਾਹਮਣੀ ਗਊਆਂ ਤੇ ਸੈਮੂਅਲ ਟਰਨਰ ਰਾਹੀਂ ਭੇਂਟ ਕੀਤਾ ਗਿਆ ਉਹ ਸਾਨ੍ਹ ਜਹਾਜ਼ ਵਿਚ ਲਦਵਾ ਕੇ ਇਥੇ ਲੈ ਆਇਆ।

× × ×

ਇੰਗਲੈਂਡ ਇਕ ਉਦਯੋਗਿਕ ਦੇਸ਼ ਸੀ। ਫੈਕਟਰੀਆਂ ਤੇ ਮਸ਼ੀਨਾਂ ਨੇ ਇਥੋਂ ਦੇ ਜੀਵਨ

ਤੇ ਸਮਾਜ ਨੂੰ ਬਦਲ ਦਿੱਤਾ ਸੀ। ਵਿਗਿਆਨ, ਵਣਿਜ, ਉਤਪਾਦਨ, ਵਿਉਪਾਰ, ਯੁੱਧ, ਨਿਰਯਾਤ ਤੇ ਆਯਾਤ, ਕਿਰਤ, ਤਨਖਾਹ, ਸ਼ੇਅਰ ਬਾਜ਼ਾਰ, ਵਿਆਜ, ਬੈਂਕਿੰਗ, ਖਰੀਦ-ਫਰੋਖਤ, ਕਰਜ਼, ਪੂੰਜੀ, ਜਮ੍ਹਾ, ਘਾਟਾ ਤੇ ਮੁਨਾਫਾ... ਵਗੈਰਾ ਉਹ ਮੂਲ ਕਾਰਨ ਸਨ, ਜਿਨ੍ਹਾਂ ਦੀ ਬੁਨਿਆਦ 'ਤੇ ਉਥੇ ਦਾ ਮਨੁੱਖੀ ਜੀਵਨ ਟਿਕਿਆ ਹੋਇਆ ਸੀ ਤੇ ਉਨ੍ਹਾਂ ਦੇ ਨਿਯਮਾਂ ਨਾਲ ਹੀ ਬਝਿਆ ਹੋਇਆ ਸੀ।

ਤੇ ਕਿਥੇ ਸੀ ਹਿੰਦੁਸਤਾਨੀ ਗਊਆਂ ਤੇ ਬਲਦ।

ਇਥੇ ਛਾਲਾਂ ਮਾਰਨ ਲਈ ਜੰਗਲ ਨਹੀਂ ਸਨ। ਸਿੰਗ ਭਿੜਾਉਣ ਤੇ ਜ਼ੋਰ-ਅਜਮਾਈ ਲਈ ਸੰਗੀ-ਸਾਥੀ ਨਹੀਂ ਸਨ। ਨਾ ਚਰਵਾਹੇ ਦੀ ਹਾਕ ਸੀ, ਨਾ ਉਸਦੀ ਬਾਂਸਰੀ ਦੀ ਤਾਨ ।

ਬੁੱਢੇ ਦਾਦਾ ਜੀ ਨਹੀਂ ਸੀ, ਜਿਹੜੇ ਇਕਾਦਸ਼ੀ ਨੂੰ ਪੂਰੀਆਂ ਦਿੰਦੇ ਸੀ। ਉਹ ਨਟਖਟ, ਸ਼ੈਤਾਨ, ਪਿਆਰੇ-ਪਿਆਰੇ ਬੱਚੇ ਨਹੀਂ ਸੀ, ਜਿਨ੍ਹਾਂ ਨਾਲ ਛੇੜਖਾਨੀ, ਰੁਸਣਾ-ਮੰਨਾਉਣਾ ਹੁੰਦਾ।

ਬਰਕਸ਼ਾਯਰ ਦਾ ਇਹ ਬੰਗਲਾ, ਕਿਸੇ ਮਾਲਿਕ ਦੇ ਘਰ ਦਾ ਉਹ ਵਿਹੜਾ ਨਹੀਂ ਸੀ ਜਿਥੇ ਇਕ ਪੂਰਾ ਪਰਿਵਾਰ ਆਪਣੀ ਰੋਜ਼ਾਨਾ ਦੀ ਜ਼ਿੰਦਗੀ ਵਿਚ ਆਪਣੇ ਨਾਲ ਸ਼ਾਮਲ ਰੱਖਦਾ। ਇਥੇ ਦੀਵਾਲੀ ਨਹੀਂ ਮਨਾਈ ਜਾਂਦੀ ਸੀ, ਗਵਰਧਨ ਪੂਜਾ ਨਹੀਂ ਹੁੰਦੀ ਸੀ। ਗਊਪੂਜਾ ਦਾ ਰਿਵਾਜ਼ ਨਹੀਂ ਹੁੰਦਾ ਸੀ।

ਇਥੋਂ ਦੀਆਂ ਗਊਆਂ ਦੇ ਵਿਅਕਤੀਵਾਚਕ ਨਾਂ ਨਹੀਂ ਹੁੰਦੇ ਸੀ। ਉਨ੍ਹਾਂ ਦੇ ਵੱਖ-ਵੱਖ ਆਪਣੇ ਨਿੱਜੀ ਨਾਂ ਤੇ ਵਿਅਕਤੀਤਵ ਨਹੀਂ ਸੀ। ਇਥੇ ਕੋਈ ਕ੍ਰਿਸ਼ਨ ਨਹੀਂ ਸੀ, ਕੋਈ ਬ੍ਰਿਜ ਦਾ ਬਰਿੰਦਾਵਨ ਨਹੀਂ ਸੀ।

ਇਥੋਂ ਦੇ ਕਿਸਾਨੀ ਜੀਵਨ ਦੇ ਕੇਂਦਰ ਵਿਚ ਗਊ ਤੇ ਬਲਦ ਨਹੀਂ ਸਨ, ਇਸੇ ਲਈ ਉਹੋ ਜਿਹੇ ਉਤਸਵ ਤੇ ਤਿਉਹਾਰ ਨਹੀਂ ਸੀ।

ਇੰਗਲੈਂਡ ਵਿਚ ਗਊ ਧਰਤੀ ਦਾ ਪ੍ਰਤੀਕ ਨਹੀਂ ਸੀ, ਉਸ ਨੂੰ ਹੱਤਿਆ ਤੋਂ ਬਚਾਉਣ ਲਈ ਆਪਣੇ ਪ੍ਰਾਣ ਦੇਣ ਵਾਲਾ ਕੋਈ ਰਾਜਾ ਦਲੀਪ ਨਹੀਂ ਸੀ।

ਗਊਆਂ ਇਥੇ ਡੇਅਰੀ, ਮੀਟ, ਚਮੜਾ, ਹੱਡੀ ਤੇ ਚਰਬੀ ਉਦਯੋਗ ਦਾ ਕੱਚਾ ਮਾਲ ਸੀ। ਅੰਦਾਜਾ ਲਾਇਆ ਜਾ ਸਕਦਾ ਹੈ, ਹਿੰਦੁਸਤਾਨ ਤੋਂ ਇੰਗਲੈਂਡ ਗਈਆਂ ਗਊਆਂ ਤੇ ਉਸ ਸਾਨ੍ਹ ਨਾਲ ਉਥੇ ਕਿਹੋ ਜਿਹਾ ਵਰਤਾਓ ਹੋਇਆ ਹੋਵੇਗਾ।

ਇਕ ਬੰਨਿਆ-ਬਨਾਇਆ ਨਿਯਮ ਸੀ। ਨਿਸ਼ਚਿਤ ਟਾਈਮ ਟੇਬਲ ਸੀ। ਤਹਿਸ਼ੁਦਾ ਖੁਰਾਕ ਸੀ ਤੇ ਉਨ੍ਹਾਂ ਦੀ ਨਿਸ਼ਚਿਤ ਨਿਰਧਾਰਤ ਮਾਤਰਾ ਸੀ। ਕਰਮਚਾਰੀ ਆਉਂਦੇ, ਖਾਣਾ ਤੇ ਪਾਣੀ ਦਿੰਦੇ। ਦੁਧ ਚੋ ਲਿਆ ਜਾਂਦਾ। ਮੱਛਰਾਂ ਨੂੰ ਮਾਰਨ ਲਈ ਦਵਾਈ ਛਿੜਕ ਦਿੱਤੀ ਜਾਂਦੀ। ਫਨਾਇਲ ਲਗੇ ਗਿੱਲੇ ਕਪੜੇ ਨਾਲ ਉਨ੍ਹਾਂ ਨੂੰ ਪੂੰਝ ਦਿੱਤਾ ਜਾਂਦਾ।

ਗਊਆਂ ਦੇ ਗਲ੍ਹਾਂ ਨੂੰ ਚਿਬੜ ਕੇ ਉਨ੍ਹਾਂ ਨੂੰ ਚੁੰਮਣ ਵਾਲੀ ਇਕ ਵੀ ਮਾਸੂਮ ਕੁੜੀ ਸਾਰੇ ਇੰਗਲੈਂਡ ਵਿਚ ਕਿਤੇ ਨਹੀਂ ਸੀ। ਉਨ੍ਹਾਂ ਦੇ ਮੱਥੇ ਨਾਲ ਆਪਣਾ ਤਪਦਾ ਹੋਇਆ ਮੱਥਾ ਟਿਕਾ ਕੇ ਰੋਣ ਵਾਲਾ ਇਕ ਵੀ ਬੁੱਢਾ ਆਦਮੀ ਕਿਤੇ ਨਹੀਂ ਸੀ।

ਸਹੁਰਿਆਂ ਤੋਂ ਤੀਜ ਨੂੰ ਆਪਣੇ ਪੇਕੇ ਆਈ ਹੋਈ ਉਹ ਧੀ ਨਹੀਂ ਸੀ, ਜਿਹੜੀ ਸਭ ਤੋਂ ਪਹਿਲਾਂ ਦੌੜ ਕੇ ਅੰਮਾ ਕਹਿ ਕੇ ਉਨ੍ਹਾਂ ਨਾਲ ਚੁੰਬੜ-ਚੁੰਬੜ ਕੇ ਰੋਂਦੀ।

ਗਊਆਂ ਦਾ ਦਮ ਘੁਟਣ ਲੱਗਿਆ। ਉਨਾਂ ਦੇ ਹੋਸ਼ ਉੜਨ ਲੱਗੇ। ਉਨ੍ਹਾਂ ਤੋਂ ਖਾਧਾ ਨਾ ਜਾਂਦਾ। ਖਾ ਲੈਂਦੀਆਂ ਤਾਂ ਪਚਦਾ ਨਹੀਂ ਸੀ। ਜਿਹੜੇ ਗੋਰੇ ਕਰਮਚਾਰੀ ਉਨ੍ਹਾਂ ਨੂੰ ਖਾਣਾ ਤੇ ਪਾਣੀ ਪਿਆਉਣ ਆਉਂਦੇ ਉਨ੍ਹਾਂ ਦੇ ਚਿਹਰਿਆਂ ਵਿਚੋਂ ਉਨ੍ਹਾਂ ਨੂੰ ਆਪਣੇ ਹਤਿਆਰੇ



ਦਿਖਾਈ ਦਿੰਦੇ। ਉਹ ਸਾਹ ਛੱਡਦੇ, ਤਾਂ ਗਊਆਂ ਕੰਬ ਜਾਂਦੀਆਂ। ਉਸ ਵਿਚੋਂ ਉਨ੍ਹਾਂ ਨੂੰ ਆਪਣੀ ਮੌਤ ਦੀ ਗੰਧ ਮਹਿਸੂਸ ਹੁੰਦੀ।

ਗਊਆਂ ਨੇ ਖਾਣਾ ਛੱਡ ਦਿੱਤਾ। ਉਹ ਇਕ-ਇਕ ਕਰਕੇ ਬੀਮਾਰ ਹੋਣ ਲੱਗੀਆਂ। ਤੇ ਮਰਨ ਲੱਗੀਆਂ। ਚਾਰ ਗਊਆਂ ਛੇ ਮਹੀਨਿਆਂ ਦੇ ਅੰਦਰ-ਅੰਦਰ ਮਰ ਗਈਆਂ। ਉਨ੍ਹਾਂ ਦੀ ਮੌਤ 'ਤੇ ਕੋਈ ਅਫਸੋਸ ਨਹੀਂ ਮਨਾਇਆ ਗਿਆ। ਆਖਿਰ ਉਹ ਕਿਸੇ ਗਰੀਬ ਪਰਿਵਾਰ ਦੀਆਂ ਕਮਾਊ, ਦੁਧਾਰੂ ਤੇ ਵੱਛੇ ਦੇਣ ਵਾਲੀਆਂ ਜਾਇਦਾਦਾਂ ਨਹੀਂ ਸੀ। ਕਰਮਚਾਰੀ ਉਨ੍ਹਾਂ ਦੀ ਲਾਸ਼ ਨੂੰ ਚੁੱਕ ਕੇ ਕਿਤੇ ਲੈ ਗਏ, ਜਦ ਚੌਥੀ ਗਊ ਮਰੀ, ਫੇਰ ਵਾਰੇਨ ਹੇਸਟਿੰਗਜ ਨੂੰ ਥੋੜ੍ਹੀ-ਜਿਹੀ ਫਿਕਰ ਹੋਈ। ਹਾਲਾਂਕਿ ਉਹ ਹੁਣ ਉਨ੍ਹਾਂ ਤੋਂ ਪਿਛਾ ਛੁਡਾਉਣਾ ਚਾਹੁੰਦਾ ਸੀ। ਪਤਨੀ ਨੇ ਸ਼ੇਅਰ ਮਾਰਕੀਟ ਤੇ ਬੈਂਕਾਂ ਵਿਚ ਹਿੰਦੁਸਤਾਨ ਤੋਂ ਗਬਨ ਵਿਚ ਲਿਆਂਦੇ ਗਏ ਧਨੂੰ ਲਾ ਦਿੱਤਾ ਸੀ। ਸ਼ਿਪਿੰਗ ਵਿਚ ਪੂੰਜੀ ਨਿਵੇਸ਼ ਕੀਤਾ ਸੀ। ਵਾਰੇਨ ਹੇਸਟਿੰਗਜ ਇੰਪੀਚਮੈਂਟ ਦੇ ਮੁਕੱਦਮੇ ਵਿਚ ਅੱਡ ਤੋਂ ਉਲਝਿਆ ਹੋਇਆ ਸੀ। ਕਿਸੇ ਦੇ ਕੋਲ ਇੰਨਾ ਵਕਤ ਨਹੀਂ ਸੀ ਕਿ ਉਨ੍ਹਾਂ ਨੂੰ ਦੇਖੇ।

ਪਰ ਜਦ ਚੌਥੀ ਗਊ ਮਰੀ ਤਾਂ ਵਾਰੇਨ ਹੇਸਟਿੰਗਜ ਨੇ ਕਰਮਚਾਰੀਆਂ ਨੂੰ ਕਿਹਾ, "ਇਹ ਬਚੀਆਂ ਹੋਈਆਂ ਬ੍ਰਾਹਮਣੀ ਗਊਆਂ ਨੂੰ ਇਸ ਸਾਨ੍ਹ ਤੋਂ ਕ੍ਰਾਸ ਕਰਾਓ। ਹੋ ਸਕਦਾ ਏ ਇਨ੍ਹਾਂ ਦੀ ਕੋਈ ਔਲਾਦ ਪੈਦਾ ਹੋ ਜਾਏ। ਜੇ ਇਹ ਤਜਰਬਾ ਸਫਲ ਰਿਹਾ ਤਾਂ ਇੰਡੀਆ ਤੋਂ ਜੇਬੂ, ਸਾਹੀਵਾਲ, ਕਾਂਕਰੇਜ, ਹਾਲਿਕਾਰ ਜਿਹੀਆਂ ਵਧੀਆਂ ਨਸਲ ਦੀਆਂ ਗਊਆਂ-ਬਲਦਾਂ ਨੂੰ ਇਥੇ ਇੰਪੋਰਟ ਕੀਤਾ ਜਾ ਸਕਦਾ ਏ। ਇੰਗਲੈਂਡ ਦੀ ਲੈਦਰ ਇੰਡਸਟਰੀ ਨੂੰ ਇਸ ਤੋਂ ਫਾਇਦਾ ਹੋ ਸਕਦਾ ਏ। ਮੀਟ ਉਦਯੋਗ ਨੂੰ ਵੀ।"

× × ×

ਤਾਂ, ਹੋਇਆ ਇਹ ਕਿ ਜਦ ਉਸ ਬ੍ਰਾਹਮਣੀ ਨਸਲ ਦੀ ਗਊ ਦੀ ਕੁੱਖ ਤੋਂ ਵੱਛਾ ਪੈਦਾ ਹੋਇਆ ਤਾਂ ਕੁਝ ਚਿਰ ਲਈ ਸਾਨ੍ਹ ਨੂੰ ਉਸਦੇ ਇਸ 'ਪਰਿਵਾਰ' ਨਾਲ ਹੀ ਬੰਨਿਆ ਜਾਣ ਲੱਗਿਆ, ਉਦੋਂ ਤਕ ਉਹ ਸਾਨ੍ਹ ਵਾਰੇਨ ਹੇਸਟਿੰਗਜ ਦੇ ਬੰਗਲੇ ਦੇ ਗੋਰੇ ਕਰਮਚਾਰੀਆਂ ਨੂੰ ਘਿਰਣਾ ਕਰਨ ਲੱਗ ਪਿਆ ਸੀ। ਜਦੋਂ-ਜਦੋਂ ਉਹ ਗਊ ਦੀਆਂ ਡਰੀਆਂ ਹੋਈਆਂ ਅੱਖਾਂ ਨੂੰ ਦੇਖਦਾ, ਉਸਦਾ ਗੁੱਸਾ ਹੋਰ ਵਧਣ ਲਗਦਾ।

ਇਸੇ ਦੌਰਾਨ ਬੰਗਲੇ ਦੇ ਅੰਗਰੇਜ਼ ਕਾਰਿੰਦੇ ਤੋਂ ਇਕ ਗਲਤੀ ਹੋ ਗਈ।

ਅੰਗਰੇਜ਼ ਇਸ ਮਾਮੂਲੀ-ਜਿਹੇ ਤਥ ਨੂੰ ਨਹੀਂ ਜਾਣਦੇ ਸੀ ਕਿ ਹਿੰਦੁਸਤਾਨ ਦੇ ਗਊ-ਬਲਦ ਮਨੁੱਖਾਂ ਦੀ ਭਾਸ਼ਾ ਸਮਝਦੇ ਹਨ। ਹਾਲਾਂਕਿ ਉਹ ਅੰਗਰੇਜ਼ੀ ਵਿਚ ਬੋਲ ਰਹੇ ਸੀ, ਪਰ ਹੋ ਸਕਦਾ ਹੈ ਕਿ ਡੇਢ ਦੋ ਸਾਲ ਤਕ ਬਰਕਸ਼ਾਯਰ ਦੇ ਉਸ ਬੰਗਲੇ ਵਿਚ ਰਹਿਣ ਕਾਰਨ ਗਊ ਤੇ ਸਾਨ੍ਹ ਨੂੰ ਉਹ ਭਾਸ਼ਾ ਵੀ ਥੋੜ੍ਹੀ-ਬਹੁਤ ਸਮਝ ਵਿਚ ਆਉਣ ਲਗੀ ਹੋਵੇ।

ਉਸ ਦਿਨ ਜਦੋਂ ਦੋ ਕਰਮਚਾਰੀ ਉਨ੍ਹਾਂ ਨੂੰ ਦਾਣਾ ਪਾਣੀ ਦੇ ਰਹੇ ਸੀ ਤੇ ਫਿਨਾਇਲ ਵਿੱਚ ਡੁੱਬੇ ਗਿਲੇ ਕੱਪੜੇ ਨਾਲ ਉਨ੍ਹਾਂ ਦੇ ਸਰੀਰ ਨੂੰ ਪੂੰਝ ਰਹੇ ਸੀ ਤਾਂ ਉਨ੍ਹਾਂ ਵਿਚੋਂ ਇਕ ਨੇ ਕਿਹਾ,"ਇਟ ਸੀਮਸ ਦਿਸ ਕਾਫ ਮਸਟ ਵੀ ਹੈਵਿੰਗ ਟੇਸਿਟਏਸਟ ਲੋਫ...." (ਲਗਦਾ ਹੈ ਇਸ ਵਛੜੇ ਦੀ ਬੋਟੀਆਂ ਬੜੀਆਂ ਜਾਇਕੇਦਾਰ ਹੋਣਗੀਆਂ)

"ਗਿਵ ਇਟ ਸਮਥਿੰਗ ਟੂ ਈਟ। ਵੀ ਵਿਲ ਮੈਨੇਜ," ਦੂਸਰੇ ਨੇ ਕਿਹਾ (ਇਸਦੇ ਖਾਣੇ ਵਿਚ ਕੁਝ ਮਿਲਾ ਦੇ, ਬਾਦ ਵਿਚ ਅਸੀਂ ਸੰਭਾਲ ਲਵਾਂਗੇ)

ਬੱਸ, ਠੀਕ ਉਸੇ ਪਲ ਦੁਰਘਟਨਾ ਘਟੀ।

ਸਾਨ੍ਹ ਨੇ ਅਚਾਨਕ ਉਨ੍ਹਾਂ ਵਿਚੋਂ ਇਕ ਨੂੰ ਆਪਣੇ ਸਿੰਗਾਂ 'ਤੇ ਚੁੱਕ ਕੇ ਹਵਾ ਵਿੱਚ ਉਛਾਲ ਦਿੱਤਾ। ਦੂਸਰੇ ਦੇ ਪਿਛੇ ਉਹ ਪ੍ਰਚੰਡ ਹਨੇਰੀ ਵਾਂਗੂੰ, ਸਭ ਕੁਝ ਦਰੜਦਾ, ਨਸ਼ਟ ਕਰਦਾ ਦੌੜਿਆ। ਦੂਸਰਾ ਕਰਮਚਾਰੀ ਆਪਣੀ ਜਾਨ ਬਚਾਉਣ ਲਈ ਚਾਰੇ ਪਾਸੇ ਭੱਜਦਾ ਰਿਹਾ ਪਰ

ਸਾਨ੍ਹ ਉਸਦੇ ਪਿਛੇ ਪਿਆ ਹੋਇਆ ਸੀ, ਲਾਨ, ਬਗੀਚਾ, ਕੰਧਾਂ, ਅਹਾਤੇ ਤਹਿਸ-ਨਹਿਸ ਕਰਦਾ ਹੋਇਆ। ਉਹ ਕਾਬੂ ਵਿਚ ਨਹੀਂ ਆ ਰਿਹਾ ਸੀ।

ਆਖਿਰਕਾਰ ਖੁਦ ਵਾਰੇਨ ਹੇਸਟਿੰਗਜ ਉਥੇ ਪਹੁੰਚਿਆ। ਉਹ ਬੰਗਲਾ ਭਾਸ਼ਾ ਵਿਚ ਜ਼ੋਰ-ਜ਼ੋਰ ਨਾਲ ਉਸ ਨੂੰ ਬੁਲਾ ਕੇ ਸਮਝਾ ਰਿਹਾ ਸੀ। ਬੜੀ ਮੁਸ਼ਕਲ ਨਾਲ ਇਕ-ਡੇਢ ਘੰਟੇ ਬਾਅਦ ਉਸ 'ਤੇ ਕਾਬੂ ਪਾਇਆ ਜਾ ਸਕਿਆ।

ਇਸ ਤੋਂ ਬਾਅਦ ਦਸ-ਪੰਦਰਾਂ ਦਿਨ ਠੀਕ ਠਾਕ ਗੁਜਰੇ, ਲਗਿਆ ਸਭ ਕੁਝ ਠੀਕ ਹੋ ਗਿਆ ਹੈ ਪਰ ਅਚਾਨਕ ਇਕ ਦਿਨ ਵੱਛੇ (ਜਿਹੜਾ ਹੁਣ ਤਕ ਇੰਨਾ ਵੱਡਾ ਹੋ ਗਿਆ ਸੀ, ਜਿੰਨਾ ਤੁਸੀਂ ਉਸ ਅਗਿਆਤ ਚਿੱਤਰ ਕਾਰ ਦੇ ਫਰੇਮ ਦੇ ਸੱਜੇ ਖੂੰਜੇ ਵਿਚ ਦੇਖਿਆ ਹੈ) ਦੀ ਤਬੀਅਤ ਖਾਣਾ ਖਾਣ ਤੋਂ ਬਾਅਦ ਵਿਗੜਨੀ ਸ਼ੁਰੂ ਹੋ ਗਈ ਤੇ ਦਿਨ ਛਿਪਦੇ ਨੂੰ ਉਹ ਮਰ ਗਿਆ।

ਗਊ ਦੀਆਂ ਅੱਖਾਂ ਤੋਂ ਲਗਾਤਾਰ ਹੰਝੂ ਵਹਿੰਦੇ ਰਹੇ। ਇੰਗਲੈਂਡ ਦੇ ਉਦਯੋਗਿਕ-ਪੂੰਜੀਵਾਦੀ ਸਮਾਜ ਦੇ ਕਿਸੇ ਬੰਦੇ ਨੇ ਉਨ੍ਹਾਂ ਹੰਝੂਆਂ ਨੂੰ ਨਹੀਂ ਦੇਖਿਆ। ਗਊ ਨੇ ਖਾਣਾ ਖਾਣਾ ਹੀ ਨਹੀਂ, ਪਾਣੀ ਤੱਕ ਪੀਣਾ ਛੱਡ ਦਿੱਤਾ। ਜੇ ਰਾਜਨੀਤਕ ਭਾਸ਼ਾ ਵਰਤੀ ਜਾਵੇ ਤਾਂ ਸ਼ਾਇਦ ਉਸਨੇ ਭਾਰਤ ਦੇ ਇਤਿਹਾਸ ਵਿਚ ਪਹਿਲਾ ਸਤਿਆਗ੍ਰਹਿ ਇੰਗਲੈਂਡ ਦੇ ਬਰਕਸ਼ਾਯਰ ਨਾਂ ਦੇ ਸ਼ਹਿਰ ਵਿਚ, ਈਸਟ ਇੰਡੀਆ ਕੰਪਨੀ ਦੇ ਪਹਿਲੇ ਗਵਰਨਰ ਜਨਰਲ ਦੇ 'ਪਿਓਰਲੀ ਹਾਲ' ਨਾਂ ਦੇ ਬੰਗਲੇ ਦੇ ਪ੍ਰਬੰਧ ਦੇ ਖਿਲਾਫ ਕੀਤਾ।

ਸਾਨ੍ਹ ਉਨ੍ਹਾਂ ਦਿਨਾਂ ਵਿਚ ਲਗਾਤਾਰ ਬ੍ਰਾਹਮਣੀ ਗਾਂ ਨੂੰ ਚੱਟਦਾ ਰਿਹਾ ਸੀ, ਜਿਹੜੀ ਦਿਨੋਂ ਦਿਨ ਨਿਢਾਲ ਤੇ ਕਮਜ਼ੋਰ ਹੁੰਦੀ ਜਾ ਰਹੀ ਸੀ। ਉਹ 'ਸੰਥਾਰਾ' ਕਰ ਰਹੀ ਸੀ। ਬੱਚੇ ਦੀ ਮੌਤ ਜਾਂ ਹੱਤਿਆ ਮਗਰੋਂ ਉਸਦੀ ਜਿੰਦਗੀ ਵਿਚ ਹੁਣ ਕੁਝ ਨਹੀਂ ਬਚਿਆ ਸੀ।

ਹਾਂ, ਕਦੇ-ਕਦੇ ਉਸ ਨੂੰ ਸਾਨ੍ਹ ਨਾਲ ਹਮਦਰਦੀ ਹੁੰਦੀ, ਜਿਹੜਾ ਉਸ ਦੀ ਮੌਤ ਤੋਂ ਮਗਰੋਂ ਇਸ ਪਰਾਏ, ਅਜਨਬੀ, ਅਮੀਰ ਦੇਸ਼ ਵਿਚ ਫਿਰੰਗੀਆਂ ਵਿਚ ਇਕੱਲਾ ਰਹਿ ਜਾਣ ਵਾਲਾ ਸੀ। ਉਹ ਕਈ ਵਾਰ ਸਾਨ੍ਹ ਵੱਲ ਵਿਆਕੁਲਤਾ, ਹਮਦਰਦੀ ਤੇ ਪ੍ਰੇਮ ਭਰੀਆਂ ਅੱਖਾਂ ਨਾਲ ਅਪਲਕ ਨਿਹਾਰਦੀ ਰਹਿੰਦੀ ਤੇ ਉਸ ਦਾ ਹੌਂਸਲਾ ਵਧਾਉਣ ਦੀ ਕੋਸ਼ਿਸ਼ ਕਰਦੀ। ਸ਼ਾਇਦ ਉਹ ਕਹਿਣਾ ਚਾਹੁੰਦੀ ਸੀ ਕਿ ਮੇਰੇ ਬਾਅਦ ਤੁਸੀਂ ਆਪਣਾ ਖਿਆਲ ਠੀਕ ਢੰਗ ਨਾਲ ਰੱਖਣਾ। ਵਕਤ ਸਿਰ ਖਾਣਾ-ਪਾਣੀ ਲੈਣਾ। ਸਾਡੇ ਮਾੜੇ ਭਾਗਾਂ ਨੇ ਸਾਨੂੰ ਇਥੇ ਲਿਆ ਸੁੱਟਿਆ ਹੈ। ਕੀ ਪਤਾ ਅਚਾਨਕ ਕੁਝ ਹੋ ਜਾਵੇ ਤੇ ਇਹ ਲੋਕ ਸਾਨੂੰ ਵਾਪਸ ਸਾਡੇ ਦੇਸ਼, ਜਹਾਜ ਵਿਚ ਲਦ ਕੇ ਪਹੁੰਚਾ ਦੇਣ। ਚਿੰਤਾ ਨਾ ਕਰੋ, ਮੈਂ ਬੇਨਤੀ ਕਰਦੀ ਹਾਂ ਕਿ ਮੇਰੀ ਜ਼ਿੰਦਗੀ ਵਿਚ ਜਿਥੇ-ਜਿਥੇ ਵੀ ਸੁਖ ਤੇ ਖ਼ੁਸ਼ੀ ਦੇ ਪਲ ਹੋਣ, ਉਹ ਸਾਰੇ ਤੁਹਾਨੂੰ ਮਿਲ ਜਾਣ, ਉਹ ਬੋਲਣ ਦੀ ਕੋਸ਼ਿਸ਼ ਕਰਦੀ ਪਰ ਇਕ ਕਮਜੋਰ.... 'ਬਾਂ...ਬਾਂ....' ਤੋਂ ਇਲਾਵਾ ਉਸ ਦੇ ਗਲ੍ਹ ਵਿਚੋਂ ਹੋਰ ਕੁਝ ਨਾ ਨਿਕਲਦਾ। ਗਊ ਦੀ ਤਬੀਅਤ ਵਿਗੜਨ ਲਗੀ। ਉਸ ਤੋਂ ਆਪਣੀਆਂ ਟੰਗਾਂ 'ਤੇ ਠੀਕ ਢੰਗ ਨਾਲ ਖੜਿਆਂ ਨਹੀਂ ਜਾ ਰਿਹਾ ਸੀ। ਵਾਰ-ਵਾਰ ਓਥੇ ਹੀ, ਚਿੱਤਰ ਦੇ ਸੱਜੇ ਖੂੰਜੇ ਦੀ ਜ਼ਮੀਨ 'ਤੇ ਅਧਲਿਟੀ ਹੋ ਜਾਂਦੀ।

ਸਾਨ੍ਹ ਨੇ ਉਸ ਦਿਨ ਪਹਿਲੀ ਵਾਰ ਗਊ ਦੀਆਂ ਅੱਖਾਂ ਵਿਚ ਮੌਤ ਦਾ ਪ੍ਰਤੀਬਿੰਬ ਦੇਖਿਆ। ਉਹ ਗੂੜੇ ਹੁੰਦੇ ਪਰਛਾਵਾਂ ਵਾਂਗ ਉਨ੍ਹਾਂ ਅੱਖਾਂ ਵਿਚ ਉਤਰਦੀ ਚਲੀ ਜਾ ਰਹੀ ਸੀ। ਗਊ ਦੇਰ ਤਕ ਆਪਣੀਆਂ ਅੱਖਾਂ ਖੁੱਲ੍ਹੀਆਂ ਨਾ ਰੱਖ ਸਕੀ। ਉਸ ਦੀਆਂ ਅੱਖਾਂ ਬੰਦ ਰਹਿਣ ਲੱਗੀਆਂ।

ਸਾਨ੍ਹ ਡਰ ਤੇ ਅਸ਼ੁੱਭਤਾ ਦੀ ਅਸ਼ੰਕਾ ਨਾਲ ਘਬਰਾ ਉਠਿਆ। ਆਪਣੇ ਭਵਿੱਖ ਦੇ ਇਕੱਲੇਪਣ ਦੀ ਕਲਪਨਾ ਨਾਲ ਉਹ ਬੇਚੈਨੀ ਤੇ ਵਿਵੇਕਸ਼ੂੰਨ ਪਾਗਲਪਨ ਨਾਲ ਭਰ ਉਠਿਆ।



ਗਮ ਤੇ ਦੁੱਖ ਨੇ ਉਸਦੇ ਸੋਚਣ-ਸਮਝਣ ਦੀ ਸਾਰੀ ਤਾਕਤ ਖੋਹ ਲਈ।

ਉਹ ਹਰੇਕ ਅੰਗਰੇਜ 'ਤੇ ਹਮਲੇ ਕਰਨ ਲਗਿਆ। ਜਿਵੇਂ ਹੀ ਬੰਗਲੇ ਵਿਚ ਕੋਈ ਗੋਰਾ ਕਰਮਚਾਰੀ ਜਾਂ ਮਹਿਮਾਨ ਆਉਂਦਾ, ਉਹ ਆਪਣੀਆਂ ਨਾਸਾਂ ਨਾਲ ਡਰਾਉਣੇ ਫੁੰਕਾਰੇ ਮਾਰਦਾ ਹੋਇਆ ਉਸ ਨੂੰ ਮਾਰਨ ਲਈ ਪੈਂਦਾ। ਲੋਕ ਚਾਂਗਾਂ ਮਾਰ ਕੇ ਭੱਜਦੇ।

ਸਭ ਤੋਂ ਵਧ ਬੁਰੀ ਸਥਿਤੀ ਤਾਂ ਤਦੋਂ ਪੈਦਾ ਹੁੰਦੀ ਸੀ ਜਦੋਂ ਸਾਨ੍ਹ ਕਿਸੇ ਅੰਗਰੇਜ਼ ਨੂੰ ਵਰਦੀ ਵਿਚ ਦੇਖਦਾ ਸੀ। ਅਜਿਹੇ ਵੇਲੇ ਉਸ ਨੂੰ ਸੰਭਾਲਣਾ ਮੁਸ਼ਕਲ ਹੋ ਜਾਂਦਾ। ਉਹ ਇਕ ਪ੍ਰਚੰਡ, ਬੇਸੁੱਧ, ਪਾਗਲ ਤੇ ਵਹਿਸ਼ੀਪਣ ਦੀ ਅੱਗ ਵਿਚ ਸੜਦਾ ਬੇਕਾਬੂ ਸਾਨ੍ਹ ਸੀ। ਉਸ ਨੇ ਕਈਆਂ ਨੂੰ ਜਖਮੀ ਕੀਤਾ, ਹੱਥ-ਪੈਰ ਤੋੜ ਦਿੱਤੇ। ਤੀਸਰੇ ਦਿਨ ਹੀ ਉਸ ਨੂੰ ਪੁਲਿਸ ਦੀ ਮਦਦ ਨਾਲ ਬੁਰੀ ਤਰ੍ਹਾਂ ਮੋਟੇ-ਮੋਟੇ ਡੰਡਿਆਂ ਨਾਲ ਮਾਰਿਆ ਗਿਆ ਤੇ ਲੋਹੇ ਦੇ ਮੋਟੇ-ਮੋਟੇ ਮਜਬੂਤ ਸੰਗਲਾਂ ਤੇ ਜ਼ੰਜੀਰਾਂ ਨਾਲ ਬੰਨ ਕੇ ਲਕੜਾਂ ਦੇ ਉਸੇ ਅਹਾਤੇ ਵਿਚ ਵਾਪਸ ਕੈਦ ਕਰ ਦਿੱਤਾ ਗਿਆ ਜਿਥੋਂ ਉਸ ਨੂੰ ਮਰੇ ਹੋਏ ਵੱਛੇ ਦੇ ਗਰਭਧਾਰਨ ਲਈ ਕੱਢਿਆ ਗਿਆ ਸੀ।

ਬਾਹਰ 'ਪਿਓਰਲੀ ਹਾਲ' ਬੰਗਲੇ ਦੇ ਮੁੱਖ ਫਾਟਕ 'ਤੇ ਇਕ ਤਖਤੀ ਲੱਗਾ ਦਿੱਤੀ ਗਈ ਜਿਸ ਵਿਚ ਮੋਟੇ-ਮੋਟੇ ਲਾਲ ਅੱਖਰਾਂ ਵਿਚ ਲਿਖਿਆ ਸੀ-'ਬੀਵੇਅਰ ਆਫ ਅ ਮੈਡ ਡੇਡਲੀ ਇੰਡੀਅਨ ਬੁਲ' ( ਇਕ ਖਤਰਨਾਕ ਪਾਗਲ ਹਿੰਦੁਸਤਾਨੀ ਸਾਨ੍ਹ ਤੋਂ ਸਾਵਧਾਨ ! )

ਗਊ ਬੇਸਹਾਰਾ ਸੀ। ਉਹ ਆਪਣੇ ਅੰਤ ਸਮੇਂ ਉਸ ਤੋਂ ਦੂਰ ਹੋ ਗਈ ਸੀ, ਆਪਣੀ ਬਚੀ-ਖੁਚੀ ਜ਼ਿੰਦਗੀ ਦੀ ਸਾਰੀ ਬਾਕੀ ਤਾਕਤ ਇਕੱਠੀ ਕਰਕੇ ਉਹ ਉਸ ਕਿਸਮਤ ਦੇ ਮਾਰੇ ਸਾਨ੍ਹ ਨੂੰ ਦੇਖਣਾ ਚਾਹੁੰਦੀ ਸੀ ਪਰ ਕੁਝ ਹੀ ਪਲਾਂ ਵਿਚ ਉਸਦੀਆਂ ਅੱਖਾਂ ਬੰਦ ਹੋ ਜਾਂਦੀਆਂ ਤੇ ਉਥੇ ਹਨੇਰਾ ਛਾ ਜਾਂਦਾ।

ਉਹ ਬੋਲਣ ਦੀ ਕੋਸ਼ਿਸ਼ ਕਰਦੀ ਪਰ ਹੁਣ ਤਾਂ ਉਹ ਕਮਜ਼ੋਰ ਤੇ ਰੰਭਾਹਟ ਪੈਦਾ ਨਹੀਂ ਹੁੰਦੀ ਸੀ। ਸਿਰਫ ਨਾਸਾਂ ਵਿਚੋਂ ਥੋੜ੍ਹੀ-ਜਿਹੀ ਸਾਂਹ ਹੀ ਬਾਹਰ ਨਿਕਲਦੀ ਜਿਸ ਨਾਲ ਜ਼ਮੀਨ ਦੀ ਘਾਹ ਥੋੜ੍ਹੀ-ਜਿਹੀ ਕੰਬ ਜਾਂਦੀ।

ਇਕ ਦਿਨ ਉਹ ਸਵੇਰੇ ਨਹੀਂ ਉਠੀ। ਉਸਦੀਆਂ ਅੱਖਾਂ ਬੰਦ ਹੀ ਰਹੀਆਂ। ਗੋਰੇ ਕਰਮਚਾਰੀ ਉਸ ਨੂੰ ਸਵੇਰੇ ਨੌਂ ਵਜੇ ਹੀ ਉਥੋਂ ਚੁੱਕ ਕੇ ਕਿਤੇ ਲੈ ਗਏ।

ਸਾਨ੍ਹ ਜ਼ੋਰ ਨਾਲ ਕੰਬਿਆ, ਪੂਰਾ ਗਲ੍ਹ ਪਾੜ ਕੇ। ਉਸਦੇ ਫੇਫੜੇ, ਕਲੇਜਾ, ਦਿਲ, ਮੱਥਾ, ਉਸਦਾ ਪੂਰਾ ਸਰੀਰ ਦੁੱਖ, ਪੀੜ, ਲਾਚਾਰੀ ਤੇ ਅਪਣੀ ਬੇਬਸੀ 'ਤੇ ਫੁਟ-ਫੁੱਟ ਕੇ ਰੋ ਰਿਹਾ ਸੀ। ਅਜੀਬ-ਅਜੀਬ-ਜਿਹੀਆਂ ਆਵਾਜ਼ਾਂ ਉਸਦੇ ਗਲ੍ਹੋਂ ਨਿਕਲਦੀਆਂ।

ਵਾਰੇਨ ਹੇਸਟਿੰਗਜ ਨੇ ਉਸ ਨੂੰ ਦੇਖਿਆ ਤੇ ਕਿਹਾ, 'ਨੋ ਡਾਊਟ ਅਬਾਉਟ ਇਟ, ਇਟ ਹੈਜ ਬਿਕਮ ਟੋਟਲੀ ਇਨਸੇਨ !"

ਉਸ ਦਿਨ ਪਤਾ ਨਹੀਂ ਕਿਵੇਂ ਉਹ ਸਾਨ੍ਹ ਆਪਣੀਆਂ ਜ਼ੰਜੀਰਾਂ ਤੇ ਸੰਗਲਾਂ ਨੂੰ ਤੋੜ ਕੇ ਆਜ਼ਾਦ ਹੋ ਗਿਆ। ਕਿਸੇ ਨੂੰ ਇਸ ਦਾ ਅੰਦਾਜਾ ਨਹੀਂ ਲੱਗ ਸਕਿਆ।

ਇਹ ਆਥਣ ਦਾ ਵੇਲਾ ਸੀ। ਵਾਰੇਨ ਹੇਸਟਿੰਗਜ ਆਪਣੇ 'ਤੇ ਚਲ ਰਹੇ ਇਮਪੀਚਮੈਂਟ ਦੇ ਮੁਕੱਦਮੇ ਤੋਂ ਉਸੇ ਦਿਨ ਮੁਕਤ ਹੋਇਆ ਸੀ। ਇੰਗਲੈਂਡ ਦੀ ਅਦਾਲਤ ਦੇ ਜੱਜ ਨੇ ਉਸ ਨੂੰ ਗਬਨ, ਜਾਲਸਾਜੀ, ਭ੍ਰਿਸ਼ਟਾਚਾਰ, ਧੋਖਾਧੜੀ, ਠੱਗੀ ਤੇ ਆਪਣੇ ਅਧਿਕਾਰਾਂ ਦੇ ਅਨੈਤਿਕ ਤੇ ਮਰਿਆਦਾਹੀਣ ਦੁਰਵਰਤੋਂ ਦੇ ਇਲਜ਼ਾਮ ਤੋਂ ਪੂਰੀ ਤਰ੍ਹਾਂ ਬਰੀ ਕਰ ਦਿੱਤਾ ਸੀ। ਬਲਕਿ ਜੱਜ ਨੇ ਉਸਦੀ ਯੋਗਤਾ, ਦੂਰਦਰਸ਼ਤਾ ਤੇ ਈਸਟ ਇੰਡੀਆ ਕੰਪਨੀ ਤੇ ਬ੍ਰਿਟਿਸ਼ ਸਾਮਰਾਜ ਦੇ ਹਿੱਤ ਵਿਚ ਕੀਤੀਆਂ ਗਈਆਂ ਉਸਦੀਆਂ ਸੇਵਾਵਾਂ ਦੀ ਪ੍ਰਸੰਸਾ ਕੀਤੀ ਸੀ। ਜੱਜ ਨੇ ਉਸਨੂੰ ਇੰਗਲੈਂਡ ਦੀ ਪ੍ਰੀਵੀ ਕੌਂਸਲ ਦਾ ਮੈਂਬਰ ਬਣਾਉਣ ਦੀ ਸਲਾਹ ਦਿੰਦੇ ਹੋਏ 14000 ਪੌਂਡ ਦੇ ਸਾਲਾਨਾ ਸੇਵਾਫਲ ਦੀ ਵੀ ਸਿਫਰਾਸ਼ ਕੀਤੀ। ਉਨ੍ਹਾਂ ਨੇ ਆਪਣੇ ਉਸ

ਮਹੱਤਵਪੂਰਣ ਇਤਿਹਾਸਕ ਫੈਸਲੇ ਵਿਚ ਕਿਹਾ ਸੀ :

"ਵਾਰੇਨ ਹੇਸਟਿੰਗਜ 'ਤੇ ਚਲਿਆ ਇੰਪੀਚਮੈਂਟ ਦਾ ਇਹ ਮੁਕੱਦਮਾ ਅਫਸੋਸਨਾਕ ਹੈ। ਇਕ ਪ੍ਰਸ਼ਾਸਕ, ਜਿਸ ਨੂੰ ਇੰਗਲੈਂਡ ਤੋਂ ਹਿੰਦੁਸਤਾਨ ਰਾਜ ਕਰਨ ਲਈ ਭੇਜਿਆ ਗਿਆ, ਉਸਦੇ ਹਰ ਕਦਮ ਦਾ ਜਾਂ ਤਾਂ ਉਸਦੀ ਪ੍ਰੀਸ਼ਦ ਵੱਲੋਂ ਵਿਰੋਧ ਹੋਇਆ ਜਾਂ ਉਸਦੇ ਆਪਣੇ ਦੇਸ਼ ਇੰਗਲੈਂਡ ਵੱਲੋਂ। ਜੇ ਇਸ ਵਿਚ ਥੋੜ੍ਹੇ-ਬਹੁਤ ਦੋਸ਼ ਸੀ ਵੀ ਤਾਂ ਉਹ ਉਸ ਰਾਜਨੀਤਕ ਦੋਸ਼ ਸਨ ਜਿਸ 'ਤੇ ਅਚਾਨਕ ਸੰਕਟ ਆ ਪਿਆ ਹੋਵੇ ਤੇ ਉਸਦੀਆਂ ਮੁਸ਼ਕਲਾਂ ਤੇ ਸਮੱਸਿਆਵਾਂ ਉਸਦੇ ਸਿਰ 'ਤੇ ਆ ਗਈਆਂ ਹੋਣ ਕਿ ਇਸ ਸਥਿਤੀ ਵਿਚ ਮਨੁੱਖੀ ਸਮਝ ਵਿਚ ਭੁੱਲ-ਚੁੱਕ ਹੋ ਜਾਣਾ ਅਸੁਭਾਵਿਕ ਨਹੀਂ ਹੈ।

ਵਾਰੇਨ ਹੇਸਟਿੰਗਜ ਥਾਂਹ ਆਪਣੇ ਫੈਸਲੇ ਸੁਣਾਉਂਦਿਆਂ ਹੋਇਆਂ ਸਾਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਸਾਮਰਾਜ ਬਣਾਉਣ ਵਾਲੇ ਵੱਡੇ ਰਾਜਨੀਤਕਾਂ ਤੇ ਪ੍ਰਸ਼ਾਸਕਾਂ ਤੋਂ ਪੂਰਣ ਨੈਤਿਕ ਆਚਰਣ ਦੀ ਉਮੀਦ ਕਰਨਾ ਠੀਕ ਨਹੀਂ ਹੈ। ਕੀ ਕਦੇ ਪਾਪ, ਅਨਿਆਂ ਤੇ ਅਨੈਤਿਕਤਾ ਦੇ ਬਿਨਾਂ ਵੀ ਕੋਈ ਸਾਮਰਾਜ ਬਣਦਾ ਹੈ ?"

ਵਾਰੇਨ ਹੇਸਟਿੰਗਜ ਇਸ ਫੈਸਲੇ ਤੋਂ ਖ਼ੁਸ਼ੀ ਦਾ ਮਾਰਿਆ ਦੀਵਾਨਾ ਹੋ ਉਠਿਆ। ਉਸਦੀ ਪਤਨੀ ਵਾਰ-ਵਾਰ ਉਸਦੇ ਮੱਥੇ ਨੂੰ ਚੁੰਮਦੀ ਸੀ। ਲੰਦਨ, ਬਰਕਸ਼ਾਯਰ, ਮਾਨਚੇਸਟਰ ਤੇ ਸਾਰੇ ਸ਼ਹਿਰਾਂ ਦੇ ਸਤਿਕਾਰਯੋਗ ਵਿਅਕਤੀਆਂ ਨੇ ਉਸ ਨੂੰ ਵਧਾਈਆਂ ਭੇਜੀਆਂ। ਬਰਕਸ਼ਾਯਰ ਦੇ ਟਾਊਨ ਹਾਲ ਵਿਚ ਉਸਦਾ ਸਨਮਾਨ ਕੀਤਾ ਗਿਆ। ਉਸ 'ਤੇ ਮੁਕੱਦਮਾ ਚਲਾਉਣ ਵਾਲੇ ਮਿਸਟਰ ਬਰਕ ਦੀ ਨਿੰਦਾ ਕੀਤੀ ਗਈ।

ਖ਼ੁਸ਼ੀ ਤੇ ਮਾਣ ਨਾਲ ਝੂਲਦਾ ਵਾਰੇਨ ਹੇਸਟਿੰਗਜ ਪਤਨੀ ਨਾਲ ਆਪਣੀ ਰਾਯਲ ਬੱਘੀ ਵਿਚ ਬੈਠਾ ਆਪਣੇ ਬੰਗਲੇ ਵੱਲ ਮੁੜਿਆ ਆ ਰਿਹਾ ਸੀ।

ਬੱਘੀ ਉਵੇਂ ਹੀ 'ਪਿਓਰਲੀ ਹਾਲ' ਬੰਗਲੇ ਦੇ ਮੁੱਖ ਫਾਟਕ ਦੇ ਅੰਦਰ ਦਾਖਲ ਹੋਈ, ਅਚਾਨਕ ਭੂਚਾਲ ਆ ਗਿਆ। ਕਿਸੇ ਮੌਤ ਦੇ ਦੂਤ ਦੀ ਤਰ੍ਹਾਂ, ਬੰਗਲੇ ਦੇ ਸਾਰੇ ਵਾੜੇ-ਬੰਧਨ ਤੇ ਕੰਧਾਂ ਨੂੰ ਤੋੜਦਾ ਤੇ ਭਿਆਨਕ ਆਵਾਜ਼ ਵਿਚ ਗਰਜਦਾ-ਜਿਵੇਂ ਸੈਂਕੜੇ ਬਿਜਲੀਆਂ ਇਕੱਠੀਆਂ ਛੁੱਟ ਗਈਆਂ ਹੋਣ ਤੇ ਸਿਆਹ ਗੂੜ੍ਹੇ ਬਦਲ ਗਰਜ ਰਹੇ ਹੋਣ-ਉਹ ਸਾਨ੍ਹ ਬੱਘੀ ਵੱਲ ਕਿਸੇ ਸਾਈਕਲੋਨ, ਤੂਫਾਨ, ਵਾਵਰੋਲੇ ਵਾਂਗ ਝਪਟਿਆ ਤੇ ਆਪਣੇ ਸਿੰਗਾਂ ਵਿਚ ਫਸਾ ਕੇ ਉਸਨੇ ਬੱਘੀ ਨੂੰ ਵਾਰੇਨ ਹੇਸਟਿੰਗਜ, ਉਸਦੀ ਪਤਨੀ ਤੇ ਸਾਈਸ ਸਮੇਤ ਹਵਾ ਵਿਚ ਉਛਾਲ ਦਿੱਤਾ।

ਬੱਘੀ ਡਿੱਗ ਕੇ ਟੁੱਟ-ਫੁੱਟ ਗਈ। ਵਾਰੇਨ ਹੇਸਟਿੰਗਜ ਦੇ ਕੁੱਲੇ, ਪੱਟ ਦੀ ਹੱਡੀ ਤੇ ਸੱਜੇ ਗੁੱਟ 'ਤੇ ਸੱਟ ਵੱਜੀ। ਸਾਈਸ ਬੇਹੋਸ਼ ਹੋ ਗਿਆ। ਉਸ ਦੇ ਨੱਕ ਵਿਚੋਂ ਖ਼ੂਨ ਵਹਿ ਰਿਹਾ ਸੀ। ਵਾਰੇਨ ਹੇਸਟਿੰਗਜ ਦੀ ਪਤਨੀ ਦੇ ਸਿਰ 'ਤੇ ਸੱਟ ਲੱਗੀ ਸੀ। ਸੱਟ ਸ਼ਾਇਦ ਜ਼ਿਆਦਾ ਡੂੰਘੀ ਸੀ ਕਿਉਂਜੁ ਉਸ ਦੀ ਹੋਸ਼ ਗੁੰਮ ਹੋ ਗਈ। ਉਹ ਅੰਟ-ਸ਼ੰਟ ਬੋਲ ਰਹੀ ਸੀ। ਉਹ ਬਾਰ-ਬਾਰ 'ਚੋਖੀ', ਤੇ 'ਨੰਦਕੁਮਾਰ' ਜਿਹਾ ਕੁਝ ਬੁੜਬੁੜਾਉਂਦੀ ਸੀ, ਵਾਰੇਨ ਹੇਸਟਿੰਗਜ ਦੀ ਉਹ ਬੱਘੀ, ਜਿਸ ਨੂੰ ਉਸ ਸਾਨ੍ਹ ਨੇ ਚਕਨਾਚੂਰ ਕੀਤਾ ਸੀ, ਇੰਪੀਰੀਅਲ ਬੱਘੀ ਸੀ-ਇੰਗਲੈਂਡ ਦੀ ਸ਼ਾਹੀ ਬੱਘੀ।

ਉਦੋਂ, ਸਾਰਿਆਂ ਨੇ ਦੇਖਿਆ, ਇਕ ਪਲ ਵਿਚ ਉਸ ਸਾਨ੍ਹ ਨੇ ਆਪਣੇ ਸਿੰਗਾਂ ਨਾਲ ਉਸ ਉੱਚੇ-ਪੂਰੇ, ਕਾਲੇ-ਚਮਕੀਲੇ ਸ਼ਾਨਦਾਰ ਇੰਨਗਲੋ-ਅਰਬ ਘੋੜੇ ਦੇ ਢਿੱਡ ਨੂੰ ਚੀਰ ਕੇ ਉਸਦੀਆਂ ਅੰਤੜੀਆਂ ਬਾਹਰ ਖਿੰਡਾ ਦਿੱਤੀਆਂ।

ਅਤਿਅੰਤ ਉਨਤ, ਦੋਗਲੀ ਨਸਲ ਦਾ ਉਹ ਸ਼ਾਨਦਾਰ ਬੇਕੀਮਤੀ ਘੋੜਾ ਵੀ ਇਕ ਇੰਪੀਰੀਅਲ ਘੋੜਾ ਸੀ। ਗ੍ਰੇਟ ਬ੍ਰਿਟੇਨ ਦਾ ਸ਼ਾਹੀ ਘੋੜਾ। ਸਾਮਰਾਜ ਦਾ ਪ੍ਰਤੀਕ।



ਉਹ ਸਾਨ੍ਹ ਸਚਮੁੱਚ ਪਾਗਲ ਹੋ ਚੁੱਕਿਆ ਸੀ। ਉਸਦੇ ਅੰਦਰ ਕ੍ਰੋਧ, ਦੁੱਖ, ਪੀੜਾ ਤੇ ਘ੍ਰਿਣਾ ਦਾ ਕੋਈ ਅਜਿਹਾ ਜਵਾਲਾਮੁੱਖੀ ਸੀ ਜਿਹੜੀ ਨਾਸ਼ ਤੇ ਵਿਨਾਸ਼ ਦੇ ਸਾਰੇ ਰੂਪਾਂ ਵਿਚ ਲਗਾਤਾਰ ਫੁਟ ਰਹੀ ਸੀ।

ਉਹ ਖੁੱਲ੍ਹਿਆ ਹਿੰਦੁਸਤਾਨੀ ਪਾਗਲ ਸਾਨ੍ਹ ਇੰਗਲੈਂਡ ਲਈ ਇਕ ਖਤਰਾ ਬਣ ਗਿਆ ਸੀ। ਅੰਤ ਵਿਚ 1795 ਵਿਚ, ਠੀਕ ਉਸੇ ਦਿਨ ਜਿਸ ਦਿਨ ਇੰਗਲੈਂਡ ਦੀ ਅਦਾਲਤ ਨੇ ਵਾਰੇਨ ਹੇਸਟਿੰਗਜ ਨੂੰ ਇੰਪੀਚਮੈਂਟ ਦੇ ਮੁਕੱਦਮੇ ਤੋਂ ਬਰੀ ਕੀਤਾ ਸੀ, ਰਾਤ ਦੇ ਨੌਂ ਵਜੇ ਇੰਪੀਰੀਅਲ ਆਰਮੀ ਦੀ ਇਕ ਟੁਕੜੀ ਨੇ ਉਸ ਸਾਨ੍ਹ ਨੂੰ ਗੋਲੀ ਮਾਰ ਦਿੱਤੀ ਸੀ।

ਕਹਿੰਦੇ ਹਨ ਉਸ ਸਾਨ੍ਹ ਦੇ ਸਰੀਰ ਵਿਚ ਇੰਨੀ ਚਰਬੀ ਸੀ ਕਿ ਲਾਲਚ ਵਿਚ ਆ ਕੇ ਬੰਗਲੇ ਦੇ ਇੱਕ ਨੌਕਰ ਨੇ ਡੇਵਨ ਪੋਰਟ ਲੈਦਰ ਫੈਕਟਰੀ ਨੂੰ ਚੋਰੀਓਂ ਉਹ ਚਰਬੀ ਵੇਚ ਦਿੱਤੀ। ਉਸ ਫੈਕਟਰੀ ਤੋਂ ਉਹ ਚਰਬੀ ਬੁਲਵਿਚ ਸ਼ਸ਼ਤਰਗਾਰ ਪਹੁੰਚੀ ਤੇ ਉਸਨੇ ਬਾਹਟ ਸਾਲ ਮਗਰੋਂ 1857 ਈਸਵੀ ਵਿਚ ਕੱਲਕਤੇ ਕੋਲ ਬੈਰਕਪੁਰ ਦੀ ਫ਼ੌਜੀ ਛਾਉਣੀ ਵਿਚ 29 ਮਾਰਚ ਨੂੰ ਜਦੋਂ ਮੰਗਲ ਪਾਂਡੇ ਨੇ ਅੰਗਰੇਜ਼ ਏਡਜੂਟੈਂਟ ਨੂੰ ਗੋਲੀ ਮਾਰੀ ਤਾਂ ਉਸ ਕਾਰਤੂਸ ਵਿਚ ਇਸੇ ਚਰਬੀ ਦੀ ਵਰਤੋਂ ਕੀਤੀ ਗਈ ਸੀ। ਰਾਸ਼ਟਰੀ ਮਹਾਂਯੁੱਧ-ਇਸਨੂੰ ਅੰਗਰੇਜ਼ਾਂ ਨੇ ਮਗਰੋਂ 'ਗੱਦਰ' ਕਿਹਾ-ਦਾ ਮੁੱਢ ਇਸੇ ਕਾਰਤੂਸ ਦੇ ਧਮਾਕੇ ਨਾਲ ਬੱਝਿਆ ਸੀ।

ਤਾਂ ਇਹ ਸੀ ਵਾਰੇਨ ਹੇਸਟਿੰਗਜ ਦੇ ਹਿੰਦੁਸਤਾਨੀ ਸਾਨ੍ਹ ਦੀ ਕਹਾਣੀ। ਸਵਾਲ ਇਹ ਰਹਿ ਜਾਂਦਾ ਹੈ ਕਿ ਕੀ ਉਹ ਸਾਨ੍ਹ ਸਿਰਫ ਆਪਣੀ ਗਊ ਤੇ ਆਪਣੀ ਸੰਤਾਨ ਦੇ ਦੁੱਖ ਵਿਚ ਪਾਗਲ ਹੋਇਆ ਸੀ, ਕੀ ਉਸਨੇ ਯੂਰਪ ਦੇ ਨਿਰਦਈ, ਅਮਨੁੱਖੀ ਤੇ ਦਇਆ, ਉਦਯੋਗਿਕ ਸਮਾਜ ਤੇ ਪੱਛਮੀ ਸੰਸਕ੍ਰਤੀ ਦੇ ਵਿਰੋਧ ਵਿਚ ਆਪਣੀ ਜਾਨ ਦਿੱਤੀ, ਕੀ ਉਹ ਆਪਣੇ ਦੇਸ਼ ਦੀਆਂ ਮਿੱਥਾਂ, ਪੁਰਾਣਾਂ, ਗਰੰਥਾਂ, ਅੰਧਵਿਸ਼ਵਾਸ਼ੀ ਤੇ ਪੁਰਾਣੀਆਂ ਪਰੰਪਰਾਵਾਂ ਲਈ ਕਿਸੇ ਕੱਟੜਪੰਥੀ ਸੰਪਰਦਾਇਕ ਵਾਂਗ ਲੜਿਆ ਤੇ ਮਾਰਿਆ ਗਿਆ ? ਕੀ ਉਹ ਬ੍ਰਿਟਿਸ਼ ਸਾਮਰਾਜ ਖਿਲਾਫ ਇਕ ਦੇਸ਼ਭਗਤ ਰਾਸ਼ਟਰਵਾਦੀ ਭਾਰਤੀ ਵਾਂਗ ਵਿਦਰੋਹ ਕਰਦਾ ਹੋਇਆ ਮਰਿਆ ?

ਜਾਂ ਉਹ ਇਕ ਮਾਮੂਲੀ ਸਾਨ੍ਹ ਸੀ ਜਿਸ ਨੂੰ ਸੈਮੂਅਲ ਟਰਨਰ ਨੇ ਤਿੱਬਤ ਦੇ ਇਕ ਬੁੱਢੇ ਲਾਮੇ ਤੋਂ ਲੈ ਕੇ ਭਾਰਤ ਦੇ ਪਹਿਲੇ ਅੰਗਰੇਜ਼ ਗਵਰਨਰ ਜਨਰਲ ਵਾਰੇਨ ਹੇਸਟਿੰਗਜ ਨੂੰ ਭੇਂਟ ਕੀਤਾ ਸੀ। ਜਾਂ ਉਹ ਗਊ 'ਚੋਖੀ' ਤੇ ਉਹ ਸਾਨ੍ਹ ਉਸ 'ਨੰਦਕੁਮਾਰ' ਦੇ ਪੁਨਰਜਨਮ ਸਨ ਜਿਸਦੀ ਮੌਤ ਵਿਚ ਵਾਰੇਨ ਹੇਸਟਿੰਗਜ ਦੀ ਭੂਮਿਕਾ ਸੀ ? ਜਾਂ ਉਹ ਸਾਨ੍ਹ ਅਸਲ ਵਿਚ ਸ਼ਹੀਦ ਹੋਇਆ ਸੀ ? ਤੇ ਜੇ ਅਜਿਹਾ ਹੈ ਤਾਂ ਕੀ ਇਹ ਮੰਗ ਗੈਰ-ਵਾਜਿਬ ਹੈ ਕਿ ਰਾਜਘਾਟ ਦੇ ਨੇੜੇ ਤੇੜੇ ਕੋਈ ਯਾਦਗਾਰ ਉਸਦੀ ਯਾਦ ਵਿਚ ਹੋਣੀ ਚਾਹੀਦੀ ਹੈ।

ਇੰਨਾ ਨਹੀਂ ਤਾਂ ਘੱਟ ਤੋਂ ਘੱਟ ਆਜ਼ਾਦੀ ਦੇ ਪੰਜਾਹ ਸਾਲਾਂ ਬਾਅਦ, ਸੁਤੰਤਰ ਭਾਰਤ ਦੀ ਰਾਜਧਾਨੀ ਦਿੱਲੀ ਦੀ ਕਿਸੇ ਟੁੱਟੀ-ਫੁੱਟੀ ਸੜਕ ਦਾ ਨਾਂ ਹੀ ਉਸ ਅਭਾਗੇ ਹਿੰਦੁਸਤਾਨੀ ਸਾਨ੍ਹ ਦੇ ਨਾਂ 'ਤੇ ਹੋਣਾ ਚਾਹੀਦਾ ਹੈ, ਜੋ ਲਗਭਗ ਦੋ ਸੌ ਸਾਲ ਪਹਿਲਾਂ 1795 ਵਿਚ ਇੰਗਲੈਂਡ ਦੇ ਬਰਕਸ਼ਾਯਰ ਨਾਂ ਦੇ ਸ਼ਹਿਰ ਵਿਚ ਫ਼ੌਜ ਦੀਆਂ ਗੋਲੀਆਂ ਨਾਲ ਮਾਰਿਆ ਗਿਆ।

ਉਂਝ, ਤਿੱਬਤ ਦਾ ਉਹ ਬੁੱਢਾ ਲਾਮਾ ਦਿੱਲੀ ਦੇ 'ਮਜਨੂੰ ਦਾ ਟਿੱਲਾ' ਨਾਂ ਦੇ ਇਲਾਕੇ ਵਿਚ ਸ਼ਰਨਾਰਥੀ ਦੇ ਰੂਪ ਵਿਚ ਹੁਣ ਵੀ ਰਹਿੰਦਾ ਹੈ। ਉਸ ਨੂੰ ਸੈਮੂਅਲ ਟਰਨਰ ਦੀ ਯਾਦ ਹੈ ਜਿਸਨੂੰ ਲਗਭਗ ਸਵਾ ਦੋ ਸੌ ਸਾਲ ਪਹਿਲਾਂ ਮਿਲਿਆ ਸੀ। ਉਹ ਭੇਤ ਭਰੀਆਂ ਝੁਰੜੀਆਂ ਵਿਚ ਮੁਸਕਰਾਉਂਦਾ ਹੋਇਆ ਕਹਿੰਦਾ ਹੈ, "ਉਹ ਸਾਨ੍ਹ ਅਜੇ ਮਰਿਆ ਨਹੀਂ ਹੈ।"

## ਪਲੰਘ/ਪ੍ਰਿਯੰਵਦ

ਉਸ ਸਾਲ ਜਦੋਂ ਪਲਾਸ਼ ਦੀਆਂ ਰੁੰਡ-ਮੁਰੰਡ ਟਾਹਣੀਆਂ ’ਤੇ ਪਹਿਲਾ ਫੁੱਲ ਖਿੜਿਆ ਤਾਂ ਮਾਂ ਪੂਰੀ ਤਰ੍ਹਾਂ ਤੰਦਰੁਸਤ ਸੀ। ਜਦੋਂ ਪੂਰਾ ਰੁੱਖ ਦਹਿਕਦਾ ਜੰਗਲ ਬਣ ਗਿਆ, ਉਦੋਂ ਤਾਈਂ ਮਾਂ ਬਿਮਾਰ ਪੈ ਚੁੱਕੀ ਸੀ। ਜਿਸ ਰਾਤ ਅਚਾਨਕ ਤੇਜ਼ ਮੀਂਹ ਕਾਰਨ ਸਾਰੇ ਫੁੱਲ ਟੁੱਟ ਕੇ ਡਿੱਗ ਪਏ ਤੇ ਰੁੱਖ ਹੇਠਾਂ ਮਿੱਧੇ ਪਏ ਸੁਰਖ਼ ਫੁੱਲਾਂ ਦੀ ਦਲਦਲ ਬਣ ਗਈ, ਉਦੋਂ ਮਾਂ ਮਰ ਗਈ ਸੀ।

ਉਹ ਇਕ ਛੋਟਾ ਜਿਹਾ ਪੁਰਾਣਾ ਸਿੱਲ੍ਹਾ ਉਖੜੇ ਲਿਉੜਾਂ ਵਾਲਾ ਤਿੰਨ ਕੋਨਿਆਂ ਦਾ ਕਮਰਾ ਸੀ ਜਿਸ ਵਿੱਚ ਅਸੀਂ ਰਹਿੰਦੇ ਸੀ। ਇਕ ਕੋਨੇ ਵਿੱਚ ਮਾਂ ਸੀ, ਦੂਜੇ ’ਚ ਮੈਂ ਤੇ ਤੀਜੇ ਕੋਨੇ ’ਚ ਇਕ ਵੱਡਾ ਪਲੰਘ ਪਿਆ ਸੀ ਜਿਸ ’ਤੇ ਮੈਂ ਮਾਂ ਦੇ ਨਾਲ ਸੌਂਦਾ ਸੀ। ਕਮਰੇ ਦੇ ਆਪਣੇ ਕੋਨਿਆਂ ’ਤੇ ਸਾਡਾ ਪੂਰਾ ਅਧਿਕਾਰ ਸੀ। ਸਾਡੇ ਦੋਹਾਂ ’ਚੋਂ ਕੋਈ ਵੀ ਇਕ ਦੂਜੇ ਦੇ ਅਧਿਕਾਰਾਂ ’ਚ ਦਖ਼ਲ ਨਹੀਂ ਸੀ ਦਿੰਦਾ। ਮਾਂ ਆਪਣੇ ਕੋਨੇ ’ਚ ਆਪਣੀ ਪੂਰੀ ਸਲਤਨਤ ਫੈਲਾਈ ਰੱਖਦੀ ਸੀ। ਇਕ ਛੋਟੀ ਜਿਹੀ ਚੌਂਕੀ, ਉਸ ’ਤੇ ਉਸ ਦਾ ਰੱਬ, ਪੁਰਾਣੇ ਸਮਿਆਂ ਦੇ ਟੀਨ ਦੇ ਦੋ ਟਰੰਕ-ਦੋ ਗਠੜੀਆਂ-ਕੁਝ ਮਰਤਬਾਨ-ਕੁਝ ਪੁਰਾਣੇ ਕੱਪੜੇ-ਇਕ ਜੋੜੀ ਮਾਲਾ-ਟਾਰਚ-ਹੱਥ ਨਾਲ ਹਵਾ ਝੱਲਣ ਵਾਲਾ ਪੱਖਾ-ਕੁਝ ਪੁਰਾਣੇ ਸਿੱਕੇ ਆਦਿ। ਮੇਰੇ ਹਿੱਸੇ ’ਚ ਕੁਝ ਖਾਸ ਨਹੀਂ ਸੀ। ਕੁਝ ਕਿਤਾਬਾਂ-ਲੱਕੜ ਦੀ ਪੁਰਾਣੀ ਅਲਮਾਰੀ-ਉਸ ’ਚ ਸਸਤੀ ਸ਼ਰਾਬ ਦੀਆਂ ਬੋਤਲਾਂ-ਕੁਝ ਕੱਪੜੇ ਤੇ ਮੇਰੀ ਪਕਰੋੜ ਉਮਰ ’ਤੇ ਹਮੇਸ਼ਾ ਛਾਈ ਰਹਿਣ ਵਾਲੀ ਅਦਿੱਖ ਚੁੱਪ-ਲਗਭਗ ਉਦਾਸੀ ਜਾਂ ਹਮਦਰਦੀ ਦੇ ਵਿਚਕਾਰਲੀ ਕੋਈ ਚੀਜ਼ ਸੀ। ਛੋਟੀ ਜਿਹੀ ਖਿੜਕੀ ਲਾਗੇ ਤੀਸਰਾ ਕੋਣਾ ਸੀ। ਉਸ ’ਚ ਉਹੋ ਵੱਡਾ ਸਾਰਾ ਪਲੰਘ ਸੀ ਜੋ ਉਸ ਪੂਰੇ ਕਮਰੇ ਨੂੰ ਆਪਣੀ ਸੁੰਦਰਤਾ ਨਾਲ ਪ੍ਰਭਾਵਤ ਕਰੀ ਰੱਖਦਾ ਸੀ। ਉਸ ਨੂੰ ਮਾਂ ਆਪਣੇ ਵਿਆਹ ਵਿੱਚ ਲਿਆਈ ਸੀ। ਮਾਂ ਨੂੰ ਉਸ ਪਲੰਘ ’ਤੇ ਬੜਾ ਮਾਣ ਸੀ। ਪੁਰਾਣੇ ਜ਼ਮਾਨੇ ਦਾ ਵਿਸ਼ਾਲ ਪਲੰਘ ਜਿਸ ’ਤੇ ਮਾਂ ਕਦੇ ਮੇਰੇ ਪਿਉ ਨਾਲ ਸੌਂਦੀ ਹੁੰਦੀ ਸੀ। ਉਸ ਪਲੰਘ ਨਾਲ ਉਸਦੇ ਕਈ ਗੁਜ਼ਰੇ ਹੋਏ ਦਿਨ ਜੁੜੇ ਹੋਏ ਸਨ, ਜੋ ਅਕਸਰ ਰਾਤ ਵੇਲੇ ਉਸਦੇ ਆਲੇ-ਦੁਆਲੇ ਜਿਉਂ ਉਠਦੇ ਸਨ। ਕਈ ਰਾਤਾਂ ਨੂੰ ਮੈਂ ਚੁੱਪਚਾਪ ਮਾਂ ਨੂੰ ਉਨ੍ਹਾਂ ਦਿਨਾਂ ਨਾਲ ਗੱਲਾਂ ਕਰਦੇ ਦੇਖਿਆ ਤੇ ਸੁਣਿਆ ਸੀ। ਅਚਾਨਕ ਉਵੇਂ ਹੀ ਮੁਸਕਰਾਉਂਦਿਆਂ-ਰੋਂਦਿਆਂ ਤੇ ਕਦੇ-ਕਦੇ ਸ਼ਰਮਾਉਂਦਿਆਂ ਹੋਇਆਂ ਵੀ। ਮੈਨੂੰ ਅਕਸਰ ਲੱਗਦਾ ਸੀ ਕਿ ਮਾਂ ਮੇਰੇ ਨਾਲੋਂ ਜ਼ਿਆਦਾ ਪਲੰਘ ਦੇ ਨੇੜੇ ਹੈ। ਅਕਸਰ ਜੋ ਕੁਝ ਉਹ ਮੈਨੂੰ ਨਹੀਂ ਕਹਿੰਦੀ, ਚੁੱਪਚਾਪ ਪਲੰਘ ਨਾਲ ਸਾਂਝਾ ਕਰ ਲੈਂਦੀ ਸੀ।

ਅਕਸਰ ਛੁੱਟੀਆਂ ’ਚ ਪੂਰੇ ਦਿਨ ਜਾਂ ਸਵੇਰ ਦੇ ਵਿਹਲੇ ਵੇਲੇ ਮੈਂ ਚੁੱਪਚਾਪ ਮਾਂ ਨੂੰ ਦੇਖਦਾ ਸੀ। ਉਹ ਬਹੁਤ ਸਾਝਰੇ ਉੱਠਦੀ ਤੇ ਆਪਣਾ ਸਾਰਾ ਕੰਮ ਕਰ ਲੈਂਦੀ ਸੀ। ਉਸਦੀ ਪੂਰੀ ਕੋਸ਼ਿਸ਼ ਹੁੰਦੀ ਸੀ ਕਿ ਉਸਦੀ ਬਿੜਕ ਨਾਲ ਮੇਰੀ ਨੀਂਦ ਨਾ ਖੁੱਲ੍ਹੇ। ਮੈਂ ਅਕਸਰ ਜਾਗਦਿਆਂ ਉਸਨੂੰ ਦੇਖਦਾ ਸੀ। ਉਸਦੀ ਹਰ ਕਿਰਿਆ ਇੰਨੀ ਪਕੜ ਵਾਲੀ ਤੇ ਨਿਸ਼ਚਿਤ ਹੁੰਦੀ ਸੀ ਕਿ ਮੈਂ ਅੱਖਾਂ ਬੰਦ ਕੀਤਿਆਂ ਹੋਇਆਂ ਵੀ ਸਮਝਦਾ ਰਹਿੰਦਾ ਸੀ ਕਿ ਉਹ ਕੀ ਕਰ ਰਹੀ ਹੋਵੇਗੀ। ਹੁਣ ਸਫ਼ਾਈ-ਹੁਣ ਕੱਪੜੇ ਧੋਣਾ-ਮਾਲਾ ਫੇਰਨਾ-ਜਾਂ ਅਜਿਹਾ ਹੀ ਕੁਝ ਹੋਰ। ਸਵੇਰੇ ਉਠ ਕੇ ਉਹ ਸਭ ਤੋਂ ਪਹਿਲਾਂ ਆਪਣਾ ਕੋਣਾ ਸਾਫ਼ ਕਰਦੀ-ਫੇਰ ਮੇਰਾ ਹਿੱਸਾ-ਫੇਰ ਉਹ ਨਹਾਉਂਦੀ। ਨਹਾਉਣ ਵੇਲੇ ਉਹ ਬਹੁਤ ਸਮਾਂ ਲਾਉਂਦੀ। ਸਫ਼ਾਈ



ਲਈ ਉਹ ਬਹੁਤ ਚਿੰਤੁਤ ਰਹਿੰਦੀ ਸੀ। ਹਰ ਚੀਜ਼ ਨੂੰ ਦੋ-ਤਿੰਨ ਵਾਰ ਸਾਫ਼ ਕਰਦੀ। ਸਾਰਾ ਫਰਸ਼-ਕੰਧਾਂ-ਬਾਲਟੀ-ਕੱਪੜੇ ਤੇ ਆਪਣਾ ਪਿੰਡਾ ਵੀ। ਸਫ਼ਾਈ ਕਰਦਿਆਂ-ਕਰਦਿਆਂ ਉਹ ਅਕਸਰ ਬਾਹਰ ਕਮਰੇ ’ਚ ਚਲੀ ਜਾਂਦੀ-ਕੋਈ ਭੁੱਲੀ ਚੀਜ਼ ਲੈਣ ਜਾਂ ਅੰਦਰ ਕੁਝ ਸਾਫ਼ ਕਰਦਿਆਂ-ਕਰਦਿਆਂ ਬਾਹਰ ਕੁਝ ਸਾਫ਼ ਕਰਨਾ ਯਾਦ ਆ ਜਾਣ ’ਤੇ। ਮੈਂ ਚੁੱਪਚਾਪ ਲੰਮਾ ਪਿਆ ਉਸਨੂੰ ਦੇਖਦਾ। ਉਸਦਾ ਝੁਕਿਆ ਹੋਇਆ ਲੱਕ-ਲਟਕਦੀਆਂ ਝੁਰੜੀਆਂ-ਪਿਚਕਿਆ ਹੋਇਆ ਮੂੰਹ ਤੇ ਉਸ ’ਤੇ ਚਿੰਬੜਿਆ ਰਹਿਣ ਵਾਲਾ ਇਕ ਫਿਕਰ। ਉਹ ਬਾਹਰ ਆ ਕੇ ਅਕਸਰ ਸਿਰਫ਼ ਇਕੋ ਕੱਪੜੇ ਵਿੱਚ ਹੀ ਅਜਿਹਾ ਕਰਨ ਲੱਗਦੀ। ਆਪਣੇ ਲਗਭਗ ਨਿਰਵਸਤਰ ਹੋਣ ਤੋਂ ਬਿਲਕੁਲ ਬੇਖ਼ਬਰ। ਮੈਂ ਉਦੋਂ ਅੱਖਾਂ ਬੰਦ ਕਰ ਲੈਂਦਾ ਤੇ ਮੂੰਹ ਘੁੰਮਾ ਲੈਂਦਾ।

ਮਾਂ ਦੀ ਅਜਿਹੀ ਹਾਲਤ ਮੇਰੇ ਅੰਦਰ ਹਮੇਸ਼ਾ ਅਜੀਬ ਜਿਹੀ ਜਗਿਆਸਾ ਪੈਦਾ ਕਰ ਦਿੰਦੀ। ਮੈਂ ਚਾਹੁੰਦਾ ਸੀ ਕਿ ਉਸ ਨੂੰ ਇਸ ਤਰ੍ਹਾਂ ਲਾਪ੍ਰਵਾਹ ਹੋਣ ਤੋਂ ਰੋਕਾਂ-ਆਪਣਾ ਗੁੱਸਾ ਜਾਹਰ ਕਰਾਂ ਪਰ ਮੈਥੋਂ ਉਸ ਨੂੰ ਕੁਝ ਵੀ ਸਿੱਧਾ ਨਹੀਂ ਸੀ ਕਿਹਾ ਜਾਂਦਾ। ਵਰ੍ਹਿਆਂ ਤੋਂ ਮਾਂ ਦਾ ਰੋਜ਼ਾਨਾ ਇਹੀ ਕੰਮ ਸੀ। ਮੈਨੂੰ ਲੱਗਦਾ ਸੀ ਕਿ ਮੇਰੇ ਕੁਝ ਵੀ ਕਹਿਣ ’ਤੇ ਉਹ ਅਚਾਨਕ ਇੰਨੀ ਸ਼ਰਮਿੰਦਾ ਤੇ ਅਸਹਿਜ ਹੋ ਜਾਊਗੀ ਕਿ ਉਸਦੇ ਜੀਵਨ ਦਾ ਸਾਰਾ ਸੰਤੁਲਨ ਖ਼ਤਮ ਹੋ ਜਾਊਗਾ। ਉਹ ਸਭ ਜੋ ਇੰਨੀ ਅਸਾਨੀ ਤੇ ਨਿਸ਼ਚਿਤਾ ਨਾਲ ਕਰਦੀ ਹੋਈ ਸਹਿਜ ਜੀਵਨ ਜਿਉਂਦੀ ਹੈ, ਉਹ ਖਿੰਡ-ਪੁੰਡ ਜਾਊਗਾ। ਮੈਂ ਕੁਝ ਵੀ ਨਹੀਂ ਕਹਿੰਦਾ ਪਰ ਫੇਰ ਵੀ ਆਪਣੀ ਜਗਿਆਸਾ ਲੁਕਾ ਨਹੀਂ ਸਕਦਾ। ਪਲੰਘ ਤੋਂ ਉਠਣ ਤੋਂ ਬਾਅਦ ਉਸ ਨਾਲ ਕੁਝ ਨਹੀਂ ਬੋਲਦਾ ਤੇ ਚਿਹਰੇ ’ਤੇ ਇਕ ਤਰ੍ਹਾਂ ਦੀ ਚੁੱਪ ਲਈ ਬੈਠਾ ਰਹਿੰਦਾ। ਮੈਨੂੰ ਉਹ ਡਰ ਤੇ ਦੁਖ ਨਾਲ ਚੁੱਪਚਾਪ ਦੇਰ ਤੱਕ ਦੇਖਦੀ ਰਹਿੰਦੀ, ਕਦੇ ਹਿੰਮਤ ਕਰਕੇ ਪੁੱਛ ਲੈਂਦੀ, “ਕੀ ਹੋਇਆ ?”

ਮੈਂ ‘ਕੁਝ ਨਹੀਂ’ ਕਹਿੰਦਾ। ਸਿਰ ਝੁਕਾ ਕੇ ਸਿਗਰਟ ਫੂਕਦਾ ਰਹਿੰਦਾ। ਮੈਂ ਨਹੀਂ ਸੀ ਚਾਹੁੰਦਾ ਕਿ ਮੈਂ ਕੁਝ ਕਹਾਂ। ਮੇਰੇ ਇਕ ਵਾਰ ਕੁਝ ਵੀ ਬੋਲਣ ’ਤੇ ਉਹ ਉਤਸ਼ਾਹਤ ਹੋ ਜਾਂਦੀ ਸੀ ਤੇ ਫੇਰ ਉਹ ਬਹੁਤ ਕੁਝ ਬੋਲਣਾ ਸ਼ੁਰੂ ਕਰ ਦਿੰਦੀ ਜੋ ਮੇਰੇ ਤੇ ਉਸ ਦੇ ਵਿਚਕਾਰਲੀ ਚੁੱਪ ਪਰ ਮੰਨੀਆਂ ਸਥਿਤੀਆਂ ਨੂੰ ਉਲਟ-ਪੁਲਟ ਕਰ ਦਿੰਦਾ ਸੀ। ਮੇਰੀ ਤਣਾਉ ਭਰੀ ਖਾਮੋਸ਼ੀ ਨਾਲ ਉਸਦੇ ਚਿਹਰੇ ਦੀ ਪੀੜ, ਅੰਦਰ ਦੀ ਬੇਚੈਨੀ ਹੋਰ ਵੱਧ ਜਾਂਦੀ।

“ਤਬੀਅਤ ਠੀਕ ਨ੍ਹੀਂ ?” ਉਹ ਇਕ ਵਾਰ ਫੇਰ ਹੌਂਸਲਾ ਕਰਦੀ। ਕੁਝ ਕੌੜਾ ਬੋਲਣ ਲਈ ਮੈਂ ਸਿਰ ਉਤਾਂਹ ਚੁੱਕਦਾ ਪਰ ਉਸਦੇ ਚਿਹਰੇ ਦਾ ਤਣਾਉ ਤੇ ਉਮਰ ਦਾ ਲਿਹਾਜ ਦੇਖ ਕੇ ਚੁੱਪ ਹੋ ਜਾਂਦਾ। ਉਹ ਉਸ ਵੇਲੇ ਸੱਚਮੁੱਚ ਕੰਬ ਰਹੀ ਹੁੰਦੀ-ਇਸ ਸ਼ੱਕ ਨਾਲ ਕਿ ਕਿਤੇ ਮੈਂ ਕੁਝ ਕਹਿ ਨਾ ਦੇਵਾਂ। ਮੇਰੇ ਕਿਸੇ ਵੀ ਦੁੱਖ ਦਰਦ ਦੀ ਕਲਪਨਾ ਤੋਂ ਉਹ ਇਸੇ ਤਰ੍ਹਾਂ ਕੰਬਣ ਲੱਗਦੀ।

ਮੇਰੀ ਇਸ ਚੁੱਪ ਤੋਂ ਉਹ ਸ਼ਾਇਦ ਕੁਝ ਅਨੁਮਾਨ ਲਾ ਲੈਂਦੀ। ਮੈਨੂੰ ਇਹ ਕਦੇ ਵੀ ਸਮਝ ਨਹੀਂ ਸੀ ਆਇਆ ਕਿ ਮਾਂ ਮੇਰੇ ਅੰਦਰ ਦਾ ਸਾਰਾ ਕੁਝ ਕਿਵੇਂ ਜਾਣ ਲੈਂਦੀ ਹੈ। ਉਸ ਕੋਲ ਅਜਿਹਾ ਕਿਹੜਾ ਮੰਤਰ ਹੈ। ਉਹ ਫਿਰ ਸੁਚੇਤ ਰਹਿਣ ਲੱਗਦੀ। ਅਕਸਰ ਉਸ ਅਵਸਥਾ ’ਚੋਂ ਬਾਹਰ ਨਹੀਂ ਸੀ ਨਿਕਲਦੀ, ਨਿਕਲਦੀ ਵੀ ਤਾਂ ਇਸ ਯਕੀਨ ਨਾਲ ਕਿ ਮੈਂ ਸੌਂ ਰਿਹਾ ਹਾਂ। ਇਹ ਪੱਕਾ ਕਰਨ ਲਈ ਸ਼ਾਇਦ ਉਹ ਬਹੁਤ ਦੇਰ ਤੱਕ ਦਰਵਾਜ਼ੇ ਦੇ ਉਹਲੇ ਚੁੱਪਚਾਪ ਮੈਨੂੰ ਦੇਖਦੀ ਰਹਿੰਦੀ।

ਇਕ ਦਿਨ ਮੈਂ ਕੁਝ ਜ਼ਿਆਦਾ ਸ਼ਰਾਬ ਪੀਤੀ ਹੋਈ ਸੀ। ਕਿਉਂਜੁ ਜਿਸ ਔਰਤ ਨਾਲ ਮੈਂ ਵਿਆਹ ਕਰਵਾਉਣਾ ਚਾਹੁੰਦਾ ਸੀ ਤੇ ਜੋ ਮੇਰੇ ਨਾਲ ਵਿਆਹ ਕਰਨਾ ਚਾਹੁੰਦੀ ਸੀ, ਉਸ ਨਾਲ ਮੇਰਾ ਝਗੜਾ ਹੋ ਗਿਆ ਸੀ। ਉਂਝ, ਅਸੀਂ ਬੜੇ ਚਿਰ ਤੋਂ ਇਕ ਦੂਜੇ ਨੂੰ ਪਿਆਰ ਕਰਦੇ ਸੀ-ਇੰਨੇ ਸਾਲਾਂ ਤੋਂ ਕਿ ਮੇਰੇ ਵਾਂਗ ਉਸਦੀ ਵੀ ਉਮਰ ਢੱਲਣ ਲੱਗੀ ਸੀ। ਸਿਰ ਦਾ ਇਕ ਅੱਧ ਵਾਲ ਸਫੈਦ ਹੋ ਗਿਆ ਸੀ ਤੇ ਛਾਤੀਆਂ ਬਿਲਕੁਲ ਢਿੱਲੀਆਂ ਪੈ ਗਈਆਂ ਸਨ। ਥੱਕ ਕੇ ਲਗਭਗ ਸੰਵੇਦਨਹੀਣਤਾ ਦੀ ਹੱਦ ਤੱਕ ਉਹ ਪਿਆਰ ’ਚ ਜੜ੍ਹਹੀਣ ਰਹਿਣ ਲੱਗ ਪਈ ਸੀ। ਉਸ ਕਮਰੇ ’ਚ ਇਕ ਚੌਥਾ ਕੋਣਾ ਹੁੰਦਾ ਤਾਂ

ਮੈਂ ਉਸ ਨਾਲ ਵਿਆਹ ਕਰ ਲੈਂਦਾ। ਇਸ ਗੱਲ ’ਤੇ ਉਹ ਅਕਸਰ ਮੇਰੇ ਨਾਲ ਲੜ ਪੈਂਦੀ ਸੀ। ਉਸਦਾ ਕਹਿਣਾ ਸੀ ਕਿ ਪਲੰਘ ਨੂੰ ਉਥੋਂ ਹਟਾ ਕੇ ਅਸੀਂ ਉਸ ਕੋਣੇ ਵਿੱਚ ਰਹਿ ਸਕਦੇ ਹਾਂ। ਪਰ ਮੈਂ ਜਾਣਦਾ ਸੀ ਕਿ ਇਹ ਮਾਂ ਲਈ ਸੰਭਵ ਨਹੀਂ। ਜਦੋਂ ਕਦੇ ਮੈਂ ਪਲੰਘ ਤੋਂ ਬਿਨਾਂ ਮਾਂ ਬਾਰੇ ਸੋਚਦਾ ਤਾਂ ਮੈਨੂੰ ਇਹ ਢਹਿੰਦੇ ਹੋਏ ਮਕਾਨ ਦਾ ਖਿਆਲ ਆਉਂਦਾ ਸੀ। ਰਾਤ ਨੂੰ ਜਦੋਂ ਮਾਂ ਮੇਰੇ ਨਾਲ ਉਸ ਪਲੰਘ ’ਤੇ ਪੈਂਦੀ ਸੀ ਤਾਂ ਉਦੋਂ ਹੀ ਆਪਣੇ ਸਾਰੇ ਦਿਨ ਦੀ ਚੁੱਪ–ਮੇਰੇ ਸੰਨਾਟੇ–ਆਪਣੇ ਅੱਖ ਦੀ ਸਫੈਦੀ–ਝੁਰੜੀਆਂ ’ਚੋਂ ਬਾਹਰ ਨਿਕਲਦੀ। ਮੇਰੀ ਹਥੇਲੀ ਨੂੰ ਛੂੰਹਦੀ ਜਾਂ ਸਿਰ ’ਤੇ ਹੱਥ ਫੇਰ ਦਿੰਦੀ। ਮੈਂ ਬਿਨਾਂ ਕੁਝ ਮਹਿਸੂਸ ਕੀਤਿਆਂ ਜਾਂ ਅਣਜਾਣ ਜਿਹਾ ਦਿੱਸਣ ਦਾ ਬਹਾਨਾ ਕਰਦਾ ਰਹਿੰਦਾ। ਉਹ ਹੌਲੀ–ਹੌਲੀ ਕੁਝ ਬੋਲਦੀ। ਉਸ ’ਚ ਮੇਰੀਆਂ ਚਿੰਤਾਵਾਂ ਜ਼ਿਆਦਾ ਹੁੰਦੀਆਂ। ਮੇਰਾ ਉਤਰਿਆ ਹੋਇਆ ਚਿਹਰਾ, ਮੇਰੀ ਵਧਦੀ ਉਮਰ, ਮੇਰਾ ਇਕੱਲਾਪਣ। ਕਦੇ–ਕਦੇ ਮੈਂ ਮੁਸਕਰਾ ਦਿੰਦਾ ਤਾਂ ਉਹ ਉਤਸ਼ਾਹ ਨਾਲ ਮੈਨੂੰ ਆਪਣੇ ਗੌਰਵਮਈ ਬੀਤੇ ਬਾਰੇ ਦੱਸਣ ਲੱਗਦੀ ਕਿ ਕਿਵੇਂ ਇਸੇ ਪਲੰਘ ’ਤੇ ਉਹ ਇਸੇ ਤਰ੍ਹਾਂ ਪੈਂਦੀ ਹੁੰਦੀ ਸੀ ਤੇ ਕਿਵੇਂ ਮੈਂ ਇਸ ਪਲੰਘ ’ਤੇ ਪੈਦਾ ਹੋਣ ਤੋਂ ਬਾਅਦ ਇਸੇ ਥਾਂ ’ਤੇ ਪੈਂਦਾ ਹੁੰਦਾ ਸੀ। ਪਲੰਘ ਇਕ ਤਰ੍ਹਾਂ ਨਾਲ ਉਸਦੀ ਹੋਂਦ ਦੀ ਪਹਿਚਾਣ ਸੀ–ਉਸ ਸਥਿਤੀ ਦੀ ਸਾਰਥਕਤਾ ਤੇ ਕੋਈ ਅਰਥ ਸੀ। ਪਲੰਘ ’ਤੇ ਹੀ ਉਸਨੂੰ ਮੇਰੀ ਨੇੜਤਾ ਮਿਲਦੀ ਸੀ ਜੋ ਉਸਦੀ ਬਚੀ ਹੋਈ ਉਮਰ ਦਾ ਬਾਕੀ, ਇਕੱਲਾ ਸੁੱਖ ਸੀ।

ਉਂਞ ਮਾਂ ਵੀ ਉਸ ਔਰਤ ਨੂੰ ਜਾਣਦੀ ਸੀ। ਮੈਂ ਅਕਸਰ ਉਸਨੂੰ ਆਪਣੇ ਨਾਲ ਕਮਰੇ ’ਚ ਲੈ ਆਉਂਦਾ ਸੀ। ਉਹ ਮਾਂ ਨੂੰ ਮਿਲਦੀ ਸੀ। ਉਸਨੂੰ ਦੇਖ ਕੇ ਮਾਂ ਸੱਚਮੁੱਚ ਖ਼ੁਸ਼ ਹੋ ਜਾਂਦੀ ਸੀ। ਉਸ ਨੂੰ ਆਪਣੇ ਕੋਣੇ ’ਚ ਬਿਠਾਉਂਦੀ ਸੀ ਤੇ ਬਹੁਤ ਸਾਰੀਆਂ ਗੱਲਾਂ ਕਰਿਆ ਕਰਦੀ ਸੀ–ਉਹ ਸਾਰੀਆਂ ਗੱਲਾਂ ਜੋ ਉਹ ਜਾਂ ਤਾਂ ਰਾਤ ਨੂੰ ਪਲੰਘ ਨਾਲ ਕਰਦੀ ਸੀ ਜਾਂ ਮੈਨੂੰ ਨਾ ਕਹਿ ਸਕਣ ਕਾਰਨ ਆਪਣੇ ਅੰਦਰ ਜਮ੍ਹਾ ਰੱਖਦੀ ਸੀ। ਲੱਗਦਾ ਸੀ ਕਿ ਮਾਂ ਦੇ ਅੰਦਰ ਸਾਡੇ ਸੰਬੰਧਾਂ ਕਾਰਨ ਆਪਣੇ ਆਪ ਨੂੰ ਲੈ ਕੇ ਕੋਈ ਅਪਰਾਧਬੋਧ ਸੀ ਜਿਸ ਨੂੰ ਉਹ ਉਸ ਔਰਤ ਨਾਲ ਜ਼ਿਆਦਾ ਗੱਲਾਂ ਕਰ ਕੇ, ਜ਼ਿਆਦਾ ਆਓ ਭਗਤ ਕਰ ਕੇ ਦਬਾਈ ਰੱਖਦੀ ਸੀ। ਆਪਣੇ ਕੋਣੇ ’ਚ ਬੈਠਾ ਮੈਂ ਉਨ੍ਹਾਂ ਦੀਆਂ ਗੱਲਾਂ ਸੁਣਦਾ ਤੇ ਚੁੱਪਚਾਪ ਸਿਗਰਟ ਪੀਂਦਾ ਹੋਇਆ ਵਿਚ–ਵਿਚ ਮੁਸਕਰਾ ਪੈਂਦਾ। ਮੇਰੇ ਮੁਸਕਰਾਉਣ ਨਾਲ ਮਾਂ ਇਤਰਾਉਣ ਲੱਗਦੀ ਤੇ ਮੇਰੇ ਨਾਲ ਹੋਰ ਜ਼ਿਆਦਾ ਗੱਲਾਂ ਕਰਦੀ। ਮੇਰੇ ਜੁਆਬ ਦੇਣ ’ਤੇ ਉਸਨੂੰ ਬਹੁਤ ਜ਼ਿਆਦਾ ਸ਼ਾਂਤੀ ਮਿਲਦੀ ਕਿਉਂਜੁ ਉਹ ਇਹ ਮੰਨ ਲੈਂਦੀ ਕਿ ਮੈਂ ਤੰਦਰੁਸਤ, ਸੁਖੀ ਤੇ ਸੰਤੁਸ਼ਟ ਹਾਂ ਤੇ ਉਸ ਦੀ ਹੋਂਦ ਨੂੰ ਆਪਣੇ ਜੀਵਨ ਵਿੱਚ ਮਹੱਤਵ ਦਿੰਦਾ ਹਾਂ। ਉਹ ਅਚਾਨਕ ਆਪਣੇ ਆਪ ਨੂੰ ਮਹੱਤਵਪੂਰਨ ਮਹਿਸੂਸ ਕਰਨ ਲੱਗਦੀ ਤੇ ਇਸ ਭਾਵਨਾ ਨਾਲ ਮੇਰੇ ’ਤੇ ਕੁਝ ਹੱਕ ਵੀ ਜਤਾਉਣ ਲੱਗਦੀ ਜਿਸ ਨੂੰ ਮੈਂ ਨਾ ਚਾਹੁਣ ’ਤੇ ਵੀ ਚੁੱਪਚਾਪ ਮੰਜ਼ੂਰ ਕਰਦਾ ਰਹਿੰਦਾ। ਹੌਲੀ–ਹੌਲੀ ਇਹ ਸਥਿਤੀ ਮੇਰੇ ਲਈ ਨਾ ਸਹਿਣਯੋਗ ਹੋਣ ਲੱਗਦੀ ਜਿਸ ਨੂੰ ਮਾਂ ਸਮਝ ਲੈਂਦੀ ਤੇ ਉਠ ਕੇ ਗੁਆਂਢੀਆਂ ਦੇ ਘਰ ਚਲੀ ਜਾਂਦੀ। ਉਹ ਜਾਣਦੀ ਸੀ ਕਿ ਮੈਂ ਉਸ ਔਰਤ ਨੂੰ ਕਿਉਂ ਲਿਆਉਂਦਾ ਹਾਂ। ਉਸਨੂੰ ਪਤਾ ਸੀ ਕਿ ਅਸੀਂ ਕਿਉਂ ਇਕ ਲੰਬੀ ਇਕੱਲਤਾ ਚਾਹੁੰਦੇ ਹਾਂ। ਉਹ ਉਦੋਂ ਹੀ ਵਾਪਸ ਮੁੜਦੀ ਜਦੋਂ ਕਾਫ਼ੀ ਦੇਰ ਬਾਅਦ ਮੈਂ ਉਸਨੂੰ ਲੈ ਕੇ ਘਰੋਂ ਚਲਾ ਜਾਂਦਾ।

ਉਸ ਰਾਤ ਮੇਰਾ ਉਸ ਔਰਤ ਨਾਲ ਝਗੜਾ ਹੋ ਗਿਆ ਸੀ। ਉਸ ਰਾਤ ਠੰਢ ਕੁਝ ਜ਼ਿਆਦਾ ਸੀ। ਇੰਨੀ ਕਿ ਮੈਂ ਉੱਥੇ ਹੀ ਸ਼ਰਾਬ ਦੀ ਦੁਕਾਨ ’ਤੇ ਕੁਝ ਘੁੱਟ ਪੀ ਲਏ। ਬਾਕੀ ਸ਼ਰਾਬ ਬਚਾ ਕੇ ਮੈਂ ਉਸਦੇ ਘਰ ਚਲਾ ਗਿਆ ਸੀ। ਮੇਰੇ ਅੰਦਰ ਉਸਦੇ ਸਰੀਰ ਦੀ ਤਿੱਖੀ ਇੱਛਾ ਪੈਦਾ ਹੋ ਰਹੀ ਸੀ। ਉਹ ਆਪਣੇ ਕਮਰੇ ਵਿੱਚ ਲੰਮੀ ਪਈ ਸੀ। ਸ਼ਾਇਦ ਕੁਝ ਦੇਰ ਪਹਿਲਾਂ ਰੋ ਕੇ ਚੁੱਪ ਹੋ ਚੁੱਕੀ ਸੀ। ਉਸ ਦੀਆਂ ਅੱਖਾਂ ਸਿੱਲੀਆਂ ਸਨ ਤੇ ਉਸਦੀ ਖੱਬੀ ਗਲ੍ਹ ’ਤੇ ਇਕ ਹੰਝੂ ਚਿਪਕਿਆ ਹੋਇਆ ਸੀ। ਮੈਂ ਉਸਨੂੰ ਆਪਣੇ ਘਰ ਚੱਲਣ ਲਈ ਕਿਹਾ। ਉਸਨੇ ਮੈਨੂੰ ਲਾਹਣਤ ਪਾਈ ਕਿ ਜਦੋਂ ਤੱਕ ਮੈਂ ਉਸ ਪਲੰਘ ਨੂੰ ਹਟਾ ਕੇ ਉਸਨੂੰ ਉਥੇ ਨਹੀਂ ਰੱਖਦਾ ਉਹ ਕਦੇ ਵੀ ਮੇਰੇ ਘਰ ਨਹੀਂ ਆਵੇਗੀ। ਸ਼ਰਾਬ ਦੀ ਗਰਮੀ ਤੇ



ਉਸਦੇ ਸਰੀਰ ਦੀ ਇੱਛਾ ਕਾਰਨ ਪਾਗਲ ਹੋਇਆ ਮੈਂ ਇਹ ਸਭ ਕੁਝ ਬਰਦਾਸ਼ਤ ਨਾ ਕਰ ਸਕਿਆ। ਮੈਂ ਉਸਦੇ ਬੁੱਲ੍ਹਾਂ ’ਤੇ ਦੰਦੀਆਂ ਵੱਢੀਆਂ, ਉਸਦੇ ਮਾਸ ਨੂੰ ਚੂੰਡਿਆ ਤੇ ਨਫ਼ਰਤ ਨਾਲ ਉਸਨੂੰ ਧੱਕਾ ਦੇ ਕੇ ਆ ਗਿਆ।

ਘਰ ਆ ਕੇ ਮੈਂ ਪਲੰਘ ’ਤੇ ਢੇਰੀ ਹੋ ਗਿਆ। ਮਾਂ ਜਾਗ ਰਹੀ ਸੀ। ਉਹ ਮਲਕੜੇ ਜਿਹੇ ਮੇਰੇ ਨੇੜੇ ਆਈ। ਸ਼ਰਾਬ ਦੀ ਬਦਬੂ ਕਾਰਨ ਉਸਨੇ ਮੂੰਹ ਪਰ੍ਹਾਂ ਕਰ ਲਿਆ। “ਤੂੰ ਜ਼ਿਆਦਾ ਪੀਣ ਲੱਗ ਪਿਆ ਏਂ,” ਉਹ ਹੌਲੀ ਜਿਹੀ ਬੁੜਬੜਾਈ, “ਸਵੇਰ ਤੱਕ ਬੋਅ ਆਉਂਦੀ ਏ।” ਮੈਂ ਅੱਖਾਂ ਖੋਲ੍ਹ ਕੇ ਉਸਨੂੰ ਦੇਖਿਆ। ਉਸ ਦੀਆਂ ਝੁਰੜੀਆਂ ਤੇ ਸਫੈਦ ਅੱਖਾਂ ਮੇਰੇ ਚਿਹਰੇ ਦੇ ਬਿਲਕੁਲ ਨੇੜੇ ਸਨ। ਮੈਨੂੰ ਉਹ ਚੰਗੀ ਲੱਗੀ। ਦਇਆ ਤੇ ਮਮਤਾ ਕਾਰਨ ਉਸਦਾ ਚਿਹਰਾ ਚਮਕ ਰਿਹਾ ਸੀ। ਉਸਦੇ ਅੰਦਰ ਦੀ ਪੀੜ ਉਸਦੇ ਚਿਹਰੇ ’ਤੇ ਉੱਤਰ ਆਈ ਸੀ। ਉਸਨੇ ਪੋਲੇ–ਪੋਲੇ ਮੇਰੇ ਸਿਰ ’ਤੇ ਹੱਥ ਫੇਰਿਆ। ਮੇਰੇ ਢਲਦੇ ਹੋਏ ਸਰੀਰ ਨੂੰ ਉਸਨੇ ਚੰਗੀ ਤਰ੍ਹਾਂ ਦੇਖਿਆ।

“ਉਹ ਨੀਚ ਏ,” ਮੈਂ ਬੁੜਬੜਾਇਆ, “ਤੂੰ ਸੌਂ ਜਾ।”

ਮਾਂ ਕਰਾਹੁੰਦੀ ਹੋਈ ਉੱਠੀ ਤੇ ਪਲੰਘ ਦੇ ਦੂਜੇ ਸਿਰੇ ’ਤੇ ਲੇਟ ਗਈ।

ਜ਼ਿਆਦਾ ਸ਼ਰਾਬ ਪੀਣ ਕਾਰਨ ਮੈਂ ਉਸ ਰਾਤ ਸੁੱਤਾ ਨਹੀਂ। ਦੋ ਵਾਰ ਉਲਟੀਆਂ ਕੀਤੀਆਂ। ਛਾਤੀ ਮਲਦਾ ਰਿਹਾ। ਉਸ ਰਾਤ ਮੈਂ ਮਾਂ ਨੂੰ ਗਹੁ ਨਾਲ ਦੇਖਿਆ। ਉਹ ਬਹੁਤ ਬੁੱਢੀ ਹੋ ਗਈ ਸੀ। ਵਾਲ ਬਿਲਕੁਲ ਸਫੈਦ ਹੋ ਚੁੱਕੇ ਸਨ। ਚਿਹਰੇ ’ਤੇ ਝੁਰੜੀਆਂ ਦਾ ਜੰਗਲ ਸੀ ਗਲ੍ਹਾਂ ਅੰਦਰ ਨੂੰ ਧਸੀਆਂ ਹੋਈਆਂ ਸਨ। ਸੌਣ ਵੇਲੇ ਉਸ ਦਾ ਪੋਪਲਾ ਮੂੰਹ ਕੁਝ ਖੁੱਲ੍ਹਾ ਹੋਇਆ ਸੀ। ਜਿਸ ਕਾਰਨ ਬਹੁਤ ਮੱਧਮ, ਅਜੀਬ ਜਿਹੀ ਆਵਾਜ਼ ਆ ਰਹੀ ਸੀ। ਮੈਂ ਬਹੁਤ ਦੇਰ ਤੱਕ ਉਸਨੂੰ ਦੇਖਦਾ ਰਿਹਾ। ਸੱਚਮੁੱਚ ਦੁਨੀਆਂ ਵਿੱਚ ਉਹੋ ਹੀ ਇਕੋ ਇਕ ਔਰਤ ਸੀ ਜੋ ਮੈਨੂੰ ਪਿਆਰ ਕਰਦੀ ਸੀ। ਉਹ ਮੈਨੂੰ ਬਹੁਤ ਪਵਿੱਤਰ ਲੱਗੀ।

ਉਸ ਰਾਤ ਮੈਂ ਬਿਲਕੁਲ ਨਹੀਂ ਸੁੱਤਾ। ਮਾਂ ਹਰ ਰੋਜ਼ ਵਾਂਗ ਬਹੁਤ ਜਲਦੀ ਉੱਠ ਪਈ। ਬਿਲਕੁਲ ਹਨ੍ਹੇਰਾ ਸੀ ਉਸ ਵੇਲੇ। ਉਸੇ ਤਰ੍ਹਾਂ ਉਹ ਆਪਣੇ ਸਾਰੇ ਕੰਮ ਕਰਨ ਲੱਗੀ। ਮੈਂ ਚੁੱਪਚਾਪ ਅੱਖਾਂ ਖੋਲ੍ਹੀ ਉਸਨੂੰ ਦੇਖਦਾ ਰਿਹਾ। ਉਸੇ ਤਰ੍ਹਾਂ ਮਾਂ ਨੇ ਸਫਾਈ ਕੀਤੀ, ਅੰਦਰ ਗਈ ਤੇ ਨਹਾਉਣ ਲੱਗੀ। ਫੇਰ ਅਚਾਨਕ ਕੁਝ ਲੈਣ ਲਈ ਉਹ ਬਾਹਰ ਨਿਕਲੀ। ਮੈਂ ਉਸੇ ਪਲ ਮਾਂ ਨੂੰ ਦੇਖਿਆ। ਮੈਂ ਸੁੰਨ ਹੋ ਗਿਆ। ਫੇਰ ਇਕਦਮ ਮੇਰੀ ਚੀਕ ਨਿਕਲ ਗਈ। ਉਹ ਬਿਲਕੁਲ ਨੰਗੀ ਸੀ। ਉਸਨੂੰ ਬਿਲਕੁਲ ਹੀ ਇਹ ਅਹਿਸਾਸ ਨਹੀਂ ਸੀ ਕਿ ਮੈਂ ਜਾਗ ਰਿਹਾ ਹਾਂ। ਸਾਰੀ ਤਾਕਤ ਨਾਲ ਮੈਂ ਪਲੰਘ ਉੱਤੋਂ ਬੁੜ੍ਹਕਿਆ ਤੇ ਉਸਨੂੰ ਬਾਹਰ ਨੂੰ ਧੱਕਾ ਦਿੱਤਾ। “ਨਿਕਲ ਬਾਹਰ–ਇਸੇ ਤਰ੍ਹਾਂ ਨਿਕਲ,” ਮੈਂ ਪਾਗਲਾਂ ਵਾਂਗ ਸਿਰ ਝਟਕ ਰਿਹਾ ਸੀ। ਮਾਂ ਨੇ ਇਕ ਵਾਰ ਮੈਨੂੰ ਦੇਖਿਆ ਤੇ ਮੇਰੇ ਚਿਹਰੇ ਉਤਲੀ ਨਫ਼ਰਤ ਦੇਖ ਉਸੇ ਪਲ ਜਿਵੇਂ ਮੁਰਦਾ ਹੀ ਹੋ ਗਈ ਹੋਵੇ। ਉਹ ਬਿਲਕੁਲ ਨੰਗੀ ਮੇਰੇ ਸਾਹਮਣੇ ਖੜ੍ਹੀ ਸੀ। ਸੜੀ ਹੋਈ ਚਮੜੀ ਅੰਦਰ ਹੱਡੀਆਂ ਦੇ ਢਾਂਚੇ ਵਾਂਗ। ਖਾਲੀ ਸਫੈਦ ਅੱਖਾਂ ਨਾਲ ਕੁਝ ਦੇਰ ਉਹ ਮੈਨੂੰ ਦੇਖਦੀ ਰਹੀ, ਫੇਰ ਇਕਦਮ ਮੇਰੇ ਪੈਰਾਂ ’ਤੇ ਡਿੱਗ ਪਈ। ਮੇਰੇ ਦੋਵੇਂ ਪੈਰ ਉਸਨੇ ਪੂਰੀ ਤਾਕਤ ਨਾਲ ਫੜ ਲਏ। ਉਹ ਤਰਲੇ ਕੱਢ ਰਹੀ ਸੀ, “ਇਕ ਵਾਰ–ਬੱਸ ਇਕ ਵਾਰ ਮਾਫ਼ ਕਰ ਦੇ।”

ਉਸਨੇ ਸਿਰ ਉਤਾਂਹ ਚੁੱਕਿਆ। ਉਹ ਰੋ ਰਹੀ ਸੀ। ਉਸਦੇ ਚਿਹਰੇ ’ਤੇ ਸਿਰਫ਼ ਹੀਣ ਭਾਵਨਾ ਸੀ। ਕਿਸੇ ਵੀ ਹੱਦ ਤੱਕ ਹਾਰੀ ਹੋਣ ਦੀ ਹੀਣ ਭਾਵਨਾ। ਅਜਿਹੀ ਯਾਚਨਾ ਜੋ ਮਨੁੱਖ ਦੀ ਆਤਮਾ ਦਾ ਸਾਰਾ ਸੁੱਖ ਲੁੱਟ ਜਾਣ ਤੋਂ ਬਾਅਦ ਪੈਦਾ ਹੁੰਦੀ ਹੈ। ਸਭ ਕੁਝ ਬੇਹੱਦ ਪਾਰਦਰਸ਼ੀ ਸੀ। ਉਸਦਾ.....ਡਰ......ਸ਼ਰਮ ਤੇ ਹੀਣਤਾ। ਮੈਂ ਉਸਨੂੰ ਨਫ਼ਰਤ ਨਾਲ ਧੱਕਾ ਦੇ ਬਾਹਰ ਨਿਕਲ ਗਿਆ। ਸਿੱਧਾ ਉਸ ਔਰਤ ਦੇ ਘਰ ਗਿਆ ਤੇ ਉਸਨੂੰ ਕਿਹਾ ਕਿ ਮੈਂ ਛੇਤੀ ਹੀ ਉਸ ਨਾਲ ਵਿਆਹ ਕਰ ਲਵਾਂਗਾ।

ਉਸੇ ਦਿਨ ਪਲਾਸ਼ ਦੀਆਂ ਨੰਗ–ਮੁਨੰਗ, ਖਿਲਰੀਆਂ ਟਾਹਣੀਆਂ ’ਤੇ ਪਹਿਲਾ ਫੁੱਲ ਖਿੜਿਆ ਸੀ।

ਉਸ ਤੋਂ ਬਾਅਦ ਤਾਂ ਜਿਵੇਂ ਮਾਂ ਮਿੱਟੀ ਹੋ ਗਈ ਹੋਵੇ। ਉਹ ਬਿਲਕੁੱਲ ਚੁੱਪ ਸੀ। ਆਪਣੇ ਕੋਣੇ 'ਚ ਹੋਰ ਜ਼ਿਆਦਾ ਸੁੰਗੜ ਗਈ ਸੀ। ਨਾ ਮੈਨੂੰ ਪਹਿਲਾਂ ਵਾਂਗ ਤਿਹਾਈਆਂ ਅੱਖਾਂ ਨਾਲ ਦੇਖਦੀ ਤੇ ਨਾ ਹੀ ਨਜ਼ਰ ਮਿਲਾਉਂਦੀ। ਉਸਦੇ ਚਿਹਰੇ 'ਤੇ ਇਕ ਤਰ੍ਹਾਂ ਦੀ ਕਾਲੋਂ ਫਿਰ ਗਈ ਸੀ। ਮੈਂ ਕਮਰੇ ਵਿੱਚ ਹੁੰਦਾ ਤਾਂ ਉਹ ਬਹੁਤ ਜ਼ਿਆਦਾ ਸਹਿਮੀ ਰਹਿੰਦੀ। ਸਿਰ ਨੀਵਾਂ ਕਰੀਂ ਚੁੱਪਚਾਪ, ਹੌਲੀ-ਹੌਲੀ ਕੁਝ ਕਰਦੀ ਰਹਿੰਦੀ-ਡਰੀ ਹੋਈ-ਕਿਸੇ ਆਉਣ ਵਾਲੇ ਖਤਰੇ ਤੋਂ ਡਰੀ ਹੋਈ-ਆਪਣੀ ਹੋਂਦ ਨੂੰ ਕਿਤੇ ਲਕੋਈ ਰੱਖਣ ਦੀ ਕੋਸ਼ਿਸ਼ ਕਰਦੀ ਹੋਈ। ਉਸਦਾ ਆਪਣੇ 'ਤੇ ਵਿਸ਼ਵਾਸ ਪੂਰੀ ਤਰ੍ਹਾਂ ਖਤਮ ਹੋ ਚੁੱਕਾ ਸੀ। ਮੇਰੇ ਲਈ ਖਾਣਾ ਰੱਖਦੀ ਤੇ ਕੁਝ ਵੀ ਨਾ ਪੁੱਛਦੀ। ਰਾਤ ਨੂੰ ਮੇਰੇ ਨਾਲ ਸੌਂਦੀ ਪਰ ਹੁਣ ਉਸਨੇ ਬਹਾਨਿਆਂ ਨਾਲ ਮੈਨੂੰ ਛੂਹਣਾ ਤੱਕ ਛੱਡ ਦਿੱਤਾ ਸੀ। ਬੀਤੇ ਦਾ ਕੁਝ ਵੀ ਯਾਦ ਨਹੀਂ ਦਿਵਾਉਂਦੀ। ਪਲੰਘ ਦੇ ਇਕ ਹਿੱਸੇ ਵਿੱਚ ਪੂਰੀ ਤਰ੍ਹਾਂ ਇਕੱਠੀ ਹੋ ਕੇ ਪੈ ਜਾਂਦੀ। ਸ਼ਾਇਦ ਉਸਨੇ ਪੰਲਘ ਨਾਲ ਗੱਲ ਕਰਨੀ ਵੀ ਛੱਡ ਦਿੱਤੀ ਸੀ। ਮੈਂ ਉਸਨੂੰ ਰਾਤ ਵੇਲੇ ਬੁੜਬੜਾਉਂਦਿਆਂ ਜਾਂ ਹੱਸਦਿਆਂ ਹੋਇਆਂ ਵੀ ਨਹੀਂ ਸੁਣਦਾ ਸੀ। ਉਸਦੇ ਅੰਦਰ ਜਿਵੇਂ ਸਭ ਕੁਝ ਮਰ ਚੁੱਕਾ ਸੀ। ਸ਼ਾਇਦ ਪਲੰਘ ਵੀ।

ਉਨ੍ਹਾਂ ਹੀ ਦਿਨਾਂ 'ਚ ਪਲਾਸ਼ 'ਤੇ ਸੁਰਖ਼ ਜੰਗਲ ਖਿੜਨਾ ਸ਼ੁਰੂ ਹੋਇਆ ਤਾਂ ਨਾਲ ਹੀ ਮਾਂ ਬਿਮਾਰ ਪੈ ਗਈ।

ਉਸ ਰਾਤ ਬਹੁਤ ਤੇਜ਼ ਮੀਂਹ ਪੈ ਰਿਹਾ ਸੀ। ਮੈਂ ਦਿਨ ਛਿਪਦਿਆਂ ਹੀ ਸ਼ਰਾਬ ਪੀਣੀ ਸ਼ੁਰੂ ਕਰ ਦਿੱਤੀ ਸੀ। ਮਾਂ ਚੁੱਪਚਾਪ ਪਲੰਘ 'ਤੇ ਚਾਦਰ ਲਪੇਟੀ ਪਈ ਸੀ। ਆਪਣੀ ਥਾਂ 'ਤੇ ਉਹ ਬਹੁਤ ਜ਼ਿਆਦਾ ਸੁੰਗੜੀ ਹੋਈ ਸੀ। ਮੈਂ ਉਸਦੇ ਨੇੜੇ ਜਾ ਕੇ ਲੰਮਾ ਪੈ ਗਿਆ। ਉਹ ਲੰਮੇ-ਲੰਮੇ ਸਾਹ ਲੈ ਰਹੀ ਸੀ ਜਿਵੇਂ ਉਸਨੂੰ ਬਹੁਤ ਜ਼ਿਆਦਾ ਤਕਲੀਫ ਹੋ ਰਹੀ ਹੋਵੇ। ਮੈਂ ਉਠ ਕੇ ਉਸਨੂੰ ਦੇਖਿਆ। ਬਹੁਤ ਦਿਨਾਂ ਬਾਅਦ ਮੈਂ ਉਸਨੂੰ ਧਿਆਨ ਨਾਲ ਦੇਖਿਆ ਸੀ। ਉਸਦੀਆਂ ਝੁਰੜੀਆਂ ਬਹੁਤ ਜ਼ਿਆਦਾ ਸੰਘਣੀਆਂ ਹੋ ਗਈਆਂ ਸਨ। ਮੈਂ ਪੋਲੇ ਜਿਹੇ ਉਸਨੂੰ ਛੂਹਿਆ। ਉਸ ਦਿਨ ਤੋਂ ਬਾਅਦ ਪਹਿਲਾਂ ਵਾਰ ਉਹ ਕੰਬੀ, ਫੇਰ ਮੇਰੇ ਵੱਲ ਸਿਰ ਘੁੰਮਾਇਆ। ਕੁਝ ਪਲ ਮੈਨੂੰ ਦੇਖਦੀ ਰਹੀ, ਫੇਰ ਬੁੜਬੜਾਈ, "ਤੂੰ ਬਹੁਤ ਕਮਜ਼ੋਰ ਹੋ ਗਿਆ ਏਂ। ਬੁੱਢਿਆਂ ਵਾਂਗ ਦਿੱਸਣ ਲੱਗਿਆ ਏਂ।"

ਮੈਂ ਉਸਨੂੰ ਦੇਖਦਾ ਰਿਹਾ, ਫੇਰ ਆਹਿਸਤੇ ਜਿਹੇ ਬੋਲਿਆ, "ਮੈਂ ਵਿਆਹ ਕਰ ਰਿਹਾਂ।" ਉਹ ਕੁਝ ਨਾ ਬੋਲੀ।

"ਉਸੇ ਨਾਲ-ਉਹ ਵੀ ਬੁੱਢੀ ਹੋਣ ਲੱਗੀ ਏ।"

ਮਾਂ ਮੈਨੂੰ ਪਹਿਲਾਂ ਵਾਂਗ ਹੀ ਦੇਖ ਰਹੀ ਸੀ। ਉਸਨੇ ਪੁੱਛਿਆ ਨਹੀਂ ਪਰ ਉਸਦੀਆਂ ਅੱਖਾਂ ਵਿੱਚ ਪ੍ਰਸ਼ਨ ਸੀ। ਸ਼ੱਕ ਵੀ।

"ਉਹ ਏਥੇ ਹੀ ਰਹੇਗੀ.....ਪਲੰਘ ਨੂੰ ਆਪਾਂ ਇੱਥੋਂ ਹਟਾ ਦਿਆਂਗੇ।" ਮੈਂ ਕੰਬਦੇ ਬੋਲਾਂ 'ਚ ਕਿਹਾ।

ਮਾਂ ਕੁਝ ਨਹੀਂ ਬੋਲੀ। ਉਸਨੇ ਮਲਕੜੇ ਜਿਹੇ ਆਪਣੀਆਂ ਅੱਖਾਂ ਬੰਦ ਕਰ ਲਈਆਂ। ਉਸੇ ਰਾਤ ਮਾਂ ਮਰ ਗਈ।

ਮਾਂ ਤੋਂ ਬਾਅਦ ਉਹ ਕੋਣਾ ਖਾਲੀ ਹੋ ਗਿਆ ਸੀ। ਅਸੀਂ ਮਾਂ ਦਾ ਸਾਰਾ ਸਾਮਾਨ ਉਥੋਂ ਹਟਾ ਦਿੱਤਾ ਸੀ। ਉਸਦੇ ਟੀਨ ਦੇ ਪੁਰਾਣੇ ਟਰੰਕ, ਗਠੜੀ, ਹੱਥ ਨਾਲ ਹਵਾ ਕਰਨ ਵਾਲਾ ਪੱਖਾ, ਟਾਰਚ, ਸੰਤ ਮਾਲਾ-ਸਭ ਕੁਝ ਬੰਨ੍ਹ ਕੇ ਉਤਾਂਹ ਰੱਖ ਦਿੱਤਾ। ਮਾਂ ਦੇ ਕੋਣੇ ਵਿੱਚ ਉਸਨੇ ਆਪਣਾ ਸਾਮਾਨ ਰੱਖ ਲਿਆ। ਮਾਂ ਦੀ ਹੁਣ ਕੋਈ ਨਿਸ਼ਾਨੀ ਬਾਕੀ ਨਹੀਂ ਸੀ। ਮਾਂ ਹੁਣ ਕਿਤੇ ਵੀ ਨਹੀਂ ਸੀ।

ਰਾਤ ਨੂੰ ਉਹ ਮੇਰੇ ਨਾਲ ਪਲੰਘ 'ਤੇ ਲੰਮੀ ਪਈ। ਉਸੇ ਥਾਂ 'ਤੇ ਜਿੱਥੇ ਮਾਂ ਸੌਂਦੀ ਹੁੰਦੀ ਸੀ। ਉਹ ਬੇਹੱਦ ਖ਼ੁਸ਼ ਸੀ। ਖਿੜਖਿੜਾ ਕੇ ਹੱਸਦੀ ਹੋਈ ਨੇ ਮੇਰੇ ਨੱਕ 'ਤੇ ਦੰਦੀ ਵੱਢੀ ਤੇ ਕੱਪੜੇ ਲਾਹ ਕੇ ਬਿਲਕੁਲ ਨੰਗੀ ਹੋ ਗਈ। ਮੈਂ ਸਿਰ ਘੁੰਮਾ ਕੇ ਪਲੰਘ 'ਤੇ ਪਸਰੀ ਉਸਦੀ ਨੰਗੀ ਦੇਹ ਨੂੰ ਦੇਖਿਆ ਤੇ ਮੇਰੇ ਮੂੰਹੋਂ ਇਕਦਮ ਚੀਕ ਨਿਕਲ ਗਈ।

ਮਾਂ ਉਥੇ ਹੀ ਸੀ।



## ਸਰਾਪ ਪੀੜਤ/ਅਖਿਲੇਸ਼

ਸਰੋਜ ਵਰਮਾ ਪ੍ਰੇਸ਼ਾਨ ਸੀ, ਕਿ ਪਤੀ ਨੂੰ ਕੀ ਹੁੰਦਾ ਜਾ ਰਿਹਾ ਸੀ। ਕੁਝ ਦਿਨਾਂ ਤੋਂ ਹੱਸਣਾ ਖ਼ੁਸ਼ ਹੋਣਾ ਵਿਸਰ ਗਿਆ ਸੀ। ਪਹਿਲਾਂ ਕਿੰਨਾ ਹੱਸਦੇ-ਹਸਾਉਂਦੇ ਹੁੰਦੇ ਸੀ। ਜੇ ਉਹ ਕਦੀ ਨਾ ਹੱਸਦੀ ਤਾਂ ਉਸਦੇ ਕੁਤਕੁਤਾਰੀਆਂ ਕੱਢਣ ਲੱਗ ਪੈਂਦੇ। ਨਿੱਕੀ ਬੱਚੀ ਉਜਲੀ, ਉਨ੍ਹਾਂ ਦੀ ਜ਼ਿੰਦਗੀ ਦੀ ਚਾਬੀ ਸੀ। ਸਵੇਰੇ-ਸਵੇਰੇ ਵਰਮਾ ਜੀ ਹੀ ਉਸ ਨੂੰ ਸੂਲ ਲਈ ਤਿਆਰ ਕਰਦੇ। ਚਹਿਕਦੇ ਹੋਏ, ਸਕੂਟਰ 'ਤੇ ਉਸ ਨੂੰ ਛੱਡਣ ਜਾਂਦੇ। ਸ਼ਾਮ ਨੂੰ ਦਫ਼ਤਰ ਤੋਂ ਵਾਪਸ ਆ ਕੇ, ਬੇਟੀ ਨੂੰ ਸਕੂਟਰ 'ਤੇ ਗੇੜਾ ਦੁਆਉਣ ਨਿਕਲ ਜਾਂਦੇ। ਕੁੜੀ ਰਾਤ ਨੂੰ ਵੀ ਉਨ੍ਹਾਂ ਦੇ ਪੇਟ ਉੱਤੇ ਪਈ-ਪਈ ਸੌਂਦੀ।

ਘਰ ਵਿੱਚ ਜਿਵੇਂ ਖ਼ੁਸ਼ੀਆਂ ਦੀਆਂ ਅਨੇਕਾਂ ਚਿੜੀਆਂ ਚਹਿਕਦੀਆਂ ਫਿਰਦੀਆਂ ਸਨ। ਲੇਟ ਦਫ਼ਤਰ ਜਾਂਦੇ, ਛੇਤੀ ਘਰ ਪਰਤ ਆਉਂਦੇ। ਉਹ ਝੂਠ-ਮੂਠ ਦੀ ਨਰਾਜ਼ ਹੋ ਜਾਂਦੀ ਤਾਂ ਉਸ ਨੂੰ ਮਨਾਉਣ ਲੱਗਦੇ। ਵਿਆਹ ਦੇ ਸੱਤ ਸਾਲ ਲੰਘਣ ਮਗਰੋਂ ਵੀ, ਪਤਨੀ ਦੇ ਹੁਨ ਦੀ ਤਾਰੀਫ਼ ਵਿੱਚ ਸ਼ਾਇਰੋ-ਸ਼ਾਇਰੀ ਕਰਦੇ ਰਹਿੰਦੇ। ਐਨਾ ਪਿਆਰ ਕਿ ਪਤਨੀ ਨੂੰ ਬਾਥਰੂਮ ਵਿੱਚ ਜ਼ਰਾ ਜਿੰਨੀ ਦੇਰ ਹੋ ਜਾਂਦੀ ਤਾਂ ਦਰਵਾਜ਼ਾ ਖੜਕਾਉਣ ਲੱਗ ਪੈਂਦੇ, "ਸਰੋਜ ਕੀ ਗੱਲ ਬਈ, ਤੂੰ ਠੀਕ ਤਾਂ ਹੈਗੀ ਏਂ ?"

ਉਹ ਕਹਿੰਦੀ, ਫਲਾਣੀ ਫ਼ਿਲਮ ਦੀ ਕੈਸਟ ਲਿਆਉ-ਬਜ਼ਾਰ ਦੌੜੇ ਜਾਂਦੇ। ਉਹ ਕਹਿੰਦੀ, ਸਾੜ੍ਹੀ ਲਿਆਉ-ਲਿਆ ਦਿੰਦੇ। ਚਾਟ ਖਿਲਾਉ-ਖੁਆ ਦਿੰਦੇ। ਖਾਣਾ ਬਣਾਉ-ਬਣਾ ਦਿੰਦੇ। ਬੱਚੀ ਨੂੰ ਖਿਡਾਉ-ਖਿਡਾਉਣ ਲੱਗ ਪੈਂਦੇ।

ਪਰ ਪਿਛਲੇ ਕੁਝ ਦਿਨਾਂ ਤੋਂ ਇਸ ਬੰਦੇ ਨੂੰ ਪਤਾ ਨਹੀਂ ਕਿਹੜਾ ਸੱਪ ਸੁੰਘ ਗਿਆ ਸੀ। ਦਫ਼ਤਰ ਛੁੱਟੀ ਮਾਰ ਕੇ ਘਰ ਦੁਬਕਿਆ ਰਹਿੰਦਾ। ਅੱਖ ਚੁੱਕ ਕੇ ਕਿਧਰੇ ਦੇਖਦਾ ਤੱਕ ਨਹੀਂਨਾ ਸਰੋਜ ਵੱਲ, ਨਾ ਹੀ ਬੱਚੀ ਵੱਲ। ਅਜੀਬ ਹਰਕਤਾਂ ਕਰੀ ਜਾ ਰਿਹਾ ਹੈ। ਬਚਪਨ ਦੀਆਂ ਫੋਟੋਆਂ ਦੇਖਦਾ ਰਹੇਗਾ। ਜੁਆਨੀ ਦੀਆਂ ਫੋਟੋਆਂ ਦੇਖਦਾ, ਸ਼ੀਸ਼ੇ ਮੂਹਰੇ ਜਾ ਖੜ੍ਹਦਾ ਤੇ ਦੇਰ ਤੱਕ ਬੁੜ-ਬੁੜ ਕਰਦਾ ਰਹਿੰਦਾ। ਫਿਰ ਮੰਜੇ 'ਤੇ ਲੇਟ, ਸਿਰਹਾਣੇ ਵਿੱਚ ਮੂੰਹ ਛੁਪਾ ਕੇ, ਕਿੰਨਾ ਚਿਰ ਪਿਆ ਰਹਿੰਦਾ। ਇਕ ਦਿਨ ਪਤਾ ਨਹੀਂ ਮਨ 'ਚ ਕੀ ਆਈ, ਆਪਣੀ ਨੇਮ-ਪਲੇਟ ਉਖਾੜ ਕੇ ਪਰ੍ਹੇ ਵਗਾਹ ਮਾਰੀ। ਇਕ ਦਿਨ ਆਪਣੀਆਂ ਕਵਿਤਾਵਾਂ ਉੱਚੀ-ਉੱਚੀ ਪੜ੍ਹਨ ਲੱਗ ਪਿਆ। ਪੜ੍ਹਦਾ-ਪੜ੍ਹਦਾ ਜਿਵੇਂ ਅਰ੍ਹਾਟ ਦੀ ਪਾਉਣ ਲੱਗ ਪਿਆ।

ਸਰੋਜ ਵਰਮਾ ਉਸ ਘੜੀ ਨੂੰ ਕੋਸਦੀ ਹੈ, ਜਦੋਂ ਉਸ ਨੂੰ ਪਤੀ ਨੂੰ ਕਹਿ ਦਿੱਤਾ ਸੀ, "ਸੁਣੋ ਜੀ, ਤੁਹਾਡਾ ਪੇਟ ਬਾਹਲਾ ਈ ਵਧ ਗਿਆ ਏ, ਇਹਨੂੰ ਅੰਦਰ ਕਰੋ।"

ਆਗਿਆਕਾਰ ਪਤੀ ਪ੍ਰਮੋਦ ਵਰਮਾ ਨੇ ਅਗਲੀ ਸਵੇਰ ਤੋਂ ਹੀ ਡੰਡ ਬੈਠਕਾ ਮਾਰਨੀਆਂ ਸ਼ੁਰੂ ਕਰ ਦਿੱਤੀਆਂ। ਸਰੋਜ ਤੋਂ ਕਿਹਾ ਗਿਆ, "ਇਹ ਸਭ ਨਹੀਂ ਚੱਲੇਗਾ ਜੀ। ਸਫੈਦ ਨਿੱਕਰ ਤੇ ਐਕਸ਼ਨ ਸ਼ੂ ਪਾ ਕੇ ਜੋਗਿੰਗ ਕਰੋ। ਫਿਰ ਸ਼ੀਸ਼ੇ ਮੂਹਰੇ ਖੜ੍ਹ ਕੇ ਤੌਲੀਏ ਨਾਲ ਪਸੀਨਾ ਪੂੰਝੋ।"

ਪ੍ਰਮੋਦ ਵਰਮਾ ਨੇ ਉਵੇਂ ਕੀਤਾ। ਉਹ ਆਦਮ ਕੱਦ ਸ਼ੀਸ਼ੇ ਸਾਹਮਣੇ, ਚਿੱਟੀ ਨਿੱਕਣ ਬਨੈਣ ਤੇ ਐਕਸ਼ਨ ਸੂਜ਼ ਪਾਈ ਛੋਟੇ ਜਿਹੇ ਤੌਲੀਏ ਨਾਲ ਪਿੰਡਾ ਪੂੰਝ ਰਿਹਾ ਸੀ। ਉਸ ਨੇ ਸੋਚਿਆ, ਕਿ ਹੋ

ਸਕਦਾ ਹੈ, ਢਿੱਡ ਕੁਝ ਘਟਿਆ ਹੋਵੇ। ਉਸ ਨੇ ਢਿੱਡ ’ਤੇ ਹੱਥ ਫੇਰਿਆ। ਢਿੱਡ ਤਾਂ ਉੱਥੇ ਹੀ ਸੀ।

ਫਿਰ ਉਹ ਗਹੁ ਨਾਲ ਆਪਣੇ ਆਪ ਨੂੰ ਘੂਰਨ ਲੱਗ ਪਿਆ। ਸਭ ਕੁਝ ਬਦਲ ਗਿਆ ਸੀ। ਅਜੇ ਤਾਂ ਉਹ ਪੈਂਤੀ ਸਾਲਾਂ ਦਾ ਸੀ ਪਰ ਕਿੰਨਾ ਪੱਕੜ ਤੇ ਪ੍ਰੌੜ ਦਿਖਾਈ ਦੇ ਰਿਹਾ ਸੀ। ਉਹ ਅਖਬਾਰ ਵਿੱਚ ਮੂੰਹ ਛੁਪਾ ਕੇ ਲਾਗੇ ਪਈ ਕੁਰਸੀ ’ਤੇ ਬੈਠ ਗਿਆ ਤੇ ਆਪਣੇ ਆਪ ਨੂੰ ਹੀ ਕਹਿਣ ਲੱਗਾ, “ਮੇਰਾ ਸਰੀਰ, ਮੇਰੀ ਆਤਮਾ ਤਬਾਹ ਹੋ ਚੁੱਕੇ ਨੇ। ਹੁਣ ਨਾ ਮੇਰੀ ਆਤਮਾ ਪਾਪਾ ਤੋਂ ਮੁਕਤ ਹੋ ਸਕਦੀ ਏ ਤੇ ਨਾ ਮੇਰਾ ਪਟ ਪਿਚਕ ਸਕਦਾ ਏ। ਸਰੀਰਕ ਤੇ ਅਧਿਆਤਮਕ ਵਿਕਾਸ ਦੀ ਹੁਣ ਕੋਈ ਸੰਭਾਵਨਾ ਬਾਕੀ ਨਹੀਂ ਰਹਿ ਗਈ।”

ਇਹੋ ਪਲ ਸੀ ਜਦੋਂ ਉਸ ਵਿੱਚ ਤਬਦੀਲੀ ਆਉਣ ਲੱਗ ਪਈ। ਉਹ ਲੰਬੀ ਛੁੱਟੀ ਲੈ ਕੇ ਘਰ ਬੈਠ ਗਿਆ। ਉਦਾਸ ਤੇ ਬੇਚੈਨ ਦਿੱਸਣ ਲੱਗਾ। ਉਹ ਕਦੀ ਲੰਬਾ ਸਾਹ ਅੰਦਰ ਖਿੱਚਦਾ ਤੇ ਕਦੀ ਬਾਹਰ ਛੱਡਦਾ।

ਉਹ ਆਪਣੀ ਪੁਰਾਣੀ ਕਵਿਤਾ ਜ਼ੋਰ-ਜ਼ੋਰ ਨਾਲ ਪੜ੍ਹਣ ਲੱਗਾ, ਜਿਵੇਂ ਚੀਕਾ ਮਾਰ ਰਿਹਾ ਹੋਵੇ। ਸਰੋਜ ਘਬਰਾ ਗਈ ਤੇ ਉਸ ਅੱਗੇ ਹੱਥ ਬੰਨ੍ਹ ਗਿੜਗਿੜਾਉਣ ਲੱਗੀ, “ਇਹ ਤੁਹਾਨੂੰ ਕੀ ਹੋ ਗਿਆ ਏ।”

“ਮੈਨੂੰ ਸੱਚਾਈ ਦਾ ਗਿਆਨ ਹੋ ਗਿਆ ਏ। ਸਗੋਂ ਸੱਚੀ ਗੱਲ ਇਹ ਹੈ ਕਿ ਮੈਨੂੰ ਝੂਠ ਦਾ ਪਤਾ ਲੱਗ ਗਿਆ ਏ।”

“ਕੀ ਏ ਝੂਠ ?”

“ਇਹ ਸਭ ਝੂਠ ਹੀ ਸੀ, ਜੋ ਹੁਣ ਤੱਕ ਆਪਣੇ ਵਿੱਚ ਸੀ।”

“ਮਤਲਬ ਆਪਣੇ ਵਿੱਚ ਜੋ ਪਿਆਰ ਸੀ, ਜੋ ਸੁੱਖ ਸੀ, ਉਹ ਸਭ ਝੂਠ ਸੀ ?”

“ਆਪਣੇ ਵਿੱਚ ਨਾ ਪਿਆਰ ਸੀ, ਨਾ ਸੁੱਖ। ਇੱਥੋਂ ਤੱਕ ਕਿ ਉਜਲੀ ਲਈ ਵੀ ਸਾਡੇ ਕੋਲ ਕੋਈ ਪਿਆਰ ਨਹੀਂ ਸੀ। ਦਰਅਸਲ ਅਸੀਂ ਜਦੋਂ ਤੱਕ ਜਾਗਦੇ ਸੀ, ਪਿਆਰ, ਸੁੱਖ, ਮੋਹ ਦੇ ਦੇਖੇ ਸੁਣੇ ਦੀ ਰਿਹਰਸਲ ਕਰਦੇ ਜਾਂਦੇ ਸੀ। ਅਸੀਂ ਪਿਆਰ ਨਹੀਂ, ਪਿਆਰ ਦਾ ਨਾਟਕ ਕਰਦੇ ਸੀ।”

“ਕਿਹੀ ਜਿਹੀਆਂ ਗੱਲਾਂ ਕਰ ਰਹੇ ਹੋ ?”

“ਸੱਚ ਕਹਿ ਰਿਹਾ ਹਾਂ, ਕਿ ਤੇਰੇ ਬਣ ਬਣਕੇ ਬੋਲਣ, ਨਕਲੀ ਹਾਸੇ, ਨਕਲੀ ਰੋਸੇ ਤੇ ਸਦਾ ਮੇਰੇ ਨਾਲ ਚਿਪਕੀ ਰਹਿਣ ’ਤੇ ਮੈਨੂੰ ਘਿਰਣਾ ਹੁੰਦੀ ਏ। ਅਸੀਂ ਦੋਵੇਂ ਘਰ ’ਚ ਰਹਿ ਕੇ ਵੀ ਸੜਕ ਤੇ ਹੁੰਦੇ ਸੀ, ਜਿੱਥੇ ਲੋਕ ਤਮੀਜ਼, ਮੁਹੱਬਤ ਬਗੈਰਾ ਦਾ ਸਾਂਗ ਰਚਦੇ ਫਿਰਦੇ ਨੇ।”

“ਤਾਂ ਫਿਰ ਤੁਹਾਡਾ ਉਹ ਕੁਤਕੁਤਾਰੀਆਂ ਕੱਢਣਾ, ਬਾਥਰੂਮ ਦਾ ਦਰਵਾਜ਼ਾ ਖੜਕਾਉਣਾ, ਕਿਚਨ ’ਚ ਹੱਥ ਵਟਾਉਣਾ ਸਭ ਝੂਠ ਸੀ ?”

“ਹਾਂ, ਬਿਲਕੁਲ ਝੂਠ ?”

“ਤੇ ਉਹ ਸ਼ਾਇਰੋ ਸ਼ਾਇਰੀ ਕਰਨਾ ?”

“ਉਹ ਵੀ ਝੂਠ।”

“ਤੁਸੀਂ ਚਾਹੁੰਦੇ ਕੀ ਹੋ ?”

“ਮੈਂ ਸੁੱਖੀ ਹੋਣਾ ਚਾਹੁੰਦਾ ਹਾਂ। ਮੈਨੂੰ ਸੁੱਖ ਦੀ ਤਲਾਸ਼ ਏ। ਮੈਂ ਸੁੱਖ ਪਾਉਣਾ ਚਾਹੁੰਦਾ ਹਾਂ।”

“ਤੁਸੀਂ ਪਾਗਲ ਹੋ ਗਏ ਹੋ। ਭਰ ਜੁਆਨੀ ਵਿੱਚ ਤੁਹਾਡੇ ਤੇ ਸਾਧ ਬਣਨ ਦਾ ਭੂਤ ਸਵਾਰ ਹੋ ਗਿਆ ਏ। ਹੇ ਭਗਵਾਨ ਜੇ ਇਹ ਇਸੇ ਤਰ੍ਹਾਂ ਪਾਗਲਪਣ ਘੋਟਦੇ ਰਹੇ ਤਾਂ ਮੇਰਾ ਤੇ ਮੇਰੀ ਬੱਚੀ ਦਾ ਕੀ ਬਣੇਂਗਾ ?”

ਉਜਲੀ ਦੌੜੀ ਆਈ, “ਪਾਪਾ-ਪਾਪਾ ਮੈਨੂੰ ਕਾਮਿਕ ਲਿਆਦੇ।”

ਉਸਨੇ ਨਾ ਸੁਣਿਆ ਤਾਂ ਉਜਲੀ ਨੇ ਹੱਥਾਂ ਦੀਆਂ ਉਂਗਲਾਂ ਦਾ ਪਸਤੌਲ ਬਣਾਇਆ ਤੇ ਉਸ ਵੱਲ ਉਂਗਲ ਦੱਬਦੀ ਬੋਲੀ, “ਕਾਮਿਕਸ ਨਹੀਂ ਲਿਆਉਂਦੇ ਨਾ.....ਠਾਹ.........ਠਾਹ ਪਾਪ ਮਰ



ਗਿਆ.......ਠਾਹ.......ਠਾਹ।”

ਪ੍ਰਮੋਦ ਵਰਮਾ ਜਿਵੇਂ ਸੱਚਮੁੱਚ ਹੀ ਮਰ ਗਿਆ ਹੋਵੇ। ਉਹ ਮੰਜੇ ’ਤੇ ਡਿੱਗ ਪਿਆ ਤੇ ਚਾਦਰ ਖਿੱਚ ਕੇ ਮੂੰਹ ਢੱਕ ਲਿਆ। ਇਸ ਅਵਸਥਾ ਵਿਚ ਤਾਂ ਉਹ ਆਮ ਹੀ ਆਉਣ ਲੱਗਾ ਸੀ। ਜਿਉਂ ਹੀ ਇੰਜ ਹੁੰਦਾ ਉਸਦੇ ਮਨ ਦਵੰਧ ਦਾ ਸ਼ੋਕ ਗੀਤ ਸ਼ੁਰੂ ਹੋ ਜਾਂਦਾ। ਅਜਿਹਾ ਹਮੇਸ਼ਾ ਹੁੰਦਾ ਸੀ ਕਿ ਮੂੰਹ ਢੱਕਦੇ ਸਾਰ ਸ਼ੋਕ ਗੀਤ ਸ਼ੁਰੂ ਹੋ ਜਾਂਦੇ ਸੀ।

“ਮੈਂ ਸਦਾ ਆਦਰਸ਼ ਭਾਰਤੀ ਨਾਗਰਿਕ ਵਾਂਗ ਖੱਬੇ ਹੱਥ ਚੱਲਿਆ ਤੇ ਸੱਚੇ ਭਾਰਤੀ ਪੁਰਸ਼ ਵਾਂਗ ਕਬੀਲਦਾਰੀ ਦੀ ਗੱਡੀ ਖਿੱਚੀ। ਪਤਨੀ ਦੀਆਂ ਨਿੱਤ ਦੀਆਂ ਫਰਮਾਇਸ਼ਾਂ ਤੇ ਹੁਕਮਾ ਦੇ ਬਾਵਜੂਦ ਮੈਂ ਬੇਸ਼ਰਮ ਪੌਦੇ ਵਾਂਗ ਹਰਾ-ਭਰਾ ਖਿੜਿਆ ਰਿਹਾ। ਵੀ. ਸੀ. ਆਰ. ਖਰੀਦਿਆਂ। ਸਕੂਟਰ ਲਿਆ। ਸੋਫ਼ਾ, ਫਰਿੰਜ, ਸਭ ਕੁਝ ਏ ਮੇਰੇ ਕੋਲ। ਸ਼ਹਿਰ ਦੇ ਇਕ ਪ੍ਰਸਿੱਧ ਚਿੱਤਰ ਦੇ ਬਣਾਏ ਚਿੱਤਰ ਵੀ ਡਰਾਇੰਗ ਰੂਮ ਦੀਆਂ ਦੀਵਾਰਾਂ ’ਤੇ ਸਜਾਏ। ਆਪਣਾ ਮਕਾਨ ਨਾ ਸਹੀ, ਪਲਾਟ ਤਾਂ ਖਰੀਦ ਰੱਖਿਆ ਏ। ਪੈਂਤੀ ਸਾਲ ਦੀ ਉਮਰ ਵਿੱਚ ਕੋਈ ਮੱਧਵਰਗੀ ਨੌਜਵਾਨ ਹੋਰ ਇਸ ਤੋਂ ਵੱਧ ਕੀ ਕਰ ਸਕਦਾ। ਬੇਟੀ ਨੂੰ ਵਧੀਆਂ ਸਕੂਲ ਵਿੱਚ ਲਾਇਆ ਹੋਇਆ ਏ ਜੇ ਕਿਸੇ ਨੂੰ ਫੇਰ ਵੀ ਇਤਵਾਰ ਨਹੀਂ, ਮੇਰੇ ਘਰ ਫਰਿੰਜ਼ ਖੋਲ੍ਹ ਕੇ ਦੇਖ ਲਵੋ। ਖਾਣ-ਪੀਣ ਦੇ ਸਾਮਾਨ ਨਾਲ ਭਰਿਆ ਰਹਿੰਦਾ। ਢਾਈ ਕਿਲੋ ਦੁੱਧ ਆਉਂਦਾ ਨਿੱਤ। ਮੇਰੇ ਪੇਟ ਦੀ ਖਰਾਬੀ ਤੋਂ ਬਿਨ ਸਭ ਕੁਝ ਚੁਸਤ-ਦਰੁਸਤ। ਪਰ ਇਹ ਸਭ ਹਕੀਕਤ ਨਹੀਂ। ਪਿਛਲੇ ਕੁਝ ਦਿਨ ਤੋਂ ਮੈਨੂੰ ਕੋਈ ਬਿਮਾਰੀ ਲੱਗ ਗਈ ਏ, ਅਜੀਬ ਬਿਮਾਰੀ। ਮਨੂੰ ਕਿਤੋਂ ਵੀ ਕਿਸੇ ਵੀ ਚੀਜ਼ ’ਚੋਂ ਸੁੱਖ ਨਹੀਂ ਮਿਲਦਾ।”

ਇਕ ਦਿਨ ਇਹੋ ਜਿਹੀਆਂ ਬੇ-ਸਿਰ ਪੈਰ ਗੱਲਾਂ ਸੋਚਦਾ ਉਹ ਕੰਬਣ ਲੱਗ ਪਿਆ।

ਸਰੋਜ ਵਰਾ ਨੇ ਪੁੱਛਿਆ, “ਕੰਬ ਕਿਉਂ ਰਹੇ ਹੋ ?”

ਉਹ ਉਸਨੂੰ ਟਾਲਦਾ ਬੋਲਿਆ, “ਕਾਂਬਾ ਲੱਗ ਰਿਹਾ ਏ। ਇਸੇ ਲਈ ਕੰਬ ਰਿਹਾ ਹਾਂ।”

“ਇਸ ਕਾਂਬੇ ਦੀ ਕਿਹੜੀ ਦਵਾਈ ਹੋ ਸਕਦੀ ਏ।” ਉਸਨੇ ਸੋਚਿਆ ਤੇ ਇਸ ਨਤੀਜੇ ’ਤੇ ਪਹੁੰਚਿਆ ਕਿ ਨੌਕਰੀ ਛੱਡ ਦੇਣੀ ਹੀ ਇਸਦੀ ਦਵਾਈ ਹੈ, ਐਂਟੀ ਬਾਇਓਇਕ ਹੈ। ਉਹ ਨੌਕਰੀ ਛੱਡ ਦੇਵੇਗਾ ਤੇ ਕਵਿਤਾਵਾਂ ਲਿਖੇਗਾ। ਬੈਂਕ ਵਿੱਚ ਤਿੰਨ ਲੱਖ ਰੁਪਏ ਜਮ੍ਹਾਂ ਹਨ। ਉਸਦੇ ਵਿਆਜ਼ ਨਾਲ ਘਰ ਦਾ ਖਰਚਾ ਚਲਦਾ ਰਹੇਗਾ।

“ਕੋਈ ਦਵਾਈ ਮੰਗਵਾਵਾਂ ?”

“ਨਹੀਂ, ਕਿਸੇ ਦਵਾਈ ਨਾਲ ਮੇਰਾ ਕਾਂਬਾ ਠੀਕ ਨਹੀਂ ਹੋਣ ਲੱਗਾ। ਨੌਕਰੀ ਛੱਡਾਂਗਾ ਤਾਂ ਕਾਂਬਾ ਹਟੇਗਾ। ਸੁਣ, ਮੈਂ ਨੌਕਰੀ ਛੱਡ ਦਿਆਂਗਾ।”

“ਤੁਸੀਂ ਪਾਗਲ ਤਾਂ ਹੀਂ ਹੋ ਗਏ। ਹੇ ਰੱਬਾ! ਇਨ੍ਹਾਂ ਨੂੰ ਕੁਝ ਦਿਨਾਂ ਤੋਂ ਕੀ ਹੁੰਦਾ ਜਾ ਰਿਹਾ ਏ।”

ਉਹ ਗੂੜ੍ਹੀ ਨੀਂਦ ਸੁੱਤੀ ਪਈ ਉਜਲੀ ਨੂੰ ਜਗਾ ਲਿਆਈ ਤੇ ਪਤੀ ਨੂੰ ਝੰਝੋੜਦੀ ਹੋਈ ਬੋਲੀ, ਇਸ ਬੱਚਾ ਦਾ ਹੀ ਕੋਈ ਖਿਆਲ ਕਰੋ। ਜਿਵੇਂ ਚੱਲੇਗਾ ਘਰ ਦਾ ਖਰਚਾ”

“ਬੈਂਕ ਵਿੱਚ ਤਿੰਨ ਲੱਖ ਤੋਂ ਵੱਧ ਜਮ੍ਹਾਂ ਨੇ। ਉਹਦੇ ਵਿਆਜ਼ ਨਾਲ ਚੱਲੇਗਾ ਘਰ ਦਾ ਖਰਚਾ। ਵੈਸੇ ਵੀ ਜੂਨੀਅਰ ਇੰਜੀਨੀਅਰ ਦੀ ਤਨਖਾਹ ਇਸ ਰਕਮ ਤੋਂ ਵੱਧ ਨਹੀਂ ਹੁੰਦੀ। ਹੁਣ ਤੂੰ ਇਹ ਕਹੇਗਾ ਕਿ ਹਰ ਸਾਲ ਇੰਕਰੀਮੈਂਟ ਮਿਲਦੀ ਏ, ਬੋਨਸ ਮਿਲਦਾ ਏ, ਉਸ ਦਾ ਕੀ ਹੋਵੇਗਾ। ਇਸ ਦਾ ਉੱਤਰ ਸੁਣ। ਨੌਕਰੀ ਛੱਡਣ ਮਗਰੋਂ ਵੀ ਮੈਂ ਐਧਰ-ਉੱਧਰ ਹੱਥ-ਪੱਲਾ ਮਾਰ ਕੇ ਐਨਾ ਕੁ ਕਮਾਉਂਦਾ ਰਹਾਂਗਾ ਜੋ ਬੋਨਸ ਤੇ ਇੰਕਰੀਮੈਂਟ ਦਾ ਘਾਟਾ ਪੂਰਾ ਕਰਦੇ ਰਹੇ।”

“ਨੌਕਰੀ ਕਿਉਂ ਛੱਡ ਰਹੇ ਹੋ, ਹੋਰ ਕੀ ਕਰੋਗੇ ?” ਉਹ ਪ੍ਰੇਸ਼ਾਨ ਹੋ ਕੇ ਬੋਲੀ।

“ਨੌਕਰੀ ਮੈਂ ਆਤਮਾ ਦੀ ਸ਼ਾਂਤੀ ਲਈ ਛੱਡਣਾ ਚਾਹੁੰਦਾ ਹਾਂ। ਨੌਕਰੀ ਛੱਡਣ ਮਗਰੋਂ ਕਵਿਤਾਵਾਂ ਲਿਖਾਂਗਾ। ਨਲ ਹੀ ਕੁਝ ਕੁਛ ਉੱਚ ਕੋਟੀ ਦੇ ਲੇਖ ਲਿਖਣ ਦਾ ਵੀ ਇਰਾਦਾ ਏ ਮੇਰਾ।”

"ਚੁੱਲ੍ਹੇ 'ਚ ਪਵੇ ਤੁਹਾਡਾ ਇਰਾਦਾ।" ਉਹ ਡੁਸਕਣ ਲੱਗ ਪਈ। ਫਿਰ ਫੁਰਤੀ ਨਾਲ ਉੱਠੀ ਤੇ ਉਸ ਦਾ ਹੱਥ ਖਿੱਚਕੇ ਧੀ ਦੇ ਸਿਰ 'ਤੇ ਰੱਖ ਦਿੱਤਾ, "ਉਜਲੀ ਦੇ ਸਿਰ ਦੀ ਸਹੁੰ, ਜੇ ਨੌਕਰੀ ਛੱਡੋ।"

"ਸਹੁੰ ਖਾ ਕੇ ਘਟਨਾਵਾਂ ਹੋਣੋ ਨਹੀਂ ਰੁਕਦੀਆਂ। ਮੰਨ ਲੈ, ਤੂੰ ਭਾਰਤ ਦੇ ਪ੍ਰਧਾਨ ਮੰਤਰੀ ਜਾਂ ਅਮਰੀਕਾ ਦੇ ਰਾਸ਼ਟਰਪਤੀ ਨੂੰ ਕਹੇਂ ਕਿ ਤੈਨੂੰ ਤੇਰੇ ਬੱਚੇ ਦੀ ਕਸਮ ਜੇ ਇਸ ਅਹੁਦੇ 'ਤੇ ਰਹੇਂ। ਤਾਂ ਕੀ ਨਤੀਜਾ ਨਿਕਲੇਗਾ। ਕਸਮ ਪਾਉਣ ਨਾਲ ਹਵ ਚੱਲਣੋਂ ਨਹੀਂ ਰੁਕਦੀ। ਦਰਿਆ ਦਾ ਵਹਿਣ ਨਹੀਂ ਰੁਕਦਾ। ਅੱਗ ਜਾਲਣ ਤੋਂ ਨਹੀਂ ਹੱਟਦੀ"

"ਤੇ ਤੁਹਾਡਾ ਨੌਕਰੀ ਛੱਡਣਾ ਨਹੀਂ ਰੁਕੇਗਾ......ਜੇ ਤਿੰਨ ਲੱਖ ਦੇ ਵਿਆਜ ਨਾਲ ਖਾਂਦੇ ਰਹੋਗੇ ਫਿਰ ਉਜਲੀ ਦਾ ਵਿਆਹ ਕਿੱਥੋਂ ਕਰੋਗੇ ? ਪੰਜ ਲੱਖ ਤਾਂ ਅੱਜ ਦੀ ਘੜੀ ਡਾਕਟਰ, ਇੰਜੀਨੀਅਰ ਦਾ ਰੇਟ ਚਲਦਾ ਏ।"

"ਉਜਲੀ ਦਾ ਵਿਆਹ ਦਾਜ ਦੇ ਕੇ ਨਹੀਂ ਹੋਵੇਗਾ। ਉਹ ਪ੍ਰੇਮ ਵਿਆਹ ਕਰੇਗੀ। ਜੇ ਪਿਆਰ ਨਹੀਂ ਕਰੇਗੀ, ਪਿਆਰ ਕਰਨ ਤੋਂ ਡਰੇਗੀ, ਮੈਂ ਉਸਨੂੰ ਪ੍ਰੇਮ ਤੇ ਪ੍ਰੇਮ ਵਿਆਹ ਕਰਵਾਉਣ ਲਈ ਉਕਸਾਵਾਂਗਾ।"

"ਅੱਗ ਲੱਗੇ ਤੁਹਾਡੀ ਇਹੋ ਜਿਹੀ ਅਕਸ ਨੂੰ। ਹੇ ਸੱਚਿਆ ਪਾਤਸ਼ਾਹ ਸਾਡੀ ਰਖਿਆ ਕਰ।" ਉਹ ਉਜਲੀ ਨੂੰ ਲ ਕੇ ਸੌਣ ਤੁਰ ਪਈ।

ਤੜਕੇ ਦੇ 2-15 ਵੱਜੇ ਸਨ ਤੇ ਸਰੋਜ ਵਰਮਾ ਧੀ ਨੂੰ ਆਪਣੇ ਨਾਲ ਘੁੱਟੀ ਸੁੱਤੀ ਪਈ ਸੀ। ਪ੍ਰਮੋਦ ਵਰਮਾ ਨੇ ਉਸ ਨੂੰ ਜਗਾਇਆ ਤੇ ਬੋਲਿਆ, "ਮੈਂ ਟੇਪ ਰਿਕਾਡਰ ਲਾ ਲਵਾਂ ?"

"ਇਹੀ ਪੁੱਛਣ ਨੂੰ ਜਗਾਇਆ ਏ ?" ਉਹ ਬੋਲੀ।

"ਨਹੀਂ, ਇਹ ਗੱਲ ਨਹੀਂ।" ਉਹ ਬਹਤੁ ਖ਼ੁਸ਼ ਦਿਖਾਈ ਦੇ ਰਿਹਾ ਸੀ। ਉਸਨੇ ਕੱਚਾਲੀ ਦੀ ਇਕ ਕੈਸਟ ਚਲਾ ਦਿੱਤੀ ਤੇ ਕਹਿਣ ਲੱਗਾ, "ਹੁਣ ਨੌਕਰੀ ਨਹੀਂ ਛੱਡਾਂਗਾ। ਦਰਅਲ ਮੈਂ ਸਸਪੈਂਡ ਹੋਣਾ ਚਾਹੁੰਦਾ ਹਾਂ। ਇਸ ਦੇ ਬੜੇ ਫਾਇਦੇ ਨੇ।"

ਉਹ ਫਾਇਦੇ ਦੱਸਣ ਲੱਗਾ, "ਸਸਪੈਂਡ ਹੋਣ ਮਗਰੋਂ ਦੋ-ਤਿਹਾਈ ਤਨਖਾਹ ਮਿਲਦੀ ਰਹੇਗੀ। ਕੁਝ ਲਿਖ-ਪੜ੍ਹ ਕੇ ਬਾਕੀ ਦਾ ਇਕ ਤਿਹਾਈ ਕਮਾ ਲਵਾਂਗਾ। ਸਵੇਰੇ ਦੱਸ ਤੋਂ ਸ਼ਾਮ ਪੰਜ ਵਜੇ ਤੱਕ ਦੇ ਚੱਕਰ ਤੋਂ ਖਹਿੜਾ ਛੁੱਟ ਜਾਏਗਾ।"

ਹੁਣ ਉਹ ਸਸਪੈਂਡ ਹੋਣ ਲਈ ਕਾਹਲਾ ਪੈ ਗਿਆ। ਉਸ ਨੇ ਫੈਸਲਾ ਕੀਤਾ ਕਿ ਬੌਸ ਦਾ ਸਿਰ ਭੰਨ ਦੇਵੇਗਾ। ਕਿਸੇ ਨੇਤਾ ਨੂੰ ਗਾਹਲਾ ਕੱਢੇਗਾ। ਔਰਤ ਦੇ ਬਾਥਰੂਮ 'ਚ ਜਾ ਬੈਠੇਗਾ। ਸਟੈਨੋ ਰਾਧਾ ਅਗਰਵਾਲ ਨੂੰ ਅੱਖ ਮਾਰ ਦੇਵੇਗਾ। ਹੁਣ ਜਿਵੇਂ ਵੀ ਸੰਭਵ ਹੋਇਆ ਉਹ ਸਸਪੈਂਡ ਜ਼ਰੂਰ ਹੋਵੇਗਾ। ਉਹ ਕੇਵਲ ਆਰਥਿਕ ਭ੍ਰਿਟਾਚਾਰ ਦਾ ਦੋਸ਼ ਲੁਆ ਕੇ ਸਸਪੈਂਡ ਹੋਣ ਨੂੰ ਤਿਆਰ ਨਹ ਸੀ। ਇਸ ਪਿੱਛੇ ਉਸਦੀ ਸਦਾਚਾਰ ਜੀਵਨ ਜਿਉਣ ਦੀ ਤਾਂਘ ਸੀ। ਵੈਸੇ ਉਸ ਦਾ ਇਹ ਤਜ਼ੁਰਬਾ ਵੀ ਸੀ ਕਿ ਅੱਜ ਕਲ੍ਹ ਸਰਕਾਰੀ ਕਰਮਚਾਰੀ ਭ੍ਰਿਸ਼ਟਾਚਾਰ ਦੇ ਕਾਰਨ ਸਜ਼ਾ ਨਹੀਂ, ਸਗੋਂ ਮਾਣ, ਸਨੇਹ ਤੇ ਆਦਰ ਦਾ ਪਾਤਰ ਬਣ ਜਾਂਦਾ ਹੈ। ਪਰ ਇਸ ਤਰ੍ਹਾਂ ਸਸਪੈਂਡ ਹੋਣ ਲਈ ਉਸ ਕੋਲ ਕੋਈ ਸਪੱਸ਼ਟ ਸਕੀਮ ਜਾਂ ਰੂਮ-ਰੇਖਾ ਨਹੀਂ ਸੀ। ਉਸ ਕੋਲ ਤਾਂ ਕੇਵਲ ਇੱਛਾ ਸ਼ਕਤੀ ਸੀ ਜੋ ਸਸਪੈਂਡ ਹੋਣ ਦੇ ਨਿਸ਼ਾਨੇ ਵੱਲ ਉਸ ਨੂੰ ਵਧਾ ਰਹੀ ਸੀ।

ਉਸ ਨੇ ਇਕ ਡੱਬੀ ਸਿਗਰਟ ਦੇ ਮਾਚਲ ਖਰੀਦੀ। ਉਸ ਨੇ ਸਕੀਮ ਬਣਾਈ ਸੀ ਕਿ ਐਗਜੈਕਟਿਵ ਇੰਜੀਨੀਅਰ ਚਰਨ ਸਾਹਬ ਦੇ ਸਾਹਮਣੇ ਸਿਗਰਟ ਸੁਲਘਾਏਗਾ ਤੇ ਧੂੰਆਂ ਉਸ ਦੇ ਮੂੰਹ 'ਤੇ ਮਾਰੇਗਾ।

ਉਹ ਦਫ਼ਤਰ 'ਚ ਵੜਿਆ। ਸਹਾਇਕ ਅਫ਼ਸ ਤਿਵਾੜੀ ਆਪਣਾ ਸਕੂਟਰ ਖੜ੍ਹਾ ਰਿਹਾ ਸੀ। ਤਿਵਾੜੀ ਉਸਦਾ ਸੀਨੀਅਰ ਸੀ, ਪਰ ਉਸ ਨੇ ਨਮਸਕਾਰ ਨਾ ਕੀਤੀ। ਘਿਰਣਾ ਨਾਲ ਥੁੱਕਿਆ ਤੇ ਅੱਗੋ ਲੰਘ ਗਿਆ। ਚਰਨ ਸਾਹਬ ਦੀ ਸਟੈਨੋ ਰਾਧਾ ਅਗਰਵਾਲ ਦੇ ਮੇਜ਼ ਸਾਹਮਣੇ ਜਾ ਰੁਕਿਆ।



ਉਹ ਕੋਈ ਫ਼ਿਲਮੀ ਰਸਾਲਾ ਪੜ੍ਹਣ ਵਿੱਚ ਮਗਨ ਸੀ। ਜਦੋਂ ਉਸ ਨੇ ਮੂੰਹ 'ਤੇ ਚੁੱਕਿਆ ਤਾਂ ਵਰਮਾ ਬੋਲਿਆ, "ਹੈਲੋ ਰਾਧਾ ! ਕੀ ਹਾਲ ਏ ?" ਇਸ ਸ਼ਰਮਾਕਲ ਬੰਦੇ ਦੇ ਮੂੰਹੋਂ ਉਹ ਅਜਿਹਾ ਸੁਣ ਕੇ ਹੈਰਾਨ ਰਹਿ ਗਈ। ਫਿਰ ਵੀ ਉਹ ਬੋਲੀ, "ਨਮਸਤੇ।"

"ਹੱਥ ਮਿਲਾਉ ਹੱਥ.....ਸਾਨੂੰ ਵੀ ਕਦੀ-ਕਦੀ ਲਿਫ਼ਟ ਦੇ ਦਿਆ ਕਰੋ।" ਉਹ ਬੇ-ਹਿਆ ਹਾਸਾ ਹੱਸਿਆ। ਰਾਧਾ ਅਗਰਵਾਲ ਦਾ ਚਿਹਰਾ ਗੁੱਸੇ ਤੇ ਸ਼ਰਮ ਨਾਲ ਲਾਲ ਹੋ ਗਿਆ। ਉਹ ਆਪਣੀ ਸੀਟ ਵੱਲ ਵਧਿਆ। ਇੱਥੇ ਉਸ ਦੀ ਉਡੀਕ ਵਿੱਚ ਦੋ ਠੇਕੇਦਾਰ ਬੈਠੇ ਹੋਏ ਸਨ। ਉਹ ਬੋਲਿਆ, "ਕੱਲੇ-ਕੱਲੇ ਦੇ ਡੰਡਾ ਦੇਊਂ। ਬਹੁਤ ਹੋ ਚੁੱਕਿਆ ਹੁਣ। ਚਾਹੇ ਸਹਾਇਕ ਅਫ਼ਸਰ ਹੋਵੇ, ਚਾਹੇ ਵੱਡਾ ਸਾਹਬ ਹੋਵੇ, ਚਾਹੇ ਏ. ਸੀ. ਹੋਵੇ....ਸਭ ਸਾਲਿਆਂ ਦੀ ਐਸੀ-ਤੈਸੀ ਕਰ ਦਿਆਂਗਾ।" ਉਸ ਨੇ ਬੁੱਲ੍ਹ ਟੇਢੇ ਕਰ ਕੇ ਨਾਸਾਂ ਫੈਲਾਈਆਂ।

"ਵਾਹ ਬਈ ਵਾਹ ! ਹੁਣ ਆਏ ਹੋ ਤੁਸੀਂ ਇੰਜੀਨੀਅਰੀ ਵਾਲੀ ਲਾਈਨ ਤੇ, ਨਹੀਂ ਤਾਂ ਮਾਸਟਰ ਦੀ ਤਰ੍ਹਾਂ ਘੁੱਟੇ-ਘੁੱਟੇ ਰਹਿੰਦੇ ਸੀ।" ਠੇਕੇਦਾਰਾਂ ਵਿੱਚੋਂ ਇਕ ਨੇ ਕਿਹਾ। ਫਿਰ ਦੂਜਾ ਬੋਲਿਆ, "ਅਸੀਂ ਤਰਸਦੇ ਰਹਿ ਗਏ ਕਿ ਸਾਡੇ ਸਾਹਬ ਵੀ ਕਿਸੇ ਨੂੰ ਕੁਟਵਾਉਣ, ਉਠਵਾਉਣ ਨੂੰ ਕਹਿਣ ਤਾਂ ਸਾਡੇ ਹੱਥ ਦੀ ਖੁਰਕ ਵੀ ਸ਼ਾਂਤ ਹੋਵੇ। ਹੁਣ ਲੱਗਦਾ ਏ ਕਿ ਸਾਡੀ ਖਾਹਿਸ਼ ਪੂਰੀ ਹੋਣ ਵਾਲੀ ਏ।"

ਸਹਾਇਕ ਅਫ਼ਰ ਤਿਵਾੜੀ ਦਾ ਚਪੜਾਸੀ ਪਰਦਾ ਹਟਾ ਕੇ ਅੰਦਰ ਵੜਿਆ, "ਏ. ਈ. ਸਾਹਬ ਬੁਲਾ ਰਹੇ ਨੇ। ਕਹਿੰਦੇ, ਛੇਤੀ ਆਵੇ।"

"ਚੱਲ ਉਇ, ਭੱਜ ਇੱਥੋਂ...ਜਾ ਕੇ ਕਹਿ ਦੇ ਉਹਦੇ ਪਿਉ ਦਾ ਨੌਕਰ ਨਹੀਂ ਮੈਂ। ਫੁਰਸਤ ਮਿਲੂ ਤਾਂ ਆ ਜੂੰ।"

ਦੇਵੋਂ ਠੇਕੇਦਾਰ ਹੈਰਾਨ-ਪ੍ਰੇਸ਼ਾਨ। ਇਹ ਚੁੱਪ-ਗੜੁੱਪ ਰਹਿਣ ਵਾਲਾ ਤੇ ਸ਼ਾਂਤੀ ਨਾਲ ਕਮਿਸ਼ਨ ਖਾਣ ਵਾਲਾ ਇਨਸਾਨ ਅੱਜ ਸ਼ੈਤਾਨ ਕਿਵੇਂ ਬਣ ਗਿਆ ਸੀ। ਇਕ ਜਣਾ ਮਾਚਸ ਲੈਣ ਦੇ ਬਹਾਨੇ ਵਰਮਾ ਦੇ ਨੇੜੇ ਹੋ ਕੇ ਉਸ ਨੂੰ ਸੁੰਘਣ ਲੱਗਾ। ਸ਼ਰਾਬ ਦੀ ਬੋਅ ਨਾ ਆਉਣ 'ਤੇ ਉਹ ਵਰਮਾ ਦੇ ਇਸ ਸੋਫ਼ੀ ਰੂਪ 'ਤੇ ਹੋਰ ਵੀ ਹੈਰਾਨ ਹੋਇਆ।

ਵਰਮਾ ਦੇ ਪੈਰ ਚੁੱਕੇ ਕੇ ਮੇਜ਼ 'ਤੇ ਫੈਲਾ ਦਿੱਤੇ। ਦੋਨੋਂ ਪੈਰਾਂ ਦੇ ਪੰਜੇ ਠੇਕੇਦਾਰਾਂ ਦੇ ਮੂੰਹਾਂ ਵੱਲ ਸਨ। ਪੰਜਿਆਂ ਦੀ ਚਮੜੀ ਸਾਫ਼ ਸੀ ਪਰ ਬਿਆਈਆਂ ਫਟੀਆਂ ਹੋਈਆਂ ਸਨ। ਇਕ ਠੇਕੇਦਾਰ ਦੇ ਦਿਲ ਵਿੱਚ ਦਰਸ਼ਨ ਭਾਵ ਪੈਦਾ ਹੋ ਗਿਆ, "ਮਨੁੱਖ ਕਿਨੀ ਗੁੰਝਲਦਾਰ ਸ਼ੈਅ ਏ। ਉਸ ਵਿੱਚੋਂ ਕਦੋਂ ਕਿਹੜਾ ਰੂਪ ਪ੍ਰਗਟ ਹੋ ਜਾਵੇ, ਕੌਣ ਭਵਿੱਖਬਾਣੀ ਕਰ ਸਕਦਾ ਏ। ਜਿਵੇ ਵਰਮਾ ਕਦੀ ਇੰਜ ਬਹਾਦਰ, ਧੱਕੜ ਤੇ ਮੂੰਹ ਜ਼ੋਰ ਹੋ ਜਾਵੇਗਾ, ਕੌਣ ਕਹਿ ਸਕਦਾ ਸੀ।" ਦੂਜਾ ਠੇਕੇਦਾਰ ਆਪਣੇ ਸਾਥੀ ਦੇ ਇਸ ਅਧਿਆਤਮਕ ਚਿੰਤਨ ਨਾਲ ਸਹਿਮਤ ਨਹੀਂ ਸੀ। ਉਸ ਦਾ ਵਿਚਾਰ ਸੀ ਕਿ ਜ਼ਰੂਰ ਵਰਮਾ ਨੂੰ ਕਿਸੇ ਮਾਫ਼ੀਆਂ ਬਾਦਸ਼ਾਹ ਦੀ ਛਤਰਛਾਇਆ ਨਸੀਬ ਹੋ ਗਈ ਹੈ ਜਾਂ ਫਿਰ ਕਿਸੇ ਮੰਤਰੀ ਦਾ ਆਸ਼ੀਰਵਾਦ ਮਿਲਿਆ ਹੈ।

ਪਹਿਲਾਂ ਠੇਕੇਦਾਰ ਬੋਲਿਆ, "ਇੱਕੋ ਗੱਲ ਏ। ਮੰਤਰੀ ਦੇ ਅਸ਼ੀਰਵਾਦ ਦਾ ਮਤਲਬ ਮਾਫ਼ੀਆਂ ਬਾਦਸ਼ਾਹ ਦੀ ਛਤਰਛਾਇਆ ਹੀ ਹੁੰਦਾ ਏ ਤੇ ਮਾਫ਼ੀਆਂ ਬਾਦਸ਼ਾਹ ਦੀ ਛਤਰਛਾਇਆ ਦਾ ਮਤਲਬ ਮੰਤਰੀ ਦਾ ਆਸ਼ੀਰਵਾਦ।"

"ਇੱਕ ਇੱਕ ਦੇ ਡੰਡਾ ਦਿਆਂਗਾ।" ਵਰਮਾ ਫਿਰ ਗਰਜ਼ਿਆਂ ਦੇ ਸੱਜੇ ਪੈਰ ਦੀ ਅੱਡੀ ਮੇਜ਼ 'ਤੇ ਮਾਰੀ। ਠੇਕੇਦਾਰ ਦੁਚਿੱਤੀ ਵਿੱਚ ਪੈ ਗਏ ਕਿ ਵਰਮਾ ਕਿਸੇ ਹੋਰ ਲਈ ਅਜਿਹਾ ਕਹਿ ਰਿਹਾ ਹੈ ਜਾਂ ਉਨ੍ਹਾਂ 'ਤੇ ਹੀ ਖਫ਼ਾ ਹੋ ਰਿਹਾ ਹੈ। ਉਹ ਇਸ ਭੇਤ ਨੂੰ ਜਾਣ ਸਕਦੇ, ਇਸ ਤੋਂ ਪਹਿਲਾਂ ਹੀ ਚਰਨ ਸਾਹਬ ਦਾ ਬੁਲਾਵਾ ਆ ਗਿਆ।

ਵਰਮਾ ਮੁਸਕਰਾਇਆ, "ਹੁਣ ਸਮਾਂ ਆ ਗਿਆ ਕਿ ਮੈਂ ਸਸਪੈਂਡ ਕਰ ਦਿੱਤਾ ਜਾਵਾਂਗਾ ਤੇ ਮੇਰੀ ਤਮੰਨਾ ਪੂਰੀ ਹੋਵੇਗੀ।"

ਉਸ ਨੇ ਮੇਜ਼ ਤੋਂ ਸਿਗਰਟਾਂ ਦਾ ਪੈਕਟ ਤੇ ਮਾਚਸ ਚੁੱਕ ਲਈ। ਦੋ ਕਦਮ ਚੱਲਿਆ ਤਾਂ ਇੰਜ ਲੱਗਾ ਕਿ ਪੇਟ ਵਿੱਚ ਗੈਸ ਘੁੰਮ ਰਹੀ ਹੈ। ਖ਼ੁਸ਼ ਹੋ ਗਿਆ। ਦਰਵਾਜ਼ੇ ’ਤੇ ਲੱਤ ਮਾਰ ਕੇ ਅੰਦਰ ਵੜਾਂਗਾ ਤੇ ਪੇਟ ਵਿੱਚ ਫਸੀ ਹੋਈ ਗੈਸ ਨੂੰ ਸੁਰੀਲੀ ਲੰਬੀ ਸੁਰ ਵਿੱਚ ਛੱਡਾਂਗਾ। ਜਦੋਂ ਸੁਰ ਮੱਧਮ ਹੋਣ ਲੱਗੇਗੀ ਤਾਂ ਮੂੰਹ ’ਚ ਸਿਗਰਟ ਲੈ ਕੇ ਦੇਵਾਨੰਦ ਹੀਰੇ ਦੀ ਤਰ੍ਹਾਂ ਤੀਲੀ ਬਾਲ ਕੇ ਸੁਲਘਾਵੇਗਾ........।

ਸ਼ਾਮ ਨੂੰ ਜਦੋਂ ਉਹ ਘਰ ਪੁੱਜਾ ਤਾਂ ਸਰੋਜ ਵਰਮਾ, ਉਜਲੀ ਨੂੰ ਉਂਗਲ ਫੜਾਈ, ਬਾਹਰ ਖੜੀ ਉਸ ਦੀ ਉਡੀਕ ਰਹੀ ਸੀ। ਅੱਜ ਉਸ ਨੇ ਉਜਲੀ ਨੂੰ ਸਿਖਾ ਦਿੱਤਾ ਸੀ ਕਿ ਜਦੋਂ ਪਾਪਾ ਆਉਣ ‘ਪਾਪਾ-ਪਾਪਾ’ ਕਹਿ ਕੇ ਲਿਪਟ ਜਾਵੀਂ। ਉਸ ਨੇ ਆਪ ਵੀ ਅੱਜ ਸਵਾਦੀ ਭੋਜਨ ਬਣਾਉਣ ਦੀ ਤਿਆਰੀ ਕੀਤੀ ਹੋਈ ਸੀ। ਉਸ ਨੇ ਇਹ ਵੀ ਨਿਸ਼ਚਾ ਕੀਤਾ ਹੋਇਆ ਸੀ ਕਿ ਉਹ ਪਤੀ ਨੂੰ ਦੇਖਦਿਆਂ ਹੀ ਦਿਲ ਖਿੱਚਵੀਂ ਮੁਸਕਰਾਹਟ ਸੁੱਟੇਗੀ ਤੇ ਉਸਦਾ ਹੱਥ ਫੜ ਕੇ ਉਸ ਨੂੰ ਅੰਦਰ ਲੈ ਜਾਏਗੀ।

ਦਰਅਸਲ ਸਰੋਜ ਵਰਮਾ ਨੂੰ ਇਹ ਵਿਸ਼ਵਾਸ ਹੋ ਗਿਆ ਸੀ ਕਿ ਪਤੀ ਪ੍ਰਮੋਦ ਵਰਮਾ ਵਿੱਚ ਆਈ ਤਬਦੀਲੀ ਦਾ ਕਾਰਨ ਉਸ ਦਾ ਘਰ-ਪਰਿਵਾਰ ਤੋਂ ਮਨ ਉਚਾਟ ਹੋ ਜਾਣਾ ਹੀ ਸੀ। ਐਸੇ ਹਾਲਾਤ ਜਾਂ ਤਾਂ ਬੰਦੇ ਨੂੰ ਸਾਧੂ ਬਣਾ ਦਿੰਦੇ ਹਨ ਜਾਂ ਪਰਾਈ ਔਰਤ ਦੇ ਪਿੱਛੇ ਮੰਡਰਾਉਂਦਾ ਭੌਰ! ਅਜ ਤਾਂ ਇਹ ਲੱਗਦਾ ਸੀ, ਜਿਵੇਂ ਪ੍ਰਮੋ ਵਰਮਾ ਸਾਧ ਬਣ ਦੇ  ਰਾਹ ਤੁਰ ਪਿਆ ਹੋਵੇ ਪਰ ਕੀ ਪਤਾ ਕਲ੍ਹ ਉਹ ਭੌਰਾ ਹੀ ਬਣ ਜਾਵੇ। ਇਸੇ ਲਈ ਉਸ ਨੇ ਪਤੀ ਕੋਲ ਲਗਾਤਾਰ ਮੁਸਕਰਾਉਦੇ ਰਹਿਣ ਦਾ ਮਨ ਬਣਾ ਲਿਆ ਸੀ। ਨਾਲ ਹੀ ਨਾਲ ਉਸ ਨੇ ਪ੍ਰਮੋਦ ਵਰਮਾ ਦੇ ਦਿਲ ਵਿੱਚ ਘਰ ਪ੍ਰਤੀ ਲਗਾਉ ਪੈਦਾ ਕਰਨ ਲਈ ਬੱਚੀ ਨੂੰ ਵੀ ਟ੍ਰੇਨਿੰਗ ਦੇ ਦਿੱਤੀ ਸੀ।

ਉਸ ਨੇ ਸੱਧਰ ਨਾਲ ਤਿਆਰ ਕੀਤਾ ਭੋਜਨ ਮੇਜ਼ ’ਤੇ ਸਜਾਇਆ ਤੇ ਉਜਲੀ ਨੂੰ ਕਹਿਣ ਲੱਗੀ, ‘ਬੇਟੀ! ਜ ਕੁਝ ਦੇਰ ਪਾਰਕ ਵਿੱਚ ਖੇਡ ਆ।’

ਉਜਲੀ ਦੇ ਜਾਣ ਮਗਰੋਂ ਉਹ ਪ੍ਰਮੋਦ ਵਰਮਾ ਦੀ ਗੋਦੀ ਵਿੱਚ ਬੈਠ ਗਈ, “ਰੋਟੀ ਖਾਣ ਮਗਰੋਂ ਤੁਸੀਂ ਮੈਨੂੰ ਅੱਜ ਦੇ ਅਨੁਭਵ ਸੁਣਾਇਉ।”

ਝੁੰਝਲਾਹਟ ਨਾਲ ਪ੍ਰਨੋਦ ਵਰਮਾ ਦੀਆਂ ਨਸਾਂ ਤਣ ਗਈਆਂ, “ਦੇਖ, ਮੇਰਾ ਹੁਣ ਦਾ ਅਨੁਭਵ ਤਾਂ ਇਹ ਏ ਕਿ ਤੇਰਾ ਇਹ ਪਿਆਰ ਕਰਨ ਦਾ ਤਰੀਕਾ ਮੈਨੂੰ ਭਾਵ ਨਹੀਂ ਰਿਹਾ। ਚੌਂਤੀ ਸਾਲਾਂ ਦੀ ਹੋ ਕੇ ਤੂੰ ਚੌਵੀ ਸਾਲਾਂ ਦੀ ਉਮਰ ਵਾਲੇ ਪਿਆਰ ਦੀ ਐਕਟਿੰਗ ਕਰ ਰਹੀ ਏਂ। ਤੂੰ ਦਸ ਸਾਲ ਪਿੱਛੇ ਚਲੀ ਗਈ ਏਂ ਐਨੇ ਸਾਲ ਪਤਨੀ ਦੀ ਰੋਲ ਨਿਭਾ ਕੇ ਅੱਜ ਪ੍ਰੇਮਕਾ ਬਣਨ ਦਾ ਸਾਂਗ ਰਚ ਰਹੀ ਏਂ। ਮਿਹਰਬਾਨੀ ਕਰਕੇ ਮੇਰੇ ਪੱਟਾਂ ਤੋਂ ਉਠ ਜਾ। ਉਮਰ ’ਚ ਚਾਹੇ ਤੂੰ ਮੈਥੋਂ ਛੋਟੀ ਏਂ ਪਰ ਚੋਗਾਠ ਦੇ ਭਾਰ ਵਿੱਚ ਮੈਥੋਂ ਕਿਤੇ ਵੱਧ ਏਂ। ਇਕਾਹਟ ਕਿਲੋ ਦਾ ਵਜ਼ਨ ਮੈਥੋਂ ਨਹੀਂ ਸਹਾਰਿਆ ਜਾਂਦਾ। ਵੈਸੇ ਵੀ ਭਾਰ ਪੱਖੋ ਤੇਰੀਆਂ ਛਾਤੀਆਂ ਦਾ ਹੀ ਅੰਤ ਨਹੀਂ।”

“ਚੰਗਾ ਬਾਬਾ ਲਉ।” ਉਹ ਨਹੀਂ ਸੀ ਚਾਹੁੰਦੀ ਕਿ ਮਾਹੌਲ ਤਣਾਅ ਵਾਲਾ ਬਣੇਂ, ਇਸੇ ਲਈ ਹੱਸਦੀ ਹੋਈ ਉਤਰ ਗਈ, “ਚਲੋ, ਅੱਜ ਆਫ਼ਿਸ ਦਾ ਤਜ਼ੁਰਬਾ ਸੁਣਾਉ।”

ਉਹ ਦੱਸਣ ਲੱਗ ਪਿਆ। ਸਭ ਕੁਝ ਕਹਿਣ ਮਗਰੋਂ ਉਸਨੇ ਗੱਲਬਾਤ ਦਾ ਅੰਤ ਇੰਜ ਕੀਤਾ, “ਮੈਂ ਸੌ ਫੀਸਦੀ ਕਰ ਲਿਆ ਸੀ ਕਿ ਏ. ਈ. ਦੇ ਸਾਹਮਣੇ ਅਸੱਭਿਅਕ ਬਣ ਕੇ ਪੇਸ਼ ਹੋਵਾਂਗਾ ਤੇ ਸਸਪੈਂਡ ਕਰ ਦਿੱਤਾ ਜਾਵਾਂਗਾ। ਪਰ ਜਿਉਂ ਹੀ ਉਸਦੇ ਕਮਰੇ ਕੋਲ ਪੁੱਜਾ, ਥਰ-ਥਰ ਕੰਬਣ ਲੱਗਾ। ਬੋਲਣ ਲੱਗਿਆ ਜ਼ੁਬਾਨ ਤਾਲੂਏ ਨਾਲ ਜਾ ਚਿਪਕੀ। ਮੈਂ ਪਹਿਲਾਂ ਨਾਲੋਂ ਵੀ ਜ਼ਿਆਦਾ ਡਰਪੋਕ, ਨਰਮ ਦਿਲ ਤੇ ਚਾਪਲੂਸ ਬਣ ਗਿਆ। ਕਮਰੇ ਤੋਂ ਬਾਹਰ ਆਇਆ ਤਾਂ ਲੱਗਾ ਕਿ ਮੇਰੇ ਅੰਦਰ ਹੌਂਸਲੇ ਨਾਲ ਉਡਣ ਵਾਲਾ ਉਹ ਪੰਛੀ ਕਿਧਰੇ ਮਰ ਗਿਆ। ਯਕੀਨ ਮੰਨ, ਸਾਰਾ ਦਿਨ ਮੈਂ ਦਫ਼ਤਰ ਦੇ ਕੰਮ ਵਿੱਚ ਰੁਝਿਆ ਰਿਹਾ। ਅਸਲ ਵਿੱਚ ਮੈਂ ਸਾਰਾ ਦਿਨ ਹੀ ਆਪਣੇ ਅੰਦਰੋਂ ਉਸੇ ਪੰਛੀ ਨੂੰ ਲੱਭਦਾ ਰਿਹਾ ਜੋ ਹਿੰਮਤ ਤੇ ਹੌਂਸਲੇ ਨਾਲ ਉੱਡਣ ਵਾਲਾ ਸੀ।”



ਫਿਰ ਉਹ ਪੰਛੀ ਉਸ ਨੂੰ ਮੁੜ ਮਿਲ ਗਿਆ ਵੱਡਾ ਸਾਹਬ ਆਪਣੀ ਸਟੈਨੋ ਰਾਧਾ ਅਗਰਵਾਲ ਨੂੰ ਡਿਕਟੇਸ਼ਨ ਦੇ ਰਿਹਾ ਸੀ। ਪ੍ਰਮੋਦ ਵਰਮਾ ਨੇ ਰੋਜ਼ ਵਾਂਗ ਖੜ੍ਹਾ ਰਹਿਣ ਦੀ ਬਜਾਇ ਬੜੇ ਅਸੱਭਿਅਕ ਤਰੀਕੇ ਨਾਲ ਖੜਕਾ ਕਰਕੇ ਕੁਰਸੀ ਖਿੱਚੀ ਤੇ ਬੈਠ ਗਿਆ। ਉਸਦੇ ਲਾਗੇ ਦੇ ਸਹਾਇਕ ਅਫ਼ਸਰ ਖੜ੍ਹੇ ਸਨ। ਉਨ੍ਹਾਂ ਵਿੱਚ ਉਸਦਾ ਅਫ਼ਸਰ ਤਿਵਾੜੀ ਵੀ ਸੀ। ਵੱਡਾ ਸਾਹਬ ਡਿਕਟੇਸ਼ਨ ਬੰਦ ਕਰਕੇ ਚੀਕਿਆ, “ਇਹ ਕੀ ਬਦਤਮੀਜ਼ੀ ਏ ?”

ਉਹ ਵੱਡੇ ਸਾਹਬ ਤੋਂ ਵੀ ਵੱਧ ਗਰਜ਼ ਕੇ ਬੋਲਿਆ, “ਇਹ ਕੀ ਬਦਤਮੀਜ਼ੀ ਏ ?”

“ਵੱਡੇ ਸਾਹਿਬ, ਬਹੁਤਾ ਜੋਸ਼ ਵਿੱਚ ਆਉਣ ਦੀ ਲੋੜ ਨਹੀਂ।” ਉਸਨੇ ਸਿਗਰਟ ਸੁਲਘਾਈ ਤੇ ਹੱਥ ਹਿਲਾ ਕੇ ਤੀਲੀ ਬੁਝਾਈ, ਫਿਰ ਰਾਧਾ ਅਗਰਵਾਲ ਵੱਲ ਦੇਖ ਕੇ ਅੱਖ ਮਾਰੀ, “ਕਦੇ-ਕਦੇ ਸਾਡੇ ਕੋਲੋ ਵੀ ਡਿਕਟੇਸ਼ਨ ਲੈ ਲਿਆ ਰੋ, ਸੁਹਣਿਉਂ।”

ਰਾਧਾ ਅਗਰਵਾਲ ਪਥਰਾ ਗਈ ਤੇ ਨੋਟ-ਬੁੱਕ ਨੂੰ ਗੋਡਿਅ ਵਿੱਚ ਘੁੱਟ ਕੇ ਪੈਂਸਲ ਨਾਲ ਪਿੱਠ ’ਤੇ ਖਾਜ ਕਰਨ ਲੱਗ ਪਈ। ਕੋਈ ਹੋਰ ਦਿਨ ਹੁੰਦਾ ਤਾਂ ਵੱਡ ਸਾਹਬ ਰਾਧਾ ਅਗਰਵਾਲ ਦੇ ਗੋਡਿਆਂ ਦੇ ਇਰਦ-ਗਿਰਦ ਜਾਂ ਪਿੱਠ ਦੇ ਆਸ-ਪਾਸ ਦੇਖਣ ਲੱਗਦਾ। ਥੋੜ੍ਹੀ ਦੇਰ ਦੇਖਣ ਮਗਰੋਂ ਡਾਂਟ ਕੇ ਦੌੜਾ ਦਿੰਦਾ। ਪਰ ਅੱਜ ਉਸ ਨੇ ਉਸ ਵੱਲ ਧਿਆਨ ਹੀ ਨਾ ਦਿੱਤਾ ਤੇ ਪ੍ਰਮੋਦ ਵਰਮਾ ਤੇ ਗਰਜਿਆ, “ਇਹ ਕੀ ਬਦਤਮੀਜ਼ੀ ਏ। ਮੈਂ ਤੈਨੂੰ ਸਸਪੈਂਡ ਕਰ ਦਿਆਂਗਾ।”

“ਜੇ ਕਹੇਂ ਤਾਂ ਸਸਪੈਂਡ ਹੋਣ ਲਈ ਅਰਜ਼ੀ ਲਿਖ ਕੇ ਦਿਆਂ।”

ਵੱਡੇ ਸਾਹਬ ਨੂੰ ਦਮ ਚੜ੍ਹ ਗਿਆ, “ਤੇਰਾ ਬੀ. ਪੀ. ਤਾਂ ਠੀਕ ਏ ਨਾ ?”

“ਇਕ ਦਮ ਨਾਰਮਲ। ਉਪਰੋਂ ਇਕ ਸੌ ਵੀਹ, ਥੱਲਿਉਂ ਅੱਸੀ। ਇਹ ਆਦਰਸ਼ ਬੀ. ਪੀ. ਏ ਜਿਸ ਨੂੰ ਮੈਂ ਬਿਨਾਂ ਕਿਸੇ ਪਰਹੇਜ਼ ਤੇ ਬਹੁਤਾ ਲੂਣ ਵਰਤਣ ਦੇ ਬਾਵਜੂਦ ਸਾਂਭਿਆ ਹੋਇਆ ਏ। ਹਾਂ, ਮੈਂ ਕਬਰ ਦੇ ਗੈਸ ਦਾ ਮਰੀਜ਼ ਜ਼ਰੂਰ ਹਾਂ।” ਇਹ ਕਹਿ ਕੇ ਉਹ ਵੱਡੇ ਸਾਹਿਬ ਦੇ ਸਾਹਮਣੇ ਪਏ ਪੇਪਰ ਵੇਟ ਨੂੰ ਚੁੱਕ ਕੇ ਹੱਥਾਂ ਵਿੱਚ ਟਪਾਉਣ ਲੱਗ ਪਿਆ।

ਪੇਪਰ ਵੇਟ ਦੀ ਮਾਰ ਤੇ ਪ੍ਰਮੋਦ ਵਰਮਾ ਦੀ ਪੇਟ ਗੈਸ ਦੇ ਪ੍ਰਗਟ ਹੋਣ ਦੇ ਖਤਰੇ ਨੂੰ ਭਾਂਪ ਸਾਹਬ ਸ਼ਾਂਤ ਹੋ ਗਿਆ। ਉਹ ਐਨਾ ਸ਼ਾਂਤ ਹੋ ਗਿਆ ਕਿ ਬੋਲਿਆ, “ਪਹਿਲਾਂ ਪਾਣੀ ਦਾ ਗਿਲਾਸ ਲਉ।” ਥੋੜ੍ਹੀ ਦੇਰ ਚੁੱਪ ਰਹਿ ਕੇ ਫਿਰ ਕਿਹਾ, “ਤੁਸੀਂ ਪ੍ਰੇਸ਼ਾਨੀ ਵਿੱਚ ਲੱਗਦੇ ਹੋ। ਮੈਂ ਤੁਹਾਡਾ ਸੁਭ ਚਿੰਤਕ ਹਾਂ। ਦੇਖੋ, ਮੈਂ ਸੋਚ ਰਿਹਾ ਹਾਂ ਕਿ ਮਹਿਕਮੇ ਦੀ ਸਭ ਤੋਂ ਵੱਡੀ ਸੜਕ ਤੁਸੀਂ ਬਣਵਾਉ।” ਉਸ ਨੇ ਉੱਠ ਕੇ ਪ੍ਰਮੋਦ ਵਰਮਾ ਨਾਲ ਹੱਥ ਮਿਲਾ ਲਿਆ। ਕਮਰੇ ਵਿੱਚ ਮੌਜੂਦ ਸਹਾਇਕ ਅਫ਼ਸਰ ਤੇ ਰਾਧਾ ਅਗਰਵਾਲ, ਸਾਰੇ ਹੈਰਾਨ। ਸਾਰਿਆਂ ਦੀ ਨਜ਼ਰ ਵਿੱਚ ਪ੍ਰਮੋਦ ਵਰਾ ਦੀ ਰੋਹਬ ਕਈ ਗੁਣਆ ਵੱਧ ਗਿਆ।

ਪੂਰੇ ਦਫ਼ਤਰ ਵਿੱਚ ਪ੍ਰਮੋਦ ਵਰਮਾ ਤੋਂ ਸਭ ਡਰਨ ਲੱਗੇ। ਕਈ ਤਾਂ ਉਸ ਦੇ ਅੱਗੇ ਪਿੱਛੇ ਪੂਛ ਹਿਲਾਉਣ ਲੱਗੇ। ਜਿਸ ਸਖ਼ਸ਼ ਨੇ ਵੱਡੇ ਸਾਹਬ ਨੂੰ ਸ਼ਰ੍ਹੇਆਮ ਬੇਇੱਜ਼ਤ ਕੀਤਾ ਤੇ ਬਦਲੇ ਵਿੱਚ ਵੱਡਾ ਕੰਮ ਵੀ ਲੈ ਲਿਆ, ਉਸਦੇ ਕੀ ਕਹਿਣੇ ਪੰਦਰਾਂ ਮਿੰਟ ਦੇ ਸਮੇਂ ਨੇ ਉਸ ਨੂੰ ਲੋਕ ਨਿਰਮਾਣ ਵਿਭਾਗ ਦੇ ਇਸ ਦਫ਼ਤਰ ਦਾ ਸਿਰਕੱਢ ਦਾਦਾ ਬਣਾ ਦਿੱਤਾ। ਪਰ ਉਸ ਦਾ ਦਿਲ ਟੁੱਟ ਗਿਆ। ਸਸਪੈਂਡ ਹੋਣ ਦੀ ਉਸਦੀ ਹਸਰਤ ਦਾ ਹੁਣ ਕੀ ਬਣੇਂਗਾ। ਉਹ ਜਿਸ ਦਲਦਲ ਵਿੱਚੋਂ ਨਿਕਲਣਾ ਚਾਹੁੰਦਾ ਸੀ, ਉਸ ਵਿੱਚ ਸਗੋਂ ਹੋਰ ਧਸ ਗਿਆ।

ਸਸਪੈਂਡ ਹੋ ਕੇ ਦੋ ਤਿਹਾਈ ਤਨਖਾਹ ਦਾ ਮਜ਼ਾ ਲੈਣ ਦਾ ਉਸਦਾ ਸੁਪਨਾ ਚਕਨਾ-ਚੂਰ ਹੋ ਗਿਆ। ਉਸ ਨੂੰ ਅਹਿਸਾਸ ਹੋਣ ਲੱਗਾ ਕਿ ਸੁਖੀ ਹੋਣਾ ਉਸ ਦੀ ਤਕਦੀਰ ਵਿੱਚ ਨਹੀਂ ਸੀ। ਫਿਰ ਵੀ ਉਹ ਐ ਹਾਰਿਆ ਨਹੀਂ ਸੀ। ਉਮੀਦ ਦੀ ਇਕ ਹਲਕੀ ਜਿਹੀ ਚਿਣਗ ਅਜੇ ਸੀ ਕਿ ਉਹ ਇਕ ਨਾ ਇਕ ਦਿਨ ਜ਼ਰੂਰ ਸਸਪੈਂਡ ਹੋ ਜਾਵੇਗਾ। ਉਸ ਦੀ ਕੋਸ਼ਿਸ਼ ਜਾਰੀ ਸੀ। ਉਸੇ ਲੜੀ ਵਿੱਚ ਇਕ ਦਿਨ ਰਾਧਾ ਅਗਰਵਾਲ ਦੇ ਸਾਹਮਣੇ ਪੁੱਜਾ ਤੇ ਲੋਫ਼ਰਾਂ ਵਾਂਗ ਲੱਕ ਲਹਿਰਾਉਂਦਾ ਬੋਲਿਆ, “ਰਾਧਾ, ਮੇਰੀ

ਜਾਨ, ਕੀ ਸਲਾਹ ਏ ਫਿਰ ?"

ਇਸ ਮਗਰੋਂ ਉਸ ਨੇ ਰੰਗਦਾਰ ਰੁਮਾਲ ਹਵਾ ' ਲਹਿਰਾ ਕੇ ਝਟਕਾ ਮਾਰਿਆ, "ਇਕ ਦੰਮ ਕਟਾਰ ਏ ਮੇਰੀ ਜਾਨ।"

ਉਸ ਨੂੰ ਆਸ ਸੀ ਕਿ ਹੁਣ ਹਰ ਹਾਲਤ ਵਿੱਚ ਰਾਧਾ ਉਸ 'ਤੇ ਸੈਂਡਲਾਂ ਨਾਲ ਹਮਲਾ ਕਰੇਗੀ ਤੇ ਉੱਤੇ ਤਕ ਸ਼ਿਕਾਇਤ ਜਾਏਗੀ। ਪਰ ਇਹ ਕੀ, ਰਾਧਾ ਅਗਰਵਾਲ ਤਾਂ ਮੁਸਕਰਾਉਣ ਲੱਗ ਪਈ, "ਸਰ, ਬੱਸ ਫੋਕੀਆਂ ਗੱਲਾਂ ਹੀ ਨੇ ਤੁਹਾਡੀਆਂ।" ਉਹ ਹੈਰਾਨ ਸੀ, "ਮੈਂ ਤਾਂ ਰਾਧਾ ਅਗਰਵਾਲ ਨੂੰ ਸਮਝਣ ਵਿੱਚ ਭੁੱਲ ਕੀਤੀ, ਇਹ ਤਾਂ ਬਦਚਲਣ ਏਂ।" ਉਸ ਨੇ ਫੈਸਲਾ ਕੀਤਾ ਕਿ ਅੱਗੇ ਤੋਂ ਉਸਨੂੰ 'ਭੈਣ ਜੀ' ਕਿਹਾ ਕਰੇਗਾ ਤੇ ਮਿਲਣ 'ਤੇ ਅੱਖਾਂ ਝੁਕਾ ਕੇ, ਹੱਥ ਜੋੜ ਕੇ ਨਮਸਕਾਰ ਕਰਿਆ ਕਰੇਗਾ।

ਅਗਲੇ ਦਿਨ ਉਹ ਦਫ਼ਤਰ ਸ਼ਰਾਬ ਪੀ ਕੇ ਆ ਗਿਆ। ਅੱਖਾਂ ਲਾਲ, ਲੜਖੜਾਉਂਦਾ ਹੋਇਆ ਅੰਦਰ ਵੜਿਆ। ਉੱਚੀ-ਉੱਚੀ ਲੋਕਾਂ ਨੂੰ ਗੰਦੀਆਂ ਗਾਲ੍ਹਾਂ ਦੇਣ ਲੱਗ ਪਿਆ। ਕਿਸੇ ਨੂੰ ਗੋਲੀ ਮਾਰਨ ਤੇ ਕਿਸੇ ਦਾ ਗਲਾ ਕੱਟ ਦੇਣ ਦੀਆਂ ਧਮਕੀਆਂ ਦੇ ਲੱਗਾ। ਰਹਿੰਦੀ ਕਸਰ ਉਸ ਨੇ ਸਹਾਇਖ ਅਫ਼ਰ ਤਿਵਾੜੀ ਦੇ ਥੱਪੜ ਮਾਰ ਕੇ ਪੂਰੀ ਕਰ ਦਿੱਤੀ। ਫਿਰ ਠੇਕੇਦਾਰ ਤੋਂ ਮੰਗਵੇਂ ਰਿਵਾਲਵਰ ਨਾਲ ਹਵਾਈ ਫਾਇਰ ਕਰਕੇ ਘਰ ਪਰਤ ਆਇਆ।

ਅਗਲੇ ਦਿਨ ਉਹ ਪੂਰੇ ਵਿਸ਼ਵਾਸ ਨਾਲ ਦਫ਼ਤਰ ਪੁੱਜਾ ਕਿ ਅੱਜ ਨੂੰ ਉਸ ਨੂੰ ਸਸਪੈਂਡ ਕਰਨ ਦੀ ਕਾਰਵਾਈ ਜ਼ਰੂਰ ਸ਼ੁਰੂ ਹੋ ਜਾਵੇਗੀ। ਪਰ ਦੁੱਖ ਦੀ ਗੱਲ ਸੀ ਕਿ ਦਫ਼ਤਰ ਵਿੱਚ ਤਾਂ ਉਸ ਦੀ ਹੋਰ ਵੀ ਚੜ੍ਹ ਮਚੀ ਪਈ ਸੀ। ਵੱਡੇ ਸਾਹਬ ਨੇ ਉਸ ਨੂੰ ਕਮਰੇ 'ਚ ਬੁਲਾਇਆ, "ਮੈਂ ਤਾਂ ਸੋਚ ਰਿਹਾ ਸੀ ਕਿ ਤਿਵਾੜੀ ਵਾਂਗ ਮਲਹੋਤਰੇ ਦੇ ਵੀ ਦੋ ਠੋਕੇਂਗਾ, ਯਾਰ ਕਿਸੇ ਦਿਨ ਉਹਦੇ ਵੀ ਚਾਰ ਥੱਪੜ ਜੜ ਦੇ।"

ਸਰੋਜ ਵਰਮਾ ਬੜੀ ਖੁਸ਼ ਸੀ ਕਿ ਪਤੀ ਜੀ ਬਾਵਜੂਦ ਸਾਰੀਆਂ ਕੋਸ਼ਿਸ਼ਾਂ ਦੇ ਸਸਪੈਂਡ ਨਹੀਂ ਸੀ ਹੋ ਸਕੇ। ਵੈਸੇ ਉਪਰੋਂ-ਉਪਰੋਂ ਉਹ ਪਤੀ ਕੋਲ ਅਫਸੋਸ ਕਰਦੀ ਕਹਿੰਦੀ, "ਮੈਂ ਤਾਂ ਭਗਵਾਨ ਕੋਲ ਕਈ ਮੰਨਤਾ ਮੰਨੀਆਂ ਬਈ ਤੁਸੀਂ ਸਸਪੈਂਡ ਹੋ ਜਾਵੋ। ਪਰ ਕੀ ਕਰਾਂ ਭਗਵਾਨ ਨੇ ਸੁਣੀ ਹੀ ਨਹੀਂ। ਖੈਰ, ਫਿਕਰ ਨਾ ਕਰੋ, ਅੱਜ ਨਹੀਂ ਤਾਂ ਕਲ੍ਹ ਭਗਵਾਨ ਸੁਣੇਗਾ ਤੇ ਤੁਸੀਂ ਸਸਪੈਂਡ ਹੋ ਜਾਵੋਗੇ।" ਉਸ ਮਗਰੋਂ ਉਹ ਚੁਪਚਾਪ ਭਗਵਾਨ ਅੱਗੇ ਅਰਜੋਈਆਂ ਕਰਦੀ, "ਮਾਫ਼ ਕਰਨਾ ਪ੍ਰਭੂ, ਮੈਂ ਝੂਠ ਬੋਲੀ। ਤੂੰ ਇਨ੍ਹਾਂ ਨੂੰ ਕਦੀ ਵੀ ਸਸਪੈਂਡ ਨਾ ਹੋਣ ਦੇਣਾ। ਇਨ੍ਹਾਂ ਦਾ ਤਾਂ ਦਿਮਾਗ ਫਿਰ ਗਿਆ ਏ। ਖ਼ਬਤੀ ਬਣ ਗਏ ਨੇ। ਹੁਣ ਇਸ ਭਗਤਣੀ ਦੀ ਲਾਜ ਤੁਹਾਡੇ ਹੱਥਾਂ ਵਿੱਚ ਏ ਪ੍ਰਭੂ।"

ਪ੍ਰਭੂ ਦੀ ਕਿਰਪਾ ਨਾਲ ਜਾਂ ਫਿਰ ਕਿਸੇ ਹੋਰ ਵਜਾਹ ਕਰਕੇ ਪ੍ਰਮੋਦ ਵਰਮਾ ਦਾ ਮਨ ਨੌਕਰੀ ਵਿੱਚ ਲੱਗਣ ਲੱਗ ਪਿਆ। ਉਹ ਪੂਰੇ ਮਨ ਨਾਲ ਨਿਰਮਾਣ ਵਿੱਚ ਗਿਆ। ਸਰੋਜ ਵਰਮਾ ਸੰਤੁਸ਼ਟ ਸੀ। ਜਿਵੇਂ ਪਤੀ ਸਸਪੈਂਡ ਹੋਣ ਦੀ ਇੱਛਾ ਛੱਡ ਨੌਕਰੀ 'ਤੇ ਆ ਗਏ ਹਨ ਕਿਸੇ ਦਿਨ ਤਿਆਗ ਤੋਂ ਸ੍ਰਿਵਤਖੋਰੀ ਤੇ ਵੀ ਮੁੜ ਆਉਣਗੇ ਤੇ ਜੀਵਨ ਦੀ ਕਿਸ਼ਤੀ ਬੜੇ ਮਜ਼ੇ ਨਾਲ ਫਿਰ ਚੱਲਣ ਲੱਗੇਗੀ।

ਪਰ ਦਫ਼ਤਰ ਵਿੱਚ ਕੋਈ ਵੀ ਉਸ ਤੋਂ ਸੰਤੁਸ਼ਟ ਨਹੀਂ ਸੀ।

ਪ੍ਰਮੋਦ ਵਰਮਾ ਤੋਂ ਸਹਾਇਕ ਅਫ਼ਸਰ ਨੇ ਦਸ ਕਰੇਟ ਵਿਸਕੀ ਮੰਗੀ, "ਵੱਡੇ ਸਾਹਬ ਦੇ ਬੇਟੇ ਦੇ ਵਿਆਹ ਲਈ ਚਾਹੀਦੀ ਏ।"

ਖੁਦ ਵੱਡੇ ਸਾਹਬ ਨੇ ਵਰਮਾ ਨੂੰ ਕਿਹਾ, "ਭਾਈ ਖਾਣ-ਪੀਣ ਦੇ ਮਾਮਲੇ ਵਿੱਚ ਕਾਇਸਥਾਂ ਤੋਂ ਵੱਧ ਕੌਣ ਜਾਣਦਾ। ਇਸ ਲਈ ਸ਼ਾਦੀ ਮਗਰੋਂ ਰਿਸੈਪਸ਼ਨ ਤੇ ਖਾਣੇ-ਪੀਣੇ ਦਾ ਇੰਤਜ਼ਾਮ ਤੁਹਾਡੇ ਹਵਾਲੇ।"

"ਸਾਹਬ, ਮੈਂ ਪੀਣੀ ਛੱਡ ਦਿੱਤੀ ਏ। ਨਾ ਪੀਂਦਾ ਹਾਂ, ਨਾ-ਪਿਲਾਉਂਦਾ ਹਾਂ। ਰਾਸ਼ਟਰ ਪਿਤਾ ਮਹਾਤਾਮਾ ਗਾਂਧੀ ਨੇ ਸ਼ਰਾਬ ਨੂੰ ਪਾਪਾਂ ਦਾ ਮੂਲ ਦੱਸਿਆ। ਜਿੱਥੋਂ ਤੱਕ ਖਾਣੇ ਦੇ ਪ੍ਰਬੰਧ ਗੱਲ ਏ, ਮੈਂ ਕੁਝ ਵਧੀਆਂ ਕਿਸਮ ਦੇ ਹੋਟਲਾਂ ਦੇ ਨਾਂ ਦੱਸ ਸਕਦਾ ਹਾਂ, ਜਿਹੜੇ ਸਵਾਦੀ ਭੋਜਨਾਂ ਲਈ ਮਸ਼ਹੂਰ



ਨੇ, ਜਿਵੇਂ ਨਾਲ ਵੈਜੀਟੇਰੀਅਨ ਵਾਸਤੇ.....।"

"ਮਜ਼ਾਕ ਦੀ ਗੱਲ ਛੱਡੋ, ਵਰਮਾ, ਸੀਰੀਅਸ ਗੱਲ ਕਰੋ। ਇੱਥੇ ਜੇ. ਈ. ਲੋਕ ਲੜਕੀ ਤੱਕ ਸਪਲਾਈ ਕਰ ਦਿੰਦੇ ਨੇ. ਇਕ ਤੁਸੀਂ ਹੋ ਕਿ ਦਾਰੂ ਤੇ ਖਾਣੇ ਦੋਨਾਂ ਤੋਂ ਹੀ ਭੱਜ ਰਹੇ ਹੋ।"

"ਦੇਖੋ, ਉਹ ਨਾ ਜੇ. ਈ. ਹੁੰਦੇ ਨੇ, ਨਾ ਇਨਸਾਨ। ਉਹ ਭੜੂਏ ਹੁੰਦੇ ਨੇ। ਵੈਸੇ ਕਿਸੇ ਦੇ ਡਿਗਣ ਦਾ ਕੀ ਮਿਆਰ.....ਤੁਹਾਡਾ ਵਾਲੀ ਪੋਸਟ ਤੇ ਬੈਠੇ ਇਕ ਵੱਡੇ ਸਾਹਬ ਨੇ ਆਪਣੀ ਬਦਲੀ ਰੁਕਵਾਉਣ ਲਈ ਆਪਣੀ ਹੀ ਕੁੜੀ ਸਪਲਾਈ ਕਰ ਦਿੱਤੀ ਸੀ. ...ਮਿਹਰਬਾਨੀ ਕਰਕੇ ਸਮਝਣ ਦੀ ਕੋਸ਼ਿਸ਼ ਕਰੋ ਕਿ ਮੈਂ ਪ੍ਰਮੋਦ ਵਰਮਾ ਭੜੂਆ ਦਲਾਲ ਨਹੀਂ, ਇਨਸਾਨ ਹਾਂ।"

ਫਿਰ ਉਹ ਦਿਨ ਤਾਂ ਵਿਸਫੋਟ ਹੀ ਹੋ ਗਿਆ। ਸੜਕ ਬਣ ਕੇ ਤਿਆਰ ਹੋ ਗਈ। ਦਫ਼ਤਰ ਵਿੱਚ ਖ਼ੁਸ਼ੀ ਦੀ ਲਹਿਰ ਦੌੜ ਗਈ। ਐਗਜੈਕਟਿਵ ਇੰਜੀਨੀਅਰ ਖ਼ੁਸ਼ ਸੀ, ਸਹਾਇਖ ਅਫ਼ਸਰ ਖ਼ੁਸ਼ ਸੀ, ਅਕਾਊਂਟੈਂਟ ਖ਼ੁਸ਼ ਸੀ। ਕੈਸ਼ੀਅਰ, ਕਲਰਕ, ਚਪੜਾਸੀ ਸਭ ਖ਼ੁਸ਼ ਸਨ ਕਿ ਕਮਿਸ਼ਨ ਦੇ ਤੌਰ 'ਤੇ ਖਰੀਦਾਰੀ ਕਰਨ ਦਾ ਵਾਅਦਾ ਕਰ ਰੱਖਿਆ ਸੀ। ਐਗਜੈਕਟਿਵ ਇੰਜੀਨੀਅਰ ਇਸ ਗੱਲੋਂ ਵੀ ਖ਼ੁਸ਼ ਸੀ ਕਿ ਉਸ ਦੇ ਇਲਾਕੇ ਦੇ ਏ.ਸੀ. ਸਾਹਬ, ਚੀਫ ਇੰਜੀਨੀਅਰ, ਇੰਜੀਨੀਅਰ ਇਨ ਚੀਫ ਤੇ ਮੰਤਰੀ ਸਾਰੇ ਤਕੜਾ ਹਿੱਸਾ ਲੈ ਕੇ ਖ਼ੁਸ਼ ਹੋ ਜਾਣਗੇ। ਹ ਪੂਰੀ ਵਿੱਚ ਝੂੰਮ ਉੱਠਣਗੇ ਤੇ ਉਸ ਨੂੰ ਹੋਰ ਫ਼ਲਦਾਇਕ ਥਾਂ ਤੇ ਬਦਲ ਦੇਣਗੇ। ਬੱਸ ਜੇ. ਈ. ਪ੍ਰਮੋਦ ਵਰਮਾ ਦੀ ਰਿਪੋਰਟ ਮਿਲਣ ਦੀ ਦੇਰ ਸੀ। ਉਸ ਮਗਰੋਂ ਪੂਰੀ ਤੇਜ਼ੀ ਨਾਲ ਠੇਕੇਦਾਰ ਦਾ ਚੈੱਕ ਕੱਟਿਆ ਜਾਣਾ ਸੀ ਤੇ ਕਮਿਸ਼ਨ ਦੀ ਵੰਡ ਸ਼ੁਰੂ ਹੋਣੀ ਸੀ। ਪਰ ਪ੍ਰਮੋਦ ਵਰਮ ਦੀ ਰਿਪੋਰਟ ਨੇ ਸਭ ਖੁਸ਼ੀਆਂ 'ਤੇ ਪਾਣੀ ਫੇਰ ਦਿੱਤਾ। ਉਸ ਨੇ ਲਿਖਿਆ ਸੀ ਕਿ ਸੜਕ ਨਿਰਮਾਣ ਵਿੱਚ ਤੈਅ ਕੀਤੀਆਂ ਸ਼ਰਤਾਂ ਦੀ ਘੋਰ ਉਲੰਘਣਾ ਹੋਈ ਹੈ। ਵਰਤੇ ਮੈਟੀਰੀਅਲ ਵਿੱਚ ਵੱਡਾ ਘਪਲਾ ਕੀਤਾ ਗਿਆ ਹੈ। ਸੜਕ ਕਮਜ਼ੋਰ ਹੀ ਨਹੀਂ ਸਗੋਂ ਦੋ ਕੋਡੀ ਦੀ ਬਣੀ ਹੋਈ ਹੈ। ਉਸਦੇ ਬਦਲੇ ਵਿੱਚ ਕੀਤਾ ਗਿਆ ਭੁਗਤਾਨ ਜਨਤਾ ਤੇ ਸਰਕਾਰ ਨਾਲ ਵਿਸ਼ਵਾਸਘਾਤ ਹੋਵੇਗਾ।

ਸਾਰੇ ਵਿਭਾਗ ਦੇ ਸਾਹ ਸੂਤੇ ਗਏ। ਲੋਕ ਨਿਰਮਾਣ ਵਿਭਾਗ ਹੈਰਾਨ ਸੀ ਕਿ ਕੀ ਕਦੀ ਇੰਜ ਵੀ ਹੋ ਸਕਦਾ ਸੀ।

ਬੜੇ ਲੰਬੇ ਅਰਸੇ ਮਗਰੋਂ ਪ੍ਰਮੋਦ ਵਰਮਾ ਸ਼ਰਾਬ ਪੀ ਰਿਹਾ ਸੀ। ਸਰੋਜ ਵਰਮਾ ਤਵੇ 'ਤੇ ਕਬਾਬ ਸੇਕ ਰਹੀ ਸੀ। ਉਜਲੀ ਗਣਿਤ ਦੇ ਸਵਾਲ ਕੱਢ ਰਹੀ ਸ। ਉਹ ਨਸ਼ੇ ਵਿੱਚ ਹੁੰਦਾ ਜਾ ਰਿਹਾ ਸੀ। ਗਿਲਾਸ ਚੁੱਕ ਕੇ ਬੇਟੀ ਨੂੰ ਕਹਿਣ ਲੱਗਾ, "ਬੇਟੇ, ਇਹ ਰਿਸ਼ਵਤ ਦੀ ਸ਼ਰਾਬ ਨਹੀਂ। ਮੈਂ ਆਪਣੀ ਤਨਖਾਹ 'ਚੋਂ ਖਰੀਦ ਕੇ ਲਿਆਇਆ।"

ਤਦੋਂ ਠਾਹ-ਠਾਹ ਹੋ ਗਈ। ਗੋਲੀਆਂ ਚੱਲਣੀਆਂ ਬੰਦ ਹੋਈਆਂ ਤਾਂ ਗਾਲ੍ਹਾਂ ਦੀਆਂ ਆਵਾਜ਼ਾਂ ਆਉਣ ਲੱਗੀਆਂ। ਕੋਈ ਜ਼ੋਰ-ਜ਼ੋਰ ਨਾਲ ਦਰਵਾਜ਼ ਭੰਨ ਰਿਹਾ ਸੀ, "ਬਾਹਰ ਨਿਕਲ ਸਾਲੇ......ਮਹਾਤਮਾ ਗਾਂਧੀ ਦੀ ਔਲਾਦ......।"

ਪ੍ਰਮੋਦ ਵਰਮਾ, ਸਰੋਜ ਵਰਮਾ, ਉਜਲੀ....ਤਿੰਨੋ ਡਬਲ ਬੈੱਡ 'ਤੇ ਚੜ੍ਹੇ, ਇਕ ਦੂਜੇ ਨੂੰ ਫੜੀ, ਸਾਹ ਰੋਕੀ ਖੜ੍ਹੇ ਸਨ। ਉਹ ਕੰਬ ਰਹੇ ਸਨ। ਬਾਹਰੋਂ ਹੁਣ ਇੱਟਾਂ ਪੱਥਰ ਸੁੱਟੇ ਜਾ ਰਹੇ ਸਨ।

ਐਗਜੈਕਟਿਵ ਇੰਜੀਨੀਅਰ ਨੇ ਏ. ਸੀ. ਸਾਹਬ ਨੂੰ 'ਭ੍ਰਿਸ਼ਟ' ਜੇ. ਈ. ਪ੍ਰਮੋਦ ਵਰਮਾ ਨੂੰ ਸਸਪੈਂਡ ਕਰਨ ਦੀ ਸਿਫਾਇਰਸ਼ ਭੇਜੀ। ਏ. ਸੀ. ਨੇ ਚੀਫ਼ ਨੂੰ ਚੀਫ਼ ਨੇ ਇੰਜੀਨੀਅਰ-ਇਨ-ਚੀਫ਼ ਨੂੰ ਸਿਫਾਇਸ਼ ਕਰਕੇ ਫਾਇਲ ਤੋਰ ਦਿੱਤੀ। ਠੇਕੇਦਾਰ ਦੀ ਬੇਤਨੀ 'ਤੇ ਮੰਤਰੀ ਜੀ ਨੇ ਵੀ ਪ੍ਰਮੋਦ ਵਰਮਾ ਦੇ ਵਿਰੁੱਧ ਇੰਜੀਨੀਅਰ-ਇਨ-ਚੀਫ਼ ਨੂੰ ਹੁਕਮ ਚਾੜ੍ਹ ਦਿੱਤਾ। ਇੰਜੀਨੀਅਰ-ਇਨ-ਚੀਫ਼ ਨੇ ਚੀਫ ਨੂੰ ਚੀਫ਼ ਨੇ ਏ. ਸੀ. ਨੂੰ, ਏ. ਸੀ. ਨੇ ਐਗਜੈਕਟਿਵ ਇੰਜੀਨੀਅਰ ਨੂੰ ਹੁਕਮ ਭੇਜ ਦਿੱਤਾ ਕਿ ਉਨ੍ਹਾਂ ਦੇ ਦਫ਼ਤਰ ਦਾ 'ਭ੍ਰਿਸ਼ਟ' ਜੇ. ਈ. ਪ੍ਰਮੋਦ ਵਰਮਾ ਬੇਨਿਯਮੀਆਂ ਕਰਕੇ ਸਸਪੈਂਡ ਕੀਤਾ ਜਾਂਦਾ ਹੈ।

ਸਰੋਜ ਵਰਮਾ ਪਤੀ ਨੂੰ ਕਹਿਣ ਲੱਗੀ, "ਇਸ ਤੋਂ ਚੰਗੀ ਸੀ, ਤੁਸੀਂ ਨੌਕਰੀ ਤੋਂ ਅਸਤੀਫ਼ਾ ਦੇ ਦਿੰਦੇ। ਚਾਰੇ-ਪਾਸੇ ਬੇਜ਼ਿੱਤੀ ਹੋ ਰਹੀ ਏ। ਰਿਸ਼ਤੇਦਾਰ ਹੱਸ ਰਹੇ ਨੇ।"

"ਜੋ ਹੱਸ ਰਹੇ ਨੇ, ਉਹ ਨੀਚ ਨੇ। ਨੀਚ ਲੋਕ ਹੀ ਦੂਜਿਆਂ 'ਤੇ ਮੁਸੀਬਤ ਦੇਖ ਹੱਸਦੇ ਨੇ। ਸਾਨੂੰ ਨੀਚ ਲੋਕਾਂ ਦੀ ਪ੍ਰਵਾਹ ਨਹੀਂ ਕਰਨੀ ਚਾਹੀਦੀ। ਜਿੱਥੋਂ ਤੱਕ ਅਸਤੀਫ਼ ਦਾ ਸੁਆਲ ਏ, ਮੈਂ ਪਹਿਲਾਂ ਉਸੇ ਰਸਤੇ 'ਤੇ ਚੱਲਣਾ ਚਾਹਿਆ ਸੀ। ਉਦੋਂ ਤੂੰ ਹੀ ਗਿੜਗਿੜਾਉਣ ਲੱਗ ਪਈ। ਵੈਸੇ ਜੇ ਤੈਨੂੰ ਅਸਤੀਫ਼ਾ ਐਨਾ ਹੀ ਪਿਆਰਾ ਏ, ਮੈਂ ਉਹ ਰਸਤਾ ਵੀ ਕੱਢ ਲੈਂਦਾਂ।"

ਸਰੋਜ ਵਰਮਾ ਚੁੱਪ-ਗੜੁੱਪ, ਰੋਣਹਾਰੀ ਹੋ ਕੇ, ਪਤੀ ਵੱਲ ਦੇਖਣ ਲੱਗੀ। ਪ੍ਰਮੋਦ ਵਰਮਾ ਨੇ ਆਪਣੀ ਗੱਲ ਜਾਰੀ ਰੱਖੀ, "ਮੈਂ ਆਪਣੀ ਸਸਪੈਂਸ਼ਨ ਖਿਲਾਫ਼ ਕੋਰਟ ਤੋਂ ਸਟੇਅ ਲਿਆਵਾਂਗਾ।ਕੋਰਟ ਹਰ ਮਸਲੇ 'ਤੇ ਸਟੇਅ ਦੇ ਦਿੰਦੀ ਏ। ਇਸ ਦੇਸ਼ ਵਿਚ ਇਕ ਦਿਨ ਅਜਿਹਾ ਆਵੇਗਾ ਜਦੋਂ ਕੋਈ ਕਾਤਲ ਕਤਲ ਤੇ ਚੋਰ ਚੋਰੀ ਕਰਕੇ ਆਪਣੇ ਅਧਿਕਾਰ ਦੇ ਹੱਕ ਵਿੱਚ ਸਟੇਅ ਲੈਣ ਲੱਗ ਪਵੇਗਾ। ਮੈਨੂੰ ਤਾਂ ਸੌ ਫੀਸਦੀ ਸਟੇਅ ਮਿਲੇਗੀ। ਇਸ ਮਗਰੋਂ ਮੈਂ ਤੁਰੰਤ ਨੌਕਰੀ ਤੋਂ ਅਸਤੀਫ਼ਾ ਦੇ ਕੇ ਤੇਰੀ ਮੁਰਾਦ ਪੂਰੀ ਕਰ ਦਿਆਂਗਾ।"

ਉਹ ਕੰਬਣ ਲੱਗੀ, "ਨਹੀਂ-ਨਹੀਂ ਤੁਸੀਂ ਅਸਤੀਫਾ ਨਾ ਦਿਉ। ਆਪਣੇ ਲਈ ਸਸਪੈਂਸ਼ਨ ਹੀ ਠੀਕ ਤੇ ਫਾਇਦੇਮੰਦ ਰਹੇਗੀ।"

ਪ੍ਰਮੋਦ ਵਰਮਾ ਸੰਤੁਸ਼ਟ ਹੋ ਗਿਆ, "ਤੂੰ ਫਿਕਰ ਨਹੀਂ ਕਰਨਾ। ਮੈਂ ਕਲ੍ਹ ਹੀ ਆਪਣੇ ਇਕ ਸੰਪਾਦਕ ਦੋਸਤ ਨੂੰ ਮਿਲਾਂਗਾ। ਉਸਨੂੰ ਕਹਾਂਗਾ ਕਿ ਆਪਣੇ ਰਸਾਲੇ ਵਿੱਚ ਮੇਰੇ ਨਾਲ ਹੋਈ ਬੇਇਨਸਾਫੀ ਦੀ ਖਬਰ ਛਾਪੇ ਤੇ ਮੈਨੂੰ ਆਪਣੇ ਕੋਲ ਨੌਕਰੀ ਦੇ ਦੇਵੇ। ਮੈਂ ਲੋਕ ਨਿਰਮਾਣ ਵਿਭਾਗ ਦੀਆਂ ਨੀਹਾਂ ਹਿਲ ੍ਹਕੇ ਰੱਖ ਦਿਆਂਗਾ। ਪੱਤਰਕਾਰੀ ਲੋਕਤੰਤਰ ਦਾ ਸਭ ਤੋਂ ਸਨਮਾਨਯੋਗ ਤੇ ਮਜ਼ਬੂਤ ਥੰਮ ਏ। ਮੈਂ ਪੱਤਰਕਾਰ ਬਣਾਂਗਾ ਤੇ ਸਮਾਜ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਸੰਘਰਸ਼ ਛੇਡਾਂਗਾ।"

ਸੰਪਾਦਕ ਦੋਸਤ ਨੇ ਗਰਮ ਜੋਸ਼ੀ ਨਾਲ ਉਸ ਦਾ ਸਵਾਗਤ ਕੀਤਾ। ਗਲੇ ਨਾਲ ਲਾ ਲਿਆ। ਉਸ ਦੇ ਮੂੰਹ 'ਚੋਂ ਹਵਾੜ ਆ ਰਹੀ ਸੀ। ਦਿਨ ਖੜ੍ਹੇ ਹੀ ਦੋਸਤ ਦਾਰੂ ਪੀ ਕੇ ਸੰਪਾਦਨਾ ਦਾ ਫਰਜ਼ ਨਿਭਾ ਰਿਹਾ ਸੀ।

"ਹਾਂ ਕੀ ਸਮੱਸਿਆ ?"

"ਸਮੱਸਿਆ ਨਹੀਂ, ਸਮੱਸਿਆ। ਇਕ ਇਹ ਕਿ ਮੈਂ ਸਸਪੈਂਡ ਕਰ ਦਿੱਤਾ ਗਿਆ। ਮੇਰੇ ਨਾਲ ਹੋਏ ਇਸ ਅਤਿਆਚਾਰ ਨੂੰ ਆਪਣੇ ਰਸਾਲੇ ਦੇ ਮਾਧਿਅਮ ਰਾਹੀਂ ਨੰਗਾ ਕਰੋ।"

"ਨੰਗਾ ਹੋ ਜਾਵੇਗਾ ਪਰ ਕਿਸੇ ਅਖ਼ਬਾਰ ਰਾਹੀਂ। ਰਿਸਾਲੇ ਵਿੱਚ ਤਾਂ ਰਾਸ਼ਟਰਾ ਅੰਤਰ-ਰਾਸ਼ਟਰੀ ਪੱਧਰ ਤੇ ਸਕੈਂਡਲ ਹੀ ਛਪਦੇ ਨੇ।"

"ਦੂਜੀ ਗੱਲ, ਹੁਣ ਮੈਂ ਵਿਹਲਾਂ। ਮੇਰਾ ਲਿਖਣ ਪੜ੍ਹਣ ਦਾ ਤਜ਼ਰਬਾ ਤਾਂ ਹੈ ਹੀ। ਮਿਹਰਬਾਨੀ ਕਰੋ ਤੇ ਮੈਨੂੰ ਆਪਣੇ ਕੋਲ ਕੰਮ ਦੇ ਦਿਉ।"

"ਇਸ ਬਾਰੇ ਕਲ੍ਹ ਦੱਸਾਂਗਾ।"

"ਅਗਲੇ ਦਿਨ ਫਿਰ ਉਹ ਸੰਪਾਦਕ ਨੂੰ ਮਿਲਿਆ, "ਮੇਰੀ ਨੌਕਰੀ ਦਾ ਕੀ ਬਣਿਆ ?"

"ਮਿਲ ਗਈ ਨੌਕਰੀ।"

"ਕਦੋ ਜੁਐਨ ਕਰਾਂ ?"

ਹੁਣੇ ਕੰਮ ਸ਼ੁਰੂ ਕਰ ਦੇਉ। ਪਰ ਇਕ ਗੱਲ ਸਾਫ਼ ਕਰ ਦਿਆਂ, ਅਸੀਂ ਨਿਯੁਕਤੀ ਪੱਤਰ ਨਹੀਂ ਦੇ ਸਕਾਂਗੇ।"

ਪ੍ਰਮੋਦ ਵਰਮਾ ਖ਼ੁਸ਼ੀ ਨਾਲ ਬੋਲਿਆ, "ਧੰਨਵਾਦ-ਧੰਨਵਾਦ। ਨਿਯੁਕਤੀ-ਪੱਤਰ ਦਾ ਦੇਣ ਲਈ ਧੰਨਵਾਦ। ਮੇਰਾ ਕਿਸੇ ਰਜਿਸਟਰ ਵਿੱਚ ਨਾ ਵੀ ਨਾ ਲਿਖਣਾ, "ਉਹ ਹੱਸਦਾ ਹੋਇਆ ਚੀਕਿਆ, "ਲੇਬਰ ਕਾਨੂੰਨ ਦੀ ਉਲੰਘਣਾ ਵੀ ਕਦੀ-ਕਦੀ ਕਰਮਚਾਰੀ ਨੂੰ ਫਿੱਟ ਬੈਠ ਜਾਂਦੀ ਏ।"

ਦੋਸਤ ਗੁੱਸੇ ਵਿੱਚ ਬੋਲਿਆ, "ਮੇਰਾ ਮਖ਼ੌਲ ਉਡਾ ਰਹੇ ਹੋ ?"

"ਮਖੌਲ ਨਹੀਂ, ਤੁਹਾਨੂੰ ਗਲਤਫਹਿਮੀ ਹੋ ਗਈ। ਮੈਨੂੰ ਨਿਯੁਕਤੀ-ਪੱਤਰ ਚਾਹੀਦਾ ਹੀ



ਨਹੀਂ। ਮੈਂ ਸਸਪੈਂਡਿਡ ਸਰਕਾਰੀ ਮੁਲਾਜ਼ਮ ਹਾਂ। ਕਾਨੂੰਨੀ ਤਰ 'ਤੇ ਦੂਜੀ ਨੌਕਰੀ ਕਰਨ 'ਤੇ ਮਰੇ ਕੇਸ ਦਾ ਸੱਤਿਆਨਾਸ਼ ਹੋ ਜਾਵੇਗਾ।"

"ਠੀਕ ਏ, ਜਗਮੋਹਣ ਨੂੰ ਮਿਲ ਲਵੋ। ਸੀਟ ਬਾਰੇ ਉਹੀ ਦੱਸੇਗਾ।"

ਉਹ ਸੰਪਾਦਕ ਦੇ ਕਮਰੇ 'ਚੋਂ ਨਿਕਲਿਆ ਤਾਂ ਸਾਰਿਆਂ ਨੇ ਇਕੋ ਸਵਾਲ ਕੀਤਾ, "ਨਿਯੁਕਤੀ-ਪੱਤਰ ਮਿਲਿਆ ਕਿ ਨਹੀਂ ?"

"ਨਹੀਂ, ਤੁਹਾਨੂੰ ਮਿਲਿਆ ਸੀ ਕਿ ਨਹੀਂ ?"

"ਨਹੀਂ।"

"ਕੀ ਤੁਸੀਂ ਵੀ ਸਸਪੈਂਡਿਡ ਹੋ ?"

"ਕੀ ਮਤਲਬ ?"

"ਕੁਛ ਨਹੀਂ...ਕੁਛ ਨਹੀਂ।" ਉਹ ਸੰਭਲਿਆ।

ਉਸਨੇ ਟਾਪਿਕ ਬਦਲਦਿਆਂ, ਆਪਣੀ ਸੀਟ ਲੈਣ ਲਈ ਪੁੱਛਿਆ, "ਜਗਮੋਹਣ ਕੌਣ ਏ ?"

ਜਗਮੋਹਣ ਦੇ ਕੰਨ ਵਿੱਚ ਦਰਦ ਸੀ। ਉਹ ਹਕੀਮ ਕੋਲ ਗਿਆ ਹੋਇਆ ਸੀ। ਉਸ ਨੇ ਇੱਧਰ-ਉਧਰ ਦੇਖਿਆ। ਇਕ ਕੁਰਸੀ ਖਾਲੀ ਤੇ ਸਾਫ਼ ਦੇਖ ਕੇ ਉਸ ਨੇ ਅੰਦਾਜ਼ਾ ਲਗਾਇਆ ਕਿ ਇਹੀ ਉਸਦੀ ਸੀਟ ਹੈ। ਉਹ ਬੈਠਣ ਲਈ ਅਜੇ ਝੁਕ ਹੀ ਰਿਹਾ ਸੀ ਕਿ ਇਕ ਕੁੜੀ ਆਈ ਤੇ ਬੋਲੀ, 'ਕੀ ਗੱਲ, ਮੇਰੀ ਸੀਟ 'ਤੇ ਕਿਉਂ ਬੈਠ ਰਹੇ ਹੋ ?"

"ਮੈਂ ਭੁੱਲ ਗਿਆ ਸੀ ਕਿ ਹਰ ਦਫ਼ਤਰ ਵਿੱਚ ਕੁੜੀਆਂ ਦੀ ਸੀਟ ਖਾਲੀ ਤੇ ਇਹੋ ਜਹੀ ਹੁੰਦੀ ਏ, ਜਿਵੇਂ ਉਸ ਤੇ ਕਦੀ ਕੋਈ ਕੰਮ ਨਾ ਹੁੰਦਾ ਹੋਵੇ।" ਉਹ ਸਿੱਧਾ ਖੜ੍ਹਾ ਹੋ ਗਿਆ।

ਉਹ ਪਛਤਾ ਰਿਹਾ ਸੀ ਕਿ ਉਸ ਨੂੰ ਉਸ ਸੀਟ 'ਤੇ ਇਖ ਵਾਰੀ ਬੈਠ ਜ਼ਰੂਰ ਜਾਣਆ ਚਾਹੀਦਾ ਸੀ। ਮੁਟਿਆਰ ਸੁੰਦਰ ਹੈ। ਉਸਦੇ ਬੈਠਣ ਦੀ ਥਾਂ 'ਤੇ ਬੈਠਣ ਕਿੰਨਾ ਸੁਖਦਾਈ ਹੋਵੇਗਾ। ਉਸ ਨੇ ਆਪਣੇ ਆਪ ਨੂੰ ਤਸੱਲੀ ਦਿੱਤੀ, ਕਿਸੇ ਦਿਨ ਚਾਹੇ ਦੇਰ ਤਕ ਦਫ਼ਤਰ ਵਿੱਚ ਰੁਕਣਾ ਪਵੇ, ਉਹ ਕੁੜੀ ਦੀ ਸੀਟ 'ਤੇ ਬੈਠੇਗਾ ਜ਼ਰੂਰ। ਜਿੰਨੀ ਕੁ ਥਾਂ 'ਤੇ ਉਹ ਬੈਠਦੀ ਹੈ, ਠੀਕ ਉਸੇ ਥਾਂ ਵਿੱਚ ਉਹ ਵੀ ਖੁਭ ਜਾਵੇਗਾ।

ਪਰ ਤਦੇ ਉਸਦੇ ਦਿਲ ਨੇ ਉਹਨੂੰ ਲਾਹਣਤ ਪਾਈ ਕਿ ਉਹ ਇਕ ਸ਼ਾਦੀ-ਸ਼ੁਦਾ ਇਨਸਾਨ ਹੈ। ਉਸ ਨੂੰ ਇਹੋ ਜਿਹੀਆਂ ਕਲਪਨਾਵਾਂ ਨਹੀਂ ਕਰਨੀਆਂ ਚਾਹੀਦੀਆਂ। ਕਿਉਂਕਿ ਅਜੇਹਾ ਕਰਨ ਨਾਲ ਪਰਾਈ ਔਰਤ ਲਈ ਕਾਮ ਵਾਸਨਾ ਉਤੇਜਤ ਹੁੰਦੀ ਹੈ, ਜੋ ਪਾਪ ਹੈ।

ਉਸਨੇ ਕੰਨ ਫੜੇ, "ਮੈਂ ਆਪਣੀ ਪਤਨੀ ਨੂੰ ਹੀ ਪਿਆਰ ਕਰਾਂਗਾ ਤੇ ਆਪਣੇ ਦਿਲ ਵਿੱਚ ਕਿਸੇ ਪਰਾਈ ਔਰਤ ਲਈ ਕਾਮ ਵਾਸਨਾ ਪੈਦਾ ਨਹੀਂ ਹੋਣ ਦਿਆਂਗਾ।"

ਅਗਲੇ ਦਿਨ ਦਫਤਰ ਵਿੱਚ ਬਹੁਤਾ ਕੰਮ ਨਹੀਂ ਸੀ। ਜੋ ਸੀ, ਜ਼ਰੂਰੀ ਨਹੀਂ, ਅੱਜ ਹੀ ਮੁਕਾਇਆ ਜਾਵੇ। ਇਸ ਲਈ ਵਿਹਲਾ ਬੈਠਾ, ਉਹ ਕੰਨਾਂ ਵਿੱਚ ਉਂਗਲਾਂ ਫੇਰ ਰਿਹਾ ਸੀ। ਉਸ ਨੇ ਸੋਚਿਆ, ਕੰਨ ਵਿੱਚ ਉਂਗਲੀ ਨਾਲ ਖਾਜ ਕਰਨ ਦਾ ਵੀ ਕਿੰਨਾ ਆਨੰਦ ਹੈ, ਉਹ ਵੀ ਬਿਲਕੁਲ ਮੁਫ਼ਤ ਵਿੱਚ। ਤਦੇ ਇਕ ਲੜਕੀ ਉਸ਼ਦੇ ਸਾਹਮਣੇ ਆ ਖੜ੍ਹੀ। ਉਸ ਨੇ ਬਿਜਲੀ ਦੀ ਫੁਰਤੀ ਨਾਲ ਕੰਮ 'ਚੋਂ ਉੱਗਲੀ ਕੱਢ ਲਈ। ਉਸ ਨੂੰ ਮਹਿਸੂਸ ਹੋਇਆ, ਔਰਤ ਦੀ ਸੁੰਰਤਾ ਦੇ ਮੁਕਾਬਲੇ, ਕੰਨ ਖੁਜਲਾਉਣ ਇਕ ਬੇਮਾਅਨਾ ਜਿਹੀ ਗੱਲ ਹੈ। ਲੜਕੀ ਬੈਠ ਗਈ। ਉਹ 'ਵਿਆਹ ਤੋਂ ਪਹਿਲਾਂ ਲੜਕੀਆਂ ਲਈ ਪਿਆਰ ਕਰਨਾ ਘਾਤਕ ਹੈ' ਲੇਖ ਦਾ ਹੈਡਿੰਗ ਛਪਵਾਉਣ ਆਈ ਸੀ।

ਪ੍ਰਮੋਦ ਵਰਮਾ ਬੋਲਿਆ, "ਤਾਂ ਕੀ ਲੜਕੀਆਂ ਲਈ ਵਿਆਹ ਤੋਂ ਬਾਅਦ ਪਿਆਰ ਕਰਨਾ ਫਾਇਦੇਮੰਦ ਏ ? ਦੇਖੋ ਇਹ ਹੈਡਿੰਗ ਠੀਕ ਨਹੀਂ। ਦੂਜੀ ਗੱਲ, ਮੈਂ ਤੇਰੇ ਕੋਲੋਂ ਪੁੱਛਣੀ ਚਾਹੁੰਦਾ ਹਾਂ, ਪਰ ਸ਼ਰਤ ਇਹ ਕਿ ਜੇ ਬੁਲਾ ਨਾ ਮਨਾਵੇਂ, ਕਿ ਕੀ ਤੂੰ ਕਿਸੇ ਨੂੰ ਪਿਆਰ ਕਰਦੀ ਏਂ ?"

"ਨਹੀਂ ?"

"ਪਰ ਤੂੰ ਐਨੇਂ ਘੁਮੰਡ ਨਾਲ ਇਨਕਾਰ ਕਿਉਂ ਕਰ ਰਹੀ ਏਂ ? ਪਿਆਰ ਕਰਨਾ, ਕੋਈ ਪਿਛਲਾ ਵਲੀ ਗੱਲ ਨਹੀਂ ਹੋਈ। ਵੈਸੇ ਜੇ ਤੂੰ ਪਿਆਰ ਨਹੀਂ ਵੀ ਕਰਦੀ ਤਾਂ ਮੁਕੇਸ਼ ਦੇ ਦਰਦ ਭਰੇ ਗਾਣੇ ਤਾਂ ਸੁਣਦੀ ਹੀ ਹੋਵੇਂਗੀ। ਲਤਾ ਮੰਗੇਸ਼ਕਰ ਵੀ ਤੈਨੂੰ ਜ਼ਰੂਰ ਪਸੰਦ ਹੋਵੇਗੀ। ਜੇ ਘਰ ਦੀ ਆਰਥਿਕਤ ਸਥਿਤੀ ਠੀਕ ਏ ਤਾਂ ਪੇਂਟਿੰਗ ਜਾਂ ਬਾਗਬਾਨੀ ਦੀ ਕਰਦੀ ਹੋਵੇਂਗੀ। ਨਹੀਂ ਤਾਂ ਕਰੋਸ਼ੀਆਂ ਸਿਲਾਈਆਂ ਬੁਣਨ ਵਿੱਚ ਬਾਹਰ ਹੋਵੇਂਗੀ।"

"ਮੈਂ ਸੰਪਾਦਕ ਕੋਲ ਸ਼ਿਕਾਇਤ ਕਰਾਂਗੀ ਕਿ ਤੁਸੀਂ ਵਾਹੀਆਹ ਇਨਸਾਨ ਹੋ।"

"ਦੇਖੋ, ਬਹੁਤਾ ਕਰੇਗਾ ਤਾਂ ਉਹ ਮੈਨੂੰ ਇੱਥੋਂ ਕੱਢ ਦੇਵੇਗਾ। ਮੈਨੂੰ ਕੋਈ ਫਰਕ ਨਹੀਂ ਪੈਣ ਲੱਗਾ, ਕਿਉਂਕਿ ਮੈਂ ਲੋਕ ਨਿਰਮਾਣ ਵਿਭਾਗ ਦਾ ਸਸਪੈਂਡਿਡ ਜੂਨੀਅਰ ਇੰਜੀਨੀਅਰ ਹਾਂ। ਮੈਨੂੰ ਦੋ ਤਿਹਾਈ ਤਨਖਾਹ ਮਿਲਦੀ ਏ। ਇਸ ਤੋਂ ਬਿਨਾਂ ਉਪਰਲੀ ਆਮਦਨ ਨਾਲ ਮੈਂ ਬੈਂਕ ਵਿੱਚ ਬਥੇਰੀ ਰਕਮ ਇਕੱਠੀ ਕੀਤੀ ਹੋਈ ਏ। ਜੇ ਕਿਤੇ ਸ਼ੇਅਰ ਬਾਜ਼ਾਰ ਦਾ ਭੱਟਾ ਨਾ ਬੈਠਿਆ ਹੁੰਦਾ ਤਾਂ ਅੱਜ ਨੂੰ ਮੈਂ ਵੀ ਵੱਡਾ ਧਨਾਢ ਹੋਣਾ ਸੀ। ਮੇਰਾ ਕਹਿਣ ਦਾ ਇਹ ਭਾਵ ਬਿਲੁਕਲ ਨਹੀਂ ਕਿ ਮੈਂ ਪੈਸੇ ਦਾ ਰੋਹਬ ਪਾ ਕੇ ਤੈਨੂੰ ਪ੍ਰਭਾਵਿਤ ਕਰਨਾ ਚਾਹੁੰਦਾ। ਵੈਸੇ ਵੀ ਮੈਂ ਭਾਰਤੀ ਮਾਣ ਮਰਿਆਦਾ ਦੀ ਆਂ ਬੇੜੀਆਂ ਵਿੱਚ ਜਕੜਿਆ ਇਨਸਾਨ ਹਾਂ। ਮੇਰਾ ਵਿਆਹ ਕੁਝ ਸਾਲ ਪਹਿਲਾਂ ਹੋ ਚੁੱਕਾ ਏਂ ਤੇ ਇਕ ਬੱਚੀ ਦਾ ਬਾਪ ਹਾਂ। ਮੈਂ ਉਪਰ ਦੇ ਉਸ ਪੜਾਅ ਤੇ ਹਾਂ ਜਿੱਥੇ ਮਨੁੱਖ ਵਿੱਚੋਂ ਪਿਆਰ ਨਹੀਂ ਬਿਮਾਰੀਆਂ ਦੀ ਕਰੂੰਬਲਾਂ ਫੁੱਟਿਆ ਕਰਦੀਆਂ ਨੇ।"

ਲੜਕੀ ਹੱਸ ਪਈ, "ਤੁਹਾਡੇ ਨਾਲ ਤਾਂ ਗੁੱਸੇ ਵੀ ਨਹੀਂ ਹੋਇਆ ਜਾ ਸਕਦਾ। ਵੈਸੇ ਤੁਹਾਡਾ ਦਫਤਰੋਂ ਜਾਣ ਦਾ ਸਮਾਂ ਹੋ ਗਿਆ ਏ। ਆਪਾਂ ਬਸ ਸਟੈਂਢ ਤਕ ਇਕੱਠੇ ਚਲਦੇ ਹਾਂ।"

ਦਫ਼ਤਰ 'ਚੋਂ ਦੋਵੇਂ ਇਕੱਠੇ ਨਿਕਲੇ। ਦਸ ਕਦਮ ਹੀ ਗਏ ਸੀ, ਪ੍ਰਮੋਦ ਵਰਮਾ ਰੁਕ ਗਿਆ। ਲੜਕੀ ਵੀ ਰੁਕ ਗਈ, "ਕੁ ਏ ?"

"ਤੇਰੇ ਵਾਲ ਕਿੰਨੇ ਲੰਬੇ ਨੇ। ਕੁਰਸੀ 'ਤੇ ਬੈਠੀ ਸੀ, ਤਾਂ ਪਤਾ ਹੀ ਨਹੀਂ ਲੱਗਿਆ। ਇਹ ਸੱਚਮੁਚ ਬਹੁਤ ਲੰਬੇ ਨੇ।"

ਲੜਕੀ ਨੂੰ ਚੰਗਾ ਲੱਗਾ, "ਮੇਰੇ ਵਾਲ ਲੰਬੇ ਤਾਂ ਹੈ ਨੇ, ਪਰ ਸੰਘਣੇ ਨਹੀਂ। ਇਹ ਕਾਲੇ ਵੀ ਨਹੀਂ, ਸੁਨਹਿਰੀ ਨੇ।"

"ਸੁਨਹਿਰੀ। ਇਹ ਤਾਂ ਹੋਰ ਵੀ ਚੰਗੇ ਗੱਲ ਏ। ਸੁਨਿਹਿਰੀ ਵਾਲ ਤਾਂ ਪਰੀਆ ਦੇ ਹੁੰਦੇ ਨੇ। ਸੰਸਕ੍ਰਿਤ ਵਿੱਚ ਅਜਿਹੀਆਂ ਲੜਕੀਆਂ ਨੂੰ ਮਧੂਕੇਸ਼ੀ ਕਿਹਾ ਗਿਆ ਏ। ਜੀ ਹਾਂ, ਤੂੰ ਸ਼ਹਿਦ ਵਰਗੇ ਵਾਲਾ ਵਾਲੀ ਭਾਵ ਕੇਸਾਂ ਵਾਲੀ ਕੁੜੀ ਏ, ਮਧੂਕੇਸ਼ੀ।"

ਉਹ ਹੌਲੀ-ਹੌਲੀ ਤੁਰਨ ਲੱਗੇ। ਪ੍ਰਮੋਦ ਵਰਮਾ ਹੁਣ ਗੰਭੀਰ ਹੋ ਗਿਆ ਸੀ। ਸਾਰੇ ਰਾਹ ਉਹ ਆਪਣੇ ਮੂੰਹੋਂ ਸਿਆਣਪ ਦੇ ਸ਼ਬਦਾਂ ਦੀ ਬਾਰਸ਼ ਕਰਦਾ ਰਿਹਾ। ਲੜਕੀ ਮਸਤ ਸੀ। ਉਹ ਹੈਰਾਨ ਸੀ ਕਿ ਇਹ ਬੰਦਾ ਐਨਾ ਮਸਖਰਾ ਵੀ ਤੇ ਬੁੱਧੀਮਾਨ ਵੀ, ਕਿਵੇਂ ਹੈ। ਲੜਕੀ ਨੇ ਅੱਜ ਤੱਕ ਨਾ ਐਨਾ ਮਸਖਰਾ ਦੇਖਿਆ ਸੀ ਤੇ ਨਾ ਹੀ ਬੁੱਧੀਮਾਨ। ਪ੍ਰਮੋਦ ਵਰਮਾ ਬੋਲਦਾ ਹੀ ਜਾ ਰਿਹਾ ਸੀ। ਤਦੇ ਬਸ ਆਈ ਤਾਂ ਉਹ ਬੜੀ ਤੇਜ਼ੀ ਨਾਲ ਚੜ੍ਹ ਗਿਆ ਤੇ ਹੱਥ ਹਿਲਾ ਕੇ ਟਾ-ਟਾ ਕਰਨ ਲੱਗਾ।

ਲੜਕੀ ਨੇ ਦੂਜੀ ਬਸ ਫੜਨੀ ਸੀ। ਉਹਦੀ ਮਾਂ ਨੇ ਉਸ ਨੂੰ ਰਿਕਸ਼ੇ ਦੇ ਪੈਸੇ ਵੀ ਦਿੱਤੇ ਸਨ, ਇਸ ਲਈ ਉਹ ਰਿਕਸ਼ਾ ਲੈਣ ਦਾ ਮਨ ਬਣਾ ਰਹੀ ਸੀ। ਉਹ ਬਸ ਵਿੱਚ ਗਈ ਜਾਂ ਰਿਕਸ਼ੇ 'ਤੇ ਪ੍ਰਮੋਦ ਵਰਮਾ ਨੂੰ ਪਤਾ ਨਾ ਲੱਗਾ। ਉਹ ਬਸ ਵਿੱਚ ਖੜ੍ਹਾ, ਬਾਹਰ ਘੁੰਮੀ ਜਾਣ ਵਾਲੀਆਂ ਚੀਜ਼ਾਂ ਵੱਲ ਦੇਖਦਾ, ਭੀੜ ਦੇ ਧੱਕੇ ਖਾਂਦਾ ਰਿਹਾ। ਉਹ ਸਮੇਂ ਉਸ ਦੀ ਚੇਤਨਾ ਵਿੱਚ ਹੀ ਧੱਕੇ ਤੇ ਠਿੱਬੇ-ਠੌਲੇ ਮੌਜੂਦ ਸਨ। ਹੁਣ ਉਸ ਦੇ ਖਿਆਲਾਂ ਵਿੱਚ ਲੜਕੀ ਨਹੀਂ, ਸਗੋਂ ਘਰ ਪਹੁੰਚਣ ਦੀ ਇੱਛਾ ਭਾਰੂ ਸੀ। ਘਰ ਪਹੁੰਚਦੇ-ਪਹੁੰਚਦੇ ਉਹ ਲੜਕੀ ਨੂੰ ਬਿਲਕੁੱਲ ਭੁੱਲ ਗਿਆ। ਕਈ ਦਿਨ ਭੁੱਲਿਆ ਰਿਹਾ।



ਐਤਵਾਰ ਦੀ ਸਵੇਰ ਸੀ। ਉਹ ਨਾਸ਼ਤਾ ਕਰਕੇ ਕਾਫ਼ੀ ਦੇਰ ਪੜ੍ਹਦਾ ਰਿਹਾ। ਉਸ ਨੂੰ ਲੱਗਾ ਜਿਵੇਂ ਬੈਠੇ-ਬੈਠੇ ਉਸ ਦਾ ਪੇਟ ਫੁੱਲ ਗਿਆ ਹੈ। ਥੋੜ੍ਹੀ ਦੇਰ ਉਹ ਇਸ ਆਸ ਨਾਲ ਬੇਟੀ ਨਾਲ ਟੱਪਦਾ ਰਿਹਾ ਕਿ ਉਸ ਦਾ ਪੇਟ ਠੀਕ ਹੋ ਜਾਵੇਗਾ। ਮਾੜੀ ਮੋਟੀ ਹਵਾ ਨਿਕਲਦੀ ਤਾਂ ਪੇਟ ਦਾ ਕਸਾ ਠੀਕ ਹੁੰਦਾ, ਪਰ ਅਜਿਹਾ ਹੋਇਆ ਨਾ। ਉਸ ਨੇ ਸੋਚਿਆ ਕਿ ਸਿਗਰਟ ਪੀਤੀ ਜਾਵੇ ਤੇ ਘੁੰਮਿਆ ਜਾਵੇ।

ਦੁਕਾਨ ਤੋਂ ਸਿਗਰਟ ਸੁਲਘਾ ਕੇ ਉਸ ਨੇ ਟਹਿਲਣਾ ਸ਼ੁਰੂ ਕੀਤਾ। ਥੋੜ੍ਹੀ ਦੂਰ ਹੀ ਗਿਆ ਸੀ ਕਿ ਉਹ ਲੜਕੀ ਉੱਠੀ। ਉਸ ਨੂੰ ਪਤਾ ਨਹੀਂ ਸੀ ਕਿ ਕਲ੍ਹ ਤੋਂ ਹੀ ਉਹ ਲੜਕੀ ਉਸ ਦੇ ਅੰਦਰ ਸੀ ਹਨੇਰਾ ਹੋਣ ਕਰਕੇ ਉਹ ਦਿਖਾਈ ਨਹੀਂ ਸੀ ਦਿੰਦੀ। ਹਣ ਉਹ ਉਸਦੇ ਦਿਲ 'ਤੇ ਤੁਰਨ ਲੱਗੀ ਸੀ।

ਅਗਲੇ ਦਿਨ ਸਵੇਰੇ ਉਹ ਦਫ਼ਤਰ ਜਾਣ ਲਈ ਬਸ 'ਚੋਂ ਉਤਰਿਆ ਤਾਂ ਉਹ ਲੜਕੀ ਫਿਰ ਉਸਦੇ ਦਿਲ 'ਤੇ ਤੁਰਨ ਲੱਗ ਪਈ। ਸ਼ਾਮ ਨੂੰ ਉਹ ਲੜਕੀ ਉਸ ਦੇ ਕੋਲ ਆਈ ਤੇ ਬੋਲੀ, "ਕੀ ਹੋਇਆ ਮੇਰੇ ਲੇਖ ਦਾ, ਛਾਪੋਗੇ ?"

"ਉਸ 'ਤੇ ਤਾਂ ਅਜੇ ਵਿਚਾਰ ਹੋ ਰਿਹਾ।" ਪ੍ਰਮੋ ਵਰਮਾ ਨੇ ਕਿਹਾ।

"ਤੁਸੀਂ ਸਿਰ ਕਿਉਂ ਨੀ ਉੱਤੇ ਚੁੱਕ ਰਹੇ ?" ਪ੍ਰਮੋਦ ਵਰਮਾ ਕੁਝ ਲਿਖ ਰਿਹਾ ਸੀ।

ਉਸ ਨੇ ਅੱਖਾਂ ਚੁੱਕੀਆਂ, "ਇਸ ਲਈ ਕਿ ਤੂੰ ਬਹੁਤ ਸੁੰਦਰ ਏਂ। ਸੱਚਮੁਚ ਕਮਾਲ ਦੀ ਸੁੰਦਰਤਾ। ਤੇਰੇ ਵੱਲ ਜਿੰਨਾ ਦੇਖਾਂਗਾ, ਉੱਨਾ ਪ੍ਰੇਸ਼ਾਨ ਹੋਵਾਂਗਾ। ਤੂੰ ਮੇਰੀ ਕੁਛ ਹੁੰਦੀ ਤਾਂ ਕਹਿ ਦਿੰਦਾ ਬੁਰਕਾ ਪਾ ਕੇ ਆਇਆ ਕਰ। ਸੱਚਮੁਚ ਤੇਰੇ ਵੱਲ ਦੇਖਦਾ ਹਾਂ, ਤਾਂ ਦਿਲ ਵਿੱਚ ਹਲਚਲ ਹੋਣ ਲੱਗਦੀ ਏ।"

"ਤੁਹਾਡੇ ਕੋਲੋਂ ਮੈਨੂੰ ਇਹ ਉਮੀਦ ਨਹੀਂ ਸੀ।"

"ਭਵਿੱਖ ਵਿੱਚ ਵੀ ਤੈਨੂੰ ਮੇਰੇ ਕੋਲੋਂ ਇਹੋ ਉਮੀਦ ਕਰਨੀ ਚਾਹੀਦੀ ਏ। ਪਹਿਲਾਂ ਮੈਂ ਦ੍ਰਿੜ ਇਰਾਦੇ ਵਾਲੇ ਬੰਦਾ ਸੀ ਪਰ ਹੁਣ ਮਹਿਸੂਸ ਕਰਦਾਂ ਕਿ ਮੈਂ ਗਿਰਿਆ ਹੋਇਆ ਨੀਚ ਇਨਸਾਨ ਹਾਂ। ਤੂੰ ਯਕੀਨ ਕਰੀਂ ਮੈਂ ਨੈਤਿਕਤਾ ਦਾ ਪੁਜਾਰੀ ਨਹੀਂ। ਮੈਂ ਇਸ ਮੌਕੇ 'ਤੇ ਇਹ ਗੱਲ ਮੰਨਣ ਵਿੱਚ ਵੀ ਕੋਈ ਹਰਜ਼ ਨਹੀਂ ਸਮਝਦਾ ਕਿ ਮੈਂ ਤੈਨੂੰ ਬਹੁਤ ਪਿਆਰ ਕਰਨਾ ਲੱਗਾ।"

ਕਿਸੇ ਹੋਰ ਦਿਨ ਉਹ ਕਿਸੇ ਰੈਸਟੋਰੈਂਟ ਵਿੱਚ ਬੈਠੇ ਸਨ। ਪ੍ਰਮੋਦ ਵਰਮਾ ਨੇ ਕਿਹਾ, "ਤੂੰ ਅੱਗ ਦੀ ਤਰ੍ਹਾਂ ਬਲਦੀ ਰਹਿੰਦੀ ਏਂ, ਕੋਈ ਛੂਹੇ ਤਾਂ ਜਲ ਜਾਵੇ।"

ਲੜਕੀ ਹੱਸ ਪਈ।

"ਵਿਸ਼ਵਾਸ ਨਹੀਂ ਹੋ ਰਿਹਾ ? ਦੇਖ, ਮੈਂ ਹੁਣੇ ਤੈਨੂੰ ਛੂੰਹਦਾ ਤੇ ਜਲ ਜਾਂਦਾ।" ਉਸ ਨੇ ਲੜਕੀ ਨੂੰ ਛੂਹ ਲਿਆ, "ਮੈਂ ਜਲ ਗਿਆ। ਹਾਂ, ਮੈਂ ਝੁਲਸ ਚੁੱਕਾ। ਜੇ ਤੇਰੇ ਵਿੱਚ ਧੁਰ ਤੀਕ ਦੇਖਣ ਦੀ ਨਜ਼ਰ ਹੁੰਦੀ ਤਾਂ ਦੇਖਦੀ। ਮੇਰੇ ਅੰਦਰ ਧੂੰਆਂ ਹੀ ਧੂੰਆਂ ਭਰਿਆ। ਪਰ ਮੈਂ ਅਜਿਹਾ ਜਲਿਆ ਹਾਂ ਕਿ ਨਿਖਰ ਗਿਆ। ਜਿਵੇਂ ਸੋਨਾ ਨਿਖਰਦਾ ਏ। ਪਰ ਮੈਂ ਸੋਨਾ ਨਹੀਂ, ਤਾਂਬਾ ਹਾਂ, ਪਿੱਤਲ ਹਾਂ, ਬਲਕਿ ਟੀਨ ਹਾਂ, ਜੋ ਤੇਰੀ ਮੁਹਬਤ ਵਿੱਚ ਸੋਨਾ ਬਣ ਗਿਆ।"

ਪ੍ਰਮੋਦ ਵਰਮਾ ਅੱਜ ਕਲ੍ਹ ਬਹੁਤ ਖੁਸ਼ ਸੀ। ਉਸ ਨੂੰ ਲੱਗ ਰਿਹਾ ਸੀ ਕਿ ਇਹੀ ਉਹ ਨਿਆਮਤ ਸੀ ਜਿਹੜੀ ਪਹਿਲਾਂ ਉਸ ਕੋਲ ਨਾ ਹੋਣ ਕਰਕੇ ਉਸ ਕੋਲ ਸੁੱਖ ਵੀ ਨਹੀਂ ਸੀ। ਹੁਣ ਉਸ ਕੋਲ ਖ਼ੁਸ਼ੀਆਂ ਹੀ ਖ਼ੁਸ਼ੀਆਂ ਸਨ। ਉਹ ਲੜਕੀ ਨੂੰ ਕਹਿੰਦਾ ਵੀ, "ਤੈਨੂੰ ਨਹੀਂ ਲੱਗਦਾ ਕਿ ਜਦੋਂ ਤੂੰ ਮੈਨੂੰ ਮਿਲਦੀ ਏ, ਮੈਂ ਕਿੰਨਾ ਖ਼ੁਸ਼ ਹੋ ਜਾਂਦਾ ਹਾਂ। ਮੇਰੀਆਂ ਅੱਖਾਂ ਕਿਵੇਂ ਚਮਕ ਉੱਠਦੀਆਂ ਨੇ।" ਲੜਕੀ ਮੁਸਕਰਾ ਦਿੰਦੀ ਜਾਂ ਹੱਸ ਪੰਦੀ ਤੇ ਉਹ ਦੀਵਾਨਾ ਹੋ ਜਾਂਦਾ।

ਪ੍ਰਮੋਦ ਵਰਮਾ ਦੇ ਦੋਸਤ ਹੈਰਾਨ ਸਨ ਕਿ ਕੋਈ ਸਸਪੈਂਡਿਡ ਮੁਲਾਜ਼ਮ ਐਨਾ ਖ਼ੁਸ਼ ਕਿਵੇਂ ਰਹਿ ਸਕਦਾ ਹੈ। ਜਦਕਿ ਸਰੋਜ ਵਰਮਾ ਦਾ ਖਿਆਲ ਸੀ ਕਿ ਇਹ ਖ਼ੁਸ਼ੀ ਨੌਕਰੀ ਤੋਂ ਨਿਜ਼ਾਤ ਪਾ ਕੇ ਆਤਮ-ਸੰਤੁਸ਼ਟੀ ਦਾ ਪ੍ਰਗਟਾਵਾ ਸੀ। ਸਰੋਜ ਵਰਮਾ ਨੂੰ ਇਙ ਵੀ ਚੰਗਾ ਲੱਗਦਾ ਸੀ ਕਿ ਪਤੀ ਨੇ ਪਿਛਲੇ ਦਿਨਾਂ ਵਿੱਚ ਕਾਫ਼ੀ ਡੰਡ ਬੈਠਕਾਂ ਮਾਰ ਕੇ ਆਪਣਾ ਪੇਟ ਥਾਂ ਸਿਰ ਕਰ ਲਿਆ ਸੀ। ਹੁਣ ਉਹ

ਗੁੱਸਾ ਘੱਟ ਹੀ ਕਰਦਾ ਸੀ। ਕੁਲ ਮਿਲਾ ਕੇ ਸਭ ਕੁਝ ਠੀਕ-ਠਾਕ ਚੱਲ ਰਿਹਾ ਸੀ। ਇੰਜ ਲੱਗ ਰਿਹਾ ਸੀ ਕਿ ਪ੍ਰਮੋਦ ਵਰਮਾ ਪਤਨੀ ਦੀਆਂ ਅੱਖਾਂ ਵਿੱਚ ਘੱਟ ਪਾ ਕੇ ਇਸੇ ਤਰ੍ਹਾਂ ਖ਼ੁਸ਼ ਬਣਿਆ ਰਹੇਗਾ। ਪਰ ਇਕ ਦਿਨ-ਪਾਸਾ ਹੀ ਪੁੱਠਾ ਪੈ ਗਿਆ।

ਇਕ ਛੁੱਟੀ ਵਾਲੇ ਦਿਨ ਹੀ ਦੁਪਹਿਰ ਨੂੰ ਉਹ ਕਾਫ਼ੀ ਚੌਲ ਖਾ ਗਿਆ। ਉਸ ਦੇ ਹੱਥ ਪੈਰ ਸੁਸਤ ਹੋਣ ਲੱਗੇ। ਸਰੀਰ ਭਾਰੀ-ਭਾਰੀ ਹੋ ਗਿਆ ਤੇ ਉਸ਼ਨੂੰ ਨੀਂਦ ਆ ਗਈ। ਸੌਂ ਕੇ ਉਠਿਆ ਤਾਂ ਪਤਾ ਲੱਗਾ ਚੌਲ ਤਾਂ ਪਚ ਗਏ ਸਨ ਪਰ ਉਸਨੂੰ ਜ਼ੁਕਾਮ ਹੋ ਗਿਆ ਸੀ। ਇਹ ਘਿਟਾਉਣੇ ਰੂਪ ਵਾਲਾ ਸਖਤ ਜ਼ੁਕਾਮ ਨਹੀਂ ਸੀ। ਇਹ ਇਕਦਮ ਸ਼ੁਰੂ ਵਾਲਾ ਹਲਕਾ-ਹਲਕਾ ਜ਼ੁਕਾਮ ਸੀ। ਜਿਹੜਾ ਬੰਦੇ ਨੂੰ ਸੋਚਵਾਨ ਤੇ ਤਿਆਗੀ ਬਣ ਦਿੰਦਾ ਹੈ ਤੇ ਉਸ ਵਿੱਚ ਦੁੱਖ-ਸੁੱਖ, ਜੀਵਨ ਪ੍ਰਤੀ ਦਾਰਸ਼ਨਿਕ ਭਾਵ ਪੈਦਾ ਕਰਦਾ ਹੈ। ਇਸ ਜ਼ੁਕਾਮ ਕਾਰਣ ਉਹ ਫਿਲਾਸਫਰ ਬਣਿਆਂ ਪੈਰ ਹਿਲਾ-ਹਿਲਾ ਸੋਚ ਰਿਹਾ ਸੀ। ਸੋਚਦਿਆਂ ਲੜਕੀ ਉਸਦੇ ਖਿਆਲਾਂ ਵਿੱਚ ਆ ਗਈ। ਲੜਕੀ ਦੇ ਮਾਮਲੇ ਵਿੱਚ ਫਿਕਰਮੰਦ ਹੁੰਦਿਆਂ ਉਹ ਆਤਮ-ਵਿਸ਼ਲੇਸ਼ਣ ਕਰਨ ਲੱਗਾ, "ਮੈਂ ਇਸ ਚੱਕਰ 'ਚ ਪੈ ਹਾਸੋਹੀਣਾ ਬਣਨ ਲਈ ਕਿਉਂ ਕਾਹਲਾ ਹਾਂ। ਉਮਰ ਦੇ ਇਸ ਪੜਾਅ 'ਤੇ ਮੈਂ ਲੜਕਪਣ ਵਾਲੀਆਂ ਹਰਕਤਾਂ ਕਰ ਰਿਹਾ ਹਾਂ।" ਉਸ ਨੇ ਥੋੜ੍ਹੀ ਦੇਰ ਪੈਰ ਹਿਲਾਏ, "ਮੈਂ ਵੀ ਕਿਹੋ ਜਿਹਾ ਬੰਦਾ ਹਾਂ। ਲੜਕੀ ਦੇ ਮਛਰਨ ਤੇ, ਪ੍ਰੇਮ ਭਰੀਆਂ ਅੱਖਾਂ ਘੁਮਾਣ ਤੇ, ਗੱਲ-ਗੱਲ 'ਤੇ ਚਲੋ ਹੱਟੋ, ਮੈਂ ਨਹੀਂ ਬੋਲਾਂਗੀ-ਕਹਿਣ 'ਤੇ, ਗਾਣਾ ਗਾਉਣ ਤੇ ਮੈਨੂੰ ਹਾਸਾ ਆਉਣਾ ਚਾਹੀਦਾ ਸੀ, ਪਰ ਮੈਂ ਮੋਹਿਤ ਹੁੰਦਾ ਰਿਹਾ।"

ਉਹ ਬੇਚੈਨ ਹੋ ਕੇ ਘੁੰਮਣ ਲੱਗ ਪਿਆ, "ਮੇਰੇ ਮਨ ਵਿੱਚ ਇਸ ਲੜਕੀ ਲਈ ਹਮਦਰਦੀ ਹੋਣੀ ਚਾਹੀਦੀ ਸੀ ਪਰ ਮੈਂ ਸ਼ਿੰਗਾਰ ਰਸ ਦੀ ਡਫਲੀ ਵਜਾਉਣ ਲੱਗ ਪਿਆ। ਪੱਕੇ ਹੋਏ ਵਾਲ, ਵਧਿਆ ਪੇਟ, ਕਬਜ਼ ਤੇ ਪੇਟ ਗੈਸ ਦਾ ਰੋਗੀ ਬੰਦਾ ਅਣਭੋਲ ਲੜਕੀ ਅੱਗੇ ਪਿਆਰ ਦਾ ਪ੍ਰਸਤਾਵ ਰੱਖੇ-ਇਸ਼ ਤੋਂ ਵੱਧ ਨੀਚਤਾ ਹੋਰ ਕੀ ਹੋਵੇਗੀ ?"

ਉਸ ਦਾ ਮਨ ਪਿਆਰ ਤੋਂ ਉਚਾਟ ਹੋਣ ਲੱਗਾ। ਸਖ਼ਤ ਕਬਜ਼ ਦਾ ਢੇਰਾ ਆਉਂਦਿਆਂ ਹੀ ਉਸ ਨੂੰ ਅੱਜ ਕਲ੍ਹ ਤੇਜ਼ੀ ਨਾਲ ਸਿਰ ਚੁੱਕਦੀ ਆਪਣੀ ਬਿਮਾਰੀ ਫਿਸ਼ਚੁਲਾ ਯਾਦ ਆ ਗਈ। ਉਹ ਕਰਾਹੁਣ ਲੱਗ ਪਿਆ, "ਇਹ ਫਿਸ਼ਚੁਲਾ ਵੀ ਕਿੰਨੀ ਬਕਵਾਸ ਬਿਮਾਰੀ ਏ। ਕਿਸੇ ਨੂੰ ਦੱਸਦਿਆਂ ਵੀ ਸ਼ਰਮ ਆਉਂਦੀ ਏ।" ਉਹ ਦਰਦ ਨਾਲ ਤੜਫਿਆਂ, "ਕਿੰਨੀ ਦੁਖਦਾਇਕ, ਘਿਰਣਾ ਭਰੀ ਤੇ ਮਾੜੀ ਬਿਮਾਰੀ।" ਉਹ ਹੱਸਣ ਲੱਗਾ। ਉਹ ਆਪਣੀ ਬਿਮਾਰੀ 'ਤੇ ਹੱਸਿਆ ਤੇ ਉਸ ਵਿੱਚ ਹੌਂਸਲਾ ਪੈਦਾ ਹੋਣ ਲੱਗਾ। ਉਸਨੇ ਕਮਰ ਸਿੱਧੀ ਕਰ ਕੇ ਆਪਣੇ ਆਪ ਨੂੰ ਕਿਹਾ, "ਹੁਣ ਮੈਂ ਹਿੰਮਤ ਤੋਂ ਕੰਮ ਲਵਾਂਗਾ। ਪਿਆਰ ਦਾ ਕਿੱਸਾ ਖਤਮ ਕਰਾਂਗਾ ਤੇ ਲੋਕਾਂ ਨੂੰ ਆਪਣੀ ਬਿਮਾਰੀ ਫਿਸ਼ਚੁਲਾ ਬੰਦੇ ਸਨ ਪਰ ਹਮੇਸ਼ਾ ਬੁਝੇ-ਬੁਝੇ ਰਹਿੰਦੇ ਸਨ। ਉਸ ਨੇ ਚਾਚਾ ਜੀ ਨੂੰ ਕਿਹਾ, "ਨਮਸਕਾਰ, ਮੈਨੂੰ ਫਿਸ਼ਚੁਲਾ ਹੋ ਗਿਆ।"

"ਇਹ ਕੀ ਹੁੰਦਾ ਏ, ਬੇਟਾ ?"

"ਇਸ ਨੂੰ ਹਿੰਦੀ ਵਿੱਚ ਭਗੰਦਰ ਕਹਿੰਦੇ ਨੇ। ਦਰਅਸਲ ਵਿੱਚ ਗੁਦਾ ਰੋਗ ਏ। ਇਸ ਰੋਗ ਵਿੱਚ ਮਲਦੁਆਰ ਤੇ ਫੋੜਾ ਨਿਕਲ ਆਉਂਦਾ ਏ।" ਚਾਚਾ ਜੀ ਖਿੜਖਿੜਾ ਕੇ ਹੱਸ ਪਏ।

ਫਿਰ ਉਸਨੇ ਆਪਣੇ ਹੋਰ ਜਾਣੂੰਆਂ ਨੂੰ ਦੱਸਿਆ ਕਿ ਉਸ ਨੂੰ ਫਿਸ਼ਚੁਲਾ ਦੀ ਬਿਮਾਰੀ ਹੋ ਗਈ ਹੈ। ਉਹ ਵੀ ਦਿਲ ਖੋਲ੍ਹ ਕੇ ਹੱਸੇ। ਉਸ ਨੂੰ ਹੈਰਾਨੀ ਹੋਈ ਕਿ ਹਮੇਸ਼ਾ ਮੂੰਹ ਲਟਕਾ ਕੇ ਜਿਊਣ ਵਾਲੇ ਬੰਦੇ ਇਸ ਗੱਲੋਂ ਹੱਸ ਕਿਉਂ ਰਹੇ ਸਨ। ਉਸ ਨੂੰ ਆਪਣੇ ਫਿਸ਼ਚੁਲਾ 'ਤੇ ਮਾਣ ਮਹਿਸੂਸ ਹੋਇਆ। ਇਹ ਬਿਮਾਰੀ ਦੁਖੀ, ਪੀੜਤ, ਰੋ ਰਹੇ ਲੋਕਾਂ ਨੂੰ ਹੱਸਾ ਸਕਦੀ ਹੈ। ਉਸ ਨੇ ਫੈਸਲਾ ਕੀਤਾ ਕਿ ਉਹ ਇਸ ਕੀਮਤੀ ਫਿਸ਼ਚੁਲਾ ਰੋਗ ਨੂੰ ਦੁਖੀ ਲੋਕਾਂ ਨੂੰ ਹਸਾਣ ਲਈ ਵਰਤੇਗਾ। ਚਾਹੇ ਥੋੜ੍ਹੇ ਸਮੇਂ ਲਈ ਹੀ, ਉਹ ਲੋਕਾਂ ਨੂੰ ਫਿਸ਼ਚੁਲਾ ਦੇ ਮਾਧਿਅਮ ਰਾਹੀਂ ਖ਼ੁਸ਼ੀ ਵੰਡੇਗੇ।

ਘਰ ਆ ਕੇ ਪਤਨੀ ਨੂੰ ਕਹਿਣ ਲੱਗਾ, "ਮੈਂ ਫਿਸ਼ਚੁਲਾ ਏ, ਬਈ।"

"ਇਹ ਕਿਹੜੀ ਨਵੀਂ ਗੱਲ ਏ, ਉਹ ਤਾਂ ਹੈ ਹੀ।"



"ਇਹੀ ਤਾਂ ਮੈਂ ਕਹਿ ਰਿਹਾਂ ਕਿ ਮੈਨੂੰ ਫਿਸ਼ਚੁਲਾ ਏ।" ਉਹ ਗੁਣਗੁਣਾਉਂਦਾ ਟੱਪਣ ਲੱਗ ਪਿਆ, "ਮੈਨੂੰ ਫਿਸ਼ਚੁਲਾ, ਫਿਸ਼ਚੁਲਾ ਏ ਜੀ, ਮੈਨੂੰ ਫਿਸ਼ਚੁਲਾ ਏ।"

ਸਰੋਜ ਵਰਮਾ ਵੀ ਹੱਸਣ ਲੱਗੀ। ਪਤਨੀ ਦੇ ਚਿਹਰੇ 'ਤੇ ਇਹ ਹਾਸੀ ਉਸ ਨੂੰ ਬੜੀ ਪਵਿੱਤਰ ਤੇ ਪਿਆਰੀ ਲੱਗੀ। ਉਸ ਦਾ ਦਿਲ ਪਿਆਰ ਨਾਲ ਭਰ ਗਿਆ।

ਅਗਲੇ ਦਿਨ ਉਸਨੇ ਦਫ਼ਤਰ ਫੋਨ ਕਰਾ ਦੱਤਾ ਕਿ ਉਹ ਲੇਟ ਆਵੇਗਾ। ਫੋਨ ਕਰਨ ਮਗਰੋਂ ਉਹ ਆਪਣੇ ਪੁਰਾਣਏ ਟਿਕਾਣੇ ਲੋਕ ਨਿਰਮਾਣ ਵਿਭਾਗ ਦੇ ਦਫ਼ਤਰ ਪੁੱਜ ਗਿਆ। ਉਹ ਉੱਥੇ ਕਈ ਇਨਾਂ ਬਾਦ ਗਿਆ ਸੀ। ਕੁਲੀਗ ਪੁੱਛਣ ਲੱਗੇ, "ਕੀ ਹਾਣ-ਚਾਲ ਏ, ਵਰਮਾ ਜੀ ?"

"ਮਜੇ ਵਿੱਚ ਹਾਂ, ਫਿਸ਼ਚੁਲਾ ਹੋ ਗਿਆ ਏ। ਅਰਾਮ ਨਾਲ ਦਿਨ ਕਟੀ ਹੋ ਰਹੀ ਏ।"

ਸਾਰੇ ਹੋ-ਹੋ ਕਰਕੇ ਹੱਸਣ ਲੱਗੇ। ਉਸ ਨੂੰ ਸੰਤੋਖ ਮਿਲਿਆ। ਉਹ ਉਸ ਕਮਰੇ ਵਿੱਚ ਚਲਾ ਗਿਆ, ਜਿੱਥੇ ਉਸ ਦੀ ਸੀਟ ਹੁੰਦੀ ਸੀ। ਉਸਦੀ ਕੁਰਸੀ ਖਾਲੀ ਸੀ। ਉਸ ਨੇ ਘਿਰਣਾ ਨਾਲ ਕੁਰਸੀ ਵੱਲ ਦੇਖਿਆ, "ਇਸ 'ਤੇ ਹੀ ਮੈਂ ਇੰਨੇ ਸਾਲ ਬੈਠਾ ਰਿਹਾ ਸੀ। ਤਦੇ ਮੈਨੂੰ ਫਿਸ਼ਚੁਲਾ ਹੋਇਆ। ਮੇਰੇ ਫਿਸ਼ਚੁਲਾ ਦੀ ਮਾਂ ਏਂ ਇਹ ਕੁਰਸੀ।" ਉਸ ਨੂੰ ਤਕਲੀਫ਼ ਹੋਈ ਤਾਂ ਕੰਧ ਨਾਲ ਪਿੱਠ ਲਾ ਕੇ ਝਉਕ ਗਿਆ। ਪੀੜ ਬਰਦਾਸ਼ਤ ਨਾ ਹੋਈ ਤਾਂ ਟਾਇਲਟ 'ਚ ਜਾ ਵੜਿਆ।

ਉਹ ਬਾਹਰ ਨਿਕਲਿਆ ਤਾਂ ਐਗਜੈਕਟਿਵ ਇੰਜੀਨੀਅਰ ਚਰਨ ਸਾਹਬ ਆਉਂਦੇ ਦਿੱਸੇ। ਉਨ੍ਹਾਂ ਨੇ ਪੁੱਛਿਆ, "ਕਹੋ ਵਰਮਾ ਜੀ, ਕੈਸੇ ਹੋ ?"

"ਬੱਸ ਸਾਹਬ ਠੀਕ ਹਾਂ, ਅੱਜ ਕਲ੍ਹ ਫਿਸ਼ਚੁਲਾ ਹੋ ਗਿਆ ਏ।" ਬਾਹਰ ਮੁਸਕਰਾਏ।

ਸਾਰੇਲੋਕ ਨਿਰਮਾਣ ਵਿਭਾਗ ਦਾ ਵਾਤਾਵਰਣ ਮਨੋਰੰਜਕ ਹੋ ਗਿਆ। ਲੈਣ-ਦੇਣ ਬੇਈਮਾਨੀ, ਚੋਰੀ ਤੇ ਚੱਕਰ ਵਿੱਚ ਘਰੂਣ ਬਣੇ ਚਿਹਰਿਆਂ 'ਤੇ ਹਾਸਾ ਖਿੜਨ ਲੱਗਾ। ਅਰਸੇ ਬਾਦ ਇਹ ਲੋਕ ਹੱਸੇ ਹੋਣਗੇ।

ਜਦੋਂ ਉਹ ਰਸਾਲੇ ਦੇ ਦਫਤਰ ਪੁੱਜਾ ਤਾਂ ਦੁਪਹਿਰ ਹੋ ਚੁੱਕੀ ਸੀ ਤੇ ਸੰਪਾਦਕ ਲੰਚ ਕਰ ਰਿਹਾ ਸੀ। ਉਹ ਉਸਦੇ ਸਾਹਮਣੇ ਜਾ ਖੜ੍ਹਿਆ ਸੰਪਾਦਕ ਨੂੰ ਸਰਿ ਚੁੱਕਿਆ ਤੇ ਖਾਂਦੇ-ਖਾਂਦੇ "ਕੋਈ ਕੰਮ ਏਂ ਪ੍ਰਮੋਦ ?"

"ਜੀ ਹਾਂ, ਦਰਅਸਲ ਮੈਂ ਰਿਪੋਰਟਿੰਗ ਵਿੱਚ ਕੰਮ ਕਰਨਾ ਚਾਹੁੰਦਾ ਹਾਂ। ਹੁਣ ਡੈਸਕ ਦੇ ਕੰਮ ਤੋਂ ਮੈਨੂੰ ਮੁਕਤ ਕਰੋ।"

"ਕਿਉਂ ?"

"ਇਸ ਲਈ ਕਿ ਮੈਨੂੰ ਫਿਸ਼ਚੁਲਾ ਹੋ ਗਿਆ ਏ। ਬੈਣਾ ਔਖਾ ਲੱਗਦਾ ਏ।"

ਉਹ ਸਾਥੀਆਂ ਕੋਲ ਗਿਆ। ਸਾਰੇ ਘੱਟ ਤਨਖਾਹ, ਅਸੁਰੱਖਿਅਤ ਭਵਿੱਖ ਦੇ ਸ਼ਿਕੰਜੇ 'ਚ ਜਕੜੇ ਦੀਨਹੀਨ, ਧਮਕਾਏ ਤੇ ਮੁਰਝਾਏ ਲੋਕ ਹਨ। ਲੰਚ ਬਰੇਕ ਵਿੱਚ ਰੋਟੀ ਖਾਣ ਮਗਰੋਂ ਇਸ ਆਸ ਵਿੱਚ ਬੈਠੇ ਸਨ ਕਿ ਕੋਈ ਮੁਫ਼ਤ ਦੀ ਚਾਹ ਪੀ ਪਿਲਾ ਦੇਵੇ। ਪ੍ਰਮੋਦ ਵਰਮਾ ਨੇ ਐਲਾਨ ਕੀਤਾ ਕਿ ਉਹ ਸਾਰਿਆਂ ਨੂੰ ਚਾਹ ਪਿਲਾਉਣੀ ਚਾਹੀਦਾ ਹੈ।

"ਕਿਉਂ ਬਈ, ਬਹਾਲ ਹੋ ਗਏ ਹੋ ?"

"ਨਹੀਂ ਨਹੀਂ.....ਜੇ ਮੈਂ ਕਦੀ ਬਹਾਲ ਵੀ ਹੋਇਆ, ਉਹ ਮੇਰੇ ਲਈ ਦੁੱਖ ਦੀ ਘੜੀ ਹੋਵੇਗੀ। ਨੌਕਰੀ ਵਿੱਚ ਅਠਵੰਜਾਂ ਸਾਲਾਂ ਮਗਰੋਂ ਐਕਸਟੈਂਸ਼ਨ ਤਾਂ ਚਾਹੁੰਦਾ ਹਾਂ, ਪਰ ਸਦਾ ਸਸਪੈਂਡ ਰਹਿਣ ਦੀ ਇੱਛਾ ਏ ਮੇਰ। ਇਹ ਹੁਣ ਦੀ ਅਵਸਥਾ ਮੇਰੇ ਲਈ ਆਨੰਦ ਭਰੀ ਏ।"

"ਫਿਰ ਕੀ ਗੱਲ ਏ ਕਿ ਐਨਾ ਚਹਿਕ ਰਹੇ ਹੋ ?"

"ਮੈਂ ਫਿਸ਼ਚੁਲਾ ਹੋ ਗਿਆ ਏ। ਹਿੰਦੀ 'ਚ ਇਸ ਨੂੰ ਭਗੰਦਰ ਕਹਿੰਦੇ ਨੇ। ਦਰਅਸਲ ਵਿੱਚ ਇਹ ਗੁਦਾ ਰੋਗ ਏ......।"

ਹੱਸਦੇ-ਹੱਸਦੇ ਸਾਰੇ ਲੋਟ ਪੋਟ ਹੋ ਗਏ। ਉਨ੍ਹਾਂ ਨੂੰ ਮਜ਼ੇ ਲੈਣ ਦਾ ਇਕ ਟਾਪਿਕ ਮਿਲ

ਗਿਆ।

ਦਫ਼ਤਰ ਦੇ ਲੋਕ ਅਕਸਰ ਉਸ ਨੂੰ ਪੁੱਛਦੇ, "ਕਹੋ ਪ੍ਰਮੋਦ ਜੀ, ਕੀ ਹਾਲ ਏ ਤੁਹਾਡੇ ਫਿਸ਼ਚੁਲਾ ਦਾ ?"

ਉਹ ਕਹਿੰਦਾ, "ਵਧੀਆ ਏ....ਵਧੀਆਂ ਏ...ਮੌਜ ਵਿੱਚ ਏ ਫਿਸ਼ਚੁਲਾ।"

ਉਸ ਨੇ ਸੰਪਾਦਕ ਨੂੰ ਫਿਰ ਕਿਹਾ ਸੀ, "ਬੈਠਣ ਨਲ ਫਿਸ਼ਚੁਲਾ ਦਬ ਜਾਂਦਾ ਏ ਤੇ ਉਸ ਨੂੰ ਅਸਹਿਰ ਪੀੜ ਹੋਣ ਲੱਗਦੀ ਏ। ਇਸ ਲਈ ਉਸ ਨੂੰ ਰਿਪੋਰਟਿੰਗ ਵਿੱਚ ਲਾ ਦਿਉ।"

ਸੰਪਾਦਕ ਠਹਾਕਾ ਮਾਰ ਕੇ ਹੱਸਿਆ ਸੀ, ''ਵਿਚਾਰ ਕਰਾਂਗਾ।'' ਉਸ ਮਨ ਮਸੰਸ ਕੇ ਬੈਠ ਗਿਆ, ਪਤਾ ਨਹੀਂ, ਕਦੋਂ ਵਿਚਾਰ ਕਰੇਗਾ। ਉਹ ਫਿਰ ਸੰਪਾਦਕ ਦੇ ਕਮਰੇ ਵਿੱਚ ਜਾ ਵੜਿਆ, "ਮੇਰਾ ਫਿਸ਼ਚੁਲਾ ਦਰਦ ਕਰ ਰਿਹਾ ਏ। ਅੱਜ ਦੀ ਛੁੱਟੀ ਚਾਹੀਦੀ ਏ।"

ਉਹ ਬਾਹਰ ਸੜ੍ਹਕ 'ਤੇ ਜਾ ਖੜ੍ਹਿਆ ਤੇ ਰਿਕਸ਼ਾ ਉਡੀਕਣ ਲੱਗਾ। ਦੂਜੇ ਪਾਸਿਉਂ ਰਿਕਸ਼ਾ ਆਇਆ। ਉਸ ਵਿੱਚੋਂ ਲੜਕੀ ਉਤਰਨ ਲੱਗੀ। ਉਸ ਨੇ ਉਸਨੂੰ ਰਿਕਸ਼ੇ ਵਿੱਚ ਹੀ ਬੈਠੀ ਰਹਿਣ ਦਾ ਇਸ਼ਾਰਾ ਕੀਤਾ ਤੇ ਆਪ ਵੀ ਉਸ ਨੇ ਨਾਲ ਜੁੜ ਕੇ ਬੈਠ ਗਿਆ।

ਰਿਕਸ਼ੇ ਵਾਲੇ ਨੇ ਦੋਹਾਂ ਨੂੰ ਇਕ ਰੈਸਟੋਰੈਂਟ ਦੇ ਸਾਹਮਣੇ ਸਾਹ ਦਿੱਤਾ। ਉਹ ਇਕ ਕੋਨੈ ਵਿੱਚ ਆਹਮਣੇ-ਸਾਹਮਣੇ ਬੈਠ ਗਏ। ਪ੍ਰਮੋਦ ਵਰਮਾ ਨੇ ਲੜਕੀ ਵੱਲ ਘੂਰਿਆ। ਉਸਨੇ ਅੱਜ ਚੁਸਤ ਤੋਂ ਚਮਕਦਾਰ ਕੱਪੜੇ ਪਾਏ ਹੋਏ ਸਨ। ਉਸ ਦੀਆਂ ਉਭਰੀਆਂ ਛਾਤੀਆਂ ਪ੍ਰਮੋਦ ਦਾ ਦਿਲ ਭੜਕਾ ਰਹੀਆਂ ਸਨ। ਪਜਾਮੀ ਵਿੱਚ ਕਸੀਆਂ ਲੱਤਾਂ ਵੀ ਉਸ ਨੂੰ ਡਾਵਾਡੋਲ ਕਰ ਰਹੀਆਂ ਸਨ। ਉਹ ਉੱਠ ਖੜ੍ਹਾ ਹੋਇਆ, "ਮੈਂ ਤੇਰੇ ਕੋਲ ਬੈਠਣਾ ਚਾਹੁੰ ਹਾਂ।" ਉਹ ਉਸਦੇ ਨਾਲ ਲੱਗ ਕੇ ਬੈਠ ਗਿਆ। ਲੜਕੀ ਜ਼ਰਾ ਪਰ੍ਹੇ ਨੂੰ ਖਿਸਕੀ, ਉਹ ਵੀ ਉਸ ਵੱਲ ਨੂੰ ਖਿਸਕ ਗਿਆ। ਉਸਨੇ ਲੜਕੀ ਦੇ ਹੱਥ ਦੇਖੋ ਬੜ੍ਹੇ ਖੁੱਲ੍ਹੇ-ਖੁੱਲ੍ਹੇ ਸਨ। ਗੋਰੇ ਵੀ ਸਨ, ਪਰ ਉਨ੍ਹਾਂ ਤੇ ਕਾਫ਼ੀ ਵਾਲ ਉੱਗੇ ਹੋਏ ਸਨ। ਉਸ ਨੂੰ ਸ਼ੱਕ ਹੋਇਆ, ਕਿਤੇ ਲੜਕੀ ਦੇ ਮੁੱਛਾਂ ਤਾਂ ਨਹੀਂ। ਉਸ ਨੇ ਸੋਚਿਆ, "ਜ਼ਰੂਰ ਲੜਕੀ ਦੀ ਪਿੱਠ ਤੇ ਪੇਟ 'ਤੇ ਵਾਲ ਹੋਣਗੇ।" ਉਹ ਫਿਰ ਸਾਹਮਣੇ ਜਾ ਕੇ ਬੈਠ ਗਿਆ। ਮਨੋਮਨੀ ਖੁਦ ਨੂੰ ਫਿਟਕਾਰ ਪਾਉਣ ਲੱਗਾ, "ਅੱਜ ਕਾਮਦੇਵ ਨੇ ਆਪਣਾ ਤੀਰ ਚਲਾ ਦੇਣਾ ਸੀ, ਬਚ ਗਏ।"

ਉਸ ਦੇ ਅੰਦਰ ਲੜਕੀ ਦੇ ਬਾਰੇ ਵਿੱਚ ਉਲਟ ਵਿਚਾਰ ਆਉਣੇ ਸ਼ੁਰੂ ਹੋ ਗਏ। ਲੜਕੀ ਦੀਆਂ ਕੁਝ ਹਰਕਤਾਂ ਬਾਰੇ ਸੋਚ ਕੇ ਉਹ ਹੱਸਣ ਲੱਗ ਪਿਆ।

"ਹੱਸ ਕਿਉਂ ਰਹੇ ਹੋ ?"

"ਵੈਸੇ ਹੀ।"

"ਆਪਣਾ ਹੱਥ ਦਿਖਾਉ। ਮੈਂ ਜੈਤਿਸ਼ ਨਾਲ ਦੱਸ ਦਿਆਂਗੀ, ਕਿਉਂ ਹੱਸੇ।"

ਲੜਕੀ ਨੇ ਉਸਦਾ ਹੱਥ ਫੜ ਕੇ ਨਾਟਕੀ ਅੰਦਾਜ਼ ਵਿੱਚ ਕਿਹਾ, "ਇਸ ਲਈ ਹੱਸੇ ਕਿ ਤੁਹਾਡੀ ਤਨਖਾਹ ਵੱਧਣ ਵਾਲੀ ਏ।"

"ਬਹੁਤ ਸਹੀ ਬੁੱਝਿਆ ਏ ਤੂੰ।"

"ਹੋਰ ਕੁਝ ਪੁੱਛਣਾ ਏ ਤਾਂ ਪੁੱਛੋ ?"

"ਪੁੱਛਾ ?"

"ਹਾਂ-ਹਾਂ।"

"ਤਾਂ ਦੱਸ।" ਉਹ ਹੱਸਿਆ, "ਮੇਰਾ ਫਿਸ਼ਚੁਲਾ ਕਦੋਂ ਠੀਕ ਹੋਵੇਗਾ ?"

"ਉਹ ਕੀ ਹੁੰਦਾ ਏ ?"

"ਫਿਸ਼ਚੁਲਾ ਨੂੰ ਹਿੰਦੀ ਵਿੱਚ ਭਗੰਦਰ ਕਹਿੰਦੇ ਨੇ। ਦਰਅਸਲ ਵਿੱਚ ਗੁਦਾ ਰੋਗ ਏ। ਮਲਦੁਆਰ 'ਤੇ ਫੋੜਾ.......।"

"ਬੱਸ ਕਰੋ....ਬੱਸ ਕਰੋ।" ਲੜਕੀ ਸ਼ਰਮਾ ਗਈ।



"ਇਸ ਵਿੱਚ ਸ਼ਰਮਾਉਣ ਵਾਲੀ ਕਿਹੜੀ ਗੱਲ ਏ ? ਮਲਮੂਤਰ ਤਾਂ ਸਮਾਜ ਦੇ ਸਭ ਪ੍ਰਾਣੀ ਕਰਦੇ ਨੇ। ਤੂੰ ਯਕੀਨ ਕਰ, ਮੈਨੂੰ ਫਿਸ਼ਚੁਲਾ ਹੋ ਗਿਆ ਏ। ਇਹ ਕੋਈ ਖਤਰਨਾਕ ਬਿਮਾਰੀ ਨਹੀਂ, ਪਰ ਦਰਦ ਬਹੁਤ ਹੁੰਦਾ ਏ। ਖਾਸਕਰ ਬੈਠਣ ਸਮੇਂ, ਲੈਟਰੀਨ ਜਾਣ ਵੇਲੇ ਤਾਂ ਮਰਦ ਦਾ ਅੰਤ ਨਹੀਂ ਰਹਿੰਦਾ। ਫਿਸ਼ਚੁਲਾ ਦੀ ਇਕ ਵਿਸ਼ੇਸ਼ਤਾ ਇਹ ਹੁੰਦੀ ਏ ਕਿ ਇਹ ਅਪ੍ਰੇਸ਼ਨ ਮਗਰੋਂ ਠੀਕ ਹੋ ਜਾਂਦਾ ਏ ਪਰ ਅਕਸਰ ਕੁਝ ਦਿਨਾਂ ਮਗਰੋਂ ਠੀਕ ਹੋ ਜਾਂਦਾ ਏ ਪਰ ਅਕਸਰ ਕੁਝ ਦਿਨਾਂ ਮਗਰੋਂ ਫਿਰ ਹੋ ਜਾਂਦਾ ਏ। ਕਈ ਵਾਰ ਤਾਂ ਅਪ੍ਰੇਸ਼ਨਾਂ ਦੇ ਬਾਵਜੂਦ ਬੰਦਾ ਫਿਸ਼ਚੁਲਾ ਦਾ ਸ਼ਿਕਾਰ ਬਣ ਕੇ ਸਾਰੀ ਉਮਰ ਤੜਫਦਾ ਰਹਿੰਦਾ ਏ। ਹਾਂ, ਆਪਣੇ ਜੋਤਿਸ਼ ਨਾਲ ਬੁੱਝ, ਮੇਰਾ ਫਿਸ਼ਚੁਲਾ ਕਦੋਂ ਠੀਕ ਹੋਵੇਗਾ ? ਤੂੰ ਠੀਕ ਹੋਣ ਮਗਰੋਂ ਫਿਰ ਦਵਾਰਾ ਤਾਂ ਨਹੀਂ ਹੋਵੇਗਾ।

ਲੜਕੀ ਨੇ ਕੰਨਾਂ ਵਿੱਚ ਉਂਘਲਾਂ ਦੇ ਲਈਆਂ। ਉਸ ਦਾ ਚਿਹਰਾ ਘਬਰਾਹਟ ਤੇ ਸ਼ਰਮ ਨਾਲ ਬੇਹਾਲ ਸੀ। ਉਸ ਨੂੰ ਪ੍ਰਮੋਦ ਵਰਮਾ ਬੇਵਕੂਫਵ ਤੇ ਕਰੂਰ ਲੱਗ ਰਿਹਾ ਸੀ। ਉਹ ਰੋਣਹਾਕੀ ਹੋ ਕੇ ਉਅਠਦੀ ਰੋ ਹੀ ਪਈ। ਪਰਸ ਚੁੱਕਿਆ ਤੇ ਤੇਜ਼ੀ ਨਾਲ ਦੌੜ ਗਈ। ਪਹਿਲਾਂ ਤਾਂ ਉਹ ਮੁਸਕਰਾਇਆ ਫਿਰ ਅਚਾਨਕ ਬੁਝ ਗਿਆ। ਉਹ ਉਦਾਸ ਹੋ ਗਿਆ। ਉਚਾਟ ਅੱਖਾਂ ਨਾਲ ਆਸੇ-ਪਾਸੇ ਦੇਖਿਆ। ਫਿਰ ਬਿਲ ਚੱਕਾ ਕੇ ਬਾਹਰ ਨਿਕਲ ਗਿਆ।

ਘਰ ਪੁੱਜਦੇ-ਪੁੱਜਦੇ ਉਹ ਅਸਹਿ ਕਸ਼ਟ ਵਿੱਚ ਘਿਰ ਗਿਆ। ਫਿਸ਼ਚੁਲਾ ਜਿਵੇਂ ਵਧਦਾ ਹੀ ਜਾ ਰਿਹਾ ਸੀ। ਉਸ ਨੇ ਸੋਚਿਆ ਕਿ ਇਸ ਦੁੱਖ ਨਾਲੋਂ ਬਿਹਤਰ ਤਾਂ ਪ੍ਰਾਣ ਤਿਆਗਣਾ ਹੀ ਹੋਵੇਗਾ। ਉਹ ਮੰਜੇ 'ਤੇ ਆ ਡਿਗਿਆ। ਉਸ ਦੇ ਬੁੱਲ੍ਹ ਘੁੱਟੇ ਹੋਏ ਸਨ। ਸਰੀਰ ਦੀ ਸਾਰੀ ਸ਼ਕਤੀ ਦਰਦ ਸਹਿਣ ਵੱਚਿ ਲੱਗ ਰਹੀ ਸੀ। ਉਹ ਕਾਲਾ ਪੈਂਦਾ ਜਾ ਰਿਹਾ ਸੀ। ਸਰੋਜ ਵਰਮਾ ਹੌਲ-ਹੌਲੀ ਉਸਦਾ ਸਿਰ ਸਹਿਲਾ ਰਹੀ ਸੀ। ਉਹ ਲਾਸ਼ ਵਾਂਗ ਲੇਟ ਗਿਆ ਤੇ ਹਫਣ ਲੱਗ ਪਿਆ। ਸਰੋਜ ਵਰਮਾ ਉਸਦੀ ਪੈਂਟ ਦੀ ਬੈਲਟ ਖੋਲ੍ਹਣ ਲੱਗ ਪਈ। ਪੈਂਟ ਲਾਹ ਕੇ ਉਹਦੇ ਲੱਕ ਦੁਆਲੇ ਲੂੰਗੀ ਪਵਾ ਦਿੱਤੀ।

"ਦਵਾਈ ਲਾ ਦੇ।" ਪ੍ਰਮੋ ਵਰਮਾ ਕਰਾਹਿਆ।

ਸਰੋਜ ਵਰਮਾ ਟਿਊਬ 'ਚੋਂ ਮਲ੍ਹਮ ਕੱਢ ਕੇ ਉਸ਼ਦੇ ਫਿਸ਼ਚੁਲਾ ਤੇ ਹੌਲੀ-ਹੌਲੀ ਮਲਣ ਲੱਗ ਪਈ।

ਪ੍ਰਮੋਦ ਵਰਮਾ ਨੇ ਕਰਾਹੁੰਦੇ ਹੋਏ ਨਿਰਾਸ਼ਾ ਵਿੱਚ ਕਿਹਾ, "ਅਪ੍ਰੇਸ਼ਨ ਕਰਵਾਉਣਾ ਹੀ ਪਵੇਗਾ।"

ਅਪ੍ਰੇਸ਼ਨ ਤੋਂ ਬਾਦ ਫਿਸ਼ਚੁਲਾ ਵਿਚ ਨਿਕਲ ਆਇਆ ਸੀ। ਪਹਿਲੇ ਫਿਸ਼ਚੁਲਾ ਦੀ ਤਰ੍ਹਾਂ ਹੀ ਵੱਧਣਾ ਸ਼ੁਰੂ ਹੋ ਗਿਆ। ਪ੍ਰਮੋਦ ਵਰਮਾ ਤਕਲੀਫ਼, ਪ੍ਰੇਸ਼ਾਨੀ ਤੇ ਡਰ ਨਾਲ ਘਿਰਿਆ ਹੋਇਆ ਸੀ। ਉਸ ਨੂੰ ਇਹ ਦੁੱਖ ਵੀ ਸੀ ਕਿ ਹੁਣ ਫਿਸ਼ਚੁਲਾ ਮਨੋਰੰਜਕ ਨਹੀਂ ਸੀ ਹਿ। ਉਸਦਾ ਜ਼ਿਕਰ ਆਉਣ 'ਤੇ ਹੁਣ ਲੋਕ ਹੱਸਦੇ ਨਹੀਂ ਸਨ। ਹੁਣ ਲੋਕ ਨਾ ਉਸ ਨਾਲ ਹਮਦਰਦੀ ਪ੍ਰਗਟਾਉਂਦੇ ਸਨ ਤੇ ਨਾ ਹੀ ਖ਼ੁਸ਼ ਹੁੰਦੇ ਸਨ। ਦਰਅਸਲ ਹੁਣ ਫਿਸ਼ਚੁਲਾ ਆਪਣੀ ਮਹੱਤਤਾ ਹੀ ਖੋ ਚੁੱਕਾ ਸੀ।

ਪ੍ਰਮੋਦ ਵਰਮਾ ਹੁਣ ਫਿਰ ਪਹਿਲਾਂ ਵਰਗ ਹੀ ਹੋ ਗਿਆ ਸੀ। ਘਰ ਵਿੱਚ ਪੈਰ ਹਿਲਾ ਕੇ ਖਲਾਅ ਵਿੱਚ ਦੇਖਦਾ ਰਹਿੰਦਾ ਤੇ ਉਟ-ਪਟਾਂਗ ਹਰਕਤਾਂ ਕਰਦਾ ਰਹਿੰਦਾ। ਉਸ ਨੂੰ ਇਕ ਗੱਲ ਦਾ ਅਫਸੋਸ ਸੀ ਕਿ ਐਨੇ ਦਿਨਾਂ ਬਾਦ ਦੀ ਗੱਡੀ ਉੱਥੇ ਦੀ ਉੱਥੇ ਸੀ। ਉਹੀ ਉਚਾਟਤਾ, ਉਹੀ ਨੀਰਸਤਾ ਤੇ ਹੀ ਬੇਸਵਾਦੀ। ਉਸ ਦੀ ਜ਼ਿੰਦਗੀ ਵਿੱਚ ਸੁੱਖ ਦੀ ਇਕ ਝਲਕ ਤੱਕ ਨਹੀਂ ਸੀ ਰਹੀ। ਉਹ ਆਪਣੇ ਵਾਲ ਪੁੱਟਣ ਲੱਗਦਾ, "ਕਿਵੇਂ ਹੋਵਾਂਗਾ ਮੈਂ ਸੁਖੀ ?" ਨਿਰਾਸ਼ਾ ਨਾਲ ਭਰ ਕੇ ਕਹਿੰਦਾ, "ਕੀ ਮੈਂ ਕਦੀ ਵੀ ਸੁਖੀ ਨਹੀਂ ਸਕਾਂਗਾ ?"

ਸਰੋਜ ਵਰਮਾ ਜੀਵਨ ਸਾਥੀ ਦੇ ਅਜੀਬੋ ਕਰੀਮ ਕਾਰਨਾਵਿਆਂ ਦਾ ਵਿਸ਼ਲੇਸ਼ਮ ਕਰ ਰਹੀ ਸੀ। ਉਹ ਡਰੀ ਹੋਈ ਸੀ ਕਿ ਸੁਖ ਦੀ ਤਲਾਸ਼ ਵਿੱਚ ਉਸ ਦਾ ਪਤੀ ਪਾਗਲ ਹੀ ਨਾ ਹੋ ਜਾਵੇ ਜਾਂ ਵੈਰਾਗੀ ਹੀ ਨਾ ਬਣ ਜਾਵੇ। ਜੇ ਇੰਜ ਹੋ ਗਿਆ, ਉਸ ਦੀ ਜੁਆਨੀ ਦਾ ਕੀ ਬਣੇਗਾ। ਬੱਚੀ ਦਾ ਕੀ

ਬਣੇਗਾ।

ਪ੍ਰਮੋਦ ਵਰਮਾ ਇਖ ਦਿਨ ਬਾਥਰੂਪ ’ਚੋਂ ਨਹਾ ਕੇ ਨਿਕਲਿਆ ਤਾਂ ਸਰੋਜ ਵਰਮਾ ਨਾਸ਼ਤਾ ਲਗਾ ਕੇ ਉਡੀਕ ਕਰਨ ਲੱਗੀ। ਦੇਰਤੱਕ ਨਾ ਆਉਣ ’ਤੇ ਉਹ ਦੂਜੇ ਕਮਰੇ ’ਚ ਗਈ। ਉਹ ਇਕ ਚਟਾਈ ’ਤੇ ਅੱਖਾਂ ਬੰਦ ਕਰੀ ਬੈਠਾ ਸੀ। ਨਾਸ਼ਤਾ ਠੰਢਾ ਹੋ ਕੇ ਆਕੜ ਗਿਆ ਸੀ, “ਇਸ ਨੂੰ ਧਿਆਨ ਕਹਿੰਦੇ ਨੇ। ਇਸ ਨੂੰ ਠੀਕ ਢੰਗ ਨਾਲ ਕਰਨ ਦੇ ਸੰਸਾਰਕ ਵਿਸ਼ਿਆਂ ਦਾ ਨਾਸ਼ ਹੋ ਜਾਂਦਾ ਏ ਤੇ ਮਨੁੱਖ ਨੂੰ ਸੁੱਖ ਤੋਂ ਵੀ ਵੱਧ ਕੇ ਆਨੰਦ ਅਵਸਥਾ ਦੀ ਪ੍ਰਾਪਤੀ ਹੁੰਦੀ ਏ।”

ਸੰਸਾਰਕ ਵਿਸ਼ਿਆਂ ਤੋਂ ਪਿੱਛਾਂ ਛੁਡਾਉਣ ਦੀ ਗੱਲ ’ਤੇ ਸਰੋਜ ਵਰਮਾ ਨੂੰ ਮੁੜ ਆਪਣੀ ਭਰ ਜੁਆਨੀ ਦਾ ਖਿਆਸ ਆਇਆ। ਉਸ ਨੇ ਪਤੀ ਨੂੰ ਬਾਹਾਂ ਵਿੱਚ ਘੁੱਟ ਲਿਆ ਤੇ ਚੁੰਮਣਾ ਦੀ ਝੜੀ ਲਾ ਦਿੱਤੀ। ਫਿਰ ਉਸਦੇ ਨੰਗੇ ਬਦਨ ਨੂੰ ਧੱਕਦੀ ਹੋਈ ਸੌਣ ਕਮਰੇ ਵੱਲ ਲੈ ਗਈ.......।

ਕੁਝ ਚਿਰ ਪਹਿਲਾਂ ਪ੍ਰਮੋਦ ਵਰਮਾ ਦੇ ਲੱਕ ਦੁਆਲੇ ਲਿਪਟਿਆ ਤੌਲੀਆਂ ਹੁਣ ਇਕੱਲਾ, ਬਿਨਾਂ ਕਿਸੇ ਆਸਰੇ ਤੋਂ ਨਿਢਾਲ ਪਿਆ ਹੋਇਆ ਸੀ ਤੇ ਪ੍ਰਮੋਦ ਵਰਮਾ ਨੂੰ ਲੱਗ ਰਿਹਾ ਸੀ....ਇਹੀ ਸੁੱਖ ਹੈ....ਆਨੰਦ ਹੈ.......ਇਸ ਤੋਂ ਵੱਡਾ.......ਇਸ ਤੋਂ ਬਿਨਾਂ ਹੋਰ ਕੁਝ ਵੀ ਨਹੀਂ।

ਥੋੜ੍ਹੀ ਦੇਰ ਦੀ ਖਾਮੋਸ਼ੀ ਮਗਰੋਂ ਸਰੋਜ ਵਰਮਾ ਨੇ ਪਾਸਾ ਪਰਤਿਆ। ਉਸ ਨੂੰ ਆਪਣੇ ਵੱਲ ਖਿੱਚਿਆ। ਫਿਰ ਉਸਦੀ ਛਾਤੀ ’ਤੇ ਸਿਰ ਰੱਖ ਡੁਸਕਣ ਲੱਗ ਪਈ। ਫਿਰ ਅਚਾਨਕ ਉਸ ਨੂੰ ਝੰਝੋੜਨ ਲੱਗੀ। ਅਗਲੇ ਪਲ ਹੀ ਉਹ ਉਸ ਨੂੰ ਬੇਤਹਾਸ਼ਾ ਚੁੰਮ ਰਹੀ ਸੀ, “ਕੀ ਹੁਣੇ ਹੁਣੇ ਜੋ ਸੀ, ਉਹ ਸੁੱਖ ਨਹੀਂ ਸੀ ?......ਸੁੱਖ ਨਹੀਂ ਸੀ ?.......ਬੋਲੋ.....।”

“ਸੁੱਖ ਨਹੀਂ ਸੀ। ਅਸਲ ਵਿੱਚ ਉਹ ਸੁੱਖ ਨਹੀਂ ਸੀ, ਸੁਖ ਦਾ ਛਲਾਵਾ ਸੀ। ਇਹ ਤਾਂ ਪਲ ਭਰ ਲਈ ਹੀ ਸੀ। ਸੁੱਖ ਜਾਂ ਆਨੰਦ ਪਲ ਭਰ ਲਈ ਨਹੀਂ ਹੁੰਦਾ। ਸੰਭੋਗ ਦੇ ਸੁੱਖ ਨਾਲੋਂ ਤਾਂ ਕਿਤੇ ਵੱਧ ਫਿਸ਼ਚੁਲਾ ਦੇ ਸ਼ੁਰੂ ਦੇ ਸਮੇਂ ਦਾ ਸੁਖ ਸੀ।”

ਪਰ ਇਸ ਵਿਵਾਦ ਨੇ ਪ੍ਰਮੋਦ ਵਰਮਾ ਵਿੱਚ ਪਤਾ ਨਹੀਂ ਕਿਹੜੀ ਰਸਾਇਣਕ ਕਿਰਿਆ ਕਰ ਦਿੱਤੀ ਕਿ ਅਗਲੇ ਦਿਨ ਤੋਂ ਜਦ ਵੀ ਉਹ ਧਿਆਨ ਲਈ ਬੈਠਦਾ, ਉਸਨੂੰ ਸੰਭੋਗ ਸੁੱਖ ਦੀ ਯਾਦ ਆਉਣ ਲੱਗਦੀ। ਸੰਭੋਗ ਕਿਰਿਆ ਦੇ ਅਲੱਗ-ਅਲੱਗ ਬਿੰਬ ਉਸਦੇ ਧਿਆਨ ਵਿੱਚ ਘਉਂਮਣ ਲੱਗਦੇ। ਥੱਕ ਕੇ ਉਸ ਨੇ ਫੈਸਲਾ ਕੀਤਾ ਕਿ ਸੰਭੋਗ ਦੀ ਅਸਲ ਸੁੱਖ ਹੈ। ਬਿਨਾਂ ਹੀਲ-ਹੁੱਜਤ ਬੈਂਖ ’ਚੋਂ ਪੈਸੇ ਕਢਵਾਏ ਤੇ ਵਜੂਲ ਵਿੱਚ ਖਰਚ ਕਰਨ ਲੱਗਾ। ਬੇਮਤਲਬ ਦੋ ਮਹਾਂ ਨਗਰਾਂ ਦੀ ਯਾਤਰਾ ਕਰ ਆਇਆ, ਜਿੱਥੇ ਉਸ ਨੇ ਕੈਬਰੇ ਦੇਖਿਆ ਅਤੇ ਜੂਆ ਖੇਡਿਆ। ਲੋਕ ਨਿਰਮਾਣ ਵਿਭਾਗ ਵਾਲੇ ਉਸ ਤੋਂ ਤਿੰਨੇ ਸ਼ਾਨਦਾਰ ਪਾਰਟੀਆਂ ਲ ਕੇ ਹੈਰਾਨ ਸਨ। ਸਹਾਇਖ ਅਫ਼ਸਰ ਤਿਵਾੜੀ ਦਾ ਰਹਿਣਾ ਸੀ ਕਿ ਜ਼ਰੂਰ ਉਸਦੀ ਕੋਈ ਲਾਟਰੀ ਨਿਕਲੀ ਹੈ। ਜਦ ਕਿ ਵੱਡੇ ਸਾਹਬ ਚਰਨ ਸਾਹਬ ਦਾ ਖਿਾਲ ਸੀ ਕਿ ਉਹ ਕਿਸੇ ਵੱਡੇ ਸਮਗਲਿੰਗ ਗਿਰੋਹ ਦਾ ਮੈਂਬਰ ਬਣ ਗਿਆ ਹੈ। ਠੇਕੇਦਾਰਾਂ ਦੀ ਰਾਇ ਸੀ ਕਿ ਉਸਨੂੰ ਧਰਤੀ ਵਿੱਚ ਗਡਿਆਂ ਬਹੁਤ ਸਾਰਾ ਧਨ ਮਿਲ ਗਿਆ ਹੈ। ਉਹ ਇਨ੍ਹਾਂ ਟਿੱਪਣੀਆਂ ਤੋਂ ਬੇਪ੍ਰਵਾਹ ਪੈਸੇ ਲੁਟਾ-ਲੁਟਾ ਕੇ ਗੁਲਸ਼ੱਰੇਉਡਾ ਰਿਹਾ ਸੀ ਤੇ ਹਰ ਰੋਜ਼ ਸਰੋਜ ਵਰਮਾ ਨਾਲ ਸਹਿਵਾਸ ਕਰ ਰਿਹਾ ਸੀ।

ਸਰੋਜ ਵਰਮਾ ਉਸ ਸਮੇਂ ਸੁੰਨ ਹੋ ਗਈ ਜਦੋਂ ਪ੍ਰਮੋਦ ਵਰਮਾ ਨੇ ਜਿੱਦ ਕੀਤੀ, “ਚੱਲ ਨੱਚੀਏ।” ਜਦ ਕਿ ਨੱਚਣਾ ਦੋਹਾਂ ਨੂੰ ਨਹੀਂ ਸੀ ਆਉਂਦਾ।

ਪ੍ਰਮਦ ਵਰਮਾ ਨੱਚਣ ਦੇ ਨਾਂ ’ਤੇ ਬੱਸ ਆਪਣੀ ਹਿੱਪ ਹਿਲਾ ਰਿਹਾ ਸੀ ਤੇ ਸਰੋਜ ਵਰਮਾ ਰਾਜਿਆਂ ਨੂੰ ਹਵਾ ਦੇਣ ਵਾਲੇ ਚੌਰ ਵਾਂਗ ਇੱਧਰ ਉਧਰ ਡੋਲ ਰਹੀ ਸੀ।

ਨੱਚਦਿਆਂ ਪ੍ਰਮੋਦ ਵਰਮਾ ਨੂੰ ਮਹਿਸੂਸ ਹੋਇਆ, “ਇਹ ਕੀ ਬਕਵਾਸ ਏ।” ਉਙ ਹਫ਼ਦਾ ਹੋਇਆ ਕੁਰਸੀ ’ਤੇ ਬੈਠ ਗਿਆ, “ਨਹੀਂ, ਨਹੀਂ, ਇਸ ਸਭ ਕਾਸੇ ਵਿੱਚ ਕੋਈ ਸੁੱਖ ਨਹੀਂ।”

“ਮੈਂ ਵੀ ਸੋਚਦੀ ਸੀ, ਜੇ ਨੱਚਣਾ ਆਉਂਦਾ ਹੀ ਨਹੀਂ ਫਿਰ ਨੱਚਣ ਵਿੱਚ ਸੁੱਖ ਕੈਸਾ।”

ਪ੍ਰਮੋਦ ਵਰਮਾ ਨੇ ਘਿਰਣਾ ਨਾਲ ਦੇਖਿਆ, “ਮੈਂ ਕੇਵਲ ਨੱਚਣ ਦੀ ਗੱਲ ਨਹੀਂ ਕਹਿ



ਰਿਹਾ, ਮੈਂ ਕਹਿ ਰਿਹਾ ਹਾਂ ਕਿ ਸੰਭੋਗ ਵਿੱਚ ਵੀ ਸੁੱਖ ਨਹੀਂ ਏਂ।”

“ਤਾਂ ਕਾਹਦੇ ਵਿੱਚ ਏ ?” ਸਰੋਜ ਵਰਮਾ ਝੁੰਝਲਾ ਕੇ ਬੋਲੀ।

“ਸ਼ਾਇਦ ਤਿਆਗ ਵਿੱਚ।”

“ਤਾਂ ਆਪਣੀ ਫਿਸ਼ਚੁਲਾ ਕਿਉਂ ਨਹੀਂ ਤਿਆਗ ਦਿੰਦੇ ?” ਉਹ ਚਿੜ ਕੇ ਬੋਲੀ।

“ਫਿਸ਼ਚੁਲਾ ਨੂੰ ਤਆਗ ਦੇਣਾ ਮੇਰੇ ਵਸ ’ਚ ਨਹੀਂ। ਹਾਂ, ਤੈਨੂੰ ਤਆਗ ਸਕਣਾ ਮੇਰੇ ਵੱਸ ’ਚ ਜ਼ਰੂਰ ਏ।”

ਸਰੋਜ ਵਰਮਾ ਦੀ ਰੂਹ ਤੜਫੀ। ਉਹ ਸੁੱਤੀ ਪਈ ਉਜਲੀ ਨੂੰ ਛਾਤੀ ਨਾਲ ਘੁੱਟੀ ਬੜੀ ਦੇਰ ਤੱਕ ਰੋਂਦੀ ਰਹੀ। ਅਸੁਰੱਖਿਆ-ਬੋਧ ਨੇ ਉਸ ਨੂੰ ਐਨਾ ਜਕੜ ਲਿਆ ਕਿ ਉਸਨੇ ਧਾਗੇ-ਤੀਬਾਂਥ ਦੇ ਚੱਕਰ ਵਿੱਚ ਵਸਣ ਦਾ ਫੈਸਲਾ ਕਰ ਲਿਆ।

ਪਰ ਪ੍ਰਮੋਦ ਵਰਮਾ ’ਤੇ ਕਿਸੇ ਚੀਜ਼ ਦਾ ਅਸਰ ਨਹੀਂ ਸੀ ਹੋ ਰਿਹਾ। ਹਾਂ, ਤਿਆਗ ਤੋਂ ਛੇਤੀ ਹੀ ਉਸ ਦਾ ਵਿਸ਼ਵਾਸ ਫਿੱਕਾ ਹੋ ਗਿਆ ਤੇ ਉਹ ਇਕਾਂਤਵਾਸ ਤੇ ਮੋਨ ਤੇ ਅਟਕ ਗਿਆ। ਉਹ ਕਹਿੰਦਾ, “ਸ਼ਬਦ ਵਿੱਚ ਊਰਜਾ ਦੇ ਮੋਨ ਅਨੰਤ ਊਰਜਾ ਦਾ ਭੰਡਾਰ ਇਕੱਠਾ ਕਰ ਲੈਂਦਾ ਏ। ਜਦੋਂ ਊਰਜਾ ਦਾ ਭੰਡਾਰ ਠੀਕ ਮਾਰਤਾ ਵਿੱਚ ਜਮ੍ਹਾਂ ਹੋ ਗਿਆ, ਫਿਰ ਸੁੱਖ ਹੀ ਸੁੱਖ ਹੋਵੇਗਾ।”

ਬਾਦ ਵਿੱਚ ਮੋਨ ਤੋਂ ਵੀ ਨਿਰਾਸ਼ ਹੋ ਕੇ ਉਹ ਲੋਕਾਂ ਨਾਲ ਮੇਲਜੋਲ ਕਰਨ ਲਈ ਉਨ੍ਹਾਂ ਵਿੱਚ ਘੁੰਮਣ ਲੱਗਾ। ਉਸ ਦਾ ਤਰਕ ਸੀ ਕਿ ਸਾਰੇ ਇਨਸਾਨ ਪ੍ਰਮਾਤਮਾ ਦੀ ਸੰਤਾਨ ਹਨ। ਇਨ੍ਹਾਂ ਵਿੱਚ ਘੁਲਣ-ਮਿਲਣ ਨਾਲ ਸੁੱਖ ਦੀ ਪ੍ਰਾਪਤੀ ਹੋਵੇਗੀ। ਹੁਣ ਉਹ ਘਰੋਂ ਛੇਤੀ ਨਿਕਲ ਜਾਂਦਾ ਤੇ ਦੇਰ ਨਾਲ ਘਰ ਵੜਦਾ। ਰਸਾਲੇ ਦੇ ਦਫ਼ਤਰ ਵਿੱਚ ਉਹ ਮੌਕਾ ਮਿਲਦਿਆਂ ਹੀ ਲੋਕਾਂ ਨਾਲ ਗੱਪਾਂ ਮਾਰਨ ਬਠ ਜਾਂਦਾ। ਦਫ਼ਤਰੋਂ ਛੁੱਟੀ ਕਰਕੇ ਉਹ ਹੋਰ ਲੋਕਾਂ ਨੂੰ ਮਿਲਣ ਵੀ ਨਿਕਲ ਜਾਂਦਾ। ਕਦੇ ਕਿਸੇ ਦੇ ਘਰ ਕਦੇ ਕਿਸੇ ਦੇ ਘੁੰਮਦਾ ਫਿਰਦਾ। ਨਤੀਜੇ ਵੱਜੋਂ ਉਸ ਦਾ ਗ੍ਰਹਿਸਥੀ ਜੀਵਨ ਵਿਸਫੋਟਕ ਬਣਨ ਲੱਗਾ ਸੀ। ਸੰਭੋਗ ਵਾਲੇ ਦਿਨਾਂ ਦੀ ਸਮਾਪਤੀ ਮਗਰੋਂ ਸਰੋਜ ਵਰਮਾ ਕਦੀ ਵੀ ਪਤੀ ਨਾਲ ਘੁੰਮਣ ਨਹੀਂ ਸੀ ਗਈ। ਉਜਲੀ ਵੀ ਪਾਪਾ ਨਾਲ ਘੁੰਮਣ-ਜਾਣਾ ਚਾਹੁੰਦੀ ਸੀ। ਸਰੋਜ ਨੇ ਫੈਸਲਾ ਕੀਤਾ ਕਿ ਉਹ ਪਤੀ ਨੂੰ ਆਪਣਾ ਇਹ ਦੁੱਖ ਜ਼ਰੂਰ ਦੱਸੇਗੀ, ਘਰੋਂ ਬਾਹਰ ਭੱਜੇ ਫਿਰਨ ’ਚ ਭਲਾ ਕੀ ਤੁਕ ਹੋਈ ?

ਪ੍ਰੰਤੂ ਉਸ ਦਿਨ ਆਸ ਤੋਂ ਉਲਟ ਪ੍ਰਮੋਦ ਵਰਮਾ ਸਿੱਧਾ ਘਰ ਆ ਗਿਆ। ਥੱਕਆ ਥੱਕਿਆ, ਬੁਝਿਆ-ਬੁਝਿਆ ਤੇ ਹਾਰਿਆ ਹੋਇਆ।

“ਕੀ ਗੱਲ ਏ ?” ਸਰੋਜ ਵਰਮਾ ਉਸ ਦੇ ਵਾਲਾਂ ਨੂੰ ਸਹਿਲਾਉਣ ਲੱਗੀ।

“ਦੇਖ ਮੇਰੇ ਵਾਲ ਮੱਤ ਨੋਚ, ਇਹ ਪਹਿਲਾਂ ਹੀ ਬੁਰੀ ਤਰ੍ਹਾਂ ਟੁੱਟ ਰਹੇ ਨੇ। ਵੈਸੇ ਤੈਨੂੰ ਪਤਾ ਵੀ ਏ ਕਿ ਮੈਨੂੰ ਇਹ ਪਿਆਰ ਮੁਹੱਬਤ ਦੇ ਚੋਚਲੇ ਚੰਗੇ ਨਹੀਂ ਲੱਗਦੇ। ਰਹੀ ਗੱਲ ਕਿ ਕੀ ਗੱਲ ਏ, ਮੈਂ ਕੀ ਦੱਸਾਂ ਕਿ ਕੀ ਗੱਲ ਏ।”

ਰਾਤ ਨੂੰ ਦੱਸੀ ਉਸ ਨੇ ਗੱਲ । ਖਾਣੇ ਦੇ ਮੇਜ਼ ’ਤੇ ਬੈਠਾ ਬੋਲਿਆ, “ਮੇਰਾ ਕੁਛ ਵੀ ਖਾਣ ਨੂੰ ਮਨ ਨਹੀਂ ਕਰਦਾ।”

“ਥੋੜ੍ਹਾ ਜਿਹਾ ਖਾ ਲਵੋ, ਪਾਪਾ।” ਉਜਲੀ ਨੇ ਜ਼ਿੱਦ ਕਰਦਿਆਂ ਹਿਕਾ।

“ਨਹੀਂ ਬੇਟੇ, ਮਨ ਨਹੀਂ ਕਰਦਾ।”

ਮੇਜ਼ ’ਤੇ ਬੜੀ ਦੇਰ ਤੱਕ ਮੋਨ ਬੈਠਾ ਰਿਹਾ। ਫਿਰ ਬੋਲਿਆ, “ਸਰੋਜ, ਮੈਂ ਕੀ ਕਰਾਂ ? ਮੇਰਾ ਕਿਸੇ ਚੀਜ਼ ਵਿਚ ਵੀ ਮਨ ਨਹੀਂ ਲੱਗਦਾ। ਮੈਨੂੰ ਲੱਗਦ ਏ, ਮੈਨੂੰ ਕੁਝ ਚਾਹੀਦਾ ਏ। ਮੈਨੂੰ ਕੀ ਚਾਹੀਦਾ ਏ, ਇਹ ਵੀ ਮੈਨੂੰ ਪਤਾ ਨਹੀਂ ਲੱਗਦਾ। ਸਰੋਜ, ਮੈਂ ਸੁਖੀ ਨਹੀਂ ਹਾਂ। ਮੇਰੀ ਆਤਮਾ ਅਕਸਰ ਮੈਨੂੰ ਮਧੋਲਦੀ ਰਹਿੰਦੀ ਏ। ਵਾਕਿਆ ਈ ਮੈਂ ਖ਼ੁਸ਼ ਨਹੀਂ ਹਾਂ। ਮੈਂ ਕੀ ਕਰਾਂ ਸਰੋਜ।”

ਸਰੋਜ ਵਰਮਾ ਨੇ ਸੋਚ-ਸੋਚ ਕੇ ਕਿਹਾ, “ਕਿਸੇ ਸਿਆਣੇ ਬਜ਼ੁਰਗ ਨੂੰ ਪੁੱਛੋਂ।”

ਉਹ ਖ਼ੁਸ਼ ਹੋ ਗਿਆ, “ਵਾਹ ਸਰੋਜ।” ਉਹ ਉਜਲੀ ਨੂੰ ਬਾਹਾਂ ਵਿੱਚ ਉਛਾਲਣ ਲੱਗ

ਪਿਆ, "ਮੈਨੂੰ ਪਹਿਲਾਂ ਕਿਉਂ ਨਾ ਸੁਝਿਆ, ਮੇਰੀ ਬੇਟੀ।"

ਅਗਲੇ ਦਿਨ ਰਸਾਲੇ ਦੇ ਦਫ਼ਤਰ ਵੜਦਾ ਹੀ ਸੰਪਾਦਕ ਕੋਲ ਪੁੱਜ ਗਿਆ ਤੇ ਬੋਲਿਆ, "ਇਕ ਕੰਮ ਸੀ।"

"ਛੁੱਟੀ ਚਾਹੁੰਦੀ ਏ ? ਕੀ ਫਿਸ਼ਚੁਲਾ ਵਧ ਗਿਆ ?"

"ਨਹੀਂ, ਮੈਂ ਇਕ ਜਾਣਕਾਰੀ ਚਾਹੁੰਦਾ ਹਾਂ ਕਿ ਸ਼ਹਿਰ ਵਿੱਚ ਸਭ ਤੋਂ ਵੱਧ ਉਮਰ ਦਾ ਬੰਦਾ ਕੌਣ ਏ ?"

"ਵਾਹ ! ਇਸ ਸ਼ਹਿਰ ਵਿੱਚ ਸਭ ਤੋਂ ਵੱਧ ਉਮਰ ਦੀ ਇਕ ਬੁੱਢੀ ਏ, ਜੋ ਇਖ ਸੋ ਬਾਰਾਂ ਸਾਲ ਦੀ ਏ। ਉਹ ਨਦੀ ਕੰਢੇ ਰਹਿੰਦੀ ਏ, ਉਸ ਦੇ ਦੰਦ ਅਜੇ ਸਾਬਤ ਨੇ। ਲੋਕ ਕਹਿੰਦੇ ਨੇ ਉਹ ਬੱਚਿਆਂ ਦਾ ਟੂਣਾ ਉਤਾਰਦੀ ਏ। ਕੌਹੜ, ਮਿਰਗੀ ਤੇ ਮਰੀਜ਼ਾਂ ਨੂੰ ਛੂਹ ਦੇਵੇ। ਉਹ ਠੀਕ ਹੋ ਜਾਂਦੇ ਨੇ। ਅੱਧੀ ਰਾਤ ਵੇਲੇ ਉਸ਼ ਦੇ ਮੜ੍ਹੀਆਂ ਵਿੱਚ ਜਾਣ ਬਾਰੇ ਵੀ ਸੁਣਿਆ ਏ।"

"ਇਕ ਬੇਨਤੀ ਹੋਰ, ਮੈਨੂੰ ਅੱਜ ਦੀ ਛੁੱਟੀ ਦੇ ਦਿਉ।"

"ਤੁਹਾਡਾ ਫਿਸ਼ਚੁਲਾ ਤਾਂ ਵਧਿਆ ਨਹੀਂ।"

"ਫਿਸ਼ਚੁਲਾ ਦੀ ਗੱਲ ਨਹੀਂ। ਮੈਂ ਇਕ ਸੌ ਬਾਰਾਂ ਸਾਲ ਦੀ ਬੁੱਢੀ ਨੂੰ ਮਿਲਣਾ ਏਂ, ਜੋ ਨਦੀ ਕੰਢੇ ਕਹਿੰਦੀ ਏ ਤੇ ਜਿਸ ਦੇ ਦੰਦ ਅਜੇ ਸਾਬਤ ਨੇ।"

ਉਹ ਬੁੱਢੀ ਨੂੰ ਮਿਲਣ ਜਾ ਰਿਹਾ ਸੀ। ਤਦੇ ਅਚਾਨਕ ਕਈ ਦਿਨਾਂ ਮਗਰੋਂ ਲੜਕੀ ਟੱਕਰ ਗਈ। ਦੋਵੇਂ ਇਕ ਦੂਜੇ ਦੇ ਐਨ ਸਾਹਮਣੇ ਆ ਗਏ।

"ਕਿੱਥੇ ਜਾ ਰਹੇ ਹੋ ਤੁਸੀਂ ਐਨੀ ਤੇਜ਼-ਤੇਜ਼ ?" ਲੜਕੀ ਬੋਲੀ।

"ਮੈਂ ਇਕ ਸੌ ਬਾਰਾਂ ਸਾਲ ਦੀ ਬੁੱਢੀ ਨੂੰ ਮਿਲਣ ਜਾਂ ਰਿਹਾ।"

"ਹੁਣ ਬੁੱਢੀ ਨੂੰ ਹੀ ਮਿਲਣਾ ਰਹਿ ਗਿਆ ਏ ?"

"ਮੈਂ ਤੇਰੀ ਇਸ ਗੱਲ ਦਾ ਜਵਾਬ ਜ਼ਰੂਰ ਦਿੰਦਾ, ਪਰ ਹੁਣ ਜ਼ਰਾ ਛੇਤੀ ਵਿੱਚ ਹਾਂ।"

"ਹੋਰ ਤੁਹਾਡੀ ਤਬੀਅਤ ਕਿਵੇਂ ?" ਲੜਕੀ ਗਲਤ ਸਵਾਲ ਕਰ ਬੈਠੀ।

"ਅਪ੍ਰੇਸ਼ਨ ਮਗਰੋਂ ਫਿਸ਼ਚੁਲਾ ਫਿਰ ਨਿਕਲ ਆਇਆ ਏ।" ਉਹ ਮੁਸਕਰਾਇਆ, "ਇਹ ਤਾਂ ਤੈਨੂੰ ਪਤਾ ਹੀ ਹੋਵੇਗਾ ਕਿ ਇਸ ਹਿੰਦੀ ਵਿੱਚ ਭਗੰਦਰ ਕਹਿੰਦੇ ਨੇ ਤੇ ਇਹ ਗਦਾ ਰੋਗ ਏ......।"

ਲੜਕੀ ਸ਼ਰਮ ਨਾਲ ਪਸੀਨੋਂ ਪਸੀਨੀਂ ਹੋ ਗਈ।

"ਤਬੀਅਤ ਬਾਰੇ ਪੁੱਛਣ ਲਈ ਧੰਨਵਾਦ।" ਉਹ ਇਕ ਸੌ ਬਾਰਾਂ ਸਾਲਾਂ ਬੁੱਢੀ ਨੂੰ ਮਿਲਣ ਅੱਗੇ ਵੱਧ ਗਿਆ ਜੋ ਨਦੀ ਕੰਢੇ ਰਹਿੰਦੀ ਸੀ ਤੇ ਜਿਸ ਦੇ ਸਾਰੇ ਦੰਦ ਸਾਬਤ ਹਨ।

ਬੁੱਢੀ ਨਦੀ ਕੰਢੇ ਰਹਿੰਦੀ ਸੀ ਤੇ ਸੱਚਮੁਚ ਉਸਦੇ ਦੰਦ ਅਜੇ ਤੀਕ ਨਹੀਂ ਸਨ ਟੁੱਟੇ। ਸਭ ਤੋਂ ਵੱਡੀ ਗੱਲ ਉਸ ਦੇ ਹੱਥਾਂ 'ਚ ਤਾਕਤ ਤੇ ਅੱਖਾਂ 'ਚ ਰੌਸ਼ਨੀ ਸੀ। ਉਹ ਪੀੜ੍ਹੇ 'ਤੇ ਬੈਠੀ ਕਿਸੇ ਕੁੜੀ ਤੋਂ ਆਪਣੀ ਪਿੱਠ 'ਤੇ ਖਾਜ ਕਰਵਾ ਰਹੀ ਸੀ। ਕੁਝ ਕੋਹੜੀ ਤੇ ਮਿਰਗੀ ਦੇ ਮਰੀਜ਼ ਕਮਰੇ 'ਚ ਬੈਠੇ ਬੁੱਢੀ ਵੱਲ ਝਾਕ ਰਹੇ ਸਨ। ਕੁਝ ਬੱਚੇ ਵੀ ਮਾਪਿਆ ਨਾਲ ਆਏ ਹੋਏ ਸਨ। ਸਾਰੇ ਬੁੱਢੀ ਨੂੰ ਬੁੱਢੀ ਜੀ ਕਹਿ ਰਹੇ ਸਨ। ਦਰਅਸਲ ਬੁੱਢੀ ਨੂੰ 'ਬੁੱਢੀ ਜੀ' ਕਹਾ ਕੇ ਖ਼ੁਸ਼ੀ ਮਿਲ ਦੀ ਸੀ।

ਪਿੱਠ 'ਤੇ ਖਾਜ ਕਰਵਾ ਕੇ ਬੁੱਢੀ ਨੇ ਪਾਣੀ ਪੀਤਾ। ਫਿਰ ਉਹ ਗੁਣਗੁਣਾਉਣ ਲੱਗ ਪਈ। ਕਿਸੇ ਪੁਰਾਣੇ ਲੋਕਗੀਤ ਦੀ ਧੁਨ ਸੀ। ਪ੍ਰਮੋਦ ਵਰਮਾ ਝੁਕ ਕੇ ਬੋਲਿਆ, "ਬੁੱਢੀ ਜੀ ਨਮਸਕਾਰ।"

ਬੁੱਢੀ ਨਫ਼ਰਤ ਨਾਲ ਬੋਲੀ, "ਚੱਲ, ਚੱਲ ਅਹੁ ਖੂੰਜੇ 'ਚ ਬਹਿਜਾ।"

ਥੋੜ੍ਹੀ ਦੇਰ ਮਗਰੋਂ ਉਹ ਪੀੜ੍ਹੇ ਤੋਂ ਉੱਠੀ। ਕਮਰ ਕਮਾਨ ਵਾਂਘ ਝੁਕੀ ਹੋਈ ਸੀ। ਉਹ ਇਕੱਲੇ-ਇਕੱਲੇ ਕੋਲ ਜਾ ਰਹੀ ਸੀ। ਹਰੇਕ ਦ ਸਿਰ ਸਹਿਾ ਰਹੀ ਸੀ। ਉਸ ਦੇ ਛੂਹਣ ਮਗਰੋਂ ਲੱਕ ਬਾਹਰ ਨਿਕਲ ਰਹੇ ਸਨ। ਉਹ ਇਕੱਲਾ ਰਹਿ ਗਿਆ। ਬੱਢੀ ਉਸ ਕੋਲ ਆ ਕੇ ਬੋਲੀ, "ਤੈਨੂੰ ਕੋਹੜ ਦੇ ਕਿ ਮਿਰਗੀ ?"



ਪ੍ਰਮੋਦ ਵਰਮਾ ਘਬਰਾ ਗਿਆ, "ਮੈਨੂੰ ਨਾ ਕੋਹੜ ਏ ਨਾ ਮਿਰਗੀ। ਮੈਨੂੰ ਫਿਸ਼ਚੁਲਾ ਏ ਪਰ ਮੈਂ ਇੱਥੇ ਇਲਾਜ ਕਰਵਾਉਣ ਲਈ ਨਹੀਂ, ਸਗੋਂ ਕੁਝ ਪੁੱਛਣ ਆਇਆ।"

ਉਹ ਕਮਰ 'ਤੇ ਹੱਥ ਰੱਖ ਸਿਰ ਹਿਲਾਉਣ ਲੱਗੀ। ਫਿਰ ਪੀੜ੍ਹੇ 'ਤੇ ਜਾ ਬੈਠੀ ਤੇ ਹਫ਼ ਗਈ। ਥੋੜ੍ਹੀ ਦੇਰ ਮਗਰੋਂ ਬੋਲੀ, "ਬੋਲ, ਕੀ ਪੁੱਛਣਾ ਏ ?"

"ਬੁੱਢੀ ਜੀ, ਮੈਂ ਸੁਖੀ ਨਹੀਂ ਹਾਂ। ਕਿਸੇ ਚੀਜ਼ ਵਿੱਚ ਮਨ ਨਹੀਂ ਲੱਗਦਾ। ਭਟਕਦਾ ਰਹਿੰਦਾ ਏ ਮਨ। ਹਮੇਸ਼ਾ ਖਾਲੀ-ਖਾਲੀ ਮਹਿਸੂਸ ਕਰਦਾ। ਉਦਾਸ ਰਹਿੰਦਾ। ਬੱਢੀ ਜੀ, ਮੈਂ ਬਹੁਤ ਪ੍ਰੇਸ਼ਾਨ ਹਾਂ। ਕਈ ਮਹੀਨਿਆਂ ਤੋਂ ਸੁੱਖ ਦੀ ਭਾਲ ਵਿੱਚ ਹਾਂ। ਥਾਂ-ਥਾਂ ਤੇ ਲੱਭ ਚੁੱਕਾ, ਪਰ ਉਹ ਮਿਲ ਨਹੀਂ ਰਿਹਾ। ਬੁੱਢੀ ਜੀ, ਦੱਸੋ ਮੈਂ ਸੁਖੀ ਕਿਵੇਂ ਹੋਵਾਂਗਾ ?"

ਬੁੱਢੀ ਕਾਫ਼ੀ ਦੇਰ ਸੋਚਦੀ ਰਹੀ। ਸੋਚਦੀ ਰਹੀ ਤੇ ਅੱਖਾਂ ਮਲਦੀ ਰਹੀ। ਅਚਾਨਕ ਤਪ ਕੇ ਖੜ੍ਹੀ ਹੋ ਗਈ, "ਹੂੰ......ਆਇਆ ਏ ਸੁਖੀ ਹੋਣ। ਬੋਲ ਬੇਵਕੂਫ, ਤੂੰ ਕਦੀ ਦੁਖੀ ਹੋਇਆ ਏ ? ਬੋਲ, ਕਦੀ ਸੱਚੇ ਮਨ ਤੋਂ ਦੁਖੀ ਹੋਇਆ ਏ ?"

ਪ੍ਰਮੋ ਵਰਮਾ ਨੂੰ ਲੱਗਾ ਜਿਵੇਂ ਬੇਹੋਂਸ਼ ਹੋ ਜਾਵੇਗਾ। ਹੱਥਾਂ 'ਚ ਸਿਰ ਫੜ ਕੇ ਬੈਠ ਗਿਆ।

"ਮੈਂ ਅੱਜ ਤੀਕ ਦੁਖੀ ਨਹੀਂ ਹੋਇਆ।" ਉਹ ਪਸੀਨੇ-ਪਸੀਨੀ ਹੋਇਆ ਹਲਕਾ-ਹਲਕਾ ਕੰਬਣ ਲੱਗਾ।

"ਦੁੱਖ ਦਾ ਮਤਲਬ ਜਾਣਦਾ ਏ, ਮੂਰਖਾ (ਪੋੜਾ, ਫਿਨਸੀ, ਬੁਖਾਰ ਜਾਂ ਬੀਵੀ ਬੱਚਿਆ ਨੂੰ ਡਾਂਟਣ ਨਾਲ ਹੋਣ ਵਾਲਾ ਦੁੱਖ, ਦੁੱਖ ਨਹੀਂ। ਹਮੇਸ਼ਾ ਚੌਵੀਂ ਘੰਟੇ ਦਾ ਦੁੱਖ। ਸਦਾ ਆਤਮਾ ਨੂੰ ਮੰਧਲਦੇ ਰਹਿਣ ਵਾਲਾ ਦੁੱਖ। ਸੁਖ ਨੂੰ ਖੋਜੇਂਗਾ, ਆਪਣੀ ਆਪ ਨੂੰ ਧੋਖਾ ਦੇਵੇਂਗਾ। ਦੁਖੀ ਬਣ।"

ਉਹ ਬਾਹਰ ਆਇਆ। ਮੋਹਲੇਧਾਰ ਬਾਰਸ਼ ਹੋ ਰਹੀ ਸ। ਬੱਦਲ ਬਿਜਲੀ ਦੀ ਚਮਕ ਨਾਲ ਗਰਜ ਰਹੇ ਸਨ। ਤੇਜ਼ ਹਵਾ ਸੀ। ਪੇੜ ਪੌਦੇ ਪਰੇ ਜੋਸ਼ ਨਾਲ ਝੂੰਮ ਰਹੇ ਸਨ। ਉਹ ਭਿੱਜਦਾ ਹੋਇਆ ਚੱਲ ਪਿਆ।

ਉਹ ਛੇਤੀ ਤੋਂ ਛੂਤੀ ਦੁਖੀ ਹੋਣ ਦੀ ਕੋਸ਼ਿਸ਼ ਕਰ ਰਿਹਾ ਸੀ। ਉਹ ਗਰੀਬਾਂ ਦੀ ਬਸਤੀ ਵਿੱਚ ਗਿਆ, ਹਸਪਤਾਲ, ਅਨਾਥ ਆਸ਼ਰਮ ਗਿਆ। ਫਿਰ ਵਿਧਵਾ ਆਸ਼ਰਮ ਵੀ ਹੋ ਆਇਆ। ਪਥਰੀਲੀ ਜ਼ਮੀਨ ਵਾਲੇ ਇਲਾਕੇ ਵਿਚ ਕਾਲ ਪੈਣ ਕਰਕੇ ਹਾਹਾਕਾਰ ਮਚੀ ਹੋਈ ਸੀ। ਸਾਰੇ ਪਾਸੇ ਦੁੱਖ ਹੀ ਦੁੱਖ ਸੀ। ਮਹਿੰਗਾਈ, ਦੰਗੇ, ਬੇਟੇ ਦੀ ਨੌਂਕਰੀ, ਬੇਟੀ ਦੇ ਵਿਆਹ ਆਦਿ ਦੇ ਜਾਲ ਵਿੱਚ ਫਸੇ ਲੋਕਾਂ ਦਾ ਉਹ ਬੜੇ ਗੌਰ ਨਾਲ ਮੁਆਇਨਾ ਕਰ ਰਿਹਾ ਸੀ। ਪਰ ਉਹ ਹੈਰਾਨ ਸੀ ਕਿ ਉਸ ਨੂੰ ਕੁਝ ਹੁੰਦਾ ਹੀ ਨਹੀਂ ਸੀ। ਉਹ ਆਪਣੀਆਂ ਹੀ ਨਜ਼ਰਾਂ 'ਚ ਡਿਗਣ ਲੱਗਾ। ਇਸੇ ਦੌਰਾਨ ਉਸ ਨੂੰ ਬੁਖਾਰ ਨੇ ਦਬੋਚ ਲਿਆ।

ਬੁਖਾਰ ਕਰਕੇ ਉਸ ਦਾ ਸਰੀਰ ਤਪ ਰਿਹਾ ਸੀ। ਰਾਤ ਨੂੰ ਕਈ ਛਿੱਕਾਂ ਆਈਆਂ ਤੇ ਉਸਦੇ ਨੱਕ ਜਲੂਣ ਹੋਣ ਲੱਗ ਪਈ। ਥੋੜ੍ਹੇ ਚਿਰ ਮਗਰੋਂ ਤਾਂ ਉਹ ਬੁਖਾਰ ਦੇ ਜ਼ੋਰ ਨਾਲ ਬੱਠੀ ਹੀ ਬਣ ਗਿਆ।

ਸਰੋਜ ਵਰਮਾ ਉਜਲੀ ਨੂੰ ਨਾਲ ਲੈ ਕੇ ਦਵਾਈ ਲੈਣ ਗਈ। ਉਹ ਕੰਬਣ ਲਈ ਪਿਆ ਸੀ। ਉਸ ਦੇ ਨੱਕ ਵਿੱਚ ਰੇਸ਼ੇ ਦਾ ਹੜ ਹੀ ਆ ਗਿਆ ਸੀ। ਉਹ ਕਈ ਵਾਰ ਉਠ ਕੇ ਨੱਕ ਸਾਫ ਕਰ ਚੁੱਕਾ ਸੀ। ਉਹ ਸਿੱਧਾ ਪੈਂਦਾ ਉਸ ਦੇ ਅੰਦਰ ਵੀ ਰੇਸ਼ਾ ਡਿੱਗਣ ਲੱਗਦਾ। ਉਹ ਇਕੱਲਾ ਮਹਿਸੂਸ ਕਰ ਰਿਹਾ ਸੀ। ਉਸਦੀਆਂ ਪਲਕਾਂ ਭਾਰੀ ਹੋ ਗਈਆਂ. ਉਹ ਬੁੜ ਬੁੜਾਇਆ, "ਮੈਂ ਕਦੀ ਦੁੱਖੀ ਨਹੀਂ ਹੋ ਸਕਾਂਗਾ, ਨਾ ਹੀ ਸੁਖੀ।" ਉਸਨੇ ਸੋਚਿਆ, "ਕਿੰਨੇ ਸਾਲ ਹੋ ਗਏ ਹੋਣਗੇ, ਮੈਂ ਕਦੀ ਪਸਚਾਤਾਪ ਨਹੀਂ ਕੀਤਾ।" ਉਹ ਨੀਂਦ ਤੇ ਜਾਗਣ ਦੀ ਸਥਿਤੀ ਵਿਚਕਾਰ ਸੀ। ਉਹ ਸੁਪਨੇ 'ਤੇ ਸੱਚ ਦੇ ਵਿਚਾਲੇ ਲਟਕਿਆ ਹੋਇਆ ਸੀ। ਧੁੰਦਲਾ-ਧੁੰਦਲਾ ਸੋਚ ਰਿਹਾ ਸੀ, "ਮੇਰੇ ਕੋਲ ਹੰਝੂ ਵੀ ਨਹੀਂ ਰਹੇ। ਬਚਪਨ ਤੋਂ ਬਾਅਦ ਮੈਂ ਰੋਇਆ ਹੀ ਨਹੀਂ।" ਉਹ ਸੋਚ ਰਿਹਾ ਸੀ, "ਕਿਹੋ ਜਿਹਾ ਜ਼ਮਾਨਾ ਆ ਗਿਆ ਏ। ਲੋਕ ਨਾ ਰੋਂਦੇ ਨੇ, ਾ ਪਸ਼ਚਾਤਾਪ ਕਰਦੇ ਨੇ।"

ਸਰੋਜ ਵਰਮਾ ਦਵਾਈ ਲੈ ਕੇ ਆ ਗਈ। ਰਸਤੇ ਵਿੱਚ ਰਸਾਲੇ ਵਿੱਚ ਦਫ਼ਤਰ ਨੂੰ ਪਤੀ ਦੀ ਛੁੱਟੀ ਲਈ ਫੋਨ ਕਰ ਦਿੱਤਾ ਸੀ। ਉਸਨੇ ਪਤੀ ਨੂੰ ਦਵਾਈ ਦਿੱਤੀ। ਦੇਰ ਤੱਕ ਪਿਆ ਰਹਿਣ ਕਰਕੇ ਉਹ ਤੰਗ ਆ ਗਿਆ ਸੀ। ਉਠ ਕੇ ਬਿਸਤਰੇ 'ਤੇ ਬੈਠ ਗਿਆ।

ਸਰੋਜ ਵਰਮਾ ਨੇ ਸੁਝਾਅ ਦਿੱਤਾ, "ਇਸ ਤਰ੍ਹਾਂ ਦਾ ਬੈਠੋ। ਫਿਸ਼ਚੁਲਾ ਦਰਦ ਕਰਨ ਲੱਗੇਗਾ।"

ਉਹ ਉਵੇਂ ਬੈਠਾ ਰਿਹਾ। ਪਤੀ ਨਹੀਂ ਕੀ ਸੋਚਦਾ ਰਿਹਾ। ਫਿਰ ਰੋਣਹਾਰਾ ਹੋ ਕੇ ਬੋਲਿਆ, "ਸਰੋਜ-ਸਰੋਜ ਮੈਂ ਕੀ ਕਰਾਂ। ਮੈਨੂੰ ਕੁਛ ਵੀ ਚੰਗਾ ਨਹੀਂ ਲੱਗਦਾ। ਕੁਛ ਵੀ ਸੁੰਦਰ ਨਹੀਂ ਲੱਗਦਾ।"

ਸਰੋਜ ਵਰਮਾ ਨੇ ਉਸ ਦੇ ਗਲੇ ਵਿੱਚ ਬਾਹਾਂ ਪਾ ਦਿੱਤੀਆਂ। ਪ੍ਰਮੋਦ ਵਰਮਾ ਦਾ ਸਿਰ ਕਿਸੇ ਛੋਟੇ ਬੱਚੇ ਵਾਂਗ ਆਪਣੀ ਛਾਤੀ ਨਾਲ ਘੁੱਟ ਲਿਆ ਤੇ ਬੋਲੀ, "ਤੁਹਾਨੂੰ ਕੀ ਹੁੰਦਾ ਜਾਂ ਰਿਹਾ ਏ.....ਕੀ ਹੁੰਦਾ ਜਾ ਰਿਹਾ ਏ। ਮੈਂ ਕਹਿੰਦੀ ਹਾਂ, ਤੁਹਾਨੂੰ ਮੇਰੀ ਉਜਲੀ ਦੀ ਵੀ ਰੱਤੀ ਭਰ ਪ੍ਰਵਾਹ ਨਹੀਂ।"

ਉਜਲੀ ਆਪਣੀ ਨਾਂ ਸੁਣ ਕੇ ਉਤੇਜਿਤ ਹੋ ਗਈ ਤੇ ਬੋਲੀ, "ਪਾਪਾ....ਪਾਪਾ ਤੁਸੀਂ ਕਦੋਂ ਦੁਖੀ ਹੋਵੋਂਗੇ ?"

"ਕਦੀ ਨਹੀਂ ਬੇਟੀ।"

"ਐਨਾ ਨਾ ਬੋਲੋ।" ਸਰੋਜ ਵਰਮਾ ਨੇ ਭਾਰਤੀ ਨਾਰੀ ਵਾਂਗ ਉਸਦਾ ਧੀਰਜ ਬੰਨ੍ਹਾਉਂਦੇ ਹੋਏ ਕਿਹਾ। "ਤੁਸੀਂ ਚਿੰਤਾ ਨਾ ਕਰੋ। ਤੁਸੀਂ ਇਕ ਦਿਨ ਜ਼ਰੂਰ ਦੁਖੀ ਹੋਵੋਗੇ। ਰੱਬ ਦੇ ਘਰ 'ਚ ਦੇਰ ਏ, ਹਨੇਰ ਨਹੀਂ। ਉਹ ਤੁਹਾਨੂੰ ਜ਼ਰੂਰ ਦੁਖੀ ਬਣਾਵੇਗਾ। ਮੈਂ ਸੋਮਵਾਰ ਦਾ ਵਰਤ ਰੱਖਾਂਗੀ। ਸ਼ੰਕਰ ਜੀ ਤੋਂ ਮਨੌਤ ਮੰਗਾਂਗੀ ਕਿ ਉਹ ਤੁਹਾਨੂੰ ਜ਼ਰੂਰ ਦੁਖੀ ਬਣਾਉਣ।"

"ਕੋਈ ਫਾਇਦਾ ਨਹੀਂ। ਕਿਸੇ ਵੀ ਤਰ੍ਹਾਂ ਮੇਰਾ ਸੁਖੀ ਹੋਣਾ, ਯਾਨੀ ਕਿ ਦੁਖੀ ਹੋ ਸਕਣਾ, ਕਿਸੇ ਵੀ ਤਰ੍ਹਾਂ ਸੰਭਵ ਨਹੀਂ।" ਉਹ ਪਹਿਲਾਂ ਵਾਂਗ ਪੱਬਾਂ ਭਾਰ ਬੈਠ ਗਿਆ, "ਕਿਉਂਕਿ ਮੇਰੀ ਆਤਮਾ ਖੋ ਗਈ ਏ। ਮੈਨੂੰ ਇਹ ਵੀ ਪਤਾ ਨਹੀਂ ਕਿ ਉਹ ਕਿੱਥੇ ਖੋਈ। ਪਹਿਲਾਂ ਮੈਂ ਅਕਸਰ ਉਸ ਨੂੰ ਬਾਹਰ ਕੱਢ ਕੇ ਰੱਖ ਦਿਆ ਰਕਦਾ ਸਾਂ। ਇੰਜ ਹੀ ਉਹ ਕਿਧਰੇ ਖੋ ਗਈ। ਲੋਕ ਨਿਰਮਾਣ ਵਿਭਾਗ ਦੇ ਦਫ਼ਤਰ 'ਚ ਸੜਕ ਤੇ ਜਾਂ ਕਿਸੇ ਯਾਤਰ ਸਮੇਂ। ਪਤਾ ਨਹੀਂ ਕਿੱਥੇ ਮੈਂ ਉਸ ਨੂੰ ਆਪਣੇ ਤੋਂ ਅਲੱਗ ਰੱਖਿਆ। ਤੇ ਉਹ ਖੋ ਗਈ....।"

ਉਸ ਦੀਆਂ ਅੱਖਾਂ ਸਾਹਮਣੇ ਹਨੇਰਾ ਛਾ ਰਿਹਾ ਸੀ। ਸਭ ਕੁਝ ਡੁੱਬਦਾ-ਡੁੱਬਦਾ ਲੱਗ ਰਿਹਾ ਸੀ। ਅਚਾਨਕ ਉਸਦੇ ਫਿਸ਼ਚੁਲਾ ਵਿਚ ਬੜੀ ਜ਼ੋਰ ਦਾ ਦਰਦ ਉਠਿਆ। ਇਸ ਤੋਂ ਪਹਿਲਾਂ ਕਿ ਉਹ ਸੰਭਲ ਪਾਉਂਦਾ, ਉਸ ਨੂੰ ਉਲਟੀ ਆਉਣ ਲੱਗੀ। ਉਹ ਓ.ਓ......ਕਰਕੇ ਉਠਿਆ। ਦੌੜ ਕੇ ਵਾਸ਼ ਬੇਸਨ 'ਤੇ ਗਿਆ ਤੇ ਉਲਟੀ ਕਰਨ ਲੱਗਾ, ਦਰਗੰਧ ਨਾਲ ਭਰੀ ਉਲਟੀ...........।

**-ਅਨੁ : ਗੁਰਦਿਆਲ ਦਲਾਲ**



## ਬ੍ਰਹਮਹੱਤਿਆ/ਸ਼ਸ਼ੀਭੂਸ਼ਣ ਦਿਵੇਦੀ

ਮੈਂ ਇਕ ਡੂੰਘੇ ਅੰਤਰ-ਦਵੰਧ ਵਿੱਚ ਹਾਂ। ਇਸ ਅੰਤਰ-ਦਵੰਧ ਦਾ ਕਾਰਣ ਕੁਝ ਹੋਰ ਨਹੀਂ ਮੇਰਾ ਇਕ ਸੁਪਨਾ ਹੈ, ਜਿਹੜਾ ਕੁਝ ਦਿਨਾਂ ਤੋਂ ਲਗਾਤਾਰ ਮੇਰੀ ਨੀਂਦ ਹਰਾਮ ਕਰ ਰਿਹਾ ਹੈ। ਸਵੇਰੇ ਉੱਠਦਾ ਹਾਂ ਤਾਂ ਲੱਗਦਾ ਹੈ, ਜਿਵੇਂ ਸਰੀਰ ਵਿੱਚ ਜਾਨ ਹੀ ਨਾ ਰਹੀ ਹੋਵੇ। ਹੱਥ ਪੈਰ ਕੰਬਣ ਲੱਗਦੇ ਹਨ। ਨਾੜੀ ਤੰਤਰ ਸੁਸਤ ਪੈ ਜਾਂਦਾ ਹੈ। ਕੁਝ ਵੀ ਯਾਦ ਨਹੀਂ ਰਹਿੰਦਾ। ਛੋਟੀਆਂ-ਛੋਟੀਆਂ ਗੱਲਾਂ ਤੱਕ ਭੁੱਲ ਜਾਂਦਾ ਹਾਂ। ਭੁੱਖ ਮਰੀ ਪਈ ਹੈ। ਸਿਰ ਹਮੇਸ਼ਾ ਫੱਟਦਾ ਹੈ। ਇਉਂ ਲੱਗਦਾ ਹੈ ਜਿਵੇਂ ਕੋਈ ਭਾਰ ਬੋਝ ਮੇਰੇ ਸਿਰ 'ਤੇ ਆ ਪਿਆ ਹੋਵੇ ਤੇ ਮੈਂ ਇਸ ਬੋਝ ਹੇਠ ਦੱਬ ਕੇ ਮਰਨ ਵਾਲਾ ਹੋਵਾਂ।

ਸੁਪਨਾ ਆਉਂਦਾ ਹੈ ਤਾਂ ਡਰ ਲੱਗਦਾ ਹੈ। ਨਹੀਂ ਆਉਂਦਾ ਤਾਂ ਡਰ ਹੋਰ ਵੀ ਵੱਧ ਜਾਂਦਾ ਹੈ। ਸੋਚਦਾ ਹਾਂ, ਰੱਬ ਨਾ ਕਰੇ, ਜੇ ਮੈਂ ਸੁਪਨੇ ਦੀ ਗੱਲ ਸੱਚੀ ਹੋ ਗਈ ਤਾਂ ਕੀ ਬਣੇਗਾ। ਜੇਠ ਹਾੜ੍ਹ ਦੀ ਤਪਦੀ ਦੁਪਹਿਰ ਵਿੱਚ ਵੀ ਇਹ ਸੋਚ ਕੇ ਕਾਂਬਾ ਛਿੜਨ ਲੱਗਦਾ ਹੈ। ਤੰਤਰ-ਮੰਤਰ, ਵਰਤ ਬਗੈਰਾ ਸਭ ਕਰ ਕੇ ਦੇਖ ਲਏ, ਪਰ ਕੋਈ ਹੱਲ ਨਹੀਂ ਨਿਕਲ ਰਿਹਾ।

ਸੁਪਨਾ ਜਦੋਂ ਆਉਂਦਾ ਹੈ, ਮੈਂ ਕਿਸੇ ਹੋਰ ਹੀ ਦੁਨੀਆਂ ਵਿੱਚ ਅੱਪੜ ਜਾਂਦਾ ਹਾਂ, ਜਿੱਥੇ ਕੋਈ ਜ਼ਮੀਨ ਹੀ ਨਹੀਂ ਹੁੰਦੀ। ਬੱਸ ਬੱਦਲ ਹੁੰਦੇ ਹਨ ਤੇ ਬੱਦਲਾਂ ਵਿੱਚ ਤੈਰ ਰਹੀਆਂ ਮ੍ਰਿਤਕ ਰੂਹਾਂ। ਮ੍ਰਿਤਕ ਰੂਹਾਂ ਵਿੱਚ ਜਾਣੇ-ਪਛਾਣੇ ਧੁਆਂਖੇ ਜਿਹੇ ਚਿਹਰੇ ਆਪਸ ਵਿੱਚ ਰਲਗੱਡ ਹੋਏ ਹੁੰਦੇ ਹਨ। ਕੁਝ ਇਤਿਹਾਸਕ ਲੋਕ ਵੀ, ਜਿਨ੍ਹਾਂ ਦੇ ਕਿੱਸੇ ਕਹਾਣੀਆਂ ਅਕਸਰ ਇਤਿਹਾਸ ਦੀਆਂ ਕਿਤਾਬਾਂ ਵਿੱਚ ਪੜ੍ਹਦੇ ਹੁੰਦੇ ਸੀ ਜਾਂ ਜਿਨ੍ਹਾਂ ਦੇ ਚਿੱਤਰ ਦੇਖ ਕੇ ਛਾਤੀ ਮਾਣ ਨਾਲ ਫੁੱਲ ਜਾਇਆ ਕਰਦੀ ਸੀ। ਉਹ ਸਭ ਜੋ ਕਲਪਨਾ ਵਿੱਚ ਹੋਣ, ਭਾਵੇਂ ਨਾ ਹੋਣ, ਅਚਾਨਕ ਸੁਪਨਿਆਂ ਵਿੱਚ ਤੈਰਦੇ ਦਿਖਾਈ ਦਿੰਦੇ ਹਨ।

ਸੁਪਨੇ ਵਿੱਚ, ਜਿੱਥੇ ਕੋਈ ਜ਼ਮੀਨ ਨਹੀਂ ਹੁੰਦੀ, ਜੱਜ ਆਪਣੀ ਗੰਭੀਰ ਆਵਾਜ਼ ਵਿੱਚ ਸਾਰਿਆਂ ਦੇ ਕਰਮਾਂ ਦਾ ਲੇਖਾ-ਜੋਖਾ ਸੁਣਾ ਰਹੇ ਹੁੰਦੇ ਹਨ। ਕਿਸੇ ਨੇ ਕਿੰਨੇ ਪਾਪ ਕੀਤੇ, ਕਿੰਨੇ ਪੁੰਨ ? ਹਰ ਪਲ ਦਾ ਹਿਸਾਬ ਹੁੰਦਾ ਹੈ। ਮ੍ਰਿਤਕ ਰੂਹਾਂ ਰੋ ਰਹੀਆਂ, ਹਾੜ੍ਹ ਕੱਢ ਰਹੀਆਂ ਹੁੰਦੀਆਂ ਹਨ। ਬੜਾ ਭਿਆਨਕ ਦ੍ਰਿਸ਼ ਹੁੰਦਾ ਹੈ। ਇਕ ਪਾਸੇ ਲੋਕਾਂ ਦੇ ਸਰੀਰ ਤੋਂ ਚਮੜੀ ਉਧੇੜੀ ਜਾ ਰਹੀ ਹੁੰਦੀ ਹੈ ਤੇ ਦੂਜੇ ਪਾਸੇ ਤੇਲ ਦੇ ਉੱਬਲਦੇ ਕੜਾਹਿਆਂ ਵਿੱਚ ਲੋਕਾਂ ਨੂੰ ਚੁੱਕ-ਚੁੱਕ ਸੁੱਟਿਆ ਜਾ ਰਿਹਾ ਹੁੰਦਾ ਹੈ। ਲੋਕ ਚੀਕ-ਚਿਹਾੜ ਰਹੇ ਹੁੰਦੇ ਹਨ। ਮੈਂ ਇਹ ਸਭ ਕੁਝ ਦੇ ਦੇਖ ਕੇ ਕੰਬ ਜਾਂਦਾ ਹਾਂ। ਅਚਾਨਕ ਇਕ ਡਰਾਉਣਾ ਪ੍ਰਛਾਵਾਂ ਹੱਥਾਂ ਵਿੱਚ ਲਾਲ ਤਪਦੇ ਸਰੀਏ ਚੁੱਕੀ ਮੇਰੇ ਵੱਲ ਵੱਧਦਾ ਹੈ। ਮੈਂ ਦੌੜਨ ਲੱਗਦਾ ਹਾਂ ਤਾਂ ਚਾਰ ਪੰਜ ਹੱਟੇ-ਕੱਟੇ ਪ੍ਰਛਾਵੇਂ ਮੈਨੂੰ ਫੜ ਲੈਂਦੇ ਹਨ। ਜੱਜ ਕਹਿ ਰਿਹਾ ਹੁੰਦਾ ਹੈ ਕਿ ਮੈਂ ਬਹੁਤ ਘੋਰ ਪਾਪ ਕਰਨ ਕਰਕੇ ਬ੍ਰਹਮਹੱਤਿਆ ਦਾ ਦੋਸ਼ੀ ਹਾਂ।

ਮੇਰਾ ਅਪਰਾਧ ਸਿੱਧ ਹੋ ਜਾਂਦਾ ਹੈ। ਇਕ ਝੋਟੇ 'ਤੇ ਬੈਠਾ ਧਰਮ ਰਾਜ ਮੈਨੂੰ ਮੇਰੀ ਸਜ਼ਾ ਸੁਣਾਉਂਦਾ ਹੈ ਤੇ ਮਹਾਰਾਜ ਚਿੱਤਰਗੁਪਤ ਇਕ ਵਿਅੰਗਮਈ ਮੁਸਕਰਾਹਟ ਨਾਲ ਆਪਣਾ ਵਹੀਖਾਤਾ ਬੰਦ ਕਰ ਦਿੰਦਾ ਹੈ। ਹੱਥ ਵਿੱਚ ਤਪਦੇ ਸਰੀਏ ਚੁੱਕੀ ਇਕ ਡਰਾਉਣਾ ਪ੍ਰਛਾਵਾਂ ਮੇਰੇ ਨੇੜੇ ਆ ਜਾਂਦਾ ਹੈ। ਗਰਮ ਤਪੇ ਹੋਏ ਸਰੀਏ ਮੇਰੀਆਂ ਅੱਖਾਂ ਵਿੱਚ ਖੋਭੇ ਜਾਂਦੇ ਹਨ। ਫਿਰ ਉਨ੍ਹਾਂ ਨਾਲ ਹੀ ਮੇਰੇ ਪੇਟ ਵਿੱਚ

ਇਕ ਵੱਡਾ ਸਾਰਾ ਮਘੋਰਾ ਕਰ ਦਿੱਤਾ ਜਾਂਦਾ ਹੈ। ਅੰਤੜੀਆਂ ਬਾਹਰ ਨਿਕਲਦੀਆਂ ਹਨ। ਗੁਰਦਿਆਂ 'ਚੋਂ ਖ਼ੂਨ ਚੋ ਰਿਹਾ ਹੁੰਦਾ ਹੈ। ਮੈਂ ਚੀਕਣ ਦੀ ਕੋਸ਼ਿਸ਼ ਕਰਦਾ ਹਾਂ, ਪਰ ਚੀਕਿਆ ਨਹੀਂ ਜਾਂਦਾ। ਜ਼ੁਬਾਨ ਤਾਲੂਏ ਨਾਲ ਚਿਪਕ ਜਾਂਦੀ ਹੈ। ਮੈਂ ਕੁਝ ਵੀ ਦੇਖ ਨਹੀਂ ਸਕਦਾ, ਬੋਲ ਨਹੀਂ ਸਕਦਾ। ਮੇਰੇ ਕੰਨਾਂ ਵਿੱਚ ਪਿੰਗਲਿਆ ਸਿੱਕਾ ਪਾ ਦਿੱਤਾ ਜਾਂਦਾ ਹੈ। ਹੁਣ ਮੈਂ ਕੁਝ ਸੁਣ ਵੀ ਨਹੀਂ ਸਕਦਾ। ਮੇਰਾ ਪੂਰਾ ਆਪਾ ਚੀਕ-ਚੀਕ ਕੇ ਵਿਰੋਧ ਕਰ ਰਿਹਾ ਹੁੰਦਾ ਹੈ। ਪਰ ਮੇਰਾ ਇਹ ਵਿਰੋਧ ਕਿਤੇ ਵੀ ਦਰਜ ਨਹੀਂ ਕੀਤਾ ਜਾਂਦਾ। ਮੈਂ ਇੱਕੋ ਵੇਲੇ ਅੰਨ੍ਹਾ, ਗੂਗਾ, ਬੋਲਾ ਬਣਾ ਦਿੱਤਾ ਜਾਂਦਾ ਹਾਂ।

ਤਦੇ ਇਕ ਅਕਾਸ਼ਬਾਣੀ ਹੁੰਦੀ ਹੈ, "ਤੂੰ ਬੁਰਾ ਦੇਖਿਆ, ਬੁਰਾ ਸੁਣਿਆ ਤੇ ਬੁਰਾ ਕੀਤਾ..........ਲੈ ਹੁਣ ਉਸ ਦਾ ਨਤੀਜਾ ਭੁਗਤ!"

ਇਹ ਸੁਪਨਾ ਮੇਰੇ ਲਈ ਰੋਜ਼ ਦਾ ਕਿੱਸਾ ਹੈ। ਇਕ ਮਾਨਸਕ ਰੋਗਾਂ ਦੇ ਡਾਕਟਰ ਤੋਂ ਰਾਇ ਲਈ ਤਾਂ ਉਹ ਕਹਿਣ ਲੱਗਾ ਕਿ ਮੇਰੇ ਅਚੇਤ ਮਨ ਵਿੱਚ ਕੋਈ ਅਪਰਾਧ ਬੋਧ ਹੈ, ਜੋ ਲਗਾਤਾਰ ਮੇਰੇ ਸੁਪਨਿਆਂ ਵਿੱਚ ਉਜਾਗਰ ਹੋ ਰਿਹਾ ਹੈ। ਉਸ ਦੀਆਂ ਗੱਲਾਂ ਤੋਂ ਮੈਨੂੰ ਡਰ ਲੱਗਦਾ ਹੈ। ਅਚੇਤ ਮਨ ਵਿੱਚ ਅਪਰਾਧ ਬੋਧ......ਕੀ ਸੱਚਮੁੱਚ? ਨਹੀਂ......ਇਹ ਨਹੀਂ ਹੋ ਸਕਦਾ। ਮੈਂ ਕਦੀ ਕਿਸੇ ਦਾ ਬੁਰਾ ਨਹੀਂ ਕੀਤਾ। ਇੱਥੋਂ ਤੱਕ ਕਿ ਕਦੀ ਕਿਸੇ ਦਾ ਬੁਰਾ ਚਿਤਵਿਆ ਵੀ ਨਹੀਂ।

ਕਦੀ-ਕਦੀ, ਬਿਨਾਂ ਸੋਚੇ ਹੀ ਬੜਾ ਕੁਝ ਹੋ ਜਾਂਦਾ ਹੈ, ਜਿਵੇਂ ਹੁਣ ਬਿਨਾਂ ਕੁਝ ਸੋਚਿਆਂ ਇਸ ਸਮੇਂ ਮੈਂ ਆਪਣੇ ਕੰਪਿਊਟਰ 'ਤੇ ਬੈਠਾ ਹਾਂ। ਪਾਸਵਰਡ ਪਾਉਂਦੇ ਹੀ ਕੰਪਿਊਟਰ ਵਿੱਚੋਂ ਪੀਂ-ਪੀਂ ਦੀ ਆਵਾਜ਼ ਆਉਂਦੀ ਹੈ। ਮੇਰੀ ਫਾਈਲ ਮੇਰੇ ਸਾਹਮਣੇ ਹੈ। ਬਟਨ ਦਬਾਉਂਦਿਆਂ ਹੀ ਮੇਰਾ ਬਾਇਓਡਾਟਾ ਆਉਂਦਾ ਹੈ। ਮੇਰਾ ਨਾਂ........ਮੇਰੀਆਂ ਪ੍ਰਾਪਤੀਆਂ ...ਕੱਦ-ਕਾਠ ਸਮੇਤ ਸਿਹਤ ਸੰਬੰਧੀ ਸਾਰੇ ਵੇਰਵੇ ਇਸ ਵਿੱਚ ਦਰਜ ਹਨ। ਇਕ-ਇਕ ਕਰਕੇ ਮੈਂ ਉਨ੍ਹਾਂ ਸਾਰਿਆਂ ਨੂੰ ਪੜ੍ਹਨਾ ਸ਼ੁਰੂ ਕਰਦਾ ਹਾਂ। ਮੈਨੂੰ ਇੰਜ ਲੱਗਦਾ ਹੈ, ਜਿਵੇਂ ਇਹ ਵੇਰਵੇ ਕਿਸੇ ਹੋਰ ਦੇ ਹੀ ਹੋਣ। ਇਨ੍ਹਾਂ ਸਾਰੇ ਆਂਕੜਿਆਂ ਵਿੱਚ ਮੈਂ ਕਿੱਥੇ ਹਾਂ? ਮੈਂ ਸੋਚਣ ਲੱਗਦਾ ਹਾਂ। ਕੁਝ ਵੀ ਯਾਦ ਨਹੀਂ ਆਉਂਦਾ। ਮੈਂ ਹਵਾ 'ਚ ਹੱਥ ਹਿਲਾਉਂਦਾ ਹਾਂ ਤੇ ਆਪਣੇ ਸਿਰ ਦਾ ਇਕ ਵਾਲ ਪੁੱਟਦਾ ਹਾਂ। ਜਿਸ ਸਮੇਂ ਮੈਂ ਆਪਣੇ ਸਿਰ ਦਾ ਵਾਲ ਪੁੱਟ ਰਿਹਾ ਸਾਂ, ਠੀਕ ਉਸੇ ਵੇਲੇ ਕੰਪਿਊਟਰ 'ਤੇ ਇਕ 'ਡਾਇਲਾਗ ਬਕਸ' ਆ ਗਿਆ, ਜੋ ਮੈਨੂੰ ਪੁੱਛਦਾ ਹੈ ਕਿ ਕੀ ਮੈਂ ਆਪਣੇ ਖਾਨਦਾਨ ਦੇ ਬਾਰੇ ਵਿੱਚ ਕੁਝ ਜਾਣਨਾ ਚਾਹੁੰਦਾ ਹਾਂ? ਮੈਂ ਨਾ ਚਾਹੁੰਦਿਆਂ ਹੋਇਆਂ ਵੀ 'ਯਸ' ਕਲਿੱਕ ਕਰ ਦਿੰਦਾ ਹਾਂ। ਸ਼ਾਇਦ ਮੇਰੇ ਸਿਰ ਤੋਂ ਪੁੱਟੇ ਵਾਲ ਤੇ ਮੇਰੇ ਖਾਨਦਾਨ ਵਿੱਚ ਕੋਈ ਅੰਦਰੂਨੀ ਤੇ ਗੂੜ੍ਹਾ ਸੰਬੰਧ ਹੋਵੇ.....ਕੀ ਪਤਾ! ਕੰਪਿਊਟਰ ਸਕਰੀਨ 'ਤੇ ਮੇਰਾ 'ਖਾਨਦਾਨੀ ਪੇੜ' ਉੱਭਰ ਆਇਆ। ਮੈਂ ਇਸ 'ਖਾਨਦਾਨੀ ਪੇੜ' ਨੂੰ ਪੜ੍ਹਦਾ ਹਾਂ। ਪੜ੍ਹਦਾ ਨਹੀਂ, ਸਗੋਂ ਦੇਖਦਾ ਹਾਂ। ਇਹ ਦੇਖਣਾ ਕੁਝ ਅਲੱਗ ਕਿਸਮ ਦਾ ਦੇਖਣਾ ਹੈ। ਜਿਵੇਂ ਇਤਿਹਾਸ ਵਿੱਚ ਸੁਲੇਮਾਨ ਦੀ ਤਲਵਾਰ ਨੂੰ ਦੇਖਣਾ ਜਾਂ ਨਿਆਖੋਲੀ ਵਿੱਚ ਗਾਂਧੀ ਦੀ ਲਾਠੀ ਨੂੰ ਦੇਖਣਾ। ਉਵੇਂ ਹੀ ਜਿਵੇਂ ਮੈਂ ਸੁਪਨੇ ਵਿੱਚ ਮ੍ਰਿਤਕ ਰੂਹਾਂ ਨੂੰ ਦੇਖਦਾ ਹਾਂ।

ਸੁਪਨੇ ਵਿੱਚ ਮ੍ਰਿਤਕ ਰੂਹਾਂ ਨੂੰ ਦੇਖਣਾ, ਕੀ ਸੁਲੇਮਾਨ ਦੀ ਤਲਵਾਰ ਨੂੰ ਜਾਂ ਗਾਂਧੀ ਦੀ ਲਾਠੀ ਨੂੰ ਦੇਖਣ ਵਰਗਾ ਹੁੰਦਾ ਹੈ? ਕੀ ਪਤਾ......ਇਸ ਸਮੇਂ ਤਾਂ ਮੈਂ ਇਕ ਖਸਤਾ ਹਾਲ ਘਰ ਦੇਖ ਰਿਹਾ ਹਾਂ, ਜਿਸ ਦੇ ਵਸੇਂਦੇ ਕਦੀ ਰੋਟੀ ਨੂੰ ਤਰਸਦੇ ਸਨ।

ਇਹ ਸੰਨ 40-45 ਦੇ ਨੇੜੇ-ਤੇੜੇ ਦੀ ਗੱਲ ਹੈ। ਕੰਪਿਊਟਰ ਦੀ ਇਬਾਰਤ ਦੱਸਦੀ ਹੈ ਕਿ ਉਸ ਸਮੇਂ ਹਿੰਦੋਸਤਾਨ ਦੀ ਅਬਾਦੀ ਵੀ ਚਾਲੀ ਪੰਜਾਹ ਕਰੋੜ ਦੇ ਲੱਗਭਗ ਸੀ। ਉਨ੍ਹਾਂ ਵਿੱਚ ਕਿੰਨੇ ਬ੍ਰਾਹਮਣ, ਕਿੰਨੇ ਖੱਤਰੀ, ਕਿੰਨੇ ਬਾਣੀਏ ਤੇ ਕਿੰਨੇ ਸ਼ੂਦਰ ਸਨ, ਇਹ ਕੰਪਿਊਟਰ ਨੂੰ ਠੀਕ-ਠੀਕ ਪਤਾ ਨਹੀਂ। ਕੰਪਿਊਟਰ ਕੋਲ ਤਾਂ ਉਸ ਸਮੇਂ ਦੇ ਇਤਿਹਾਸ ਦੀਆਂ ਕੁਝ ਵੇਰਵੇ-ਸਹਿਤ ਜਾਣਕਾਰੀਆਂ ਹਨ, ਜਿਵੇਂ ਹਿਟਲਰ ਤੇ ਗਾਂਧੀ ਦੇ ਕੱਦ-ਕਾਠ ਵਿੱਚ ਕਿੰਨਾ ਕੁ ਅੰਤਰ ਸੀ ਜਾਂ ਚਰਚਲ ਦੀ ਸਿਗਾਰ ਦਾ ਨਾਪ ਕੀ ਸੀ? ਦੂਜੇ ਸੰਸਾਰ ਯੁੱਧ 'ਤੇ ਪਹਿਲੇ ਰੂਜਵੈਲਟ ਦੀ ਪ੍ਰੇਸ਼ਾਨੀ ਤੇ ਉਸ ਦੇ ਨਿਊ ਡੀਲ ਪ੍ਰੋਗਰਾਮਾਂ ਦਾ ਵੀ ਇੱਥੇ ਜ਼ਿਕਰ ਹੈ। ਪਰ ਉਸ ਸਭ ਕਾਸੇ ਨਾਲ ਮੇਰੀ ਸਮੱਸਿਆ ਹੱਲ ਨਹੀਂ ਹੁੰਦੀ। ਇਸ ਨਾਲ ਵੀ



ਨਹੀਂ ਕਿ ਸੰਨ 1932 ਵਿੱਚ ਗਾਂਧੀ ਤੇ ਅੰਬੇਦਕਰ ਵਿੱਚ ਕਿਹੜੀਆਂ ਗੱਲਾਂ ਹੋਈਆਂ ਤੇ ਉਨ੍ਹਾਂ ਵਿੱਚ ਕਿਵੇਂ ਗਾਂਧੀ ਨੇ ਉੱਚੀਆਂ ਜਾਤਾਂ ਦਾ ਪੱਖ ਪੂਰਿਆ ਪਰ ਜਿਸ ਸੁਪਨੇ ਦਾ ਮੈਂ ਜ਼ਿਕਰ ਕੀਤਾ ਹੈ, ਉਸ ਦਾ ਸੰਬੰਧ ਕਿਤੇ ਨਾ ਕਿਤੇ ਇਨ੍ਹਾਂ ਸਾਰੀਆਂ ਊਲ-ਜਲੂਲ ਗੱਲਾਂ ਨਾਲ ਵੀ ਹੈ। ਪਰ ਇਸ ਸਮੇਂ ਕਹਾਣੀ ਦੀ ਮੰਗ ਹੈ ਕਿ ਮੈਂ ਤੁਹਾਨੂੰ ਸੰਨ 40-45 ਦੇ ਉਸ ਟੁੱਟੇ-ਫੁੱਟੇ ਘਰ 'ਚ ਲੈ ਚੱਲਾਂ, ਜਿਸ ਦੇ ਵਸੇਂਦੇ ਕਦੀ ਅੰਨ ਨੂੰ ਤਰਸਦੇ ਸਨ।

ਕੰਪਿਊਟਰ ਨੇ ਜੋ ਨਕਸ਼ਾ ਦਿੱਤਾ ਹੈ, ਉਸ ਅਨੁਸਾਰ ਇਹ ਘਰ ਅਵਧ ਦੇ ਇਕ ਬਹੁਤ ਪਿਛੜੇ ਹੋਏ ਪਿੰਡ ਦਾ ਸੀ। ਇਸ ਦੇ ਪਿਛੜੇਪਣ ਦਾ ਅੰਦਾਜ਼ਾ ਇਸ ਗੱਲੋਂ ਲਾਇਆ ਜਾ ਸਕਦਾ ਹੈ ਕਿ ਦੁਨੀਆਂ ਦੀ ਵੱਡੀ ਤੋਂ ਵੱਡੀ ਘਟਨਾ ਦੀ ਖ਼ਬਰ ਵੀ ਇੱਥੇ ਲਗਭਗ ਮਹੀਨੇ ਮਗਰੋਂ ਪੁੱਜਦੀ ਸੀ। ਇੱਥੋਂ ਤੱਕ ਕਿ ਹਿੰਦੋਸਤਾਨ ਦੇ ਆਜ਼ਾਦ ਹੋਣ ਦੀ ਖ਼ਬਰ ਵੀ ਇੱਥੇ ਮਹੀਨੇ ਮਗਰੋਂ ਪੁੱਜੀ ਸੀ। ਕੇਵਲ ਗਾਂਦੀ ਜੀ ਦੀ ਹੱਤਿਆ ਦੀ ਖ਼ਬਰ ਹੀ ਇਹੋ ਜਿਹੀ ਸੀ, ਜਿਸ ਬਾਰੇ ਕਿਹਾ ਜਾਂਦਾ ਹੈ ਕਿ ਇਹ ਖ਼ਬਰ ਆਪਣੇ ਵਾਪਰਨ ਤੋਂ ਪਹਿਲਾਂ ਹੀ ਇੱਥੇ ਪੁੱਜ ਗਈ ਸੀ ਤੇ ਇਸ ਨੂੰ ਪਹੁੰਚਾਉਣ ਦਾ ਸਿਹਰਾ ਪੰਡਤ ਧਰਮ ਰਾਜ ਦੇ ਸਿਰ ਸੀ ਜੋ ਉਸੇ ਫਟੀਚਰ ਘਰ ਵਿੱਚ ਰਹਿੰਦੇ ਸਨ, ਜਿੱਥੋਂ ਦੀ ਗੱਲ ਚੱਲ ਰਹੀ ਹੈ।

ਉਸ ਸਮੇਂ ਇਸ ਘਰ ਦੀਆਂ ਕੰਧਾਂ ਡਲੇ-ਮਿੱਟੀ ਦੀਆਂ ਬਣੀਆਂ ਹੋਈਆਂ ਸਨ। ਹਰ ਸਾਲ ਬਰਸਾਤ ਵਿੱਚ ਕੰਧਾਂ ਤੋਂ ਜਿੰਨੀ ਮਿੱਟੀ ਖੁਰ ਜਾਂਦੀ, ਉਸ ਨਾਲੋਂ ਵੱਧ ਉਨ੍ਹਾਂ 'ਤੇ ਥੱਪ ਦਿੱਤੀ ਜਾਂਦੀ। ਇਸ ਤਰ੍ਹਾਂ ਘਰ ਦੀਆਂ ਦੀਵਾਰਾਂ ਲਗਾਤਾਰ ਮੋਟੀਆਂ ਹੁੰਦੀਆਂ ਗਈਆਂ। ਉਨ੍ਹਾਂ ਦੇ ਮੁਟਾਪੇ ਦਾ ਅੰਦਾਜ਼ਾ ਤੁਸੀਂ ਖ਼ੁਦ ਲਾ ਲਵੋ। ਕਿਉਂਕਿ ਕੰਪਿਊਟਰ 'ਤੇ ਇਸ ਬਾਰੇ ਅਜੇ ਕੋਈ ਸੂਚਨਾ ਨਹੀਂ ਹੈ।

ਸੂਚਨਾਵਾਂ ਜੋ ਹਨ, ਉਹ ਪੰਡਤ ਧਰਮ ਰਾਜ ਦੇ ਪਿਤਾ ਪੰਡਤਨ ਰਾਮ ਬਦਨ ਦੇ ਬਾਰੇ ਵਿੱਚ ਹਨ ਜੋ ਆਪਣੇ ਸਮੇਂ ਦੇ ਰਈਸ, ਜ਼ਿਮੀਦਾਰ, ਅੰਗਰੇਜ਼ ਭਗਤ ਤੇ ਸ਼ਾਸਤਰ ਵਿੱਦਿਆ ਦੇ ਨਿਪੁੰਨ ਪੰਡਤ ਸਨ। ਅਵਧ ਦੇ ਇਸ ਪਿਛੜੇ ਹੋਏ ਪਿੰਡ ਵਿੱਚ ਆਉਣ ਤੋਂ ਪਹਿਲਾਂ ਉਹ ਕਾਸ਼ੀ ਵਿੱਚ ਰਹਿੰਦੇ ਸਨ ਤੇ ਸੁਣਿਆ ਹੈ ਕਿ ਪੂਜਨੀਕ ਮਾਲਵੀਆ ਜੀ ਦੇ ਨੇੜੇ ਦੇ ਸਹਿਯੋਗੀਆਂ ਵਿੱਚੋਂ ਗਿਣੇ ਜਾਂਦੇ ਸਨ। ਉਸ ਸਮੇਂ ਬਨਾਰਸ ਵਿੱਚ ਕਾਸ਼ੀ ਹਿੰਦੂ ਵਿਸ਼ਵ ਵਿਦਿਆਲੇ ਦੀ ਨੀਂਹ ਰੱਖੀ ਜਾ ਰਹੀ ਸੀ ਤੇ ਪੰਡਤ ਰਾਮ ਬਦਨ ਉਸ ਨੀਂਹ ਦੀ ਇਕ ਇੱਟ ਸਨ।

ਨੀਂਹ ਦੀ ਇੱਟ ਕਦੀ ਪਛਾਣ ਨਹੀਂ ਬਣਿਆ ਕਰਦੀ। ਸੋ ਪੰਡਤ ਰਾਮ ਬਦਨ ਦੀ ਕੋਈ ਪਛਾਣ ਨਾ ਬਣ ਸਕੀ। ਇਸੇ ਕਰਕੇ ਉਹ ਕਾਸ਼ੀ ਛੱਡ ਕੇ ਅਵਧ ਦੇ ਇਸ ਛੋਟੇ ਜਿਹੇ ਪਿੰਡ ਵਿੱਚ ਆ ਟਿਕੇ। ਕੰਪਿਊਟਰ ਦੀ ਸੂਚਨਾ ਦੱਸਦੀ ਹੈ ਕਿ ਉਮਰ ਦੇ ਚਾਲੀਵੇਂ ਬਸੰਤ ਵਿੱਚ ਪੰਡਤ ਰਾਮ ਬਦਨ ਨੂੰ ਇਕ ਪੁੱਤਰ ਪ੍ਰਾਪਤੀ ਹੋਈ। ਇਸ ਮੌਕੇ 'ਤੇ ਸਾਰੇ ਪਿੰਡ ਨੂੰ ਚੁੱਲ੍ਹੇ-ਨਿਉਂਦਾ ਦਿੱਤਾ ਗਿਆ, ਕਾਂਸ਼ੀ ਦੀ ਥਾਲੀ ਵੱਜੀ, (ਲੜਕਾ ਜੰਮਣ ਵੇਲੇ ਇਹ ਗੱਲ ਸ਼ੁੱਭ ਮੰਨੀ ਜਾਂਦੀ ਸੀ) ਗਾਣੇ-ਵਜਾਣੇ ਹੋਏ ਤੇ ਇਸ ਖ਼ੁਸ਼ੀ ਨੂੰ ਤਿਉਹਾਰ ਵਾਂਗ ਮਨਾਇਆ ਗਿਆ।

ਪੁੱਤਰ ਦੀ ਲਿਖਾਈ-ਪੜ੍ਹਾਈ ਲਈ ਪੰਡਤ ਜੀ ਨੇ ਵਾਹ ਜਹਾਨ ਦੀ ਲਾਈ ਪਰ ਧਰਮ ਰਾਜ ਨੇ ਨਾ ਪੜ੍ਹਨਾ ਸੀ, ਨਾ ਪੜ੍ਹਿਆ। ਬਚਪਨ ਤੋਂ ਹੀ ਸ਼ਰਾਰਤ ਸੀ ਤੇ ਸਦਾ ਅਵੱਲੀਆਂ ਗੱਲਾਂ ਕਰਨ ਵਾਲੇ ਧਰਮ ਰਾਜ ਦੇ ਮਿੱਤਰ ਮੰਡਲੀ ਵੀ ਬਹੁਤ ਊਟ-ਪਟਾਂਗ ਸੀ। ਉਸ ਵਿੱਚ ਅਹੀਰ, ਚਮਾਰ ਤਾਂ ਹੈ ਹੀ ਸਨ, ਹੀਜੜੇ ਵੀ ਬੜੀ ਠਾਠ ਨਾਲ ਆਪਣੀ ਹਾਜ਼ਰੀ ਲੁਆਇਆ ਕਰਦੇ ਸਨ। ਸੱਚ ਤਾਂ ਇਹ ਹੈ ਕਿ ਉਸ ਸਮੇਂ ਹਿੰਦੋਸਤਾਨ ਦੀ ਜੋ ਹਾਲਤ ਸੀ, ਉਸਦੀ ਜਾਣਕਾਰੀ ਵੀ ਇਨ੍ਹਾਂ ਹੀਜੜਿਆਂ ਤੋਂ ਹੀ ਮਿਲਦੀ।

ਹੀਜੜਿਆਂ ਕੋਲ ਕਹਾਣੀਆਂ ਦਾ ਕਦੀ ਨਾ ਖ਼ਤਮ ਹੋਣ ਵਾਲਾ ਭੰਡਾਰ ਸੀ ਤੇ ਪੰਡਤ ਧਰਮ ਰਾਜ ਲਈ ਉਸ ਸਮੇਂ ਕਹਾਣੀਆਂ ਤੋਂ ਵੱਡਾ ਕੋਈ ਹੋਰ ਚਮਤਕਾਰ ਨਹੀਂ ਸੀ। ਇਨ੍ਹਾਂ ਕਹਾਣੀਆਂ ਰਾਹੀਂ ਹੀ ਉਸ ਨੇ ਦੁਨੀਆਂ ਦੇਖੀ, ਉਹ ਦੁਨੀਆਂ ਜਿਸ ਵਿੱਚ ਦੁਨੀਆਂ ਭਰ ਦੀ ਕਾਮੁਕਤਾ ਤੇ ਨੀਚਤਾ ਸੀ। ਪਰ ਉਸ ਵਿੱਚ ਵੀ ਕਿਤੇ ਨਾ ਕਿਤੇ ਇਕ ਸੁਪਨਾ ਸੀ-ਆਜ਼ਾਦ ਫਿਜ਼ਾ ਵਿੱਚ ਸਾਹ

ਲੈਣ ਦਾ ਸੁਪਨਾ। ਇਸ ਸੁਪਨੇ ਲਈ ਹੀ ਲੋਕ ਲੜ ਰਹੇ ਸਨ ਤੇ ਕਿੱਸੇ ਬਣ ਰਹੇ ਸਨ।

ਜਿਸ ਹੀਜੜੇ ਨਾਲ ਧਰਮ ਰਾਜ ਦੀ ਨੇੜਤਾ ਸੀ, ਉਸ ਦਾ ਨਾਂ ਸ਼ਬਨਮ ਸੀ। ਹਰ ਕੋਈ ਉਸ ਨੂੰ ਸ਼ੱਬੋ ਕਹਿੰਦਾ, ਪੰਡਤ ਧਰਮ ਰਾਜ ਵੀ। ਸ਼ੱਬੋ ਦੇ ਰੰਗ-ਢੰਗ ਹੀ ਨਿਰਾਲੇ ਸਨ। ਆਮ ਹੀਜੜਿਆਂ ਉਹ ਗਾਲੀ-ਗਲੋਚ ਨਹੀਂ ਸੀ ਕਰਦੀ ਤੇ ਨਾ ਹੀ ਕਿਸੇ ਦੀ ਨਿੰਦਾ ਚੁਗਲੀ। ਜਿੱਥੋਂ ਜੋ ਮਿਲ ਜਾਂਦਾ, ਉਸ ਨੂੰ ਉਹ ਆਪਣੀ ਕਿਸਮਤ ਸਮਝਦੀ। ਨਾ ਮਿਲਦਾ ਤਾਂ ਵੀ ਰੱਬ ਦਾ ਸ਼ੁਕਰ ਹੀ ਕਰਦੀ। ਸ਼ੱਬੋ ਦੀ ਪੂਰੀ ਜ਼ਿੰਦਗੀ ਘੁੰਮਦਿਆਂ ਹੀ ਬੀਤੀ ਸੀ। ਪੰਡਤ ਧਰਮ ਰਾਜ ਨੂੰ ਇਕ ਵਾਰੀ ਉਸ ਨੇ ਕਿਹਾ ਸੀ, "ਪੰਡਤ ਜੀ, ਜੋ ਨਾ ਮਰਦ ਹੁੰਦੇ ਨੇ, ਨਾ ਔਰਤ-ਉਨ੍ਹਾਂ ਦੀ ਵੀ ਕੀ ਜ਼ਿੰਦਗੀ ਹੁੰਦੀ ਏ.......ਬੱਸ ਖਾਨਾਬਦੋਸ਼ਾਂ ਦੀ ਤਰ੍ਹਾਂ ਘੁੰਮਦੇ ਰਹੇ......ਕਦੀ ਕਿਤੇ......ਕਦੀ ਕਿਤੇ....ਚਾਰੇ ਪਾਸੇ ਰੌਸ਼ਨੀ ਦੀ ਚਾਦਰ ਲਪੇਟੀ, ਜਿਵੇਂ ਕੋਈ ਜੁਗਨੂੰ ਹਨੇਰਿਆਂ ਨਾਲ ਲੜਦਾ ਘੁੰਮਦਾ ਏ। ਵੈਸੇ ਵੀ ਅਸੀਂ ਸਭ ਆਪਣੇ ਆਪ ਨਾਲ ਲੜਦੇ ਹੀ ਹਾਂ। ਲੋੜ ਅਨੁਸਾਰ ਕਦੀ ਮਰਦ, ਕਦੀ ਔਰਤ...ਪਤਾ ਨਹੀਂ ਕੀ ਕੀ ਬਣਦੇ ਰਹਿੰਦੇ ਹਾਂ.....ਪਰ ਉਹ ਕਦੀ ਨਹੀਂ ਬਣਦੇ, ਜੋ ਅਸੀਂ ਅਸਲ ਵਿੱਚ ਹੁੰਦੇ ਹਾਂ।"

ਜਦ ਕਦੀ ਸ਼ੱਬੋ ਇਹੋ ਜਿਹੀਆਂ ਗੱਲਾਂ ਕਰਦੀ ਤਾਂ ਪੰਡਤ ਧਰਮ ਰਾਜ ਸਮਝ ਜਾਂਦਾ ਕਿ ਸ਼ੱਬੋ ਕਿਸੇ ਨਵੀਂ ਕਹਾਣੀ ਦੀ ਭੂਮਿਕਾ ਬੰਨ੍ਹ ਰਹੀ ਹੈ। ਕਹਾਣੀ, ਜੋ ਸ਼ੱਬੋ ਦੀ ਜ਼ਿੰਦਗੀ, ਉਸ ਦੇ ਦਰਦ ਨਾਲ ਜੁੜ ਕੇ ਵੀ ਉਸ ਤੋਂ ਬਿਲਕੁਲ ਅਲੱਗ ਹੁੰਦੀ। ਉਹ ਉਸ ਨੂੰ ਇਉਂ ਸੁਣਾਉਂਦੀ ਜਿਵੇਂ ਇਹ ਸਭ ਕੁਝ ਕਿਸੇ ਹੋਰ ਦੇ ਬਾਰੇ ਵਿੱਚ ਹੋਵੇ। ਉਸ ਦਿਨ ਵੀ ਉਸ ਨੇ ਉਸ ਨੂੰ ਇਵੇਂ ਸੁਣਾਇਆ ਸੀ......ਬਾਰ-ਬਾਰ ਉਹੀ ਗੱਲ, ਵਿਅਰਥ ਦੀ ਵਾਰਤਾ।

ਉਸ ਨੇ ਦੱਸਿਆ ਕਿ ਉਸ ਦਾ ਜਨਮ ਇਕ ਬਹੁਤ ਵੱਡੇ ਘਰ 'ਚ ਹੋਇਆ ਸੀ। ਮਾਂ ਬਾਪ ਸਭ ਖਾਨਦਾਨੀ ਲੋਕ ਸਨ। ਉਸ ਦੀ ਜਾਤ ਕੀ ਸੀ, ਇਹ ਨਾ ਹੀ ਸ਼ੱਬੋ ਨੇ ਦੱਸਿਆ ਤੇ ਨਾ ਪੰਡਤ ਧਰਮ ਰਾਜ ਨੇ ਪੁੱਛਿਆ। ਪੁੱਛਣ ਦੀ ਸ਼ਾਇਦ ਕੋਈ ਲੋੜ ਵੀ ਨਹੀਂ ਸੀ, ਕਿਉਂਕਿ ਜਾਤ ਤਾਂ ਮਰਦਾਂ ਦੀ ਦੁਨੀਆਂ ਦਾ ਸ਼ਬਦ ਹੈ। ਕਿਸੇ ਹੱਦ ਤੱਕ ਔਰਤਾਂ ਵੀ ਇਸ ਵਿੱਚ ਦਖਲ ਦੇ ਦਿੰਦੀਆਂ ਹਨ। ਪਰ ਜੋ ਨਾ ਮਰਦ ਹੁੰਦੇ ਹਨ ਤੇ ਨਾ ਔਰਤਾਂ.....ਉਨ੍ਹਾਂ ਦੀ ਕੀ ਜਾਤ ਤੇ ਕੀ ਵਰੁਣ.........? ਖ਼ੈਰ.......ਸ਼ੱਬੋ ਮੁਤਾਬਕ ਉਸਦਾ ਜਨਮ ਇਕ ਬਹੁਤ ਵੱਡੇ ਖਾਨਦਾਨੀ ਪਰਿਵਾਰ ਵਿੱਚ ਹੋਇਆ ਸੀ। ਉਸ ਨੂੰ ਬੜੇ ਲਾਡ ਪਿਆਰ ਨਾਲ ਪਾਲਿਆ ਗਿਆ। ਪਹਿਲਾਂ ਤਾਂ ਕਿਸੇ ਨੇ ਧਿਆਨ ਹੀ ਨਾ ਦਿੱਤਾ, ਪਰ ਹੌਲੀ-ਹੌਲੀ ਜਦੋਂ ਸ਼ੱਬੋ ਵੱਡੀ ਹੋਣ ਲੱਗੀ ਤਾਂ ਉਸਦੀ ਮਾਂ ਨੂੰ ਇਕ ਦਿਨ ਪਤਾ ਲੱਗਾ ਕਿ ਸ਼ੱਬੋ ਦਾ ਲਿੰਗ ਵਿਕਾਸ ਆਮ ਵਾਂਗ ਨਹੀਂ ਹੈ। ਮਾਂ ਦੀ ਇਸ ਖੋਜ ਨਾਲ ਘਰ 'ਚ ਭੁਚਾਲ ਹੀ ਆ ਗਿਆ। ਸ਼ੱਬੋ ਨਾ ਹੁਣ ਲੜਕਾ ਸੀ ਤੇ ਲੜਕੀ......ਪਿਉ ਜਿਵੇਂ ਭਰ ਜੁਆਨੀ ਵਿੱਚ ਹੀ ਬੁੱਢਾ ਹੋ ਗਿਆ। ਮੱਥੇ ਦੀਆਂ ਤਿਊੜੀਆਂ ਐਨੀਆਂ ਹੋ ਗਈਆਂ ਕਿ ਉਹ ਉਨ੍ਹਾਂ ਵਿੱਚ ਹੀ ਡੁੱਬ ਗਿਆ।

ਉਸ ਸਮੇਂ ਸ਼ੱਬੋ ਦਸ ਸਾਲ ਦੀ ਸੀ। ਅਗਲੇ ਦਸ ਸਾਲ ਉਸ ਦੇ ਹੰਝੂ ਗਲੇ ਵਿੱਚ ਹੀ ਕਿਧਰੇ ਡਿਗਦੇ ਰਹੇ ਤੇ ਉਸ ਨੇ ਉਹ ਸਮਾਂ ਮੌਤ ਦੇ ਮੰਜੇ ਨਾਲ ਜੁੜੇ ਕਿਸੇ ਰੋਗੀ ਵਾਂਗ ਬਿਤਾਇਆ। ਉਸ 'ਤੇ ਘਰੋਂ ਬਾਹਰ ਨਿਕਲਣ 'ਤੇ ਪਾਬੰਦੀ ਸੀ ਤੇ ਘਰ ਵਿੱਚ ਕਿਤਾਬਾਂ ਦਾ ਚੰਗਾ-ਖਾਸਾ ਭੰਡਾਰ ਸੀ। ਪਿਉ ਚਾਹੁੰਦਾ ਸੀ ਕਿ ਉਹ ਲੜਕਾ ਬਣ ਕੇ ਰਹੇ ਪਰ ਮਾਂ ਉਸ ਨੂੰ ਲੜਕੀ ਬਣਾਉਣ ਲਈ ਜ਼ਿੱਦੀ ਸੀ। ਇਸ ਕਸ਼ਮਕਸ਼ ਨੇ ਸ਼ੱਬੋ ਨੂੰ ਧੁਰ ਤੀਕ ਤੋੜ ਕੇ ਰੱਖ ਦਿੱਤਾ (ਕੁਝ ਇੱਕਾ-ਦੁੱਕਾ ਤੇ ਬਿਖਰੀਆਂ ਹੋਈਆਂ ਸੂਚਨਾਵਾਂ ਮੁਤਾਬਿਕ ਉਸ ਨੇ ਇਕ-ਦੋ ਵਾਰੀ ਆਤਮ ਹੱਤਿਆ ਦੀ ਵੀ ਕੋਸ਼ਿਸ਼ ਕੀਤੀ ਸੀ।)

ਇਹ ਜਲ੍ਹਿਆਂਵਾਲਾ ਹੱਤਿਆ ਕਾਂਡ ਤੋਂ ਬਾਅਦ ਦਾ ਸਮਾਂ ਸੀ। ਗਾਂਧੀ ਜੀ ਨੇ ਨਾਮਿਲਵਰਤਣ ਅੰਦੋਲਨ ਸ਼ੁਰੂ ਕਰ ਦਿੱਤਾ ਸੀ ਤੇ ਹਿੰਦੋਸਤਾਨ ਦੇ ਸਾਰੇ ਸ਼ਹਿਰਾਂ ਵਿੱਚ ਵਿਦਰੋਹ ਦੀ ਚਿਣਗ ਜੰਗਲ ਦੀ ਅੱਗ ਵਾਂਗ ਭੜਕ ਉੱਠੀ ਸੀ। ਇਸੇ ਸਮੇਂ ਦੌਰਾਨ ਸ਼ੱਬੋ ਦੇ ਮਾਂ ਬਾਪ ਦੀ ਮੌਤ ਹੋ ਗਈ ਤੇ ਉਹ ਘਰ ਛੱਡ ਕੇ ਕਲਕੱਤੇ ਚਲੀ ਗਈ। ਪੰਡਤ ਧਰਮ ਰਾਜ ਨੂੰ ਸ਼ੱਬੋ ਨੇ ਜਿਹੜੀ ਕਹਾਣੀ ਸੁਣਾਈ, ਉਹ ਦਰਅਸਲ ਇਸੇ ਕਲਕੱਤੇ ਦੀ ਕਹਾਣੀ ਸੀ ਜਿੱਥੇ ਉਸਨੂੰ ਇਕ ਅੰਗਰੇਜ਼ ਸਾਰਜੈਂਟ



ਜਾਨ ਰਾਬਰਟ ਮਿਲਿਆ ਸੀ ਤੇ ਜਿਸ ਨੇ ਉਸ ਨੂੰ ਬਹੁਤ ਪਿਆਰ ਤੇ ਸਨੇਹ ਦਿੱਤਾ ਸੀ।

ਇਹ ਕਿਹੋ ਜਿਹੀ ਸ਼ਰਮਨਾਕ ਗੱਲ ਸੀ। ਸੱਬੋ ਨੇ ਦੱਸਿਆ ਕਿ ਇਕ ਰਾਤ ਪਿਉ ਬਰਾਬਰ ਰਾਬਰਟ ਨੇ ਉਸ ਨੂੰ ਆਪਣੀਆਂ ਬਾਹਾਂ ਵਿੱਚ ਦਬੋਚ ਲਿਆ। ਕਿਸੇ ਵਹਿਸ਼ੀ ਦਰਿੰਦੇ ਵਾਂਗ ਉਸ ਨੇ ਉਸ ਸਾਰੇ ਕੱਪੜੇ ਫਾੜ ਦਿੱਤੇ ਤੇ ਉਸਨੂੰ ਮੂੰਹ ਭਾਰ ਬਿਸਤਰੇ 'ਤੇ ਪਟਕਾ ਮਾਰਿਆ। ਫਿਰ ਉਸ ਰਾਤ ਤਰ੍ਹਾਂ-ਤਰ੍ਹਾਂ ਦੇ ਗੈਰ-ਕੁਦਰਤੀ ਸੰਭੋਗ ਦਾ ਜੋ ਸਿਲਸਿਲਾ ਸ਼ੁਰੂ ਹੋਇਆ, ਉਸ ਅਗਲੇ ਕਈ ਦਿਨਾਂ ਤੱਕ ਜਾਰੀ ਰਿਹਾ। ਉਸ ਵਿੱਚ ਬੁੱਢੇ ਰਾਬਰਟ ਤੋਂ ਲੈ ਕੇ ਉਸ ਦੇ ਸਾਰੇ ਕਰਮਚਾਰੀ ਤੇ ਦੋਸਤ ਮਿੱਤਰ ਖੇਹ ਖਾਂਦੇ ਰਹੇ।

ਪਿਆਰ ਤੇ ਬਗਾਵਤ ਦੇ ਕੁਝ ਬੀਜ ਸ਼ੱਬੋ ਨੂੰ ਇੱਥੋਂ ਹੀ ਮਿਲੇ। ਦਰਅਸਲ ਹੋਇਆ ਇਹ ਕਿ ਇਕ ਰਾਤ ਸਾਰਜੈਂਟ ਰਾਬਰਟ ਆਪਣੇ ਮਿੱਤਰਾਂ ਨਾਲ ਸ਼ਰਾਬ ਦੇ ਨਸ਼ੇ ਵਿੱਚ ਧੁੱਤ ਹੋ ਕੇ ਆਇਆ। ਆਉਂਦਿਆਂ ਹੀ ਉਸ ਨੇ ਸ਼ੱਬੋ ਨੂੰ ਆਪਣੀਆਂ ਬਾਹਾਂ ਵਿੱਚ ਜਕੜ ਲਿਆ ਤੇ ਬੋਲਿਆ, " ....ਇਟ ਇਜ਼ ਅ ਫੈਟਲ ਨਾਈਟ....ਦ ਸਟਾਰ ਹੈਜ਼ ਗੌਨ ਆਊਟ.....ਅ ਵੋਮੈਨ ਇਜ਼ ਪਾਸਡ ਅਵੇ ਐਂਡ ਅ ਮੈਂਗੂਜ਼ ਹੈਜ਼ ਕਿਲਡ ਅ ਸਨੇਕ......."

(ਅੱਜ ਦੀ ਰਾਤ ਕਤਲ ਦੀ ਰਾਤ ਹੈ, ਇਕ ਤਾਰਾ ਬੁਝ ਗਿਆ ਹੈ। ਇਕ ਔਰਤ ਮਰ ਗਈ ਤੇ ਇਕ ਨਿਓਲੇ ਨੇ ਇਸ ਸੱਪ ਨੂੰ ਮਾਰ ਦਿੱਤਾ ਹੈ।)

ਸ਼ੱਬੋ ਨੇ ਇਹ ਸੁਣਿਆ ਤੇ ਚੁੱਪਚਾਪ ਉੱਠ ਕੇ ਦੂਜੇ ਕਮਰੇ 'ਚ ਚਲੀ ਗਈ। ਉਸ ਨੂੰ ਸਮਝ ਨਹੀਂ ਸੀ ਆ ਰਹੀ, ਕਿ ਸਭ ਕੀ ਹੈ, ਕਿਉਂ ਹੈ ? ਉਹ ਰਾਬਰਟ ਨੂੰ ਐਨਾ ਪਿਆਰ ਕਰਦੀ ਸੀ ਕਿ ਉਸ ਦਾ ਹੱਦ ਦਰਜੇ ਦਾ ਜ਼ਾਲਮਪੁਣਾ ਵੀ ਉਸ ਨੂੰ ਮੰਜ਼ੂਰ ਸੀ, ਪਰ......ਉਸ ਰਾਤ ਜਦੋਂ ਸ਼ਰਾਬ ਦੇ ਨਸ਼ੇ ਵਿੱਚ ਧੁੱਤ ਰਾਬਰਟ ਨੇ ਦੱਸਿਆ ਕਿ ਕਿਸ ਤਰ੍ਹਾਂ ਉਸ ਨੇ ਇਕ ਵਿਦਰੋਹੀ ਔਰਤ ਦੀ ਕੁੱਖ ਨੂੰ ਆਪਣੇ ਬੂਟਾਂ ਨਾਲ ਮਸਲ ਦਿੱਤਾ, ਜਿਸ ਵਿੱਚ ਵਿਦਰੋਹ ਦਾ ਇਕ ਹੋਰ ਬੀਅ ਪਲ ਰਿਹਾ ਸੀ, ਤਾਂ ਸੱਚਮੁੱਚ ਸ਼ੱਬੋ ਦਾ ਰੋਮ-ਰੋਮ ਕੰਬ ਉਠਿਆ। ਗੁੱਸੇ ਵਿੱਚ ਉਹ ਜਿਵੇਂ ਪਾਗਲ ਹੋ ਗਈ।

ਅੱਧੀ ਰਾਤ ਤੋਂ ਬਾਅਦ ਜਦੋਂ ਰਾਬਰਟਾਂ ਦੇ ਸਾਰੇ ਦੋਸਤ ਖਾ-ਪੀ ਕੇ ਚਲੇ ਗਏ ਤਾਂ ਉਸ ਘਰ ਵਿੱਚ ਇਕ ਖੌਫ਼ਨਾਕ ਚੁੱਪ ਪਸਰ ਗਈ ਸੀ। ਸ਼ੱਬੋ ਨੇ ਇੱਕੋ ਝਟਕੇ ਨਾਲ ਆਪਣੇ ਸਰੀਰ ਦੇ ਸਾਰੇ ਕੱਪੜੇ ਉਤਾਰ ਦਿੱਤੇ। ਸ਼ੀਸ਼ੇ ਦੇ ਸਾਹਮਣੇ ਖਲੋ ਕੇ ਉਸ ਨੇ ਆਪਣੇ ਆਪ ਨੂੰ ਨਿਹਾਰਿਆ। ਉਹ ਮੁਸਕਰਾਈ। "ਸੱਚਮੁੱਚ ਅੱਜ ਦੀ ਰਾਤ ਕਤਲ ਦੀ ਰਾਤ ਏ।" ਉਸ ਦੇ ਬੁੱਲ੍ਹਾਂ ਨੇ ਕਿਹਾ। ਫਿਰ ਉਸ ਦੇ ਦੀਵਾਰ 'ਤੇ ਟੰਗੀ ਉਹ ਤਲਵਾਰ ਸੂਤ ਲਈ ਜਿਸ ਦੇ ਬਾਰੇ ਵਿੱਚ ਰਾਬਰਟ ਅਕਸਰ ਕਿਹਾ ਕਕਦਾ ਸੀ ਕਿ ਉਹ ਤਲਵਾਰ ਸੁਲੇਮਾਨ ਦੀ ਤਲਵਾਰ ਹੈ, ਜੋ ਹਮੇਸ਼ਾ ਇਨਸਾਫ਼ ਲਈ ਹੀ ਉੱਠਦੀ ਹੈ।

ਉਸ ਰਾਤ ਸ਼ੱਬੋ ਇਕ ਪਲ ਲਈ ਵੀ ਨਾ ਸੁੱਤੀ। ਰਾਬਰਟ ਨੂੰ ਉਸ ਨੇ ਬਹੁਤ ਪਿਆਰ ਕੀਤਾ। ਉਂਨਾ ਹੀ ਜਿੰਨਾ ਕੋਈ ਔਰਤ ਕਿਸੇ ਨੂੰ ਕਰ ਸਕਦੀ ਹੈ। ਭਾਵੇਂ ਸ਼ੱਬੋ ਪੂਰੀ ਔਰਤ ਨਹੀਂ ਸੀ.......। ਰਾਤ ਦੇ ਆਖਰੀ ਪਹਿਰ ਜਦੋਂ ਅਸਮਾਨ 'ਚੋਂ ਤਾਰੇ ਵਿਦਾ ਹੋਣ ਲੱਗੇ, ਸ਼ੱਬੋ ਦਾ ਨਿਢਾਲ ਮੁਰਦਾ ਸਰੀਰ ਤਣ ਕੇ ਖੜ੍ਹਾ ਹੋ ਗਿਆ। ਉਸ ਦੇ ਹੱਥ ਵਿੱਚ ਲਹੂ ਭਿੱਜੀ ਸੁਲੇਮਾਨ ਦੀ ਉਹੀ ਤਲਵਾਰ ਸੀ, ਜਿਸ ਨੇ ਠੀਕ ਉਸੇ ਪਲ, ਜਦੋਂ ਰਾਤ ਦਾ ਆਖਰੀ ਤਾਰਾ ਡੁੱਬ ਰਿਹਾ ਸੀ, ਸਾਰਜੈਂਟ ਰਾਬਰਟ ਦਾ ਸਿਰ ਧੜ ਤੋਂ ਅਲੱਗ ਕਰ ਦਿੱਤਾ ਸੀ। ਸ਼ੱਬੋ ਨੇ ਉਸ ਸਮੇਂ ਰੋਂਦੇ ਗਲੇ 'ਚੋਂ ਕਿਹਾ ਸੀ, "ਰੀਅਲੀ ਇਟ ਵਾਸ ਏ ਫੈਟਲ ਨਾਈਟ......।"

ਉਸ ਮਗਰੋਂ ਸ਼ੱਬੋ ਨੇ ਕਲਕੱਤਾ ਛੱਡ ਦਿੱਤਾ ਤੇ ਦਰ-ਦਰ ਭਟਕਣ ਲੱਗੀ। ਕੰਪਿਊਟਰ ਦੀ ਸੂਚਨਾ ਦੱਸਦੀ ਹੈ ਕਿ ਪੰਡਤ ਧਰਮ ਰਾਜ ਨੂੰ ਸ਼ੱਬੋ ਨੇ ਇਹ ਕਹਾਣੀ ਉਦੋਂ ਸੁਣਾਈ ਸੀ, ਜਦੋਂ ਦਿੱਲੀ ਦੇ ਲਾਲ ਕਿਲ੍ਹੇ ਵਿੱਚ ਅਜ਼ਾਦ ਹਿੰਦ ਫ਼ੌਜ ਦੇ ਸਿਪਾਹੀਆਂ 'ਤੇ ਦੇਸ਼ ਧਰੋਹੀ ਦਾ ਮੁਕੱਦਮਾ ਚੱਲ ਰਿਹਾ ਸੀ।

ਇਨ੍ਹਾਂ ਦਿਨਾਂ ਵਿੱਚ ਹੀ ਪੰਡਤ ਧਰਮ ਰਾਜ 'ਤੇ ਅਹਿੰਸਾ ਦਾ ਭੂਤ ਸਵਾਰ ਹੋਇਆ। ਪ੍ਰੰਤੂ ਇਸ ਗੱਲੋਂ ਪਹਿਲਾਂ ਕਹਾਣੀ ਦਾ ਇਕ ਸੂਤਰ ਹੋਰ......। ਪੰਡਤ ਧਰਮ ਰਾਜ ਦੇ ਪਿਤਾ ਪੰਡਤ ਰਾਮ

ਬਦਨ ਆਪਣੇ ਪੁੱਤ ਦੀਆਂ ਗਤੀਵਿਧੀਆਂ ਤੋਂ ਤੰਗ ਆ ਚੁੱਕਿਆ ਸੀ। ਉਸ ਨੂੰ ਲੱਗ ਰਿਹਾ ਸੀ ਕਿ ਉਸ ਦਾ ਬੇਟਾ ਉਸ ਦੀ ਇੱਜ਼ਤ-ਆਬਰੂ 'ਤੇ ਵੱਟਾ ਲਾ ਰਿਹਾ ਹੈ। ਅਹੀਰਾਂ ਚਮਾਰਾਂ ਦੀ ਸੰਗਤ ਤੇ ਸਵਰਾਜੀਆਂ ਨਾਲ ਉਸ ਦਾ ਪਿਆਰ, ਉਸ ਨੂੰ ਬਹੁਤ ਖਤਰਨਾਕ ਲੱਗਦਾ। ਫਿਰ ਉਨ੍ਹਾਂ ਦਿਨਾਂ ਵਿੱਚ ਪੰਡਤ ਧਰਮ ਰਾਜ ਨੇ ਆਪਣੀ ਕੁੱਲ-ਮਰਿਆਦਾ ਨੂੰ ਛਿੱਕੇ ਟੰਗ ਕੇ ਇਕ ਹੀਜੜੇ ਨਾਲ ਰਹਿਣਾ ਵੀ ਸ਼ੁਰੂ ਕਰ ਦਿੱਤਾ ਸੀ। ਪੰਡਤ ਰਾਮ ਬਦਨ ਨੂੰ ਇਸਸਭ ਕਾਸੇ 'ਚੋਂ ਕਿਸੇ ਬੜੀ ਸਾਜ਼ਿਸ਼ ਦੀ ਬੂਆ ਆਉਂਦੀ। ਇਕ ਵਾਰੀ ਤਾਂ ਘਰ 'ਚ ਪੁਲਸ ਵੀ ਆ ਗਈ ਤੇ ਪੰਡਤ ਧਰਮ ਰਾਜ ਨੂੰ ਫੜ ਕੇ ਠਾਣੇ ਲੈ ਗਈ। ਦਰਅਸਲ ਕੁਝ ਦਿਨ ਪਹਿਲਾਂ ਹੀ ਠਾਣਾ ਅਲੀ ਸਰਾਇ ਤੇ ਕੁਝ ਸਵਰਾਜੀਆਂ ਮਿਲ ਕੇ ਇਕ ਬੰਬ ਸੁੱਟਿਆ ਸੀ, ਜਿਸ ਵਿੱਚ ਠਾਣੇਦਾਰ ਸਮੇਤ ਇਕ ਹੌਲਦਾਰ ਵੀ ਜ਼ਖ਼ਮੀ ਹੋ ਗਿਆ ਸੀ। ਪੁਲਸ ਨੂੰ ਸ਼ੱਕ ਸੀ ਕਿ ਉਨ੍ਹਾਂ ਸਵਰਾਜੀਆਂ ਵਿੱਚ ਪੰਡਤ ਧਰਮ ਰਾਜ ਵੀ ਸ਼ਾਮਿਲ ਸੀ।

ਜਿਵੇਂ ਕਿਵੇਂ ਪੰਡਤ ਰਾਮ ਬਦਨ ਨੇ ਆਪਣਾ ਅਸਰ ਰਸੂਖ਼ ਵਰਤ ਕੇ ਉਸ ਮਾਮਲੇ ਨੂੰ ਤਾਂ ਖਤਮ ਕਰਵਾ ਦਿੱਤਾ, ਪਰ ਉਨ੍ਹਾਂ ਦੀ ਚਿੰਤਾ ਵਧ ਗਈ ਸੀ। ਉਹ ਉਦਾਸ ਤੇ ਨਿਰਾਸ਼ ਰਹਿਣ ਲੱਗਾ ਸੀ। ਆਖਰ ਉਸ ਨੇ ਫੈਸਲਾ ਕੀਤਾ ਕਿ ਧਰਮ ਰਾਜ ਦਾ ਵਿਆਹ ਕਰ ਦਿੱਤਾ ਜਾਵੇ। ਸ਼ਾਇਦ ਇਸ ਨਾਲ ਉਸ ਵਿੱਚ ਕੁਝ ਸੁਧਾਰ ਹੋ ਸਕੇ। ਪਰ ਨਹੀਂ....ਨਾ ਪੰਡਤ ਧਰਮ ਰਾਜ ਨੇ ਸੁਧਰਨਾ ਸੀ, ਨਾ ਸੁਧਰਿਆ। ਸਗੋਂ ਉਸ ਵਿੱਚ ਆਪਣੀ ਪਤਨੀ ਪ੍ਰਤੀ ਵੀ ਕਾਫ਼ੀ ਉਦਾਸੀਨਤਾ ਪੈਦਾ ਹੋ ਗਈ। ਪੰਡਤ ਰਾਮ ਬਦਨ ਇਸੇ ਪੁੱਤਰ ਚਿੰਤਾ ਵਿੱਚ ਹੌਲੀ-ਹੌਲੀ ਘੁਲਦਾ ਰਿਹਾ ਤੇ ਆਖਿਰ ਇਕ ਦਿਨ ਸਵਰਗ ਸਿਧਾਰ ਗਿਆ। ਕੁਝ ਦਿਨਾਂ ਮਗਰੋਂ ਮਾਂ ਵੀ ਉਸੇ ਰਾਹ ਚਲੀ ਗਈ। ਲੋਕਾਂ ਨੇ ਪੰਡਤ ਰਾਮ ਬਦਨ ਦੀ ਜ਼ਮੀਨ ਜਾਇਦਾਦ 'ਤੇ ਕਬਜ਼ਾ ਕਰਨਾ ਸ਼ੁਰੂ ਕਰ ਦਿੱਤਾ। ਪੰਡਤ ਧਰਮ ਰਾਮ ਦਾ ਮਸਤ ਮੌਲਾ ਸੁਭਾਅ ਸੀ, ਸੋ ਕੁਝ ਨਾ ਕੀਤਾ ਜਾਂ ਸ਼ਾਇਦ ਉਹ ਕੁਝ ਕਰਨਾ ਹੀ ਨਹੀਂ ਸੀ ਚਾਹੁੰਦਾ। ਉਂਜ ਵੀ ਜ਼ਮੀਨ ਜਾਇਦਾਦ ਦੇ ਮਾਮਲਿਆਂ ਵਿੱਚ ਉਸ ਨੇ ਕਦੀ ਦਿਲਚਸਪੀ ਨਹੀਂ ਸੀ ਦਿਖਾਈ। ਉਸ ਤਾਂ ਉਡਦਾ ਪੰਛੀ ਸੀ, ਜਿੱਧਰ ਮਨ ਕੀਤਾ, ਉਡ ਲਿਆ। ਪਰ ਇਹ ਉਡਾਨ ਕਿਸੇ ਨੂੰ ਪਸੰਦ ਨਹੀਂ ਸੀ। ਸਾਰੇ ਪਿੰਡ ਵਿੱਚ ਉਸ ਦੀ ਦੁਰਗਤੀ ਹੋਣ ਲੱਗੀ। ਉਸ ਦਾ ਹੁੱਕਾ-ਪਾਣੀ ਵੀ ਬੰਦ ਕਰ ਦਿੱਤਾ ਗਿਆ। ਇਕ ਸ਼ੱਬੋ ਹੀ ਸੀ, ਜੋ ਉਸ ਦੀ ਹਮਰਾਜ ਬਣੀ ਹੋਈ ਸੀ, ਪਰ ਉਸ ਵੀ ਅਚਾਨਕ ਮਹੀਨਾ-ਮਹੀਨਾ ਪਿੰਡ ਗਾਇਬ ਹੋਈ ਰਹਿੰਦੀ। (ਉਸ ਦਾ ਇੰਜ ਗਾਇਬ ਹੋ ਜਾਣਾ ਵੀ ਇਕ ਬੁਝਾਰਤ ਹੀ ਸੀ।) ਉਸ ਦੇ ਜਾਣ ਮਗਰੋਂ ਪੰਡਤ ਧਰਮ ਰਾਜ ਹਰੀਜਨ ਬਸਤੀ ਵਿੱਚ ਅੱਡਾ ਜਮਾ ਲੈਂਦਾ। ਪ੍ਰੰਤੂ ਇਹ ਵੀ ਬਾਦ ਦੀ ਗੱਲ ਹੈ। ਪਹਿਲਾਂ-ਪਹਿਲਾਂ ਤਾਂ ਪੰਡਤ ਧਰਮ ਰਾਜ ਵੀ ਲੋਕਾਂ ਪ੍ਰਤੀ ਉੱਨਾ ਹੀ ਜ਼ਾਲਮ ਹੁੰਦਾ ਸੀ, ਜਿੰਨਾ ਕੋਈ ਰਈਸ ਜ਼ਿੰਮੀਦਾਰ ਹੋ ਸਕਦਾ ਹੈ। ਖ਼ੈਰ.....ਪੰਡਤ ਧਰਮ ਰਾਜ ਉਸ ਰਈਸੀ ਤੇ ਕੁੱਲ-ਪ੍ਰੰਪਰਾ ਤੋਂ ਬੇਦਖਲ ਕਰ ਦਿੱਤਾ ਗਿਆ, ਜਿਸ ਨੂੰ ਉਸਦੇ ਪਿਤਾ ਨੇ ਬੜੀ ਮਿਹਨਤ ਨਾਲ ਆਪਣੇ ਜੀਵਨ ਵਿੱਚ ਬਣਾਇਆ ਸੀ।

ਪੰਡਤ ਧਰਮ ਰਾਜ ਦਾ ਹਰੀਜਨ ਬਸਤੀ ਦੀ ਸੁਕਨਾ ਚਮਾਰੀ ਨਾਲ ਪਿਆਰ ਸੀ। ਉਸ ਸਮੇਂ ਤੱਕ ਪੰਡਤ ਧਰਮ ਰਾਜ ਦਾ ਵਿਆਹ ਹੋ ਚੁੱਕਾ ਸੀ ਤੇ ਉਸਦੇ ਦੋ ਬੱਚੇ ਵੀ ਸਨ। ਪੰਡਤ ਧਰਮ ਰਾਜ 'ਤੇ ਜਿਸ ਸਮੇਂ ਅਹਿੰਸਾ ਦਾ ਭੂਤ ਸਵਾਰ ਹੋਇਆ, ਉਸ ਸਮੇਂ ਤੱਕ ਉਸਦੇ ਬੱਚੇ ਕਾਫ਼ੀ ਵੱਡੇ ਹੋ ਚੁੱਕੇ ਸਨ। ਪੰਡਤਾਣੀ ਯਾਨੀ ਧਰਮ ਰਾਜ ਦੀ ਪਤਨੀ ਕਿਸੇ ਤਰ੍ਹਾਂ ਮੰਗ-ਤੰਗ ਕੇ ਇਨ੍ਹਾਂ ਬੱਚਿਆਂ ਦਾ ਪੇਟ ਭਰਦੀ। ਪੇਟ ਵੀ ਪੂਰਾ ਕਿੱਥੇ ਭਰਦਾ ਸੀ, ਪਰ ਮਨ ਦੀ ਤਸੱਲੀ ਲਈ ਐਨਾ ਹੀ ਕਾਫ਼ੀ ਸੀ। ਉੱਧਰ ਸੁਕਨਾ ਦੇ ਘੁਮੰਡ ਤੇ ਨਖਰੇ ਨੇ ਸਾਰੇ ਪਿੰਡ ਦੇ ਨੱਕ 'ਚ ਦਮ ਕੀਤਾ ਹੋਇਆ ਸੀ।

ਪੰਡਤ ਧਰਮ ਰਾਜ ਨੂੰ ਸ਼ੱਬੋ ਨੇ ਦੱਸਿਆ ਸੀ ਕਿ ਗਾਂਧੀ ਬਾਬਾ ਸਾਰੇ ਦੇਸ਼ ਵਿੱਚ ਹਰੀਜਨਾਂ ਨੂੰ ਉਪਰ ਚੁੱਕਣ ਦੇ ਕੰਮ ਵਿੱਚ ਲੱਗੇ ਹੋਏ ਹਨ। ਬੜੀ ਛੇਤੀ ਫਰੰਗੀ ਇਸ ਦੇਸ਼ 'ਚੋਂ ਦੌੜ ਜਾਣਗੇ। ਉਂਝ ਸ਼ੱਬੋ ਗਾਂਧੀ ਬਾਬੇ ਦੀ ਅਹਿੰਸਾ ਦੇ ਪੱਖ ਵਿੱਚ ਬਹੁਤੀ ਨਹੀਂ ਸੀ। ਫਿਰ ਵੀ ਜਦੋਂ ਕਦੀ ਅਜਿਹੀ ਕੋਈ ਗੱਲ ਹੁੰਦੀ ਤਾਂ ਉਸ ਨੂੰ ਰਾਬਰਟ ਯਾਦ ਆ ਜਾਂਦਾ ਤੇ ਉਸ ਦੀਆਂ ਅੱਖਾਂ 'ਚੋਂ ਹੰਝੂ ਛਲਕ ਆਉਂਦੇ।



ਇਕ ਦਿਨ ਅਚਾਨਕ ਪੰਡਤ ਧਰਮ ਰਾਜ ਨੇ ਆਪਣੇ ਦੁਆਲੇ ਰਾਮਨਾਮੀ ਚਾਦਰ ਲਪੇਟ ਲਈ ਤੇ ਸਾਧੂ ਬਣ ਗਿਆ। ਪਤਾ ਨਹੀਂ ਇਸਦੇ ਪਿੱਛੇ ਆਪਣੀ ਪਤਨੀ ਪ੍ਰਤੀ ਉਸ ਦੀ ਕੜਵਾਹਟ ਸੀ ਜਾਂ ਕੁਝ ਹੋਰ। ਇਕ ਵਾਰੀ ਅਜਿਹਾ ਘਰੋਂ ਨਿਕਲਿਆ ਕਿ ਮੁੜ ਕੇ ਕਦੀ ਘਰ 'ਚ ਪੈਰ ਨਾ ਪਾਇਆ। ਪਿੰਡ ਤੋਂ ਬਾਹਰ ਬਾਰੀ ਦੇ ਬਾਬੇ ਦੇ ਆਸ਼ਰਮ ਵਿੱਚ ਉਸਨੇ ਧੂਣੀ ਲਾ ਲਈ। ਸ਼ੱਬੋ ਅਕਸਰ ਇੱਤੇ ਆ ਕੇ ਉਸ ਦੇ ਨਾਲ ਰਹਿੰਦੀ।

ਪੰਡਤ ਧਰਮ ਰਾਜ ਨੇ ਅਹਿੰਸਾ ਦਾ ਜੋ ਪ੍ਰਣ ਲਿਆ ਸੀ, ਉਸ ਦੀ ਵੀ ਇਕ ਕਹਾਣੀ ਹੈ। ਦਰਅਸਲ ਪੰਡਤ ਧਰਮ ਰਾਜ ਜਦ ਤੋਂ ਬਾਰੀ ਦੇ ਬਾਬੇ ਦੇ ਆਸ਼ਰਮ ਵਿੱਚ ਆਇਆ ਸੀ, ਉਹ ਆਸ਼ਰਮ ਲਈ ਲੱਕੜੀ ਕੱਟਣ ਜੰਗਲ ਵਿੱਚ ਜਾਇਆ ਕਰਦਾ ਸੀ। ਇਕ ਦਿਨ ਉਹ ਦੁਪਹਿਰ ਵੇਲੇ ਲੱਕੜੀਆਂ ਲਈ ਜੰਗਲ ਗਿਆ ਤੇ ਢਾਕ ਦੇ ਇਕ ਦਰੱਖਤ 'ਤੇ ਅਜੇ ਕੁਹਾੜੀ ਦਾ ਪਹਿਲਾ ਟੱਕ ਹੀ ਮਾਰਿਆ ਸੀ ਕਿ ਕੀ ਦੇਖਦਾ ਹੈ, ਜਿਵੇਂ ਕੱਟੀ ਹੋਈ ਥਾਂ 'ਚੋਂ ਖ਼ੂਨ ਵਰਗਾ ਕੁਝ ਲਾਲ ਤਰਲ ਪਦਾਰਥ ਚੋ ਰਿਹਾ ਹੈ। ਪੰਡਤ ਧਰਮ ਰਾਜ ਡਰ ਨਾਲ ਕੰਬਣ ਲੱਗਾ। ਉਸ ਨੂੰ ਲੱਗਾ ਕਿ ਉਸ ਨੇ ਉਸਦੀ ਧੌਣ 'ਤੇ ਕੁਹਾੜੀ ਚਲਾ ਦਿੱਤੀ ਹੈ। ਬੱਸ! ਉਸ ਦਿਨ ਮਗਰੋਂ ਪੰਡਤ ਧਰਮ ਰਾਜ ਦੇ ਦਰੱਖਤ ਤਾਂ ਕੀ, ਖੇਤ ਵਿੱਚ ਹਲ ਵਾਹੁਣਾ ਵੀ ਛੱਡ ਦਿੱਤਾ। ਟੁੱਟਿਆ-ਫੁੱਟਿਆ ਉਹ ਘਰ, ਜਿਸ ਦੇ ਵਸੇਂਦੇ ਪਹਿਲਾਂ ਹੀ ਅੰਨ ਨੂੰ ਤਰਸਦੇ ਸਨ, ਪੰਡਤ ਧਰਮ ਰਾਜ ਦੇ ਇਸ ਅਹਿੰਸਾ ਵਰਤ ਤੇ ਧਾਹਾਂ ਮਾਰ ਕੇ ਰੋਇਆ। ਘਰ ਦੀਆਂ ਦੀਵਾਰਾਂ ਢਹਿਣ ਲੱਗ ਪਈਆਂ। ਫਿਰ ਪੰਡਤ ਧਰਮ ਰਾਜ ਦਾ ਮਨ ਗੀਤਾ 'ਚ ਜਾ ਕੇ ਟਿਕਿਆ ਤੇ ਉਹ 'ਵਿਦਵਾਨ' ਬਣ ਗਿਆ। ਬਾਰੀ ਦੇ ਬਾਬੇ ਨੇ ਕਿਹਾ-

"ਰਾਮ ਬਦਨ ਦਾ ਪੁੱਤ ਇਕੱਲਾ।
ਛੱਡ ਆਇਆ ਮਹਿਲਾਂ ਦਾ ਪੱਲਾ।
ਪਿਉ ਨੇ ਪੜ੍ਹਨ ਸਕੂਲੇ ਪਾਇਆ।
ਪੜ੍ਹਨਾ ਲਿਖਣਾ ਮੂਲ ਨਾ ਭਾਇਆ।
ਕਦੇ ਸਰੈਂ ਵਿੱਚ ਰਾਤ ਬਿਤਾਈ।
ਕਦੇ ਚੁਰਸਤੇ ਧੂਣੀ ਲਾਈ।
ਕਦੇ ਬਾਰੀ, ਕਦੇ ਪਹਾੜੀ।
..........................
..........................
ਇਹ ਤਾਂ ਬਣ ਗਿਆ ਪੂਰਾ ਅਚਾਰੀ।"

(ਬਾਰੀ ਦੇ ਬਾਬੇ ਦਾ ਇਹ ਛੰਦ ਵੀ ਕੰਪਿਊਟਰ ਵਿੱਚ ਇਸ ਸੂਚਨਾ ਦੇ ਨਾਲ ਦਰਜ਼ ਹੈ ਕਿ ਪੰਡਤ ਧਰਮ ਰਾਜ ਨੇ ਕੁਝ ਹੀ ਦਿਨਾਂ ਵਿੱਚ ਸਿੱਧੀ ਪ੍ਰਾਪਤ ਕਰ ਲਈ ਤੇ ਪਿੰਡ ਦੇ ਸਭ ਭੂਤ-ਪ੍ਰੇਤ ਆਪਣੇ ਵਸ ਵਿੱਚ ਕਰ ਲਏ।)

ਇੱਥੋਂ ਤੱਕ ਵੀ ਕਿਹਾ ਜਾਂਦਾ ਹੈ ਕਿ ਪੰਡਤ ਧਰਮ ਰਾਜ ਦੇ ਪ੍ਰਤਾਪ ਨਾਲ ਹੀ ਸ਼ੱਬੋ ਦੀ ਨਪੁੰਸਕਤਾ ਦੂਰ ਹੋਈ ਤੇ ਉਸ ਦੇ ਆਸ਼ੀਰਵਾਦ ਨਾਲ ਉਸ ਨੂੰ ਨਾਰੀਪੁਣੇ ਦਾ ਪ੍ਰਸ਼ਾਦ ਮਿਲਿਆ। ਇਸੇ ਨਾਲ ਜੁੜੀ ਅੰਤਕਥਾ ਸੁਕਨਾ ਦੀ ਵੀ ਹੈ। ਇਸ ਦਾ ਸਰੋਤ ਵੀ ਇਹੋ ਕੰਪਿਊਟਰ ਹੈ ਜਿਸ 'ਤੇ ਖਿੰਡੀਆਂ ਹੋਈਆਂ ਉਹ ਸਾਰੀਆਂ ਸੂਚਨਾਵਾਂ ਦਰਜ਼ ਹਨ ਜੋ ਕਿਤੇ ਨਾ ਕਿਤੇ ਮੇਰੇ ਖਾਨਦਾਨ (ਯਾਨੀ ਸੁਸ਼ੀਲ ਕੁਮਾਰ ਓਝਾ ਪੁੱਤਰ ਸ੍ਰੀ ਸੀਆ ਰਾਮਸ਼ਰਣ ਓਝਾ-ਪੁੱਤਰ ਸ੍ਰੀ.....) ਨਾਲ ਸੰਬੰਧ ਰੱਖਦੀਆਂ ਹਨ। ਕੰਪਿਊਟਰ ਜਾਣਨ ਵਾਲੇ ਹੀ ਜਾਣਦੇ ਹਨ ਕਿ ਇਕ ਵਾਰੀ ਜੇ ਕੰਪਿਊਟਰ 'ਤੇ ਕੋਈ ਸੂਚਨਾ ਦਰਜ਼ ਹੋ ਜਾਵੇ ਤਾਂ ਉਹ ਕਦੀ ਖ਼ਤਮ ਨਹੀਂ ਹੁੰਦੀ, ਡਿਲੀਟ ਕਰਨ 'ਤੇ ਵੀ ਬੱਸ ਖਿੰਡ ਜਾਂਦੀ ਹੈ। ਇੱਥੇ ਵੀ ਇਹੀ ਹੋਇਆ ਹੈ। ਮੇਰੇ ਲੱਖ ਚਾਹੁਣ 'ਤੇ ਵੀ ਮੇਰੇ ਖਾਨਦਾਨ ਦੇ ਇਹ ਵਿਸ਼ਾਲ ਤੱਥ ਕਦੀ ਖ਼ਤਮ ਨਹੀਂ ਹੁੰਦੇ.......ਹਰ ਵਾਰੀ ਕੁਝ ਹੋਰ ਰੂਪਾਂ ਵਿੱਚ ਸਾਹਮਣੇ ਆ ਜਾਂਦੇ ਹਨ। ਵੈਸੇ ਵੀ ਇਤਿਹਾਸ ਭਾਵੇਂ

ਵਿਅਕਤੀ ਦਾ ਹੋਵੇ, ਭਾਵੇਂ ਰਾਸ਼ਟਰ ਦਾ, ਖਤਮ ਕਿੱਥੇ ਹੁੰਦਾ ਹੈ। ਕੰਪਿਊਟਰ ਦੀਆਂ ਸੂਚਨਾਵਾਂ ਵਾਂਗ ਉਹ ਖਿੰਡ ਜਾਂਦਾ ਹੈ ਤੇ ਹਰ ਵਾਰੀ ਇਕ ਨਵੇਂ ਇਤਿਹਾਸ ਦੀ ਖੋਜ........।

ਸੁਕਨਾ ਦੇ ਬਾਰੇ ਅਚਾਨਕ ਪਿੰਡ ਵਿੱਚ ਇਹ ਖ਼ਬਰ ਫੈਲ ਗਈ ਕਿ ਉਸ ਦੇ ਇਕ ਬੱਚਾ ਹੋਇਆ ਹੈ। ਇਸ ਗੱਲ ਵਿੱਚ ਸਨਸਨੀ ਵਰਗਾ ਕੁਝ ਵੀ ਨਹੀਂ ਸੀ, ਕਿਉਂਕਿ ਇਹੋ ਜਿਹੀਆਂ ਖ਼ਬਰਾਂ ਉਨ੍ਹਾਂ ਦਿਨਾਂ ਵਿੱਚ ਆਮ ਹੋ ਜਾਇਆ ਕਰਦੀਆਂ ਸਨ।(ਆਮ ਤੇ ਖਾਸ ਦਾ ਫਰਕ ਹਮੇਸ਼ਾ ਜਾਤ ਤੇ ਕੁੱਲ ਪ੍ਰੰਪਰਾ ਤੋਂ ਹੁੰਦਾ ਸੀ।) ਫਿਰ ਵੀ ਸਨਸਨੀ ਇਹ ਸੀ ਕਿ ਬੱਚਾ ਪੈਦਾ ਹੋਣ ਵਾਲੀ ਰਾਤ ਨੂੰ ਹੀ ਸੁਕਨਾ ਕਰਮੂ ਦੇ ਤਾਲ ’ਤੇ ਮਰੀ ਹੋਈ ਮਿਲੀ ਤੇ ਬੱਚਾ ਬਾਗੀ ਦੇ ਬਾਬੇ ਦੇ ਆਸ਼ਰਮ ਦੇ ਸਾਹਮਣੇ ਮੈਲੇ-ਕੁਚੈਲੇ ਕੱਪੜਿਆਂ ’ਚ ਲਿਪਟਿਆ ਹੱਸ ਰਿਹਾ ਸੀ। ਪੰਡਤ ਧਰਮ ਰਾਜ ਉਸ ਵੇਲੇ ਆਪਣੀ ਕੁਟੀਆ ਵਿੱਚ ਬੈਠਾ ਗਾ ਰਿਹਾ ਸੀ।

ਰਘੁਪਤੀ ਰਾਘਵ ਰਾਜਾ ਰਾਮ
ਪਤਿਤ ਪਾਵਨ ਸੀਤਾ ਰਾਮ
ਈਸ਼ਵਰ ਅੱਲਾ ਤੇਰੇ ਨਾਮ
ਸਭ ਕੋ ਸੰਮਤ ਦੇ ਭਗਵਾਨ॥

ਤੇ ਸ਼ੱਬੋ ਕੁਟੀਆ ਦੇ ਬਾਹਰ ਵਿਹੜੇ ਵਿੱਚ ਤਸਵੀਰਾਂ ਵਾਹ ਰਹੀ ਸੀ। ਲਾਲ, ਪੀਲੇ, ਹਰੇ, ਗੁਲਾਬੀ ਤੇ ਹੋਰ ਸਾਰੇ ਰੰਗ.....ਉਨ੍ਹਾਂ ਚਮਕਦਾਰ ਰੰਗਾਂ ਨਾਲ ਕਿੰਨੇ ਹੀ ਚਮਕਦਾਰ ਬਿੰਬ ਉੱਭਰ ਆਏ ਸਨ। ਜਿਵੇਂ ਭੂਮੱਧ ਦੇ ਵਿਚਕਾਰ ਚਮਕਦੇ ਪਾਣੀਆਂ ਦੇ ਹਜ਼ਾਰਾਂ ਤਲਾਅ ਹੋਣ...ਤਦੇ ਅਚਾਨਕ ਕਿਸੇ ਬੱਚੇ ਦੇ ਰੋਣ ਦੀ ਆਵਾਜ਼ ਆਈ। ਸ਼ੱਬੋ ਪਲ ਵਿੱਚ ਹੀ ਅਕਾਸ਼ ਦੀਆਂ ਉਚਾਈਆਂ ਤੋਂ ਧਰਤੀ ’ਤੇ ਆ ਡਿੱਗੀ। ਉਸ ਪਾਸੇ ਜਿੱਧਰੋਂ ਬੱਚੇ ਦੇ ਰੋਣ ਦੀ ਆਵਾਜ਼ ਆ ਰਹੀ ਸੀ, ਢਾਕ ਦਾ ਇਕ ਲਹੂ-ਲੁਹਾਣ ਜਿਹਾ ਦਰੱਖਤ ਸੀ। ਉਸ ਦਰੱਖਤ ’ਤੇ ਇਕ ਆਲ੍ਹਣਾ ਸੀ, ਜਿਸ ਵਿੱਚ ਇਕ ਗੁਟਾਰ ਆਪਣੇ ਆਂਡਿਆਂ ’ਤੇ ਬੈਠੀ ਸੀ।

ਸੂਰਜ ਅਜੇ ਪੂਰੀ ਤਰ੍ਹਾਂ ਚੜ੍ਹਿਆ ਤਾਂ ਨਹੀਂ ਸੀ ਪਰ ਉਸ ਦੇ ਲਾਲ-ਲਾਲ ਖੰਡਾਂ ਨੇ ਜਿਵੇਂ ਸਾਰਾ ਆਕਾਸ਼ ਹੀ ਢੱਕ ਲਿਆ ਸੀ। ਉਸ ਸਮੇਂ ਦਰੱਖਤਾਂ ਵਿੱਚ ਛੁਪੇ ਸਾਰੇ ਪੰਛੀ ਵੀ ਉੱਡਣ ਦੀਆਂ ਤਿਆਰੀਆਂ ਵਿੱਚ ਆਪਣੇ ਖੰਭ ਫੜਫੜਾਉਣ ਲੱਗੇ ਸਨ। ਚੀਂ-ਚੀਂ, ਚਰਰ...ਚਰਰ...ਦਰੱਖਤਾਂ ਤੋਂ ਪੱਤੇ ਡਿੱਗਣ ਦੀ ਆਵਾਜ਼...ਤੇ ਅਜਿਹਾ ਹੀ ਕਾਫ਼ੀ ਕੁਝ। ਕਿੰਨਾ ਸੁਹਣਾ ਮੌਸਮ ਸੀ ਪਰ....ਸ਼ੱਬੋ ਡਰ ਨਾਲ ਕੰਬਣ ਲੱਗੀ ਸੀ ਤੇ ਬੱਚਾ ਰੋ ਰਿਹਾ ਸੀ। ਉਸ ਦਾ ਇਹ ਰੋਣਾ ਪੱਤਿਆਂ ਦੇ ਡਿਗਣ ਜਾਂ ਪੰਛੀਆਂ ਦੇ ਚਹਿਚਹਾਉਣ ਨਾਲੋਂ ਬਿਲਕੁਲ ਅਲੱਗ ਸੀ। ਉਧਰ ਪੰਡਤ ਧਰਮ ਰਾਜ ਦਾ ਆਪਣੀ ਕੁਟੀਆ ’ਚ ‘ਰਘੁਪਤੀ ਰਾਘਵ ਰਾਜਾ ਰਾਮ’ ਦਾ ਗਾਉਣਾ ਵੀ ਕਿਧਰੇ ਗੁੰਮ ਹੋ ਗਿਆ ਸੀ।

ਸ਼ੱਬੋ ਦੌੜੀ ਆਈ ਤੇ ਬੱਚੇ ਨੂੰ ਚੁੱਕ ਕੇ ਆਪਣੀ ਛਾਤੀ ਨਾਲ ਲਾ ਲਿਆ। ਉਹ ਉਸ ਨੂੰ ਚੁੰਮਣ ਲੱਗੀ। ਬੱਚਾ ਰੋਣੋਂ ਹੱਟ ਗਿਆ ਸੀ। ਪਤਾ ਨਹੀਂ ਕਿੰਨੀ ਦੇਰ ਸ਼ੱਬੋ ਉਸ ਬੱਚੇ ਨਾਲ ਖੇਡਦੀ ਰਹੀ। ਜਦੋਂ ਹੋਸ਼ ਆਈ ਤਾਂ ਉਹ ਕੁਟੀਆ ਵਿੱਚ ਸੀ ਤੇ ਬੜੀ ਬਦਲੀ ਹੋਈ ਸੀ। ਪੰਡਤ ਧਰਮ ਰਾਜ ਸਿਰ ਝੁਕਾਈ ਹੈਰਾਨ ਬੈਠਾ ਸੀ। ਉਸ ਦੀ ਗੋਦ ਵਿੱਚ ਉਹੀ ਬੱਚਾ ਸੀ ਜਿਹੜਾ ਕੁਝ ਚਿਰ ਪਹਿਲਾਂ ਉਸ ਲਹੂ ਲੁਹਾਣ ਜਿਹੇ ਢਾਕ ਦੇ ਦਰੱਖਣ ਹੇਠੋਂ ਮਿਲਿਆ ਸੀ।

ਸ਼ੱਬੋ ਇਕ ਟੱਕ ਪੰਡਤ ਧਰਮ ਰਾਜ ਵੱਲ ਦੇਖ ਰਹੀ ਸੀ ਤੇ ਧਰਮ ਰਾਜ ਹੇਠਾਂ ਜ਼ਮੀਨ ਵੱਲ। ਸ਼ਾਇਦ ਇਹ ਖ਼ਬਰ ਉਨ੍ਹਾਂ ਤੱਕ ਪਹੁੰਚ ਗਈ ਸੀ ਕਿ ਹੁਣੇ-ਹੁਣੇ ਕਰਮੂ ਦੇ ਤਾਲ ’ਤੇ ਸੁਕਨਾ ਦੀ ਲਾਸ਼ ਕਿਸੇ ਦਰੱਖਤ ਨਾਲ ਲਟਕਦੀ ਮਿਲੀ ਸੀ।

ਜਨਮ ਤੇ ਮੌਤ ਜਿਵੇਂ ਇਕੱਠੇ ਹੀ ਆ ਗਏ................।

ਤੜਕੇ-ਤੜਕੇ ਜਿਸ ਕੁਟੀਆ ਵਿੱਚ ਸ਼ਿਵ ਤਾਂਡਵ ਜਾਂ ਦੁਰਗਾ ਸਪਤਸਤੀ ਦੇ ਸ਼ਲੋਕ ਗੂੰਜਿਆ ਕਰਦੇ ਸਨ, ਉੱਥੇ ਅੱਜ ਸੁੰਨ ਵਰਤ ਗਈ ਸੀ। ਉੱਥੇ ਰੋਮ-ਰੋਮ ਨੂੰ ਚੀਰ ਜਾਣ ਵਾਲੀ ਚੁੱਪ ਪਸਰ ਗਈ ਸੀ। ਅਚਾਨਕ ਹੀ ਪੰਡਤ ਧਰਮ ਰਾਜ ਦੇ ਗਲੇ ’ਚੋਂ ‘ਗੋਂ-ਗੋਂ’ ਦੀ ਆਵਾਜ਼ ਆਈ ਤੇ ਉਹ ਧੜੰਮ ਕਰਕੇ ਧਰਤੀ ’ਤੇ ਡਿੱਗ ਪਿਆ। ਉਹ ਸ਼ਾਇਦ ਕੁਝ ਕਹਿਣਾ ਚਾਹੁੰਦਾ ਸੀ ਪਰ ਕਹਿ ਨਹੀਂ



ਸਕਿਆ। ਆਵਾਜ਼ ਕਿਤੇ ਅੰਦਰ ਹੀ ਘੁਟ ਕੇ ਰਹਿ ਗਈ ਸੀ.......ਸਿਰਫ਼ ਉਸ ਦੀਆਂ ਦੋ ਮਜ਼ਬੂਰ ਤੇ ਵਿਚਾਰੀਆਂ ਅੱਖਾਂ ਕੁਝ ਕਹਿ ਰਹੀਆਂ ਸਨ। ਪਰ ਉਹ ਕੀ ਕਹਿ ਰਹੀਆਂ ਸਨ, ਇਹ ਗੱਲ ਸ਼ੱਬੋ ਤੋਂ ਬਿਨਾਂ ਕੋਈ ਨਹੀਂ ਸੀ ਜਾਣਦਾ। ਸ਼ੱਬੋ ਨੇ ਸੁਣਿਆ ਕਿ ਪੰਡਤ ਧਰਮ ਰਾਜ ਕਹਿ ਰਿਹਾ ਸੀ, “ਸ਼ੱਬੋ ਅੱਜ ਇਕ ਸੱਪ ਨੇ ਇਕ ਨਿਓਲੇ ਨੂੰ ਮਾਰ ਦਿੱਤਾ ਏ........।”

ਕਹਿੰਦੇ ਹਨ ਉਸੇ ਦਿਨ ਸ਼ਬਨਮ ਉਰਫ਼ ਸ਼ੱਬੋ ਨੂੰ ਔਰਤ ਹੋਣ ਦਾ ਵਰਦਾਨ ਮਿਲਿਆ ਸੀ। ਮਰਦਿਆਂ ਹੋਇਆਂ ਪੰਡਤ ਧਰਮ ਰਾਜ ਨੇ ਜਿਸ ਪਲ ਉਸ ਬੱਚੇ ਨੂੰ ਸ਼ੱਬੋ ਦੀ ਗੋਦ ’ਚ ਪਾਇਆ, ਉਸੇ ਪਲ ਉਸ ਦੀਆਂ ਛਾਤੀਆਂ ਵਿੱਚ ਦੁੱਧ ਉਤਰ ਆਇਆ ਸੀ........। ਇਹ ਸਭ ਗੱਲਾਂ ਗਾਂਧੀ ਜੀ ਦੀ ਹੱਤਿਆ ਤੋਂ ਇਕ ਮਹੀਨਾ ਪਹਿਲਾਂ ਦੀਆਂ ਹਨ। ਉਸ ਪੁਰਾਣੇ ਤੇ ਪਿਛੜੇ ਹੋਏ ਪਿੰਡ ਵਿੱਚ ਜਿੱਥੇ ਕਿਸੇ ਵੀ ਘਟਨਾ ਦੀ ਖ਼ਬਰ ਉਸ ਦੇ ਵਾਪਰਨ ਤੋਂ ਮਹੀਨਾ ਭਰ ਬਾਅਦ ਆਉਂਦੀ ਸੀ, ਗਾਂਧੀ ਜੀ ਦੀ ਹੱਤਿਆ ਦੀ ਖ਼ਬਰ ਇਕ ਮਹੀਨਾ ਪਹਿਲਾਂ ਪਹੁੰਚ ਗਈ ਸੀ। ਅਜਿਹਾ ਕਿਉਂ ਸੀ। ਕੋਈ ਨਹੀਂ ਜਾਣਦਾ।

ਕਹਿੰਦੇ ਹਨ ਕਿ ਕਰਮੂ ਦੇ ਤਾਲ ’ਤੇ ਅੱਜ ਵੀ ਸੁਕਨਾ ਚਮਾਰੀ ਦਾ ਪ੍ਰੇਤ ਘੁੰਮਦਾ ਰਹਿੰਦਾ ਹੈ ਤੇ ਬ੍ਰਾਹਮਣ ਪੁੱਤਰਾਂ ਨੂੰ ਉੱਥੇ ਜਾਣ ਦੀ ਸਖ਼ਤ ਮਨਾਹੀ ਹੈ। ਜੋ ਜਾਂਦੇ ਹਨ, ਉਹ ਪੰਡਤ ਧਰਮ ਰਾਜ ਦਾ ਜਾਪ ਕਰਦੇ ਜਾਂਦੇ ਹਨ।

ਖ਼ੈਰ ਕੰਪਿਊਟਰ ’ਚੋਂ ਇਕ ਵਾਰੀ ਫਿਰ ਪੀਂ-ਪੀਂ ਦੀ ਆਵਾਜ਼ ਆਉਣ ਲੱਗੀ ਹੈ ਤੇ ਕਿਸੇ ਤਕਨੀਕੀ ਗੜਬੜੀ ਕਰਕੇ ਬਹੁਤ ਸਾਰੀਆਂ ਸੂਚਨਾਵਾਂ ਗਾਇਬ ਹੋ ਗਈਆਂ ਹਨ, ਪਰ ਮੈਂ ਅਜੇ ਵੀ ਉਸ ਘਰ ਦੇ ਬਾਰੇ ਵਿੱਚ ਜਾਣਨਾ ਚਾਹੁੰਦਾ ਹਾਂ, ਜਿਸ ਦੇ ਵਸੇਂਦੇ ਕਦੀ ਅੰਨ ਨੂੰ ਤਰਸਦੇ ਸਨ....ਪੰਡਤਾਣੀ ਤੇ ਉਸਦੇ ਦੇ ਬੱਚਿਆਂ ਦੇ ਬਾਰੇ ’ਚ ਵੀ ਜਾਣਨਾ ਚਾਹੁੰਦਾ ਹਾਂ, ਜਿਹੜੇ ਮੰਗ-ਤੰਗ ਕੇ ਪੇਟ ਭਰਦੇ ਰਹੇ। ਪ੍ਰੰਤੂ ਮੈਨੂੰ ਕੁਝ ਨਹੀਂ ਮਿਲਦਾ.... ਸਿਵਾਇ ਇਸਦੇ ਕਿ ਪੰਡਤ ਧਰਮ ਰਾਜ ਦੇ ਮਰਨ ਮਗਰੋਂ ਸ਼ੱਬੋ ਉਸ ਬੱਚੇ ਨੂੰ ਲੈ ਕੇ ਫਿਰ ਕਲਕੱਤੇ ਵਾਪਸ ਆ ਗਈ। ਕਲਕੱਤੇ ਵਿੱਚ ਕਾਫ਼ੀ ਦਿਨ ਲੁਕਣ-ਛਿਪਣ ਮਗਰੋਂ ਆਖਰ ਉਹ ਫੜੀ ਗਈ। ਆਜ਼ਾਦ ਭਾਰਤ ਵਿੱਚ ਉਸ ’ਤੇ ਸਾਰਜੈਂਟ ਰਾਬਰਟ ਦੇ ਕਤਲ ਦਾ ਕੇਸ ਚੱਲਿਆ ਤੇ ਉਸ ਨੂੰ ਫਾਂਸੀ ਹੋ ਗਈ। ਫਿਰ ਉਸ ਬੱਚੇ ਦਾ ਕੀ ਬਣਿਆ? ਇਸ ਬਾਰੇ ਵਿੱਚ ਕੋਈ ਸੂਚਨਾ ਨਹੀਂ ਹੈ। ਕੰਪਿਊਟਰ ਦੱਸਦਾ ਹੈ ਕਿ ਉਹ ਬੱਚਾ ਹੋਰ ਕੋਈ ਨਹੀਂ, ਮੇਰਾ ਪਿਤਾ ਪੰਡਤ ਸੀਆ ਰਾਮ ਓਝਾ ਸੀ। ਸੀਆ ਰਾਮ, ਪੰਡਤ ਸੀਆ ਰਾਮ ਓਝਾ ਕਿਵੇਂ ਬਣਿਆ, ਇਸ ਬਾਰੇ ਵਿੱਚ ਕੰਪਿਊਟਰ ਕੋਲ ਕੋਈ ਸੂਚਨਾ ਨਹੀਂ ਹੈ।

ਹੁਣ ਦੁਨੀਆਂ ਦੀਆਂ ਸਾਰੀਆਂ ਸੂਚਨਾਵਾਂ ਵਿੱਚ ਮੈਨੂੰ ਸਿਰਫ਼ ਇਸੇ ਸੂਚਨਾ ਦੀ ਤਲਾਸ਼ ਹੈ। ਪਰ ਉਹ ਮੈਨੂੰ ਨਹੀਂ ਮਿਲਦੀ।

ਪਰ ਹਾਂ, ਪਤਾ ਨਹੀਂ ਕਿਉਂ ਤੇ ਕਿਵੇਂ ਕੰਪਿਊਟਰ ਸਕਰੀਨ ’ਤੇ ਇਸ ਸਮੇਂ ਮੇਰੇ ਸਾਹਮਣੇ ਉਸ ਸਦੀ ਦੇ ਪਹਿਲੀ ਰਾਸ਼ਟਰੀ ਜਨਗਣਨਾ ਦੇ ਅੰਕੜੇ ਆ ਗਏ ਹਨ, ਜਿਸ ਵਿੱਚ ਕਿਹਾ ਗਿਆ ਹੈ ਕਿ ਇਸ ਵਾਰੀ ਹੀਜੜਿਆਂ ਨੂੰ ਮਰਦਾਂ ਦੇ ਖਾਤੇ ਵਿੱਚ ਪਾ ਦਿੱਤਾ ਗਿਆ ਹੈ। ਹੁਣ ਤੁਸੀਂ ਹੀ ਦੱਸੋ ਕਿ ਭਲਾਂ ਇਸ ਸੂਚਨਾ ਦਾ ਇਸ ਕਹਾਣੀ ਨਾਲ ਕੀ ਸੰਬੰਧ ਹੋ ਸਕਦਾ ਹੈ।

ਖ਼ੈਰ......ਅਜੇ ਤਾਂ ਮੈਂ ਆਪਣੇ ਉਸ ਸੁਪਨੇ ਦੇ ਬਾਰੇ ਵਿੱਚ ਸੋਚ ਰਿਹਾ ਹਾਂ, ਜਿਸ ਨੇ ਅੱਜ ਕਲ੍ਹ ਮੇਰੀ ਨੀਂਦ ਹਰਾਮ ਕਰ ਰੱਖੀ ਹੈ। ‘ਬ੍ਰਹਮਹੱਤਿਆ’ ‘ਬ੍ਰਹਮਹੱਤਿਆ’ ਵਰਗੇ ਸ਼ਬਦ ਹਰ ਸਮੇਂ ਮੇਰੇ ਕੰਨਾਂ ਵਿੱਚ ਘੰਟੀਆਂ ਵਾਂਗ ਗੂੰਜਦੇ ਹਨ। ਜਾਗਦਿਆਂ ਵੀ ਲੱਗਦਾ ਹੈ ਕਿ ਮੈਂ ਸੁੱਤਾ ਪਿਆ ਹਾਂ ਤੇ ਉਹੀ ਭਿਆਨਕ ਸੁਪਨਾ ਦੇਖ ਰਿਹਾ ਹਾਂ, ਜਿਸ ਵਿੱਚ ਮਹਾਰਾਜ ਚਿੱਤਰ ਗੁਪਤ ਆਪਣੀ ਵਿਅੰਗਮਈ ਮੁਸਕਰਾਹਟ ਦੇ ਨਾਲ ਮੇਰੀ ਕਿਸਮਤ ਦਾ ਫੈਸਲਾ ਕਰਦਾ ਹੈ ਤੇ ਹੱਥਾਂ ’ਚ ਲਾਲ ਗਰਮ ਸਰੀਏ ਲਈ ਉਹ ਡਰਾਉਣਾ ਪ੍ਰਛਾਵਾਂ ਮੇਰਾ ਪਿੱਛਾ ਕਰਦਾ ਹੈ। ਮੈਂ ਪਾਗਲਾਂ ਵਾਂਗ ਚੀਕਦਾ ਹਾਂ। ਮੈਨੂੰ ਕੋਈ ਨਹੀਂ ਸੁਣਦਾ। ਮੇਰੀਆਂ ਅੱਖਾਂ ਫੋੜ੍ਹ ਦਿੱਤੀਆਂ ਜਾਂਦੀਆਂ ਹਨ ਤੇ ਕੰਨਾਂ ਵਿੱਚ ਪਿੰਗਲਿਆ ਸਿੱਕਾ ਪਾ ਦਿੱਤਾ ਜਾਂਦਾ ਹੈ। ਸੱਚਮੁੱਚ ਮੈਂ ਕੁਝ ਦੇਖ ਨਹੀਂ ਸਕਦਾ, ਸੁਣ ਨਹੀਂ ਸਕਦਾ। ਇਤਿਹਾਸ ਦੀ ਕੋਈ ਵੀ ਸ਼ਕਤੀ ਹੁਣ ਮੇਰੇ ਨਾਲ ਨਹੀਂ ਹੈ। ਮੈਂ ਬਿਲਕੁੱਲ ਵਿਚਾਰਾ ਤੇ ਅਪਾਹਜ ਹੋ ਚੱਲਿਆ ਹਾਂ, ਬਾਵਜੂਦ ਇਸਦੇ ਕਿ ਕੰਪਿਊਟਰ ’ਤੇ ਹੁਣ ਮੈਂ ਆਪਣਾ ਇਤਿਹਾਸ ਬਦਲ ਦਿੱਤਾ ਹੈ।

**ਅਨੁ: ਗੁਰਦਿਆਲ ਦਲਾਲ**

# ਚੂਹੇ ਨੂੰ ਚੂਹਾ ਹੀ ਰਹਿਣ ਦਿਉ/ਮਧੂ ਕਾਂਕਰਿਆ

ਜੋ ਜਿੰਦਗੀ ਦਾ ਮਕਸਦ ਜ਼ਿੰਦਗੀ ਦੇ ਭੇਤਾਂ ਤੱਕ ਪਹੁੰਚਣਾ ਹੈ ਤਾਂ ਇਹ ਕਹਾਣੀ ਤੁਹਾਨੂੰ ਕਈ ਭੇਦ ਦੇਵੇਗੀ, ਪਰ ਰੱਬ ਨਾ ਕਰੇ ਜੇ ਤੁਹਾਡੀ ਸੋਚ ਤੇ ਦ੍ਰਿਸ਼ਟੀ ਦੀ ਰੇਂਜ਼ ਥੋੜ੍ਹੀ ਦੇਰ ਲਈ ਗੜਬੜਾ ਜਾਵੇ ਤੇ ਕਹਾਣੀ ਮਹਿਜ ਇਕ ਘਟਨਾ ਬਣ ਕੇ ਹੀ ਰਹਿ ਜਾਵੇ, ਤਾਂ ਬੜਾ ਸੰਭਵ ਹੈ ਉਹ ਭੇਤ ਕਿਸੇ ਰੇਤ ਦੇ ਘਰ ਵਾਂਗ ਹੀ ਢਹਿ ਜਾਣ।

ਖੈਰ.......ਉਮੀਦ 'ਤੇ ਕਹਾਣੀ ਦੀ ਦੁਨੀਆਂ ਕਾਇਮ ਹੈ। ਕਿੱਸਾ ਇਹ ਕਿ ਕਹਾਣੀ ਦੀ ਸ਼ੁਰੂਆਤ ਵਿਚ ਇਕ ਨਾਇਕਾ ਹੈ, ਜਿਹੜੀ ਹਿਮਾਲਿਆ ਦੀ ਸੰਪੂਰਨ ਸੁੰਦਰਤਾ ਨੂੰ ਪਹਿਲੀ ਵਾਰ ਦੇਖ ਕੇ ਦੰਗ ਰਹਿ ਗਈ ਹੈ। ਅੱਜ ਤੋਂ ਪਹਿਲਾਂ ਉਹਨੇ ਇੰਨੀ ਸੁੰਦਰਤਾ ਕਦੇ ਨਹੀਂ ਦੇਖੀ। ਅਸਮਾਨ ਨੂੰ ਛੂੰਹਦੀਆਂ ਪਹਾੜੀ ਚੋਟੀਆਂਸ਼ ਪਤਾਲਾਂ ਤੱਕ ਜਾਂਦੀਆਂ ਘਾਟੀਆਂ। ਚੱਟਾਨਾਂ। ਸ਼ਿਲਾਵਾਂ। ਜਿੱਥੋਂ ਤੱਕ ਦਿੱਸੇ ਕਿਸੇ ਜਾਦੂਈ ਹਰੀ ਚਾਂਦਰ ਨਾਲ ਢੱਕੀ ਹੋਈ ਸਾਰੀ ਕਾਇਨਾਤ। ਹੇਠਾਂ ਕਲ-ਕਲ ਵਹਿੰਦੀ, ਤਿਸਤਾ ਨਦੀ। ਵਿਚ-ਵਿਚਾਲੇ ਚਿੱਟੇ ਬੱਦਲਾਂ ਨੂੰ ਚੀਰ ਕੇ ਨਿਕਲਦੀ ਉਹਦੀ ਜੀਪ। ਉਤੇਜਨਾ, ਹੈਰਾਨਗੀ ਤੇ ਖੁਸ਼ੀ ਸੰਗ ਉਹ ਚੀਕ ਪੈਂਦੀ ਹੈ....."ਵਾਹ! ਕਿੰਨਾ ਅਨੋਖਾ! ਕਿੰਨਾ ਸੁਪਨਮਈ। ਪੂਰਾ ਸੁਰਗ....।"

ਉਸਨੇ ਚਾਹਨਾ ਕੀਤੀ ਕਿ ਉਹ ਹਿਮਾਲਿਆ ਨੂੰ ਸਿਜ਼ਦਾ ਕਰੇ। ਕਦੇ ਆਪਣੇ ਸਕੂਲੀ ਦਿਨਾਂ 'ਚ ਉਹਨੇ ਹਿਮਾਲਿਆਂ ਬਾਰੇ ਕੁਝ ਕਵਿਤਾਵਾਂ ਪੜ੍ਹੀਆਂ ਸਨ। ਉਸ ਕੁਝ ਕੁ ਨੂੰ ਗੁਣਗੁਣਾਉਣ ਦਾ ਮਨ ਬਣਾਇਆ-"ਮੇਰੇ ਲਖਪਤੀ.....ਮੇਰੇ ਵਿਸ਼ਾਲ।"

ਪਰ ਇਸ ਤੋਂ ਅੱਗੇ ਯਾਦਾਂ ਨੇ ਉਹਦਾ ਸਾਥ ਨਹੀਂ ਦਿੱਤਾ। ਬੀਤੇ ਦੇ ਨੈਗਟਿਵ-ਪਾਜਿਟਿਵ ਵਿੱਚ ਨਹੀਂ ਬਦਲ ਸਕੇ।

ਆਪਣੇ ਅਧੂਰੇ ਸਿਜ਼ਦੇ 'ਤੇ ਉਹਨੂੰ ਖਿੱਚ ਆਈ।

ਫਿਰ ਕੁਝ ਸਤਰਾਂ ਦਿਮਾਗ 'ਤੇ ਟਹਿਲਣ ਲੱਗੀਆਂ। ਆਪਣੀਆਂ ਯਾਦਾਂ ਦੇ ਇਸ ਹਿੱਸੇ ਨੂੰ ਪੁਨਰਜੀਵਨ ਹੁੰਦਿਆਂ ਦੇਖ ਉਹ ਮੁਸਕਰਾ ਪਈ। ਦਿਮਾਗ 'ਤੇ ਹੁਣ ਹੋਰ ਜ਼ੋਰ ਦੇਣ ਦੀ ਬਜਾਇ ਉਹੇ ਆਪਣੇ ਆਪ ਨੂੰ ਪੂਰੀ ਤਰ੍ਹਾਂ ਹਿਮਾਲਿਅਆ ਦੇ ਹਵਾਲੇ ਕਰ ਦਿੱਤਾ। ਆਪਣੇ ਅੰਦਰ ਉਸ ਨੂੰ ਪਹਿਲੀ ਵਾਰ ਅਹਿਸਾਸ ਹੋਇਆ ਕਿ ਜਿਵੇਂ ਉਹਦੇ ਅੰਦਰ ਰੱਬ ਵੱਸ ਗਿਆ ਹੋਵੇ...ਤੇ ਜਿਹਦੇ ਪ੍ਰਭਾਵ ਨਾਲ ਉਹਦਾ ਸਦੀਆਂ ਪੁਰਾਣਆ ਚੋਲਾ ਫੱਟ ਕੇ, ਉਹ ਮੁੜ ਸਿਰਜਤ ਹੋ ਕੇ ਨਿਕਲ ਰਹੀ ਹੋਵੇ...ਮੁਕਤ ਅਤੇ ਆਜ਼ਾਦ.....ਤੇ ਉਦੋਂ ਹੀ ਉਸਦਾ ਇਹ ਰਹੱਸ ਟੁੱਟਿਆ। ਪੁੱਤਰ ੇ ਉਹਨੂੰ ਝੰਜੋੜ ਕੇ ਰੱਖ ਦਿੱਤਾ।

"ਮੰਮੀ, ਅਸੀਂ ਸਮੁੰਦਰਤੀ ਤਲ ਤੋਂ ਕਿੰਨੀ ਉਚਾਈ 'ਤੇ ਹਾਂ।"

"ਕੀ?" ਉਹ ਹੜਬੜਾਈ। ਅੰਦਰੋਂ ਬਾਹਰ ਪਰਤੀ। ਇਨ੍ਹਾਂ ਅਨਮੋਲ ਪਲਾਂ ਵਿੱਚ ਤਾਂ ਜਿਵੇਂ ਉਹ ਸਾਰੇ ਸੰਬੰਧਾਂ ਤੋਂ ਪਾਰ ਲੰਘ ਗਈ ਹੋਵੇ। ਉਹ ਭੁੱਲ ਹੀ ਗਈ ਸੀ ਕਿ ਉਹਦੇ ਨਾਲ ਉਸਦਾ ਨੌਂ ਸਾਲਾਂ ਪੁੱਤਰ ਤੇ ਬਤੌਰ ਬਾਡੀਗਾਰਡ....ਉਹਦੇ ਪਤੀ ਵੱਲੋਂ ਭੇਜਿਆ ਦਫ਼ਤਰ ਦਾ ਇੱਕ ਨੌਕਰ ਵੀ ਸੀ।



"ਬੇਟੇ, ਅਸੀਂ ਸਮੁੰਦਰੀ ਤਲ ਤੋਂ 5700 ਫੁੱਟ ਉਚਾਈ 'ਤੇ ਹਾਂ।.....ਅਸੀਂ ਗੈਂਗਟਾਕ ਤੋਂ ਸਿਰਫ਼ ਸੌ ਕਿਲੋਮੀਟਰ ਦੀ ਦੂਰੀ 'ਤੇ ਹਾਂ।"

"ਇਹ ਕਿਸੇ ਨੇ ਜਵਾਬ ਦਿੱਤਾ.....ਪੂਰੇ ਅੰਕੜਿਆ ਨਾਲ?" ਉਹਨੇ ਮੁੜ ਕੇ ਦੇਖਿਆ ਉਹ ਕੋਈ ਸੈਲਾਨੀ ਸੀ। ਉਸ ਦੀਆਂ ਝੀਲ ਵਾਂਗ ਡੂੰਘੀਆਂ ਅੱਖਾਂ ਉਹਨੂੰ ਦੇਖ ਮੁਸਕਰਾ ਰਹੀਆਂ ਸਨ।

"ਤੁਹਾਡਾ ਪੁੱਤਰ ਏ?"

"ਜੀ।"

"ਬੜਾ ਜਗਿਆਸੂ ਏ।"

"ਹਾਂ।"

ਉਹਨੂੰ ਟਾਲ ਕੇ ਉਹ ਫਿਰ ਅਕਾਸ਼ ਤੇ ਹਿਮਾਲਿਆ ਦੀ ਰਹੱਸਤਾ ਤੇ ਵਿਰਾਟਤਾ 'ਚ ਗੁਆਚ ਗਈ। ਪਹਾੜਾਂ ਨੂੰ ਕੱਟ ਕੇ ਬਣਾਏ ਗੋਲਾਈਦਾਰ ਰਾਹ। ਇਹ ਉੱਚਾਈ। ਇੰਨੀ ਵਿਸ਼ਾਲਤਾ.....ਕਦੋਂ ਤੋਂ? ਸ੍ਰਿਸ਼ਟੀ ਦੇ ਆਰੰਭ ਤੋਂ? ਇਹ ਚੱਟਾਨਾਂ....ਕਿਸੇ ਭਈਮ ਵਰਗੇ ਵੱਡ ਅਖਾਰੀ ਜਾਨਵਰਾਂ ਦੀਆਂ ਹੱਡੀਆਂ....ਜੋ ਕਦੇ ਜਿਉਂਦੇ ਜਾਗਦੇ ਸੀ।......ਉਹਨਾਂ ਦੇ ਹੀ ਹੱਡ ਮਾਸ ਦੀਆਂ ਪਰਤਾਂ......ਜੋ ਜੰਮ-ਜੰਮ ਕੇ ਚੱਟਾਨਾਂ ਬਣ ਗਈ।

ਕੀ ਇਹੋ ਜਿਹੀਆਂ ਚੱਟਾਨਾਂ ਉਸ ਦੇ ਅੰਦਰ ਨਹੀਂ? ਚੰਗਾ ਤਾਂ ਇਹੋ ਹੈ ਕਿ ਕੁਝ ਵੀ ਅੰਦਰ ਨਾ ਰਹਿਣ ਦਿੱਤਾ ਜਾਵੇ।

ਪਹਿਲੀ ਵਾਰ ਉਸ ਨੇ ਮਹਿਸੂਸ ਕੀਤਾ....ਕਿ ਉਹ ਕਿਸੇ ਅੰਦਰਲੇ ਡਰ ਤੋਂ ਮੁਕਤ ਸੀ ਤੇ ਅਜਿਹੇ ਹੀ ਨਿੱਡਰ ਪਲਾਂ ਵਿੱਚ ਉਸਨੇ ਆਪਣੇ ਨਾਲ ਆਏ ਨੌਕਰ ਨੂੰ ਵੀ ਫੈਸਲਾਕੁੰਨ ਬੋਲਾਂ 'ਚ ਕਿਹਾ-"ਤੂੰ ਗੈਂਗਟਾਕ ਟੈਕਸੀ ਸਟੈਂਡ ਤੋਂ ਹੀ ਵਾਪਸ ਕੋਲਕਾਤਾ ਪਰਤ ਜਾਣਾ....ਅੱਗੇ ਦਾ ਸਫ਼ਰ ਮੈਂ, ਖੁਦ ਕਰ ਲਵਾਂਗੀ।"

"ਪਰ....ਮਾਲਕ ਦਾ ਹੁਕਮ ਤਾਂ.....।"

"ਮੈਂ ਸਮਝਾ ਦੇਵਾਂਗੀ...ਉਹਨਾਂ ਨੂੰ।"

ਗੈਂਘਟਾਕ ਆਉਂਦਿਆਂ-ਆਉਂਦਿਆਂ ਦ੍ਰਿਸ਼ ਵਿਚ ਬਦਲਣ ਲੱਗੇ ਸਨ। ਜਿਵੇਂ-ਜਿਵੇਂ ਜੀਪ ਉੱਚਾਈ ਵੱਲ ਵੱਧ ਰਹੀ ਸੀ, ਉਵੇਂ-ਉਵੇਂ ਔਰਤ ਨੇ ਹੈਰਾਨੀ ਨਾਲ ਉਤਾਂਹ ਵੱਲ ਦੇਖਿਆ....ਅਸਮਾਨ ਦਾ ਨੀਲਾਪਣ ਜਿਵੇਂ ਕਿਸੇ ਨੇ ਖੋਹ ਲਿਆ ਹੋਵੇ। ਅਕਾਲ ਬਿਲਕੁਲ ਚਿੱਟਾ ਸੀ ਦੁਧੀਆ ਬੱਦਲਾਂ ਨਾਲ ਢੱਕਿਆ ਹੋਇਆ। ਉਹਨੇ ਹੇਠਾਂ ਘਾਟੀਆਂ ਵੱਲ ਨਜ਼ਰ ਮਾਰੀ...ਹੈਂਅ। ਉੱਥੇ ਕੁਝ ਵੀ ਨਹੀਂ ਸੀ.....ਸਿਰਫ਼ ਚਿੱਟੇ ਬੱਦਲ ਹੀ ਬੱਦਲ। ਪੂਰਾ ਆਲਾ-ਦੁਆਲਾ ਬੱਦਲਾਂ ਨਾਲ ਭਰਿਆ ਹੋਇਆ ਸੀ।

ਇੱਥੇ ਉੱਚਾਈ 'ਤੇ ਧਰਤੀ-ਅਕਾਸ਼ ਨਹੀਂ, ਪਹਾੜ ਤੇ ਅਕਾਸ਼ ਮਿਲਦੇ ਹਨ। ਬੱਦਲ ਮਿਲਵਾਉਂਦੇ ਹਨ ਉਨ੍ਹਾਂ ਨੂੰ। ਔਰਤ ਖਿੜ ਰਹੀ ਸੀ। ਚਿੱਤਰਕਾਰ ਦੀ ਇਸ ਅਨੋਖੀ ਕਲਾਕ੍ਰਿਤੀ ਨੇ ਉਸਦੀਆਂ ਸਾਰੀਆਂ ਇੰਜਰੀਆਂ 'ਚ ਸੁੰਦਰਤਾ ਹੀ ਸੁੰਦਰਤਾ ਭਰ ਦਿੱਤੀ ਸੀ।

ਉਸਦੇ ਅੰਦਰ ਅਨੋਖੇ ਵਿਚਾਰ ਉਭਰਨ ਲੱਗੇ।..ਜੇ ਕੋਈ ਹੱਤਿਆਰਾ ਦੇਖ ਲਏ ਆਤਮਾ ਦੀ ਕਾਲਮ ਨੂੰ ਧੋ ਦੇਣ ਵਾਲੀ ਇਸ ਅਲੋਕਿਕ ਸੁੰਦਰਤਾ ਨੂੰ। ਹਿਮਾਲਿਆਂ ਦੀ ਸਾਰੀ ਦਿੱਖ ਨੂੰ, ਤਾਂ ਕੀ ਫਿਰ ਉਹ ਕਰ ਸਕੇਗਾ ਕਿਸੇ ਦੀ ਹੱਤਿਆ? ਉਹਦੇ ਅਵਚੇਤਨ ਵਿੱਚ ਅਮਰੀਕਾ ਤੇ ਉਸਾਮਾ ਬਿਨ-ਲਾਦੇਨ ਝਾਕ ਗਏ। ਯੁੱਧ, ਦੰਗੇ, ਮਹਾਮਾਰੀ, ਬੰਬ, ਭੁੱਖਮਰੀ, ਲੁੱਟ-ਖਸੁੱਟ, ਚੋਰੀ-ਚਕਾਰੀ, ਹਾਰੀ ਬਿਮਾਰੀ ਦੇ ਮਾਹੌਲ 'ਚ ਹੀ ਜਨਮ ਲੈਂਦੇ ਹਨ ਹੱਤਿਆ ਜਿਹੇ ਵਿਚਾਰ। ਕਾਸ਼! ਇਸ ਸੁੰਦਰਤਾ ਛੋਟਾ ਜਿਹਾ ਅੰਸ਼ ਵੀ ਲੈ ਜਾ ਸਕਦੀ......ਉਹ ਆਪਣੇ ਨਾਲ।

ਵਿਚਾਰਾਂ ਦਾ ਹੜ੍ਹ ਉਸ ਦੇ ਅੰਤਰਮਨ ਨੂੰ ਸਥੂਲ ਤੋਂ ਸੂਖਮ ਬਣਾਉਣ ਲੱਗਾ ਸੀ ਕਿ ਪੁੱਤਰ

ਨੇ ਫਿਰ ਟੋਕ ਕੇ ਪੁੱਛਿਆ, "ਮੰਮੀ, ਅੱਜ ਦੀ ਸ਼ਾਮ ਅਸੀਂ ਕਿੱਥੇ ਜਾ ਰਹੇ ਹਾਂ ?......ਅੰਕਲ ਨੇ ਦੱਸਿਆ ਕਿ ਬੱਸ ਪੰਦਰਾਂ ਮਿੰਟਾਂ 'ਚ ਗੈਂਗਟਾਕ ਆਉਣ ਵਾਲਾ ਹੈ ?"

"ਅੱਜ ਦੀ ਸ਼ਾਮ ਤਾਂ ਤੁਸੀਂ ਕੇਵਲ ਲੋਕਲ ਗਾਈਡ ਦ੍ਰਿਸ਼ ਦੀ ਹੇਦਖ ਸਕੋਂਗੇ ਜਨਾਬ।.....ਛਾਂਗੂ ਝੀਲ ਤਾਂ ਤੁਸੀਂ ਕਲ੍ਹ ਹੀ ਜਾ ਸਕੋਂਗੇ।" ਨੇੜੇ ਬੈਠੇ ਇਖ ਸੈਲਾਨੀ ਨੇ ਫਿਰ ਉਸਨੂੰ ਤਸੱਲੀ ਦਿੰਦਿਆਂ ਕਿਹਾ।

ਇਸ ਵਾਲ ਧੌਣ ਨੂੰ ਇਕ ਵਿਸ਼ੇਸ਼ ਕੋਣ ਵੱਲ ਮੋੜ ਕੇ ਉਹਨੇ ਆਪਣੀਆਂ ਵੱਡੀਆਂ-ਵੱਡੀਆਂ ਅੱਖਾਂ ਉਸ 'ਤੇ ਟਿਕਾ ਦਿੱਤੀ।.....ਕਰੀਬ ਤੀਹ-ਬੱਤੀ ਸਾਲਾਂ ਦਾ ਇਕ ਚਮਕਦਾ ਚਿਹਰਾ। ਲੰਬਾ ਕੱਦ। ਗੰਭੀਰ ਅੱਖਾਂ। ਖਿਡਾਰੀਆਂ ਵਾਂਗ ਪਾਲਿਆਂ ਇਕੱਹਰਾ ਬਦਨ। ਲੈਨਿਨ ਮਾਰਕਾ ਦਾੜ੍ਹੀ। ਕੁੱਲ ਮਿਲਾ ਕੇ ਭਾਰਤੀ ਤੇ ਤਿੱਬਤੀ ਸੱਭਿਅਤਾ ਦਾ ਮਿਲਿਆ-ਜੁਲਿਆ......ਆਲੇ ਦਰਜੇ ਦਾ ਰੂਪ।

"ਇਹ ਵਾਰ-ਵਾਰ ਮੇਰੀ ਥਾਂ ਕਿਉਂ ਬੋਲ ਰਿਹਾ ਏ ?" ਔਰਤ ਦੇ ਮਨ ਹੀ ਮਨ ਸੋਚਿਆ।

"ਇਹ ਔਰਤ ਹੁਣ ਇੰਨਾ ਡੂੰਘਾ ਸੋਚ ਰਹੀ ਏ ਕਿ ਆਪਣੇ ਪੁੱਤ ਤੋਂ ਵੀ ਬੇਖ਼ਬਰ ਏ।" ਆਦਮੀ ਨੇ ਵੀ ਮਨ ਹੀ ਮਨ ਸੋਚਿਆ ਸੀ।

ਪਰ ਅਸਲ ਵਿਚ ਦੋਵੇਂ ਚੁੱਪ ਹੀ ਰਹੇ। ਔਰਤ ਨੇ ਆਪਣੇ ਖਿੱਲਰੇ ਵਾਲਾਂ ਦੀ ਇੱਕ ਲਿੱਟ, ਜੋ ਉਹਦੇ ਮੱਥੇ 'ਤੇ ਆ ਗਈ ਸੀ, ਨੂੰ ਪਿਛਾਂਹ ਕੀਤਾ।

ਆਦਮੀ ਨੇ ਆਪਣੀ ਪੈਂਟ ਦੀ ਜੇਬ 'ਚੋਂ ਨੀਲਾ ਰੁਮਾਲ ਕੱਢ ਕੇ ਚਿਹਰੇ 'ਤੇ ਫੇਰਿਆ।

ਫਿਰ ਦੋਵੇਂ ਹਲਕੇ ਜਿਹੇ ਹੱਸ ਪਏ।

ਜੀਪ ਦੀ ਗਤੀ ਹੁਣ ਹੌਲੀ ਹੋ ਰਹੀ ਸੀ। ਚੱਪੇ-ਚੱਪੇ 'ਤ ਧੁੱਪ। ਕ੍ਰਿਸਮਿਸ ਰੁੱਖ ਤੇ ਸੁੰਦਰ-ਸੁੰਦਰ ਛੋਟੇ-ਛੋਟੇ ਹੋਟਲ। ਕਿਤੇ-ਕਿਤੇ ਆਪਣੇ ਰਵਾਇਤੀ ਪਹਿਰਾਵੇ 'ਚ ਸਿੱਕਿਮੀ ਔਰਤਾ।

ਔਰਤ ਦਾ ਪੁੱਤਰ ਉਮੰਗ ਖ਼ੁਸ਼ੀ 'ਚ ਬੋਲਿਾ, "ਮੰਮੀ, ਅਸੀਂ ਗੈਂਗਟਾਕ ਆ ਗਏ ਨਾ ?"

ਔਰਤ ਨੇ ਡਰਾਇਵਰ ਨੂੰ ਬੇਨਤੀ ਕੀਤੀ, "ਤੁਸੀਂ ਸਾਨੂੰ ਹੋਟਲ ਫੋਰ ਸੀਜਨ ਤੱਕ ਛੱਡ ਆਉਣਾ।"

"ਜੀ, ਉਹ ਤਾਂ ਰਸਤੇ 'ਚ ਨਹੀਂ ਪੈਂਦਾ....ਐਖਸਟਰਾ ਚਾਰਜ ਲੱਗੇਗਾ।"

"ਠੀਕ ਏ।"

"ਤਾਂ ਮੈਡਮ ਹੋਟਲ ਫੋਰ ਸੀਜਨ 'ਚ ਰੁਕੀ ਏ, " ਆਦਮੀ ਨੇ ਮਨ 'ਚ ਸੋਚਿਆ। ਤਦੇ ਉਮੰਗ ਬੋਲ ਪਿਆ।

"ਤੁਸੀਂ ਕਿਹੜੇ ਹੋਟਲ 'ਚ ਠਹਿਰੋਂਗੇ ਅੰਕਲ ?"

"ਮੈਂ ਤਾਂ ਅਜੇ ਕੋਈ ਨਹੀਂ ਬੁੱਕ ਕਰਵਾਇਆ......ਦੇਖੋ ਜਿੱਥੇ ਜਗ੍ਹਾ ਮਿਲ ਗਈ।"

"ਤੁਸੀਂ ਵੀ ਸਾਡੇ ਹੋਟਲ 'ਚ ਆ ਜਾਉ ਨਾ, ਸ਼ਾਇਦ ਉੱਥੇ ਥਾਂ ਮਿਲ ਜਾਵੇ।" ਉਮੰਗ ਫਿਰ ਬੋਲਿਆ।

ਔਰਤ ਨੇ ਵੀ ਸਹਿਮਤੀ 'ਚ ਕਿਹਾ ਸੀ-"ਹਾਂ, ਉਮੰਗ ਨੂੰ ਵੀ ਤੁਹਾਡਾ ਸਾਥ ਮਿਲ ਜਾਵੇਗਾ।"

******

ਹੋਟਲ ਫੋਰ ਸੀਜਨ। ਸੈਲਾਨੀ ਨੂੰ ਇੱਥੇ ਹੀ ਕਮਰਾ ਮਿਲ ਗਿਆ ਸੀ। ਉਮੰਗ ਖ਼ੁਸ਼। ਪੌਂ-ਬਾਰਾਂ। ਮੰਮੀ ਨਾਲੋਂ ਜ਼ਿਆਦਾ ਚੰਗੇ ਸਰੋਤਾਂ ਤਾਂ ਉਸਦੇ ਇਹ ਅੰਕਲ ਹਨ ਸ਼ੁਪਨ ਅੰਕਲ।

ਆਪਣਾ ਕਮਰਾ ਦੇਖ ਕੇ ਉਮੰਗ ਫਿਰ ਅੰਕਲ ਵੱਲ ਤੁਰ ਪਿਆ-"ਦੇਖਾਂ ਤੁਹਾਡਾ ਕਮਰਾ ਕਿਹੋ ਜਿਹਾ ਏ ? ਬਾਲਕੋਨੀ ਵਾਲਾ ਏ ਜਾਂ...... ?"

"ਤੁਸੀਂ ਦੇਖਿਆ ਅੰਕਲ, ਇੱਥੇ ਕਿਤੇ ਵੀ ਪੱਖੇ ਨਹੀਂ, ਹਾਂ ਅੰਕਲ, ਮੈਂ ਇੱਥੇ ਕੋਈ ਕਾਲਾ



ਕਾਂ, ਕਬੂਤਰ, ਚਿੜੀ ਤੇ ਤਿੱਤਲੀ ਵੀ ਨਹੀਂ ਦੇਖੀ....ਉੱਚਾਈ ਕਰ ਕੇ ਨਾ ?"

"ਅੰਕਲ, ਬੱਸ ਅੱਧੇ ਘੰਟੇ 'ਚ ਹੀ ਚੱਲ ਪੈਂਦੇ ਹਾਂ....ਸਾਢੇ ਚਾਰ ਵਜੇ ਤੱਕ ਵੀ ਨਿਕਲੇ ਤਾਂ ਇਧਰ-ਉਧਰ ਦੇ ਦ੍ਰਿਸ਼ ਤਾਂ ਦੇਖ ਹੀ ਲਵਾਂਗੇ।.....ਚਲੋ। ਕਿਸੇ ਜੀਪ ਵਾਲੇ ਨਾਲ ਗੱਲ ਕਰਦੇ ਹਾਂ ?"

ਉਮੰਗ ਦਾ ਉਤਸ਼ਾਹ ਤੇ ਉਤਾਵਲਾਪਨ ਸੈਲਾਨੀ ਨੂੰ ਵੀ ਮੋਹਨ ਲੱਗਾ ਸੀ।

"ਤੂੰ ਆਪਣੀ ਮੰਮੀ ਤੋਂ ਪੁੱਛ ਕੇ ਆਇਆ ਏਂ ਨਾ ?" ਪਹਿਲੀ ਵਾਰ ਉਮੰਗ ਦੇ ਇਕਤਰਫਾ ਸੰਵਾਦ 'ਚ ਉਹਨੇ ਹਿੱਸਾ ਲਿਆ ਸੀ।

"ਹਾਂ ਅੰਕਲ...ਮੰਮੀ ਤੋਂ ਪੁੱਛ ਕੇ ਆਇਆ ਹਾਂ।"

ਹੋਟਲ ਮੈਨੇਜਰ ਦੇ ਸਹਿਯੋਗ ਨਾਲ ਉਹ ਇਕ ਸਾਂਝੀ ਜੀਪ ਕਰ ਲੈਂਦੇ ਹਨ।

******

ਸ਼ਾਮ।

ਪਹਾੜੀ ਇਲਾਕੇ। ਜਿੱਥੇ ਸ਼ਾਮ ਤੋਂ ਵੀ ਪਹਿਲਾਂ ਸ਼ਾਮ ਹੋ ਜਾਂਦੀ ਹੈ। ਜੀਵਨ ਦੇ ਸਾਰੇ ਚਿੰਨ੍ਹ, ਸਾਰੇ ਕਾਰਜ ਅੱਠ ਸਾਢੇ-ਅੱਠ ਚੱਕ ਨਿੱਬੜ ਜਾਂਦੇ ਹਨ। ਜੀਪ ਡਰਾਇਵਰ ਚੇਤਾਨੀ ਦਿੰਦਾ ਹੈ-"ਛੇ ਵਜੇ ਤੋਂ ਬਾਅਦ ਸਾਰੇ ਵਿਊ ਪੁਆਇੰਟ ਬੰਦ ਹੋ ਜਾਂਦੇ ਨੇ ਮੈਡਮ। ਮੀਂਹ, ਖ਼ੋਫ਼ਨਾਕ ਰਸਤੇ ਤੇ ਹਨੇਰਾ, ਆਵਾਜਾਈ ਬੰਦ ਹੋ ਜਾਂਦੀ ਹੈ।"

ਔਰਤ ਫਿਰ ਸੋਚਾਂ 'ਚ ਡੁੱਬੀ ਹੋਈ। ਸਾਰੇ ਦਬਾਆਂ ਤੋਂ ਮੁਕਤ, ਆਪਣੇ ਅੰਦਰ ਦੀਆਂ ਉਹਨਾਂ ਤਰੰਗਾਂ ਨੂੰ ਫੜ੍ਹਨ ਦੀ ਕੋਸ਼ਿਸ਼ 'ਚ ਗੁਆਚੀ-ਜਿਹੜੀਆਂ ਅਜਿਹੇ ਮੌਕੇ 'ਤੇ ਉਸ ਅੰਦਰ ਭਰ ਜਾਂਦੀਆਂ ਹਨ ਕਿ ਤਦੇ ਹੀ ਡਰਾਇਵਰ ਦੀ ਆਵਾਜ਼ ਨੇ ਉਹਦੀ ਸਮਾਧੀ ਭੰਗ ਕੀਤੀ-'ਉੱਤਰੋ, ਅਸੈਂਬਲੀ ਹਾਊਸ ਆ ਗਿਆ ਏ।"

"........................"

"ਇਹ ਦੇਖੋ, ਇਹ ਗੈਂਗਟਾਕ ਦਾ ਸਭ ਤੋਂ ਉੱਚਾ ਵਿਊ ਪੁਆਇੰਟ....ਇਹਨੂੰ ਸਿਊਸਾਈਡ ਪੁਆਇੰਟ ਵੀ ਕਹਿੰਦੇ ਨੇ.....ਜਿਹਨੇ ਮਰਨਾ ਹੁੰਦਾ ਏ, ਉਹ ਇੱਥੋਂ ਛਾਲਾਂ ਮਾਰਦੇ ਨੇ।.........ਸੱਚ ਕਹਿ ਰਿਹਾ, ਕਿੰਨੇ ਲੋਕਾਂ ਨੇ ਇੱਥੋਂ ਹੀ ਛਾਲਾਂ ਮਾਰਆਂ ਨੇ......ਤਾਹੀਓਂ ਤਾਂ ਇਹਦਾ ਨਾਂ ਪਿਆ.........ਸਿਊਸਾਈਡ ਪੁਆਇੰਟ!"

"ਕੀ ?" ਔਰਤ ਬਿਖਰ ਗਈ ਸੀ। ਇੰਨੇ ਸਰਵੋਤਮ ਸੁੰਦਰਤਾ ਵਾਲੇ ਜੀਵਨ ਤੇ ਜ਼ਿੰਗਦੀ ਦੀ ਖੁਸ਼ਹਾਲੀ ਭਰੀ ਕੁਦਰਤ ਕੋਲ ਆ ਕੇ ਵੀ ਕੋਈ ਮਰਨ ਦੀ ਸੋਚ ਸਕਦਾ ਹੈ। ਇੱਥੇ ਤਾਂ ਮਰਦੇ ਵੀ ਜਿਊਂਦੇ ਹੋ ਜਾਣ। ਨਾ ਧੂੜ, ਨਾ ਗੰਦਗੀ, ਨਾ ਭੁੱਖ, ਨਾ ਭਿਖਾਰੀ, ਨਾ ਦੰਗੇ, ਨਾ ਫਸਾਦ, ਨਾ ਮਹਾਂਮਾਰੀ। ਤੇ ਨਾ ਹੀ ਕਲਕੱਤੇ ਵਾਂਗ ਸੜਕਾਂ ਤੇ ਹੀ ਰਿਸਦੀ-ਫਿਸਦੀ, ਜੀਵ ਨਦੀਆਂ ਹਿਚਕੀਆਂ ਲੈਂਦੀ ਅੱਧਮਈ ਅਪਾਹਿਜ ਮਾਨਵਤਾ। ਹਾਏ ਰੱਬਾ।.......ਇਹੋ ਜਿਹੀ ਥਾਂ 'ਤੇ ਵੀ ਸਿਊਸਾਈਡ ?

ਜ਼ਾਹਿਰ ਸੀ ਕਿ ਔਰਤ ਇੰਨੇ ਕੁਦਰਤੀ ਤੇ ਮਾਹੌਲ ਸਿਊਸਾਈਡ ਵਿੱਚ ਕੋਈ ਜੋੜ ਨਹੀਂ ਲੱਭ ਰਹੀ ਸੀ।

"ਸਿਊਸਾਈਡ' ਸ਼ਬਦ ਸੁਣ ਆਦਮੀ ਵੀ ਰੋਮਾਂਚਿਤ ਤੇ ਵਿਚਾਰਸ਼ੀਲ ਹੋ ਗਿਆ ਸੀ। ਕਿਸੇ ਦਾਰਸ਼ਨਿਕ ਵਾਂਗ ਉਸਨੇ ਕਿਹਾ, "ਕੋਈ ਜ਼ਰੂਰੀ ਨਹੀਂ ਕਿ ਇੰਨੀ ਸੁੰਦਰਤਾ ਜੀਵਨ ਦੇ ਪ੍ਰਤੀ ਵੀ ਕੋਈ ਰਾਗ ਪੈਦਾ ਕਰੇ, ਇਹ ਵਿਰਾਗ ਵੀ ਤਾਂ ਪੈਦਾ ਕਰ ਸਕੀਂ।........ਇਕ ਵਾਰ ਦੋ ਦੋਸਤਾਂ ਨੇ 'ਕੱਠੇ ਕਿਸੇ ਰਮਣੀਕ ਜਗ੍ਹਾ ਨੂੰ ਦੇਖਿਆ। ਪਹਿਲਾ ਉਹਨੂੰ ਵੇਖਦੇ ਪਾਗਲ ਹੋ ਗਿਆ....ਸਹਿਣ ਨਹੀਂ ਕਰ ਸਕਿਆ ਅਜਿਹੇ ਰਮਣੀਕ ਮਾਹੌਲ ਨੂੰ। ਉਹਨੇ ਉੱਥੋਂ ਹੀ ਛਾਲ ਮਾਰ ਦਿੱਤੀ। ਮੈਨੂੰ ਸਭ ਕੁਝ ਮਿਲ ਗਿਆ, ਹੁਣ ਇਸ ਦੁਨੀਆਂ 'ਚ ਮੇਰੇ ਵੇਖਣ ਵਾਲੀ ਕੋਈ ਚੀਜ਼ ਨਹੀਂ। ਜਦੋਂ ਕਿ ਦੂਜੇ ਦੋਸਤ ਨੇ ਉਦੋਂ ਹੀ ਸੰਕਲਪ ਲਿਆ.....ਅਸੀਂ ਆਪਣੇ ਦੇਸ਼ ਨੂੰ ਵੀ ਇੰਨਾ ਸੁੰਦਰ ਬਣਾਵਾਂਗੇ ਤੇ ਉਸ ਲਈ ਮਰ-ਮਰ ਕੇ ਜਨਮ ਲਵਾਂਗੇ.....ਤਾਂ ਮੈਡਮ ਇਹ ਤਾਂ ਆਪਣੀ-ਆਪਣੀ ਸੋਚ ਤੇ ਨਜ਼ਰੀਆ ਏ......ਚੀਜ਼ਾਂ ਨੂੰ

ਦੇਖਣ ਦਾ।"

ਆਦਮੀ ਸੰਤੁਸ਼ਟ ਸੀ, ਪਹਿਲੀ ਵਾਰ ਉਸਨੇ ਔਰਤ ਨਾਲ ਕੁਝ ਪ੍ਰਭਾਵਸ਼ਾਲੀ ਗੱਲ ਕੀਤੀ ਸੀ।

ਜੀਪ ਫਿਰ ਅੱਗੇ ਚੱਲ ਪਈ। ਪਰ ਹੁਣ ਔਰਤ ਆਤਮਲੀਨ ਨਹੀਂ ਸੀ। ਵਿਚ-ਵਿਚਕਾਰ ਉਨ੍ਹਾਂ ਕੁਝ ਵਿਊ ਪੁਆਇੰਟ ਵੀ ਵੇਖੇ। ਪਰ ਔਰ ਦਾ ਮਨ ਅਜੇ ਉੱਥੇ ਹੀ ਖੜ੍ਹਾ ਸੀ। ਉਹ ਲਗਾਤਾਰ ਜੀਵਨ-ਮੌਤ ਤੇ ਅਮਰਤੱਤਵ ਜਿਹੇ ਸਵਾਲਾਂ 'ਚ ਹੀ ਵਿਚਾਰਾਂ ਦੀ ਜੁਗਾਲੀ ਕਰਦੀ ਰਹੀ। ਅਚਨਾਕ ਉਸ ਨੂੰ ਯਾਦ ਆਇਆ ਕਿ ਅਜੇ ਕੁਝ ਦਿਨਾਂ ਪਹਿਲਾਂ ਉਹਨੇ ਕਿਸੇ ਸਥਾਨਕ ਖਬਰ 'ਚ ਪੜ੍ਹਿਆ ਸੀ ਕਿ ਇਹ ਕਲਕੱਤਾ ਵਾਸੀ ਨੇ ਸਿਰਫ਼ ਇਸ ਲਈ ਹੀ ਆਤਮਹੱਤਿਆ ਕਰ ਲਈ ਸੀ ਕਿ ਉਸਦੀ ਭਤੀਜੀ ਦੇ ਵਿਆਹ 'ਚ ਆਉਣ ਦਾ ਉਸਨੂੰ ਸੱਦਾ ਨਹੀਂ ਮਿਲਿਆ ਸੀ।

"ਕੀ ਇਹ ਜੀਵਨ ਦਾ ਅਪਮਾਨ ਹਨੀਂ ?" ਉਹਨੇ ਆਪਣੇ ਆਪ ਤੋਂ ਪੁੱਛਿਆ-"ਜਿਵੇਂ ਜ਼ਿੰਦਗੀ ਨਹੀਂ ਕੋਈ ਸਿਗਰੇਟ ਹੋਵੇ, ਜਿਸਨੂੰ ਜਦੋਂ ਜੀਅ ਕੀਤਾ ਬੁਝਾ ਦਿੱਤਾ।" ਫਿਰ ਆਪਣੇ-ਆਪ ਹੀ ਜਿਵੇਂ ਜਵਾਬ ਮਿਲ ਗਿਆ ਉਸਨੂੰ.....ਪਰ ਰਹੱਸਮਈ ਮਨ......ਕੌਣ ਪਾ ਸਕਿਆ ਹੈ ਇਹਦੀ ਥਾਹ।

ਨਜ਼ਦੀਕ ਆ ਰਿਹਾ ਹੋਟਲ ਤੇ ਉਮੰਗ ਦਾ ਉਤਾਵਲਾਪਨ-"ਮੰਮੀ, ਇਹੋ ਜੀਪ ਵਾਲੇ ਨਾਲ ਝਾਂਗੂ ਲੇਕ ਲਈ ਗੱਲ ਕਰ ਲਓ...ਜਾਣਦੇ ਹੋ ਮੰਮੀ,........ਉੱਥੇ ਇਕ ਦਿਨ ਵਿੱਚ ਸੌ ਤੋਂ ਜ਼ਿਆਦਾ ਜੀਪਾਂ ਜਾਣ ਦੀ ਪਰਮਿਸ਼ਨ ਨਹੀਂ।"

ਜੀਪ ਵਾਲਾ ਹੱਸਦਾ ਹੈ। ਇਕ ਖੁਰਦਰਾ ਹਾਸਾ।

"ਨੰਬਰ ਦੀ ਚਿੰਤਾ ਨਹੀਂ ਕਾਕਾ।......ਫਿਕਰ ਦੀ ਗੱਲ ਤਾਂ ਇਹ ਏ ਕਿ ਕਲ੍ਹ ਵੀ ਜੇ ਅੱਜ ਵਾਂਗ ਸ਼ਾਮ ਲੱਗ ਗਿਆ ਤਾਂ ਰਸਤੇ ਨੂੰ ਬੰਦ ਕੀਤਾ ਜਾ ਸਕਦਾ ਏ......ਮਿਲਟਰੀ ਦੀ ਪਰਮਿਸ਼ਨ ਵੀ ਨਹੀਂ ਮਿਲ ਸਕਦੀ।.....ਝਾਂਗੂ ਲੇਕ ਦਾ ਸਾਰਾ ਇਲਾਕਾ......ਸਿੱਧਾ ਮਿਲਟਰੀ ਦੇ ਕੰਟਰੋਲ ਵਿੱਚ ਏ।"

"ਕੀ ? ਪਰਮਿਸ਼ਨ ਨਹੀਂ ਵੀ ਮਿਲ ਸਕਦੀ। ਹਾਏ, ਸੱਚਾ ਪਾਤਸ਼ਾਹ ਇੰਜ ਨਾ ਕਰੇ ! ਬੜ੍ਹੀ ਦੇਰ ਬਾਅਦ ਤਾਂ ਬਣਿਆ ਏ....ਇਹ ਪ੍ਰੋਗਰਾਮ...ਜੋ ਸ਼ਾਇਦ ਕੈਂਸਿਲ ਹੀ ਹੋ ਜਾਂਦਾ ਜੇ ਉਮੰਗ ਭੁੱਖ ਹੜਤਾਲ 'ਤੇ ਨਾ ਬੈਠਦਾ। ਠੀਕ ਅਖੀਰਲੇ ਦਿਨ ਦਿੱਲੀ ਤੋਂ ਕੋਈ ਪਾਰਟੀ ਆ ਗਈ......ਉਮੰਗ ਦੇ ਡੈਡੀ ਨੇ ਤਾਂ ਇਹ ਪ੍ਰੋਗਰਾਮ ਕੈਂਸਿਲ ਹੀ ਕਰ ਦਿੱਤਾ ਸੀ।........ਇਹ ਤਾਂ ਉਮੰਗ ਅੜ ਬੈਠਾ ਤਾਂ ਹਾਰ ਕੇ ਉਹਨਾਂ ਆਪਣੇ ਨੌਕਰ ਨੂੰ ਨਾਲ ਭੇਜਿਆ.....ਹੁਣ ਤਾਂ ਸ਼ਾਇਦ ਜ਼ਿੰਦਗੀ ਭਰ ਨਾ ਆਇਆ ਜਾਵੇ ਗੈਂਗਟਕਾ।" ਔਰਤ ਇਕਦਮ ਮਾਯੂਸ ਹੋ ਗਈ ਸੀ।

"ਦੇਖੋ....ਸਭ ਠੀਕ ਹੋ ਜਾਵੇਗਾ।" ਆਦਮੀ ਉਹਨੂੰ ਤਸੱਲੀ ਦਿੰਦਾ ਹੈ।

"ਲੇਟਸ ਹੋਪ ਫਾਰ ਦਿ ਬੇਸਟ।"

ਉਮੀਦ ! ਉਮੀਦ !!

******

ਅਲਬੇਲੀ ਸਵੇਰ। ਟਿਪ-ਟਿਪ ਪੈਂਦਾ ਮੀਂਹ ਤੇ ਚੰਗੀ ਖਬਰ।

"ਮਿਲਟਰੀ ਤੋਂ ਸਿਗਨਲ ਮਿਲ ਗਿਆ ਏ, ਹੁਣ ਜਾ ਸਕਦੇ ਹੋ ਤੁਸੀਂ ਝਾਂਗੂ ਲੇਕ। ਚੇਅ ਅੱਪ।" ਅੱਖਰ-ਅੱਖਰ ਤੋਂ ਝਲਕਦਾ ਉਤਸ਼ਾਹ।

"ਸੱਚਾਈ।" ਉਹ ਝੂਮ ਉੱਠੀ-"ਸਾਰੀ ਰਾਤ ਉੱਠ-ਉੱਠ ਕੇ ਦੇਖਦੀ ਰਹੀ ਸਾਂ ਮੀਂਹ ਨੂੰ।.......ਚਲੋ, ਇਸੇ ਖ਼ੁਸ਼ੀ 'ਚ ਇਕੱਠੇ ਚਾਹ ਪੀਂਦੇ ਹਾਂ।.......ਆਓ ਅੰਦਰ ਆ ਜਾਓ।"

"ਕੀ ?" ਆਦਮੀ ਦਾ ਸਮੀਕਰਨ ਪਹਿਲੀ ਵਾਰ ਗੜਬੜਾਇਆ-ਕਿਤੇ ਇਹ 'ਉਹ' ਤਾਂ ਨਹੀਂ ? ਸਰੀਰਕ ਸੁੰਦਰਤਾ ਦੇ ਅੰਦਰ ਲਿਪਟੀ ਹੋਈ ਗੰਦੀ ਤ੍ਰਿਸ਼ਨਾ.....। ਕਾਹਲੀ-ਕਾਹਲੀ ਬੱਦਲਾਂ



ਵਾਂਗ ਆ ਕੇ ਖਬਰ ਦੇ ਦੇਣਾ ਤਾਂ ਠੀਕ ਹੈ.....ਪਰ ਇਸ ਤਰ੍ਹਾਂ ਭੌਰਿਆਂ ਦੇ ਸੰਨਾਟੇ, ਪਹਾੜੀ ਇਕਾਂਤ ਵਿੱਚ ਔਰਤ ਦੇ ਨਾਲ ਬੰਦ ਕਮਰੇ ਵਿੱਚ.....ਇਨ੍ਹਾਂ ਕਿਸੇ ਵਜ੍ਹਾ ਦੇ।

ਜੁਆਨੀ ਦੇ ਸੁਪਨੇ ਜਗਾਉਂਦੀ ਔਰਤ ਤੇ ਮੱਧਵਰਗੀ ਸੰਸਕਾਰ। ਆਦਮੀ ਅਸਮਾਨ ਵੱਲ ਦੇਖਣ ਲੱਗਾ ਜਿਵੇਂ ਉੱਥੋਂ ਕੋਈ ਜਵਾਬ ਮਿਲੇਗਾ।

ਔਰਤ ਹੱਸ ਪਈ। ਗੁੜ ਦੀ ਭੇਲੀ ਵਾਂਗ ਮਿੱਠਾ ਹਾਸਾ-"ਅੰਦਰ ਲੰਘ ਆਉ, ਉਮੰਗ ਨੂੰ ਵੀ ਉੱਠਾ ਦਿੰਦੀ ਹੈ ?"

"ਉਮੰਗ, ਉੱਠੋ ! ਦੇਖੋ ਅੰਕਲ ਆਏ ਨੇ....ਕਿੰਨੀ ਚੰਗੀ ਖ਼ਬਰ ਲੈ ਕੇ।.........ਝਾਂਗੂ ਲੋਕ ਦੇ ਲਈ ਪਰਮਿਸ਼ਨ ਮਿਲ ਗਿਆ।

"ਮਿਲ ਗਿਆ ਪਰਮਿਸ਼ਨ।" ਉਮੰਗ ਤੁਰੰਤ ਬੋਲਿਆ।

ਆਦਮੀ ਥੋੜ੍ਹਾ ਸਹਿਜ ਹੋਇਆ, ਜਿਵੇਂ ਉਮੰਗ ਨਹੀਂ ਦੋਵਾਂ ਵਿਚਕਾਰ ਕੋਈ ਸੇਫਟੀ ਬਲਬ ਜਗ ਗਿਆ ਹੋਵੇ।

ਅੱਧੇ ਘੰਟੇ ਦੇ ਅੰਦਰ ਹੀ ਤਿੰਨੋਂ ਤਿਆਰ ਹੋ ਕੇ ਹੋਟਲ ਤੋਂ ਬਾਹਰ ਨਿਕਲੇ ਤਾਂ ਪਤਾ ਹਨੀਂ ਕਿਉਂ ਰਿਪੈਪਸ਼ਨ 'ਤੇ ਕਮਰੇ ਦੀ ਚਾਬੀ ਜਮ੍ਹਾ ਕਰਾਉਂਦਿਆਂ ਆਦਮੀ ਨੂੰ ਲੱਗਾ ਜਿਵੇਂ ਉੱਤੇ ਹੋਟਲ ਦਾ ਸਟਾਫ਼ ਹੀ ਨਹੀਂ ਸਗੋਂ ਕਿੰਨੀਆਂ ਹੋਰ ਅੱਖਾਂ ਉਨ੍ਹਾਂ ਨੂੰ ਦੇਖ ਰਹੀਆਂ ਹੋਣ।

******

ਅੱਗੇ ਵੱਧਦੀ ਜੀਪ....ਝਾਂਗੂ ਲੇਕ ਵੱਲ।

ਲਗਾਤਾਰ ਉੱਚਾਈ ਹੋ ਜਾਣ ਦੇ ਅਹਿਸਾਸ ਨਾਲ ਔਰਤ ਰੋਮਾਂਚਿਤ ਹੋ ਉੱਠੀ ਸੀ। ਦੋਵਾਂ ਪਹਾੜਾਂ ਦੀਆਂ ਚੋਟੀਆਂ ਨੂੰ ਕੱਟ ਕੇ ਬਣਾਏ ਰਸਤੇ 'ਚੋਂ ਦੌੜਦੀ ਜੀਪ। ਕਿਤੇ-ਕਿਤੇ ਉਪਰੋਂ-ਹੇਠਾਂ ਵੱਲ ਡਿੱਗਦੇ ਪਹਾੜੀ ਝਰਨੇ। ਔਰਤ ਨੇ ਅਜਿਹੇ ਦ੍ਰਿਸ਼ ਪਹਿਲਾਂ ਸਿਰਫਵ ਕਲੰਡਰਾਂ 'ਤੇ ਹੀ ਦੇਖੇ ਸਨ। ਅੱਜ ਉਨ੍ਹਾਂ ਨੂੰ ਪ੍ਰਤੱਖ ਰੂਪ 'ਚ ਦੇਖ ਕੇ ਮੁਗਧ ਸੀ।.......ਜਿਹਨੇ ਕੁਦਰਤ ਦਾ ਇਹ ਨਜ਼ਾਰਾ ਨਹੀਂ ਦੇਖਿਆ......ਉਹ ਸਭ ਤੋਂ ਵੱਡਾ ਆਲਸੀ।

ਪਰ ਇਸਦੇ ਉਲਟ ਸਥਿਤੀ ਉਮੰਗ ਦੀ ਸੀ......ਡਰਾਇਵਰ ਤੇ ਰਸਤਿਆਂ ਵੱਲ ਦੇਖਦੇ ਹੀ ਉਹ ਕਿਸੇ ਜਾਨਵਰ ਵਾਂਗ ਭੈਭੀਤ ਹੋ ਜਾਂਦਾ,........ਇੰਨਾ ਭੀੜਾ....ਕਿ ਇੰਚ ਭਰ ਵੀ ਜੀਪ ਇੱਧਰ-ਉਧਰ ਹੋਈ ਨਾ ਸਿੱਧਾ ਖੰਡਾਂ ਵਿੱਚ........

ਆਦਮੀ ਨੇ ਉਸ ਨੂੰ ਡਰ ਤੋਂ ਮੁਕਤ ਕਰਨਾ ਚਾਹਿਆ-"ਇਹ ਡਰਾਇਵਰ ਬਹੁਤ ਟਰੇਂਡ ਹੁੰਦੇ ਨੇ......ਅੱਖਾਂ ਬੰਦ ਕਰ ਕੇ ਵੀ ਗੱਡੀ ਚਲਾਉਣ ਤਾਂ ਵੀ ਠੀਕ ਪਹੁੰਚਾ ਦੇਣਗੇ......ਇਨ੍ਹਾਂ ਦਾ ਚਿੰਤਾ ਛੱਡ ਕੇ ਇੰਜਆਏ ਕਰੋ !"

"ਜੇ ਜਿਊਂਦਾ ਬਚਾਂਗਾ.....ਤਾਂ ਹੀ ਨਾ.....!" ਉਮੰਗ ਕਿਸੇ ਵੀ ਤਰ੍ਹਾਂ ਸਹਿਜ ਨਹੀਂ ਹੋ ਰਿਹਾ ਸੀ।

"ਬੱਲੇ ਵੀ.....ਧਰਤੀ 'ਤੇ ਉਗਿਆ ਨਹੀਂ ਤੇ ਪਹਾੜ ਜਿੱਡੀ ਚਿੰਤਾ ?" ਆਦਮੀ ਹੱਸਿਆ। ਫਿਰ ਉਹਨੇ ਔਰਤ ਵੱਲ ਦੇਖਿਆ-ਉਹ ਉੱਡਦੇ ਬੱਦਲਾਂ ਤੇ ਵਹਿੰਦੇ ਝਰਨਿਆਂ ਦੀ ਦੁਨੀਆਂ ਵਿੱਚ ਗੁਆਚੀ ਹੋਈ ਸੀ। ਜਿਵੇਂ ਇਹਨਾਂ ਝਰਨਿਆਂ ਨੇ ਉਸਦੀ ਜ਼ਿੰਦਗੀ ਦੇ ਸਭ ਤੋਂ ਹਸੀਨ ਸੁਪਨਿਆਂ ਨੂੰ ਅੰਜ਼ਾਮ ਦੇ ਦਿੱਤਾ ਹੋਵੇ।

ਆਦਮੀ ਨੇ ਆਖ਼ਰਕਾਰ ਪਲ-ਪਲ ਦੁਰਘਟਨਾ ਦਾ ਹਿਸਾਬ ਲਾ ਰਹੇ ਉਮੰਗ ਦਾ ਧਿਆਨ ਉਨ੍ਹਾਂ ਉਕਸਾਊ ਚੇਤਾਵਨੀਆਂ ਵੱਲ ਖਿਚਿਆ, ਜਿਹੜੀਆਂ ਜਗ੍ਹਾ-ਜਗ੍ਹਾ 'ਤੇ ਡਰਾਇਵਰਾਂ ਨੂੰ ਸਾਵਧਾਨ ਰਹਿਣ ਲਈ ਲਿਖੀਆਂ ਹੋਈਆਂ ਸਨ।

"ਨਜ਼ਰ ਹਟੀ, ਦੁਰਘਟਨਾ ਘਟੀ।"

"ਵੀ ਮਿਸਟਰ ਲੇਟ, ਦੇਨ ਲੇਟ ਮਿਸਟਰ।"

"ਡ੍ਰਿੰਕ ਐਂਡ ਡਰਾਈਵ ਐਂਡ ਯੂ ਵੋਂਟ ਸਰਵਾਈਵ।"

"ਥਰੀ ਵੇਜ ਟੂ ਅਚੀਵ ਗਾਡ।"

"ਲਿਕਰ, ਸਪੀਡ ਐਂਡ ਆਵਰ ਲਾਡ।"

ਤਰ੍ਹਾਂ-ਤਰ੍ਹਾਂ ਦੀਆਂ ਕਾਵਿਕ ਚੇਤਾਵਨੀਆਂ ਨੂੰ ਪੜ੍ਹ ਕੇ ਮਜ਼ਾ ਆਉਣ ਲੱਗਾ ਸੀ ਉਮੰਗ ਨੂੰ..........ਤੇ ਇਨ੍ਹਾਂ ਚੇਤਾਵਨੀਆਂ ਨੂੰ ਪੜ੍ਹਦਿਆਂ-ਪੜ੍ਹਦਿਆਂ ਹੀ ਪਤਾ ਨਹੀਂ ਕਦੋਂ ਉਹ ਡਾਂਗੂ ਲੋਕ ਪਹੁੰਚ ਗਏ ਸਨ।

******

ਡਾਂਗੂ ਲੋਕ। ਸਾਰੇ ਸੈਲਾਨੀ ਆਪੋ-ਆਪਣੇ ਕੈਮਰਿਆਂ 'ਚ ਸੁੰਦਰਤਾ ਨੂੰ ਕੈਦਰ ਕਰਨ ਵਿੱਚ ਮਗਨ ਸਨ। ਪਰ ਉਮੰਗ ਫੇਰ ਥਿਫ਼ਰ ਪਿਆ ਸੀ।

"ਮੰਮੀ, ਤੁਸੀਂ ਤਾਂ ਕਿਹਾ ਸੀ ਕਿ ਇੱਥੇ ਸਭ ਕੁਝ ਬਰਫ਼ ਨਾਲ ਢਕਿਆ ਮਿਲੇਗਾ, ਪਰ ਇੱਥੇ ਤਾਂ ਸਭ ਕੁਝ ਹਰਾ ਏ......ਬਰਫ਼ ਤਾਂ ਕਿਤੇ-ਕਿਤੇ ਏ।"

"ਬਰਫ਼ ਦੇਖਣੀ ਏ ਤਾਂ ਤੁਸੀਂ ਫਰਵਰੀ-ਮਾਰਚ ਦੇ ਨੇੜੇ-ਤੇੜੇ ਆਇਓ ਮੁੰਨਾ ਬਾਬੂ......ਜੂਨ ਦੇ ਮਹੀਨੇ ਤਾਂ ਸਾਰੀ ਬਰਫ਼ ਪਿਘਲ ਜਾਂਦੀ ਏ......ਫੇਰ ਵੀ ਉਤਾਂਹ ਬਾਬੇ ਦੇ ਮੰਦਰ ਕੋਲ ਆਲੇ-ਦੁਆਲੇ ਅਵੱਸ਼ ਮਿਲ ਜਾਏਗੀ ਬਰਫ਼।" ਡਰਾਇਵਰ ਨੇ ਉਸ ਨੂੰ ਮਾਸੂਮ ਹੋਣ ਤੋਂ ਬਚਾਉਣ ਚਾਹਿਆ।

"ਤਾਂ ਕੀ ਹੁਣ ਹੋਰ ਉਤਾਂਹ ਜਾਣਾ ਪਵੇਗਾ ?" ਉਮੰਗ ਫਿਰ ਖਿੜ ਪਿਆ।

"ਹਾਂ, ਉਤਾਹ ਬਾਬੇ ਦਾ ਮੰਦਰ ਏ।"

"ਬਾਬੇ ਦਾ ਮੰਦਰ ? ਉਹ ਕੀ ?" ਔਰਤ ਨੇ ਨੇੜੇ ਖੜ੍ਹੇ ਇਕ ਆਰਮੀ ਜਵਾਨ ਨੂੰ ਪੁੱਛਿਆ। ਆਰਮੀ ਜਵਾਨ ਕਹਿਣ ਲੱਗਾ-"ਬਾਬੇ ਦਾ ਮੰਦਰ ਅਸਲ 'ਚ ਸਵਰਗੀ ਆਰਮੀ ਮੇਜਰ ਹਰਿਭਜਨ ਸਿੰਘ ਦੀ ਯਾਦ 'ਚ ਬਣਿਆ ਮੰਦਰ ਏ। ਇਕ ਵਾਰ ਉਹ ਆਪਣੀ ਬਟਾਲੀਅਨ ਨੂੰ ਲੀਡ ਕਰ ਰਹੇ ਸੀ ਕਿ ਬਰਫ਼ 'ਚ ਉਨ੍ਹਾਂ ਦਾ ਪੈਰ ਫਿਸਲ ਗਿਆ ਤੇ ਉਹ ਉੱਥੇ ਹੀ ਦੱਬ ਗਏ। ਉਨ੍ਹਾਂ ਦੀ ਲਾਸ਼ ਵੀ ਨਹੀਂ ਮਿਲੀ। ਬਾਅਦ 'ਚ ਉਹ ਕਈ ਵਾਰ ਆਪਣੇ ਕੁਲੀਗ ਦੇ ਸੁਪਨਿਆਂ 'ਚ ਦਿਖਾਈ ਦਿੱਤੇ। ਸੁਪਨੇ 'ਚ ਉਨ੍ਹਾਂ ਨੂੰ ਉਸ ਨੂੰ ਕਿਹਾ-'ਮੈਂ ਇਨ੍ਹਾਂ ਬਰਫ਼ਾਂ 'ਚ ਹੀ ਦਬਿਆ ਪਿਆ ਹਾਂ। ਤੂੰ ਮੇਰਾ ਇਕ ਕੰਮ ਕਰ। ਮੇਰੀ ਯਾਦ 'ਚ ਇਕ ਛੋਟਾ ਜਿਹਾ ਦੇਵ ਮੰਦਰ ਬਣਵਾ ਦੇ...ਨਹੀਂ ਤਾਂ ਮੈਨੂੰ ਚੈਨ ਨਹੀਂ ਮਿਲਣਾ।.......ਬਾਅਦ 'ਚ ਉਨ੍ਹਾਂ ਲਈ ਉੱਥੇ ਹੀ ਇਕ ਦੇਵ ਮੰਦਰ ਬਣਾ ਦਿੱਤਾ ਗਿਆ, ਜਿੱਥੇ ਉਨ੍ਹਾਂ ਦੀ ਤਸਵੀਰ ਤੇ ਹੋਰ ਸਮਾਨ ਯਾਦ ਦੇ ਰੂਪ 'ਚ ਸਜਾ ਦਿੱਤਾ ਗਿਆ। ਇਸ ਤੋਂ ਬਾਅਦ ਉਹ ਕਦੇ ਵੀ ਦਿਖਾਈ ਨਾ ਦਿੱਤੇ। ਜੀ ਸਾਡਾ ਤਾਂ ਇਹੋ ਵਿਸ਼ਵਾਸ ਏ ਕਿ ਬਾਬਾ ਜੀ ਇੱਥੇ ਹੀ ਸਾਡੇ ਆਸ-ਪਾਸ ਨੇ। ਅੱਜ ਵੀ ਇਨਪੈਂਠਰ ੀ ਦੇ ਦਿਨ ਉਨ੍ਹਾਂ ਦੀ ਯਾਦ 'ਚ ਇਕ ਸਮਾਰੋਹ ਹੁੰਦਾ ਏ। ਜਾਂਦੇ ਵਕਤ ਜਦੋਂ ਜੀਪ 'ਚ ਆਰਮੀ ਅਫ਼ਸਰ ਬੈਠਦੇ ਨੇ ਤਾਂ ਸਟੇਰਿੰਗ ਵਾਲੀ ਸੀਟ ਆਪਣੇ-ਆਪ ਹਿੱਲਣ ਲੱਗਦੀ ਏ। ਬਾਬਾ ਆਦ੍ਰਿਸ਼ ਰੂਪ ਵਿੱਚ ਤਦ ਮੌਜੂਦ ਰਹਿੰਦੇ ਨੇ। ਸਾਡੇ ਵਿਚਕਾਰ।" ਅੱਖਰ-ਅੱਖਰ ਭਗਤੀ ਭਾਵ ਤੇ ਆਸਥਾ 'ਚ ਡੁਬਿਆ ਪਿਆ ਸੀ ਫੌਜੀ ਜਵਾਨ ਦਾ।

ਔਰਤ ਰੋਮਾਂਚਿਤ ਹੋ ਜਾਂਦੀ ਹੈ ਇਹ ਕਥਾ ਸੁਣ ਕੇ। ਆਦਮੀ ਨੂੰ ਕਹਿੰਦੀ ਹੈ, "ਕੀ ਤੁਹਾਨੂੰ ਲੱਗਦਾ ਏ, ਹਰਿਭਜਨ ਬਾਬੇ ਦੀ ਆਤਮਾ ਸੱਚਮੁੱਚ ਇਨ੍ਹਾਂ ਪਹਾੜਾਂ 'ਚ ਏ ?"

"ਜੋ ਵੀ ਕਹੋ, ਵਿਗਿਆਨਕ ਤੇ ਅਟਾਮਿਕ ਉਪਲੱਬਧੀਆਂ ਦੇ ਬਾਵਜੂਦ ਭਾਰਤ ਦੀ ਸੱਚੀ ਤਸਵੀਰ ਇਹੀ ਏ, ਸਹਿਜ ਵਿਸ਼ਵਾਸ-ਆਤਮਾਵਾਂ, ਪੁਨਰ-ਜਨਮ, ਸੁਪਨਿਆਂ, ਅੰਧ-ਵਿਸ਼ਵਾਸਾਂ, ਚਮਤਕਾਰਾਂ, ਧਾਰਮਿਕ ਸ਼ਰਧਾ ਵਿੱਚ-ਦੇਖ ਨਹੀਂ ਰਹੇ ਤੁਸੀਂ ਇੰਨੀ ਉੱਚਾਈ 'ਤੇ ਵੀ ਬੁੱਧੀਹੀਨ ਲੋਕਾਂ ਦੀਆਂ ਇਨ੍ਹਾਂ ਮਨਘੜਤ ਕਥਾਵਾਂ ਨੂੰ.....ਜ਼ਰੂਰ ਆਪਣੀ ਕਿਸੇ ਲਾਲਸਾ ਕਾਰਨ ਹੀ ਫੈਲਾਈਆਂ ਹੋਣਗੀਆਂ.......ਇਹ ਅਫ਼ਵਾਹਾਂ।"

ਜਵਾਬ ਸੁਣ ਕੇ ਔਰਤ ਪ੍ਰਭਾਵਿਤ ਹੁੰਦੀ ਹੈ। ਉਮੰਗ ਤੇ ਆਦਮੀ ਕੈਮਰੇ ਨਾਲ ਚਾਰੇ ਪਾਸੇ ਖਿਲਰੀ ਸੁੰਦਰਤਾ ਨੂੰ ਕੈਦ ਕਰਨ ਲੱਗ ਪੈਂਦੇ ਹਨ ਤੇ ਔਰਤ ਤੁਰ-ਫਿਰ ਕੇ ਬਾਬੇ ਦੇ ਮੰਦਰ ਦੀ ਲੋਕ ਆਸਥਾ ਦਾ ਜਾਇਜ਼ਾ ਲੈਂਦੀ ਹੈ।



ਬਾਅਦ 'ਚ ਉਤਰਦਿਆਂ ਹੋਇਆ ਔਰਤ ਨੇ ਦੇਖਿਆ ਸੀ ਕਿ ਹਰੇਕ ਜੀਪ ਵਾਲੇ ਨੇ ਆਪਣੀ ਜੀਪ ਵਿੱਚ ਹਰਿਭਜਨ ਸਿੰਘ ਬਾਬੇ ਦੀ ਛੋਟੀ ਮਾਲਾ ਵਾਲੀ ਤਸਵੀਰ ਆਪਣੇ ਸਾਹਮਣੇ ਟੰਗੀ ਹੋਈ ਸੀ।

ਰੱਬ.....ਕੁਦਰਤ.......ਮਨੁੱਖੀ ਦੇਹ.....ਆਤਮਾ ਦੇ ਪਰੰਪਰਿਕ ਸੰਬੰਧਾਂ ਬਾਰੇ ਸੋਚਦਿਆਂ ਹੋਇਆ ਔਰਤ ਫਿਰ ਦਾਰਸ਼ਨਿਕਾਂ ਵਾਂਗ ਕਿਸੇ ਪਰਮ ਸੱਤ ਦੇ ਆਨੰਦ ਵਿੱਚ ਖੋ ਜਾਂਦੀ ਹੈ। ਉਮੰਗ ਉਹਨੂੰ ਝੰਜੋੜਦਾ ਹੈ, "ਦੇਖੋ ਮੰਮੀ ! ਕਿੰਨਾ ਸਾਰੇ ਫ਼ੌਜੀ ?"

"ਹਾਂ ਬੇਟਾ.....ਇਹ ਬਰਫੀਲੇ ਤੂਫ਼ਾਨਾਂ ਨਾਲ ਨਜਿੱਠਦੇ ਨੇ....ਤਾਂ ਕਿ ਅਸੀਂ ਚੈਨ ਨਾਲ ਸੌਂ ਸਕੀਏ.....ਇਨ੍ਹਾਂ ਦਾ ਸਵਾਗਤ ਕਰੋ।"

ਉਮਰ ਵਚ ਨਾਲ ਹੱਥ ਹਿਲਾ-ਹਿਲਾ ਸਭ ਦਾ ਸਵਾਗਤ ਕਰਦਾ ਹੈ। ਜਵਾਨ ਵੀ ਖ਼ੁਸ਼ੀ ਵਿੱਚ ਹੱਥ ਹਿਲਾਉਂਦੇ-ਮੁਸਕਰਾਉਂਦੇ ਹਨ।

ਔਰਤ ਫਿਰ ਰੋਮਾਂਚਿਤ ਹੋ ਉਠਦੀ ਹੈ-ਇਖ ਹੀ ਦੇਸ਼, ਇਕ ਹੀ ਧਰਤੀ ਤੇ ਇਖ ਹੀ ਯੋਨੀ ਵਿਚ ਜਨਮ ਲੈਣ ਦਾ ਰਿਸ਼ਤਾ ਕਿੰਨਾ ਗਾੜ੍ਹਾ ਹੁੰਦਾ ਹੈ.....। ਤੂੰ ਹੌਲੀ-ਹੌਲੀ ਸਮਝੇਗਾਂ ਉਮੰਗ। ਤੇ ਸੈਲਾਨੀ ਤੂੰ ਵੀ।

******

ਯਾਤਰਾ ਖਤਮ। ਹੋਟਲ।

ਜੀਪ ਤੋਂ ਉੱਤਰ ਕੇ ਆਦਮੀ ਜਿਉਂ ਹੀ ਆਪਣੇ ਕਮਰੇ ਦੀ ਦਿਸ਼ਾ ਵੱਲ ਚੱਲਿਆ ਤਾਂ ਔਰਤ ਨੇ ਉਹਨੂੰ ਰੋਕ ਲਿਆ। ਅੱਖਾਂ 'ਚ ਅੱਗ ਤੇ ਸੱਦਾ....."ਸਾਡੇ ਨਾਲ ਹੀ ਚੱਲੋ.....'ਕੱਠੇ ਡਿਨਰ ਕਰਾਂਗੇ....ਦੋ ਥਾਲੀਆਂ ਮੰਗਾਵਾਂਗੇ.......ਤਿੰਨਾਂ ਦਾ ਸਰ ਜਾਵੇਗਾ।"

ਅੱਖਰ-ਅੱਖਰ ਚਾਸ਼ਨੀ ਵਿੱਚ ਡੁੱਬਿਆ ਹੋਇਆ।

ਆਦਮੀ ਫਿਰ ਚੌਂਕਿਆ। ਇਹ ਦੂਜੀ ਵਾਰ ਸੀ ਕਿ ਇਕਾਂਤ ਹੁੰਦਿਆਂ ਹੀ ਔਰਤ ਨੇ ਫੇਰ ਉਹਦੇ ਨੇੜੇ ਆਉਣਾ ਚਾਹਿਆ ਸੀ। ਹਲਕੀ-ਹਲਕੀ ਵਿਚਾਰਾਂ ਦੀ ਤਰੰਗ ਉਹਦੇ ਮਨ 'ਚ ਉੱਠਣ ਲੱਗੀ। ਗੰਭੀਰ, ਸਿਆਣੀ ਤੇ ਬੌਧਿਕਤਾ ਦਾ ਲਿਬਾਸ ਪਹਿਨ ਕੇ ਕਿਤੇ ਇਹ ਨਿਮਫੋਮੇਨਿਕ ਤਾਂ ਨਹੀਂ ? ਬਦਚੱਲਨ ਤਾਂ ਨਹੀਂ ? ਬੱਤੀਂ ਸਾਲਾਂ ਦਾ ਤਜ਼ਰਬਾ ? ਅਜੇ ਤੱ ਕੋਈ ਇਸ ਕਦਰ ਇੰਨੇ ਥੋੜ੍ਹੇ ਵਿੱਚ ਖਾਬ ਜਗਾਉਂਦਾ ਇਹ ਸੱਦਾ ਸਾਧਾਰਨ ਨਹੀਂ....ਇਹ ਤਾਂ ਪਹਿਲੇ ਨਛੱਤਰਾਂ ਦੁਆਰਾ ਆਪਣੀ ਆਪਣੀ ਇੱਛਾ ਦੀ ਸੀਮਾਂ ਦਾ ਚੱਕਰਵਿਊ ਹੋਇਆ।

ਬੇਚੈਨੀ ਵਿੱਚ ਫਿਰ ਗੁਜਰਦੇ ਕੁਝ ਪਲ।

ਸੁੰਦਰਤਾ ਤੇ ਸੰਸਕਾਰ, ਜੋਬਨ ਦੀ ਚੀਸ ਤੇ ਨੈਤਿਕਤਾ ਵਿੱਚ ਅਟਕਿਆ ਹੋਇਆ ਮਨ ਕਿ ਤਦ ਹੀ ਔਰਤ ਨੇ ਬਿਨ੍ਹਾਂ ਕਿਸੇ ਦਵੰਦ ਦੇ, ਸਹਿਜਤਾ ਨਾਲ ਕਿਹਾ, "ਅੱਜ ਦੀ ਸ਼ਾਮ ਨੂੰ ਰੰਗੀਨ ਬਣਾ ਦਿੰਦੇ ਹਾਂ.....ਸ਼ੇਅਰ, ਸ਼ਾਇਰੀ ਤੇ ਕਵਿਤਾਵਾਂ ਤਾਂ ਤੁਹਾਨੂੰ ਆਉਂਦੀਆਂ ਹੀ ਹੋਣਗੀਆਂ ?"

"ਹਾਂ, ਕਾਲਜ ਦੇ ਦਿਨਾਂ 'ਚ ਕਦੇ-ਕਦਾਈਂ ਗਾਉਂਦਾ ਸਾਂ।"

"ਤਾਂ ਅੱਜ ਦੀ ਸ਼ਾਮ ਸ਼ਾਇਰੀ ਦੇ ਨਾਂ।"

ਆਦਮੀ ਉੱਤੇ ਹੀ ਜੰਮ ਗਿਆ। ਜਿਵੇਂ ਉਹਦੇ ਵਿਚਾਰਾਂ ਨੂੰ ਕਿਸੇ ਅਦ੍ਰਿਸ਼ ਰਿਮੋਟ ਨੇ ਸਿਫਰ ਕਰਕੇ ਫਰੀਜ਼ ਕਰ ਦਿੱਤਾ ਹੋਵੇ।

ਦੂਰਦਰਸ਼ਨ। ਵਿਸ਼ਵਕੱਪ ਫੁੱਟਵਾਲ।

ਪੂਰੀ ਤਰ੍ਹਾਂ ਮਗਨ ਹੋਇਆ ਉਮੰਗ। ਕਾਲ ਬੈੱਲ। ਬੈਰਾ।

ਬੈਠੇ ਨੂੰ ਦੇਖ ਕੇ ਆਦਮੀ ਘਬਰਾ ਗਿਆ। ਅੰਦਰ ਫੜਫੜਾਹਟ ਜਿਹੀ ਹੋਈ।

"ਕੀ ਪਸੰਦ ਏ ਤੁਹਾਨੂੰ ?"

"ਕ......ਕੁ......ਝ ਵੀ.........ਸਭ ਚੱਲੇਗਾ.....ਜੋ ਉਮੰਗ ਨੂੰ ਪਸੰਦ ਹੋਵੇ, ਮੰਗਵਾ ਲਵੋ।"

"ਅੰਕਲ, ਤੁਸੀਂ ਨੋਟ ਕੀਤਾ। ਇੱਥੇ ਚਾਹ 'ਤੇ ਪੇਪੜੀ ਨਹੀਂ ਜੰਮਦੀ।.....ਅੰਕਲ ਇਥੋਂ ਦੀ ਖ਼ਾਸ ਡਿਸ਼ ਮੋਮੋ ਖਾਧੀ ਏ ਤੁਸੀਂ ?"

ਉਮੰਗ ਤੇ ਆਦਮੀ ਹੀ ਗੱਲਾਂ ਕਰਦੇ ਰਹੇ। ਔਰਤ ਲਗਭਗ ਕਾਮੋਸ਼ ਹੀ ਰਹੀ ਤੇ ਖਾਣ ਤੋਂ ਬਾਅਦ ਬਿਨ੍ਹਾਂ ਕਿਸੇ ਗੱਲਬਾਤ ਤੋਂ ਬਾਹਰ ਬਾਲਕੋਨੀ ਵਿੱਚ ਚਲੀ ਗਈ।

ਪਹਿਲੀ ਵਾਰ ਔਖੜਿਆਂ ਆਦਮੀ ਨੂੰ ਔਰਤ ਦਾ ਇਹ ਹੈਰਾਨੀ ਭਰਿਆ ਵਰਤਾਉ। ਆਦਰ ਨਾਲ ਬੁਲਾਉਣਾ ਤੇ ਫਿਰ 'ਆਈ ਕੇਅਰ ਡੈਮ' ਵਾਲਾ ਰਵੱਈਆ।

ਥੋੜ੍ਹੀ ਦੇਰ ਉਹ ਬਿਨਾਂ ਮਨ ਚਾਹੇ ਬੈਠਾ ਰਿਹਾ.....ਤੇ ਫਿਰ ਸੁੰਗੜੇ ਜਿਹੇ ਆਤਮ-ਵਿਸ਼ਵਾਸ ਦੇ ਨਾਲ ਉਹ ਵੀ ਬਾਲਕੋਨੀ ਵਿੱਚ ਜਾ ਖੜ੍ਹਾ ਹੋਇਆ।

ਔਰਤ ਇਕਾਗਰਤਾ ਨਾਲ ਰੇਲਿੰਗ 'ਤੇ ਕੂਹਣੀਆਂ ਟਿਕਾਕੇ ਥੱਲ੍ਹੇ ਤਰਾਈਆਂ ਵਿੱਚ ਵੱਸੇ ਜੀਵਨ ਨੂੰ, ਛੋਟੇ-ਛੋਟੇ ਲੱਕੜ ਦੇ ਘਰਾਂ ਨੂੰ, ਰਾਤ ਦੇ ਸੰਘਣੇ ਹਨੇਰੇ 'ਚ ਤਾਰਿਆਂ ਦੀ ਝਿਲਮਿਲਾਉਂਦੀ ਰੋਸ਼ਨੀ ਦੀ ਝਾਲਰ ਨੂੰ ਹਿਰਨੀ ਵਾਂਗ ਹੈਰਾਨ ਹੋਈ ਬਿਨਾਂ ਪਲਕ ਝਬਕਿਆਂ ਦੇਖ ਰਹੀ ਸੀ।.....ਜਿਵੇਂ ਇਹ ਰੌਸ਼ਨੀ ਦੀ ਝਾਲਰ ਨਹੀਂ, ਜੀਵਨ ਦਾ ਉਜਾਲਾ ਹੋਵੇ।

ਆਦਮੀ ਨੂੰ ਔਰਤ ਥੋੜ੍ਹੀ ਰਹੱਸਮਈ ਲੱਗੀ।

"ਤੁਸੀਂ ਸੱਚਮੁੱਚ ਕੁਦਰਤ ਦੇ ਦੀਵਾਨੇ ਹੋ ?" ਖਾਮੋਸ਼ੀ ਦੀ ਬਰਫ਼ ਨੂੰ ਤੋੜ ਸੁੱਟਿਆ ਸੀ ਆਖਿਰ ਉਸਨੇ।

"ਕੀ ਤੁਸੀਂ ਨਹੀਂ ?"

"ਮੈਂ..ਮੈਂ ਹਰ ਉਸ ਚੀਜ਼ ਦਾ ਦੀਵਾਨਾ ਹਾਂ, ਜੋ ਖ਼ੂਬਸੂਰਤ ਏ।"

"ਸੱਚੀਂ।" ਆਪਣੀਆਂ ਖ਼ੂਬਸੂਰਤ ਬਦਾਮੀ ਅੱਖਾਂ ਨੂੰ ਆਦਮੀ 'ਤੇ ਸੁੱਟਦੀ ਉਹ ਉਸਦੇ ਨੇੜੇ ਆ ਗਈ।

ਤੇ ਦੇਖਦਿਆਂ ਹੀ ਵੇਖਦਿਆਂ ਉਨ੍ਹਾਂ ਵਿਸ਼ਾਲ ਅੱਖਾਂ ਵਿੱਚ ਗੁਲਾਸੀ ਡੋਰੇ ਖਿੱਚੇ ਗਏ, ਜਿਨ੍ਹਾਂ ਵੱਲ ਵੇਖ ਆਦਮੀ ਨੂੰ ਲੱਗਿਆ, ਹੁਣ ਇਹ ਔਰਤ ਕਿਸੇ ਖ਼ਤਰਨਾਕ 'ਜੋਨ' 'ਚ ਬਦਲ ਚੁੱਕੀ ਹੈ ਤੇ ਪਤਾ ਨਹੀਂ ਕਿਹੜੇ ਆਲਮ ਤੇ ਅਦ੍ਰਿਸ਼ ਸ਼ਕਤੀ ਦੇ ਘੇਰੇ 'ਚ ਹੋ ਕੇ ਉਸਨੇ ਔਰਤ ਦੇ ਮੋਢਿਆਂ ਤੇ ਹਲਕਾ ਜਿਹਾ ਸਪਰਸ਼ ਕਰ ਦਿੱਤਾ।

ਪਤਾ ਨਹੀਂ ਉਸਦੇ ਹੱਥਾਂ ਦੇ ਸੰਘਰਸ਼ ਵਿੱਚ ਕੀ ਸੀ ਕਿ ਔਰਤ ਦੀਆਂ ਅੱਖਾਂ ਦਾ ਰੰਗ ਵੇਖਦਿਆਂ-ਵੇਖਦਿਆਂ ਹੀ ਬਦਲ ਗਿਆ, ਹੁਣ ਉੱਥੇ ਗੁਲਾਸੀ ਰੰਗ ਨਹੀਂ ਸਗੋਂ ਵੇਦਨਾ ਦੀ ਕੋਈ ਡੂੰਘੀ ਝੀਲ ਝਿਲਮਿਲਾ ਰਹੀ ਸੀ। ਆਦਮੀ ਵਿੱਚ ਦੋਚਿਤੀ 'ਚ ਪੈ ਗਿਆ....ਨਹੀਂ ਇਨ੍ਹਾਂ ਅੱਖਾਂ 'ਚ ਕੋਈ ਅਜਿਹੀ ਭੁੱਖ ਨਹੀਂ। ਤਾਂ ਫਿਰ ਕਿਹੋ ਜਿਹੀ ਮੰਗ ਹੈ ਇਨ੍ਹਾਂ ਅੱਖਾਂ ਵਿੱਚ ? ਉਸਨੇ ਫਿਰ ਤੱਕਿਆ ਔਰਤ ਵੱਲ......ਪਲ ਭਰ ਦੇ ਲਈ ਦੋ ਚੰਗਿਆੜੀਆਂ ਦੋਵਾਂ ਦੇ ਅੰਦਰ ਉੱਤਰੀਆਂ। ਕੁਝ ਭਾਵ ਮਿਲਣ ਹੋਇਆ ਕਿ ਤਦੇ ਹੀ ਉਨ੍ਹਾਂ ਪਲਾਂ ਦਾ ਮਹਾਂਭਾਵ ਇਕ-ਇਕ ਕਰਕੇ ਕਿਸੇ ਸੁੱਕੀ ਟਾਹਣੀ ਵਾਂਗ ਤਿੜਕ ਗਿਆ।

ਉਮੰਗ ਨੇ ਉਸ ਸਮੇਂ ਉਲਟੀ ਕਰ ਦਿੱਤੀ ਸੀ।

ਭਿਅੰਕਰ ਬਦਬ ਵਾਲੀ....ਬਦਹਜ਼ਮੀ ਦੀ ਉਲਟੀ।

ਪਹਿਲੀ ਉਲਟੀ.....ਦਸ ਮਿੰਟ ਬਾਅਦ ਫਿਰ ਦੂਜੀ ਉਲਟੀ।

ਪਲ ਭਰ 'ਚ ਹੀ ਔਰ ਦਾ ਕਾਇਆ-ਕਲਪ ਕਿਸੇ ਚੁਸਤ-ਦਰੁਸਤ ਨਰਸ ਦੇ ਰੂਪ ਵਿੱਚ ਬਦਲ ਗਿਆ। ਉਹਨੇ ਉਹ ਸਭ ਕੁਝ ਕੀਤਾ, ਜੋ ਉਨ੍ਹਾਂ ਪਲਾਂ ਵਿੱਚ ਜ਼ਰੂਰੀ ਸੀ।.....ਬੇਟੇ ਨੂੰ



ਸਹਿਲਾਉਣਾ, ਪੂੰਝਣਾ, ਕੱਪੜੇ ਬਦਲਣਾ, ਬਾਥਰੂਮ ਸਾਫ਼ ਕਰਨਾ। ਆਪਣੇ ਨੇੜੇ ਪਏ ਮੈਡੀਕਲ ਬੈਗ 'ਚ ਕੁਝ ਦਵਾਈ ਲੱਭੀ, ਪਰ ਉੱਥੇ ਕੋਈ ਦਵਾਈ ਨਹੀਂ ਸੀ। ਇੰਨੇ 'ਚ ਉਮੰਗ ਨੇ ਫਿਰ ਉਲਟੀ ਕਰ ਦਿੱਤੀ।

ਘਬਰਾ ਕੇ ਉਸਨੇ ਕਾਲ ਬੈੱਲ ਵਜਾ ਬੈਰੇ ਨੂੰ ਬੁਲਾਇਆ।

"ਇਹਨੂੰ ਜ਼ਬਰਦਸਤ ਉਲਟੀਆਂ ਲੱਗ ਰਹੀਆਂ ਨੇ.....ਤੁਸੀਂ ਕਿਵੇਂ ਵੀ ਮੈਨੂੰ 'ਡਾਮਸਟਲ' ਟੇਬਲਟ ਲਿਆ ਦੇਵੋ।"

"ਘਬਰਾਉਣ ਦੀ ਕੋਈ ਗੱਲ ਨਹੀਂ ਏ......ਇਹਨੇ ਝਾਂਗੂ ਲੇਕ ਨੂੰ ਜੂਠਾ ਕੀਾ ਹੋਵੇਗਾ।.....ਝੰਗੂ ਲੇਕ ਨੂੰ ਜੋ ਵੀ ਜੂਠਾ ਕਰਦਾ ਏ.........ਪਹਾੜਾਂ ਦੀ ਦੇਵੀ ਉਹਨੇ ਐਦਾਂ ਹੀ ਸਜ਼ਾ ਦਿੰਦੀ ਏ।" ਭਰਪੂਰ ਪਹਾੜੀ ਵਿਸ਼ਵਾਸ ਤੇ ਆਸਥਾ ਨਾਲ ਜਵਾਬ ਦਿੱਤਾ ਉਸਨੇ।

ਉਮੰਗ ਉਤੇਜਿਤ ਹੋ ਉਠਿਆ।

"ਨਹੀਂ, ਮੈਂ ਝਾਂਗੂ ਲੇਕ ਨੂੰ ਜੂਠਾ ਨਹੀਂ ਕੀਤਾ।........ਮੈਂ ਤਾਂ ਉਸ ਦੇ ਨੇੜੇ ਵੀ ਨਹੀਂ ਗਿਆ.....ਬੱਸ ਦੂਰੋਂ-ਦੂਰੋਂ ਹੀ ਵੇਖਦਾ ਰਿਹਾ ਉਸਨੂੰ।"

ਉਮੰਗ ਨੂੰ ਸ਼ਾਂਤ ਕਰਕੇ ਔਰਤ ਫਿਰ ਬੈਰੇ ਨੂੰ ਦਵਾਈ ਲਿਆਉਣ ਦੀ ਬੇਨਤੀ ਕਰਦੀ ਹੈ।

"ਦਵਾਈ ਤਾਂ ਹੁਣ ਥੱਲਿਓਂ ਹੀ ਮਿਲੂਗੀ.....ਇੱਥੇ ਤਾਂ ਅੱਠ ਵਜੇ ਤਕ ਸਭ ਕੁਝ ਬੰਦ ਹੋ ਜਾਂਦਾ.....ਪਰ ਇੰਨਾਂ ਮੀਂਹ....ਜੇ ਪੁਲੀਸ ਨੇ ਹੇਠਾਂ ਜਾਣ ਤੋਂ ਰੋਕ ਲਿਆ ਤਾਂ.....ਪਰ ਤੁਸੀਂ ਚਿੰਤਾ ਨਾ ਕਰੋ.......ਝਾਂਗੂ ਲੇਕ ਨੂੰ ਦੁੱਖ ਪਹੁੰਚਿਆ ਏ.......ਇਸੇ ਲਈ ਅਜਿਹਾ ਹੋ ਰਿਹਾ ਏ.......ਮੈਂ ਇਹਨੂੰ ਚਹਾ ਤੇ ਨਮਕ ਦਾ ਘੋਲ ਬਣਾ ਦਿੰਦਾ ਹਾਂ.....ਉਲਟੀ ਰੁਕ ਜਾਊਗੀ।"

ਬੈਰੇ ਦੇ ਜਾਂਦਿਆਂ ਹੀ ਔਰਤ ਦਾ ਸ਼ਹਿਰੀ ਮਨ ਵਿੱਚ ਆਸ਼ੰਕਾ ਵਿੱਚ ਡੁੱਬ ਗਿਆ। ਅਜਨਬੀ ਪਹਾੜੀਆਂ, ਖੌਫ਼ਨਾਕ ਰਾਹ......ਮੀਂਹ.....ਜੇ ਰਾਤ 'ਚ ਉਲਟੀਆਂ ਨਾ ਰੁਕੀਆਂ ਤਾਂ ਇਹਦੇ ਡੈਡੀ ਤਾਂ ਪਾੜ ਹੀ ਦੇਣਗੇ.......ਆਫ਼ਿਸ ਦੇ ਨੌਕਰ ਨੂੰ ਵੀ ਮੈਂ ਵਾਪਸ ਭੇਜ ਦਿੱਤਾ.......ਮਨ ਹੀ ਨ ਸਾਰੇ ਦੇਵੀ-ਦੇਵਤਿਆਂ ਨੂੰ ਪੁਕਾਰਦਿਆਂ ਹੋਇਆ ਉਮੰਗ ਨੂੰ ਥੋੜ੍ਹਾ ਇਲਕੈਟਰਾਲ ਪਾਊਡਰ ਦੇ ਦਿੱਤਾ ਤੇ ਬਿਨਾਂ ਸਾਹ ਲਿਆ ਘੜੀ ਦੀ ਇਕ-ਇਕ ਵੱਲ ਵੇਖਦੀ ਰਹੀ......ਛੇ ਮਿੰਟ....ਸੱਤ ਮਿੰਟ........ਦੱਸ ਮਿੰਟ.....ਅਖੀਰਲੀ ਉਲਟੀ ਠੀਕ ਦਸ ਵੱਜ ਕੇ ਤੇਰਾਂ ਮਿੰਟਾਂ 'ਤੇ ਆਈ ਸੀ।

ਪਲ-ਪਲ ਦਾ ਹਿਸਾਬ ਲਗਾਉਂਦੀ ਕਿ ਫੇਰ ਹਿਸਾਬ ਗੜਬੜਾ ਗਿਆ ਉਹਦਾ। ਉਮੰਗ ਨੇ ਫਿਰ ਦੋ ਵਾਰ ਉਲਟੀ ਕੀਤੀ........ਪਰ ਇਸ ਵਾਰ ਅੰਨ ਨਹੀਂ ਸਗੋਂ 'ਕੱਲਾ ਪਾਣੀ ਨਿਕਲਿਆ ਸੀ।

"ਹਾਏ ਰੱਬਾ! ਇੰਨਾ ਪਾਣੀ ਨਿਕਲ ਗਿਆ.....ਕਿਤੇ ਡਿਹਾਈਡ੍ਰੇਸ਼ਨ ਹੀ ਨਾ ਹੋ ਜਾਵੇ।"

ਉਮੰਗ ਦੇ ਸਿਰਹਾਣੇ ਬੈਠ ਕੇ ਉਹਦੇ ਮੱਥੇ 'ਤੇ ਹੱਥ ਫੇਰਨ ਲੱਗੀ ਜਿਵੇਂ ਆਪਣੀ ਸਾਰੀ ਸ਼ਕਤੀ ਉਹਦੇ ਅੰਦਰ ਉਲੱਦ ਦੇਣਾ ਚਾਹੁੰਦੀ ਹੋਵੇ।

ਵਾਰ-ਵਾਰ ਬੈਰੇ ਦੀ ਆਵਾਜ਼ ਕੰਨ 'ਚ ਗੂੰਜਣ ਲੱਗੀ 'ਸਾਰੇ ਰਸਤੇ ਬੰਦ ਹਨ।'

ਆਦਮੀ ਜੋ ਨੇੜੇ-ਤੇੜੇ ਕਿਸੇ ਡਾਕਟਰ ਦੀ ਭਾਲ 'ਚ ਗਿਆ ਸੀ, ਵਾਪਸ ਆ ਗਿਆ.....ਪੁਲਸ ਦੇ ਹੇਠਾਂ ਜਾਣ ਤੋਂ ਰੋਕ ਦਿੱਤਾ....ਰਸਤੇ ਬੰਦ ਸਨ।

ਇਸ ਸਮੇਂ ਬੈਰੇ ਨੇ ਆ ਕੇ ਡਾਮਸਟਲ ਦੀ ਟੇਬਲੇਟ ਉਸ ਨੂੰ ਫੜਾਈ......"ਦੂਜੇ ਹੋਟਲ ਦੇ ਕਿਸੇ ਸੈਲਾਨੀ ਤੋਂ ਮੰਗ ਕੇ ਲਿਆਇਆ।"

ਉਸ ਛੋਟੀ ਜਿਹੀ ਟੇਬਲੇਟ ਨੂੰ ਦੇਖ ਔਰਤ ਇਵੇਂ ਖ਼ੁਸ਼ ਹੋਈ ਜਿਵੇਂ ਉਨ੍ਹਾਂ ਪਲਾਂ 'ਚ ਕੋਈ ਦੇਵਤਾ ਮਿਲ ਗਿਆ ਹੋਵੇ.....ਮਾਨਵੀਂ ਪੀੜ ਤੋਂ ਮੁਕਤੀ ਦਾ ਦੇਵਤਾ।"

"ਉਮੰਗ ਦਵਾਈ ਲੈ..ਹੁਣ ਚਿੰਤਾ ਦੀ ਕੋਈ ਗੱਲ ਨਹੀਂ....ਹੁਣ ਦਵਾਈ ਆਪਣਾ ਕੰਮ ਕਰੂੰਗੀ।" ਦਵਾਈ ਦੇਣ ਤੋਂ ਬਾਅਦ ਥੋੜ੍ਹਾ ਸਮਾਂ ਉਹ ਸ਼ਾਂਤ ਰਹੀ ਤੇ ਇਹਨਾਂ ਤਣਾਉ-ਪੂਰਨ ਪਲਾਂ ਦੇ

ਵਿੱਲੇ ਪੈਂਦਿਆਂ ਔਰ ਦੀ ਦ੍ਰਿਸ਼ਟੀ ਚੇਤਨਾ ਨੇ ਹਲੂਣਿਆ......ਇੰਨੇ ਫ਼ੌਜੀ ਜਵਾਬ ਦੇਖੇ ਉਹਨੇ......ਕਿਵੇਂ ਮਾਵਾਂ ਭੇਜਦੀਆਂ ਹੋਣਗੀਆਂ ਮੋਰਚਿਆਂ ’ਤੇ.....ਕਿੱਥੋਂ ਲਿਆਉਂਦੀਆਂ ਹੋਣਗੀਆਂ ਐਡਾ ਜਿਗਰਾ। ਅੰਦਰੋਂ ਕੁਝ ਪਿਘਲਿਆ ਤੇ ਉਸ ਨੇ ਸੌਂ ਰਹੇ ਉਮੰਗ ਦੇ ਸਿਰ ’ਤੇ ਹੱਥ ਫੇਰਿਆ।

ਔਰਤ ਦੀ ਇਕ ਨਜ਼ਰ ਘੜੀ ਵੱਲ ਤੇ ਇਕ ਉਮੰਗ ਵੱਲ।

ਹਿਲਦੀ ਛਾਤੀ ਉਮੰਗ ਦੀ। ਬੱਤੀ ਬੰਦ ਕਰ ਦਿੱਤੀ ਉਸਨੇ। ਨਾਈਟ ਲੈਂਪ ਬਾਲ ਦਿੱਤਾ। ਦਸ ਮਿੰਟ......ਵੀਹ ਮਿੰਟ.......ਪੱਚੀ ਮਿੰਟ.........ਤੀਹ ਮਿੰਟ.........।

ਪਲ-ਪਲ ਇਖ ਯੁੱਗ ਵਾਂਘ ਬੀਤਿਆ।

ਹੁਣ ਸ਼ਾਂਤ ਹੈ ਔਰਤ।.........ਨੀਂਦ ਦੀ ਨਦੀ ’ਚ ਹੌਲੀ-ਹੌਲੀ ਹਿਚਕੋਲੇ ਖਾ ਰਿਹਾ ਹੈ ਉਮੰਗ।

ਧੰਨਵਾਦ ’ਚ ਫਿਰ ਹੱਥ ਜੁੜ ਗਏ। ਰਾਹਤ ਵੀ ਮਹਿਸੂਸ ਕੀਤੀ ਉਸ ਨੇ। ਜਿਵੇਂ ਕਿਸੇ ਡੂੰਘੀ ਦਮਘੋਟੂ ਸੁਰੰਗ ’ਚੋਂ ਬਾਹਰ ਨਿਕਲੀ ਹੋਵੇ।

ਆਦਮੀ ਵੀ ਮੁਸਕਰਾ ਪਿਆ। ਹੌਲੀ ਜਿਹੇ ਫੁਸਫੁਸਾਇਆ “ਹੁਣ ਚਿੰਤਾ ਦੀ ਕੋਈ ਗੱਲ ਨਹੀਂ, ਨੀਂਦ ਆ ਗਈ.....ਹੁਣ ਸਵੇਰੇ ਹੀ ਉਠੂਗਾ।”

ਘੋਰ ਸੰਨਾਟਾ.....ਘੜੀ ਦੀ ਟਿਕ-ਟਿਕ।

ਪੰਜ ਛੇ ਮਿੰਟ......ਚੁੱਪ.......ਖਾਮੋਸ਼ ਬੈਠ ਕੇ ਹੁਣ ਆਦਮੀ ਉਠਿਆ “ਹੁਣ ਤੁਸੀਂ ਬੇਫਿਕਰ ਰਹੋ...ਆਰਾਮ ਕਰੋ.....ਮੈਂ ਵੀ ਚੱਲਦਾਂ ਹੁਣ।”

ਦਿਲਾਂ ਤੋਂ ਦੂਰ ਨਾ ਜਾਓ ਬਹੁਤ ਉਦਾਸ ਹੈ ਰਾਤ!

..........................................................

ਸਿਤਾਰੇ ਸਾਮਣੇ ਆਓ ਬਹੁਤ ਉਦਾਸ ਹੈ ਰਾਤ!!

ਉਮੰਗ ਦੀ ਬਦਹਜ਼ਮੀ ’ਤੇ ਜੋ ਪ੍ਰੇਮ ਕਥਾ ਕੁਝ ਸਮੇਂ ਲਈ ਦੂਰ ਚਲੀ ਗਈ ਸੀ। ਝਿਮਝਿਮ ਬਰਸਾਤੀ ਰਾਤਾਂ ’ਚ ਉਹ ਹੁਣ ਫਿਰ ਲੀਹ ’ਤੇ ਆਉਣ ਲੱਗੀ ਸੀ। ਖੜ੍ਹੇ ਹੁੰਦੇ ਆਦਮੀ ਨੂੰ ਦੇਖ ਔਰਤ ਦਾ ਦਿਮਾਗੀ ਚੈਨਲ ਫੌਰਨ ਬਦਲਿਆ। ਉਹ ਕੋਲ ਆਈ। ਉਹ ਜਾਦੂਈ ਧੁੰਦਲਕੇ ਵਿਚ ਆਪਨੇ ਜ਼ਨਾਨਾ ਜਾਦੂ ਦਾ ਭਰਪੂਰ ਇਸਤਿਮਾਲ ਕਰਦਿਆਂ ਉਹਨੇ ਆਦਮੀਆਂ ਦੀਆਂ ਅੱਖਾਂ ’ਚ ਦੇਖਿਆ-“ਰੁਕ ਜਾਉ।........ਪਤਾ ਨਹੀਂ ਕਦੋਂ ਤੁਹਾਡੀ ਲੋੜ ਪੈ ਜਾਏ।” ਅਖਰ-ਅਖਰ ਸੋਮਰਸ ਵਿੱਚ ਭਿੱਜਿਆ ਹੋਇਆ।

‘ਲੋੜ’ ਆਦਮੀ ਦੀ ਸਤਹੀ ਚੇਤਨਾ ਨੇ ਉਹਨੂੰ ਸਵਾਧਨਾ ਕਰਨਾ ਚਾਹਿਆ, ਪਰ ਅਜਿਹੇ ਪਲਾਂ ਦੇ ਅੰਦਰ ਹੀ ਡੂੰਘੀ ਅੰਤਰਧਾਰਾ ’ਚੋਂ ਜਿਵੇਂ ਕੋਈ ਆਵਾਜ਼ ਨਿਕਲੀ-ਵਹਿ ਜਾਣ ਦਿਓ.....ਜੋ ਆਪਣੇ ਆਪ ਨੂੰ.....ਜੋਬਨ, ਪ੍ਰੇਮ ਤੇ ਜੀਵਨ ਦੇ ਇਸ ਆਦਮਰਾਗ ’ਚ।

....................................

....................................

ਔਰਤ ਹੁਣ ਬਾਥਰੂਮ ਵਿੱਚ।

ਦਸ ਮਿੰਟ ਦੀ ਲੰਬੀ ਉਡੀਕ।

ਆਦਮ ਰਾਗ ਵੱਜ ਰਿਹਾ ਆਦਮੀ ਅੰਦਰ।

ਤੇ ਜਦੋਂ ਉਹ ਬਾਥਰੂਮ ’ਚੋਂ ਨਿਕਲੀ ਤਾਂ ਆਦਮੀ ਨੂੰ ਲੱਗਿਆ ਜਿਵੇਂ ਉਹ ਜਾਦੂਈ ਲਾਲ-ਗੁਲਾਬੀ ਜਿਹੇ ਧੁੰਦਲਕੇ ’ਚ ਉਹ ਕਿਸੇ ਆਦਮ ਯੁੱਗ ’ਚ ਪਹੁੰਚ ਗਿਆ ਹੋਵੇ। ਤੇ ਉਸਦੇ ਸਾਹਮਣੇ ਅਜੰਤਾਂ ਦੀ ਗੁਫ਼ਾ ’ਚੋਂ ਕੋਈ ਅੱਪਸਰਾ ਕਿਨਲ ਰਹੀ ਹੋਵੇ.....ਦੇਹ ਦੀ ਭਾਸ਼ਾ ਬੋਲਦੀ ਹੋਈ। ਮਾਦਕਤਾ ਦੀ ਂਗਲੀ ਜਿਹੀ ਲਹਿਰਾਉਂਦੀ, ਧੀਮੀ-ਧਮੀ ਗਤੀ ਨਾਲ ਅੱਗੇ ਵੱਧਦੀ ਹੋਈ।

ਮੌਸਮ ਹੁਣ ਬਦਲ ਗਿਆ ਸੀ। ਵਾਸਨਾ-ਪ੍ਰੇਮ, ਸੱਚ-ਝੂਠ, ਸਭ ਘੁਲ-ਮਿਲ ਗਏ ਸਨ।



ਖ਼ੁਸ਼ਬੂ ਤੇ ਤਾਜ਼ਗੀ ਦੇ ਹੁਲਾਰਿਆ ਨਾਲ ਸੁਪਨੇ ਤੇ ਯਥਾਰਥ ਦਾ ਇਕ ਪ੍ਰਛਾਵਾਂ ਉਸਦੇ ਨੇੜੇ ਆਇਆ ਤੇ ਝੁਕ ਗਿਆ।

ਆਦਮੀ ਦੇ ਵਿਚਾਰ ਪਲਟੇ-ਦੇਹ ਦੀ ਜੀਵਨ ਦਾ ਸਭ ਤੋਂ ਠੋਸ ਸੱਚ, ਪਹਿਲਾ ਯਥਾਰਥ ਮੁਗਧ ਹੋ ਕੇ ਉਹਨੇ ਔਰਤ ਦਾ ਚਿਹਰਾ ਹੌਲੀ-ਹੌਲੀ ਉਤਾਂਹ ਕੀਤਾ, ਨਾਲ ਹੀ ਅੰਦਰ ਦੀ ਡੂੰਘਾਈ ’ਚੋ ਛੋਟਾ ਜਿਹਾ ਵਿਚਾਰ ਉਠਿਆ-ਕੌਣ ਵਿਸ਼ਵਾਸ ਕਰੇਗਾ, ਕਿਸੇ ਪਹਾੜੀ ਰਾਤ ’ਚ ਕਿਸੇ ਖ਼ੂਬਸੂਰਤ ਔਰ ਤਨੇ ਉਹਨੂੰ ਇਸ ਤਰ੍ਹਾਂ ਬੁਲਾਵਾ ਦਿੱਤਾ ਹੈ।......ਮੈਂ ਤਾਂ ਅਜੇ ਤੱਕ ਸਿਰਫ਼ ਇਹੋ ਜਾਣਿਆ ਸੀ ਕਿ ਮਹਾਨ ਪ੍ਰੰਪਰਾ ਤੇ ਇਤਿਹਾਸ ਵਾਲੇ ਇਸ ਪ੍ਰਾਚੀਨ ਦੇਸ਼ ਦੀਆਂ ਹਿੰਦੋਸਤਾਨੀ ਔਰਤ ਸੈਕਸ ਦੇ ਮਾਮਲੇ ’ਚ ਪਤੀ ਤੱਕ ਨੂੰ ਵੀ ਅੱਗੇ ਹੋ ਸੱਦਾ ਨਹੀਂ ਦਿੰਦੀਆਂ.....ਗ਼ੈਰ ਉਹਨਾਂ ਨੂੰ ਛੂਹ ਵੀ ਨਹੀਂ ਸਕਦੇ।........ਕੀ ਹਿੰਦੋਸਤਾਨੀ ਔਰਤ ‘ਪ੍ਰਗਤੀ’ ’ਤੇ ਹੈ? ਜਾਂ ਜਿੱਤ ਮੇਰੀ ਮਰਦਾਨਗੀ ਦੀ ਹੈ?

ਬਹਰਹਾਲ.....ਵਿਚਾਰਾਂ ਦੀ ਅਜਿਹੀ ਛੋਟੀ-ਛੋਟੀ ਤਰੰਗ ਨੂੰ ਜਲ-ਕਣਾਂ ਵਾਂਗ ਝਾੜਦੇ ਹੋਏ ਉਸਨੇ ਸ਼ੁਰੂਆਤੀ ਝਿਕ ਤੋਂ ਬਾਅਦ ਕਾਮ ਦੀ ਉਸ ਸਾਕਾਰ ਦੇਵੀ ਨੂੰ ਹੌਲੀ-ਹੌਲੀ ਚੁੰਮਣਾ ਸ਼ੁਰੂ ਕਰ ਦਿੱਤਾ। ਦੁਨੀਆਂ ਦੀਆਂ ਸਾਰੀਆਂ ਪ੍ਰੇਮ-ਕਥਾਵਾਂ, ਲੋਕ-ਕਥਾਵਾਂ, ਪਰੀ-ਕਥਾਵਾਂ ਤੇ ਜਾਤਕ ਕਥਾਵਾਂ ਇਸ ਰਹੱਸਮਈ ਰੋਮਾਂਸ-ਕਥਾ ਦੇ ਸਾਹਮੇ ਫਿੱਕੀਆਂ ਪੈਣ ਲੱਗੀਆਂ।

ਪੀ ਲੈ, ਪੀ ਲੈ ਮਧੂ ਦਾ ਪਿਆਸਾ।

ਇਹਦੇ ਕਣ-ਕਣ ’ਚ ਹੈ ਜਵਾਲਾ?

ਕਾਮਨਾਵਾਂ ਦੇ ਮਿੱਠੇ ਤੀਰ ਛੱਡਦੀ ਔਰਤ ਤੇ ਆਪਣੇ ਮੱਧਵਰਗੀ ਸੰਸਕਾਰ ਨੂੰ ਤੀਲ੍ਹਾ-ਤੀਲ੍ਹਾ ਕਰ ਕੇ ਸੁੱਟ ਰਿਹਾ ਆਦਮੀ। ਦੋਵੇਂ ਹੁਣ ਮਧੂ ਚੰਦਰਿਕਾ ਦੀ ਉਸ ਮਿਲਣ ਸਮਾਰੋਹ ’ਚ ‘ਮਧੂਮਤੀ’ ਦੀ ਭੂਮਿਕਾ ਵਿੱਚ ਸਨ।

ਜ਼ਿੰਦਗੀ ਦੇ ਅੱਦਭੁਤ ਰਸ ਨੂੰ ਚੂਸ-ਚੂਸ ਕੇ ਘੁੱਟ ਭਰਦਾ ਆਦਮੀ। ਵਿਚ-ਵਿਚਕਾਰ ਜਦੋਂ ਔਰਤ ਨੂੰ ਕਿਸੇ ਗੰਦੇ ਚੀਥੜੇ ਵਾਂਗ ਪਤੀ ਦਾ ਖਿਆਲ ਆਉਂਦਾ ਤਾਂ ਉਹ ਆਦਮੀ ਨੂੰ ਹੋਰ ਕੱਸ ਕੇ ਆਪਣੀਆਂ ਬਾਹਾਂ ਦੇ ਘੇਰੇ ’ਚ ਜਕੜ ਲੈਂਦੀ। ਅਜਿਹੇ ਪਲਾਂ ਵਿੱਚ ਉਸ ਦੀਆਂ ਅੱਖਾਂ ਵਿਸ਼ੇਸ਼ ਰੂਪ ’ਚ ਚਮਕਣ ਲੱਗ ਪੈਂਦੀਆਂ।

ਆਦਮੀ ਕਿਸੇ ਵੇਗ ’ਚ ਆ ਮੁਸਕਰਾ ਪੈਂਦਾ.....ਹਾਏ......ਹਾਏ......ਹਾਏ।

ਇਕ ਖ਼ੂਬਸੂਰਤ ਬਦਨ ਹੀ ਨਹੀਂ, ਸਗੋਂ ਖ਼ੂਬਸੂਰਤ ਦਿਮਾਗ ਵੀ ਉਹਦੀ ਪਕੜ ਵਿੱਚ ਸੀ। ਜ਼ਿੰਦਗੀ ਅਜਿਹੇ ਪਲਾਂ ’ਚ ਪੂਰੀ ਰਵਾਨਗੀ ਨਾਲ ਜੋਬਨ, ਜੋਸ਼ ਤੇ ਰਾਗ ਦੀ ਚਾਂਦਨੀ ਖਿਲਾਰ ਰਹੇ ਸੀ। ਔਰਤ ਦੇ ਸਰੀਰ ਦੇ ਸੰਮੋਹਨ ਦੀਆਂ ਗਿਆਤ ਡੂੰਘਾਈਆਂ ਵੱਲ ਡੁੱਬਦਾ ਜਾ ਰਿਹਾ ਸੀ ਆਦਮੀ।

ਬੇਖ਼ੁਦੀ-ਸਮਾਧੀ-ਅਗਨਤਾ ਦਾ ਖਾਮੋਸ਼ ਪਲ। ਸੁਪਨੇ ਤੇ ਯਥਾਰਥ ਦਾ ਮੇਲ।

ਤੇ ਠੀਕ ਉਦੋਂ ਆਦਮੀ ਜਦੋਂ ਸਿਖਰ ਦੇ ਨਜ਼ਦੀਕ ਹੁੰਦਾ ਹੋਇਆ ਆਪਣੇ ਆਪ ਨੂੰ ਸੰਸਾਰ ਦਾ ਸਭ ਤੋਂ ਸੁਖੀ ਤੇ ਕਿਸਮਤ ਵਾਲਾ ਵਿਅਕਤੀ ਸਮਝ ਰਿਹਾ ਸੀ, ਤਦ ਇਕੋ ਝਟਕੇ ’ਚ ਔਰਤ ਨੇ ਉਸ ਬਣਾਏ ਬਣਾਉਟੀ ਜਾਲ ’ਚੋਂ ਆਪਣੇ-ਆਪ ਨੂੰ ਮੁਕਤ ਕਰ ਲਿਆ। ਸੇਜ਼ ਨੂੰ ਛੱਡ ਕੇ ਉਹ ਉੱਠ ਖੜ੍ਹੀ, ਜਿਵੇਂ ਉਹ ਸੇਜ਼ ਨਹੀ ਕੋਈ ਭੂਤ-ਵਾੜਾ ਹੋਵੇ।

ਦੋ ਖ਼ੂਬਸੂਰਤ ਜਿਸਮਾਂ ਦਾ ਕੋਈ ਪੁਲ ਬਣਦੇ-ਬਣਦੇ ਟੁੱਟ ਗਿਆ।

ਆਦਮੀ ਹੈਰਾਨ-ਪ੍ਰੇਸ਼ਾਨ।

ਉਹ ਉਸਦਾ ਸਾਫ਼ ਵਿਰੋਧ ਸੀ। ਇਕ ਗੁਲਾਬੀ ਪ੍ਰੇਮ ਕਹਾਣੀ ਦੇ ਇਸ ਤਰ੍ਹਾਂ ਵਿਚਾਲੋਂ ਤਿੜਕ ਜਾਣ ਤੋਂ ਉਹ ਖ਼ਫ਼ਾ ਸੀ। ਸ਼ਰਮਿੰਦਾ ਵੀ। ਆਪਣੀ ਗਰਮਾ ਤੇ ਬੇਕਾਬੂ ਦੇਹ ਤੇ ਵੀਰਤਾਪੂਰਵਕ ਕਾਬੂ ਪਾਉਂਦਿਆਂ ਹੋਇਆ ਉਹਨੇ ਹੈਰਾਨੀ ਤੇ ਗੁੱਸੇ ’ਚ ਔਰਤ ਵੱਲ ਦੇਖਿਆ। ਬੋਲਣ ਵੇਲੇ ਉਸ ਦੀ ਆਵਾਜ਼ ਵੀ ਕੰਬ ਗਈ, “ਇਹ ਕੀ? ਕੀ ਵਾਸਨਾ ਦੀ ਲਹਿਰ, ਦੇਹ ਦਾ ਤਾਪ ਤੇ ਮਨ ਦੀ ਮੌਜ ਨੇ ਇੱਥੋਂ ਤੱਕ ਹੀ ਸਾਥ ਦਿੱਤਾ ਤੇਰਾ? ਤੇਰੀ ਇਸ ਤਰ੍ਹਾਂ ਦੀ ਹਰਕਤ ਤੋਂ ਤਾਂ ਸੱਚਾ ਪਾਤਸ਼ਾਹ ਵੀ ਹੈਰਾਨ

ਹੋਇਆ ਹੋਵੇਗਾ।......ਮੈਂ ਤੈਨੂੰ ਸੱਦਾ ਦੇਣ ਨਹੀਂ ਸੀ ਗਿਆ........ਫਿਰ ਤੂੰ ਇਸ ਤਰ੍ਹਾਂ ਕਿਉਂ ਕੀਤਾ ? ਦੱਸ ?"

ਔਰਤ ਚੁੱਪ।

ਆਦਮੀ ਨੇ ਫਿਰ ਹਲੂਣਿਆ ਉਸਨੂੰ। ਕੁਝ ਪਲ ਪਹਿਲਾਂ ਦਾ ਪ੍ਰੇਮੀ ਹੁਣ ਹਾਰੇ ਹੋਏ ਸਾਣ 'ਚ ਬਦਲ ਚੁੱਕਾ ਸੀ। ਚਿਹਰੇ 'ਤੇ ਬਿਨ ਵਰ੍ਹੇ ਬੱਦਲਾਂ ਦਾ ਝੁਰਮੁਟ ਉਭਰਿਆ ਹੋਇਆ।

"ਦੱਸ, ਅਸੀਂ ਪਹਿਲਾਂ ਗਲਤ ਸੀ ਜਾਂ ਹੁਣ ਗਲਤ ਹਾਂ ? ਜੇ ਪਹਿਲਾਂ ਗਲਤ ਸੀ ਤਾਂ ਤੂੰ ਅੱਗੇ ਕਿਉਂ ਵਧੀ ? ਤੇ ਜੇ ਅਸੀਂ ਪਹਿਲਾਂ ਗਲਤ ਨਹੀਂ ਸਾਂ ਤਾਂ ਹੁਣ ਗਲਤ ਕਿਵੇਂ ਹੋ ਗਏ ?.....ਇਸ ਪੂਰੇ ਮਾਹੌਲ 'ਚ ਤੂੰ ਹੀ ਸਭ ਕੁਝ ਸੀ...ਨਿਰਦੇਸ਼ਕ ਵੀ ਤੇ ਸੂਤਰਧਾਰ ਵੀ !"

ਔਰਤ ਚੁੱਪ। ਇਕਦਮ ਬਰਫ਼।

ਆਦਮੀ ਨੇ ਝੰਜੋੜਿਆ ਉਸਨੂੰ।

"ਮੈਂ ਸ਼ਰੀਫਡ ਹਾਂ। ਔਰਤ ਦੀ ਇੱਜ਼ਤ ਵੀ ਕਰਦਾਂ। ਇਸੇ ਲਈ ਮੈਂ ਤੇਰੀ ਇੱਛਾ ਦੇ ਵਿਰੁੱਧ ਕੁਝ ਨਹੀਂ ਕੀਤਾ.......ਪਰ ਆਪਣੇ ਇਸ ਸਵਾਲ ਦਾ ਜਵਾਬ ਲਏ ਬਗੈਰ ਮੈਂ ਹਿੱਲਾਂਗਾ ਵੀ ਨਹੀਂ, ਇੱਥੋਂ.....ਕਿਉਂਕਿ ਇਹ ਮੇਰੇ ਜੀਵਨ ਦਾ ਸਭ ਤੋਂ ਹੈਰਤਅੰਗੇਜ਼ ਪ੍ਰਸ਼ਨ ਏ।"

ਜਵਾਬ ਆਇਆ। ਅੱਖਰ–ਅੱਖਰ ਪਹਾੜ ਜਿੱਡਾ।

"ਅਸੀਂ ਨਾ ਪਹਿਲਾਂ ਗਲਤ ਸਾਂ ਤੇ ਨਾ ਹੀ ਹੁਣ ਗਲਤ ਹਾਂ.......ਬੱਸ ਇਸ ਤੋਂ ਅੱਗੇ ਵੱਧਣਾ ਮੇਰੇ ਏਜੰਡੇ 'ਚ ਨਹੀਂ ਸੀ।"

"ਕੀ ?" ਆਦਮੀ ਨੇ ਜਿਵੇਂ ਨੰਗੀ ਤਾਰ ਨੂੰ ਛੂਹ ਲਿਆ ਹੋਵੇ ਹੇ ਰੱਬਾ। ਇਸ ਦੁਨੀਆਂ 'ਚ ਵੀ ਫਿਕਸਿੰਗ।

"ਹਾਂ, ਅੱਜ ਦੀ ਇਹ ਰਾਤ ਅਨਾਚਕ ਨਹੀਂ ਸੀ, ਇਸਦੇ ਟੁਕੜੇ ਮੇਰੇ ਅਵਚੇਤਨ 'ਚ ਪਤਾ ਨਹੀਂ ਕਿੰਨੇ ਸਾਲਾਂ ਦੇ 'ਕੱਠੇ ਹੋ ਰਹੇ ਸੀ।.........ਅੱਜ ਦੀ ਰਾਤ ਮੇਰੇ ਬਦਲੇ ਦੀ ਰਾਤ ਸੀ।"

"ਬਦਲਾ ? ਇਹ ਕਿਹੋ ਜਿਹਾ ਬਦਲਾ ? ਕਿਸ ਤੋਂ ਬਦਲਾ ?......ਆਪਣੀ ਹੀ ਕਾਇਆ ਦੇ ਕੁੰਭ 'ਚ ਦੂਜਿਆ ਨੂੰ ਨਹਾ ਕੇ, ਆਪਣੇ ਨੂੰ ਡੇਗ ਕੇ.....ਇਹ ਕਿਹੋ ਜਿਹਾ ਬਦਲਾ ਲਿਆ ਤੂੰ ?"

"ਘਬਰਾ ਨਾ, ਇਹ ਬਦਲਾ ਮੈਂ ਤੇਰੇ ਤੋਂ ਨਹੀਂ ਆਪਣੇ ਪਤੀ ਤੋਂ ਲਿਆ।.....ਤੇ ਇਹ ਬਦਲਾ ਤਾਂ ਇਵੇਂ ਹੀ ਲਿਆ ਜਾ ਸਕਦਾ ਸੀ, ਜਿਵੇਂ ਬਿਨ੍ਹਾਂ ਪਾਣੀ ਦੇ ਤੈਰਿਆ ਨਹੀਂ ਜਾ ਸਕਦਾ।....ਉਸੇ ਤਰ੍ਹਾਂ ਬਿਨਾਂ ਦੇਹ ਤੋਂ ਲੰਘਿਆ ਇਹ ਬਦਲਾ ਵੀ ਨਹੀਂ ਲਿਆ ਜਾ ਸਕਦਾ ਸੀ। ਰਹੀ ਗੱਲ ਆਪਣੇ ਨੂੰ ਨੀਵਾਂ ਕਰ ਲੈਣ ਦੀ.....ਸੌ ਮੈਂ ਨਹੀਂ ਮੰਨਦੀ ਕਿ ਮੈਂ ਆਪਣੇ–ਆਪ ਨੂੰ ਡੇਗਿਆ ਏ। ......ਕਿਉਂਕਿ ਇਹ ਮੇਰੀ ਵਾਸਨਾ ਨਹੀਂ, ਬਦਲੇ ਦੀ ਅੱਗ ਸੀ, ਜਿਸ ਦੀ ਜਵਾਲਾ 'ਚ ਬਲ ਰਹੀ ਸਾਂ।.......ਨੈਤਿਕਤਾ, ਸੱਚਿੱਤਰਤਾ ਤੇ ਪਵਿੱਤਰਤਾ.....ਇਹ ਸਾਰੇ ਸੱਚ ਮੁਕਤਾ–ਆਤਮਾ 'ਤੇ ਲਾਗੂ ਹੁੰਦੇ ਨੇ। ਜੀਵਨ ਦੀ ਸਾਧਾਰਨ ਮੰਗ ਤਾਂ, ਇਹ ਮੰਗ ਨੂੰ ਰੱਦ ਕਰ ਕੇ ਕੋਈ ਵੀ ਸੱਚ ਹਾਸਿਲ ਨਹੀਂ ਕੀਤਾ ਜਾ ਸਕਦਾ।..........ਤੇ ਪਵਿੱਤਰਤਾ ? ਉਹ ਹੱਸ ਪਈ–"ਪਵਿੱਤਰਤਾ ਜਿਹੇ ਘਟੀਆਂ ਪਦਾਰਥਾਂ ਲਈ ਕੀ ਬਦਲੇ ਜਿਹੀ ਸ਼ਕਤੀਸ਼ਾਲੀ ਭਾਵਨਾ ਦੀ ਬਲੀ ਦਿੱਤੀ ਜਾ ਸਕਦੀ ਏ ?........ਇਸ ਬਦਲੇ 'ਚ ਵੀ ਜੀਵਨਾ ਦੇ ਕੁਝ ਮੁੱਲ ਤੇ ਨਾਰੀ ਬੋਧ ਜੁੜਿਆ ਹੁੰਦਾ ਏ.........ਪਰ ਤੂੰ ਇਸ ਨੂੰ ਸਮਝ ਨਹੀਂ ਸਕਦਾ।"

"ਕੀ ਮਤਲਬ ?" ਆਦਮੀ ਕੁਝ ਸਮਝ ਨਾ ਸਕਿਆ। ਉਹ ਕੱਚਾ ਜਿਹਾ ਹੋ ਗਿਆ।

ਮੇਜ 'ਤੇ ਪਏ ਸਾਲ ਨੂੰ ਚੁੱਕ, ਆਪਣੇ ਆਲੇ–ਦੁਆਲੇ ਲਪੇਟ ਉਹ ਹੇਠਾਂ ਵੇਖਕੇ ਹੌਲੇ ਬੋਲਾਂ 'ਚ ਕਹਿਣ ਲੱਗੀ, "ਮੈਂ ਆਪਣੀ ਨਿੱਜੀ ਜ਼ਿੰਦਗੀ ਦੇ ਸਾਰੇ ਬਿਊਰੇ 'ਚ ਨਹੀਂ ਜਾਣਾ ਚਾਹੁੰਦੀ, ਪਰ ਇਕ ਘਟਨਾ ਸੁਣਾ ਸਕਦੀ ਹਾਂ, ਤੂੰ ਖੁਦ ਸਮਝ ਜਾਵੇਂਗਾ ਕਿ ਮੈਂ ਇਸ ਤਰ੍ਹਾਂ ਬਦਲ ਕਿਉਂ ਲਿਆ.........ਮੇਰੇ ਪਤੀ ਨੇ ਮੇਰੀ ਦੇਹ ਦੀ ਜ਼ਮੀਨ 'ਤੇ ਹੱਦਬੰਦੀ ਕੀਤੀ ਹੋਈ ਸੀ। ਅਜਿਹੀਆਂ ਕੰਡੇ–ਦਾਰ ਝਾੜੀਆਂ ਲਾਈਆਂ ਹੋਈਆਂ ਸੀ ਕਿ ਮੈਂ ਕਿਸੇ ਹਮਉਮਰ ਇਨਸਾਨ ਨਾਲ ਗੱਲਬਾਤ



ਕਰਨ ਤੋਂ ਵੀ ਤਰਸ ਜਾਂਦੀ। ਇਨਸਾਨ। ਹਾਏ ! ਕਿੰਨਾ ਜਾਨਦਾਰ ਤੇ ਸ਼ਾਨਦਾਰ ਸ਼ਬਦ ਏ। ਮੇਰਾ ਵੱਸ ਚੱਲਦਾ ਮੈਂ ਸੰਸਾਰ ਦੇ ਸਾਰੇ ਸੁੰਦਰ ਇਨਸਾਨਾਂ ਨਾਲ ਘੁਲਾਂ–ਮਿਲਾਂ ਉਹਨਾਂ ਦੇ ਵਿਚਾਰ ਜਾਣ ਸਕਾਂ। ਪਰ ਮੇਰੀ ਜ਼ਿੰਦਗੀ 'ਚ ਇਸ ਸ਼ਬਦ ਦੀ ਅਹਿਮੀਅਤ ਹੀ ਨਹੀਂ ਸੀ। ਮੈਂ ਹਰ ਮੌਸਮ ਵਿੱਚ ਬੰਧਨੀ ਸਾਂ। ਰੋਮ ਦੇ ਗੁਲਾਮਾਂ ਵਾਂਗ।..........ਇਕ ਵਾਰ ਮੈਂ ਆਪਣੇ ਪਤੀ ਦੇ ਛੋਟੇ ਭਰਾ ਦੇ ਮਿੱਤਰ ਨਾਲ ਪਤੀ ਦੇ ਸਾਹਮਣੇ ਹਿੰਮਤ ਕਰ ਕੇ ਹੱਥ ਮਿਲਾ ਲਿਆ, ਤਾਂ ਪਤੀ ਨੇ ਉਹਦੇ ਜਾਣ ਤੋਂ ਬਾਅਦ ਮੇਰੇ ਹੱਥਾਂ ਨੂੰ ਕੰਧ 'ਤੇ ਮਾਰ–ਮਾਰ ਜ਼ਖ਼ਮੀ ਕਰ ਦਿੱਤਾ ਸੀ......ਤਾਂ ਕਿ ਉਹਦਾ ਸਪਰਸ਼ ਮਿਟ ਸਕੇ।........ਅੱਜ ਆਪਣੇ–ਆਪਣੇ ਨੂੰ ਇਕ ਸੀਮਾ ਤੱਕ ਕਿਸੇ ਗੈਰ–ਮਰਦ ਦੇ ਹਵਾਲੇਕਰ ਕੇ, ਮੈਂ ਉਸ ਅਪਮਾਨ ਦਾ ਬਦਲਾ ਲਿਆ ਏ। ਮੈਨੂੰ ਫ਼ਖ਼ਰ ਏ ਕਿ ਮੈਂ ਹੁਣ ਉਹ ਨਹੀਂ ਨਹੀਂ......ਉਹਦੀ ਪਰਮ ਪਵਿੱਤਰ, ਜੋ ਉਹ ਮੈਨੂੰ ਸਮਝਦਾ ਏ ਕਿ ਮੈਂ ਹਾਂ........। ਜਾਣਦਾ ਏ, ਬਹੁਤ ਪਹਿਲਾਂ ਮੈਂ ਇਕ ਵਿਦੇਸ਼ੀ ਕਹਾਣੀ ਪੜਵੀ ਸੀ, ਜਿਸ ਵਿੱਚ ਇਕ ਪਤਨੀ, ਪਤੀ ਦੀ ਮੌਤ ਤੋਂ ਬਾਅਦ ਉਹਦੀਆਂ ਅੱਖਾਂ ਨੂੰ ਵਿਗਿਆਨ ਦੀ ਸਹਾਇਤਾ ਨਾਲ ਕਿਸੇ ਬਣਾਉਂਟੀ ਮੁਖੜੇ 'ਚ ਜੁੜਵਾ ਕੇ ਆਪਣੇ ਮੇਜ਼ 'ਤੇ ਰੱਖ ਲੈਂਦੀ ਏ।.......ਤੇ ਇਕ–ਇਕ ਕਰ ਕੇ ਉਹ ਸਾਰੇ ਕੰਮ ਕਰਦੀ ਏ, ਜਿਨ੍ਹਾਂ ਲੀ ਜਿਉਂਦੇ ਸਮੇਂ ਉਹਦਾ ਪਤੀ ਰੋਕਦਾ ਰਹਿੰਦਾ ਸੀ। ਤੇ ਜਿਨ੍ਹਾਂ ਕਾਰਨ ਹੀ ਉਹੀ ਆਪਣੀ ਪਤਨੀ ਨੂੰ ਹਦਾਇਤ ਦਿੱਤੀ ਸੀ ਕਿ ਇਨ੍ਹਾਂ ਆਦੇਸ਼ਾਂ ਦਾ ਉਹ ਉਹਦੇ ਮਰਨ ਤੋਂ ਬਾਦ ਦੀ ਪਾਲਣ ਕਰੇ।.......ਮਰੇ ਹੋਏ ਪਤੀ ਦੀਆਂ ਲਾਚਾਰ ਅੱਖਾਂ ਬੱਸ ਦੇਖਦੀਆਂ ਹੀ ਰਹਿੰਦੀ। ਜਿਹੜੇ ਦਿਨਾਂ 'ਚ ਮੈਂ ਇਹ ਕਹਾਣੀ ਪੜ੍ਹੀ ਸੀ ਤਾਂ ਮੈਨੂੰ ਇਹ ਐਵੇਂ ਬਣਾਉਂਟੀ ਜਿਹੀ ਲੱਗੀ.........ਪਰ ਅੱਜ ਸਮਝ ਗਈ ਹਾਂ.......ਇਹ ਕਹਾਣੀਆਂ ਨਹੀਂ, ਹੱਡ–ਮਾਸ ਦੀਆਂ ਜ਼ਿੰਦਗੀਆਂ ਦਾ ਜਿਊਂਦਾ ਦਸਤਾਵੇਜ਼ ਨੇ.......ਜਿਹੜੀਆਂ ਸਮੇਂ ਨਾਲ ਕਹਾਣੀਆਂ ਬਣ ਜਾਂਦੀਆਂ ਨੇ, ਠੀਕ ਉਵੇਂ ਜਿਵੇਂ ਜਿਊਂਦੇ ਜਾਨਵਰਾਂ ਦੀਆਂ ਹੱਡੀਆਂ ਤੇ ਮਾਸ ਕਾਫ਼ੀ ਸਮੇਂ ਬਾਅਦ ਇਹ ਚੱਟਾਨਾਂ ਬਣ ਜਾਂਦੇ।" ਅੱਖਰ–ਅੱਖਰ ਗੁੱਸੇ ਵਿੱਚ ਡੁੱਬੀ ਸੀ ਔਰਤ ਦਾ।

ਆਦਮੀ ਨੂੰ ਲੱਗਿਆ ਔਰਤ ਦੀ ਸ਼ਖ਼ਸੀਅਤ ਦਾ ਅਖੀਰੀ ਅਤੇ ਅਦ੍ਰਿਸ਼ ਘੁੰਡ ਦੀ ਖੁੱਲ੍ਹ ਖੁੱਲ੍ਹ ਗਿਆ ਹੋਵੇ। ਉਸ ਨੂੰ ਸਮਝ ਨਹੀਂ ਆ ਰਿਹਾ ਸੀ ਕਿ ਇਸ ਰਾਤ ਦੀ ਘਟਨਾ 'ਚ ਉਹ ਆਪਣੇ–ਆਪ ਨੂੰ ਹਾਰਿਆ ਮਹਿਸੂਸੇ ਜਾਂ ਸ਼ਰਮਿੰਦਾ.........ਪਰ ਉਹਨੇ ਮਾਫ਼ ਮਹਿਸੂਸਿਆ ਕਿ ਉਹਦੀ ਸੰਵੇਦਨਾ ਦੇ ਕੁਝ ਤਾਰ ਐਵੇਂ ਹੀਂ ਰਤ ਨਾਲ ਜੁੜ ਗਏ ਸਨ।

ਹੁਣ ਉਸਨੇ ਚਲੇ ਜਾਣਾ ਸੀ ਕਿਉਂਕਿ ਔਰਤ ਦਾ ਮਕਸਦ ਪੂਰਾ ਹੋ ਚੁੱਕਾ ਸੀ ਤੇ ਆਪਣੀ ਸਾਰੀ ਰੋਮਾਂਟਿਕ ਜੀਵਵੰਤਤਾ ਦਾ ਜਾਲ ਉਹਨੇ ਪੂਰੀ ਤਰ੍ਹਾਂ ਇਕੱਠਾ ਕਰ ਲਿਆ ਸੀ......ਪਰ ਆਦਮੀ ਸੀ ਕਿ ਜਾਣ ਦੀ ਮਾਨਸਿਕਤਾ ਬਣਾ ਨਹੀਂ ਸਕਿਆ ਸੀ–ਕਿਸੇ ਨਾ ਕਿਸੇ ਬਹਾਨੇ ਟੁੱਟੇ ਹੋਏ ਤਲਿੱਸਮ 'ਚ ਉਹ ਕੁਝ ਦੇਰ ਹੋਰ ਗੁਜ਼ਾਰਨਾ ਚਾਹੁੰਦਾ ਸੀ। ਉਸ ਚਿਹਰੇ ਨੂੰ ਜ਼ਿੰਦਗੀ ਭਰ ਦੇ ਲਈ ਉਹ ਆਪਣੀਆਂ ਅੱਖਾਂ 'ਚ ਸਮਾਂ ਲੈਣਾ ਚਾਹੁੰਦਾ ਸੀ। ਜਾਣ ਦਾ ਹੌਂਸਲਾ ਕਰਦੇ–ਕਰਦੇ ਉਹਨੇ ਫਿਰ ਪੁੱਛਿਆ–"ਬੱਸ ਆਖਰੀ ਸਵਾਲ.......ਕੀ ਤੂੰ ਪਤੀ ਨੂੰ ਆਪਣੇ ਇਸ ਬਦਲੇ ਬਾਰੇ ਦੱਸੇਂਗੀ ?"

ਔਰਤ ਖ਼ਬਰੀ ਜਿਹੀ ਹਾਸੀ ਹੱਸ ਕੇ ਕਹਿਣ ਲੱਗੀ–"ਸ਼ਾਇਦ ਹਾਂ, ਸਾਇਦ ਨਹੀਂ........ਪਰ ਜੇ ਨਾ ਵੀ ਦੱਸਿਆ ਤਾਂ ਕੀ ਹਰਜ਼........ਲੇਟ ਮਾਊਸ ਬੀ ਏ ਮਾਊਸ ! (ਚੂਹੇ ਨੂੰ ਚੂਹਾ ਹੀ ਰਹਿਣ ਦਿਉਂ !)"

ਸਵੇਰੇ ਔਰ ਹੋਟਲ ਛੱਡ ਕੇ ਜਾ ਚੁੱਕੀ ਸੀ। ਆਦਮੀ ਵੀ ਜਾਣ ਦੀ ਤਿਆਰੀ ਕਰ ਰਿਹਾ ਸੀ। ਇਹ ਸੁੰਦਰ ਯਾਤਰਾ ਦਾ ਬੇਚੈਨ ਤੇ ਅਧੂਰਾ ਅੰਤ ਹੋਣ ਜਾ ਰਿਹਾ ਸੀ। ਆਦਮੀ ਦੀ ਚੇਤਨਾ 'ਚ ਪੂਰੀ ਤਰ੍ਹਾਂ ਔਰਤ ਤੇ ਉਦਾਸੀ ਦੀ ਧੁੰਦ ਜਿਹੀ ਛਾ ਗਈ ਸੀ। ਅਚਾਨਕ ਉਹਦੇ ਦਿਮਾਗ 'ਚ ਆਇਆ–"ਐ ਜੀਪ ਵਿਚ ਦੋ ਆਦਮੀ ਹੋਰ ਵੀ ਸਨ। " ਫੇਰ ਔਰਤ ਨੇ ਆਪਣੇ ਬਦਲੇ ਲਈ ਮੈਨੂੰ ਹੀ ਕਿਉਂ ਚੁਣਿਆ.......ਕੀ ਉਹਦੇ ਚਿਹਰੇ 'ਚ ਇਹੋ–ਜਿਹਾ ਕੁਝ ਸੀ ? ਉਹ ਤੁਰੰਤ ਬਾਲਕੋਨੀ ਵੱਲ ਬੱਜਿਆ ਤਾਂ ਜੋ ਔਰਤ ਦਿਸ ਪਏ ਤੇ ਉਹ ਆਖਰੀ ਸਵਾਲ ਵੀ ਉਸੇ ਪੁੱਛ ਲਏ.........ਉਹਦਾ ਵਿਸ਼ਵਾਸ ਸੀ ਕਿ ਔਰਤ ਜ਼ਰੂਰ ਉਹਨੂੰ ਜਵਾਬ ਦੇਵੇਗੀ.........ਪਰ ਉਦੋਂ ਤੱਕ ਔਰਤ ਦੀ ਜੀਪ ਰਵਾਨਾ ਹੋ ਚੁੱਕੀ ਸੀ।

**-ਅਨੁ : ਅਨੇਮਨ ਸਿੰਘ**

# ਐਨੇ ਮਾੜੇ ਦਿਨ/ਸੁਭਾਸ਼ ਨੀਰਵ

ਐਨੇ ਮਾੜੇ ਦਿਨ ! ਗਰੀਬੀ, ਬਦਹਾਲੀ ਤੇ ਫਾਕਾਕਸ਼ੀ ਦੇ ਦਿਨ ! ਔਲਾਦ ਦੇ ਹੁੰਦਿਆਂ-ਸੁੰਦਿਆਂ ਵੀ ਬੇ-ਔਲਾਦ ਜਿਹਾ ਹੋ ਕੇ ਜਿਉਣ ਲਈ ਮਜ਼ਬੂਰ ! ਪਿਛਲੀ ਉਮਰੇ ਅਜਿਹੀ ਖੱਜਲ-ਖੁਆਰੀ ਹੋਏਗੀ, ਅਜਿਹੇ ਮਾੜੇ ਦਿਨ ਵੇਖਣੇ ਪੈਣਗੇ, ਉਹਨਾਂ ਨੇ ਕਦੇ ਸੁਪਨੇ ’ਚ ਵੀ ਨਹੀਂ ਸੋਚਿਆ ਸੀ ।

ਪਿਛਲੇ ਦੋ ਦਿਨਾਂ ਤੋਂ ਘਰ ’ਚ ਖਾਣ ਨੂੰ ਕੁਝ ਨਹੀਂ ਸੀ, ਸਿਵਾਏ ਬਰੈਡ ਦੇ । ਦੋ ਦਿਨਾਂ ਤੋਂ ਬੁੱਢਾ- ਬੁੱਢੀ ਇਸ ਨਾਲ ਹੀ ਗੁਜਾਰਾ ਕਰ ਰਹੇ ਸਨ । ਕਲ੍ਹ ਰਾਤ ਜਦੋਂ ਬਰੈਡ ਦੇ ਚਾਰ ਪੀਸ ਬੁੱਢੇ ਨੇ ਬਚਾ ਕੇ ਰੱਖੇ ਸਨ ਤਾਂ ਉਹਦੇ ਸਾਹਮਣੇ ਇਹ ਸਵਾਲ ਆਪਣਾ ਫਣ ਫੈਲਾ ਕੇ ਖੜ੍ਹਾ ਹੋ ਗਿਆ ਸੀ- ਇਹਨਾਂ ਦੇ ਮੁਕਦਿਆਂ ਹੀ ਕੀ ਹੋਵੇਗਾ ? ਸਾਰੀ ਰਾਤ ਉਹ ਇਸੇ ਸਵਾਲ ਨਾਲ ਜੂਝਦਾ ਰਿਹਾ ਸੀ । ਲਾਲੇ ਨੇ ਉਧਾਰ ਦੇਣ ਤੋਂ ਸਾਫ ਨਾਂਹ ਕਰ ਦਿੱਤੀ ਸੀ । ਪਿਛਲੇ ਕਈ ਦਿਨਾਂ ਤੋਂ ਬੁੱਢਾ ਕੰਮ ਦੀ ਭਾਲ ਵਿੱਚ ਮਾਰਿਆ-ਮਾਰਿਆ ਘੁੰਮ ਰਿਹਾ ਸੀ, ਪਰ ਚਾਹੁੰਦਿਆਂ ਹੋਇਆਂ ਵੀ ਚਾਰ ਪੈਸੇ ਕਮਾਉਣ ਦਾ ਹੀਲਾ ਨਹੀਂ ਲੱਭ ਸਕਿਆ ਸੀ । ਜਦ ਏਸ ਦੇਸ਼ ’ਚ ਨੌਜਵਾਨ ਰੁਜ਼ਗਾਰ ਲਈ ਦਰ-ਦਰ ਭਟਕ ਰਹੇ ਹੋਣ ਤਾਂ ਭਲਾ ਬੁੱਢਿਆਂ ਨੂੰ ਕੌਣ ਪੁੱਛੇਗਾ !

ਆਪਣੀ ਇਸ ਲਾਚਾਰੀ ਤੇ ਭੁੱਖਮਰੀ ਤੋਂ ਤੰਗ ਤੇ ਪਰੇਸ਼ਾਨ ਹੋ ਕੇ ਕਲ੍ਹ ਰਾਤ ਬੁੱਢੇ ਨੇ ਇਕ ਫੈਸਲਾ ਲਿਆ ਸੀ- ਘਿਨਾਉਣਾ ਤੇ ਕੌੜਾ ਫੈਸਲਾ ! ਉਹਦੀ ਆਤਮਾ ਇਸ ਫੈਸਲੇ ਤੋਂ ਖ਼ੁਸ਼ ਨਹੀਂ ਸੀ, ਪਰ ਉਹ ਕੀ ਕਰਦਾ ? ਸਭ ਰਸਤੇ ਬੰਦ ਹੋਣ ਕਰਕੇ ਇਕ ਇਹੋ ਰਸਤਾ ਉਸਨੇ ਲੱਭਿਆ ਸੀ ਜਿਹੜਾ ਉਹਨੂੰ ਮੁਕਤੀ ਦਾ ਦੁਆਰ ਪ੍ਰਤੀਤ ਹੁੰਦਾ ਸੀ । ਆਪਣੇ ਇਸ ਫੈਸਲੇ ਨੂੰ ਉਸ ਨੇ ਪਤਨੀ ਤੋਂ ਲੁਕਾ ਕੇ ਰੱਖਿਆ ।

ਸਵੇਰੇ ਦੋ ਪੀਸ ਪਾਣੀ ਵਿਚ ਭਿਉਂ ਕੇ ਬੁੱਢੇ ਨੇ ਆਪਣੀ ਬੁੱਢੀ ਪਤਨੀ ਜਿਹੜੀ ਹਰ ਵੇਲੇ ਮੰਜੇ ’ਤੇ ਪਈ ਰਹਿੰਦੀ ਸੀ, ਨੂੰ ਖੁਦ ਆਪਣੇ ਹੱਥਾਂ ਨਾਲ ਖਵਾਏ ਸਨ ਤੇ ਬਾਕੀ ਬਚੇ ਦੋ ਪੀਸ ਉਹਨੇ ਸ਼ਾਮ ਵਾਸਤੇ ਸਾਂਭ ਕੇ ਰੱਖ ਦਿੱਤੇ ਸਨ, ਅਜਿਹੀ ਜਗ੍ਹਾ ਜਿੱਥੇ ਉਹ ਚੂਹਿਆਂ ਦੇ ਹਮਲੇ ਤੋਂ ਬਚੇ ਰਹਿ ਸਕਣ ।

ਬੁੱਢੀ ਦੀਆਂ ਅੱਖਾਂ ਮਿੱਚੀਆਂ ਹੋਈਆਂ ਸਨ, ਸ਼ਾਇਦ ਉਹ ਸੌਂ ਰਹੀ ਸੀ । ਬੁੱਢੇ ਨੇ ਆਪਣੇ ਆਪ ਨੂੰ ਘਰ ਤੋਂ ਬਾਹਰ ਨਿਕਲਣ ਲਈ ਤਿਆਰ ਕੀਤਾ । ਉਹਨੇ ਪਾਣੀ ਦਾ ਜਗ ਤੇ ਗਿਲਾਸ ਬੁੱਢੀ ਦੇ ਸਿਰਹਾਣੇ ਰੱਖਿਆ, ਪੈਰੀਂ ਹਵਾਈ ਚੱਪਲਾਂ ਪਾਈਆਂ ਤੇ ਸੋਟੀ ਚੁੱਕ, ਬੂਹੇ ਨੂੰ ਹੌਲੀ ਜਿਹੀ ਭੇੜ ਕੇ ਘਰ ਤੋਂ ਬਾਹਰ ਹੋ ਗਿਆ ।

ਬੁੱਢੇ ਨੇ ਜੋ ਕੁਝ ਸੋਚ ਰੱਖਿਆ ਸੀ, ਉਸ ਨੂੰ ਉਹ ਆਪਣੇ ਇਲਾਕੇ ’ਚ ਨਹੀਂ ਕਰਨਾ ਚਾਹੁੰਦਾ ਸੀ । ਇਥੇ ਜ਼ਿਆਦਾਤਰ ਲੋਕ ਉਸ ਨੂੰ ਜਾਣਦੇ ਸਨ । ਜਾਣ-ਪਛਾਣ ਵਾਲੇ ਲੋਕਾਂ ਵਿਚ ਉਹ ਅਜਿਹਾ ਕਿਵੇਂ ਕਰ ਸਕਦਾ ਸੀ ?... ਉਸ ਤੋਂ ਹੋਏਗਾ ਵੀ ਨਹੀਂ । ਆਪਣੀ ਸੋਚ ਨੂੰ ਪੂਰਾ ਕਰਨ ਲਈ ਉਹਨੇ ਦੂਜਾ ਇਲਾਕਾ ਚੁਣਿਆ । ਇਸ ਕਰਕੇ ਉਹਨੂੰ ਕਾਫੀ ਤੁਰਨਾ ਪਿਆ ਸੀ, ਜਿਸ ਕਰਕੇ



ਪੈਰਾਂ ਵਿਚ ਦਰਦ ਹੋਣ ਲੱਗਿਆ ਸੀ ਤੇ ਸਾਹ ਚੜ੍ਹਨ ਲੱਗ ਪਿਆ ਸੀ । ਪਰ ਉਸ ਨੇ ਹਿੰਮਤ ਨਹੀਂ ਹਾਰੀ ਤੇ ਤੁਰਦਾ ਰਿਹਾ । ‘ਤੁਰਨਾ’ ਸ਼ਬਦ ਸ਼ਾਇਦ ਢੁੱਕਵਾਂ ਨਹੀਂ ਹੈ, ਉਹ ਤੁਰ ਨਹੀਂ ਘਿਸੜ ਰਿਹਾ ਸੀ, ਸੋਟੀ ਦੇ ਸਹਾਰੇ । ਖੱਬੇ ਪੈਰ ਦੀ ਚੱਪਲ ਤਕਲੀਫ ਦੇ ਰਹੀ ਸੀ । ਉਸ ’ਚ ਪੈਰ ਠੀਕ ਤਰ੍ਹਾਂ ਫਸਦਾ ਨਹੀਂ ਸੀ । ਪਰ, ਵਾਰ-ਵਾਰ ਰਬੜ ਦੇ ਨਿਕਲ ਜਾਣ ਨਾਲੋਂ ਤਾਂ ਠੀਕ ਐ- ਬੁੱਢੇ ਨੇ ਮਨ ਹੀ ਮਨ ਸੋਚਿਆ । ਅਸਲ ਵਿੱਚ, ਪੁਰਾਣੀ ਤੇ ਘਸੀ ਹੋਣ ਕਾਰਣ ਖੱਬੇ ਪੈਰ ਦੀ ਚੱਪਲ ਦਾ ਅਗਲਾ ਛੇਕ ਚੌੜਾ ਹੋ ਗਿਆ ਸੀ । ਦੋ ਪੁਲਾਘਾਂ ਤੁਰਨ ਨਾਲ ਹੀ ਰਬੜ ਦਾ ਅਗਲਾ ਸਿਰਾ ਨਿਕਲ ਜਾਂਦਾ ਸੀ । ਕਲ੍ਹ ਹੀ ਉਹਨੇ ਇਸ ਨੂੰ ਆਪਣੇ ਤਰੀਕੇ ਨਾਲ ਠੀਕ ਕੀਤਾ ਸੀ । ਉਸਨੇ ਕਿਤੋਂ ਪਤਲੀ ਲੰਬੀ ਮੇਖ ਲੱਭ ਲਈ ਸੀ। ਮੇਖ ਨੂੰ ਵਾਰ-ਵਾਰ ਨਿਕਲਣ ਵਾਲੇ ਰਬੜ ਦੇ ਸਿਰੇ ਦੇ ਆਰ-ਪਾਰ ਕੱਢ ਕੇ ਇਸ ਤਰ੍ਹਾਂ ਫਿਟ ਕੀਤਾ ਕਿ ਰਬੜ ਦਾ ਨਿਕਲਣਾ ਬੰਦ ਹੋ ਜਾਵੇ । ਆਪਣੇ ਇਸ ਕੰਮ ਵਿਚ ਉਹ ਕਾਮਯਾਬ ਵੀ ਰਿਹਾ ਸੀ । ਰਬੜ ਹੁਣ ਨਿਕਲਦੀ ਨਹੀਂ ਸੀ, ਪਰ ਚੱਪਲ ’ਚ ਪੈਰ ਫਸਾਉਣ ਵਿਚ ਥੋੜ੍ਹੀ ਦਿਕੱਤ ਹੁੰਦੀ ਸੀ ।

ਹੁਣ ਉਹ ਜਿੱਥੇ ਖੜ੍ਹਾ ਸੀ, ਉਹ ਇਕ ਭੀੜ-ਭੜੱਕੇ ਵਾਲਾ ਚੌਰਾਹਾ ਸੀ । ਸੜਕ ’ਤੇ ਵਾਹਨ ਤੇਜ਼ ਰਫਤਾਰ ਨਾਲ ਦੌੜ ਰਹੇ ਸਨ । ਸੜਕ ਪਾਰ ਕਰਦੇ, ਐਧਰੋਂ ਓਧਰ, ਓਧਰੋਂ ਐਧਰ ਭੱਜਦੇ ਲੋਕਾਂ ਦੀ ਭੀੜ ਸੀ । ਉਹ ਚੌਰਾਹੇ ਦੇ ਇਕ ਕੋਨੇ ’ਚ ਸੜਕ ਦੇ ਨੇੜੇ ਖੜ੍ਹਾ ਹੋ ਗਿਆ । ਉਸਨੂੰ ਇਥੇ ਹੀ ਆਪਣੇ ਲਏ ਗਏ ਫੈਸਲੇ ਨੂੰ ਅਸਲ ਰੂਪ ਦੇਣਾ ਸੁਖਾਲਾ ਪ੍ਰਤੀਤ ਹੋਇਆ । ਉਸ ਨੇ ਆਪਣੀ ਢਿੱਲੀ ਐਨਕ ਜੋ ਵਾਰ-ਵਾਰ ਹੇਠਾਂ ਢਿਲਕ ਜਾਂਦੀ ਸੀ, ਠੀਕ ਕੀਤੀ ਤੇ ਸੜਕ ’ਤੇ ਦੇਖਿਆ । ਵਾਹਨ ਮੋੜ ਤੇ ਹੋਰ ਤੇਜ਼ ਰਫਤਾਰ ਫੜ੍ਹ ਲੈਂਦੇ ਸਨ । ਉਹਨੇ ਖੁਦ ਨੂੰ ਤਿਆਰ ਕੀਤਾ, ਸੋਟੀ ਨੂੰ ਕਸ ਕੇ ਫੜਿਆ ਤੇ ਅੱਗੇ ਵਧਿਆ ਕਿ ਤਦੇ ...ਉਹਦੇ ਹੱਥ-ਪੈਰ ਕੰਬਣ ਲੱਗੇ । ‘ਨਹੀਂ- ਨਹੀਂ, ਉਹ ਤੋਂ ਨਹੀਂ ਹੋਵੇਗਾ ਇਹ ਸਭ... ਉਹ ਐਦਾਂ ਨ੍ਹੀਂ ਕਰ ਸਕਦਾ...’ ਉਸਦੀ ਹਿੰਮਤ ਜਵਾਬ ਦੇ ਗਈ । ਉਹ ਪਿੱਛੇ ਹਟ ਕੇ ਖੜ੍ਹਾ ਹੋ ਗਿਆ । ਉਹਦੇ ਦਿਲ ਦੀ ਧੜਕਣ ਵਧ ਗਈ ਸੀ । ਉਹ ਹੌਂਕ ਰਿਹਾ ਸੀ ।

ਖੜ੍ਹਾ-ਖੜ੍ਹਾ ਉਹ ਆਪਣੇ ਆਪ ’ਤੇ ਖਿੱਝਦਾ ਰਿਹਾ । ਉਹ ਜੋ ਸੋਚ ਕੇ ਘਰੋਂ ਨਿਕਲਿਆ ਸੀ, ਉਹ ਉਸ ਤੋਂ ਨਹੀਂ ਹੋ ਸਕਿਆ । ਭੁੱਖੇ ਮਰਨ ਨਾਲੋਂ ਤਾਂ ਚੰਗਾ ਹੈ ਕਿ ਉਹ ਆਪਣੇ ਸੋਚੇ ਹੋਏ ਕੰਮ ਨੂੰ ਪੂਰਾ ਕਰੇ । ਪਰ, ਸੱਚਮੁੱਚ ਹੀ ਉਸਦੀ ਹਿੰਮਤ ਜਵਾਬ ਦੇ ਗਈ ਸੀ । ਅਜਿਹਾ ਕੰਮ ਉਹਨੇ ਜ਼ਿੰਦਗੀ ’ਚ ਕਦੇ ਨਹੀਂ ਕੀਤਾ ਸੀ । ਕਰਨਾ ਤਾਂ ਦੂਰ, ਇਸ ਬਾਰੇ ਸੋਚਿਆ ਤਕ ਨਹੀਂ ਸੀ । ਕਦੇ ਨੌਬਤ ਹੀ ਨਹੀਂ ਆਈ ਸੀ । ਜ਼ਿੰਦਗੀ ਦੇ ਆਖਰੀ ਪੜਾਅ ’ਤੇ ਅਜਿਹਾ ਕਰਨਾ ਸ਼ਾਇਦ ਕਿਸਮਤ ’ਚ ਲਿਖਿਆ ਸੀ ।

ਸਹਿਜ ਹੋਣ ਵਿੱਚ ਬੁੱਢੇ ਨੂੰ ਕੁਝ ਸਮਾਂ ਲੱਗਿਆ । ਉਹਨੇ ਚਿਹਰੇ ’ਤੇ ਕਈ ਦਿਨਾਂ ਤੋਂ ਵਧੀ ਖੁਰਦਰੀ ਦਾੜ੍ਹੀ ’ਤੇ ਹੱਥ ਫੇਰਿਆ, ਏਧਰ-ਓਧਰ ਦੇਖਿਆ ਤੇ ਬੁੜਬੁੜਾਇਆ, ‘ਨਹੀਂ, ਇਹ ਜਗ੍ਹਾ ਠੀਕ ਨਹੀਂ ।’

ਉਹ ਫਿਰ ਘਿਸੜਨ ਲੱਗਿਆ ਸੀ । ਤੇਜ਼ ਧੁੱਪ ਤੇ ਗਰਮੀ ’ਚ ਉਹ ਮੁੜ੍ਹਕੋ-ਮੁੜ੍ਹਕੀ ਹੋ ਗਿਆ ਸੀ । ਸੰਘ ਸੁੱਕ ਗਿਆ ਸੀ ਤੇ ਤੇਹ ਤੇਜ਼ ਹੋ ਉਠੀ ਸੀ । ਤੇਹ ਹੀ ਕਿਉਂ, ਭੁੱਖ ਵੀ ਸਿਰ ਚੁੱਕ ਰਹੀ ਸੀ । ਭੁੱਖ ਨੂੰ ਤਾਂ ਜਿਵੇਂ-ਤਿਵੇਂ ਉਹ ਮਾਰਦਾ ਆ ਰਿਹਾ ਸੀ ਪਰ, ਤੇਹ ਨੂੰ ਰੋਕ ਸਕਣਾ ਸੰਭਵ ਨਹੀਂ ਸੀ । ਪਾਣੀ ਹੀ ਤਾਂ ਸੀ ਜਿਸ ਨਾਲ ਭੁੱਖ ਤੇ ਤੇਹ ਦੋਹਾਂ ਨੂੰ ਸ਼ਾਂਤ ਕਰਨ ਦੀ ਲੜਾਈ ਉਹ ਪਿਛਲੇ ਦੋ ਦਿਨਾਂ ਤੋਂ ਲੜ ਰਿਹਾ ਸੀ ।

ਉਸਨੇ ਇਧਰ-ਉਧਰ ਨਲਕੇ ਦੀ ਭਾਲ ਵਿੱਚ ਨਜ਼ਰ ਘੁਮਾਈ । ਕਿਤੇ ਨੇੜੇ-ਤੇੜੇ ਨਲਕਾ ਨਾਂ ਦਿਖਾਈ ਦਿੱਤਾ । ਸੜਕੋਂ ਪਾਰ ਪਾਣੀ ਦੀ ਰੇਹੜੀ ਵਾਲਾ ਖੜ੍ਹਾ ਸੀ, ਪਰ ਉਸ ਨੂੰ ਦੇਖ ਕੇ ਵੀ ਬੁੱਢੇ ਨੇ ਅਣਡਿਠ ਕਰ ਦਿੱਤਾ ।

ਹੌਂਕਦਾ-ਘਿਸੜਦਾ ਹੋਇਆ ਉਹ ਹੁਣ ਲੋਕਲ ਬਸ ਅੱਡੇ ਕੋਲ ਆ ਪੁੱਜਿਆ ਸੀ, ਜਿਥੇ

ਬਹੁਤ ਭੀੜ ਸੀ ।ਪਤਾ ਨਹੀਂ ਕਿੱਥੋਂ ਲੋਕ ਆ ਰਹੇ ਸਨ, ਪਤਾ ਨਹੀਂ ਕਿੱਥੇ ਜਾ ਰਹੇ ਸਨ ।ਧੱਕਮਧੱਕੇ ਹੋ ਰਹੇ ਸਨ ।ਲੋਕ ਬਸਾਂ 'ਚੋਂ ਉਤਰ ਰਹੇ ਸਨ, ਲੋਕ ਬਸਾਂ ਵਿਚ ਚੜ੍ਹ ਰਹੇ ਸਨ ।ਇਧਰ-ਉਧਰ ਆਪਣੇ ਸਾਮਾਨ-ਅਸਬਾਬ ਨਾਲ ਖੜ੍ਹੇ ਜਾਂ ਬੈਠੇ ਸਨ ।

ਇਕਦਮ ਬੁੱਢੇ ਨੇ ਸੋਚਿਆ- ਉਹ ਆਪਣਾ ਸੋਚਿਆ ਹੋਇਆ ਕੰਮ ਬਸ 'ਚ ਵੀ ਤਾਂ ਕਰ ਸਕਦਾ ਹੈ ।ਚਲਦੀ ਬਸ ਵਿਚੋਂ ...। ਉਸ ਨੇ ਦੇਖਿਆ, ਬਾਹਰ ਜਾਣ ਵਾਲੇ ਗੇਟ 'ਤੇ ਕਈ ਬਸਾਂ ਚੱਲਣ ਨੂੰ ਤਿਆਰ ਖੜ੍ਹੀਆਂ ਸਨ । ਸਵਾਰੀਆਂ ਨਾਲ ਖਚਾਖਚ ਭਰੀਆਂ ।ਕਈ ਲੋਕ ਬਾਰੀਆਂ 'ਤੇ ਵੀ ਲਟਕੇ ਹੋਏ ਸਨ । ਉਹ ਹੌਲੀ-ਹੌਲੀ ਉਧਰ ਵਧਿਆ ਤੇ ਸਭ ਤੋਂ ਅਗਲੀ ਬਸ ਦੀ ਬਾਰੀ ਕੋਲ ਜਾ ਖੜ੍ਹਾ ਹੋਇਆ ।ਬਸ ਚਲਣ ਹੀ ਵਾਲੀ ਸੀ ।ਉਹਨੇ ਆਪਣੇ ਆਪ ਨੂੰ ਤਿਆਰ ਕੀਤਾ ।ਇਕ ਪਲ ਨੂੰ ਠਠੰਬਰਿਆ, ਫੇਰ ਸੋਟੀ ਫੜੀ-ਫੜੀ ਬਸ ਦਾ ਡੰਡਾ ਫੜਨ ਦੀ ਕੋਸ਼ਿਸ਼ ਕਰਨ ਲੱਗਿਆ । ਸਵਾਰੀਆਂ ਨੇ ਚੀਕਣਾ ਸ਼ੁਰੂ ਕਰ ਦਿੱਤਾ ।

"ਓ ਬਾਬਾ ! ਕਿੱਥੇ ਜਾਣਾ ਏ ?"

"ਇਹਦੇ 'ਚ ਬਹੁਤ ਭੀੜ ਐ, ਤੂੰ ਨ੍ਹੀਂ ਚੜ੍ਹ ਸਕਦਾ...ਮਰੇਂਗਾ ਡਿੱਗ ਕੇ ।"

"ਦੂਜੀ ਬਸ 'ਚ ਆ ਜਾ...।"

ਉਸੇ ਵੇਲੇ ਕੰਡਕਟਰ ਨੇ ਵਿਸਲ ਵਜਾ ਦਿੱਤੀ ਤੇ ਬਸ ਇਕ ਝਟਕੇ ਨਾਲ ਚਲ ਪਈ । ਉਹ ਡਿਗ-ਡਿਗਦਾ ਬਚਿਆ ।

ਤੇਹ ਫਿਰ ਸਿਰ ਚੁੱਕਣ ਲੱਗੀ ਸੀ । ਉਹਨੇ ਨਲਕੇ ਦੀ ਭਾਲ 'ਚ ਇਧਰ-ਉਧਰ ਨਜ਼ਰਾਂ ਦੌੜਾਈਆਂ । ਛੇਤੀ ਹੀ ਉਹ ਨੂੰ ਮਿਉਂਸਪੈਲਟੀ ਦਾ ਨਲਕਾ ਨਜ਼ਰ ਆ ਗਿਆ ।ਸ਼ੁਕਰ ਸੀ ਉਹਦੇ 'ਚ ਪਾਣੀ ਆ ਰਿਹਾ ਸੀ, ਬੇਸ਼ੱਕ ਹੌਲੀ-ਹੌਲੀ । ਉਹ ਦੇਰ ਤਕ ਨਲਕੇ ਨਾਲ ਚਿਪਕਿਆ ਰਿਹਾ।

ਪਾਣੀ ਪੀ ਕੇ ਉਹ ਇਕ ਰੁੱਖ ਥੱਲੇ ਬੈਠ ਗਿਆ ਤੇ ਆਪਣੀ ਕਿਸਮਤ ਨੂੰ ਕੋਸਣ ਲੱਗ ਪਿਆ ਜਿਹੜੀ ਉਸ ਨੂੰ ਇਹ ਦਿਨ ਦਿਖਾ ਰਹੀ ਸੀ ।ਬੈਠੇ-ਬੈਠੇ ਉਹ ਨੂੰ ਆਪਣੇ ਪੁੱਤਰਾਂ ਦੀ ਯਾਦ ਆ ਗਈ ਜਿਹੜੇ ਆਪਣੇ ਬੀਵੀ- ਬੱਚਿਆਂ ਨਾਲ ਦੂਜੇ ਸ਼ਹਿਰ ਵਿਚ ਰਹਿੰਦੇ ਸਨ ।ਜਿਹਨਾਂ ਨੂੰ ਬੁੱਢੇ ਮਾਂ-ਬਾਪ ਦੀ ਭੋਰਾ ਵੀ ਚਿੰਤਾ ਨਹੀਂ ਸੀ ।ਪਿਛਲੇ ਸੱਤ-ਅੱਠ ਮਹੀਨਿਆਂ 'ਚ ਇਕ ਵਾਰ ਵੀ ਦੇਖਣ ਨਹੀਂ ਆਏ ਸਨ ਕਿ ਬੁੱਢਾ-ਬੁੱਢੀ ਜਿਉਂਦੇ ਵੀ ਹਨ ਜਾਂ ਨਹੀਂ ।ਪਿਛਲੇ ਮਹੀਨੇ ਪਤਨੀ ਦੇ ਵਧੇਰੇ ਬੀਮਾਰ ਹੋ ਜਾਣ ਤੇ ਦਵਾ- ਦਾਰੂ ਲਈ ਪੈਸੇ ਨਾ ਹੋਣ ਕਾਰਣ ਉਹ ਗਿਆ ਸੀ ਪੁੱਤਾਂ ਕੋਲ ।ਪਰ ਬੇਇੱਜਤ ਹੋ ਕੇ ਪਰਤਣਾ ਪਿਆ ਸੀ ਉਸ ਨੂੰ ਤੇ ਵਾਪਸ ਆ ਕੇ ਉਸ ਨੇ ਸਹੁੰ ਖਾਧੀ ਸੀ ਕਿ ਜਦੋਂ ਤੱਕ ਸਾਹ ਹੈ, ਉਹ ਪੁੱਤਾਂ ਮੂਹਰੇ ਹਾੜ੍ਹੇ ਨਹੀਂ ਕੱਢੇਗਾ ।ਪੁੱਤਾ ਦਾ ਚੇਤਾ ਆਉਂਦਿਆਂ ਹੀ ਉਸ ਦੇ ਬੁੱਲ੍ਹ ਅਣਇੱਛਾ 'ਚ ਫੈਲ ਜਾਇਆ ਕਰਦੇ ਹਨ ।ਅਚਨਚੇਤ ਬੁੱਢੇ ਦਾ ਧਿਆਨ ਨਾਲ ਵਾਲੇ ਰੁੱਖ ਵੱਲ ਗਿਆ, ਜਿੱਥੇ ਇਕ ਬੁੱਢਾ ਤੇ ਬੁੱਢੀ ਬੈਠੇ ਸਨ ।ਦੋਵੇਂ ਭੀਖ ਮੰਗ ਰਹੇ ਸਨ ।ਜਦੋਂ ਵੀ ਕੋਈ ਉਹਨਾਂ ਦੇ ਮੂਹਰਿਓਂ ਲੰਘਦਾ, ਉਹ ਆਪਣਾ ਠੂਠਾ ਛਣਕਾਉਣ ਲੱਗਦੇ । ਬੁੱਢੇ ਨੇ ਗੌਰ ਕੀਤਾ, ਪੂਰੇ ਬਸ-ਅੱਡੇ 'ਤੇ ਬਹੁਤ ਸਾਰੇ ਮੰਗਤੇ ਸਨ ।ਜਵਾਨ, ਬੁੱਢੇ ਤੇ ਬੱਚੇ ।ਉਹਨਾਂ ਵਿਚੋਂ ਕਈ ਲੰਗੜੇ, ਲੂਲੇ ਤੇ ਅੰਨ੍ਹੇ ਸਨ ਜਾਂ ਫਿਰ ਉਹ ਲੰਗੜਾ, ਲੂਲਾ ਤੇ ਅੰਨ੍ਹਾ ਬਣਨ ਦਾ ਨਾਟਕ ਕਰ ਰਹੇ ਸਨ ।

ਥੱਕੇ-ਟੁੱਟੇ ਪੈਰਾਂ ਨੂੰ ਘੜੀਸਦਿਆਂ ਹੋਇਆਂ ਬੁੱਢੇ ਨੇ ਬਸ-ਅੱਡੇ ਦਾ ਇਕ ਗੇੜਾ ਲਾਇਆ। ਫਿਰ ਉਹ ਗੇਟ ਕੋਲ ਖੜ੍ਹਾ ਹੋ ਗਿਆ ।

ਦੁਪਹਿਰ ਹੋ ਚੁੱਕੀ ਸੀ ਪਰ ਉਹ ਅਜੇ ਤਕ ਆਪਣੇ ਲਏ ਗਏ ਫੈਸਲੇ ਮੁਤਾਬਕ ਕੁੱਝ ਵੀ ਨਹੀਂ ਕਰ ਸਕਿਆ ਸੀ । ਤਦ ਉਸ ਨੇ ਅੰਤੜੀਆਂ 'ਚ ਵੱਟ ਪੈਂਦੇ ਮਹਿਸੂਸ ਕੀਤੇ । ਉਹ ਬੁੜਬੁੜਾਇਆ, "ਇਸ ਤਰ੍ਹਾਂ ਕਦੋਂ ਤਕ ਚਲੂੰਗਾ ? ਕੁਸ਼ ਹਿੰਮਤ ਤਾਂ ਕਰਨੀ ਹੀ ਪਊ ।" ਤੇ ਆਪਣੇ ਫੈਸਲੇ ਨੂੰ ਅਮਲੀ ਜਾਮਾ ਪਾਉਣ ਦੀ ਕੋਸ਼ਿਸ਼ 'ਚ ਉਹ ਅੱਡੇ ਅੰਦਰ ਤੇਜ਼ੀ ਨਾਲ ਦਾਖਲ ਹੁੰਦੀ ਇੱਕ ਬਸ ਵੱਲ ਵਧਿਆ ।ਬਸ ਉਹਦੇ ਬਿਲਕੁਲ ਨੇੜੇ ਆ ਕੇ ਰੁਕੀ ।ਉਤਰਨ ਤੇ ਚੜ੍ਹਨ ਨੂੰ ਉਤਾਵਲੀਆਂ



ਹੋਈਆਂ ਸਵਾਰੀਆਂ ਦੀ ਧੱਕਾ-ਮੁੱਕੀ 'ਚ ਉਹ ਮੂਧੇ-ਮੂੰਹ ਡਿੱਗ ਪਿਆ ।ਸੋਟੀ ਹੱਥੋਂ ਛੁੱਟ ਗਈ ਤੇ ਐਨਕ ਇਕ ਪਾਸੇ ਜਾ ਡਿੱਗੀ ।ਕਿਸੇ ਨੇ ਉਹਨੂੰ ਚੁੱਕ ਕੇ ਖੜ੍ਹਾ ਕੀਤਾ ਤੇ ਨਾਲ ਹੀ ਐਨਕ ਤੇ ਸੋਟੀ ਚੁੱਕ ਕੇ ਦਿੱਤੀ ।

ਸ਼ੁਕਰ ਸੀ, ਐਨਕ ਟੁੱਟਣ ਤੋਂ ਬਚ ਗਈ ਸੀ ।ਉਹ ਉਸ ਨੂੰ ਅੱਖਾਂ 'ਤੇ ਟਿਕਾਉਂਦਿਆਂ ਹੋਇਆਂ ਸੋਟੀ ਫੜੀ ਇਕ ਪਾਸੇ ਜਾ ਖੜ੍ਹਾ ਹੋਇਆ । ਡਿੱਗਣ ਨਾਲ ਉਹਦੀਆਂ ਕੂਹਣੀਆਂ ਛਿੱਲੀਆਂ ਗਈਆਂ ਸਨ ਤੇ ਦਰਦ ਕਰ ਰਹੀਆਂ ਸਨ ।

ਕੁਝ ਹੀ ਦੂਰੀ 'ਤੇ ਰੇਲਵੇ ਸਟੇਸ਼ਨ ਸੀ ।ਭੁੱਖ-ਤੇਹ ਨਾਲ ਵਿਆਕੁਲ ਤੇ ਥੱਕੇ-ਟੁੱਟੇ ਸਰੀਰ ਨੂੰ ਘੜੀਸਦਾ ਹੋਇਆ ਉਹ ਸਟੇਸ਼ਨ ਤਕ ਲੈ ਆਇਆ ਸੀ ।ਕੋਈ ਗੱਡੀ ਆ ਕੇ ਲੱਗੀ ਸੀ ।ਰਿਕਸ਼ੇ ਵਾਲੇ ਸਵਾਰੀਆਂ ਵਲ ਉਲੱਰ ਰਹੇ ਸਨ ।ਪਲੇਟਫਾਰਮ 'ਤੇ ਜਾਣ ਵਾਲੇ ਪੁਲ 'ਤੇ ਭੀੜ ਸੀ ।ਉਥੇ ਕਈ ਮੰਗਤੇ ਕਤਾਰ 'ਚ ਬੈਠੇ ਭੀਖ ਮੰਗ ਰਹੇ ਸਨ ਤੇ ਏ ਬਾਬੂ... ਰੇ ਬੇਟਾ... ਏ ਮਾਈ...ਤੇਰੇ ਬੱਚੇ ਜੀਉਣ... ਭਗਵਾਨ ਤੇਰਾ ਭਲਾ ਕਰੇ...' ਦੀਆਂ ਫਰਿਆਦਾਂ ਕਰ ਰਹੇ ਸਨ ।

ਪੁਲ 'ਤੇ ਚੜ੍ਹਨਾ ਬੁੱਢੇ ਦੇ ਵੱਸ ਦੀ ਗੱਲ ਨਹੀਂ ਸੀ ।ਥੱਲੇ ਹੀ ਖੜ੍ਹਾ-ਖੜ੍ਹਾ ਆਉਂਦੇ-ਜਾਂਦੇ ਲੋਕਾਂ ਨੂੰ ਦੇਖਦਾ ਰਿਹਾ ।ਜਿੱਥੇ ਉਹ ਖੜ੍ਹਾ ਸੀ, ਉਥੋਂ ਦੀ ਇਕ ਰਸਤਾ ਰੇਲ ਦੀਆਂ ਪਟਰੀਆਂ ਵੱਲ ਜਾਂਦਾ ਸੀ ।ਕਈ ਲੋਕ ਉਥੋਂ ਦੀ ਹੋ ਕੇ ਪਲੇਟਫਾਰਮ ਵੱਲ ਵਧ ਰਹੇ ਸਨ ।ਉਹ ਵੀ ਉਸੇ ਰਸਤੇ ਤੋਂ ਹੁੰਦਾ ਹੋਇਆ ਜੀਹਾਂ ਪਾਰ ਕਰਕੇ ਪਲੇਟਫਾਰਮ ਤੇ ਚੜ੍ਹ ਗਿਆ ।ਗੱਡੀ ਅਜੇ ਵੀ ਖੜ੍ਹੀ ਸੀ ।ਉਹ ਇੰਜਣ ਦੇ ਕੋਲ ਜਾ ਕੇ ਖੜ੍ਹਾ ਹੋ ਗਿਆ ਤੇ ਜਿੱਥੋਂ ਤਕ ਉਹਦੀ ਨਜ਼ਰ ਜਾਂਦੀ ਸੀ, ਉਹਨੇ ਰੇਲ ਦੇ ਡੱਬਿਆਂ 'ਤੇ ਨਿਗ੍ਹਾ ਦੌੜਾਈ, ਖਿੜਕੀਆਂ 'ਚੋਂ ਝਾਕਦੀਆਂ ਸਵਾਰੀਆਂ ਤੇ ਪਲੇਟਫਾਰਮ 'ਤੇ ਖੜ੍ਹੇ ਲੋਕਾਂ ਨੂੰ ਦੇਖਿਆ ।

ਬੁੱਢੇ ਨੂੰ ਇਹ ਜਗ੍ਹਾ ਢੁੱਕਵੀਂ ਲੱਗ ਰਹੀ ਸੀ ।ਹੌਲੀ-ਹੌਲੀ ਉਹ ਆਪਣੇ ਅੰਦਰ ਹਿੰਮਤ ਇੱਕਠੀ ਕਰਨ ਲੱਗਿਆ।ਇਸ ਵਾਰੀ ਉਹਦੇ ਹੱਥ-ਪੈਰ ਨਹੀਂ ਕੰਬੇ ।ਉਸ ਨੂੰ ਲੱਗਿਆ, ਉਹ ਆਪਣੇ ਅੰਦਰ ਲੋੜੀਂਦੀ ਤਾਕਤ ਇਕੱਠੀ ਕਰ ਚੁੱਕਿਆ ਹੈ, ਹੁਣ ਉਸ ਨੂੰ ਅੱਗੇ ਵੱਧ ਕੇ .... ਉਸੇ ਵੇਲੇ, ਇਕ ਤੇਜ਼ ਸੀਟੀ ਦੀ ਆਵਾਜ਼ ਨਾਲ ਇੰਜਣ ਨੇ ਖਿਸਕਣਾ ਸ਼ੁਰੂ ਕਰ ਦਿੱਤਾ ।ਹੌਲੀ-ਹੌਲੀ ਰੇਲ ਰਫਤਾਰ ਫੜ੍ਹਦੀ ਗਈ ਤੇ ਇਕ ਤੋਂ ਬਾਅਦ ਇਕ ਡੱਬਾ ਉਹਦੇ ਅਗਿਓਂ ਗੁਜ਼ਰਦਾ ਚਲਾ ਗਿਆ ।ਉਹ ਕੁਝ ਨਾ ਕਰ ਸਕਿਆ ।ਜਿੱਥੇ ਖੜ੍ਹਾ ਸੀ, ਉਥੇ ਖੜ੍ਹਾ ਰਹਿ ਗਿਆ ਜਿਵੇਂ ਉਹਦੇ ਪੈਰ ਧਰਤੀ ਨਾਲ ਚਿਪਕ ਗਏ ਹੋਣ ।ਪਲੇਟਫਾਰਮ 'ਤੇ ਹੁਣ ਇੱਕੜ- ਦੁੱਕੜ ਲੋਕ ਰਹਿ ਗਏ ਸਨ ।ਉਹ ਫਿਰ ਨਾਕਾਮ ਰਿਹਾ ਸੀ ।ਘੋਰ ਨਿਰਾਸ਼ਾ ਤੇ ਮਾਯੂਸੀ ਦੇ ਚਿੰਨ ਉਹਦੇ ਚਿਹਰੇ 'ਤੇ ਸਾਫ ਦੇਖੇ ਜਾ ਸਕਦੇ ਸਨ ।

ਸ਼ਾਮ ਹੋਣ ਵਾਲੀ ਸੀ ।ਉਹਨੂੰ ਬੁੱਢੀ ਬੀਮਾਰ ਪਤਨੀ ਦਾ ਖਿਆਲ ਆਇਆ ।ਮਾਯੂਸ ਜਿਹਾ ਉਹ ਘਰ ਵੱਲ ਪਰਤ ਪਿਆ ।ਸਾਰਾ ਦਿਨ ਤੁਰਨ ਤੇ ਖੜ੍ਹਾ ਰਹਿਣ ਕਰਕੇ ਉਹਦੇ ਪੈਰ ਸੁਜ ਗਏ ਸਨ ਤੇ ਟੰਗਾਂ ਦੁੱਖਣ ਲੱਗੀਆਂ ਸਨ ।

ਜਿਵੇਂ ਹੀ ਉਹ ਘਰ ਵੜਿਆ, ਇਕ ਚੂਹਾ ਤੇਜ਼ੀ ਨਾਲ ਬਾਹਰ ਵੱਲ ਭੱਜਿਆ ।ਉਸ ਨੂੰ ਇਉਂ ਬਾਹਰ ਭੱਜਦੇ ਦੇਖ ਬੁੱਢਾ ਬੁੜਬੁੜਾਇਆ, 'ਤੁਸੀਂ ਵੀ ਘਰ ਛੱਡ ਕੇ ਭੱਜ ਰਹੇ ਓ ?... ਜਾਓ, ਇਥੇ ਹੈ ਹੀ ਕੀ ਜੋ ਤੁਸੀਂ ਰਹਿਣਾ ਪਸੰਦ ਕਰੋਗੇ ।' ਅਚਨਚੇਤ ਉਹ ਨੂੰ ਲੁਕਾ ਕੇ ਰੱਖੇ ਬਰੈਡ ਦਾ ਖਿਆਲ ਆਇਆ, 'ਕਿਤੇ ਇਸਨੇ ...?' ਬੁੱਢੇ ਨੇ ਉਲੱਰ ਕੇ ਉਥੇ ਹੱਥ ਮਾਰਿਆ ਜਿੱਥੇ ਉਹਨੇ ਬਰੈਡ ਦੇ ਦੋ ਪੀਸ ਲੁਕੋ ਕੇ ਰੱਖੇ ਸਨ ।ਪੀਸ ਆਪਣੀ ਥਾਂ ਸਹੀ-ਸਲਾਮਤ ਸਨ ।ਬੁੱਢੇ ਨੇ ਚੈਨ ਦਾ ਸਾਹ ਲਿਆ ।

ਫੇਰ, ਬੁੱਢੇ ਨੇ ਬੁੱਢੀ ਵੱਲ ਦੇਖਿਆ ।ਉਹ ਫੁਸਫੁਸਾਈ, "ਕਿੱਥੇ ਚਲੇ ਗਏ ਸੀ ?... ਮੇਰਾ ਦਮ ਨਿਕਲਣ ਵਾਲਾ ਏ, ਕੁਝ ਖਾਣ ਨੂੰ ਹੈ ਤਾਂ ਦਿਓ...।"

ਬੁੱਢਾ ਬਚੇ ਹੋਏ ਬਰੈਡ ਦੇ ਪੀਸ ਭਿਉਂ ਕੇ ਬੁੱਢੀ ਦੇ ਮੂੰਹ 'ਚ ਪਾਉਣ ਲੱਗਿਆ, "ਲੈ, ਬੱਸ

ਇਹੋ ਹੈ, ਇਹ ਖਾ ਲੈ ।"

"ਤੁਸੀਂ ਕੁਸ਼ ਖਾਧਾ ?"

"....." ਬੁੱਢਾ ਕੁਝ ਨਾ ਬੋਲਿਆ। ਉਹਦੀਆਂ ਅੱਖਾਂ 'ਚ ਹੰਝੂ ਸਨ ।

"ਮੈਂ ਪੁੱਛਿਐ, ਤੁਸੀਂ ਕੁਸ਼ ਖਾਧਾ ?"

ਬੁੱਢਾ ਹੁਣ ਸਿਸਕਣ ਲੱਗਿਆ ਸੀ ।ਬੁੱਢੀ ਦੇ ਸਰੀਰ 'ਚ ਹਰਕਤ ਹੋਈ ।ਉਹ ਅਧਲੇਟੀ ਜਿਹੀ ਹੋ ਕੇ ਬਿਸਤਰ ਤੇ ਬੈਠ ਗਈ ।

"ਨ੍ਹੀਂ, ਤੁਸੀਂ ਵੀ ਖਾਓ ।" ਆਪਣੇ ਮੂੰਹ ਵੱਲ ਵਧਿਆ ਹੋਇਆ ਬੁੱਢੇ ਦਾ ਹੱਥ ਉਹਨੇ ਆਪਣੇ ਹੱਥ ਨਾਲ ਪਿੱਛੇ ਵੱਲ ਧੱਕ ਦਿੱਤਾ ।ਬੁੱਢੇ ਨੇ ਭਿੱਜੇ ਬਰੈਡ ਦੀ ਬੁਰਕੀ ਭਰੀ ਤੇ ਬਾਕੀ ਬਚਿਆ ਬਰੈਡ ਬੁੱਢੀ ਦੇ ਮੂੰਹ ਵੱਲ ਵਧਾ ਦਿੱਤਾ ।ਉਸੇ ਵੇਲੇ ਉਸਦਾ ਰੋਣ ਫੁੱਟ ਪਿਆ, "ਮੈਨੂੰ ਏਸ ਤਰ੍ਹਾਂ ਨ੍ਹੀਂ ਕਰਨਾ ਚਾਹੀਦਾ ਸੀ...ਐਨੀ ਮਿਹਨਤ ਕਿਸੇ ਹੋਰ ਕੰਮ ਲਈ ਕੀਤੀ ਹੁੰਦੀ ਤਾਂ ਸ਼ਾਇਦ ਮੈਂ ਕਾਮਯਾਬ ਹੋ ਗਿਆ ਹੁੰਦਾ... ਮੈਂ ... ਇਕ ਗਲਤ ਫੈਸਲਾ ਲੈ ਕੇ ਸਾਰਾ ਦਿਨ ਬਰਬਾਦ ਕਰ ਦਿੱਤਾ।"

'ਫੈਸਲਾ ?... ਕਿਹੜਾ ਫੈਸਲਾ ?" ਬੁੱਢੀ ਨੇ ਘਬਰਾ ਕੇ ਪੁੱਛਿਆ ।

"ਮੈਂ ਸਾਰਾ ਦਿਨ ਭੁੱਖਾ-ਤਿਹਾਇਆ ਸ਼ਹਿਰ 'ਚ ਘੁੰਮਦਾ ਰਿਹਾ, ਪਰ ਜੋ ਸੋਚ ਕੇ ਘਰੋਂ ਨਿਕਲਿਆ ਸੀ, ਉਹ ਨ੍ਹੀਂ ਕਰ ਸਕਿਆ... ਹਿੰਮਤ ਹੀ ਨ੍ਹੀਂ ਪਈ... ਮੈਂ...ਮੈਂ ਲੋਕਾਂ ਅੱਗੇ ਹੱਥ ਨਹੀਂ ਅੱਡ ਸਕਿਆ...ਮੈਂ ਭੀਖ ਨ੍ਹੀਂ ਮੰਗ ਸਕਿਆ....।" ਕਹਿੰਦਿਆਂ-ਕਹਿੰਦਿਆਂ ਬੁੱਢੇ ਨੇ ਆਪਣਾ ਚਿਹਰਾ ਆਪਣੀਆਂ ਦੋਵਾਂ ਹਥੇਲੀਆਂ 'ਚ ਲੁਕਾ ਲਿਆ ।

**ਅਨੁਵਾਦ : ਬਲਵਿੰਦਰ ਸਿੰਘ ਬਰਾੜ**



## ਪਾਪਾ, ਤੇਰਾ ਭਾਈ/ਸ਼ਿਲਪੀ

ਇਸ ਤਸਵੀਰ ਨੂੰ ਦੇਖੋ, ਇਹ ਮੈਂ ਹਾਂ, ਘੁੰਗਰਾਲੇ ਵਾਲਾਂ ਵਾਲੀ ਕੁੜੀ ਜਿਸ ਨੇ ਜੁੱਤੀ ਨਾਲ ਆਪਣੀ ਇਕ ਅੱਖ ਢੱਕੀ ਹੋਈ ਹੈ, ਸਾਹਮਣੇ ਗੋਡਿਆਂ ਤਕ ਜੁਰਾਬਾਂ ਪਾਈਆਂ ਹੋਈਆਂ ਹਨ, ਹਾਕੀ ਨੂੰ ਗਿਟਾਰ ਵਾਂਗ ਵਜਾਉਂਦਿਆਂ ਹੋਇਆਂ ਜੋ ਆਦਮੀ ਨੰਗੇ ਸਰੀਰ ਨੱਚ ਰਿਹਾ ਹੈ, ਮੇਰਾ ਪਾਪਾ ਹੈ। ਅਸਮਾਨ 'ਤੇ ਬੱਦਲ ਹਨ, ਪਾਣੀ ਡਿੱਗਣ ਵਾਲਾ ਹੈ, ਅਸੀਂ ਮੀਂਹ ਵਿਚ ਵੀ ਨੱਚਾਂਗੇ ਤੇ ਗਰਮ ਜਲੇਬੀਆਂ ਖਾਂਦੇ ਹੋਏ ਘਰ ਮੁੜਾਂਗੇ। ਮੇਰੇ ਪਾਪਾ ਨੂੰ ਨਹੀਂ ਜਾਣਦੇ ਤੁਸੀਂ, ਕ੍ਰਿਕੇਟ ਤੋਂ ਵਿਹਲ ਮਿਲੇ ਫੇਰ ਨਾ। ਜਾਟ ਰਜਮੈਂਟ ਦੀ ਥਰਡ ਆਰਟੈਲਰੀ ਡਵੀਜਨ ਦੇ ਸੂਬੇਦਾਰ ਮੇਜਰ ਭਾਰਤ ਸਿੰਘ, ਉਹੀ ਵਾਰਸਲੋਨਾ ਓਲੰਪਿਕ ਦੇ ਗੇਮਮੇਕਰ ਮਾਸਟਰ ਮਾਈਂਡ ਲੈਫਟ ਇਨ... ਤੇ ਗੇਂਦ ਇਕ ਵਾਰ ਫਿਰ ਭਾਰਤ ਦੇ ਕਬਜ਼ੇ ਵਿਚ, ਲਚਕਦਾਰ ਬੀਣੀਆਂ ਦੀ ਖ਼ੂਬਸੂਰਤ ਡਰਿਬਲਿੰਗ, ਦੋ ਨੂੰ ਡਾਜ ਕੀਤਾ, ਬਹੁਤ ਆਸਾਨ ਲੱਗਦੀ ਜਾਦੂਈ ਫਿਲਕ, ਵਿਰੋਧੀ ਹੱਕਾਬੱਕਾ, ਇਕਦਮ ਕਾਰਨਰ ਤੋਂ ਰਿਵਰਸ ਕਰਾਸ, ਫਾਰਵਰਡ ਨੇ ਗੇਂਦ ਨੂੰ ਟ੍ਰੈਪ ਕਰਦੇ ਸਮੇਂ ਗੰਵਾਉਣ ਦਾ ਜੋਖਮ ਨਹੀਂ ਲਿਆ, ਬੇਝਿਜਕ ਸ਼ਾਟ, ਗੋਲਕੀਪਰ ਦੇ ਖੱਬੇ ਪੈਰ ਨੂੰ ਛੂੰਹਦੀ ਹੋਈ ਗੇਂਦ ਅੰਦਰ ਤੇ ਏ ਗੋ..ਅ...ਲ... ਪਿੰਡ ਦੇ ਲੋਕ ਪਾਪਾ ਦੀ ਮੌਤ ਨੂੰ ਵੀ ਇਸੇ ਤਰ੍ਹਾਂ ਯਾਦ ਕਰਦੇ ਹਨ। ਉਹ ਕਾਰਗਿਲ ਦੀ ਲੜਾਈ ਵਿਚ ਮਾਰੇ ਗਏ, ਨਵੇਂ ਤਾਬੂਤ ਦੀ ਵਾਰਨਿਸ਼ ਕੀਤੀ ਗਿੱਲੀ ਮਹਿਕ ਤੇ ਉਨ੍ਹਾਂ ਦਾ ਸੁੱਤਾ ਹੋਇਆ ਚਿਹਰਾ ਮੈਨੂੰ ਯਾਦ ਹੈ। ਪਰ, ਇਹ ਤਸਵੀਰ ਮੈਂ ਦਿਖਾ ਕਿਸ ਨੂੰ ਰਹੀ ਹਾਂ ?

ਓਹ ਪਾਪਾ ਤੁਸੀਂ ਜਿਉਂਦੇ ਹੁੰਦੇ ਤਾਂ ਦੇਖਦੇ, ਲੋਕ ਕਹਿੰਦੇ ਹਨ, ਮੈਂ ਇਕਦਮ ਤੁਹਾਡੀ ਤਰ੍ਹਾਂ ਖੇਡਦੀ ਹਾਂ। ਵਿਰੋਧੀਆਂ ਦੇ ਘੇਰੇ ਵਿਚ ਉਨ੍ਹਾਂ ਨੂੰ ਲਲਚਾਉਂਦੀ ਹੋਈ, ਖਿਲਵਾੜ ਕਰਦੀ ਹੋਈ ਪਰ ਘੇਰਾ ਤੋੜਨ ਦੀਆਂ ਨਵੀਂਆਂ-ਨਵੀਂਆਂ ਚਾਲਾਂ ਸੋਚਦੀ ਹੋਈ, ਤੁਹਾਡੀ ਅਚਾਨਕ ਛੁਟੀ ਗੋਲੀ ਜਿਹੀ ਦੌੜ ਹੁਣ ਮੇਰੀਆਂ ਪਿੰਜਣੀਆਂ ਵਿਚ ਜਿਉਂਦੀ ਹੈ। ਤੁਹਾਡੀ ਉਹ ਹਾਕੀ ਹਮੇਸ਼ਾ ਮੇਰੀ ਕਿਟ ਵਿਚ ਰਹਿੰਦੀ ਹੈ, ਜਿਸ 'ਤੇ ਕਿਸੇ ਅਲੜ ਕੁੜੀ ਦੀ ਚਲਾਈ ਕੈਂਚੀ ਦਾ ਨਿਸ਼ਾਨ ਹੈ। ਮਾਂ ਇਸ ਲਈ ਤੁਹਾਡੇ ਨਾਲ ਕਿੰਨਾ ਲੜਦੀ ਸੀ, ਅਕਸਰ ਕੁੜ੍ਹ ਕੇ ਉਸ ਨੂੰ ਚੁਲੇ ਵਿਚ ਬਾਲ ਦੇਣ ਲਈ ਲੱਭਦੀ ਸੀ, ਤੇ ਤੁਸੀਂ ਉਸ ਨੂੰ ਬੱਚਿਆਂ ਵਾਂਗ ਕਣਕ ਦੇ ਢੇਰ ਵਿਚ ਜਾਂ ਕਿਤੇ ਦੁਛੱਤੀ 'ਤੇ ਲਕੋਂਦੇ ਫਿਰਦੇ ਸੀ। ਮਾਂ ਤੋਂ ਘਰ ਵਿਚ ਕੋਈ ਕੁਝ ਵੀ ਲੁਕੋ ਸਕਦਾ ਹੈ ਕੀ ? ਉਹ ਜਾਣਦੀ ਸੀ ਕਿ ਉਹ ਸਟਿੱਕ ਕਿਥੇ ਰੱਖੀ ਹੈ, ਫੇਰ ਵੀ ਮੈਥੋਂ ਪੁੱਛਦੀ ਸੀ, ਜਿਵੇਂ ਮੈਂ ਦੱਸ ਦੇਵਾਂਗੀ। ਮੈਂ ਹਮੇਸ਼ਾ ਸ਼ਰਾਰਤ ਨਾਲ ਨਾਂਹ ਵਿਚ ਸਿਰ ਹਿਲਾਉਂਦੀ ਸੀ, ਜਿਸ ਕਰਕੇ ਉਹ ਮੇਰੇ 'ਤੇ ਖਿੱਝਣ ਲੱਗਦੀ ਸੀ, ਅਸੀਂ ਤੀਵੀਆਂ ਅਜਿਹੀਆਂ ਹੀ ਹੁੰਦੀਆਂ ਹਾਂ ਪਾਪਾ।

ਪਰ ਤੁਸੀਂ ਕੀ ਜਾਣੋ, ਇਸ ਵਾਰ ਮੈਂ ਕਿਹਾ ਘੇਰਾ ਤੋੜ ਕੇ ਭੱਜੀ ਹਾਂ। ਅਚਾਨਕ ਬਹੁਤ ਵੱਡੀ ਹੋ ਕੇ ਸ਼ਰਮ ਨਾਲ ਦਬ ਗਈ ਹਾਂ। ਖ਼ੂਨ, ਰਿਸ਼ਤੇ, ਸਮਾਜ, ਪਿਆਰ ਮੇਰੇ ਲਈ

ਸਾਰੇ ਬੰਜਰ-ਪਹਾੜ ਹੋ ਗਏ ਹਨ। ਅਜੇ ਤਾਂ ਆਪਣੇ ਕਮਰੇ ਤੋਂ ਬਾਹਰ ਵੀ ਨਹੀਂ ਨਿਕਲ ਸਕਦੀ, ਅਜੇ ਤਾਂ ਸਪੋਰਟਸ ਹੋਸਟਲ ਦੇ ਕਮਰੇ ਦੀਆਂ ਇਨ੍ਹਾਂ ਚਾਰਦੀਵਾਰਾਂ ਦੇ ਵਿਚ ਸਿਰਫ ਤੁਹਾਡੇ ਨਾਲ ਗੱਲ ਕੀਤੀ ਜਾ ਸਕਦੀ ਹੈ, ਪਰ ਯਕੀਨ ਰੱਖੋ, ਇਕ ਦਿਨ ਮੈਂ ਸੱਚੇ ਖਿਡਾਰੀ ਵਾਂਗ ਸਾਰਿਆਂ ਦਾ ਸਾਹਮਣਾ ਕਰੂੰਗੀ। ਘੇਰਾ ਭਾਵੇਂ ਜਿੰਨਾ ਮਜਬੂਤ ਹੋਵੇ, ਵਿਰੋਧੀ ਚਾਹੇ ਜਿੰਨੇ ਕਰੂਰ ਤੇ ਕਮੀਨੇ ਹੋਣ। ਤੁਸੀਂ ਮੈਚ ਦੇ ਵਿਚ ਚੀਕਿਆਂ ਕਰਦੇ ਸੀ 'ਮੁਸ਼ਕਲ ਵਕਤ, ਕਮਾਂਡੋ ਸਖਤ', ਤੇ ਮੈਂ ਫੇਰ ਇਕ ਵਾਰ ਉਠ ਕੇ ਜੂਝਣ ਲਈ ਤਿਆਰ ਹੋ ਜਾਂਦੀ ਸੀ।

ਤੁਹਾਡੇ ਚਲੇ ਜਾਣ ਤੋਂ ਬਾਅਦ ਮੇਰੀ ਪ੍ਰੈਕਟਿਸ ਧੰਵਰੀ ਤੇ ਉਸਦੇ ਬੱਛੇ ਨੇ ਕਰਾਈ। ਉਹ ਜਾਣਦੀ ਤਾਂ ਸੀ ਹੀ ਕਿ ਤੁਸੀਂ ਨਹੀਂ ਰਹੇ, ਇਹ ਵੀ ਜਾਣ ਗਈ ਸੀ ਕਿ ਤੁਹਾਡਾ ਸੁਪਨਾ ਕੀ ਸੀ। ਇਸ ਲਈ ਉਸਨੇ ਇਹ ਕੰਮ ਆਪਣੇ ਹੱਥ ਵਿਚ ਲੈ ਲਿਆ। ਆਏ ਦਿਨ ਚੋਏ ਜਾਣ ਤੋਂ ਠੀਕ ਪਹਿਲੇ ਦਿਨ ਸਵੇਰੇ ਉਹ ਕੀਲੇ ਨੂੰ ਝਟਕਾ ਦੇ ਕੇ ਭੱਜ ਜਾਂਦੀ ਸੀ ਤੇ ਮੈਂ ਉਸਦੇ ਪਿਛੇ। ਦੂਰ ਖੇਤਾਂ ਵਿਚ ਖੜੀ ਹੋ ਕੇ ਉਹ ਤੇ ਉਸਦਾ ਵੱਛਾ ਮੈਨੂੰ ਸ਼ਰਾਰਤ ਨਾਲ ਦੇਖਦੇ ਸੀ ਜਿਵੇਂ ਚਿੜਾ ਰਹੇ ਹੋਣ। ਪਿੰਡ ਦੀਆਂ ਉਭੜ-ਖਾਭੜ ਭੀੜੀਆਂ ਗਲੀਆਂ 'ਚੋਂ ਹੁੰਦਿਆਂ ਹੋਇਆਂ ਫਸਲਾਂ ਨਾਲ ਭਰੇ ਖੇਤਾਂ, ਖਲਿਆਣਾਂ, ਟਿੱਬਿਆਂ, ਚਿਕੜ ਤੇ ਤਲਾਅ ਦੇ ਘੱਟ ਡੂੰਘੇ ਪਾਣੀ ਵਿਚ ਮਾਂ-ਪੁੱਤ ਫੜਨ ਦੀ ਚੁਣੌਤੀ ਦਿੰਦੇ ਹੋਏ ਮੈਨੂੰ ਦੌੜਾਉਂਦੇ ਰਹਿੰਦੇ ਸੀ। ਥੱਕ ਕੇ ਚੂਰ ਹੋ ਜਾਣ ਤੋਂ ਬਾਅਦ ਜਦੋਂ ਮੈਂ ਹਫਦੀ ਹੋਈ ਦੋਹਾਂ ਨੂੰ ਕੋਸਣ, ਮੂੰਹ ਚਿੜਾਉਣ ਜਾਂ ਗਾਲਾਂ ਦੇਣ ਲੱਗਦੀ ਤਾਂ ਉਹ ਚੁੱਪਚਾਪ ਖੜੇ ਹੋ ਜਾਂਦੇ ਸੀ। ਗਲ੍ਹ ਦਾ ਰੱਸਾ ਫੜਾਉਣ ਵੇਲੇ ਉਹ ਮੈਨੂੰ ਉਸੇ ਤਰ੍ਹਾਂ ਦੇਖਦੀ ਸੀ ਜਿਵੇਂ ਤੁਸੀਂ ਸਵੇਰੇ ਦੀ ਕਰੜੀ ਪ੍ਰੈਕਟਿਸ ਤੋਂ ਬਾਅਦ ਹੱਸਦੀਆਂ ਅੱਖਾਂ ਨਾਲ ਦੇਖਦੇ ਸੀ। ਘਰ ਵੱਲ ਮੁੜਦਿਆਂ ਹੋਇਆਂ ਉਸਦਾ ਵੱਛਾ ਮੈਨੂੰ ਪਿਛੇ ਤੋਂ ਧੱਕ ਕੇ ਛੇੜਦਾ ਸੀ। ਹੁਣ ਉਹ ਪੂਰਾ ਬਲਦ ਹੋ ਗਿਆ ਹੈ ਤੇ ਗੰਭੀਰ ਰਹਿੰਦਾ ਹੈ। ਉਹ ਕਿਸੇ ਹੋਰ ਨੂੰ ਆਪਣੇ ਥਣ 'ਤੇ ਹੱਥ ਵੀ ਨਹੀਂ ਲਾਉਣ ਦਿੰਦੀ ਸੀ। ਇਕ ਦੁਲੱਤੀ ਤੇ ਬਾਲਟੀ ਮੂੰਹ 'ਤੇ, ਪੈਰ 'ਤੇ, ਸੋਟੀਆਂ ਦਾ ਕੋਈ ਉਸ 'ਤੇ ਅਸਰ ਨਹੀਂ ਹੁੰਦਾ ਸੀ। ਮੇਰੇ ਥਣ 'ਤੇ ਹੱਥ ਲਾਉਂਦਿਆਂ ਹੀ ਚੁੱਪਚਾਪ ਖੜੀ ਹੋ ਜਾਂਦੀ ਸੀ ਤੇ ਜਿਵੇਂ ਦੁੱਧ ਦਾ ਝਰਨਾ ਬਹਿਣ ਲੱਗਦਾ ਸੀ। ਮੁਟਿਆਰ, ਦੁੱਧ ਵੀ ਇੰਨਾ ਦਿੰਦੀ ਸੀ ਕਿ ਚੋਂਦਿਆਂ-ਚੋਂਦਿਆਂ ਬਾਹਾਂ ਥੱਕ ਜਾਂਦੀਆਂ ਸੀ ਤੇ ਬਾਲਟੀ ਸੰਭਾਲਦਿਆਂ ਲੱਤਾਂ ਕੰਬਣ ਲੱਗਦੀਆਂ ਸਨ। ਇੰਨਾ ਥੱਕ ਜਾਂਦੀ ਸੀ ਕਿ ਅੱਧੇ ਦਿਨ ਤਕ ਮੈਨੂੰ ਨੀਂਦ ਵਿਚ ਪੂਰਾ ਸਕੂਲ ਹਿਲਦਾ ਹੋਇਆ ਲੱਗਦਾ ਸੀ। ਮੇਰੇ ਹੋਸਟਲ ਆ ਜਾਣ ਤੋਂ ਬਾਅਦ ਸਨਕੀ, ਮਨਮੌਜੀ ਤੇ ਬਲਵਾਨ ਸਮਝੀ ਜਾਣ ਵਾਲੀ ਉਸ ਸ਼ਾਨਦਾਰ ਗਾਂ ਨੂੰ ਵੇਚ ਦਿੱਤਾ ਗਿਆ।

ਤੇ ਘਰ ਦੇ ਵਿਹੜੇ ਵਿਚ ! ਉਥੇ ਵੀ 'ਸਿਕਲ ਹਾਨਿੰਗ ਸੇਸ਼ਨ' ਚਲਦਾ ਰਹਿੰਦਾ ਸੀ, ਮਾਂ ਬੜੀ ਦੇਰ ਤੋਂ ਬਾਹਰ ਦਾ ਦਰਵਾਜ਼ਾ ਬੰਦ ਕਰਨ ਲਈ ਬੁੜਬੜਾ ਰਹੀ ਹੈ। ਇਕ ਡ੍ਰੈਗ ਹਿਟ, ਧੜਾਕ ! ਦਰਵਾਜ਼ਾ ਬੰਦ। ਪੀਹਣ ਲਈ ਸੁਕ ਰਹੀ ਕਣਕ 'ਤੇ ਕਾਂ ਟੁੱਟ ਪਏ ਹਨ, ਸਕੂਲ, ਭਾਏ ਗਏ ਸਾਲੇ। ਚਾਚੀ ਦਾ ਬੇਟਾ ਰੋ ਰਿਹਾ ਹੈ, ਇਕ ਰੰਗ-ਬਰੰਗੀ ਕੈਪ ਉਸਦੇ ਸਿਰ 'ਤੇ ਰੱਖਣ ਬਾਅਦ ਲੱਤਾਂ ਦੇ ਵਿਚੋਂ ਡ੍ਰਿਬਿਲੰਗ, ਟੁੱਟੇ ਦੰਦਾਂ ਦੀ ਖਿੜਕੀ ਖੁੱਲ੍ਹ ਗਈ। ਹਰ ਵੇਲੇ ਦੀ ਮੇਰੀ ਖਟ-ਖਟ ਨਾਲ ਹੋਰ ਸਾਰੇ ਭਾਵੇਂ ਜਿੰਨੇ ਨਾਰਾਜ ਹੋਣ ਮਾਂ ਨੇ ਕਦੇ ਕੁਝ ਨਹੀਂ ਕਿਹਾ, ਸ਼ਾਇਦ ਉਸ ਨੂੰ ਤੁਹਾਡੀ ਯਾਦ ਆਉਂਦੀ ਹੋਵੇਗੀ ਤੇ ਚੰਗਾ ਲੱਗਦਾ ਹੋਵੇਗਾ, ਹੈ ਨਾ ! ਕਦੇ-ਕਦਾਈਂ ਬੁੜਬੜਾਉਂਦੀ ਸੀ ਕਿ ਪਤਾ ਨਹੀਂ ਹਜ਼ਾਰਾਂ ਮਰਦਾਂ ਦੇ ਸਾਹਮਣੇ ਨਿੱਕੀ ਸਕਰਟ ਪਾ ਕੇ ਨੰਗੀਆਂ ਲੱਤਾਂ ਦਿਖਾਉਂਦਿਆਂ ਹੋਇਆਂ ਕਿਵੇਂ ਦੌੜਦੀ ਹੈ, ਉਸ ਨੂੰ ਕੀ ਪਤਾ ਜਿਨ੍ਹਾਂ ਕੁੜੀਆਂ ਦੀਆਂ ਲੱਤਾਂ ਸੁੱਕੀਆਂ ਤੇ ਡੀਸ਼ੇਪ ਹੋ ਜਾਂਦੀਆਂ ਹਨ ਉਹ ਉਨ੍ਹਾਂ ਨੂੰ ਭਰੀਆਂ-ਭਰੀਆਂ ਬਣਾਉਣ ਲਈ ਕੀ-ਕੀ ਉਪਾਅ ਕਰਦੀਆਂ ਹਨ, ਤਾਂਕਿ ਸੇਲੇਕਟਰਾਂ ਤੇ ਕੋਚਾਂ ਦੀ ਨਜ਼ਰ ਉਨ੍ਹਾਂ ਉਤੋਂ ਹਟੇ ਨਾ। ਟੀ.ਵੀ. ਤੇ ਅਖ਼ਬਾਰ ਵਾਲੇ ਵੀ ਆਪਣੇ ਕੈਮਰੇ ਅਜਿਹੀਆਂ ਹੀ



ਕੁੜੀਆਂ 'ਤੇ ਫੋਕਸ ਕਰੀ ਰੱਖਦੇ ਹਨ, ਖੇਡ ਉਨ੍ਹਾਂ ਦੀ ਭਾਵੇਂ ਜਿਹੋ ਜਿਹੀ ਹੋਵੇ, ਅੱਜ ਕਲ੍ਹ ਖਿਡਾਰੀ ਖੇਡ ਨਾਲ ਬਣਦਾ ਹੈ ਪਰ ਸਟਾਰ ਤਾਂ ਲੱਤਾਂ ਹੀ ਬਣਾਉਂਦੀਆਂ ਹਨ।

ਅਖ਼ਬਾਰ ਤੇ ਟੀ.ਵੀ. ਵਾਲਿਆਂ ਦੀ ਛੱਡੋ, ਪਾਪਾ ਤੁਹਾਡੇ ਭਾਈ ! ਮਰਆਦਾ ਸਿੰਘ ਜਿਹੜਾ ਤੁਹਾਡੇ ਮੈਡਲ, ਟ੍ਰਾਫੀਆਂ, ਸਰਟੀਫਿਕੇਟ ਸੰਭਾਲ ਕੇ ਰੱਖਦਾ ਸੀ ਤੇ ਅਖ਼ਬਾਰਾਂ-ਰਸਾਲਿਆਂ ਵਿੱਚ ਤੁਹਾਡੇ ਬਾਰੇ ਜੋ ਛਪਦਾ ਸੀ ਉਸਦੀ ਫਾਈਲ ਬਣਾਉਂਦਾ ਸੀ, ਦੱਸ ਦਿਆਂ ਕਿ ਗੁਜਰ ਗਏ, ਜੇ ਤੁਸੀਂ ਜਿਉਂਦੇ ਹੁੰਦੇ ਤਾਂ ਵੀ ਤੁਹਾਨੂੰ ਦੁਖ ਨਾ ਹੁੰਦਾ। ਹੱਦ ਤੋਂ ਹੱਦ ਸ਼ਰਮ ਤੇ ਪਛਤਾਵਾ ਜ਼ਰੂਰ ਹੁੰਦਾ।

ਉਸਨੇ ਪਤਾ ਨਹੀਂ ਕਿਥੋਂ-ਕਿਥੋਂ ਤਸਵੀਰਾਂ ਕੱਟ ਕੇ ਜਿਮਨਾਸਟ, ਤੈਰਾਕ ਤੇ ਟੈਨਿਸ ਸਟਾਰ ਕੁੜੀਆਂ ਦਾ ਮੋਟਾ-ਜਿਹਾ ਐਲਬਮ ਬਣਾਇਆ ਸੀ, ਉਸ ਨੂੰ ਜਿੰਦੇ ਵਿੱਚ ਬੰਦ ਰੱਖਦਾ ਸੀ ਤੇ ਇਕਾਂਤ ਵਿੱਚ ਦੇਖਦਾ ਰਹਿੰਦਾ ਸੀ। ਨਾਦੀਆ, ਕੌਮਾਨੇਚੀ, ਔਲਗਾ ਕੋਰਬੁਤ, ਬੁਲਾਚੌਧਰੀ, ਨਿਸ਼ਾ ਮਿਲੇਟ, ਗੈਬਰੀਲਾ ਸਬਾਤੀਨੀ, ਅਨਾ ਕੁਰਨਿਕੋਆ, ਮੋਨਿਕਾ ਸੇਲੇਸ.... ਹੋਰ ਵੀ ਢੇਰ ਸਾਰੀਆਂ ਤਸਵੀਰਾਂ। ਮੈਂ ਉਸਨੂੰ ਖਿੜਕੀ ਦੀ ਝਿਰੀ ਵਿਚੋਂ ਲੁੱਕ ਕੇ ਦੇਖਦੀ ਸੀ ਤੇ ਬਹੁਤ ਵੱਡਾ ਖੇਡ ਪ੍ਰੇਮੀ ਸਮਝਦੀ ਸੀ। ਮੈਨੂੰ ਲੱਗਦਾ ਸੀ, ਉਸਦਾ ਇਹ ਖਬਤ ਡਾਕ ਟਿਕਟ, ਸਿੱਕੇ ਜਾਂ ਸਿਗਰੇਟ ਦੀਆਂ ਡੱਬੀਆਂ ਜਮ੍ਹਾ ਕਰਨ ਜਿਹਾ ਹੀ ਕੋਈ ਸ਼ੌਕ ਹੈ....ਪਰ ਪਾਪਾ, ਇਕ ਦਿਨ ਅਚਾਨਕ ਮੈਂ ਸਮਝ ਗਈ। ਮੈਂ ਦੇਖਿਆ, ਆਪਣੇ ਪਜਾਮੇ ਦੇ ਉਪਰ ਉਹ ਮੇਰੀ ਲਾਲ ਰੰਗ ਦੀ ਸਕਰਟ ਪਾ ਕੇ, ਬੰਦ ਕਮਰੇ ਵਿਚ ਬੇਵਕੂਫਾਂ ਵਾਂਗ ਘੁੰਮ ਰਿਹਾ ਸੀ ਤੇ ਵਾਰ-ਵਾਰ ਉਹ ਐਲਬਮ ਪਲਟ ਰਿਹਾ ਸੀ। ਰਹਿ-ਰਹਿ ਕੇ ਉਸ ਨੂੰ ਚੁੱਕ ਕੇ ਡਰਾਉਣੀਆਂ ਅੱਖਾਂ ਨਾਲ ਉਸ ਵਿਚੋਂ ਕੁਝ ਘੂਰਦਾ ਸੀ, ਤੇ ਫੇਰ ਸੁੱਟ ਦਿੰਦਾ ਸੀ। ਮੈਨੂੰ ਲੱਗਿਆ ਉਹ ਬੁਖਾਰ ਵਿਚ ਹੈ ਤੇ ਉਸਦਾ ਦਿਮਾਗ ਚਲ ਗਿਆ ਹੈ। ਮੈਂ ਕਿਹਾ ਨਾ, ਮੈਂ ਸਮਝ ਗਈ ਸੀ। ਹਾਂ, ਤੁਹਾਨੂੰ ਸੱਚ ਦੱਸਾਂ ਤਾਂ ਪਹਿਲਾਂ ਮੈਨੂੰ ਥੋੜ੍ਹਾ ਜਿਹਾ ਚੰਗਾ ਲੱਗਿਆ ਪਰ ਮਗਰੋਂ ਬਹੁਤ ਹਾਸਾ ਆਇਆ। ਹੱਸਦਿਆਂ-ਹੱਸਦਿਆਂ ਮੈਂ ਪਾਗਲ ਹੋ ਗਈ, ਤਾਂ ਜਾ ਕੇ ਮੈਂ ਮਾਂ ਨੂੰ ਦੱਸ ਦਿੱਤਾ।

ਮਾਂ ਦਾ ਖ਼ੂਬਸੂਰਤ ਚਿਹਰਾ ਅਪਮਾਨ ਤੇ ਦੁੱਖ ਨਾਲ ਆਕੜ ਗਿਆ। ਉਹ ਚੀਕੀ, "ਤੇ ਤੂੰ ਦੰਦ ਕੱਢ ਰਹੀ ਏਂ ਰੰਡੀਏ। ਹੋਰ ਟੰਗਾਂ ਦਿਖਾ, ਹੋਰ ਘੋੜੀ ਦੀ ਤਰ੍ਹਾਂ ਟੱਪ, ਦੇਖਦੀ ਜਾ ਤੇਰੀ ਕੀ ਗਤ ਬਣਦੀ ਏ।"

"ਮੈਂ ਕੀ ਕਰ ਦਿੱਤਾ ?"

ਜਵਾਬ ਵਿਚ ਵਾਲ ਫੜ ਕੇ ਘੜੀਸਦੀ ਹੋਈ ਮਾਂ ਮੈਨੂੰ ਚੌਂਕੇ ਵਿਚ ਲੈ ਗਈ ਤੇ ਇਕ ਥੱਪੜ ਮਾਰਿਆ। ਫੇਰ ਉਥੇ ਬੈਠ ਕੇ ਰੋਣ ਲੱਗੀ। ਤੁਹਾਨੂੰ ਕਿਹਾ,"ਇਹ ਕਿਹੜਾ ਵਿਹਾਰ ਸਿਖਾ ਗਏ ਹੋ ਇਸ ਘੋੜੀ ਨੂੰ, ਹੁਣ ਇਸ ਘਰ ਨੂੰ ਬਰਬਾਦ ਕਰਕੇ ਰਹੂਗੀ।"

ਮਾਂ ਨੇ ਚਾਚੀ ਨੂੰ ਕੁਝ ਕਿਹਾ ਹੋਵੇਗਾ। ਦੋ ਦਿਨ ਬਾਦ ਚਾਚਾ ਮਾਂ 'ਤੇ ਫਟ ਪਿਆ, ਬਹੁਤ ਦਿਖਾਈ ਦੇਣ ਲੱਗਿਆ ਹੈ ਤੈਨੂੰ ਤੇ ਤੇਰੀ ਕੁੜੀ ਨੂੰ। ਮੇਰਾ ਪਜਾਮਾ ਤੇ ਲੰਗੋਟ ਤੱਕ ਦਿੱਸਣ ਲੱਗਿਆ ਹੈ। ਪਤਾ ਨਹੀਂ ਕਿਸ-ਕਿਸ ਜਾਤ ਦੇ ਮੁੰਡੇ ਨਾਲ ਸਿੰਘਾਪੁਰ, ਮਲੇਸ਼ੀਆ, ਨੈਪਾਲ ਤੇ ਕਲਕੱਤਾ ਘੁੰਮਦੀ ਰਹਿੰਦੀ ਹੈ, ਉਹ ਨਹੀਂ ਦਿੱਸਦਾ। ਜੇ ਤੁਸੀਂ ਇਸ ਤਰ੍ਹਾਂ ਗੱਲਾਂ ਬਣਾਉਣੀਆਂ ਹਨ ਤਾਂ ਅੱਡ ਹੋ ਜਾਓ ਤੇ ਸਾਰੇ ਪਿੰਡ ਦੇ ਆਦਮੀਆਂ ਦੇ ਕਿੱਸੇ ਘੜਦੀਆਂ ਰਹੋ।

ਮਾਂ, ਇਕੱਲੀ ਵਿਧਵਾ, ਸ਼ਾਇਦ ਅੱਡ ਹੋ ਕੇ ਨਹੀਂ ਜੀ ਸਕਦੀ ਸੀ, ਚੁੱਪ ਵੱਟ ਗਈ।

ਤੇ ਚਾਚਾ ਬੱਸ ਬਲਦੀਆਂ ਅੱਖਾਂ ਨਾਲ ਘੂਰਦਾ ਰਹਿੰਦਾ ਸੀ। ਉਸਦਾ ਘੂਰਨਾ ਮੈਨੂੰ ਹੁਣ ਵੀ ਕੰਬਾ ਦਿੰਦਾ ਹੈ। ਬਚਪਨ ਵਿਚ ਵੀ ਤੁਸੀਂ ਤਾਂ ਜਾਣਦੇ ਹੀ ਹੋ ਮੈਂ ਕਦੇ ਉਸਦੀ ਗੋਦੀ

ਵਿਚ ਨਹੀਂ ਜਾਂਦੀ ਸੀ। ਉਹ ਮੈਨੂੰ ਜਬਰਦਸਤੀ ਚੁੱਕਦਾ ਸੀ, ਉਸਦੇ ਛੂਹਣ ਵਿਚ ਹੀ ਕੁਝ ਜੰਗਲੀਪਣ ਤੇ ਅਜੀਬ ਜਿਹਾ ਸੀ ਕਿ ਮੈਂ ਡਰ ਜਾਂਦੀ ਸੀ। ਘਰ ਵਿਚ ਮਾਂ ਚੁੱਪ-ਚੁੱਪ ਮਹੀਨਾ ਕੁ ਮੇਰੇ ਇਕ-ਇਕ ਅੰਡਰਵੀਅਰ, ਸਕਰਟ, ਹਾਫ ਪੈਂਟ ਲੱਭਦੀ ਰਹੀ, ਫੇਰ ਸਾਰੀਆਂ ਨੂੰ ਧੋ ਕੇ ਬਕਸੇ ਵਿੱਚ ਬੰਦ ਕਰ ਦਿੱਤਾ । ਘਰ ਵਿਚ ਪਹਿਲਾਂ ਤਾਂ ਟ੍ਰੈਕ ਸੂਟ, ਫੇਰ ਹੋਰ ਕੁੜੀਆਂ ਵਾਂਗ ਸਲਵਾਰ-ਕਮੀਜ਼ ਪਹਿਨਣ ਲੱਗੀ।

ਉਦੋਂ ਦੀ ਗੱਲ ਨਹੀਂ ਹੈ ਪਾਪਾ, ਹਾਈ ਸਕੂਲ ਬਾਅਦ ਦੀ ਗੱਲ ਹੈ। ਮੈਂ ਅਵਿਨਾਸ਼ ਨਾਲ ਆਪਣੀ ਟੀਸ਼ਰਟ ਬਦਲ ਲਈ। ਤੁਸੀਂ ਤਾਂ ਜਾਣਦੇ ਹੀ ਹੋ ਕਿ ਖਿਡਾਰੀਆਂ ਦੇ ਜਰਸੀ ਬਦਲ ਲੈਣ ਦਾ ਕੀ ਮਤਲਬ ਹੁੰਦਾ ਹੈ। ਕਸਬੇ ਦੇ ਧਰਮਪਾਲ ਗੁਜਰ ਦਾ ਮੁੰਡਾ ਅਵਿਨਾਸ਼, ਮੇਰਾ ਸੀਨੀਅਰ, ਕੀ ਖੇਡ ਸੀ ਉਸਦਾ, ਨੈਸ਼ਨਲ ਖੇਡ ਚੁੱਕਿਆ ਸੀ।

ਖੇਡ ਦੀ ਗੱਲ ਨਹੀਂ ਹੈ, ਮੇਰੇ ਲਈ ਤੁਹਾਡੇ ਜਿਹਾ ਕੋਈ ਕਦੇ ਨਹੀਂ ਖੇਡ ਸਕੇਗਾ ਪਰ ਇਕਦਮ ਤੁਹਾਡੀ ਤਰ੍ਹਾਂ ਭੋਲਾ ਤੇ ਪਿਆਰਾ-ਜਿਹਾ ਸੀ। ਇਕ ਵਾਰ ਮੈਂ ਉਸ ਨੂੰ ਮਖੌਲ ਵਿਚ ਛੇੜ ਦਿੱਤਾ ਮੇਰੇ ਪਾਪਾ ਪਿੰਡ ਵਿਚ ਕਈ ਏਕੜ ਦਾ ਲਾਨ ਤੇ ਸਵਿਮਿੰਗ ਪੂਲ ਬਣਵਾ ਗਏ ਹਨ। ਕਿ ਉਨ੍ਹਾਂ ਨੇ ਇਕ ਇਟਾਲੀਅਨ ਸੈਲੂਨ ਵੀ ਖੁੱਲ੍ਹਵਾਇਆ ਹੈ ਜਿਸ ਵਿਚ ਪਿੰਡ ਦੇ ਲੋਕ ਬਾਲ ਕਟਵਾਉਂਦੇ ਹਨ। ਉਹ ਮੂੰਹ ਬਣਾਈ ਸੁਣਦਾ ਰਿਹਾ, ਉਸਨੇ ਵਿਸ਼ਵਾਸ ਕਰ ਲਿਆ। ਇਕ ਦਿਨ ਉਹ ਮੋਟਰਸਾਈਕਲ 'ਤੇ ਆਪਣੇ ਇਕ ਦੋਸਤ ਨਾਲ ਵਾਲ ਕਟਵਾਉਣ ਸਾਡੇ ਪਿੰਡ ਆ ਗਿਆ। ਉਹ ਲੜਕਾ ਫੋਟੋ ਖਿਚਣ ਲਈ ਇਕ ਕੈਮਰਾ ਵੀ ਲਿਆਇਆ ਸੀ। ਸੁਆਦ ਆ ਗਿਆ। ਉਨ੍ਹਾਂ ਦੋਨਾਂ ਨੂੰ ਮੈਂ ਫਕੀਰੇ ਨਾਈ ਦਾ ਚਬੂਤਰਾ ਦਿਖਾਇਆ ਜਿਥੇ ਉਹ ਇੱਟਾਂ 'ਤੇ ਬੈਠ ਕੇ ਚਾਚੇ ਦੀ ਦਾੜ੍ਹੀ ਬਣਾ ਰਿਹਾ ਸੀ। ਇੱਟਾਂ ਵਾਲਾ ਸੈਲੂਨ ਇਟਾਲਿਅਨ ਹੋਇਆ ਨਾ ! ਸਵਿੰਮਿੰਗ ਪੂਲ ਦੇਖ ਕੇ ਤਾਂ ਉਹ ਛਾਲਾਂ ਮਾਰਨ ਲੱਗਿਆ। ਤਲਾਅ ਵਿਚ ਮੱਝਾਂ ਬਿਨਾਂ ਕਾਸਟਯੂਮ ਪਾਈ ਤੈਰ ਰਹੀਆਂ ਸੀ ਤੇ ਚਾਰੇ ਪਾਸੇ ਲਹਿਲਹਾਉਂਦੀਆਂ ਫਸਲਾਂ ਦਾ ਹਰਿਆਵਲਾ ਲਾਨ ਤਾਂ ਸੀ ਹੀ। ਇਹ ਉਹੋ ਜਿਹਾ ਹੀ ਹੋਇਆ ਨਾ, ਜਦੋਂ ਤੁਸੀਂ ਘਰ ਹੁੰਦੇ ਸੀ, ਮੈਂ ਸਕੂਲੋਂ ਮੁੜ ਕੇ ਸਟਿਕ ਹਵਾ ਵਿਚ ਉਛਾਲ ਕੇ ਚਹਿਕਦੀ ਹੋਈ ਤੁਹਾਨੂੰ ਦੱਸਦੀ ਸੀ ਕਿ ਅੱਜ ਅਸੀਂ ਸੀਨੀਅਰ ਟੀਮ ਨੂੰ ਹਰਾ ਦਿੱਤਾ ਤੇ ਤੁਸੀਂ ਖੁਸ਼ ਹੋ ਕੇ ਤੁਰੰਤ ਜਲੇਬੀਆਂ ਖਵਾਉਂਦੇ ਸੀ। ਖਾਣ ਤੋਂ ਬਾਅਦ ਮੈਂ ਦੱਸਦੀ ਸੀ ਕਿ ਦਰਅਸਲ ਅਸੀਂ ਬੁਰੀ ਤਰ੍ਹਾਂ ਹਾਰੇ ਤੇ ਮੈਂ ਜ਼ਖ਼ਮੀ ਹੋ ਗਈ ਹਾਂ। ਇਸ ਲਈ ਜਲੇਬੀਆਂ ਖਾਣੀਆਂ ਜ਼ਰੂਰੀ ਸੀ।

ਆਏ ਦਿਨ ਮੈਨੂੰ ਆਪਣੀ ਕਿਟ ਬੈਗ ਵਿਚ ਗੁਲਾਬ ਦੇ ਫੁੱਲਾਂ ਦੇ ਗੁੱਛੇ ਮਿਲਣ ਲੱਗੇ। ਕੋਈ ਇਨ੍ਹਾਂ ਨੂੰ ਖੇਡ ਦੇ ਦੌਰਾਨ ਚੁੱਪ ਕਰ ਕੇ ਰੱਖ ਜਾਂਦਾ ਸੀ। ਹਾਲਾਤ ਇਹ ਹੋ ਗਏ ਕਿ ਮੇਰੀ ਜੁੱਤੀ, ਪੈਡ, ਇੰਕਲੈਟ, ਗੇਂਦ, ਨੀਕੈਪ, ਨੈਪਕਿਨ, ਕਪੜੇ, ਸਾਰਿਆਂ ਵਿੱਚ ਗੁਲਾਬ ਦੀ ਗੰਧ ਸਮਾ ਗਈ ਤੇ ਚਾਰੇ ਪਾਸੇ ਮੈਨੂੰ ਫੁੱਲ ਹੀ ਫੁੱਲ ਨਜ਼ਰ ਆਉਣ ਲੱਗੇ। ਅਕਸਰ ਮੇਰੀ ਸਟਿਕ ਹਵਾ ਵਿਚ ਹੀ ਉਠੀ ਰਹਿ ਜਾਂਦੀ ਸੀ। ਮੈਨੂੰ ਲੱਗਦਾ ਸੀ ਕਿ ਮੈਂ ਫੁਲ ਨੂੰ ਹਿੱਟ ਕਰਨ ਜਾ ਰਹੀ ਹਾਂ, ਉਸਦੀਆਂ ਪੰਖੜੀਆਂ-ਪੰਖੜੀਆਂ ਖਿਲਰ ਜਾਣਗੀਆਂ। ਟੀਮ ਦੀਆਂ ਕੁੜੀਆਂ ਮੈਨੂੰ 'ਗੁਲਾਬੋ' ਕਹਿ ਕੇ ਚਿੜਾਉਣ ਲੱਗੀਆਂ। ਮੈਂ ਹਿੰਮਤ ਇਕੱਠੀ ਕਰਕੇ ਇਕ ਦਿਨ ਉਸਨੂੰ ਕਿਹਾ, "ਮੈਂ ਆਪਣੇ ਪਾਪਾ ਨੂੰ ਦੱਸ ਦੇਵਾਂਗੀ ਫੇਰ ਹੋਸ਼ ਠਿਕਾਣੇ ਆ ਜਾਣਗੇ," ਪਹਿਲਾਂ ਤਾਂ ਉਹ ਝਿਪ ਗਿਆ, ਫੇਰ ਨਰਮਾਈ ਨਾਲ ਕਿਹਾ,"ਹੁਣ ਭਾਵੇਂ ਕਿਸੇ ਨੂੰ ਦੱਸ, ਹੱਦ ਤੋਂ ਹੱਦ ਕੀ ਹੋਵੇਗਾ, ਮੈਂ ਤਿਆਰ ਹਾਂ।"

ਗੁਲਾਬਾਂ ਦੀ ਮਹਿਕ ਨਾਲ ਪਾਗਲ ਹੋ ਕੇ ਸ਼ਾਇਦ ਮੈਂ ਵੀ ਉਸ ਨਾਲ ਪਿਆਰ ਕਰਨ ਲੱਗੀ। ਉਹ ਰੋਜ਼ ਸਵੇਰੇ ਕਸਬੇ ਤੋਂ ਅੱਠ ਕਿਲੋਮੀਟਰ ਜਾਗਿੰਗ ਕਰਦਾ ਹੋਇਆ ਸਾਡੇ ਪਿੰਡ ਦੇ ਬਾਹਰ ਨਦੀ ਕਿਨਾਰੇ ਤਕ ਆ ਜਾਂਦਾ ਸੀ। ਮੈਂ ਵੀ ਵਾਰਮ-ਅਪ ਕਰਦਿਆਂ ਹੋਇਆਂ



ਗੋਡਿਆਂ ਭਰ ਪਾਣੀ ਵਾਲੀ ਨਦੀ ਪਾਰ ਕਰਕੇ ਪਹੁੰਚ ਜਾਂਦੀ ਸੀ। ਅਜੇ ਤਾਰੇ ਵੀ ਡੁੱਬੇ ਨਹੀਂ ਹੁੰਦੇ ਸੀ, ਅਕਸਰ ਚੰਦ ਵੀ ਚਮਕ ਰਿਹਾ ਹੁੰਦਾ ਸੀ। ਅਸੀਂ ਕਮਾਦਾਂ ਵਿੱਚ, ਪ੍ਰਾਇਮਰੀ ਸਕੂਲ ਦੇ ਬਰਾਂਡੇ ਦੇ ਵਿਚ, ਗੋਦਾਮ ਦੇ ਪਿਛੇ ਮਿਲਦੇ ਸੀ, ਗੱਲਾਂ ਕਰਦੇ ਸੀ। ਆਖਰਕਾਰ, ਮੈਂ ਕਹਿ ਹੀ ਦਿੱਤਾ ਕਿ ਆਪਣਾ ਪਹਿਲਾ ਨੈਸ਼ਨਲ ਖੇਡਣ ਤੋਂ ਬਾਅਦ ਉਸ ਨਾਲ ਵਿਆਹ ਕਰ ਲਊਂਗੀ, ਤੇ ਫੇਰ ਕਦੇ ਪਿੰਡ ਨਹੀਂ ਮੁੜੂੰਗੀ।

ਸਿਰਫ ਮੈਨੂੰ ਹੀ ਨਹੀਂ ਪਤਾ ਲੱਗਾ, ਕਈ ਪਿੰਡਾਂ ਵਿਚ ਸਾਰਿਆਂ ਨੂੰ ਪਤਾ ਸੀ। ਇਥੋਂ ਤਕ ਕਿ ਲੋਕ ਗੁਲਾਬਾਂ ਵਾਲਾ ਕਿੱਸਾ ਵੀ ਜਾਣਦੇ ਸੀ, ਕਈ ਮੁੰਡੇ ਖੇਤਾਂ ਵਿਚ ਕੰਬਲ ਲੈ ਕੇ ਸਿਰਫ ਸਾਨੂੰ ਦੇਖਣ ਲਈ ਸਾਰੀ ਰਾਤ ਬੈਠੇ ਜਾਗਦੇ ਰਹਿੰਦੇ ਸੀ। ਮਾਂ ਨੇ ਮੈਨੂੰ ਪੁੱਛਿਆ ਤਾਂ ਮੈਂ ਆਪਣੇ ਮਨ ਦੀ ਗੱਲ ਦੱਸ ਦਿੱਤੀ। ਉਸਨੇ ਮੱਥਾ ਪਿਟ ਲਿਆ। ਉਹ ਦਲਾਣ ਦੇ ਦਰਵਾਜ਼ੇ 'ਤੇ ਜਿੰਦਾ ਲਾ ਕੇ ਤੇ ਚਾਬੀ ਸਿਰਹਾਣੇ ਹੇਠਾਂ ਰੱਖ ਕੇ ਸੌਣ ਲੱਗੀ। ਮਹੀਨੇ ਬਾਅਦ ਜਦੋਂ ਚਾਚੇ ਦੀਆਂ ਗਾਲਾਂ, ਮੁੰਡਿਆਂ ਦੇ ਤਾਨੇ, ਬੁੱਢਿਆਂ ਦੇ ਭੱਦੇ ਦੋਅਰਥੀ ਮਖੌਲ ਮੱਠੇ ਪੈਣ ਲੱਗੇ ਤਾਂ ਮੈਂ ਫੇਰ ਸਵੇਰੇ ਐਕਸਰਸਾਈਜ ਲਈ ਨਿਕਲਣ ਲੱਗੀ। ਉਦੋਂ ਇਕ ਸਵੇਰੇ ਘਾਤ ਲਾ ਕੇ ਚਾਚਾ ਤੇ ਪਿੰਡ ਦੇ ਮੁੰਡਿਆਂ ਨੇ ਸਾਨੂੰ ਫੜ ਲਿਆ।

ਅੱਜ ਉਸਦਾ ਦੂਜਾ ਦਿਨ ਸੀ। ਮੇਰੇ ਰੋਕਣ ਦੇ ਬਾਵਜੂਦ ਉਹ ਮਰਨ ਚਲਿਆ ਆਇਆ ਸੀ। ਉਸ ਵੇਲੇ ਉਹ ਗੰਨਾ ਭੰਨ ਕੇ ਉਸ ਨੂੰ ਸਟਿਕ ਵਾਂਗ ਵਰਤਦਾ ਹੋਇਆ, ਮੇਰੇ ਸੁੱਟੇ ਹੋਏ ਡਲੇ ਨੂੰ ਰੋਕ ਕੇ ਪੈਨਾਲਟੀ ਕਾਰਲਰ ਹਿੱਟ ਕਰਨਾ ਦੱਸ ਰਿਹਾ ਸੀ, ਅਚਾਨਕ ਤ੍ਰੇਲ ਨਾਲ ਭਿੱਜੀਆਂ ਸ਼ਾਂਤ ਫਸਲਾਂ ਵਿੱਚੋਂ ਨਿਕਲਦੀ ਭੀੜ ਨੇ ਸਾਨੂੰ ਦੋਹਾਂ ਨੂੰ ਦਬੋਚ ਲਿਆ। ਚਾਚਾ ਚੀਕਿਆ,"ਸਾਲਿਆ ਕਮਾਦ ਵਿਚ ਡਾਂਡੀਆ ਰਾਸ ਕਰ ਰਿਹਾ ਸੀ," ਮੈਂ ਡਰ ਦੇ ਮਾਰਿਆਂ ਸੁੰਨ ਹੋ ਗਈ।

ਅਵਿਨਾਸ਼ ਨੂੰ ਮਾਰਦੇ-ਕੁੱਟਦੇ ਪਿੰਡ ਲਿਆਂਦਾ ਗਿਆ ਤੇ ਮੈਨੂੰ ਇਕ ਕਮਰੇ ਵਿਚ ਬੰਦ ਕਰ ਦਿੱਤਾ। ਦਰਵਾਜ਼ੇ 'ਤੇ ਸਾਰਾ ਪਿੰਡ ਇਕੱਠ ਹੋ ਗਿਆ। ਗੁਆਂਢ ਦੇ ਪਿੰਡਾਂ ਦੇ ਲੋਕ ਵੀ ਆਉਣ ਲੱਗੇ। ਮਾਂ ਨੇ ਕਮਰੇ ਵਿਚ ਆਉਣਾ ਚਾਹਿਆ ਤਾਂ ਚਾਚੇ ਨੇ ਧੱਕਾ ਦੇ ਦਿੱਤਾ, "ਰੰਡੀ ਕਿਤੋਂ ਦੀ, ਉਸ ਨੂੰ ਯਾਰ ਨਾਲ ਭਜਾਉਣ ਜਾ ਰਹੀ ਸੀ।"

ਘਰ ਦੀਆਂ ਤੀਵੀਆਂ, ਬੱਚਿਆਂ ਨੂੰ ਗੁਆਂਢੀ ਦੇ ਘਰ ਵਿਚ ਬੰਦ ਕਰ ਕੇ ਚਾਚਾ ਆਇਆ, ਚਿਟਕਣੀ ਚੜ੍ਹਾਈ, ਬਲਦੀਆਂ ਅੱਖਾਂ ਨਾਲ ਘੂਰਣ ਲੱਗਾ। ਅਚਾਨਕ ਵਾਲਾਂ ਤੋਂ ਫੜ ਕੇ ਉਸਨੇ ਮੈਨੂੰ ਚੁੱਕ ਲਿਆ। ਕੰਨ ਨਾਲ ਮੂੰਹ ਜੋੜ ਕੇ ਗੁੱਸੇ ਵਿੱਚ ਬੋਲਿਆ,"ਗਰਮੀ ਸ਼ਾਂਤ ਕਰਨ ਲਈ ਕੋਈ ਬਿਰਾਦਰੀ ਦਾ ਮੁੰਡਾ ਨ੍ਹੀਂ ਮਿਲਿਆ ਜਿਹੜਾ ਸੂਰ ਗੁਜਰ ਨੂੰ ਬੁਲਾ ਲਿਆਈ...ਸਾਡਾ ਨੱਕ ਕਟਾਉਣ...।"

ਜ਼ਮੀਨ 'ਤੇ ਪਟਕ ਕੇ ਮੇਰੇ ਉਪਰ ਬੈਠ ਗਿਆ। ਫੇਰ ਉਹੀ ਜਿਥੇ-ਕਿਤੇ ਨੋਚਦਾ ਹੋਇਆ ਜੰਗਲੀ ਜਾਨਵਰ ਦੀ ਖੋਜ। ਘਬਰਾ ਕੇ ਮੈਂ ਰੋਂਦਿਆਂ ਹੋਇਆ ਕਿਹਾ,"ਇਹ ਕੀ ਕਰ ਰਹੇ ਹੋ ਤੁਸੀਂ ?"

"ਓਹੀ ਜੋ ਸਾਲਾ ਗੁਜਰ ਇੰਨੇ ਦਿਨਾਂ ਤੋਂ ਕਰ ਰਿਹਾ।" ਨਫਰਤ ਤੇ ਅਪਮਾਨ ਨਾਲ ਤਿਲਮਿਲਾ ਕੇ ਮੈਂ ਆਪਣੇ ਪੈਰ ਉਸਦੇ ਢਿੱਡ ਵਿੱਚ ਜਮਾ ਕੇ ਪੂਰੀ ਤਾਕਤ ਨਾਲ ਧੱਕ ਦਿੱਤੇ। ਉਹ ਉਛਲ ਕੇ ਡਿੱਗਿਆ ਤੇ ਸਿਰ ਕੰਧ ਨਾਲ ਲੱਗ ਕੇ ਫਟ ਗਿਆ। ਫੇਰ ਕਿੰਨੀਆਂ ਗਾਲ੍ਹਾਂ, ਮੁੱਕੇ, ਲੱਤਾਂ ਪਏ ਮੈਨੂੰ ਨਹੀਂ ਪਤਾ। ਮੈਂ ਗੋਡਿਆਂ ਵਿਚ ਸਿਰ ਦੇ ਕੇ ਪਈ ਰਹੀ। ਬਾਹਰ ਅਵਿਨਾਸ਼ ਨੂੰ ਜੋ ਆਉਂਦਾ ਉਹੀ ਚੋਰ ਵਾਂਗ ਕੁੱਟ ਰਿਹਾ ਸੀ। ਮੈਨੂੰ ਪਿਛੋਂ ਪਤਾ ਲੱਗਾ ਉਹ ਮੂਰਖ ਲਗਾਤਾਰ ਬੜਬੜਾਈ ਜਾ ਰਿਹਾ ਸੀ, "ਅਸੀਂ ਕੋਈ ਗਲਤ ਕੰਮ ਨ੍ਹੀਂ ਕੀਤਾ, ਗਲਤ ਕੰਮ ਨ੍ਹੀਂ ਕੀਤਾ।"

ਉਹ ਜਿੰਨਾ ਬਕਦਾ, ਉੱਨਾ ਹੀ ਕੁੱਟ ਖਾਂਦਾ। ਉਹ ਕੁੱਟ ਖਾਂਦਿਆਂ-ਖਾਂਦਿਆਂ ਬੇਹੋਸ਼ ਹੋ ਗਿਆ। ਬਾਹਰ ਪੰਚਾਇਤ ਬੁਲਾਉਣ ਦੀ ਤਿਆਰੀ ਹੋ ਰਹੀ ਸੀ।

ਪੁਰਾਣੀਆਂ ਜੁਰਾਬਾਂ ਨੂੰ ਪਾੜ ਕੇ ਬਣਾਈ ਪੱਟੀ ਬੰਨ ਕੇ ਚਾਚਾ ਥੋੜ੍ਹੀ ਦੇਰ ਮਗਰੋਂ ਫੇਰ ਆਇਆ, ਇਸ ਵਾਰ ਉਸਨੇ ਸ਼ਾਂਤ ਢੰਗ ਨਾਲ ਕਿਹਾ, "ਸੋਚ ਲੈ, ਅਜੇ ਮੈਂ ਪੰਚਾਇਤ ਲਈ ਹਾਂ ਨ੍ਹੀਂ ਕਹੀ। ਜੇ ਇਕ ਵਾਰ ਪੰਚਾਇਤ ਬੈਠ ਗਈ ਤਾਂ ਤੁਸੀਂ ਦੋਵੇਂ ਫਾਂਸੀ 'ਤੇ ਲਟਕਾ ਦਿੱਤੇ ਜਾਉਗੇ।" ਚਾਚਾ ਸੌਦੇਬਾਜ਼ੀ ਕਰ ਰਿਹਾ ਸੀ, ਮੈਂ ਸੁੰਨ ਬੈਠੀ ਰੋਂਦੀ ਰਹੀ।

ਦੋ-ਚਾਰ-ਛੇ ਜਾਂ ਪਤਾ ਨਹੀਂ ਕਿੰਨੇ ਘੰਟਿਆਂ ਮਗਰੋਂ ਮੈਨੂੰ ਬਾਹਰ ਲਿਆਂਦਾ ਗਿਆ। ਰੌਸ਼ਨੀ ਨਾਲ ਮੈਂ ਚੌਂਧਿਆ ਗਈ। ਮੈਨੂੰ ਘੂਰਦੀਆਂ ਅਜਨਬੀ ਅੱਖਾਂ ਤੇ ਮੱਖੀਆਂ ਜਿਹੀ ਭਿਨਾਹਟ ਦੇ ਸਿਵਾਏ ਹੋਰ ਕੁਝ ਯਾਦ ਨਹੀਂ ਹੈ। ਹਾਂ, ਤੁਰਨ ਵੇਲੇ ਇਕ ਪੁਰਾਣਾ ਕਪੜਾ ਲੈ ਕੇ ਮੈਂ ਸਿਰ 'ਤੇ ਲੈ ਲਿਆ। ਮੈਂ ਕਦੇ ਚੁੰਨੀ ਸਿਰ 'ਤੇ ਨਹੀਂ ਲਈ ਸੀ। ਸਾਰੇ ਪਿੰਡ ਵਿਚ ਟ੍ਰੈਕ ਸੂਟ ਪਾ ਕੇ ਟੱਪਦੀ ਫਿਰਦੀ ਸੀ। ਪਤਾ ਨਹੀਂ ਮੈਨੂੰ ਕਿਉਂ ਅਜਿਹਾ ਲੱਗ ਰਿਹਾ ਸੀ ਕਿ ਇਸ ਕੱਪੜੇ ਨਾਲ ਸਿਰ ਢੱਕ ਕੇ ਖੜੇ ਰਹਿਣ ਨਾਲ ਉਹ ਮੈਨੂੰ ਤੇ ਅਵਿਨਾਸ਼ ਨੂੰ ਸ਼ਾਇਦ ਛੱਡ ਦੇਣਗੇ। ਥੋੜ੍ਹੀ ਬਹੁਤ ਹੋਰ ਕੁੱਟ ਪਵੇਗੀ, ਬੱਸ ! ਹੁਣ ਹੋਰ ਕਿੰਨਾ ਮਾਰਨਗੇ, ਵਧ ਤੋਂ ਵੱਧ ਥੁੱਕ ਕੇ ਚੱਟਣ ਨੂੰ ਕਿਹਾ ਜਾਵੇਗਾ ਜਾਂ ਇਕ-ਦੂਜੇ ਦੇ ਕੰਨ ਫੜ ਕੇ ਬੈਠਕਾਂ ਕਢਾ ਕੇ ਮੈਨੂੰ ਘਰੋਂ ਬਾਹਰ ਨਿਕਲਣਾ ਬੰਦ ਕਰ ਦਿੱਤਾ ਜਾਵੇਗਾ। ਹੋ ਸਕਦਾ ਹੈ, ਮੈਂ ਸੁਣ ਰੱਖਿਆ ਸੀ ਕਿ ਇੰਦਰਾ ਗਾਂਧੀ ਨੂੰ ਸਿਰ 'ਤੇ ਪੱਲਾ ਰੱਖ ਲੈਣ ਦੇ ਕਾਰਨ ਹੀ ਲੋਕਾਂ ਨੇ ਪ੍ਰਧਾਨਮੰਤਰੀ ਬਣਾ ਦਿਤਾ ਸੀ, ਇਸ ਲਈ ਇਹ ਗੱਲ ਉਸ ਵੇਲੇ ਦਿਮਾਗ ਵਿਚ ਆਈ ਹੋਵੇ। ਉਮੀਦ ਦਾ ਬੇਵਕੂਫੀ ਨਾਲ ਰਿਸ਼ਤਾ ਬਹੁਤ ਪੁਰਾਣਾ ਹੈ।

ਬਾਹਰ ਨਿਕਲ ਕੇ ਮੈਂ ਕਈ ਵਾਰ ਕਿਹਾ, 'ਪਿਆਸ ਲੱਗੀ ਏ, ਪਾਣੀ ਚਾਹੀਦਾ', ਕਿਸੇ ਨੇ ਧਿਆਨ ਨਹੀਂ ਦਿੱਤਾ। ਮੈਨੂੰ ਲੱਗ ਰਿਹਾ ਸੀ, ਮੈਂ ਚੀਕ ਰਹੀ ਹਾਂ, ਪਰ ਕੋਈ ਸੁਣ ਹੀ ਨਹੀਂ ਰਿਹਾ ਸੀ। ਅੱਜ ਲੋਕ ਸੁਣਨਾ ਭੁੱਲ ਗਏ ਸੀ। ਬੱਸ ਦੇਖ ਰਹੇ ਸੀ। ਮੈਂ ਦਰਵਾਜ਼ੇ ਦੇ ਬਾਹਰ ਹੈਂਡ-ਪੰਪ ਦੇ ਸਾਹਮਣੇ ਝੁੱਕ ਕੇ ਉਂਜਲ ਕਰ ਦਿੱਤਾ। ਝੁਕਿਆਂ-ਝੁਕਿਆਂ ਪਤਾ ਨਹੀਂ ਕਿੰਨਾ ਸਮਾਂ ਬੀਤ ਗਿਆ, ਕੋਈ ਪੰਪ ਚਲਾਉਣ ਨਹੀਂ ਆਇਆ। ਸਿੱਧੇ ਖੜੇ ਹੋ ਕੇ ਦੇਖਿਆ ਤਾਂ ਲੋਕ ਹੱਸ ਰਹੇ ਸੀ। ਜਿਵੇਂ ਪਾਗਲਾਂ ਨੂੰ ਵਚਿੱਤਰ ਹਰਕਤਾਂ ਕਰਦਿਆਂ ਹੋਇਆਂ ਦੇਖ ਕੇ ਹੱਸਦੇ ਹਨ। ਸਹਿਮਦੇ-ਝਿਜਕਦੇ ਕੁਝ ਬੱਚੇ ਅਗੇ ਵਧੇ, ਬੱਚੇ ਜੋ ਹੈਂਡ-ਪੰਪ ਚਲਾਉਣ ਦੇ ਨਾਂ 'ਤੇ ਹੀ ਉਛਲ ਪੈਂਦੇ ਸੀ, ਫਟੀਆਂ ਫਟੀਆਂ ਅੱਖਾਂ ਨਾਲ ਠੰਢੇ, ਭਾਵਹੀਣ ਢੰਗ ਨਾਲ ਮੈਨੂੰ ਦੇਖਦਿਆਂ ਹੋਇਆਂ ਇਸ ਤਰ੍ਹਾਂ ਹੈਂਡ-ਪੰਪ ਨਾਲ ਬੇਮਨ ਜਿਹੇ ਜੂਝ ਰਹੇ ਸੀ ਕਿ ਮੈਨੂੰ ਕੋਠੜੀ ਤੋਂ ਵੀ ਜ਼ਿਆਦਾ ਡਰ ਲੱਗਿਆ। ਅਚਾਨਕ ਇਕ ਬੁੱਢੇ ਨੇ ਬੱਚਿਆਂ ਨੂੰ ਡਾਟਿਆ,"ਗੁਜਰਾਂ ਦੀ ਰਖੇਲ ਆਪਣੀ ਮਾਸੀ ਨੂੰ ਗੰਗਾ ਇਸ਼ਨਾਨ ਕਰਾ ਰਹੇ ਹੋ।"

ਬੱਚੇ ਉਸਦੀ ਗੱਲ ਪੂਰੀ ਹੋਣ ਤੋਂ ਪਹਿਲਾਂ ਹੀ ਭੱਜ ਗਏ। ਕਿਸੇ ਨੇ ਮੇਰੇ ਸਿਰ ਤੋਂ ਉਹ ਕੱਪੜਾ ਵੀ ਲਾਹ ਕੇ ਸੁੱਟ ਦਿੱਤਾ ਤੇ ਮੈਨੂੰ ਧੱਕਦਿਆਂ ਹੋਇਆਂ ਪੰਚਾਇਤ ਵਿਚ ਲਿਆਂਦਾ ਗਿਆ।

ਪਿੰਡ ਦੇ ਬਾਹਰ ਬਗੀਚੇ ਵਿਚ ਲੋਕ ਹੀ ਲੋਕ ਇਕੱਠੇ ਹੋਏ ਸੀ। ਇੱਕਾ-ਦੁੱਕਾ ਕੋਲ ਬੰਦੂਕਾਂ, ਡਾਂਗਾਂ, ਤਲਵਾਰਾਂ ਵੀ ਸਨ ਤਾਂ ਕਿ ਕਿਸੇ ਨੂੰ ਵੀ ਦਖਲ ਦੇਣ ਤੋਂ ਰੋਕਿਆ ਜਾ ਸਕੇ। ਕਈ ਤਾਂ ਤਮਾਸ਼ਾ ਦੇਖਣ ਲਈ ਪਹਿਲਾਂ ਤੋਂ ਹੀ ਦਰਖਤਾਂ 'ਤੇ ਚੜ੍ਹ ਕੇ ਬੈਠੇ ਹੋਏ ਸੀ। ਮੇਰੇ ਪਹੁੰਚਦਿਆਂ ਹੀ ਇਕ ਮਰੀਅਲ ਜਿਹੇ ਆਦਮੀ ਨੇ ਇਮਲੀ ਦੇ ਪੁਰਾਣੇ ਦਰਖਤ ਦੇ ਹੇਠਾਂ ਬਣੇ ਥੜੇ 'ਤੇ ਚੜ ਕੇ ਉੱਚੀ ਕਹਿਣਾ ਸ਼ੁਰੂ ਕੀਤਾ, "ਭਾਰਤ ਸਿੰਘ ਦੀ ਕੁੜੀ ਅਨੀਤਾ ਤੇ ਗੁਜਰ ਧਰਮਪਾਲ ਦੇ ਨਾਲਾਇਕ ਮੁੰਡੇ ਅਵਿਨਾਸ਼ ਨੇ ਉਹ ਕੰਮ ਕੀਤਾ ਏ ਕਿ ਜੱਟਾਂ ਦੀ ਇੱਜ਼ਤ



ਮਿੱਟੀ ਵਿਚ ਮਿਲ ਗਈ ਏ। ਸਰਵ-ਸ਼ਕਤੀਮਾਨ ਪੰਚ ਇਸ 'ਤੇ ਵਿਚਾਰ ਕਰ ਕੇ ਇਨਸਾਫ ਕਰਨ। ਫੈਸਲਾ ਪੂਰੀ ਬਿਰਾਦਰੀ ਨੂੰ ਮਨਜੂਰ ਹੋਊਗਾ।"

ਇਹ ਆਦਮੀ ਤਿਉਹਾਰਾਂ ਤੇ ਵਿਆਹਾਂ ਵਿਚ ਨਗਾਰਾ ਬਜਾ ਕੇ ਨੱਚਦਾ ਸੀ ਤੇ ਲੋਕਾਂ ਦੀ ਝਾੜ ਸੁਣਨ ਲਈ ਤਰ੍ਹਾਂ-ਤਰ੍ਹਾਂ ਦੀ ਮਸਕਰੀ ਕਰਦਾ ਰਹਿੰਦਾ ਸੀ। ਪਰ ਅੱਜ ਇਹ ਮੈਨੂੰ ਬਹੁਤ ਭਿਆਨਕ ਲੱਗਿਆ-ਇੱਜਤ ! ਕਿਥੇ ਹੈ ਇੱਜਤ ? ਕਿਸ ਦੀ ? ਇਸ ਦੀ ? ਨਗਾਰੇ ਵਾਲੇ ਦੀ ? ਅਚਾਨਕ ਮੈਨੂੰ ਲੱਗਾ ਕਿ ਇੱਜਤ ਕੋਈ ਅਦਿਖ ਭੇਤ ਭਰਿਆ ਪ੍ਰੇਤ ਹੈ ਜਿਸ ਦੀ ਸਵਾਰੀ ਆਉਂਦਿਆਂ ਹੀ ਮਸਖਰੇ ਵੀ ਭਿਆਨਕ ਲੱਗਣ ਲੱਗਦੇ ਹਨ।

ਲੋਕ ਚੁੱਪ ਹੋ ਗਏ, ਸੰਨਾਟਾ ਛਾ ਗਿਆ। ਥੜੇ 'ਤੇ ਬੈਠੇ ਪੰਚਾਂ ਨੇ ਆਪਣੀਆਂ ਗਰਦਨਾਂ ਝੁਕਾ ਲਈਆਂ, ਜਿਵੇਂ ਬਹੁਤ ਗੰਭੀਰਤਾ ਨਾਲ ਸੋਚ ਰਹੇ ਹੋਣ। ਅਵਿਨਾਸ਼ ਦਾ ਚਿਹਰਾ ਪਛਾਣਿਆ ਨਹੀਂ ਜਾ ਰਿਹਾ ਸੀ। ਉਹ ਅਭਾਵ ਢੰਗ ਨਾਲ ਦੇਖੀ ਜਾ ਰਿਹਾ ਸੀ, ਜਿਵੇਂ ਉਥੇ ਜੋ ਕੁਝ ਹੋ ਰਿਹਾ ਸੀ ਉਸ 'ਤੇ ਉਸ ਨੂੰ ਯਕੀਨ ਹੀ ਨਹੀਂ ਆ ਰਿਹਾ ਸੀ, ਉਸਦੇ ਹੱਥ ਪਿਛੇ ਬੰਨੇ ਸੀ, ਪੈਰ ਵਿਚ ਜਾਨਵਰਾਂ ਨੂੰ ਬੰਨਿਆ ਜਾਣ ਵਾਲਾ ਨਿਉਲ ਲਾ ਦਿੱਤਾ ਗਿਆ ਸੀ, ਗਲ੍ਹ ਵਿਚ ਕਿਸੇ ਜਾਨਵਰ ਦਾ ਰੱਸਾ ਸੀ, ਉਸ ਨੂੰ ਘੜੀਸਦਿਆਂ ਹੋਇਆਂ ਉਥੇ ਲਿਆਂਦਾ ਗਿਆ ਸੀ।

ਸੰਨਾਟੇ ਨਾਲ ਅਚਾਨਕ ਚੌਂਕ ਕੇ ਮੈਂ ਪੰਚਾਂ ਵੱਲ ਦੇਖਿਆ। ਉਨ੍ਹਾਂ ਦੇ ਵਿਚਕਾਰ ਹੁੱਕਾ ਸੁਲਘ ਰਿਹਾ ਸੀ। ਪਰ ਉਸ ਨੂੰ ਕਿਸੇ ਨੇ ਛੂਹਿਆ ਤੱਕ ਨਹੀਂ। ਨਾਲ ਇਕ ਬਾਂਸ ਦੀ ਟੋਕਰੀ ਵਿੱਚ ਗੁੜ ਦੀਆਂ ਡਲੀਆਂ ਦਾ ਢੇਰ ਸੀ। ਇਕ ਡ੍ਰੰਮ ਵਿਚ ਪਾਣੀ ਰੱਖਿਆ ਹੋਇਆ ਸੀ। ਪੰਚ ਵੀ ਕੌਣ ਸਨ ਪਾਪਾ ! ਹੁਕਮ ਸਿੰਘ, ਜਿਸਦੇ ਦਾਦੇ-ਪੜਦਾਦੇ ਡੰਗਰ ਚੋਰ ਸੀ, ਜਿਹੜੇ ਉਨ੍ਹਾਂ ਦੇ ਸਿੰਗਾਂ ਨੂੰ ਤਰਾਸ਼ਕੇ ਵੇਚ ਦਿੰਦੇ ਸੀ। ਇਹ ਹੁਣ ਬਰਾਬਰ ਕਿਸਾਨ ਤੇ ਪਿੰਡ ਦੀ ਸਭਾ ਦਾ ਮੁਖੀ ਹੋ ਗਿਆ ਹੈ। ਇਹ ਆਪਣੀ ਅੱਧ-ਪਾਗਲ ਪਤਨੀ ਨੂੰ ਸ਼ਰੇਆਮ ਸੋਟੀਆਂ ਨਾਲ ਕੁੱਟਦਾ ਸੀ। ਚੌਧਰੀ ਰਾਜਿੰਦਰ ਸਿੰਘ ਜਿਸਦੀ ਡੇਅਰੀ ਵਿਚ ਯੂਰੀਆ ਮਿਲਾ ਕੇ ਸੈਂਕੜੇ ਲੀਟਰ ਦੁੱਧ ਤਿਆਰ ਕਰਕੇ ਵੇਚਿਆ ਜਾਂਦਾ ਸੀ। ਸ਼ਹਿਰ ਵਿਚ ਉਸਦਾ ਵੱਡਾ ਹੋਟਲ ਸੀ, ਜਿਥੇ ਅਫਸਰਾਂ-ਠੇਕੇਦਾਰਾਂ ਨੂੰ ਕੁੜੀਆਂ ਸਪਲਾਈ ਕੀਤੀਆਂ ਜਾਂਦੀਆਂ ਸੀ। ਮਾਨ ਸਿੰਘ, ਸਾਰਾ ਪਿੰਡ ਜਾਣਦਾ ਹੈ ਕਿ ਅਫੀਮ ਖਵਾ ਕੇ ਆਪਣੀ ਭਾਣਜੀ ਨਾਲ ਉਸਨੇ ਕਈ ਮਹੀਨੇ ਬਲਾਤਕਾਰ ਕੀਤਾ। ਜਦੋਂ ਉਹ ਗਰਭਵਤੀ ਹੋ ਗਈ ਤਾਂ ਉਸ ਨੂੰ ਪਾਗਲ ਦੱਸ ਕੇ ਪਤਾ ਨਹੀਂ ਕਿਥੇ ਛੱਡ ਆਏ। ਮੈਨੇਜਰ ਸਿੰਘ ਕੋਟੇਦਾਰ, ਜਿਹੜਾ ਦਹੇਜ ਲਈ ਆਪਣੀ ਬਹੂ ਸਾੜ ਕੇ ਜੇਲ੍ਹ ਹੋ ਆਇਆ ਸੀ, ਜਿਸ ਦੀ ਦੁਕਾਨ ਦਾ ਸਾਰਾ ਰਾਸ਼ਨ ਤੇ ਤੇਲ ਬਲੈਕ ਵਿਚ ਵਿਕ ਜਾਂਦਾ ਸੀ ਤੇ ਪੇਟੀ ਬੰਨ ਕੇ ਡਕੈਤ ਲੱਗ ਰਹੇ ਮੇਰੇ ਚਾਚਾ ਖੁਦ ਜਿਨ੍ਹਾਂ ਨੇ ਅੱਜ ਸਵੇਰੇ ਹੀ ਆਪਣੀ ਭਤੀਜੀ ਨਾਲ ਸੌਦੇਬਾਜ਼ੀ ਕੀਤੀ ਸੀ।

"...ਤਾਂ ਇਹ ਮੇਰਾ ਇਨਸਾਫ ਕਰਨਗੇ ਆਪਣੀ ਇੱਜਤ ਬਚਾਉਣ ਲਈ।"

ਉਨ੍ਹਾਂ ਦੀ ਇੱਜਤ ਤੇ ਮੇਰੀ ਇੱਜਤ ਅੱਡ-ਅੱਡ ਹੈ। ਮੇਰੀ ਇੱਜਤ ਬਰਬਾਦ ਕੀਤੇ ਬਿਨਾਂ, ਇਥੋਂ ਤੱਕ ਕਿ ਮੇਰੀ ਜਾਨ ਲਏ ਬਿਨਾਂ ਉਨ੍ਹਾਂ ਦੀ ਇੱਜਤ ਬਚ ਹੀ ਨਹੀਂ ਸਕਦੀ। ਇਕੱਲੀ ਮੈਂ, ਇਕੱਲਾ ਅਵਿਨਾਸ਼ ਤੇ ਇੰਨੇ ਸਾਰੇ ਇੱਜਤਦਾਰ ਲੋਕ। ਪੰਚ, ਸਰਪੰਚ। ਮੈਂ ਇਕੱਲੀ.....।

ਮੈਂ ਪਹਿਲਾਂ ਕਦੇ ਇਸ ਤਰ੍ਹਾਂ ਇਨ੍ਹਾਂ ਲੋਕਾਂ ਨੂੰ ਨਹੀਂ ਦੇਖਿਆ ਸੀ। ਮੈਂ ਸੋਚਿਆ ਇੱਜਤ....ਅੱਖਾਂ ਦੇ ਅੱਗੇ ਹਨੇਰੇ ਦੇ ਵਿਚ ਰੌਸ਼ਨੀ ਦੇ ਪਰਛੱਟੇ ਉੜਨ ਲੱਗੇ। ਮੈਨੂੰ ਲੱਗਿਆ ਅਵਿਨਾਸ਼ ਬਲੇਜਰ ਦੇ ਹੇਠਾਂ ਟਾਈ ਲਾਈ ਵਿਕਟ੍ਰੀ ਸਟੈਂਡ 'ਤੇ ਖੜਾ ਹੈ, ਤੇ ਮੈਂ ਤਾੜੀ ਵਜਾ

ਰਹੀ ਹਾਂ। ਨਹੀਂ ਸ਼ਾਇਦ ਉਹ ਡਾਕਟਰ ਸੀ, ਜਿਹੜਾ ਗਲ੍ਹ ਵਿਚ ਯੰਤਰ ਲਟਕਾ ਕੇ ਭੀੜ ਵਿਚ ਕਿਸੇ ਮਰੀਜ਼ ਨੂੰ ਦੇਖ ਰਿਹਾ ਸੀ। ਨਹੀਂ ਉਹ ਵੱਛਾ ਸੀ ਜਿਹੜਾ ਮੇਰਾ ਹੱਥ ਚੱਟਣ ਲਈ ਗਰਦਨ ਹਿਲਾ ਕੇ ਆਪਣੇ ਕੋਲ ਬੁਲਾ ਰਿਹਾ ਸੀ।

ਮੈਂ ਰੋਣ ਲਗੀ।

ਪੰਚਾਂ ਦੇ ਵਿਚਕਾਰ ਮੇਰੇ ਬਿਲਕੁਲ ਸਾਹਮਣੇ ਚਾਚਾ ਨੰਗਾ ਬੈਠਾ ਹੋਇਆ, ਉਸ ਦੇ ਗਲ੍ਹ ਵਿਚ ਵੱਡਾ ਸਾਰਾ ਤਬੀਤ ਪਾਇਆ ਹੈ, ਉਸਦੀ ਚਿੱਟੀ ਜੁੱਤੀ ’ਚੋਂ ਜਗਦੀ-ਬੁਝਦੀ ਰੌਸ਼ਨੀ ਨਿਕਲ ਰਹੀ ਹੈ। ਉਦੋਂ ਪਾਪਾ ਆ ਗਏ, ਹੱਸਣ, ਉਨ੍ਹਾਂ ਮੈਨੂੰ ਮੋਢੇ ’ਤੇ ਚੁੱਕ ਕੇ, ਲੋਕਾਂ ਦੇ ਵੱਲ ਇਸ਼ਾਰਾ ਕੀਤਾ। ਇਸ ਭੀੜ ਵਿਚ ਸਭ ਦੇ ਹੱਥਾਂ ਵਿਚ ਇਕ-ਇਕ ਪੇਟੀਕੋਟ ਸੀ ਤੇ ਉਹ ਉਸਦੇ ਕਮਰ ਦੇ ਘੇਰੇ ਵਿਚ ਫੂਕ ਮਾਰ ਰਹੇ ਸੀ ਤੇ ਪੰਚ ਇਸ ਤੋਂ ਕੁੜ੍ਹ ਕੇ ਮੱਥੇ ’ਤੇ ਹੱਥ ਰੱਖੀਂ ਬੈਠੇ ਸੀ। ਮੈਨੂੰ ਹਾਸਾ ਆ ਗਿਆ।

ਮੈਂ ਹੱਸਣ ਲੱਗੀ, ਲੋਕਾਂ ਨੂੰ ਦੇਖਿਆ ਉਹ ਵੀ ਰੰਗ ਬਿਰੰਗੇ ਪੇਟੀਕੋਟ ਹਿਲਾਉਂਦੇ ਹੋਏ ਹੱਸ ਰਹੇ ਸੀ, ਉਦੋਂ ਮੇਰੀ ਮਾਂ ਨੇ ਉਥੇ ਆ ਕੇ ਨੱਚਣਾ ਸ਼ੁਰੂ ਕਰ ਦਿੱਤਾ। ਨੱਚਦੀ ਹੋਈ ਉਹ ਪਿੰਡ ਵੱਲ ਚਲੀ ਤਾਂ ਸਾਰੇ ਉਸਦੇ ਪਿਛੇ ਚਲੇ ਗਏ ਤੇ ਮੈਂ ਇਕੱਲੀ ਖੜੀ ਰਹਿ ਗਈ। ਮੇਰੀ ਕਿਸੇ ਸਹੇਲੀ ਨੇ ਆ ਕੇ ਵੱਡਾ-ਸਾਰਾ ਪੱਥਰ ਦੇ ਕੇ ਕਿਹਾ-ਸ਼ਾਦੀ ਮੁਬਾਰਕ ਹੋਵੇ, ਮੈਂ ਬਾਂਦਰੀ ਬਣ ਗਈ। ਪਗੜੀ ਬੰਨੀ ਮਦਾਰੀ ਨੇ ਕਿਹਾ, ਗੁਲਾਬੋ, ਚਲ ਕੇ ਦਿਖਾ, ਸਹੁਰਿਆਂ ਦਾ ਕੰਮ ਕਰਕੇ ਦਿਖਾ, ਮੈਂ ਠੁਮਕਣ ਲੱਗੀ।

ਮੈਂ ਪਤਾ ਨਹੀਂ ਕਿੰਨੀ ਦੇਰ ਤਕ ਇਸੇ ਤਰ੍ਹਾਂ ਹੱਸਦੀ, ਰੋਂਦੀ, ਬੁੜਬੜਾਉਂਦੀ ਰਹੀ।

ਵਿਚਾਲੇ ਕਿਸੇ ਨੇ ਫੁਸਫਸਾ ਕੇ ਕਿਹਾ ਫਾਂਸੀ, ਫੇਰ ਸਾਰੇ ਲੋਕ ਫਾਂਸੀ, ਫਾਂਸੀ ਜਪਣ ਲੱਗੇ ਜਿਵੇਂ ਉਹ ਕਿਸੇ ਮੰਦਰ ਵਿਚ ਬੈਠ ਕੇ ਕੀਰਤਨ ਕਰ ਰਹੇ ਹੋਣ। ਮੂਰਤੀਆਂ ਦੇ ਉਪਰ ਲਾਲ ਕਪੜੇ ਦੇ ਅੱਗੇ ਦੋ ਕਠਪੁਤਲੀਆਂ ਝੂਲ ਰਹੀਆਂ ਸੀ। ਉਨ੍ਹਾਂ ਨੂੰ ਨਚਾਉਣ ਵਾਲੇ ਖੇਡ ਦੇ ਵਿਚੋਂ ਹੀ ਕਿਤੇ ਚਲੇ ਗਏ ਸੀ।

ਅਚਾਨਕ ਮੈਨੂੰ ਹੋਸ਼ ਆਇਆ, ਉਦੋਂ ਮੈਂ ਇਕ ਰੱਸੀ ਫੜੀ ਬੈਠੀ ਖੰਘ ਰਹੀ ਸੀ। ਸਾਰਾ ਸਰੀਰ ਦੁੱਖ ਰਿਹਾ ਸੀ ਤੇ ਦੂਰ ਖੜੀ ਭੀੜ ਹੱਸ ਰਹੀ ਸੀ। ਅਰੇ ! ਪੰਚਾਇਤ ਨੇ ਮੈਨੂੰ ਇਮਲੀ ਦੇ ਦਰਖਤ ਨਾਲ ਲਟਕਾ ਕੇ ਫਾਂਸੀ ’ਤੇ ਚੜ੍ਹਾ ਦਿੱਤਾ ਸੀ। ਉਪਰ ਬੰਨੀ ਰਸੀ ਖੁੱਲ੍ਹ ਜਾਣ ਕਾਰਨ ਮੈਂ ਡਿਗ ਪਈ ਸੀ। ਕੀ ਪਤਾ ਕੋਈ ਮੈਨੂੰ ਬਚਾਉਣਾ ਚਾਹੁੰਦਾ ਹੋਵੇ ਤੇ ਉਸਨੇ ਗੰਢ ਅਜਿਹੀ ਲਾਈ ਹੋਵੇ। ਉਸ ਭੀੜ ਵਿਚ ਕਿੰਨੇ ਹੀ ਲੋਕ ਸਨ ਜਿਨ੍ਹਾਂ ਨੇ ਮੈਨੂੰ ਗੋਦੀ ਵਿਚ ਖਿਡਾਇਆ ਸੀ। ਮੇਰੇ ਨਾਲ ਖੇਡੇ ਸੀ, ਮੈਨੂੰ ਮੋਢੇ ’ਤੇ ਬੈਠਾ ਕੇ ਘੁੰਮਾਇਆ ਸੀ, ਪਾਪਾ ਦੀ ਮੌਤ ’ਤੇ ਮੇਰੇ ਨਾਲ ਰੋਏ ਸੀ।

ਮੈਂ ਗਲ੍ਹ ਵਿਚ ਰੱਸੀ ਲਈ ਉਠ ਕੇ ਦੌੜ ਪਈ।

ਹੱਥ ਪੈਰ ਜਕੜ ਗਏ ਸੀ। ਮੈਂ ਲੰਗੜਾਉਂਦਿਆਂ ਹੋਇਆਂ ਟੱਪ ਰਹੀ ਸੀ, ਉਦੋਂ ਡਾਂਗਾਂ, ਬੰਦੂਕਾਂ ਲਈ ਭੀੜ ਲਲਕਾਰਦੀ ਹੋਈ ਮੇਰੇ ’ਤੇ ਝਪਟੀ...ਸਰੀਰ ਵਿਚ ਭੈਅ ਦੀ ਬਿਜਲੀ ਲਿਸ਼ਕੀ ਤੇ ਮੇਰੇ ਪੈਰਾਂ ਨੂੰ ਖੰਭ ਲੱਗ ਗਏ। ਮੈਂ ਸਰਕੜੇ ਜੰਗਲ ਦੇ ਵੱਲ ਮੁੜ ਗਈ ਤਾਂ ਕਿ ਉੱਚੀਆਂ ਝਾੜੀਆਂ ਵਿਚੋਂ ਮੈਨੂੰ ਕੋਈ ਲੱਭ ਨਾ ਸਕੇ। ਚੀਕਦੀ, ਪਾਗਲ ਹੋਈ ਭੀੜ ਨੇੜੇ ਆਉਂਦੀ ਜਾ ਰਹੀ ਸੀ ਤੇ ਮੈਂ ਸਰਪਟ ਭੱਜੀ ਜਾ ਰਹੀ ਸੀ। ਮੇਰੇ ਪਿਛੇ ਸੱਪ ਦੀ ਤਰ੍ਹਾਂ ਲਹਿਰਾਉਂਦੀ ਰੱਸੀ ਸਰਸਰਾ ਰਹੀ ਸੀ। ਇੰਨਾ ਵੀ ਹੋਸ਼ ਨਹੀਂ ਸੀ ਕਿ ਉਸ ਨੂੰ ਕੱਢ ਕੇ ਪਰ੍ਹੇ ਸਿੱਟ ਦੇਵਾਂ। ਜੇ ਕਿਸੇ ਝਾੜੀ ਵਿਚ ਉਲਝਦੀ ਤਾਂ ਮੈਂ ਇਸ ਵਾਰ ਦੀ ਫਾਂਸੀ ਤੋਂ ਨਹੀਂ ਬਚ ਪਾਉਂਦੀ।

ਬਹੁਤ ਦੇਰ ਤੱਕ ਭੱਜਣ ਮਗਰੋਂ ਮੈਂ ਪਿਛੇ ਮੁੜ ਕੇ ਦੇਖਣਾ ਚਾਹਿਆ। ਅਚਾਨਕ ਮੈਂ



ਇਕ ਵਿਸ਼ਾਲ ਟੋਏ ਵਿਚ ਡਿਗ ਪਈ। ਪਿੰਜਰਾਂ, ਗਿਰਝਾਂ, ਕੁੱਤਿਆਂ, ਮਾਸ ਦੇ ਲੋਥੜੇ ’ਤੇ ਲੁੜਕਦਿਆਂ ਹੋਇਆਂ ਮੈਂ ਸਿਰੇ ’ਤੇ ਜਾ ਕੇ ਥਮੀ ਤਾਂ ਅਸਹਿ ਬਦਬੂ ਦੇ ਮਾਰੇ ਸਿਰ ਚਕਰਾ ਰਿਹਾ ਸੀ ਤੇ ਸਾਹ ਘੁਟ ਰਿਹਾ ਸੀ। ਇਹ ਪਿੰਡੋਂ ਕਾਫੀ ਦੂਰ ਕੋਈ ਖੱਡਾ ਸੀ ਜਿਸ ਵਿਚ ਮਰੇ ਜਾਨਵਰ ਸੁੱਟੇ ਜਾਂਦੇ ਹਨ। ਮੇਰੇ ਸਾਹਮਣੇ ਦੋ ਮੱਝਾਂ ਫਟੀਆਂ ਨੁਚੀਆਂ ਪਈਆਂ ਸਨ। ਇਕ ਲਾਸ਼ ਕਿਸ ਜਾਨਵਰ ਦੀ ਸੀ, ਪਹਿਚਾਨਣੀ ਮੁਸ਼ਕਲ ਸੀ। ਜਾਨਵਰਾਂ ਦੇ ਖਿਲਰੇ ਸਿਰ, ਸਿੰਗਾਂ, ਹੱਡੀਆਂ, ਪਿੰਜਰਾਂ ਦੇ ਵਿਚ ਗਿਰਝਾਂ ਸ਼ੋਰ ਮਚਾਉਂਦੀਆਂ ਹੋਈਆਂ ਮੇਰੇ ’ਤੇ ਟੁੱਟ-ਟੁੱਟ ਪੈ ਰਹੀਆਂ ਸੀ ਤੇ ਕੁੱਤੇ ਦੰਦ ਕੱਢ ਕੇ ਗੁਰਾਅ ਰਹੇ ਸੀ। ਮੈਂ ਡਰ ਨਾਲ ਜਕੜੀ ਬੈਠੀ ਰਹੀ। ਮੱਝਾਂ ਦੇ ਉਪਰ ਤੇ ਮੇਰੇ ਚਾਰੇ ਪਾਸੇ ਗਿਰਝਾਂ ਹੀ ਗਿਰਝਾਂ ਸਨ। ਸੌ ਤੋਂ ਵਧ ਹੀ ਹੋਣਗੀਆਂ। ਉਨ੍ਹਾਂ ਦੇ ਵਿਚੋਂ ਕੁੱਤੇ ਉਨ੍ਹਾਂ ਨੂੰ ਧਕ ਕੇ ਮੇਰੇ ’ਤੇ ਲਪਕ ਰਹੇ ਸੀ। ਗਿਰਝਾਂ ਦੇ ਫੈਲਦੇ-ਸੁੰਗੜਦੇ ਭਾਰੀ ਖੰਭਾਂ ਤੋਂ ਉਠਦੀ ਅੱਡ ਤਿੱਖੀ ਗੰਧ ਸੀ। ਜਲਦੀ ਹੀ ਮਾਸ ਨਾਲ ਲਿਬੜੇ ਮੇਰੇ ਸਰੀਰ ਨੂੰ ਮੱਖੀਆਂ ਨੇ ਢੱਕ ਲਿਆ। ਥੋੜ੍ਹੀ ਦੇਰ ਮਗਰੋਂ, ਜਦੋਂ ਕਿਸੇ ਕੁੱਤੇ ਨੇ ਮੈਨੂੰ ਕੱਟਿਆ ਉਦੋਂ ਮੈਂ ਹੌਲੀ-ਹੌਲੀ ਗਲ੍ਹ ਵਿਚ ਬੰਨੀ ਰਸੀ ਦੇ ਫੰਦੇ ਨੂੰ ਢਿੱਲਾ ਕਰ ਕੇ ਬਾਹਰ ਕੱਢਿਆ। ਰੱਸੀ ਨੂੰ ਕਈ ਵਾਰ ਮੋੜ ਕੇ ਚਾਬੁਕ ਵਾਂਗ ਘੁਮਾਉਣਾ ਸ਼ੁਰੂ ਕੀਤਾ ਤਾਂ ਗਿਰਝਾਂ ਕੁੱਦਦੀਆਂ ਹੋਈਆਂ ਦੂਰ ਖਿਸਕਣ ਲੱਗੀਆਂ...ਥੋੜ੍ਹੀ ਦੇਰ ਵਿਚ ਉਹ ਸਮਝ ਗਈਆਂ ਕਿ ਮੈਂ ਉਨ੍ਹਾਂ ਦੇ ਖਾਣੇ ਵਿਚੋਂ ਹਿੱਸਾ ਵੰਡਾਉਣ ਨਹੀਂ ਆਈ ਹਾਂ ਤਾਂ ਉਹ ਆਪਸ ਵਿਚ ਲੜਦੀਆਂ ਹੋਈਆਂ ਆਪਣੇ ਕੰਮ ਵਿਚ ਜੁਟ ਗਈਆਂ...ਅਚਾਨਕ ਕੁੱਤੇ ਵੀ ਸ਼ਾਂਤ ਹੋ ਗਏ।

ਗਿਰਝਾਂ ਦੇ ਸ਼ੋਰ ਤੇ ਮੱਖੀਆਂ ਦੀ ਭਿਣਭਿਣਾਹਟ ਤੋਂ ਹਟ ਕੇ ਮੈਂ ਕੰਨ ਲਾ ਕੇ ਉਪਰ ਦੀਆਂ ਆਵਾਜ਼ਾਂ ਸੁਣਨ ਦੀ ਕੋਸ਼ਿਸ਼ ਕੀਤੀ ਉਦੋਂ ਬਦਬੂ ਦੇ ਭਮੂੰਕੇ ਦੇ ਨਾਲ, ਪੇਟ ਵਿਚ ਮਰੋੜਾ ਉਠਿਆ। ਉਲਟੀ ਦੇ ਨਾਲ ਸਭ ਕੁਝ ਬਾਹਰ ਆ ਗਿਆ। ਟ੍ਰੈਕ ਸੂਟ ਦੀ ਬਾਂਹ ਨਾਲ ਹੰਝੂ ਤੇ ਲਾਰ ਪੂੰਝ ਕੇ ਮੈਂ ਕਿਸੇ ਜਾਨਵਰ ਦਾ ਪੀਲਾ ਪੈ ਚੁੱਕਿਆ ਸੁੱਕੀ ਹੱਡੀਆਂ ਵਾਲਾ ਭਾਰੀ ਪਿੰਜਰ ਘੜੀਸ-ਘੜੀਸ ਕੇ ਉਤੇ ਲੈ ਲਿਆ ਤੇ ਉਸਦੇ ਹੇਠਾਂ ਦੁਬਕ ਕੇ ਬੈਠ ਗਈ।

ਬਹੁਤ ਛੋਟੇ-ਛੋਟੇ ਸਾਹ ਲੈਂਦੀ ਹੋਈ ਮੈਂ ਬਦਬੂ ਦੀ ਆਦੀ ਹੋਣ ਦੀ ਕੋਸ਼ਿਸ਼ ਕਰਨ ਲੱਗੀ। ਉਹ ਬਹੁਤ ਸੁਰੱਖਿਅਤ ਥਾਂ ਸੀ। ਬਦਬੂ ਦੇ ਮਾਰੇ ਦੇਰ ਤਕ ਕਿਨਾਰੇ ਖੜੇ ਹੋ ਕੇ ਕੋਈ ਖੱਡੇ ਦੇ ਵਿਚ ਦੇਖ ਨਹੀਂ ਸਕਦਾ ਸੀ। ਜੇ ਦੇਖਦਾ ਵੀ ਤਾਂ ਸੈਂਕੜੇ ਉਛਲਦੀਆਂ ਟੱਪਦੀਆਂ ਗਿਰਝਾਂ ਦੇ ਵਿਚ ਪਿੰਜਰ ਨਾਲ ਢਕੀ ਮੈਂ ਆਸਾਨੀ ਨਾਲ ਨਜ਼ਰ ਨਹੀਂ ਆ ਸਕਦੀ ਸੀ। ਮੈਂ ਤਹਿ ਕਰ ਲਿਆ ਕਿ ਰਾਤ ਨੂੰ ਇਥੋਂ ਨਿਕਲੂੰਗੀ ਤੇ ਕਿਸੇ ਸੜਕ ਜਾਂ ਰੇਲਵੇ ਲਾਈਨ ਤਕ ਪਹੁੰਚਣ ਤੋਂ ਬਾਅਦ ‘ਹੋਸਟਲ’ ਪਹੁੰਚ ਜਾਊਂਗੀ। ਫਿਰ ਦੇਖਿਆ ਜਾਊਗਾ।

ਮੈਂ ਮਾਸ ’ਤੇ ਟੁੱਟਦੀਆਂ, ਥੱਕ ਕੇ ਕਿਨਾਰੇ ਬੈਠੀਆਂ, ਆਪਸ ਵਿਚ ਲੜਦੀਆਂ, ਇਕ ਦੂਜੇ ਦੇ ਖੰਭ ਖੁਰਕਦੀਆਂ ਗਿਰਝਾਂ ਨੂੰ ਦੇਖਣ ਲੱਗੀ। ਕਦੇ ਕਦੇ ਕੋਈ ਗਿਰਝ ਅਚਾਨਕ ਕੁਦ ਕੇ ਮੇਰੇ ਵੱਲ ਝਪਟਦੀ ਸੀ, ਪਰ ਪਿੰਜਰ ਦੇ ਨੇੜੇ ਆਉਂਦਿਆਂ ਹੀ ਵਾਪਸ ਮੁੜ ਜਾਂਦੀ ਸੀ। ਉਨ੍ਹਾਂ ਦੇ ਇਸ ਖਿਲਵਾੜ ਨੂੰ ਦੇਖਦਿਆਂ ਹੋਇਆਂ ਮੈਂ ਸੋਚਿਆ,“ਖੱਡੇ ਤੋਂ ਬਾਹਰ ਆਸ ਪਾਸ ਮੇਰੇ ਘਰ-ਪਿੰਡ ਦੀਆਂ ਗਿਰਝਾਂ ਮੇਰੀ ਬੋਟੀ-ਬੋਟੀ ਨੋਚ ਦੇਣ ਲਈ ਲੱਭ ਰਹੀਆਂ ਨੇ ਤੇ ਇਥੇ ਸੱਚਮੁਚ ਦੀਆਂ ਗਿਰਝਾਂ ਦੇ ਕਾਰਨ ਮੈਂ ਅਜੇ ਤਕ ਜਿਉਂਦੀ ਹਾਂ।”

ਸ਼ਾਇਦ ਗਿਰਝਾਂ ਨੂੰ ਦੇਖਦਿਆਂ-ਦੇਖਦਿਆਂ ਥੱਕ ਜਾਣ ਕਾਰਨ ਮੇਰੀਆਂ ਅੱਖਾਂ ਥੱਕਣ ਲੱਗੀਆਂ। ਮੈਂ ਸੌਂ ਰਹੀ ਹਾਂ, ਨੀਂਦ ਆ ਰਹੀ ਹੈ....ਇਹ ਖਿਆਲ ਆਉਂਦਿਆਂ ਹੀ ਸਰਸਰਾਹਟ ਦੌੜ ਗਈ...।ਕਿਤੇ ਇਨ੍ਹਾਂ ਗਿਰਝਾਂ ਤੇ ਕੁੱਤਿਆਂ ਨੇ ਮਰੀ ਸਮਝ ਕੇ ਮੈਨੂੰ ਵੀ ਨੋਚ ਦਿੱਤਾ ਤਾਂ, ਮੇਰੀਆਂ ਅੱਖਾਂ ਹੀ ਕੱਢ ਲਈਆਂ ਤਾਂ ? ਅਗੇ-ਪਿਛੇ ਕਈ ਜਾਨਵਰਾਂ ਦੇ ਸਿਰ ਸਨ, ਜਿਨ੍ਹਾਂ ਵਿਚ ਅੱਖਾਂ ਦੀ ਜਗ੍ਹਾ ਹਨੇਰੇ ਨਾਲ ਭਰੇ ਦੋ ਸੁਰਾਖ ਸਨ, ਮੈਂ ਨਾਈਲਾਨ ਦੀ

ਫੰਦੇ ਵਾਲੀ ਰੱਸੀ ਨੂੰ ਕਈ ਕਈ ਵਾਰ ਹੱਥ ਵਿਚ ਲਪੇਟ ਲਿਆ ਤੇ ਹੱਥ ਨੂੰ ਇਸ ਪੁਜੀਸ਼ਨ ਵਿਚ ਰੱਖ ਲਿਆ ਕਿ ਇਕ ਝਟਕੇ ਵਿਚ ਕਿਸੇ ਗਿਰਝ ਦੀ ਗਰਦਨ ਭੰਨੀ ਜਾ ਸਕੇ।

ਭਾਰੀ ਹੱਡੀਆਂ ਦੇ ਪਿੰਜਰ ਦੇ ਹੇਠੋਂ ਮੈਂ ਧੁੰਦਲਾਉਂਦੇ ਆਸਮਾਨ ਨੂੰ ਦੇਖਿਆ। ਪਤਾ ਨਹੀਂ ਕਿੰਨੇ ਲੰਮੇ ਇੰਤਜ਼ਾਰ ਮਗਰੋਂ ਹੁਣ ਸ਼ਾਮ ਉਤਰ ਰਹੀ ਸੀ। ਫੇਰ ਗਿਰਝਾਂ ਦੇ ਝੁੰਡ ਵਿਚ ਹਲਚਲ ਹੋਈ, ਉਹ ਉਡ਼ ਕੇ ਵਾਪਸ ਜਾਣ ਲੱਗੀਆਂ। ਉਹ ਆਪਣੇ ਆਲਣਿਆਂ ਦੇ ਵੱਲ ਮੁੜ ਰਹੀਆਂ ਸੀ। ਡਰ ਨਾਲ ਮੇਰਾ ਦਿਲ ਬੈਠਣ ਲੱਗਿਆ, ਇਹ ਚਲੇ ਜਾਣਗੀਆਂ ਤਾਂ ਇਸ ਵੀਰਾਨ ਖੱਡੇ ਵਿਚ ਮੈਨੂੰ ਉਹ ਆਸਾਨੀ ਨਾਲ ਦੇਖ ਲੈਣਗੇ ਤੇ ਖਿਚ ਕੇ ਲੈ ਜਾਣਗੇ। ਜਿਨ੍ਹਾਂ ਤੋਂ ਮੈਂ ਹੁਣ ਤੱਕ ਡਰ ਰਹੀ ਸੀ, ਉਹ ਗਿਰਝਾਂ ਹੁਣ ਚੰਗੀਆਂ ਲੱਗਣ ਲੱਗੀਆਂ। ਮੈਨੂੰ ਰਾਮਲੀਲਾ ਵਿਚ ਦੇਖੇ ਜਟਾਯੂ ਦੀ ਯਾਦ, ਪਤਾ ਨਹੀਂ ਕਿਥੋਂ ਆ ਗਈ। ਜੇ ਮੈਂ ਉਨ੍ਹਾਂ ਦੀ ਭਾਸ਼ਾ ਜਾਣਦੀ ਤਾਂ ਕਹਿੰਦੀ ਕਿ ਅੱਜ ਉਹ ਬੱਸ ਥੋੜ੍ਹੀ ਦੇਰ ਹੋਰ ਰੁਕ ਜਾਣ। ਮੇਰੇ ਆਲੇ ਦੁਆਲੇ ਉਦੋਂ ਤਕ ਰਹਿਣ ਜਦੋਂ ਤੱਕ ਪੂਰੀ ਤਰ੍ਹਾਂ ਹਨੇਰਾ ਨਾ ਹੋ ਜਾਵੇ। ਕੁੱਤੇ ਵੀ ਇਕ-ਇਕ ਕਰ ਕੇ ਜਾ ਰਹੇ ਸੀ।

ਜਦੋਂ ਆਖਰੀ ਕੁੱਤਾ ਖੱਡੇ ਵਿਚੋਂ ਨਿਕਲਿਆ, ਆਸਮਾਨ ਵਿਚ ਇਕ ਤਾਰਾ ਨਜ਼ਰ ਆਉਣ ਲੱਗਾ ਸੀ। ਉਦੋਂ ਮੈਂ ਆਪਣੇ ਵੱਲ ਵਧਦੀਆਂ ਆਵਾਜ਼ਾਂ ਸੁਣੀਆਂ, ਲੋਕ ਇਧਰ ਹੀ ਚਲੇ ਆ ਰਹੇ ਸੀ। ਖੱਡੇ ਦੇ ਉਪਰ ਹਿਲਦੇ-ਜੁਲਦੇ ਲੋਕ ਝਿਲਮਿਲਾਉਣ ਲੱਗੇ। ਮੈਂ ਆਪਣਾ ਸਿਰ ਬਾਹਾਂ ਵਿਚ ਦਬਾ ਕੇ ਜ਼ਮੀਨ ਵਿਚ ਗੱਡ ਦਿੱਤਾ ਤਾਂ ਕਿ ਜ਼ਰਾ ਵੀ ਹਲਚਲ ਨਾ ਹੋਵੇ ਜਿਸ ਕਰਕੇ ਉਨ੍ਹਾਂ ਦਾ ਇਧਰ ਧਿਆਨ ਜਾਵੇ। ਮੈਨੂੰ ਆਪਣੀ ਧੜਕਣ ਸ਼ੋਰ ਵਾਂਗ ਸੁਣਾਈ ਦੇ ਰਹੀ ਸੀ।

ਥੋੜ੍ਹੀ ਦੇਰ ਬਾਅਦ ਕੋਈ ਬਹੁਤ ਭਾਰੀ ਚੀਜ਼ ਲੁੜਕਦੀ ਹੋਈ ਆ ਕੇ ਖੱਡੇ ਵਿਚ ਡਿੱਗੀ। ਮੈਨੂੰ ਲੱਗਿਆ ਸ਼ਾਇਦ ਉਹ ਮੇਰੇ ਵੱਲ ਦੌੜ ਪਏ ਹਨ। ਮੈਂ ਉਸੇ ਹਾਲਤ ਵਿਚ ਪਈ ਰਹੀ। ਉਪਰੋਂ ਆਵਾਜ਼ਾਂ ਆਉਣੀਆਂ ਬੰਦ ਹੋ ਗਈਆਂ। ਲੋਕਾਂ ਦੇ ਜਾਂਦੇ ਪੈਰਾਂ ਦੀ ਆਵਾਜ਼ ਸੁਣਨ ਦੇ ਬਹੁਤ ਦੇਰ ਬਾਅਦ ਮੈਂ ਸਿਰ ਚੁੱਕਿਆ ਤਾਂ ਚਾਰੇ ਪਾਸੇ ਘੁੱਪ ਹਨੇਰਾ ਸੀ, ਮੱਛਰ ਭਿਣਭਿਣਾ ਰਹੇ ਸੀ। ਹੱਡੀਆਂ ਦੇ ਵਿਚ ਹੁਣ ਵੀ ਢੇਰ ਸਾਰੇ ਛੋਟੇ-ਛੋਟੇ ਜਾਨਵਰ ਏਧਰ-ਓਧਰ ਫਿਰ ਰਹੇ ਸੀ। ਉਹ ਲੋਕ ਕੋਈ ਮਰਿਆ ਜਾਨਵਰ ਸੁੱਟਣ ਆਏ ਸੀ। ਮੈਂ ਬੇਵਜਾਹ ਹੀ ਇੰਨਾ ਡਰ ਗਈ ਸੀ।

ਭਾਰੀ ਪਿੰਜਰ ਹਟਾ ਕੇ ਮੈਂ ਹਨੇਰੇ ਵਿਚ ਮੱਛਰਾਂ ਨੂੰ ਭਜਾਉਂਦੀ ਹੋਈ ਬੈਠੀ ਰਹੀ। ਫੇਰ ਹੌਲੀ-ਹੌਲੀ ਸਰਕਦੀ ਹੋਈ ਖੱਡੇ ਤੋਂ ਬਾਹਰ ਆ ਗਈ। ਆਸਮਾਨ ਵਿਚ ਚੰਨ ਨਿਕਲ ਰਿਹਾ ਸੀ। ਅੰਦਾਜੇ ਨਾਲ ਮੈਂ ਪਿੰਡ ਦੀ ਉਲਟ ਦਿਸ਼ਾ ਦਾ ਹਿਸਾਬ ਲਾਇਆ ਤੇ ਤੇਜ਼ੀ ਨਾਲ ਤੁਰ ਪਈ। ਇਹ ਤਾਂ ਮੈਨੂੰ ਦੋ ਦਿਨ ਬਾਅਦ ਪਤਾ ਲੱਗਿਆ ਕਿ ਜਿਸ ਨੂੰ ਮੈਂ ਜਾਨਵਰ ਸਮਝੀ ਸੀ, ਉਹ ਅਵਿਨਾਸ਼ ਸੀ। ਫਾਂਸੀ 'ਤੇ ਲਟਕਾ ਕੇ ਦਿਨ ਭਰ ਨੁਮਾਇਸ਼ ਕਰਨ ਤੋਂ ਬਾਅਦ ਪੰਚਾਂ ਨੇ ਉਸਦੀ ਲਾਸ਼ ਨੂੰ ਉਸ ਖੱਡੇ ਵਿਚ ਅਗਲੇ ਦਿਨ ਇੱਲਾਂ-ਕਾਵਾਂ ਦੇ ਖਾਣ ਲਈ ਸੁੱਟਵਾ ਦਿੱਤਾ ਸੀ।

ਥੋੜ੍ਹੀ ਦੇਰ ਤੁਰਨ ਤੋਂ ਬਾਅਦ ਸੜਕ 'ਤੇ ਆਉਂਦੀਆਂ-ਜਾਂਦੀਆਂ ਗੱਡੀਆਂ ਦੀਆਂ ਬੱਤੀਆਂ ਝਿਲਮਿਲਾਉਣ ਲੱਗੀਆਂ। ਝਿਜਕਦਿਆਂ-ਡਰਦਿਆਂ ਇਕ ਟਰੱਕ ਨੂੰ ਰੁਕਵਾ ਕੇ ਲਿਫਟ ਲਈ। ਥੋੜ੍ਹੀ ਦੇਰ ਬਾਅਦ ਡਰਾਈਵਰ ਨੇ ਟਰੱਕ ਕਿਨਾਰੇ ਰੋਕ ਕੇ ਉੱਤਰ ਜਾਣ ਨੂੰ ਕਿਹਾ, ਕਿਉਂਜੁ ਮੇਰੇ ਸਰੀਰ ਦੀ ਬਦਬੂ ਉਸ ਲਈ ਅਸਹਿ ਸੀ। ਮੈਂ ਆਪਣੇ ਟ੍ਰੈਕ ਸੂਟ ਦਾ ਅੱਪਰ ਟਰੱਕ ਦੀ ਖਿੜਕੀ ਤੋਂ ਬਾਹਰ ਸੁੱਟਣ ਮਗਰੋਂ ਉਸ ਨੂੰ ਬੜੀ ਦੇਰ ਤਕ ਬੇਨਤੀ ਕੀਤੀ, ਫੇਰ ਜਾ ਕੇ ਉਸਨੇ ਮੈਨੂੰ ਸ਼ਹਿਰ ਤੱਕ ਛੱਡਿਆ। ਹੋਸਟਲ ਆ ਕੇ ਵਾਰਡਨ ਤੇ ਕੋਚ ਨੂੰ ਮੈਂ ਪੂਰੀ ਘਟਨਾ



ਦੱਸੀ।

ਪਾਪਾ ਤੁਹਾਡਾ ਨਾਂ 'ਤੇ ਮੇਰੀ ਡਿਗਦੀ-ਪੈਂਦੀ ਹਿੰਮਤ ਬਹੁਤ ਕੰਮ ਆਈ। ਖਿਡਾਰੀਆਂ ਨੇ ਪੂਰਾ ਸਾਥ ਦਿੱਤਾ। ਪਰ ਪੂਰੇ ਦੋ ਦਿਨ ਬਾਅਦ ਪੁਲਿਸ ਨੇ ਪਿੰਡ ਜਾ ਕੇ ਅਵਿਨਾਸ਼ ਦੀ ਅੱਧਖਾਧੀ, ਸੜੀ ਲਾਸ਼ ਬਰਾਮਦ ਕੀਤੀ। ਚਾਚਾ ਤੇ ਸਰਪੰਚ ਪੁਲਿਸ ਨੂੰ ਦੇਖਕੇ ਦੌੜ ਗਏ ਸੀ। ਪੁਲਿਸ ਖਾਨਾਪੂਰੀ ਕਰਕੇ ਮੁੜ ਆਈ।

ਮਹੀਨੇ ਕੁ ਮਗਰੋਂ ਹੁਣ ਫੇਰ ਅਖ਼ਬਾਰਾਂ ਤੋਂ ਪਤਾ ਲੱਗਾ ਤੇ ਮਾਂ ਨੇ ਖ਼ਬਰ ਭਿਜਵਾਈ ਹੈ ਕਿ ਚਾਚੇ ਨੂੰ ਮਚਾਨ 'ਤੇ ਸੁੱਤੇ ਨੂੰ ਗੋਲੀ ਮਾਰ ਕੇ ਖਤਮ ਕਰ ਦਿੱਤਾ ਗਿਆ। ਅਵਿਨਾਸ਼ ਦੇ ਭਾਈ ਸਤਪ੍ਰਕਾਸ਼ ਨੇ ਘਾਤ ਲਾ ਕੇ ਉਸਦੀ ਹੱਤਿਆ ਕਰ ਦਿੱਤੀ। ਬਦਲਾ ਲੈਣ ਲਈ ਗੁੱਜਰ ਲਗਾਤਾਰ ਉਸ ਨੂੰ ਲਭ ਰਹੇ ਸੀ।

ਜੋ ਹੋਇਆ, ਚੰਗਾ ਹੋਇਆ, ਪਰ ਮੇਰੀ ਮੁਸੀਬਤ ਅਖ਼ਬਾਰਾਂ ਵਿਚ ਛਪੀ ਚਾਚੇ ਦੀ ਲਾਸ਼ ਦੀ ਫੋਟੋ ਹੈ। ਉਸਦੇ ਸਰੀਰ 'ਤੇ ਕਪੜੇ ਦੇ ਨਾਂ 'ਤੇ ਬੱਸ ਮੇਰੀ ਉਹੀ ਲਾਲ ਸੁਰਖ ਸਕਰਟ ਹੈ। ਖ਼ੂਨ ਵਿਚ ਭਿੱਜੀ ਹੋਈ। ਕੁੜੀਆਂ ਕਹਿ ਰਹੀਆਂ ਹਨ ਕਿ ਮੈਂ ਆਪਣੇ ਚਾਚੇ ਦੀ 'ਸਿੱਧ' ਕੀਤੀ ਹੋਈ ਸਕਰਟ ਪਹਿਨ ਕੇ ਮੈਦਾਨ ਵਿਚ ਉਤਰਨ ਦੇ ਕਾਰਨ ਹੀ ਇੰਨਾ ਚੰਗਾ ਖੇਡਦੀ ਸੀ। ਪਿੰਡ ਦੇ ਲੋਕ ਕਹਿ ਰਹੇ ਹਨ ਕਿ ਮੇਰਾ ਤੇ ਅਵਿਨਾਸ਼ ਦਾ ਪ੍ਰੇਮ ਨਾਟਕ ਸੀ। ਚਾਚੇ ਨੇ ਪੰਚਾਇਤ ਸਿਰਫ ਅਵਿਨਾਸ਼ ਨੂੰ ਰਾਹ ਵਿਚੋਂ ਹਟਾਉਣ ਤੇ ਮੈਨੂੰ ਭਜਾਉਣ ਲਈ ਬੁਲਾਈ ਸੀ। ਜਦੋਂ ਉਸ ਨੂੰ ਗੋਲੀ ਮਾਰੀ ਗਈ ਉਦੋਂ ਮੈਂ ਵੀ ਉਨ੍ਹਾਂ ਦੇ ਨਾਲ ਸੀ ਤੇ ਇਕ ਵਾਰ ਫਿਰ ਮੌਤ ਨੂੰ ਚਕਮਾ ਦੇ ਕੇ ਭੱਜ ਨਿਕਲੀ। ਇਹ ਠੀਕ ਹੈ, ਪਾਪਾ ! ਚਲੋ ਥੋੜ੍ਹੀ ਦੇਰ ਲਈ ਮੰਨ ਲਿਆ ਜਾਵੇ ਕਿ ਮੈਂ ਬਿਰਾਦਰੀ ਦੀ ਇੱਜਤ ਖਰਾਬ ਕੀਤੀ, ਪਰ ਮੈਂ ਆਪਣੀ ਇੱਜਤ ਤਾਂ ਸੰਭਾਲ ਕੇ ਰੱਖਣਾ ਚਾਹੁੰਦੀ ਸੀ। ਪਰ ਉਹ ਹੁਣ ਇਕ ਲਾਸ਼ ਦੀ ਕਮਰ 'ਤੇ ਖ਼ੂਨ ਨਾਲ ਭਿੱਜ ਕੇ ਹਮੇਸ਼ਾ ਲਈ ਚਿਪਕ ਗਈ ਹੈ।

ਪਰ ਪਾਪਾ ਇਹ ਦੱਸੋ ! ਮੰਨ ਲਓ, ਜੇ ਇਸ ਵੇਲੇ ਤੁਸੀਂ ਜ਼ਿੰਦਾ ਹੁੰਦੇ ਤਾਂ। ਕਿਤੇ ਤੁਸੀਂ ਵੀ ਤਾਂ ਇੱਜਤ ਦੇ ਰਹੱਸਮਈ ਪ੍ਰੇਤ ਦੇ ਅਸਰ ਹੇਠ ਪੰਚਾਂ ਦੇ ਨਾਲ ਤਾਂ ਨਹੀਂ ਖੜੇ ਹੋ ਗਏ ਹੁੰਦੇ ? ਨਹੀਂ ਪਾਪਾ, ਅਜਿਹਾ ਨਾ ਕਰਨਾ, ਮੇਰਾ ਇਹ ਭਰਮ ਬਣਾਈ ਰੱਖਣਾ। ਮਾਫ ਕਰਨਾ ਇਹ ਪੁੱਛਿਆ ਇਸ ਲਈ ਕਿ ਹੁਣ ਮੈਂ ਤੁਹਾਡੇ ਜਿੰਨੀ ਵੱਡੀ ਹੋ ਗਈ ਹਾਂ ਤੇ ਤੁਹਾਡੀ ਜੁੱਤੀ ਮੇਰੇ ਪੈਰ ਵਿਚ ਆਉਣ ਲੱਗ ਪਈ ਹੈ।

**ਅਨੁ: ਗੁਰਮੇਲ ਮਡਾਹੜ**

## ਫੇਰ ਫੇਰ ਮੁੜੇਗਾ/ਜਯਾ ਜਾਦਵਾਨੀ

ਘਰੋਂ ਕਾਫੀ ਦੂਰ ਪਿੱਛੇ ਉਹ ਰੁੱਕ ਗਿਆ। ਕਦਮਾਂ ਵਿਚ ਬੇਪਨਾਹ ਝਿਝਕ ਸੀ। ਉਸਨੇ ਸੋਚਿਆ ਸੀ, ਘਰ ਜਾਣ ਵੇਲੇ ਉਹ ਘੱਟੋ-ਘੱਟ ਆਪਣੇ ਕੱਪੜੇ ਤਾਂ ਬਦਲ ਹੀ ਲਊਗਾ ਪਰ ਫੇਰ ਲੱਗਿਆ, ਇਸਦੀ ਕੋਈ ਲੋੜ ਨਹੀਂ। ਜੋ ਹੋਣ ਲਈ ਉਹ ਤੁਰਿਆ ਸੀ, ਉਸ ਲਈ ਪੁਰਾਣੇ ਕੱਪੜੇ ਉਸ ਨੂੰ ਛੱਡਣੇ ਹੀ ਪੈਣੇ ਸਨ। ਸੋ ਹੁਣ ਕਿਉਂ ? ਫਿਰ ਹੁਣ ਕੱਪੜੇ ਬਦਲਣ ਨਾਲ ਹੀ ਕੀ ਹੋਊਗਾ ?

ਉਂਸ ਨੇ ਆਪਣਾ ਅੰਦਰ ਫਰੋਲਿਆ-ਕੋਈ ਦੁੱਖ, ਕੋਈ ਸੋਗ, ਕੋਈ ਲਹਿਰ, ਕੋਈ ਨਿਰਾਸ਼ਾ, ਕੁਝ ਨਹੀਂ। ਇਕ ਸ਼ਬਦ ਵੀ ਨਹੀਂ ਸੀ ਅੰਦਰ-ਜਿਸ ਚੁੱਪ ਨੂੰ ਧਾਰਨ ਲਈ ਉਸਨੇ ਆਪਣੇ ਜ਼ਿੰਦਗੀ ਦੇ ਇੰਨੇ ਸਾਲ ਖਰਚ ਕਰ ਦਿੱਤੇ, ਉਹ ਸਧ ਗਿਆ ਸੀ ਤੇ ਹੁਣ ਉਸ ਨੂੰ ਸਾਧ ਰਿਹਾ ਸੀ। ਉਸਨੇ ਅੱਖਾਂ ਦੇ ਸਾਹਮਣੇ ਮਾਂ ਦੀ ਰੋਂਦੀ-ਕਲਪਦੀ ਸ਼ਕਲ ਲਿਆਉਣੀ ਚਾਹੀ ਜੋ ਉਸਨੇ ਆਖਰੀ ਵਾਰ ਦੇਖੀ ਸੀ ਤੇ ਮਨ ਵਿਚ ਵਸਾ ਲਈ ਸੀ-ਫਿਰ ਉਹ ਗਲੀ ਦੇ ਉਸ ਮੋੜ ਵੱਲ ਮੁੜ ਗਿਆ ਸੀ, ਜਿਥੇ ਕੋਈ ਉਸਦਾ ਇੰਤਜਾਰ ਕਰ ਰਿਹਾ ਸੀ। ਤੇ ਫੇਰ ਉਹ ਸ਼ਹਿਰ ਛੱਡਣ ਵੇਲੇ ਨਾ ਸਿਰਫ ਉਸਨੇ ਕੱਪੜੇ ਛੱਡੇ ਸੀ, ਸਗੋਂ ਉਹ ਚੋਲਾ, ਉਹ 'ਪਛਾਣ' ਵੀ ਉਥੇ ਛੱਡ ਦਿੱਤੀ ਸੀ, ਜਿਸ ਕਰਕੇ ਉਹ ਜਾਣਿਆ ਜਾਂਦਾ ਸੀ।

ਰੋਂਦੀ-ਕਲਪਦੀ ਮਾਂ ਉਸ ਵੇਲੇ ਇਕਦਮ ਹੀ ਉਸਦੇ ਪੈਰੀਂ ਡਿਗ ਪਈ ਸੀ-"ਮੈਨੂੰ ਛੱਡ ਕੇ ਨਾ ਜਾ ਤਰੁਣ। ਕਿਵੇਂ ਰਹੂੰਗੀ ਮੈਂ ਤੇਰੇ ਬਗੈਰ ? ਅੱਜ ਉਹ ਤੇਰੇ ਲਈ ਸਭ ਕੁਸ਼ ਹੋ ਗਿਆ, ਜਿਸ ਨੂੰ ਤੂੰ ਦੋ ਸਾਲ ਤੋਂ ਜਾਣਦਾ ਏ, ਮੈਂ ਕੁਸ਼ ਨ੍ਹੀਂ ?"

ਉਸਦਾ ਮਨ ਪਿੰਘਲ ਗਿਆ ਸੀ। ਉਸਨੇ ਉਸਨੂੰ ਫੜ ਕੇ ਮੰਜੇ 'ਤੇ ਬੈਠਾਇਆ ਤੇ ਖੁਦ ਉਸਦੇ ਪੈਰਾਂ ਕੋਲ ਬੈਠ ਗਿਆ। ਉਹ ਉਸ ਨੂੰ ਇਸ ਤਰ੍ਹਾਂ ਸਮਝਾਉਣਾ ਚਾਹੁੰਦਾ ਸੀ ਕਿ ਉਹ ਸਮਝ ਜਾਵੇ ਤੇ ਉਸਦੇ ਜਾਣ ਨੂੰ ਇਸ ਤਰ੍ਹਾਂ ਨਾ ਲਵੇ। ਪਰ ਉਹ ਜਾਣਦਾ ਸੀ, ਅਜਿਹਾ ਨਹੀਂ ਹੋ ਸਕਦਾ।

"ਮਾਂ, ਤੂੰ ਜਾਣਦੀ ਏਂ ਮੇਰੇ ਲਈ ਕੋਈ ਰਿਸ਼ਤਾ, ਕੋਈ ਨਾਤਾ ਨਹੀਂ ਬਚਿਆ, ਵਿਅਰਥ ਏ ਸਭ। ਮੈਨੂੰ ਨਾ ਰੋਕ। ਆਪਣੀਆਂ ਅੱਖਾਂ ਨਾਲ ਮੈਨੂੰ ਇਸ ਤਰ੍ਹਾਂ ਦੇਖੂੰਗੀ ਤਾਂ ਦੁਖੀ ਹੋਊਂਗੀ- ਮੈਨੂੰ ਜਾਣ ਦੇ।"

'ਦੁਖ' ਕਿੰਨਾ ਛੋਟਾ ਸ਼ਬਦ ਹੈ, ਪਰ ਕਿੰਨਾ ਜਬਰਦਸਤ ਫੈਲਾਅ ਹੈ ਇਸ ਵਿਚ ਕਿ ਵੱਡੀ ਤੋਂ ਵੱਡੀ ਜ਼ਿੰਦਗੀ ਤੇ ਛੋਟੇ-ਤੋਂ-ਛੋਟੇ ਪਲ ਵੀ ਉਸਦੇ ਅੰਦਰ ਸਮਾ ਕੇ ਇਕ ਝਖੜ ਬਣ ਜਾਂਦੇ ਹਨ ਕਿ ਜੋ ਜ਼ਿੰਦਗੀ ਵਹਿ ਰਹੀ ਹੁੰਦੀ ਹੈ ਸਮਤਲ ਨਦੀ ਵਾਂਗ, ਉਸ ਵਿਚ ਅਚਾਨਕ ਹੀ ਇਸ ਤਰ੍ਹਾਂ ਹੜ ਆ ਜਾਂਦਾ ਹੈ ਕਿ ਛੋਟੀਆਂ-ਵੱਡੀਆਂ ਹਸਰਤਾਂ, ਖੁਸ਼ੀਆਂ, ਆਸ਼ਾਵਾਂ ਸਭ ਕਾਗਜ਼ ਦੀ ਕਿਸ਼ਤੀ-ਵਾਂਗ ਗਿੱਲੇ ਹੋ ਕੇ ਵਹਿਣ ਲੱਗਦੇ ਹਨ। ਭਾਵੇਂ ਇਹ ਹੜ੍ਹ ਵਕਤੀ ਹੁੰਦਾ ਹੈ ਪਰ ਜ਼ਿੰਦਗੀ ਦੀਆਂ ਮੀਨਾਰਾਂ ਇਸ ਤਰ੍ਹਾਂ ਤੋੜ ਜਾਂਦਾ ਹੈ ਕਿ ਫੇਰ ਕਿਸੇ ਅਗਲੀ ਖੁਦਾਈ ਤਕ ਲਈ ਇਕ ਮਹਿੰਜੋਦਾੜੋ ਦਫਨ ਹੋ ਜਾਂਦਾ ਹੈ।



ਉਹ ਆਖਿਰੀ ਪਲ ਤਕ ਬਾਹਰ ਨਹੀਂ ਆਈ ਸੀ। ਪਰ ਉਹ ਮਾਂ ਦੇ ਪੈਰਾਂ ਕੋਲ ਬੈਠਾ ਉਸਦੇ ਅੰਦਰ ਢਹਿਦੀਆਂ ਮੀਨਾਰਾਂ ਦੀ ਆਵਾਜ਼ ਮਹਿਸੂਸ ਕਰਦਾ ਰਿਹਾ ਸੀ ਤੇ ਇੰਤਜਾਰ ਕਰਦਾ ਰਿਹਾ ਸੀ ਕਿ ਸ਼ਾਇਦ ਉਸ ਨੂੰ ਆਖਿਰੀ ਬਾਰ ਦੇਖਣਾ-ਨਾ ਸਹੀ ਹੁਣ ਪ੍ਰੇਮ, ਮੋਹ ਜਿਹਾ ਕੁਝ ਤਾਂ ਹੋਵੇਗਾ ਹੀ, ਕੋਈ ਕਮਜ਼ੋਰੀ, ਕੋਈ ਲਗਾਉ.....ਪਰ ਨਹੀਂ। ਉਹ ਆਖੀਰ ਤੱਕ ਨਹੀਂ ਜਾਣ ਸਕਿਆ ਸੀ ਕਿ ਉਸਦੇ ਅੰਦਰ ਕਿੰਨੇ ਪਿੰਡ, ਕਿੰਨੇ ਸ਼ਹਿਰ ਸੜ ਕੇ ਦਫਨ ਹੋ ਗਏ- ਜਿਹੜੇ ਜ਼ਿੰਦਗੀ ਦੇ ਦਰਿਆ ਦੇ ਕਿਨਾਰੇ ਦੋਵਾਂ ਨੇ ਇਕੱਠੇ ਮਿਲ ਕੇ ਬਣਾਏ ਸੀ - ਕੱਚੇ ਸੀ...ਪਰ ਸੀ। ਪਕਾ ਲੈਣ ਦਾ ਯਕੀਨ ਉਨ੍ਹਾਂ ਪਲਾਂ ਵਿਚ ਕਿੰਨਾ ਪੁਖਤਾ ਲੱਗਦਾ ਸੀ। ਉਸਨੂੰ ਉਸਦੀਆਂ ਉਹ ਅੱਖਾਂ ਯਾਦ ਆਈਆਂ, ਜਿਨ੍ਹਾਂ ਨੂੰ ਦੇਖਦੇ ਸਾਰ ਉਸਦੇ ਸਰੀਰ ਵਿਚ ਛੋਟੀਆਂ-ਛੋਟੀਆਂ ਚੰਗਿਆੜੀਆਂ ਫੁੱਟਣ ਲੱਗਦੀਆਂ ਸੀ- ਫਿਰ ਕੋਈ ਥੋੜ੍ਹੀ-ਜਿਹੀ ਛੂਅ ਜਾਂ ਜੱਫੀ ਜਾਂ ਬੁੱਲ੍ਹਾਂ ਦੀ ਛੋਹ ਉਨ੍ਹਾਂ ਚੰਗਿਆੜੀਆਂ ਨੂੰ ਜਵਾਲਾਮੁੱਖੀ ਵਿਚ ਤਬਦੀਲ ਕਰ ਦਿੰਦੀ, ਜਿਸ ਦੀ ਪਕੜ ਵਿਚ ਉਨ੍ਹਾਂ ਦੇ ਜਿਸਮ ਸੁੱਕੀਆਂ ਲਕੜਾਂ ਵਾਂਗ ਬਲਣ ਲੱਗਦੇ ਸੀ। ਉਸ ਦੁਬਲੀ-ਪਤਲੀ ਮਾਮੂਲੀ-ਜਿਹੀ ਦਿੱਸਦੀ ਕਾਇਆ ਵਿਚ ਪਤਾ ਨਹੀਂ ਕਿੰਨੀ ਅੱਗ ਦਬੀ ਹੁੰਦੀ ਕਿ ਦੇਖਦਿਆਂ ਹੀ ਦੇਖਦਿਆਂ ਫਿਰ ਕਿੰਨੀਆਂ ਕਾਮਨਾਵਾਂ ਦੇ ਜੰਗਲ ਸੁਆਹ ਹੋ ਜਾਂਦੇ। । ਉਹ ਹੈਰਾਨ-ਜਿਹਾ ਉਸ ਨੂੰ ਦੇਖਦਾ ਰਹਿ ਜਾਂਦਾ। ਉਸੇ ਨੇ ਉਸ ਨੂੰ ਇਸ ਅੱਗ ਤੋਂ ਵਾਕਿਫ ਕਰਵਾਇਆ ਸੀ ਤੇ ਉਹੀ ਉਸ ਨੂੰ ਆਪਣੀ ਦੇਹ ਦੇ ਸਮੁੰਦਰ ਦੀਆਂ ਅਸੀਮ ਡੂੰਘਾਈਆਂ ਵਿੱਚ ਲੈ ਗਈ ਸੀ, ਜਿਥੇ ਅਜੀਬ ਹੈਰਾਨੀਜਨਕ ਸਥਿਰ ਕਰ ਦੇਣ ਵਾਲੀ ਦੁਨੀਆਂ ਨੂੰ ਦੇਖਿਆ ਸੀ ਉਸਨੇ ਤੇ ਉਹ ਠਗਿਆ-ਜਿਹਾ ਖੜਾ ਰਹਿ ਗਿਆ ਸੀ। ਉਹ ਦੁਨੀਆਂ, ਜਿਥੇ ਫੇਰ ਸ਼ਬਦ ਕਿਸੇ ਕੰਮ ਦੇ ਨਹੀਂ ਰਹਿੰਦੇ ਸੀ ਤੇ ਉਹ ਸਮੁੰਦਰ ਦੀਆਂ ਭਿਆਨਕ ਲਹਿਰਾਂ ਵਿਚ ਇਕ-ਦੂਜੇ ਨਾਲ ਜੁੜੇ ਆਪਣੇ-ਆਪ ਨੂੰ ਉਨ੍ਹਾਂ ਦੇ ਹਵਾਲੇ ਕਰ ਦਿੰਦੇ ਸੀ। ਲਹਿਰਾਂ ਕਦੋਂ ਸ਼ਾਂਤ ਹੋ ਕੇ ਉਨ੍ਹਾਂ ਨੂੰ ਕਿਨਾਰੇ 'ਤੇ ਸੁੱਟ ਜਾਂਦੀਆਂ, ਉਹ ਨੀਂਦ ਦੀ ਬੁੱਕਲ ਵਿਚ ਜਾਣ ਤੋਂ ਪਹਿਲਾਂ ਜਾਣ ਨਾ ਸਕਦੇ ਸੀ।

ਪਰ ਨਾ ਲਹਿਰਾਂ ਸੱਚ ਹਨ, ਨਾ ਸਮੁੰਦਰ, ਨਾ ਉਨ੍ਹਾਂ 'ਤੇ ਤੈਰਦੇ-ਜੁੜੇ ਦੋ ਸਰੀਰ! ਫੇਰ ਸੱਚ ਕੀ ਹੈ ? ਕਾਮਨਾਵਾਂ ਦੇ ਨਿਰੰਤਰ ਦੋਹਰਾਓ ਮਗਰੋਂ ਉਹ ਸੋਚਿਆ ਕਰਦਾ-ਕਿਥੇ ਹੈ ਇਸ ਉਰਜਾ ਦਾ ਸ੍ਰੋਤ ? ਹਰ ਵਾਰ ਇੰਨਾ ਤੇਜ਼, ਇੰਨਾ ਮਾਰਨ ਵਾਲਾ, ਇੰਨਾ ਖਿੱਚਭਰਪੂਰ ਕਿ ਦੇਹ ਹੀ ਪਹਿਲਾ ਤੇ ਆਖਰੀ ਸੱਚ ਲੱਗਦੀ।

"ਮੈਂ ਤੇਰੀ ਧਰਤੀ ਵਿਚ ਬੀਅ ਬੀਜੂੰਗਾ, ਫੇਰ ਤੇਰੀ ਕੁੱਖ ਤੋਂ ਉਨ੍ਹਾਂ ਨੂੰ ਫੁਟਦੇ ਦੇਖੂੰਗਾ। ਮੈਂ ਤੇਰੀ ਜ਼ਿੰਦਗੀ ਦੀ ਟਹਿਣੀ ਫੁੱਲਾਂ ਨਾਲ ਭਰ ਦਊਂਗਾ। ਮੈਂ ਉਨ੍ਹਾਂ ਫੁੱਲਾਂ ਨੂੰ ਬੁਲਾਊਂਗਾ ਜਿਹੜੇ ਇਸ ਧਰਤੀ 'ਤੇ ਖਿੜਨਗੇ। ਮੈਂ ਤੇਰੀਆਂ ਰਾਤਾਂ ਨੂੰ ਮਿੱਠੇ ਸੁਪਨਿਆਂ ਨਾਲ ਸਜਾਊਂਗਾ-ਮੈਂ ਛਾ ਜਾਊਂਗਾ ਤੇਰੇ ਸਾਹਾਂ 'ਤੇ, ਸੁਪਨਿਆਂ 'ਤੇ, ਜੀਵਨ 'ਤੇ, ਤਾਂ ਕਿ ਤੂੰ ਮੈਥੋਂ ਕਦੇ ਇਕ ਪਲ ਲਈ ਵੀ ਅੱਡ ਨਾ ਹੋ ਸਕੇਂ।"

ਇਹੀ ਤਾਂ ਕਿਹਾ ਕਰਦਾ ਸੀ ਉਹ ਵਾਰ-ਵਾਰ, ਲਗਾਤਾਰ-ਪਰ ਨਹੀਂ ਲਗਾ ਸਕਿਆ ਸੀ ਉਹ ਉਸਦੀ ਕੁੱਖ ਵਿਚ ਕੋਈ ਪੌਦਾ-ਨਾ ਉਹ ਉਨ੍ਹਾਂ ਫੁੱਲਾਂ ਨੂੰ ਬੁਲਾ ਸਕਿਆ ਸੀ ਜਿਹੜੇ ਉਸਦੇ ਸੁਪਨਿਆਂ ਵਿਚ ਮਹਿਕਦੇ ਸੀ।

"ਕਿਥੇ ਜਾਓਗੇ ਤੁਸੀਂ ਮੇਰੇ ਤੋਂ ਪਰ੍ਹਾਂ ? ਮੇਰੀਆਂ ਬਾਹਾਂ ਆਕਾਸ਼ ਵਿਚ ਘੇਰਾ ਪਾਉਣਗੀਆਂ ਤੇ ਤੁਹਾਨੂੰ ਕਬਜ਼ੇ ਵਿਚ ਲੈ ਲੈਣਗੀਆਂ। ਮੈਂ ਆਕਾਸ਼ ਗੰਗਾ ਵਾਂਗੂ ਤੁਹਾਨੂੰ ਆਪਣੇ ਵਿਚ ਸਮਾ ਲਊਂਗੀ।"

ਉਸਨੇ ਕਿਹਾ ਸੀ। ਪਰ ਉਦੋਂ ਤੱਕ ਉਹ ਕਾਮਨਾਵਾਂ ਦੇ ਜੰਗਲ ਵਿਚੋਂ ਭੱਜ ਨਿਕਲਣ ਦੀ ਤਿਆਰੀ ਵਿਚ ਸੀ-

"ਕੌਣ ਏ ਜੋ ਮੇਰੀ ਨੀਂਦ ਵਿਚ ਸੁਪਨਾ ਬਣ ਕੇ ਉਤਰਦਾ ਏ ? ਕੌਣ ਏ ਜੋ ਮੇਰੀਆਂ ਆਸ਼ਾਵਾਂ ਦੇ ਬੀਜ ਬਣ ਕੇ ਫੁਟਦਾ ਏ ? ਉਹ ਅੰਕੁਰਿਤ ਹੁੰਦਾ ਏ, ਫੁਟਦਾ ਏ ਤੇ ਮੈਂ ਪਛਾਣ ਨ੍ਹੀਂ ਸਕਦਾ ।"

ਪ੍ਰਸ਼ਨ ? ਪ੍ਰਸ਼ਨ ? ਪ੍ਰਸ਼ਨ ?

ਕੀ ਹੈ ਜੋ ਇਸ ਦੇਹ ਤੇ ਮਨ ਤੋਂ ਪਰ੍ਹੇ ਹੈ ? ਆਤਮਾ ਕੀ ਹੈ ? ਕਿਸ ਉਦੇਸ਼-ਤਹਿਤ ਜਨਮ ਹੋਇਆ ਹੈ ਮੇਰਾ ? ਕਿਸ ਲਈ ਭੇਜਿਆ ਗਿਆ ਹਾਂ ਮੈਂ ? ਸੁਖ ਕੀ ਹੈ ? ਦੁਖ ਕੀ ਹੈ ? ਸੱਚ ਕੀ ਹੈ ? ਕਾਮਨਾ ਤੋਂ ਪਰ੍ਹੇ ਕਿਸ ਤਰ੍ਹਾਂ ਜਾਈਏ ? ਮੌਨ ਹੋ ਜਾਣਾ ਕਿਸ ਨੂੰ ਕਹਿੰਦੇ ਹਨ ?

ਤੇ ਉਹ ਹੌਲੀ-ਹੌਲੀ ਉਸ ਲਾਲਸਾਵਾਂ ਦੇ ਜੰਗਲ ਵਿਚੋਂ ਬਾਹਰ ਜਾਣ ਦੀ ਰਾਹ ਲੱਭਦਾ ਹੈ।

"ਤੁਸੀਂ ਇਕ ਗ੍ਰਹਿ ਹੋ, ਸੁਪਨ-ਲੋਕ ਦੇ ਗ੍ਰਹਿ। ਜਿਸਦੇ ਜਿੰਨਾ ਵੀ ਮੈਂ ਕੋਲ ਆਉਣ ਦੀ ਕੋਸ਼ਿਸ਼ ਕਰਦੀ ਹਾਂ, ਤੁਸੀਂ ਉਨਾ ਹੀ ਦੂਰ ਜਾਂਦੇ ਦਿੱਸਦੇ ਹੋ।"

ਉਹ ਹੱਸ ਕੇ ਕਹਿੰਦੀ ਤੇ ਉਸ ਨੂੰ ਆਪਣੇ ਨਾਲ ਘੁੱਟ ਲੈਂਦੀ-ਉਦੋਂ ਉਸ ਨੂੰ ਲੱਗਦਾ ਕਿ ਆਦਮੀ ਤਾਂ ਔਰਤ ਵਿਚਕਾਰ ਇਕ ਜਬਰਦਸਤ ਖਾਲੀਪਣ ਹੁੰਦਾ ਹੈ, ਜਿਸ ਨੂੰ ਅਸੀਂ ਪਿਆਰ, ਮੋਹ ਕੁਝ ਜ਼ਰੂਰੀ ਜਾਂ ਗੈਰ-ਜ਼ਰੂਰੀ ਸ਼ਬਦਾਂ ਨਾਲ ਭਰਣ ਦੀ ਕਾਮਯਾਬ ਜਾਂ ਨਾਕਾਮਯਾਬ ਕੋਸ਼ਿਸ਼ ਕਰਦੇ ਹਨ।

ਉਹ ਉਸ ਨੂੰ ਛਾਤੀ ਨਾਲ ਲਾ ਕੇ ਆਪੇ ਹੀ ਸਵਾਲਾਂ ਦੇ ਜੰਗਲ 'ਚ ਭਟਕਦਾ ਰਹਿੰਦਾ।

ਪੱਚੀ ਸਾਲ ਤਕ ਮੈਂ ਪ੍ਰੇਮ ਕੀਤਾ, ਨਫਰਤ ਕੀਤੀ। ਭੁੱਖ ਨੂੰ ਭੁਲੇਖੇ ਵਿਚ ਰੱਖਿਆ। ਆਸ਼ਾਵਾਂ ਨਾਲ ਕਾਇਮ ਹੋਇਆ-ਪਰ ਜਿਉਂ-ਜਿਉਂ ਇਨਸਾਨੀ ਦਾਸਤਾਂ ਸੰਬੰਧੀ ਮੇਰਾ ਗਿਆਨ ਵਧਦਾ ਗਿਆ ਮੇਰੀ ਆਤਮਾ ਆਜ਼ਾਦੀ ਲਈ ਤੜਪਣ ਲੱਗੀ। ਕਿੰਨੀ ਵਾਰ ਮੈਂ ਆਨੰਦ ਨੂੰ ਖੋਜਿਆ, ਸੁਖ ਨੂੰ ਖੋਜਿਆ-ਕਦੇ ਦੇਹ ਵਿਚ, ਕਦੇ ਮੌਨ ਵਿਚ-ਪਰ ਮੈਂ ਸਿਰਫ ਉਸਦੀ ਝਲਕ ਦੇਖੀ, ਪ੍ਰਤੀਧੁਨੀ ਸੁਣੀ ਤੇ ਮੈਂ ਉਸਨੂੰ ਪਾਉਣ ਲਈ ਲਲਚਾ ਉਠਿਆ। ਜ਼ਿੰਦਗੀ ਦੇ ਪੱਚੀ ਸਾਲ ਮੇਰੀ ਦੇਹ ਤੋਂ ਉਸੇ ਤਰ੍ਹਾਂ ਝੜ ਗਏ, ਜਿਸ ਤਰ੍ਹਾਂ ਦਰਖਤਾਂ ਦੇ ਪੱਤੇ ਝੜਦੇ ਹਨ ਤੇ ਮੈਂ ਕੀ ਪਾਇਆ ? ਮੈਂ ਆਤਮਾਵਾਂ ਦਾ ਮਿਲਣ, ਇੱਛਾਵਾਂ ਦੀ ਵਿਆਕੁਲਤਾ ਤੇ ਦਿਲ ਦੀਆਂ ਬੇਚੈਨੀਆਂ ਨੂੰ ਦੇਖਦਾ ਹਾਂ ਤੇ ਪਾਉਂਦਾ ਹਾਂ, ਇਹ ਸਭ ਆਹਾਂ ਤੇ ਦੁੱਖਾਂ ਦੀ ਧੁੰਧ ਵਿਚੋਂ ਪੈਦਾ ਹੁੰਦੇ ਹਨ।

ਮੈਂ ਆਪਣੀ ਇਕਾਂਤ ਤੋਂ ਪਰ੍ਹਾਂ ਝਾਕ ਕੇ ਦੇਖਦਾ ਹਾਂ ਤਾਂ ਮੈਨੂੰ ਆਕਾਸ਼, ਚੰਨ-ਤਾਰੇ ਚਮਕਦਾਰ ਗ੍ਰਹਿ-ਮੰਡਲ ਦਿਖਾਈ ਦਿੰਦੇ ਹਨ-ਕੌਣ ਇਨ੍ਹਾਂ ਨੂੰ ਚਲਾਉਂਦਾ ਹੈ ? ਮੈਂ ਸਮੁੰਦਰ ਦੀ ਵਿਆਕੁਲ ਆਵਾਜ਼ ਸੁਣਦਾ ਹਾਂ-ਇਹ ਸਭ ਨੂੰ ਪੁਕਾਰ ਰਿਹਾ ਹੈ। ਕਿਸ ਤਰ੍ਹਾਂ ਨਾਲ ਇਹ ਸਾਰੇ ਤੱਤ ਵਿਸ਼ਵ ਦੇ ਸਨਾਤਨ ਨਿਯਮਾਂ ਨਾਲ ਬਝੇ ਹਨ ?

ਉਦੋਂ ਮੈਨੂੰ ਆਪਣੀ ਜ਼ਿੰਦਗੀ ਬਿਲਕੁਲ ਕੰਗਾਲ ਤੇ ਸਿਸਕਦੀ ਜਿਹੀ ਲੱਗਦੀ, ਜਿਹੜੀ ਅਨੰਤ ਡੂੰਘਾ ਤੇ ਉੱਚਾਈਆਂ ਦੇ ਵਿਚ ਸੁੰਨ ਦੂਰੀ ਕੰਬਦੀ-ਉਦੋਂ ਮੇਰਾ 'ਮੈਂ' ਜਿਹੜਾ ਸਦਾ ਹਲਚਲ ਕਰਦਾ ਰਹਿੰਦਾ -ਮੈਂ ਉਸ ਨੂੰ ਖਤਮ ਕਰਨ ਦੀ ਮਿੱਥ ਲਈ-ਤੇ ਮੈਂ ਬੁੱਲ੍ਹਾਂ ਨੂੰ, ਤਨ ਨੂੰ, ਮਨ ਨੂੰ, ਕੌੜੇ ਘੁੱਟ ਪੀਣ ਲਈ ਤਿਆਰ ਕੀਤਾ।

ਘਰ ਕੋਲ ਆ ਗਿਆ ਸੀ, ਅੰਦਰੋਂ ਕੁਝ ਤੀਵੀਆਂ ਦੇ ਰੋਣ ਦੀ ਆਵਾਜ਼ ਆ ਰਹੀ ਸੀ। ਕੀ ਉਹ ਮਾਂ ਦਾ ਰੋਣਾ ਪਛਾਣ ਸਕਦਾ ਹੈ ? ਕੀ ਉਹ ਖੁਦ ਰੋ ਸਕਦਾ ਹੈ ? ਪਰ ਕਿਉਂ ? ਉਹ ਤਾਂ ਕਤਰਾ ਸੀ ਇਕ, ਸਮੁੰਦਰ ਵਿਚ ਸਮਾ ਗਿਆ-ਫੇਰ-ਫੇਰ ਜਨਮ ਲੈਣ



ਨੂੰ...ਫੇਰ...ਫੇਰ....ਅੱਗ ਦਾ ਸਫਰ ਤਹਿ ਕਰਨ ਨੂੰ- ਫੇਰ ਉਸ ਲਈ ਮਾਤਮ ਕਿਉਂ ?

ਉਹ ਸਾਰੀ ਦੁਨੀਆਂ ਨੂੰ ਇਸ ਤਰ੍ਹਾਂ ਦੇਖਦਾ, ਜਿਸ ਤਰ੍ਹਾਂ ਕੋਈ ਪਹਾੜ ਦੀ ਸਭ ਤੋਂ ਉੱਚੀ ਚੋਟੀ 'ਤੇ ਖੜਾ-ਉਸਦੇ ਹੇਠਾਂ ਵਸੇ ਸ਼ਹਿਰ, ਘਾਟੀਆਂ, ਜੰਗਲਾਂ, ਨਦੀਆਂ ਤੇ ਛੋਟੇ-ਛੋਟੇ ਜੀਵਾਂ, ਉਨ੍ਹਾਂ ਦੇ ਛੋਟੇ-ਛੋਟੇ ਨਿਰਰਥਕ ਸੁਖਾਂ-ਦੁੱਖਾਂ ਨੂੰ ਦੇਖਦਾ ਤੇ ਉਨ੍ਹਾਂ ਦੀ ਨਾ ਸਮਝੀ 'ਤੇ ਕਿਸੇ ਬਜ਼ੁਰਗ ਵਾਂਗ ਮੁਸਕਰਾਉਂਦਾ।

ਉਸਦੇ ਕੋਲ ਆਉਂਦਿਆਂ ਹੀ ਘਰ ਦੇ ਬਾਹਰ ਦਰੀਆਂ 'ਤੇ ਬੈਠੇ ਲੋਕਾਂ ਦੇ ਇਕੱਠ ਵਿਚ ਖਲਬਲੀ ਮਚ ਗਈ। ਤਕਰੀਬਨ ਸਾਰੇ ਉਠ ਖੜੇ ਹੋਏ- ਕੋਈ ਪੈਰੀਂ ਹੱਥ ਲਾਉਣ ਲੱਗਿਆ ਤਾਂ ਉਹ ਹੜਬੜਾ ਗਿਆ ਤੇ ਉਸਨੇ ਰੋਕਣ ਦੀ ਮੁਦਰਾ ਵਿਚ ਦੋਵੇਂ ਹੱਥ ਚੁੱਕ ਲਏ। ਉਸਨੇ ਦੇਖਿਆ ਉਨ੍ਹਾਂ ਨੂੰ -ਸਾਰੇ ਓਹੀ ਸਨ- ਚਾਚਾ, ਮਾਸੀ, ਤਾਇਆ, ਗੁਆਂਢੀ, ਮਿੱਤਰ, ਸੰਬੰਧੀ-ਘੱਟ ਨਹੀਂ ਹੁੰਦਾ ਬਾਰਾਂ ਸਾਲਾ ਦਾ ਸਮਾਂ। ਸਮੇਂ ਨੇ ਤਾਂ ਸਭ ਦੇ ਉਜਲੇ ਚਿਹਰਿਆਂ 'ਤੇ ਧੂੜ ਦੀ ਪਰਤ ਚੜ੍ਹਾ ਦਿੱਤੀ ਸੀ। ਇਹ ਥਕੇ-ਹਾਰੇ, ਰੋਂਦੇ-ਬਿਲਕਦੇ, ਦੌੜਦੇ-ਭੱਜਦੇ, ਘਿਸਰਦੇ-ਰੋਂਦੇ ਲੋਕ- ਕਿਸ ਸੁਖ ਦੀ ਚਾਹ ਵਿਚ ਭੱਜੇ ਜਾ ਰਹੇ ਹਨ, ਕਿਥੇ ਹੈ ਉਹ ? ਇਹ ਨਹੀਂ ਜਾਣਦੇ-ਪਰ ਇਹ ਜਾਨਣਾ ਵੀ ਨਹੀਂ ਚਾਹੁੰਦੇ।

ਉਹ ਤਾਏ ਦੇ ਪੈਰੀਂ ਹੱਥ ਲਾਉਣ ਲਈ ਝੁਕਿਆ ਹੀ ਸੀ ਕਿ ਉਸਨੇ ਰੋਂਦਿਆਂ ਹੋਇਆ ਉਸਨੂੰ ਵਿਚੋਂ ਹੀ ਰੋਕ ਦਿੱਤਾ-

"ਨਾ-ਨਾ ਪੁੱਤ, ਬੜੀ ਦੇਰ ਕਰ ਦਿੱਤੀ ਤੈਂ। ਆਖਿਰੀ ਵਾਰ ਉਹ ਸ਼ਾਇਦ ਤੈਨੂੰ ਹੀ ਦੇਖਣਾ ਚਾਹੁੰਦਾ ਸੀ। ਹਾਲਾਂਕਿ ਕਦੇ ਕਿਹਾ ਨ੍ਹੀਂ ਮੂੰਹੋਂ....। ਮਰਿਆ ਤਾਂ ਅੱਖਾਂ ਜਿਵੇਂ ਕਿਸੇ ਦੀ ਤਲਾਸ਼ ਵਿਚ ਭਟਕ ਰਹੀਆਂ ਸੀ-ਵੀਰਾਨ....ਖਾਲੀ ਜੰਗਲ-ਜਿਹੀਆਂ....।"

ਆਖਿਰੀ ਵਾਕ ਉਸ ਦੀਆਂ ਹਿਚਕੀਆਂ ਵਿਚ ਡੁਬ ਗਿਆ। ਉਹ ਦੁਚਿਤੀ ਵਿਚ ਖੜਾ ਰਹਿ ਗਿਆ ਕਿ ਹੁਣ ਕੀ ?

ਤਾਏ ਨੇ ਉਸਦੀ ਸਮੱਸਿਆ ਹੱਲ ਕਰ ਦਿੱਤੀ। ਵਿਹੜੇ ਵਿਚਕਾਰ ਜਿਥੇ ਉਸਦੀ ਲਾਸ਼ ਰੱਖੀ ਸੀ ਬਰਫ 'ਤੇ, ਚਿੱਟੀ ਚਾਦਰ ਨਾਲ ਢੱਕਿਆ, ਉਥੇ ਲੈ ਜਾ ਕੇ ਖੜਾ ਕਰ ਦਿੱਤਾ ਤੇ ਉਸਦੇ ਮੂੰਹ ਤੋਂ ਚਾਦਰ ਹਟਾ ਦਿੱਤੀ।

ਉਸਨੇ ਉਸਨੂੰ ਦੇਖਿਆ-ਆਪਣੇ ਜਣਨਹਾਰੇ ਨੂੰ। ਲਿੱਸਾ, ਕਮਜ਼ੋਰ ਚਿਹਰਾ ਤੇ ਸਰੀਰ। ਸਾਰੀ ਜ਼ਿੰਦਗੀ ਦੇ ਸਖਤ ਸੰਘਰਸ਼ ਦਾ ਅੰਤ।

"ਦੇਖ, ਇਸ ਧਰਤੀ 'ਤੇ ਲੱਖਾਂ ਲੋਕ ਨੇ, ਜਿਹੜੇ ਸਾਡੇ ਤੋਂ ਵੀ ਬੁਰੇ ਹਾਲਾਤਾਂ ਵਿਚ ਜਿਊਂਦੇ ਨੇ-ਹੱਸਦੇ ਨੇ। ਜੀ ਭਰ ਕੇ ਜਿਉਣ ਦੀ ਇੱਛਾ ਏ ਉਨ੍ਹਾਂ ਵਿਚ ਤੇ ਇਕ ਤੂੰ-ਤੂੰ ਕਿਸ 'ਤੇ ਗਿਆ ਹੈਂ ਭਗੌੜਿਆ ? ਸਾਡੀ ਨਾ ਸਹੀ, ਉਸਦੀ ਫਿਕਰ ਕਰ, ਜਿਸ ਨੂੰ ਤੂੰ ਵਿਆਹ ਕੇ ਲਿਆਇਆ ਏਂ।"

ਉਹ ਕਿਸੇ ਤਰ੍ਹਾਂ ਨਹੀਂ ਮੰਨਿਆ ਸੀ।

"ਜਾ ਭੱਜ ਜਾਅ, ਇਕ ਸਰਾਪੀ ਜ਼ਿੰਦਗੀ ਜੀਵੇਂਗਾ ਤੂੰ-ਕਿਸੇ ਪਲ ਤੈਨੂੰ ਚੈਨ ਨਹੀਂ ਮਿਲੇਗਾ-ਜਾ ਬੀਆਬਾਨਾਂ ਵਿਚ ਘੁੰਮ ਤੇ ਆਪਣੇ ਨੂੰ ਤਲਾਸ਼-ਕਿਸ ਲਈ ਲਿਆਂਦਾ ਗਿਆ ਤੂੰ ਇਸ ਧਰਤੀ 'ਤੇ-ਇਹੀ ਕਹਿੰਦਾ ਏ ਨਾ ਤੇਰਾ ਉਹ ਲਫੰਗਾ ਗੁਰੂ।"

ਉਹ ਦਨਦਨਾਉਂਦਾ ਹੋਇਆ ਘਰੋਂ ਬਾਹਰ ਚਲਿਆ ਗਿਆ ਸੀ।

ਉਹ ਉਸਦੇ ਪੈਰਾਂ 'ਤੇ ਝੁੱਕਿਆ ਤੇ ਉਨ੍ਹਾਂ 'ਤੇ ਆਪਣਾ ਸਿਰ ਰੱਖ ਦਿੱਤਾ-

"ਮਾਫ ਕਰ ਦਿਓ ਮੈਨੂੰ, ਜੇ ਮੈਂ ਕੁਸ਼ ਅਜਿਹਾ ਕੀਤਾ, ਜਿਹੜਾ ਮੈਨੂੰ ਨ੍ਹੀਂ ਕਰਨਾ ਚਾਹੀਦਾ ਸੀ। ਅੱਜ ਬਾਰ੍ਹਾਂ ਸਾਲ ਮਗਰੋਂ ਵੀ ਮੈਂ ਤੁਹਾਡੇ ਸਾਰਿਆਂ ਦਾ ਅਪਰਾਧੀ ਹਾਂ।"

ਤਾਏ ਨੇ ਵਾਪਸ ਚਾਦਰ ਉਸਦੇ ਸਿਰ ਤਕ ਦੇ ਦਿੱਤੀ।

ਵਿਹੜੇ ਦੇ ਦੂਸਰੇ ਪਾਸੇ ਤੀਵੀਆਂ ਦੇ ਝੁੰਡ ਵੱਲ ਉਸਨੇ ਦੇਖਿਆ ਤੇ ਚਿੱਟੇ ਕੱਪੜਿਆਂ ਵਿਚ ਲਿਪਟੀ ਦੁਬਲੀ-ਪਤਲੀ ਗਠੜੀ-ਜਿਹੀ ਮਾਂ ਵੱਲ ਵਧਿਆ....। ਔਰਤਾਂ ਦਾ ਰੋਣ ਤੇਜ਼ ਹੋ ਗਿਆ। ਸਭ ਨੇ ਖਿਸਕ ਕੇ ਉਸ ਲਈ ਜਗ੍ਹਾ ਬਣਾ ਦਿੱਤੀ ਤੇ ਉਹ ਰੋਂਦੀ ਹੋਈ ਮਾਂ ਦੇ ਨੇੜੇ ਆ ਕੇ ਬੈਠ ਗਿਆ।

ਮਾਂ ਨੇ ਹਿਚਕੀਆਂ ਦੇ ਵਿਚ ਸਿਰ ਚੁੱਕ ਕੇ ਉਸ ਨੂੰ ਦੇਖਿਆ ਤੇ ਉੱਚੀ ਸੁਰ ਵਿਚ ਰੋਣ ਲਗੀ।

"ਕਿਉਂ ਆਇਐਂ ਤੂੰ ? ਮੈਂ ਜੇਠ ਜੀ ਨੂੰ ਕਿਹਾ ਸੀ, ਜਿਸਨੇ ਬਾਰਾਂ ਸਾਲ ਸਾਡੇ ਸੁਖ-ਦੁਖ ਦੀ ਖਬਰ ਨ੍ਹੀਂ ਲਈ-ਉਹ ਤਾਂ ਮਰ ਗਿਆ ਸਾਡੇ ਲਈ।" ਉਹ ਰੋਈ ਜਾ ਰਹੀ ਸੀ ਤੇ ਕਹਿੰਦੀ ਜਾ ਰਹੀ ਸੀ।

"ਨਾ ਮੰਨਿਆ ਉਹ। ਇਕ ਹੀ ਬੇਟਾ ਹੋਇਆ, ਦਾਹ-ਸੰਸਕਾਰ ਕੌਣ ਕਰੇਗਾ ?" ਤੇ ਉਸਨੂੰ ਗਸ਼ੀਆਂ ਪੈਣ ਲਗੀਆਂ।

"ਕੋਈ ਨਾ ਹੋਇਆ ਵੇ ਮੇਰਾ.... ਨਾ ਪੁੱਤਰ......ਨਾ ਪਤੀ....ਕਿਸ ਦੇ ਆਸਰੇ ਜਿਊਂਗੀ ਵੇ ਹੁਣ ਮੈਂ ?"

ਉਹ ਲਾਗੇ ਬੈਠੀ ਮੁਟਿਆਰ ਦੇ ਮੋਢਿਆਂ 'ਤੇ ਡਿੱਗ ਪਈ, ਜੋ ਖੁਦ ਵਿਲਕ-ਵਿਲਕ ਕੇ ਰੋ ਰਹੀ ਸੀ।

ਉਸਨੇ ਝੁਕੀਆਂ ਹੋਈਆਂ ਨਜ਼ਰਾਂ ਚੁੱਕੀਆਂ ਤੇ ਉਸ ਨੂੰ ਦੇਖਦਿਆਂ ਹੀ ਜਿਵੇਂ ਦਿਲ ਦੀਆਂ ਧੜਕਣਾਂ ਥਮ ਗਈਆਂ-'ਤਨੂ.....।'

ਸਰੀਰ ਦੀਆਂ ਸਾਰੀਆਂ ਨਾੜਾਂ, ਮਨ ਦੇ ਸਾਰੇ ਲਗਾਓ, ਆਤਮਾ ਦੇ ਸਾਰੇ ਭੇਤਾਂ ਨੇ ਇਕੱਠਿਆਂ ਹੀ ਕਿਹਾ-"ਤਨੂ....।"

"ਮੈਂ ਤੇਰੀ ਨੀਂਦ ਵਿਚ ਸੁਪਨਾ ਬਣ ਕੇ ਉਤਰਨਾ ਚਾਹੁੰਦੀ ਆਂ। ਤੇਰੇ ਆਕਾਸ਼ ਵਿਚ ਮੀਂਹ ਜਿਹਾ ਝਰਨਾ ਚਾਹੁੰਦੀ ਆਂ। ਤੂੰ ਮੇਰਾ ਸਭ ਕੁਸ਼ ਲੈ ਲਾ ਤੇ ਭਰ ਜਾਅ। ਤੂੰ ਮੈਨੂੰ ਸਭ ਕੁਸ਼ ਦੇ ਦੇ ਤੇ ਖਾਲੀ ਹੋ ਜਾ।"

ਉਸਨੇ ਮਾਂ ਨੂੰ ਬਾਹਾਂ ਵਿਚ ਲੈ ਲਿਆ ਤੇ ਰੋਂਦੀ ਰਹੀ। ਬਗੈਰ ਆਪਣਾ ਸਿਰ ਚੁੱਕਿਆਂ ਜਾਂ ਉਸ ਨੂੰ ਦੇਖਿਆਂ।

ਉਹ ਬੇਚੈਨ ਹੋਣ ਲੱਗਾ- ਉਸਨੂੰ ਲੱਗਾ, ਅਚਾਨਕ ਹੀ ਉਹ ਉਨ੍ਹਾਂ ਸਾਰਿਆਂ ਦੇ ਰਾਹੀਂ ਖਾਰਿਜ ਕਰ ਦਿੱਤਾ ਗਿਆ ਹੈ ਜਿਹੜੇ ਜਾਣੇ-ਅਣਜਾਣੇ ਉਸ ਨਾਲ ਜੁੜੇ ਜਾਂ ਜੜੇ ਸੀ।

ਉਸਨੇ ਉਸਦੇ ਚਿਹਰੇ ਵੱਲ ਦੇਖਿਆ-ਇਕ ਬੇਬੱਸ-ਜਿਹਾ ਵੀਰਾਨਾਪਣ ਉੱਤਰ ਆਇਆ ਸੀ-ਜਿਹੜਾ ਅਕਸਰ ਬੰਜਰ ਧਰਤੀ ਵਿਚ ਦੇਖਿਆ ਜਾ ਸਕਦਾ ਹੈ। ਹਲਕੀਆਂ-ਹਲਕੀਆਂ ਤ੍ਰੇੜਾਂ ਵਿਚੋਂ ਝਾਕਦਾ ਇਕ ਅਜੀਬ ਉਥਲਾਪਣ।

ਉਸਨੇ ਦਿਲਾਸੇ ਲਈ ਇਕ ਵਾਰ ਮਾਂ ਦੇ ਸਿਰ 'ਤੇ ਹੱਥ ਰੱਖਿਆ ਤੇ ਉੱਠ ਖੜਾ ਹੋਇਆ।

ਰਾਤ ਹੋ ਗਈ ਤੇ ਇਕ ਬੇਲੋੜੇ ਵਿਸਤਾਰ ਦਾ ਅੰਤ ਹੋ ਚਲਿਆ- ਉਸ ਤੋਂ ਉਹ ਸਾਰੇ ਕੰਮ ਕਰਵਾਏ ਗਏ ਜਿਹੜੇ ਇਕ ਹਿੰਦੂ ਮੁੰਡੇ ਨੂੰ ਆਪਣੇ ਬਾਪ ਦੀ ਮੌਤ 'ਤੇ ਕਰਨੇ ਪੈਂਦੇ ਹਨ। ਉਸਨੇ ਬਗੈਰ ਕਿਸੇ ਇਤਰਾਜ ਦੇ ਸਭ ਕੁਝ ਕੀਤਾ।

ਉਸ ਦਿਨ ਦੇ ਸਾਰੇ ਕੰਮ ਖਤਮ ਹੋ ਚੁੱਕੇ ਤਾਂ ਲੋਕ ਹੌਲੀ-ਹੌਲੀ ਆਪਣੇ ਘਰਾਂ ਨੂੰ ਮੁੜ ਗਏ-ਜਿਹੜੇ ਰਹਿ ਗਏ ਸੀ-ਦੁਖਾਂ ਨਾਲ ਹਾਰੇ-ਟੁੱਟੇ ਅੰਦਰ ਕਮਰੇ ਵਿਚ ਜਾ ਕੇ ਪੈ ਗਏ। ਉਹ ਵਿਹੜੇ ਵਿਚ ਪੈ ਗਿਆ ਦਰੀ 'ਤੇ। ਉਸਨੇ ਅੰਦਰ ਜਾਣ ਤੋਂ ਜਵਾਬ ਦੇ ਦਿੱਤਾ ਤਾਂ ਕਿਸੇ



ਨੇ ਖਾਸ ਜ਼ੋਰ ਨਹੀਂ ਦਿੱਤਾ। ਤਾਏ ਨੇ ਸਿਰਫ ਇੰਨਾ ਕਿਹਾ-

"ਇਕ ਹੀ ਔਲਾਦ ਸੀ ਤੂੰ ਉਸਦੀ। ਪਤਾ ਨ੍ਹੀਂ ਕੀ ਸੋਚ ਕੇ ਛੱਡ ਕੇ ਚਲਿਆ ਗਿਆ ਸਭ ? ਕੁਸ਼ ਨਾ ਸੋਚਿਆ-ਕੀ ਹੋਵੇਗਾ ਪਿੱਛੇ ? ਤਨੂ ਨੇ ਤੇਰੇ ਜਾਂਦਿਆਂ ਹੀ ਚਿੱਟਾ ਲਿਬਾਸ ਪਹਿਨ ਕੇ ਚੂੜੀਆਂ ਤੋੜ ਦਿੱਤੀਆਂ ਤੇ ਕਿਹਾ-ਮਾਂ ਉਹ ਮਰ ਗਿਆ ਏ। ਮੈਂ ਹਾਂ ਨਾ, ਤੇਰੀ ਬੇਟੀ ਜਾਂ ਬੇਟਾ, ਜੋ ਮਰਜ਼ੀ ਤੂੰ ਸਮਝ। ਪਹਿਲਾਂ ਤੁਹਾਨੂੰ ਦੋਹਾਂ ਨੂੰ ਖਵਾਊਂਗੀ, ਫੇਰ ਖੁਦ ਖਾਊਂਗੀ। 'ਤੂੰ ਉਸ ਲਈ ਨਾ ਰੋ, ਜੋ ਰੋਣ ਦੇ ਕਾਬਲ ਨਾ ਹੋਵੇ।' ਫੇਰ ਬਾਪ ਲੈਣ ਆਇਆ ਪੇਕਿਆਂ ਤੋਂ -ਜਾਣ ਤੋਂ ਸਾਫ ਜਵਾਬ ਦੇ ਦਿੱਤਾ।"

ਉਹ ਪ੍ਰੇਸ਼ਾਨ ਹੋਇਆ ਸੁਣਦਾ ਰਿਹਾ ਸੀ।

"ਫੇਰ ਬੇਟਾ, ਉਸਨੇ ਪੜ੍ਹਾਈ ਪੂਰੀ ਕੀਤੀ। ਇਕ ਸਕੂਲ ਵਿਚ ਨੌਕਰੀ ਕੀਤੀ, ਫੇਰ ਕਾਲਜ ਵਿਚ ਆ ਗਈ। ਟਿਊਸ਼ਨਾਂ ਵੀ ਕੀਤੀਆਂ। ਬਹੁਤ ਸੇਵਾ ਕੀਤੀ ਉਸਨੇ। ਤੇਰੇ ਜਾਣ ਮਗਰੋਂ ਭਾਬੀ ਛੇ ਮਹੀਨੇ ਲਈ ਮੰਜੇ 'ਤੇ ਪੈ ਗਈ। ਗੂੰ-ਮੂਤ ਚੁੱਕਿਆ ਪਰ ਅੱਖ ਨਾ ਫੇਰੀ। ਉਸ ਨੂੰ ਕਿਸ ਜਨਮ ਦੀ ਸਜ਼ਾ ਦੇ ਗਿਆ ਓਏ ਤੂੰ ? ਇਹੀ ਕਹਿੰਦਾ ਏ ਤੇਰਾ ਈਸ਼ਵਰ, ਤੇਰਾ ਧਰਮ ? ਹੁਣ ਚਲਿਆ ਜਾਵੇਗਾਂ ਦੋ ਵਿਧਵਾਵਾਂ ਨੂੰ ਉਨ੍ਹਾਂ ਦੀ ਕਿਸਮਤ ਦੇ ਭਰੋਸੇ ਛੱਡ ਕੇ ?"

ਉਹ ਸਿਰ ਝੁਕਾਈ ਬੈਠਾ ਰਿਹਾ ਸੀ ਉਨ੍ਹਾਂ ਸਾਹਮਣੇ-ਕਿਹਾ ਕੁਝ ਨਹੀ। ਕੀ ਕਹਿੰਦਾ? ਬੇਕਾਰ ਹੈ ਸਭ।

ਉਨ੍ਹਾਂ ਦੇ ਜਾਣ ਮਗਰੋਂ ਉਹ ਪੈ ਗਿਆ ਦਰੀ 'ਤੇ ਅਤੇ ਆਸਮਾਨ 'ਤੇ ਟੰਗੇ ਉਨ੍ਹਾਂ ਸਿਤਾਰਿਆਂ ਨੂੰ ਗਿਣਨ ਲੱਗਿਆ, ਜਿਨ੍ਹਾਂ ਨੂੰ ਪਤਾ ਨਹੀਂ ਕਿੰਨੀ ਵਾਰ ਉਹ ਗਿਣ ਚੁੱਕਿਆ ਸੀ।

ਕਿੰਨੇ ਸਾਲ ਉਸਨੇ ਕੋਹਰੇ ਵਿਚ ਬਿਤਾਏ, ਜਦ ਉਸਦੀ ਆਤਮਾ ਪਹਾੜਾਂ, ਜੰਗਲਾਂ ਤੇ ਗੁਫਾਵਾਂ ਦੇ ਭੀੜੇ ਰਾਹਾਂ ਵਿਚ ਉਸ ਅਗਿਆਤ ਸੱਚ ਨੂੰ ਲਭਿਆ ਕਰਦੀ, ਜਿਸਦੀ ਸਿਰਫ ਝਲਕ ਨਾਲ ਵਾਕਿਫ ਸੀ ਉਹ-'ਜੀਵਨ ਦੋ ਨਿਯਮਾਂ ਵਿਚ ਵੰਡਿਆ ਹੈ। ਇਕ ਨਿਯਮ ਹੈ ਸੰਸਾਰ, ਜੋ ਹੈ। ਦੂਜਾ ਨਿਯਮ ਹੈ ਮੋਕਸ਼, ਜੋ ਹੋ ਸਕਦਾ ਹੈ। ਇਹ ਤੁਹਾਡੇ ਲਈ ਅਗਿਆਤ ਹੈ, ਪਰ ਤੁਸੀਂ ਉਸ ਨੂੰ ਪਾ ਸਕਦੇ ਹੋ। ਅੰਦੂਰਨੀ ਆਂਤਰਿਕ ਸੁਖ। ਮਨ ਸੰਪੂਰਨ ਨੂੰ ਖੰਡਾਂ ਵਿਚ ਤੋੜ ਦਿੰਦਾ ਹੈ, ਇਹੀ ਉਸਦਾ ਕੰਮ ਹੈ। ਮਨ ਇਕ ਪ੍ਰਿਜਮ ਵਾਂਗ ਹੈ। ਹੁਣ ਪ੍ਰਕਾਸ਼ ਦੀ ਕਿਰਣ ਪ੍ਰਿਜਮ ਵਿਚੋਂ ਗੁਜਰਦੀ ਹੈ ਤਾਂ ਉਹ ਸੱਤ ਰੰਗਾਂ ਵਿਚੋਂ ਵੰਡ ਜਾਂਦੀ ਹੈ। ਮਨ ਇਕ ਪ੍ਰਿਜਮ ਹੈ ਜੋ ਸੱਤ ਨੂੰ ਵੰਡ ਦੇਂਦਾ ਹੈ ਤੇ ਅਸੀਂ ਉਸ ਨੂੰ ਪੂਰਾ ਨਹੀਂ ਦੇਖ ਸਕਦੇ।'

ਇਹੀ ਕਿਹਾ ਸੀ ਉਨ੍ਹਾਂ ਨੇ, ਜਦ ਉਹ ਆਪਣੇ ਪ੍ਰਸ਼ਨਾਂ ਦੇ ਜਵਾਬ ਲੈਣ ਲਈ ਉਨ੍ਹਾਂ ਕੋਲ ਗਿਆ ਸੀ। ਇਕ ਵਿਸ਼ਾਲ ਮਕਾਨ ਦੇ ਹੇਠਲੇ ਭੋਰੇ ਦੀਆਂ ਪੌੜੀਆਂ ਉੱਤਰ ਕੇ ਉਹ ਉਥੇ ਪਹੁੰਚਿਆ ਸੀ।

ਇਕ ਉੱਚੇ ਆਸਣ 'ਤੇ ਉਹ ਬਲਦੀ ਅੱਗ ਦੇ ਸਾਹਮਣੇ ਬੈਠੇ ਸੀ ਤੇ ਕੁਝ ਤਾਂਤਰਿਕ ਸਾਧਨਾਵਾਂ ਕਰ ਰਹੇ ਸੀ। ਉਹ ਉਨ੍ਹਾਂ ਨੂੰ ਪ੍ਰਣਾਮ ਕਰਕੇ ਉਨ੍ਹਾਂ ਦੇ ਸਾਹਮਣੇ ਬੈਠ ਗਿਆ ਸੀ-"ਕਿਥੇ ਸੀ ਤੂੰ ਇੰਨੇ ਦਿਨ? ਮੈਂ ਕਈ ਸਾਲਾਂ ਤੋਂ ਤੇਰਾ ਇੰਤਜਾਰ ਕਰ ਰਿਹਾਂ। ਤੂੰ ਨ੍ਹੀਂ ਜਾਣਦਾ ਤੂੰ ਕਿਉਂ ਹੈ? ਮੈਂ ਜਾਣਦਾ ਸੀ।"

"ਕੀ ਜਾਣਦੇ ਹੋ ਤੁਸੀਂ?" ਉਸਨੇ ਧੜਕਦੇ ਦਿਲ ਨਾਲ ਪੁੱਛਿਆ।

ਉਸਨੇ ਲਾਲ-ਲਾਲ ਅੱਖਾਂ ਨਾਲ ਉਸ ਵੱਲ ਦੇਖਿਆ ਤੇ ਮੁਸਕਰਾਇਆ ਸੀ।

"ਇਹੀ ਕਿ ਕਿਉਂ ਤੂੰ ਵਾਰ-ਵਾਰ ਜਨਮ ਲੈ ਰਿਹਾ ਏਂ ? ਭਟਕ ਰਿਹਾ ਏ-ਏਧਰ ਆ.....।"

ਉਹ ਡਰਦਿਆਂ-ਡਰਦਿਆਂ ਉਸਦੇ ਸਾਹਮਣੇ ਆਇਆ।

"ਅੱਖਾਂ ਬੰਦ ਕਰੋ ਤੇ ਆਪਣੇ ਅੰਦਰ ਦੇਖੋ। ਚੇਤਨਾ ਨੂੰ ਆਪਣੇ ਅੰਦਰ ਲੈ ਜਾਓ ਤੇ ਦੇਖੋ-ਕਿੰਨੀ ਨਫਰਤ, ਕਿੰਨੀ ਧੁੰਦ, ਧੂੰਆਂ, ਕਮੀਨਗੀ, ਭੈ, ਯੁੱਧ, ਬੇਮੁਖਤਾ, ਲਾਲਸਾ, ਬਦਚਲਨੀ ਕੀ-ਕੀ ਨ੍ਹੀਂ ਏ ਇਥੇ ? ਅਸੀਂ ਇਨ੍ਹਾਂ ਹੀ ਹਨੇਰੇ ਤਲਾਂ 'ਤੇ ਜਿਉਂਦੇ ਹਾਂ। ਉਠੋ ਉਪਰ ਆਓ। ਸਮਝੋ, ਕਿਸ ਵੱਡੇ ਉਦੇਸ਼ ਹਿੱਤ ਜਨਮ ਹੋਇਆ ਏ ਤੁਹਾਡਾ। ਤੁਸੀਂ ਈਸ਼ਵਰ ਹੋ ਖੁਦ। ਆਪਣੇ ਈਸ਼ਵਰ ਨੂੰ ਪਛਾਣ। ਇਸ ਨੂੰ ਬਾਹਰੋ ਨਾ ਜਾਣੋ। ਇਹ ਅੰਦਰ ਏ-ਤੁਸੀਂ ਹੀ ਖੁਦ। ਇਸੇ ਨੂੰ ਮਹਿਸੂਸ ਕਰੋ।"

ਉਨ੍ਹਾਂ ਨੇ ਉਸਦੇ ਸਿਰ 'ਤੇ ਹੱਥ ਰੱਖ ਦਿੱਤਾ। ਹੱਥ ਰੱਖਣਾ ਸੀ ਕਿ ਉਸਦਾ ਸਮੁੱਚਾ ਜਿਸਮ ਝਣਝਣਾ ਉਠਿਆ। ਜਿਸਮ ਦੇ ਅਗਿਆਤ ਹਿੱਸਿਆਂ ਤੋਂ ਲਹਿਰਾਂ ਉਠੀਆਂ, ਅਗਿਆਤ ਹਿੱਸਿਆਂ ਵਿਚ ਸਮਾ ਗਈਆਂ। ਅੱਖਾਂ ਬੰਦ ਕੀਤਿਆਂ ਹੀ ਉਸ ਨੂੰ ਇਕ ਅਜੀਬ ਸ਼ਾਂਤੀ ਮਹਿਸੂਸ ਹੋਈ-ਤੇ ਜਦੋਂ ਉਸਨੇ ਅੱਖਾਂ ਖੋਲ੍ਹੀਆਂ ਉਹ ਉਹ ਨਹੀਂ ਸੀ, ਜਿਹੜਾ ਇਥੇ ਆਇਆ ਸੀ। ਬਦਲ ਗਿਆ ਸੀ ਅੰਦਰ ਬਹੁਤ ਕੁਝ ਤੇ ਜਦੋਂ ਉਠਿਆ ਤਾਂ ਉਸੇ ਸ਼ਾਂਤੀ ਨੂੰ ਫੇਰ-ਫੇਰ ਪਾਉਣ ਦੇ ਦ੍ਰਿੜ ਫੈਸਲੇ ਦੇ ਨਾਲ-ਪਰ ਕਿਵੇਂ ? ਘਰ ਵਿਚ ਤਨੂ ਸੀ। ਉਸ ਦੇ ਸਰੀਰ ਦੀ ਭੁੱਖ ਹਰ ਵੇਲੇ ਉਸਦਾ ਪਿਛਾ ਕਰਦੀ। ਮਾਂ ਸੀ। ਅਗਰਬੱਤੀਆਂ, ਮੋਮਬੱਤੀਆਂ ਦੀ ਛੋਟੀ-ਜਿਹੀ ਦੁਕਾਨ ਚਲਾਉਂਦਾ ਪਿਤਾ ਸੀ। ਛੋਟੇ-ਛੋਟੇ ਸੁਪਨੇ, ਛੋਟੀਆਂ-ਛੋਟੀਆਂ ਆਸ਼ਾਵਾਂ। ਕਿਵੇਂ ਛੱਡ ਦੇਵੇ ਉਨ੍ਹਾਂ ਨੂੰ ? ਕੌਣ ਚਲਾਏਗਾ ਉਨ੍ਹਾਂ ਨੂੰ ?

"ਤੁਸੀਂ ਨਹੀਂ ਚਲਾ ਰਹੇ ਕਿਸੇ ਨੂੰ। ਕੋਈ ਕਿਸੇ ਨੂੰ ਨਹੀਂ ਚਲਾ ਰਿਹਾ। ਤੁਸੀਂ ਤਾਂ ਚਿੰਨ ਮਾਤਰ ਹੋ। ਹਜ਼ਾਰ-ਹਜ਼ਾਰ ਜਨਮਾਂ ਤੋਂ ਇਹੀ ਕਰ ਰਹੇ ਹੋ-ਕੋਹਲੂ ਦੇ ਬਲਦ ਵਾਂਗ। ਅਕੇਵਾਂ ਨਹੀਂ ਹੁੰਦਾ ? ਛੱਡ ਦਿਓ ਸਭ ਤੇ ਦੇਖੋ, ਤੁਹਾਡੇ ਬਗੈਰ ਵੀ ਸਭ ਚਲੇਗਾ।"

ਉਨ੍ਹਾਂ ਨੇ ਉਸਨੂੰ ਸਮਝਾਇਆ ਸੀ, ਪਰ ਉਸਦੀ ਉਲਝਣ ਨਹੀਂ ਗਈ ਸੀ। ਕਈ ਮਹੀਨੇ ਉਹ ਪ੍ਰੇਸ਼ਾਨ ਰਿਹਾ ਸੀ-ਕੀ ਕਹੇ ਤਨੂੰ ਨੂੰ ? ਕਿਵੇਂ ? ਕਿ ਜਿਸ ਜਿਸਮ ਨੂੰ ਮੈਂ ਹੁਣ ਤਕ ਆਪਣੀਆਂ ਉਂਗਲੀਆਂ 'ਤੇ ਬਿਜਲੀ ਦੇ ਲਾਟੂਆਂ-ਵਾਂਗ ਫਿਰਦੀ ਦੇਖਦਾ ਸੀ, ਉਸਦੇ ਨਾਲ ਕੋਈ ਵਾਸਤਾ ਨਹੀਂ ਮੇਰਾ ? ਕਿ ਇਹ ਸੰਸਾਰ ਇਕ ਦੁਖ ਹੈ-ਗੁਲਾਮੀ-ਇਕ ਅੰਨੀ ਦੌੜ....ਜਨਮ-ਜਨਮ ਦੀ। ਹਰ ਜਨਮ ਵਿਚ ਉਹੀ ਚਕਰ, ਉਹੀ ਦੁਖ। ਕਿਸੇ ਕਾਮਨਾ ਦਾ ਅੰਤ ਨਹੀ ਹੁੰਦਾ। ਹਰ ਕਾਮਨਾ ਦੁਖ ਪੈਦਾ ਕਰਦੀ ਹੈ। ਮੰਨ ਲਓ, ਤੁਹਾਨੂੰ ਇਹ ਸਭ ਮਿਲ ਵੀ ਗਿਆ, ਜਿਹੜਾ ਤੁਸੀਂ ਚਾਹੁੰਦੇ ਹੋ, ਫੇਰ ਕੀ ? ਇਹ ਸੁਖ ਨਹੀਂ ਹੈ। ਇਹ ਅੰਤਿਮ ਪ੍ਰਾਪਤੀ ਨਹੀਂ ਹੈ। ਤੁਸੀਂ ਆਪਣੀ ਊਰਜਾ ਗਵਾ ਰਹੇ ਹੋ। ਕੋਈ ਇੱਛਾ ਕਿਤੇ ਨਹੀਂ ਲੈ ਜਾਂਦੀ। ਇੱਛਾ ਪਾਗਲਪਨ ਦਾ ਬੀਜ ਹੈ।

ਤੇ ਇਹ ਇਕ ਲੰਮੇ ਅਰਸੇ ਤਕ ਨਹੀਂ ਕਹਿ ਸਕਿਆ ਸੀ। ਲੁਕ-ਲੁਕ ਕੇ ਜਾਂਦਾ ਰਿਹਾ ਸੀ ਸਵਾਮੀ ਜੀ ਦੇ ਕਮਿਯੂਨ ਵਿਚ-ਧਿਆਨ ਕਰਦਾ, ਯੋਗ ਦੇ ਛੇ ਕਰਮਾਂ ਵਿਚੋਂ ਛੇਵਾਂ ਕਰਮ, ਸਾਧਨਾਵਾਂ, ਜੋ ਉਹ ਕਹਿੰਦੇ, ਜੋ ਸਭ ਕਰਦੇ, ਉਹ ਵੀ ਕਰਦਾ। 'ਮਨ ਨੂੰ ਸ਼ੂੰਨ ਬਣਾ ਦਿਓ, ਮੌਨ ਹੋ ਜਾਓ ਤੇ ਪ੍ਰਕ੍ਰਿਤੀ ਨੂੰ ਸੁਣੋ'-ਉਹ ਕਹਿੰਦੇ, ਪਰ ਇਹ ਸਭ ਕੁਝ ਇੰਨਾ ਆਸਾਨ ਨਹੀਂ ਸੀ। ਤੇ ਇਸ ਲਈ ਹੁਣ ਉਹ ਆਪਣੀ ਜ਼ਿੰਦਗੀ ਦੇ ਸਾਰੇ ਸਾਲ ਖਰਚ ਕਰਨ ਨੂੰ ਤਿਆਰ ਸੀ।

ਘਰ ਵਿਚ ਅੱਧੀ ਰਾਤ ਤੋਂ ਮਗਰੋਂ ਉਠ ਜਾਂਦਾ, ਧਿਆਨ ਕਰਦਾ। ਤਨੂ ਦੇਖਦੀ...ਸੋਚਦੀ...ਮਹਿਸੂਸ ਕਰਦੀ...।

"ਤੁਸੀਂ ਇਹ ਸਭ ਕਿਉਂ ਕਰਦੇ ਹੋ ?"

"ਸ਼ਾਂਤੀ ਲਈ।"



"ਤੁਹਾਨੂੰ ਮੇਰੇ ਕੋਲੋਂ ਸ਼ਾਂਤੀ ਨ੍ਹੀਂ ਮਿਲਦੀ।"

"ਪੱਕੀ ਨ੍ਹੀਂ।" ਉਹ ਕਹਿੰਦਾ।

"ਫੇਰ ? ਮੈਂ ਤਾਂ ਹਾਂ।"

"ਹਾਂ, ਤੂੰ ਰਹਿ, ਮੈਂ ਸੋਚਦਾਂ, ਮੈਂ ਹੀ ਚਲਿਆ ਜਾਵਾਂ।"

"ਉਸ ਨਾਲ ਕੀ ਹੋਵੇਗਾ ?"

"ਮੈਂ ਜੋ ਪਾਉਣਾ ਚਾਹੁੰਦਾ ਹਾਂ, ਪਾ ਸਕਦਾ ਹਾਂ।"

"ਤੁਸੀਂ ਕੀ ਪਾਉਣਾ ਚਾਹੁੰਦੇ ਹੋ ? ਕਿਉਂ ?"

".......।"

"ਅਸਲ ਵਿਚ ਤੁਸੀਂ ਨਹੀਂ ਜਾਣਦੇ ਤੁਸੀਂ ਕੀ ਚਾਹੁੰਦੇ ਹੋ ? ਤੁਸੀਂ ਗੁਮਰਾਹ ਹੋ ਰਹੇ ਹੋ। ਤੁਹਾਨੂੰ ਆਪਣਾ ਜੀਵਨ ਦੁੱਖ ਲੱਗ ਰਿਹਾ ਏ। ਪਰ ਅਸਲ ਵਿਚ ਇਹ ਇਕ ਸੰਘਰਸ਼ ਏ-ਇਸ ਤੋਂ ਭੱਜੋ ਨਾ-ਸਾਮ੍ਹਣਾ ਕਰੋ। ਇਸ ਤਰ੍ਹਾਂ ਸਾਰੇ ਸੰਸਾਰ ਛੱਡਣ ਲਗੇ ਤਾਂ ਕੀ ਹੋਵੇਗਾ, ਸੋਚੋ ।"

ਤਕਰਾਰ....ਬਹਿਸ....ਤਕਰਾਰ....ਰੋਣਾ....ਤਣਾਓ....ਮਾਂ ਦੀਆਂ ਹਿਝਕੀਆਂ.....ਬਾਪ ਦੀ ਗੁੱਸੇ ਨਾਲ ਭਰੀ ਚਿਤਾਵਨੀ-ਬਹੁਤ ਲੰਮਾ ਚਲਿਆ ਇਹ ਸਭ। ਬਾਪੂ ਜੀ ਦਨਦਨਾਉਂਦੇ ਗਏ, ਸਵਾਮੀ ਜੀ ਨਾਲ ਝਗੜਾ ਕਰਕੇ ਆ ਗਏ। ਤਨੂ ਦਾ ਸਮਝਾਉਣਾ, ਪਿਆਰ ਨਾਲ, ਗੁੱਸੇ ਨਾਲ, ਚਿੜ ਕੇ-ਪਰ ਨਹੀਂ ਰੁੱਕਿਆ ਸੀ, ਉਸ ਕਮਿਊਨ ਦੀ ਮੁੱਖ ਬਰਾਂਚ ਵਿਚ ਆਉਣ ਲਈ ਉਸ ਨੇ ਉਹ ਸ਼ਹਿਰ ਛੱਡ ਦਿੱਤਾ।

ਤੇ ਫੇਰ ਬਾਰ੍ਹਾਂ ਸਾਲ ਦਾ ਅਮੁੱਕ ਸਫਰ...ਕੰਮਿਊਨ ਦੀ ਇਕ ਅੱਡ ਕਿਸਮ ਦੀ ਜ਼ਿੰਦਗੀ...ਜਿਥੇ ਦੇਹ ਤੇ ਮਨ ਦੋ ਨਹੀਂ, ਇਕ ਹੈ-ਤੇ ਦੇਹ ਵੀ ਦੇਹ ਨਹੀਂ, ਕੁਝ ਹੋਰ ਹੈ....ਅਦਭੁਤ....ਨਾ ਵਰਣਨ ਯੋਗ...।

ਉਸ ਨੂੰ ਬੁੱਧ ਦੀ ਹੁਣ ਉਹ ਕਹਾਣੀ ਯਾਦ ਆਈ-ਬੁੱਧ ਜਦੋਂ ਬੋਧੀ ਪ੍ਰਾਪਤ ਕਰਨ ਬਾਅਦ ਯਸ਼ੋਧਰਾ ਕੋਲ ਮੁੜਿਆ ਉਦੋਂ ਉਸਦਾ ਚੇਲਾ ਆਨੰਦ ਉਸਦੇ ਨਾਲ ਸੀ। ਬੁੱਧ ਨੇ ਆਨੰਦ ਨੂੰ ਕਿਹਾ-"ਆਨੰਦ ਤੂੰ ਇਥੇ ਰਹਿ। ਯਸ਼ੋਧਰਾ ਮੇਰੇ ਨਾਲ ਨਰਾਜ ਹੋਊਗੀ। ਮੈਨੂੰ ਬੁਰਾ-ਭਲਾ ਕਰੂੰਗੀ। ਤੂੰ ਨਾਲ ਹੋਊਂਗਾ ਤਾਂ ਸ਼ਾਇਦ ਉਹ ਆਪਣੇ ਮਨ ਦੀ ਗੱਲ ਨਾ ਕਹਿ ਸਕੇ। ਉਸਦਾ ਗੁੱਸਾ ਜਾਇਜ਼ ਏ। ਉਸ ਨੂੰ ਕਹਿਣ ਦੇ। ਮੈਂ ਉਸਦਾ ਅਪਰਾਧੀ ਹਾਂ। ਮੈਨੂੰ ਇਕੱਲੇ ਜਾਣ ਦੇ ਤਾਂ ਕਿ ਉਹ ਆਪਣਾ ਗੁੱਸਾ ਲਾਹ ਸਕੇ।" ਕੀ ਉਹ ਜਾਏ ? ਇਕੱਲਾ, ਉਸਦੇ ਕੋਲ.....?

ਉਹ ਅੰਦਰ ਕਮਰੇ ਵਿਚ ਮਾਂ ਦੀ ਬਗਲ ਵਿਚ ਪਈ ਹੈ-ਫਰਸ਼ 'ਤੇ। ਮਾਂ ਨੂੰ ਨੀਂਦ ਦਾ ਇੰਜੈਕਸ਼ਨ ਦੇ ਕੇ ਸੁਆ ਦਿੱਤਾ ਗਿਆ ਹੈ-ਉਹ ਜਾਗ ਰਹੀ ਹੈ। ਬਾਰ੍ਹਾਂ ਸਾਲਾਂ ਤੋਂ ਜਾਗ ਰਹੀ ਹੈ। ਤਿੱਖੇ ਕੰਡੇ ਉਗ ਆਏ ਹਨ ਉਸਦੀਆਂ ਪਲਕਾਂ 'ਤੇ-ਉਹ ਕਿਸੇ ਨੂੰ ਕੁਝ ਨਹੀਂ ਕਹਿੰਦੀ। ਉਹ ਨਹੀਂ ਜਾਣਦੀ, ਕਿਸ ਕਸੂਰ ਦੀ ਸਜ਼ਾ ਮਿਲ ਰਹੀ ਹੈ ਉਸਨੂੰ। ਕਿੰਨਾ ਸੁਆਰਥੀ ਹੈ ਆਦਮੀ ? ਮਤਲਬ ਨਾਲ ਬਝਦਾ ਹੈ, ਮਤਲਬ ਨਾਲ ਅੱਡ ਹੋ ਜਾਂਦਾ ਹੈ। ਅੱਜ ਆਇਆ ਹੈ ਉਹ, ਬਾਰ੍ਹਾਂ ਸਾਲ ਮਗਰੋਂ ਤੇ ਮੈਂ ਉਸਨੂੰ ਦੇਖਿਆ ਤਕ ਨਹੀਂ। ਸਭ ਕਹਿ ਰਹੇ ਹਨ-ਬਦਲ ਗਿਆ ਹੈ। ਅੱਖਾਂ ਵਿਚ ਤੇਜ਼ ਉੱਤਰ ਆਇਆ ਹੈ। ਚਿਹਰੇ 'ਤੇ ਸ਼ਾਂਤੀ-ਗੇਰੂਏ ਕੱਪੜਿਆਂ ਵਿੱਚ ਕਿਸੇ ਦੇਵਪੁਰਸ਼ ਜਿਹਾ ਲੱਗਦਾ ਹੈ। ਦੇਵਪੁਰਸ਼-ਜਿਹਾ ਤਾਂ ਉਹ ਉਸਨੂੰ ਉਦੋਂ ਵੀ ਲੱਗਦਾ ਸੀ, ਜਦੋਂ ਉਹ ਉਸਦੀ ਦੇਹ ਨਾਲ ਖੇਡ ਰਿਹਾ ਹੁੰਦਾ ਸੀ। ਉਸਦੀਆਂ ਸਾਰੀਆਂ ਗੱਲਾਂ ਦੇ ਬਾਵਜੂਦ ਉਸਨੂੰ ਲੱਗਦਾ ਕਿ ਨਹੀਂ ਦੇਹ ਹੀ ਅੰਤਿਮ ਸੱਚ ਹੈ। ਭਟਕ ਗਿਆ ਹੈ ਉਹ, ਮੁੜ ਆਏਗਾ। ਕਿਥੇ ਜਾਵੇਗਾ ਉਸਦੇ ਬਿਨਾਂ ? ਨਹੀਂ....ਨਹੀਂ.... ਜਾ ਸਕਦਾ। ਤੇ ਜਦ ਉਸ ਜਾਣ ਦੀ ਮਿਥੀ ਸੀ- ਕਈ ਦਿਨ ਰੋਂਦੀ ਰਹੀ ਸੀ ਉਹ-ਰਾਤਾਂ ਨੂੰ ਵੀ। ਗੱਲ ਤਕ ਕਰਨੀ

ਬੰਦ ਕਰ ਦਿੱਤੀ ਸੀ ਉਸਨੇ-ਅੱਡ ਕਮਰੇ ਵਿੱਚ ਸੌਣ ਲੱਗੀ ਸੀ। ਉਸਦੀ ਛਾਤੀ ਗੁੱਸੇ ਤੇ ਨਫਰਤ ਨਾਲ ਧੂ-ਧੂ ਕਰਕੇ ਜਲਣ ਲੱਗੀ ਸੀ-ਨਹੀਂ, ਉਹ ਨਿਕੰਮਾ ਆਦਮੀ ਹੈ, ਉਸ ਲਈ ਕੀ ਰੋਣਾ ? ਜਿਹੜਾ ਆਪਣੇ ਬੁੱਢੇ ਮਾਂ-ਬਾਪ ਤੇ ਜਵਾਨ ਤੀਵੀਂ ਨੂੰ ਇਉਂ ਛੱਡ ਕੇ ਜਾ ਸਕਦਾ ਹੈ, ਉਸਦੇ ਲਈ ਕੀ ਰੋਣਾ ?

ਨਹੀਂ, ਫੇਰ ਉਹ ਉਸ ਲਈ ਨਹੀਂ ਰੋਈ। ਸਾਰੇ ਹੰਝੂ ਸਖਤ ਬਰਫ ਦੀ ਸਿਲ ਵਰਗੇ ਉਸਦੀ ਛਾਤੀ ਵਿਚ ਜਮ੍ਹਾ ਹੁੰਦੇ ਰਹੇ....ਬਾਰ੍ਹਾਂ ਸਾਲਾਂ ਵਿਚ ਸਿਲ ਇੰਨੀ ਸਖਤ ਤੇ ਵਜਨਦਾਰ ਹੋ ਗਈ ਹੈ ਕਿ ਹੁਣ ਉਸਨੂੰ ਨਹੀਂ ਪਿਘਲਾਇਆ ਜਾ ਸਕਦਾ-ਆਈਸਬਰਗ ਹੁੰਦਾ ਹੈ ਨਾ, ਇਕ ਹਿੱਸਾ ਉੱਪਰ ਤੋਂ ਦਿੱਸਦਾ ਤੇ ਬਾਕੀ ਦੇ ਹਿੱਸੇ ਅੰਦਰ ਪਾਣੀ ਵਿਚ ਡੁੱਬੇ ਹੋਏ.....।

ਹੁਣ ਪਤਾ ਲੱਗਾ, ਔਰਤ ਸਿਰਫ ਇਕ ਕਹਾਣੀ ਹੁੰਦੀ ਹੈ ਜਿਸ ਨੂੰ ਕਿਤੋਂ ਵੀ ਸ਼ੁਰੂ ਕੀਤਾ ਜਾ ਸਕਦਾ ਹੈ, ਕਿਤੇ ਵੀ ਖਤਮ ਕੀਤਾ ਜਾ ਸਕਦਾ ਹੈ। ਕਿਸੇ ਫਿਕਰੇ ’ਤੇ ਜ਼ਿਆਦਾ ਦਬਾਅ ਪਾਇਆ ਜਾ ਸਕਦਾ ਹੈ, ਕਿਸੇ ’ਤੇ ਘਟ ਤੇ ਕਹਾਣੀ ਹੀ ਉਹ ਹਮੇਸ਼ਾ ਅਧੂਰੀ ਰਹਿੰਦੀ ਹੈ...ਰੇਤ ਦੇ ਉੱਚੇ ਟਿੱਬੇ-ਜਿਹੀ ਬਣਦੀ-ਵਿਗੜਦੀ-ਹਵਾਵਾਂ ਦੇ ਮਿਜਾਜ ’ਤੇ......ਅਸੀਮ ਸੰਭਾਵਨਾਵਾਂ ਨਾਲ ਭਰੀ ਉਹ ਸਿਰਫ ਇਕ ਰਾਤ ਦਾ ਕਿੱਸਾ ਹੁੰਦੀ ਹੈ। ਸਵੇਰੇ ਲੋਕ ਭੁੱਲ ਜਾਂਦੇ ਹਨ ਤੇ ਅਧੂਰੀਆਂ ਕਹਾਣੀਆਂ ਆਸਮਾਨ ਵਿੱਚ ਬੱਦਲਾਂ ਦੇ ਟੁਕੜਿਆਂ ਵਾਂਗ ਤੈਰਦੀਆਂ ਰਹਿੰਦੀਆਂ ਹਨ, ਜਿਨ੍ਹਾਂ ਦੀਆਂ ਮਗਰੋਂ ਬਿਆਨਬਾਜ਼ੀਆਂ ਕੀਤੀਆਂ ਜਾਂਦੀਆਂ ਹਨ। ਜਾਂ ਕਿਸੇ ਵੀਰਾਨ ਬੰਜਰ ਧਰਤੀ ਵਾਂਗ ਕਿਸੇ ਬੀਜ ਦੀ ਉਡੀਕ ਵਿਚ ਓਧਰ ਦੇਖਦੀ ਰਹਿੰਦੀ ਹੈ, ਜਿਸ ਪਾਸੇ ਕਿਸੇ ਦੇ ਆਉਣ ਦੀ ਭੋਰਾ ਵੀ ਉਮੀਦ ਹੈ।

ਉਸ ਵੇਲੇ ਉਸ ਨੂੰ ਲੱਗਦਾ ਸੀ, ਉਸਦੇ ਅੰਦਰ ਜੋ ਇੱਛਾ ਸੀ ਉਸਦੇ ਪ੍ਰਤੀ, ਉਹ ਉਸੇ ਤਰ੍ਹਾਂ ਝੜ ਗਈ ਹੈ, ਜਿਵੇਂ ਪਤਝੜ ਵਿਚ ਦਰਖਤਾਂ ਦੇ ਪੱਤੇ ਝੜ ਜਾਂਦੇ ਹਨ ਤੇ ਫੇਰ ਉਸਨੂੰ ਖਾਲੀ ਹੋ ਚੁੱਕਣ ਜਿਹਾ ਪ੍ਰਤੀਤ ਹੋਣ ਲੱਗਾ। ਕਿਹੋ ਜਿਹਾ ਮਹਿਸੂਸ ਕਰਦੀਆਂ ਹੋਣਗੀਆਂ ਖਾਲੀ ਵੀਰਾਨ ਟਹਿਣੀਆਂ, ਜਦੋਂ ਉਨ੍ਹਾਂ ਦੀਆ ਨੰਗੀਆਂ ਬਾਹਾਂ ਖਾਲੀ ਅਸਮਾਨ ਵੱਲ ਉੱਠੀਆਂ ਹੋਈਆਂ ਹੋਣ। ਸਿਰਫ...ਕੁਝ ਮੰਗਦੀਆਂ-ਜਿਹੀਆਂ ਦਇਆ ਜਾਂ ਭੀਖ ਜਿਹੀ ਕੋਈ ਚੀਜ਼। ਨਹੀਂ, ਉਹ ਨਹੀਂ ਮੰਗੇਗੀ ਤੇ ਉਸਨੇ ਆਪਣੀਆਂ ਖਾਲੀ ਬਾਹਾਂ ਵਾਪਸ ਆਪਣੇ ਵੱਲ ਸਮੇਟ ਲਈਆਂ ਸੀ-ਉਹ ਫੁਲੀ ਨਹੀਂ, ਫਲੀ ਨਹੀਂ, ਜਣਨੀ ਨਹੀਂ ਬਣੀ ਤਾਂ ਇਹ ਉਸਦਾ ਕਸੂਰ ਨਹੀਂ। ਉਹ ਕਿਉਂ ਇਸ ਲਈ ਸ਼ਰਮਿੰਦਗੀ ਮਹਿਸੂਸ ਕਰੇ ?

ਕਦਮ ਨਹੀਂ ਉਠੇ ਸੀ ਕਿਸੇ ਵੱਲ ਉਹ ਸੁੰਨੀ ਰਾਤ ਸੁੰਨੀਆਂ ਅੱਖਾਂ ਨਾਲ ਉਸਨੂੰ ਦੇਖਦੀ ਰਹਿ ਗਈ ਸੀ।

ਅਗਲੀ ਸਵੇਰ ਉਸਨੇ ਤਾਏ ਨੂੰ ਜਾਣ ਦੀ ਗੱਲ ਦੱਸੀ ਤਾਂ ਉਹ ਚੌਂਕ ਗਿਆ ਸੀ- “ਪਾਗਲ ਹੋ ਗਿਆ ਏਂ ਓਏ ? ਸਾਧੂ-ਸਨਿਆਸੀ ਤਾਂ ਸਾਰੀ ਦੁਨੀਆਂ ਨੂੰ ਆਪਣਾ ਸਮਝਦੇ ਨੇ, ਤੂੰ ਤਾਂ ਆਪਣੇ ਹੀ ਘਰ ਲਈ ਗੈਰ ਹੋ ਗਿਆ। ਅਜੇ ਉਸਦੀ ਚਿਤਾ ਦੀ ਅੱਗ ਠੰਢੀ ਵੀ ਨਹੀਂ ਹੋਈ ਹੋਏਗੀ ਤੇ ਤੂੰ ਜਾਣ ਦੀ ਗੱਲ ਕਰ ਰਿਹਾਂ। ਹੁਣ ਕਿਤੇ ਨਹੀਂ ਜਾਵੇਂਗਾ ਤੂੰ। ਇਨ੍ਹਾਂ ਦੋ ਔਰਤਾਂ ਨੂੰ ਦੇਖ, ਕੀ ਕਸੂਰ ਏ ਇਨ੍ਹਾਂ ਦਾ ? ਕਿਉਂ ਛੱਡੇਂਗਾ ਤੂੰ ਇਨ੍ਹਾਂ ਨੂੰ ? ਨਹੀਂ ਜਾਵੇਗਾ ਤੂੰ ਕਿਤੇ। ਮੈਂ ਕਹਿ ਰਿਹਾਂ।”

“ਤੁਹਾਡੇ ਕਹਿਣ ਤੇ ਰੁਕਾਂਗਾ, ਅਜਿਹੀ ਉਮੀਦ ਤੁਸੀਂ ਨਾ ਰੱਖੋ। ਤੁਹਾਡੀ ਆਗਿਆ ਦਾ ਉਲੰਘਣ ਕਰ ਰਿਹਾ ਹਾਂ, ਪਰ ਮੈਨੂੰ ਮਾਫ ਕਰ ਦਿਓ। ਮੈਂ ਸਾਰਿਆਂ ਦਾ ਅਪਰਾਧੀ ਹਾਂ, ਪਰ ਕੀ ਕਰਾਂ ? ਮੈਂ ਨ੍ਹੀਂ ਬਣਿਆ ਇਸ ਸਭ ਲਈ। ਜੇ ਇਹ ਮੇਰਾ ਕਸੂਰ ਏ ਤਾਂ ਮੈਨੂੰ ਮਾਫ ਕਰ ਦੇਣਾ। ਸਾਰਿਆਂ ਦੇ ਬਗੈਰ ਇਹ ਦੁਨੀਆਂ ਚਲਦੀ ਹੈ, ਚਲਦੀ ਰਹੇਗੀ। ਮੇਰੇ ਬਿਨਾਂ ਵੀ... ਮੈਂ ਕੌਣ ਹੁੰਦਾ ਹਾਂ ਕਿਸੇ ਦਾ ? ਹਰ ਇਨਸਾਨ ਆਪਣਾ ਮਾਲਿਕ ਆਪ



ਏ। ਮੈਂ ਤਾਂ ਮਰ ਹੀ ਗਿਆ ਸੀ ਇਨ੍ਹਾਂ ਸਾਰਿਆਂ ਲਈ, ਬਾਰ੍ਹਾਂ ਸਾਲ ਪਹਿਲਾਂ। ਉਹ ਤਾਂ ਅਚਾਨਕ ਤੁਹਾਡਾ ਤਾਰ ਆਇਆ ਤੇ ਲਗਿਆ, ਜਾਵਾਂ, ਪਿਉ-ਰਿਣ ਤੋਂ ਮੁਕਤ ਹੋ ਜਾਵਾਂ। ਹੁਣ ਇਹ ਸਭ ਪਿਛਲੇ ਜਨਮ ਜਿਹੀਆਂ ਗੱਲਾਂ ਲੱਗਦੀਆਂ ਨੇ-ਅਸੀਂ ਸਾਰੇ ਆਪਣੀਆਂ-ਆਪਣੀਆਂ ਕਬਰਾਂ ’ਤੇ ਖੜੇ ਹੋਏ ਲੋਕ ਹਾਂ।”

ਉਹ ਸ਼ਾਂਤ ਆਵਾਜ਼ ਵਿਚ ਕਹਿੰਦਾ-ਕਹਿੰਦਾ ਅਚਾਨਕ ਰੁਕ ਗਿਆ। ਕਿਤੇ ਤਾਇਆ ਨਾ ਸਮਝੇ, ਪ੍ਰਵਚਨ ਕਰ ਰਿਹਾ ਹੈ। ਉਸਨੇ ਉਨ੍ਹਾਂ ਦੀਆਂ ਅੱਖਾਂ ਵਿਚ ਦੇਖਿਆ-ਉਨ੍ਹਾਂ ਦੀਆਂ ਅੱਖਾਂ ਭਰੀਆਂ ਹੋਈਆਂ ਸੀ। ਫੇਰ ਉਠਦਾ ਹੋਇਆ ਬੋਲਿਆ “ਜਿਵੇਂ ਈਸ਼ਵਰ ਦੀ ਮਰਜੀ, ਮੈਂ ਕੀ ਕਰ ਸਕਦਾ ਹਾਂ।”

ਤੇ ਉਹ ਜਾਣ ਲੱਗਿਆ। ਫੇਰ ਰੁਕ ਗਿਆ। ਤੇ ਦੂਜੇ ਪਾਸੇ ਮੂੰਹ ਕਰਕੇ ਬੋਲਿਆ, “ਹੁਣ ਆਇਆ ਏਂ ਤਾਂ ਬਾਰਵਾਂ ਕਰ ਲੈ, ਫੇਰ ਜਾਵੀਂ। ਕੀ ਪਤਾ ਫੇਰ ਕਿਸੇ ਦੀ ਮੌਤ ’ਤੇ ਆਵੇਂ ਜਾਂ ਨਾ ਆਵੇਂ। ਇੰਨਾ ਵੀ ਨ੍ਹੀਂ ਕਰ ਸਕਦਾ ਤਾਂ ਤਿੰਨ ਦਿਨ ਠਹਿਰ ਜਾ। ਜ਼ਰੂਰੀ ਰਸਮਾਂ ਹੋ ਜਾਣ, ਚਲਿਆਂ ਜਾਵੀਂ। ਫੁਲ ਚੁਗ ਲੈ ਘਟ-ਤੋਂ-ਘਟ।”

“ਅੱਜ ਰੁੱਕ ਜਾਂਦਾ ਹਾਂ, ਕਲ ਚਲਿਆ ਜਾਊਂਗਾ।” ਉਸਨੇ ਆਪਣੀ ਉਸੇ ਸ਼ਾਂਤ ਆਵਾਜ਼ ਵਿਚ ਕਿਹਾ।

ਸਾਰਾ ਦਿਨ ਮਹਿਮਾਨਾਂ ਦੀ, ਰਿਸ਼ਤੇਦਾਰਾਂ ਦੀ, ਆਉਣ-ਜਾਣ ਵਾਲਿਆਂ ਦੀ ਭੀੜ ਲੱਗੀ ਰਹੀ। ਉਸ ਨੂੰ ਲੱਗਿਆ, ਲੋਕ ਤਾਂ ਉਸ ਨੂੰ ਕਦੋਂ ਦਾ ਮਰਿਆ ਸਮਝ ਉਸਦੀ ਕਬਰ ’ਤੇ ਆਪਣੀ ਯਾਦ ਦਾ ਦੀਵਾ ਜਗਾ ਚੁੱਕੇ ਹਨ। ਸਿਰਫ ਦੋ ਆਤਮਾਵਾਂ ਵਿਚ ਉਹ ਜਿਉਂਦਾ ਹੈ-ਜਗਦੇ-ਬੁਝਦੇ ਨਿੱਕੇ ਚਿਰਾਗ ਵਾਂਗ।

ਉਨ੍ਹਾਂ ਲੋਕਾਂ ਤੋਂ ਅੱਕ ਕੇ ਉਹ ਇਕ ਖਾਲੀ ਕਮਰੇ ਵਿਚ ਚਲਿਆ ਗਿਆ ਤੇ ਦਰਵਾਜ਼ਾ ਅੰਦਰੋਂ ਬੰਦ ਕਰਕੇ ਪਿਆ ਰਿਹਾ।

ਖਾਣੇ ਵੇਲੇ ਕਿਸੇ ਨੇ ਦਰਵਾਜਾ ਖੜਕਾਇਆ। ਉਸਨੇ ਉਠ ਕੇ ਦਰਵਾਜ਼ਾ ਖੋਲ੍ਹਿਆ ਤਾਂ ਦੋ ਹੱਥਾਂ ਨੇ ਥਾਲੀ ਅਗੇ ਵਧਾ ਦਿੱਤੀ।

“ਸੁਣੋ ।” ਉਸਨੇ ਝਿਜਕਦਿਆਂ ਹੋਇਆਂ ਕਿਹਾ।

ਝੁਕੀਆਂ ਨਜ਼ਰਾਂ ਉਠੀਆਂ ਨਹੀਂ ਉਸਦੀਆਂ। ਉਸਨੇ ਝੁਕ ਕੇ ਥਾਲੀ ਧਰਤੀ ’ਤੇ ਰੱਖੀ ਤੇ ਵਾਪਸ ਮੁੜ ਗਈ।

“ਤਨੂੰ, ਸੁਣੋ।” ਉਸਨੇ ਛੇਤੀ ਦੇਣੇ ਅਗੇ ਵਧ ਕੇ ਪਿਛੋਂ ਉਸਦਾ ਪੱਲਾ ਫੜ ਲਿਆ।

“ਰੁਕ ਜਾਓ। ਨਾਰਾਜ਼ ਹੋ ਲਓ। ਬੁਰਾ-ਭਲਾ ਕਹਿ ਲਓ। ਮੈਂ ਤੁਹਾਡਾ ਗੁਨਾਹਗਾਰ ਹਾਂ। ਪਰ ਮੈਨੂੰ ਮਾਫ ਕਰ ਦਿਓ।”

ਉਸਨੇ ਪੱਲਾ ਆਪਣੇ ਵੱਲ ਖਿਚਿਆ ਤਾਂ ਉਹ ਹੌਲੀ-ਹੌਲੀ ਉਸਦੇ ਵੱਲ ਮੁੜੀ ਪਰ ਚਿਹਰਾ ਉਤਾਂਹ ਨਾ ਚੁੱਕਿਆ। ਉਸਨੇ ਪੱਲਾ ਛੱਡ ਦਿੱਤਾ।

“ਇਥੋਂ ਜਾਣ ਮਗਰੋਂ ਮੈਂ ਬਹੁਤ ਭਟਕਿਆ। ਜਾਣ ਨਹੀਂ ਸਕਿਆ ਸੀ ਕੀ ਸਹੀ-ਕੀ ਗਲਤ। ਹਰ ਵੇਲੇ ਤੇਰੀਆਂ ਅੱਖਾਂ ਮੇਰਾ ਪਿਛਾ ਕਰਦੀਆਂ। ਹੰਝੂਆਂ ਨਾਲ, ਗੁੱਸੇ ਨਾਲ, ਨਫਰਤ ਨਾਲ ਭਰੀਆਂ। ਲਗਦਾ, ਹੋਰ ਕਿਸੇ ਦਾ ਹਾਂ ਜਾਂ ਨਹੀਂ, ਪਰ ਤੇਰਾ ਬਹੁਤ ਵੱਡਾ ਗੁਨਾਹਗਾਰ ਹਾਂ।”

ਉਸਨੇ ਸਿਰ ਉਤਾਂਹ ਚੁੱਕਿਆ ਤਾਂ ਉਹ ਇਕਦਮ ਖਾਮੋਸ਼ ਹੋ ਗਿਆ। ਉਸਦੀਆਂ ਵੀਰਾਨ ਅੱਖਾਂ ਵਿਚ ਅਜੀਬ-ਜਿਹਾ ਭਾਵ ਉੱਤਰ ਆਇਆ, ਜਿਸ ਨੂੰ ਉਹ ਉਸ ਵੇਲੇ ਕੋਈ ਸ਼ਬਦ ਨਾ ਦੇ ਸਕਿਆ।

“ਇਕ ਗੱਲ ਪੁੱਛਾਂ ?”

"ਪੁੱਛ।"

"ਤੂੰ ਜੋ ਚਾਹੁੰਦਾ ਸੀ, ਪਾ ਲਿਆ ?"

"ਪੂਰਾ ਨ੍ਹੀਂ। ਪਰ ਮੈਂ ਰਾਹ ਵਿਚ ਹਾਂ ਤੇ ਨਿਰਾਸ਼ ਨਹੀਂ ਹਾਂ। ਅੱਧਾ ਰਾਹ ਤਹਿ ਕਰ ਚੁੱਕਿਆ ਹਾਂ।"

"ਤੂੰ ਇਕੱਲਾ ਹੀ ਅੱਧਾ ਰਾਹ ਤਹਿ ਕਰ ਸਕਦਾ ਏਂ।" ਉਸਨੇ ਉਸਦੀ ਗੱਲ ਵਿਚੋਂ ਹੀ ਕਟ ਦਿੱਤੀ ਤੇ ਬਰਫ ਜਿਹੀ ਠੰਢੀ ਆਵਾਜ਼ ਵਿਚ ਬੋਲੀ, 'ਤੂੰ ਬਹੁਤ ਵੱਡਾ ਸਵਾਮੀ ਹੋ ਗਿਆ ਏਂ ਨਾ। ਜਿਨ੍ਹਾਂ ਸਵਾਲਾਂ ਦੇ ਜਵਾਬ ਲਈ ਤੂੰ ਭਟਕਿਆ ਕਰਦਾ ਸੀ, ਉਨ੍ਹਾਂ ਦੇ ਜਵਾਬ ਮਿਲ ਗਏ ਹੋਣਗੇ। ਅੱਜ ਮੇਰੇ ਇਕ ਸਵਾਲ ਦਾ ਜਵਾਬ ਵੀ ਦਿੰਦਾ ਜਾ- ਤੁਸੀਂ ਲੋਕ ਔਰਤ ਨੂੰ ਹਮੇਸ਼ਾ ਇਕ ਰੋੜਾ ਕਿਉਂ ਸਮਝਦੇ ਹੋ ? ਸੰਸਾਰ ਵਿਚ ਉਸ ਨੂੰ ਨਾਲ ਲੈ ਕੇ ਚਲਣ ਵਿਚ ਸਾਰਥਿਕਤਾ ਕਿਉਂ ਨਹੀਂ ਪਾਉਂਦੇ। ਜਦੋਂ ਸੰਸਾਰ ਤੋਂ ਬੇਮੁਖ ਹੋਏ ਤਾਂ ਸਭ ਤੋਂ ਪਹਿਲਾਂ ਉਸ ਨੂੰ ਛੱਡਿਆ। ਪੁੱਛ ਸਕਦੀ ਹਾਂ ਕਿਉਂ ? ਔਰਤ ਕੀ ਸਿਰਫ ਸੌਣ ਦੇ ਕੰਮ ਆਉਂਦੀ ਏ ? ਤੁਹਾਡੇ ਦੇਵਪੁਰਸ਼ਾਂ ਨੇ ਔਰਤ ਜਦੋਂ ਤਕ ਚਾਹੀ, ਨਾਲ ਰੱਖੀ, ਫੇਰ ਅਣਚਾਹੀ ਸਮਝ ਕਿਨਾਰਾ ਕਰ ਲਿਆ। ਅਸੀਂ ਨੀਂਹ ਦੇ ਪੱਥਰ ਹਾਂ ਤਰੁਣ ਜਿਸ 'ਤੇ ਤੁਹਾਡੇ ਭਵਨ ਖੜੇ ਨੇ। ਜਿਸ ਕੁਖ 'ਤੇ ਪੈਰ ਰੱਖ ਕੇ ਖੜੇ ਹੁੰਦੇ ਹੋ ਤੁਸੀਂ, ਉਸੇ ਨੂੰ ਉਜਾੜਦੇ ਹੋ-ਇਹੀ ਕਹਿੰਦਾ ਏ ਤੁਹਾਡਾ ਧਰਮ ?"

ਉਹ ਪੱਥਰ ਹੋਇਆ ਸੁਣ ਰਿਹਾ ਹੈ। ਉਸ ਦੇ ਸਾਹਾਂ ਦੀ ਗਤੀ ਤੇਜ਼ ਹੋ ਗਈ ਹੈ।

"ਤੇਰੇ ਜਾਣ ਮਗਰੋਂ ਮੈਂ ਤੇਰੇ ਧਰਮ ਗੁਰੂਆਂ ਨੂੰ ਪੜ੍ਹਿਆ। ਸੋਚਿਆ, ਜੇ ਮੋਕਸ਼ ਹੀ ਅੰਤਮ ਸੱਚ ਏ ਤਾਂ ਜਾਣ ਲਵਾਂ ਜ਼ਰਾ।"

"ਤੈਨੂੰ ਪਤਾ ਏ ਨਾ, ਬੁੱਧ ਨੇ ਤੀਵੀਆਂ ਨੂੰ ਦੀਕਸ਼ਾ ਦੇਣ ਤੋਂ ਇਨਕਾਰ ਕਰ ਦਿੱਤਾ ਸੀ ਤੇ ਜਦੋਂ ਉਨ੍ਹਾਂ ਨੂੰ ਇਸ ਗੱਲ ਦਾ ਜ਼ੋਰ ਪਾਇਆ ਗਿਆ, ਉਨ੍ਹਾਂ ਨੇ ਸਮਝੌਤਾ ਕਰਦਿਆਂ ਹੋਇਆਂ ਕਿਹਾ-ਹੁਣ ਇਹ ਧਰਮ ਪੰਜ ਸੌ ਸਾਲ ਤੋਂ ਜ਼ਿਆਦਾ ਨਹੀਂ ਚਲੇਗਾ।"

"ਮਹਾਵੀਰ ਨੇ ਇਸਤਰੀ ਨਿਰਮਾਣ ਲਈ ਮੁਕਤੀ ਦੀ ਸੰਭਾਵਨਾ ਤੋਂ ਇਨਕਾਰ ਕਰ ਦਿੱਤਾ ਕਿ ਜਦੋਂ ਤਕ ਇਹ ਪੁਰਸ਼ ਦੇ ਬਰਾਬਰ ਰੂਪ ਵਿਚ ਜਨਮ ਨ੍ਹੀਂ ਲੈਂਦੀ, ਉਸ ਨੂੰ ਮੁਕਤੀ ਨਹੀਂ ਮਿਲ ਸਕਦਾ।"

ਉਹ ਸਾਹ ਲੈਣ ਲਈ ਰੁਕੀ।

"ਮੈਨੂੰ ਮੁਕਤੀ ਨਹੀਂ ਚਾਹੀਦੀ, ਇਸ ਗੱਲ ਦਾ ਜਵਾਬ ਚਾਹੀਦਾ ਕਿ ਤੁਹਾਡਾ ਧਰਮ ਇੰਨਾ ਤਿਆਗਯੋਗ ਕਿਉਂ ਸਮਝਦਾ ਏ ਔਰਤ ਨੂੰ ?"

ਉਹ ਅਪਰਾਧੀ-ਜਿਹਾ ਖੜਾ ਰਹਿ ਗਿਆ ਹੈ। ਇਸ ਗੱਲ ਦੇ ਬਹੁਤ-ਸਾਰੇ ਜਵਾਬ ਹੋ ਸਕਦੇ ਹਨ। ਉਨ੍ਹਾਂ ਜਵਾਬਾਂ ਦੇ ਬਹੁਤ ਸਾਰੇ ਪ੍ਰਸ਼ਨ-ਫੇਰ ਉਨ੍ਹਾਂ ਦੇ ਜਵਾਬ। ਮਨੁੱਖੀ-ਹੋਂਦ ਖੁਦ ਇਕ ਪ੍ਰਸ਼ਨ-ਚਿੰਨ ਹੈ।

"ਘਰ ਤੁਹਾਡੇ ਮੋਢਿਆਂ 'ਤੇ ਹੁੰਦਾ ਏ ਜਦ ਤਕ ਚਾਹਿਆ ਚੁੱਕੀ ਰੱਖਿਆ, ਨਹੀਂ ਤਾਂ ਭਾਰ ਸਮਝ ਕੇ ਛੱਡ ਦਿੱਤਾ ਕਿਤੇ ਵੀ। ਪਰ ਉਹ ਸਾਡੇ ਤਾਂ ਦਿਲ ਵਿਚ ਹੁੰਦਾ ਏ। ਅਸੀਂ ਉਸਦੇ ਬਿਨ੍ਹਾਂ ਨਹੀਂ ਰਹਿ ਸਕਦੀਆਂ ਤਰੁਣ।"

"ਜਾਣਦੀ ਹਾਂ, ਤੂੰ ਜਾਣ ਲਈ ਆਇਆ ਏਂ। ਜਾ ਮੈਂ ਤੈਨੂੰ ਸ਼ਰਾਪ ਨਹੀਂ ਦੇਵਾਂਗੀ। ਪਰ ਜਿਸ ਤਰ੍ਹਾਂ ਤੈਂ ਮੇਰੇ 'ਤੇ ਜ਼ਿੰਦਗੀ ਦਾ ਭਾਰ ਪਾਇਆ ਏ, ਤੇਰੇ 'ਤੇ ਵੀ ਕੋਈ-ਨਾ-ਕੋਈ ਭਾਰ ਹੋਊਗਾ ਹੀ। ਤੂੰ ਮੁਕਤ ਨਹੀਂ ਹੋ ਸਕਦਾ। ਮੈਂ ਤਾਂ ਫੇਰ ਤੇਰੇ ਤੋਂ ਘੱਟ ਨਿਰਦਈ ਹਾਂ। ਜਿਸ ਬੋਝ ਤੋਂ ਤੂੰ ਦੌੜਿਆਂ, ਉਸ ਨੂੰ ਮੈਂ ਸਹਿਜਤਾ ਨਾਲ ਚੁੱਕ ਲਿਆ, ਤੂੰ ਇਨਸਾਨ ਨੂੰ ਅਮਰ ਬਣਾਉਣ ਚਲਿਆ ਤੇ ਮੇਰੇ ਦੁਖਾਂ ਨੂੰ ਅਮਰ ਕਰ ਗਿਆ। ਨ੍ਹੀਂ, ਮੈਂ ਤੇਰਾ ਪੱਲਾ ਫੜ ਕੇ ਤੇਰੇ ਤੋਂ ਇਨਸਾਫ ਨ੍ਹੀਂ ਮੰਗਾਂਗੀ। ਜੋ ਆਪਣੇ ਲਈ ਨਿਆਂ ਨਾ ਕਰ ਸਕਿਆ, ਉਹ ਮੇਰੇ ਲਈ



ਨਿਆਂ ਕੀ ਕਰੇਗਾ ? ਜਿਸ ਅਮਰਤਾ ਨੂੰ ਤਲਾਸ਼ ਰਿਹਾ ਏ ਤੂੰ, ਕੀ ਤੂੰ ਉਸ ਨੂੰ ਪਾ ਲਵੇਂਗਾ ? ਤੂੰ ਫੇਰ-ਫੇਰ ਮੁੜੇਗਾ ਤੇ ਉਸ ਨੂੰ ਫੇਰ-ਫੇਰ ਲੱਭੇਗਾ ? ਇਹ ਇਕ ਜਨਮ ਵਿਚ ਨ੍ਹੀਂ ਮਿਲਦਾ-ਜਨਮ ਦੀ ਦੌੜ ਹੈ ਇਹ ਤੇ ਇਸਦੇ ਲਈ ਘਰ ਛੱਡ ਕੇ ਭੱਜਣ ਦੀ ਜ਼ਰੂਰਤ ਨਹੀਂ। ਲੱਗਨ ਪੱਕੀ ਹੋਵੇ ਤਾਂ ਕਿਤੇ ਵੀ ਕੁਝ ਵੀ ਹਾਸਿਲ ਕਰ ਲਵੋ।"

ਉਸ ਤੋਂ ਇਕਦਮ ਕੁਝ ਨਾ ਬੋਲਿਆ ਗਿਆ। ਖੁਦ ਨੂੰ ਸੰਭਾਲ ਕੇ ਉਸਨੇ ਜਿਵੇਂ ਹੀ ਬੋਲਣਾ ਚਾਹਿਆ-ਦੇਖਿਆ-ਉਹ ਜਾ ਰਹੀ ਹੈ।

ਅਗਲੀ ਸਵੇਰ ਜਾਣ ਦੀ ਤਿਆਰੀ ਵਿਚ ਹੈ ਉਹ। ਮਾਂ ਨੂੰ ਪਤਾ ਲੱਗ ਗਿਆ ਕਿ ਉਹ ਜਾ ਰਿਹਾ ਹੈ। ਉਸਨੇ ਨਾ ਬੁਲਾਇਆ, ਨਾ ਕੋਲ ਬੈਠਾਇਆ, ਨਾ ਮੋਢੇ 'ਤੇ ਸਿਰ ਧਰ ਕੇ ਰੋਈ, ਨਾ ਮਿੰਨਤਾਂ ਕੀਤੀਆਂ ਕਿ ਨਾ ਜਾ।

ਉਹ ਜਿਵੇਂ ਹਾਜਿਰ ਹੋ ਕੇ ਵੀ ਗੈਰਹਾਜਿਰ ਹੈ। ਉਸਦੀਆਂ ਉਮੀਦਾਂ, ਆਸ਼ਾਵਾਂ, ਦੁਖ-ਸੁਖ, ਹਾਸਾ-ਰੁਧਣ ਦੇ ਘੇਰੇ ਤੋਂ ਬਹੁਤ ਦੂਰ-ਪਰਾਇਆ-ਜਿਹਾ-ਪਰਾਏ ਸੰਸਾਰ ਦਾ ਵਾਸੀ।

"ਮਾਂ, ਮੈਂ ਜਾ ਰਿਹਾਂ।" ਉਹ ਉਸਦੇ ਪੈਰੀਂ ਹੱਥ ਲਾਉਣ ਨੂੰ ਝੁਕਿਆ ਤਾਂ ਉਹ ਪਿਛੇ ਹੱਟ ਗਈ।

"ਨਾ-ਨਾ, ਨਾ ਛੂਹ ਮੈਨੂੰ। ਮੇਰਾ ਬੇਟਾ ਕਿਥੇ ਰਿਹਾ ਤੂੰ, ਸਵਾਮੀ ਹੋ ਗਿਆ ਏਂ। ਜਾ-ਜਾ, ਤੇਰਾ ਈਸ਼ਵਰ ਤੇਰੀ ਉਡੀਕ ਕਰ ਰਿਹਾ ਹੋਊਗਾ।"

ਉਸਨੇ ਆਪਣੀ ਹਿਝਕੀ ਦਬਾਉਣ ਲਈ ਪੱਲਾ ਮੂੰਹ 'ਤੇ ਰੱਖ ਲਿਆ ਤੇ ਫੇਰ ਰੋਂਦੀ ਹੋਈ ਬੋਲੀ-"ਉਸ ਨੂੰ ਮਿਲ ਕੇ ਆਇਆ ਏਂ ?"

ਉਹ ਸਿਰ ਝੁਕਾਈ ਖੜਾ ਰਿਹਾ।

ਮਾਂ ਨੇ ਅੰਦਰ ਮੂੰਹ ਕਰਕੇ ਆਵਾਜ਼ ਦਿੱਤੀ-"ਇਹ ਜਾ ਰਿਹਾ ਏ ਤਨੂੰ....।"

"ਜਾਣ ਦੇ ਮਾਂ। ਇਹ ਫੇਰ-ਫੇਰ ਮੁੜੇਗਾ, ਫੇਰ-ਫੇਰ ਜਾਣ ਲਈ.....।"

**ਅਨੁ: ਗੁਰਮੇਲ ਮਡਾਹੜ**

## ਰੰਗਮਹਿਲ ਵਿਚ ਨੱਚੀ ਰਾਧਾ/ ਨੀਲਾਕਸ਼ੀ ਸਿੰਘ

ਉਹ ਇਕ ਸੁਖੀ ਪਰਿਵਾਰ ਸੀ। ਹਰ ਪਾਸੇਉਂ ਸੁਖੀ। ਸੁਦਾਮਾ ਪ੍ਰਸ਼ਾਦ, ਐਮ.ਏ.ਬੀ. ਐਲ.। ਆਪਣੇ ਜ਼ਮਾਨੇ ਦਾ ਮੂੰਹਫਟ ਵਕੀਲ। ਇਸ ਜ਼ਮਾਨੇ ਤਕ ਜ਼ੁਬਾਨ ਸਹੀ-ਸਲਾਮਤ ਗੜ੍ਹਕਦੀ ਸੀ। ਹਾਲਾਂਕਿ ਧਾਰ ਖੁੰਡੀ ਹੋ ਚਲੀ ਸੀ...ਵਕਤ ਦੀ ਮਾਰ। ਖ਼ੈਰ, ਉਹ ਬਾਹਟ ਸਾਲ ਦੀ ਉਮਰ ਦਾ ਹੱਟਾ-ਕੱਟਾ ਸੀ। ਪੰਜਾ ਲੜਾਉਣ ਵਿਚ ਅੱਜ ਤੱਕ ਵਿਚ, ਉਹ ਇਕ ਪਾਸੇ... ਅਤੇ ਦੋਵੇਂ ਬੇਟੇ ਤੇ ਤਿੰਨ ਪੋਤੇ ਇਕ ਪਾਸੇ ਹੋਣ, ਫੇਰ ਵੀ ਉਸਦਾ ਪੰਜਾ ਹੀ ਉਪਰ ਰਹੇ, ਅਜਿਹਾ ਹੌਂਸਲਾ। ਉਂਝ ਇਹ ਕੋਈ ਖਾਸ ਹੈਰਾਨੀ ਵਾਲੀ ਗੱਲ ਨਹੀਂ ਹੋਈ। ਅੱਜ ਕਲ੍ਹ ਦੇ ਪੁੱਤਾਂ-ਪੋਤਿਆਂ ਵਿਚ ਤਾਕਤ ਹੁੰਦੀ ਹੀ ਕਿੰਨੀ ਹੈ। ਨਵੇਂ ਪੋਚ  ਵਿਚ ਤਾਕਤ ਦਾ ਕੇਂਦਰ ਸਰੀਰ ਦੀ ਜਗ੍ਹਾ ਦਿਮਾਗ ਹੁੰਦਾ ਹੈ। ਦਿਮਾਗ ਮਜਬੂਤ ਤੇ ਸਰੀਰ ਪਿਲਪਿਲਾ। ਸੁਦਾਮਾ ਪ੍ਰਸ਼ਾਦ ਆਪਣੇ ਅਸਲੀ ਦੰਦਾਂ ਨਾਲ ਗੰਨੇ ਦੀ ਮੋਟੀ ਪੋਰੀ ਪਟਾਕ ਦੇਣੇ ਛਿੱਲਦੇ ਤੇ ਪੋਤਿਆਂ ਨੂੰ ਛੋਟੀਆਂ-ਛੋਟੀਆਂ ਗਨੇਰੀਆਂ ਬਣਾ ਕੇ ਦਿੰਦੇ ਤਾਂ ਕਿ ਰਸ ਚੂਸਣ ਵਿਚ ਸਹੂਲਤ ਹੋਵੇ। ਉਸਦੀ ਇਸ ਜਵਾਂਮਰਦਾਨਗੀ ਨਾਲ ਪੋਤੇ ਕਿਲਕਦੇ ਤੇ ਪੁੱਤਾਂ ਦੇ ਮਸੂੜਿਆਂ ਵਿਚ ਚੀਸ ਉਠਦੀ। ਠਹਾਕੇ ਵਗੈਰਾ ਲਾਉਣ ਵਿਚ ਤਾਂ ਉਹ ਪਰਹੇਜ ਨਹੀਂ ਕਰਦੇ ਤੇ ਜਿੰਨੀ ਹਸਰਤ ਨਾਲ ਕ੍ਰਿਕੇਟ ਮੈਚ ਦੇਖਦੇ, ਦੂਰਦਰਸ਼ਨ ਲੜੀਵਾਰਾਂ ਦੇ ਨਾਲ ਵੀ ਉਹੀ ਸਲੂਕ ਹੁੰਦਾ। ਸ਼ਹਿਰ ਵਿਚ ਜਦੋਂ ਕੇਬਲ ਦੇ ਕੁਨੈਕਸ਼ਨ ਦਾ ਫੈਸ਼ਨ ਮੁੱਢਲੀ ਸਟੇਜ ਵਿਚ ਹੀ ਸੀ, ਉਦੋਂ ਉਸਨੇ ਇਕ ਪਤਲਾ ਸਫੈਦ ਤਾਰ ਆਪਣੇ ਘਰ ਤਕ ਖਿਚਵਾ ਲਿਆ ਸੀ, ਤੇ 'ਸਟਾਰਪਲੱਸ' ਉਸਦਾ ਪਸੰਦ ਦਾ ਚੈਨਲ ਸੀ।  ਉਹ ਸਿਹਤਮੰਦ ਸੀ, ਮਸਤ ਸੀ ਤੇ ਜ਼ਿੰਦਗੀ ਨੂੰ ਚੁਸਕੀਆਂ ਨਾਲ ਪੀਂਦਾ ਹੋਇਆ ਭਰਪੂਰ ਮਜੇ ਨਾਲ ਜੀਉਂ ਰਿਹਾ ਸੀ।

ਦੀਵਾਨਬਾਈ ਕਿੱਸੇ ਦੀ ਤਰ੍ਹਾਂ ਚੰਚਲ ਸੀ। ਪਾਨ ਸੁਪਾਰੀ ਦੀ ਸ਼ੌਕੀਨ। ਉਸਦੇ ਬੁੱਲ੍ਹਾਂ ਦੇ ਜੋੜ ਤਾਜ਼ੇ ਪਾਨ ਦੀ ਲਾਲੀ ਨਾਲ ਸਿਉਂਤੇ ਮਿਲਦੇ ਤੇ ਅੱਖਾਂ ਦੇ ਹੇਠ-ਉੱਪਰ ਕੱਜਲ ਹੁੰਦਾ। ਅੱਡੀਆਂ  ਤੇ ਆਲਤੇ ਦੀ ਲਾਲੀ ਤੇ ਪੱਲੇ ਦੇ ਆਖਰੀ ਸਿਰੇ ਵਿਚ ਚਾਬੀਆਂ ਦਾ ਗੁੱਛਾ। ਦੀਵਾਨਬਾਈ ਦੇ ਹੱਥਾਂ ਵਿਚ ਅੱਜ ਵੀ ਘਰ ਦੀ ਦੀਵਾਨੀ ਮੌਜੂਦ ਸੀ।

ਦੀਵਾਨਬਾਈ ਕਹਾਣੀ ਦੀ ਤਰ੍ਹਾਂ ਗੰਭੀਰ ਸੀ। ਉਸਦਿਆਂ ਭਰਵੱਟਿਆਂ ਦੇ ਵਿਚਾਲੇ ਚੁਆਨੀ ਜਿੱਡੀ ਲਾਲ ਸੰਦੂਰ ਦੀ ਬਿੰਦੀ ਰਹਿੰਦੀ ਸੀ ਜਿਹੜੀ ਦਿਨ ਢਲਦਿਆਂ-ਢਲਦਿਆਂ ਥੋੜ੍ਹੀ ਉਪਰ ਵੱਲ ਤਿਰਛੀ ਹੋ ਜਾਂਦੀ ਸੀ। ਆਪਣੇ ਭਰਵੱਟਿਆਂ ਦੀ 'ਤੇ ਚੜ੍ਹਾਈ-ਉਤਰਾਈ ਦੀ ਤਰ੍ਹਾਂ ਹੀ ਉਹ ਘਰ ਵਿਚ ਪੈਬੰਦ ਤੇ ਮਖਮਲ ਵਾਲੇ-ਦੋਵਾਂ ਦਿਨਾਂ ਦੀ ਗਵਾਹ ਸੀ। ਸੁਦਾਮਾ ਪ੍ਰਸ਼ਾਦ ਦੇ ਨਾਲ ਜਦੋਂ ਉਸਦਾ ਚਕਰ ਚਲਿਆ, ਉਦੋਂ ਦੀਵਾਨਬਾਈ ਮੁਸ਼ਕਲ ਨਾਲ ਸਤਾਰਾਂ-ਅਠਾਰਾਂ ਸਾਲਾਂ ਦੀ ਹੋਵੇਗੀ। ਹਾਲਾਂਕਿ ਉਸ ਜ਼ਮਾਨੇ ਵਿਚ ਵਰ ਜਾਂ ਬਹੂ ਦੀ ਰਜਾ ਜਾਂ ਨਾਮਰਜੀ ਜਿਹੇ ਸਵਾਲਾਂ ਦਾ ਕੋਈ ਰਿਵਾਜ ਨਹੀਂ ਹੁੰਦਾ ਸੀ। ਫੇਰ ਵੀ ਦੇਖਿਆ ਜਾਵੇ ਤਾਂ ਦੀਵਾਨਬਾਈ ਦੀ ਨਾਮਰਜੀ ਦੀ ਪ੍ਰਵਾਹ ਨਾ ਕਰਦਿਆਂ ਉਸਦਾ ਕੰਨਿਆਦਾਨ ਕੀਤਾ ਗਿਆ



ਸੀ। ਤੇ ਓਧਰ ਸੁਦਾਮਾ ਪ੍ਰਸ਼ਾਦ ਦੇ ਘਰ ਦੀ ਖਸਤਾ ਹਾਲਤ ਸਿਰੇ ਪਹੁੰਚੀ ਹੋਈ ਸੀ। ਸੁਦਾਮਾ ਪ੍ਰਸ਼ਾਦ ਕਾਨੂੰਨ ਦੇ ਦਾਅਪੇਚ ਵਾਲੀ ਖਰਚੀਲੀ ਪੜ੍ਹਾਈ ਪੜ੍ਹ ਰਿਹਾ ਸੀ ਤੇ ਉਸਦੇ ਸਵਰਗੀ ਪਿਤਾ ਦੀ ਥੋੜ੍ਹੀ ਪੂੰਜੀ ਨਾਲ ਉਸਦੀ ਪੜ੍ਹਾਈ ਦਾ ਖਰਚ ਚਲ ਰਿਹਾ ਸੀ- ਲੋਕ ਅਜਿਹਾ ਜਾਣਦੇ ਸੀ। ਪਰ ਅਸਲੀਅਤ ਕੁਝ ਹੋਰ ਹੀ ਸੀ। ਸੁਦਾਮਾ ਪ੍ਰਸ਼ਾਦ ਆਪਣੇ ਮਾਂ-ਬਾਪ ਦੇ ਬੁੜ੍ਹਾਪੇ ਦੀ ਇਕਲੌਤੀ ਔਲਾਦ ਸੀ। ਉਸਦੇ ਪਿਤਾ ਮਰੇ ਸੀ ਜ਼ਰੂਰ ਪਰ ਬਿਨਾਂ ਕੁਝ ਛੱਡਿਆ। ਉਸ ਜ਼ਮਾਨੇ ਵਿਚ ਸ਼ਰੀਫ ਜਾਤ ਦੀਆਂ ਔਰਤਾਂ ਦਿਨ-ਦਿਹਾੜੇ ਬਾਹਰੀ ਕੰਮ ਨਹੀਂ ਕਰਦੀਆਂ ਸੀ। ਤਾਂ ਉਸਦੀ ਬੁੱਢੀ ਗਰੀਬ ਮਾਂ ਰਾਤ ਦੇ ਹਨੇਰੇ ਵਿਚ ਮੂੰਹ ਢੱਕ ਕੇ ਰੇਲਗੱਡੀਆਂ ਵਿਚ ਮੂੰਗਫਲੀ, ਭੁਜੀਆ ਆਦਿ ਵੇਚਣੀ ਸੀ ਅਤੇ ਦਿਨ ਦੇ ਚਾਨਣ ਵਿਚ ਨਕਲੀ ਗਹਿਣੇ ਤੇ ਫਾਲਤੂ ਭਾਂਡੇ। ਇਨ੍ਹਾਂ ਮਾੜੇ ਮੋਟੇ ਪੈਸਿਆਂ ਨਾਲ ਉਸਦੀ ਗੱਡੀ ਰਿੜ੍ਹਦੀ ਸੀ। ਨਿਮਨ ਮਧ ਵਰਗ ਦੀਆਂ ਹਕੀਕਤਾਂ ਕਦੇ-ਕਦੇ ਬੜੀਆਂ ਹੈਰਾਨੀਜਨਕ ਹੁੰਦੀਆਂ ਹਨ। ਦੀਵਾਨਬਾਈ ਵਿਆਹ ਤੋਂ ਮਗਰੋਂ ਜਦੋਂ ਇਸ ਹਕੀਕਤ ਦੇ ਰੂਬਰੂ ਹੋਈ ਤਾਂ ਉਸਦੀ ਚੇਤਨਾ ਸੁੰਨ ਹੋ ਗਈ। ਪਰ ਛੇਤੀ ਹੀ ਉਹ ਇਸ ਸਦਮੇ ਤੋਂ ਉਭਰ ਆਈ ਕਿਉਂਜੁ ਇਸ ਤੋਂ ਵੀ ਵੱਡਾ ਸਦਮਾ ਸਾਹਮਣੇ ਸੀ। ਇਕ ਰਾਤ, ਇਸੇ ਤਰ੍ਹਾਂ ਗੱਡੀਆਂ ਵਿਚ ਚੜਨ-ਉਤਰਨ ਵਾਲੇ ਖੇਡ ਵਿਚ ਟ੍ਰੇਨ ਤੋਂ ਉਤਰਣ ਵੇਲੇ ਸੁਦਾਮਾ ਪ੍ਰਸ਼ਾਦ ਦੀ ਮਾਂ ਦੇ ਕੁਲੀਨ ਸਿੱਖੇ ਪੈਰ ਸਾੜ੍ਹੀ ਵਿਚ ਉਲਝ ਗਏ ਤੇ ਗੱਡੀ ਇਕ ਸਿਸਕੀ ਲੈਂਦੀ  ਹੋਈ ਖਚ...ਖਚ...ਖਚਾਕ ਨਾਲ ਰੁਕੀ ਤੇ ਦੋ ਮਿੰਟ ਬਾਅਦ ਫੇਰ ਚਲ ਪਈ। ਬਿਨਾਂ ਵਿਕੀ ਮੂੰਗਫਲੀ, ਜਿਹੜੀ ਪਲੇਟਫਾਰਮ ਦੀ ਪਟੜੀ 'ਤੇ ਖਿਡ ਗਈ ਸੀ, ਉਸ ਨਾਲ ਉਸ ਰਾਤ ਕੁੱਤਿਆਂ ਦਾ ਚੰਗਾ ਭੋਜਨ ਹੋਇਆ ਪਰ ਤੇਰ੍ਹਾਂ ਦਿਨ ਬਾਅਦ ਸਕੇ-ਸੰਬੰਧੀਆਂ ਤੇ ਬ੍ਰਾਹਮਣ ਨੂੰ ਖਵਾਉਣ ਲਈ ਇਕ ਛੋਟੇ ਭੋਜ ਦਾ ਚੰਗਾ ਪ੍ਰਬੰਧ ਨਾ ਹੋ ਸਕਿਆ । ਮਾਂ ਦੀ ਦੁਆ, ਵਕਤ ਦਾ ਫੇਰ, ਦੀਵਾਨਬਾਈ ਦੀ ਕਿਸਮਤ....ਜੋ ਕਹੋ, ਘਟਨਾ ਦੇ ਤੁਰੰਤ ਬਾਅਦ ਸੁਦਾਮਾ ਪ੍ਰਸ਼ਾਦ ਨੂੰ ਇਕ ਰਾਸ਼ਣ-ਪਾਣੀ ਦੀ ਦੁਕਾਨ 'ਤੇ ਛੋਟੀ-ਮੋਟੀ ਨੌਕਰੀ ਮਿਲ ਗਈ। ਦੀਵਾਨਬਾਈ ਨੇ ਖੁਸ਼ਹਾਲ ਬਚਪਨ ਤੇ ਸੁਸਤ ਜਵਾਨੀ ਦੇ  ਕਾਮੀ ਦਿਨਾਂ ਦੇ ਆਪਣੇ ਸਿੱਖੇ ਹੁਨਰਾਂ ਨੂੰ ਚਮਕਾਇਆ ਤੇ ਕੁਝ ਸਾਦੇ ਕੱਪੜੇ ਉਸਦੇ ਘਰ ਆਉਣ ਲਗੇ ਤੇ ਉਸ ਘਰ ਵਿਚੋਂ ਜਾਂਦੇ ਵਕਤ ਉਨ੍ਹਾਂ ਕੱਪੜਿਆਂ 'ਤੇ ਤਰ੍ਹਾਂ-ਤਰ੍ਹਾਂ ਦੇ ਫੁਲ ਪਤੇ-ਟਹਿਣੀਆਂ ਕੱਢੇ ਹੁੰਦੇ। ਕਸੀਦੇ ਦੇ ਪੈਸਿਆਂ ਨਾਲ ਦਾਲ-ਨਮਕ ਦਾ ਜੁਗਾੜ ਹੋਇਆ ਤੇ ਬਾਣੀਆਗਿਰੀ ਦੇ ਪੈਸਿਆਂ ਨਾਲ ਪੜ੍ਹਾਈ ਪੂਰੀ ਹੋਈ। ਫੇਰ ਸ਼ੁਰੂ ਹੋਈ ਵਕਾਲਤ ਤੇ ਦਿਨ ਬਦਲ ਗਏ।

ਹੁਣ ਤੱਕ ਦੀ ਕਹਾਣੀ ਨਾਲ ਇਕ ਸਵਾਲ ਪੈਦਾ ਹੁੰਦਾ ਹੈ। ਵਿਆਹ ਵਿਚ ਦੀਵਾਨਬਾਈ ਦੀ ਨਾਮਰਜੀ ਸੀ, ਅਜਿਹਾ ਕਿਉਂ ? ਇਸਦੇ ਬਾਰੇ ਵਿਚ ਥੋੜ੍ਹਾ ਠਹਿਰ ਕੇ । ਅਜੇ ਸੁਦਾਮਾ ਪ੍ਰਸ਼ਾਦ ਤੇ ਦੀਵਾਨਬਾਈ ਦੀ ਕੁਲ ਵਿਚ ਪੈਦਾ ਹੋਏ ਦੋਹੇਂ ਬੇਟਿਆਂ ਦੀ ਗੱਲ। ਮੂੰਗਫਲੀ ਵਾਲੀ ਬੁੱਢੀ ਦੀ ਤਰਜ਼ 'ਤੇ ਹੀ ਦੀਵਾਨਬਾਈ ਨੂੰ ਵੀ ਮੁਕਾਬਲਤਨ ਵੱਧ ਉਮਰ ਵਿਚ ਮਾਂ ਦਾ ਸੁਖ ਮਿਲਿਆ। ਹਾਲਾਂਕਿ ਇਨ੍ਹਾਂ ਦੋ ਔਰਤਾਂ ਦੇ ਇਸ ਸੰਯੋਗ ਦੀ ਪਿੱਠਭੂਮੀ ਬਿਲਕੁੱਲ ਵੱਖਰੀ ਸੀ। ਪਹਿਲੀ ਜਿਥੇ ਮਰਜੀ, ਜ਼ਰੂਰਤ ਤੇ ਕੋਸ਼ਿਸ਼ ਤਿੰਨਾਂ ਦੀ ਹਾਜ਼ਰੀ ਵਿਚ ਵੀ ਉਮਰ ਢਲਨ 'ਤੇ ਮਾਂ ਬਣ ਸਕੀ ਸੀ, ਉੱਥੇ ਦੀਵਾਨਬਾਈ ਦੇ ਮਾਮਲੇ ਵਿਚ ਇੱਛਾ-ਤੱਤ ਦੀ ਘੋਰ ਘਾਟ ਸੀ। ਫੇਰ ਵੀ ਉਹ ਸੱਸ ਜਿੰਨੀ ਦੇਰੀ ਦਾ ਸ਼ਿਕਾਰ ਹੋਣ ਤੋਂ ਬਚ ਗਈ ਸੀ ਤੇ ਵਿਆਹ ਦੇ ਦਸ ਸਾਲ ਮਗਰੋਂ ਉਸਦੀ ਗੋਦ ਵਿਚ ਪਹਿਲਾ ਬੇਟਾ ਹੋਇਆ। ਫੇਰ ਦੂਜਾ। ਦੋਵੇਂ ਬੇਟੇ ਜ਼ਮਾਨੇ ਦੇ ਲਿਹਾਜ ਨਾਲ  ਸਪੂਤ ਨਿਕਲੇ। ਬਹੂਆਂ ਦੇ ਸੁਭਾਅ ਵਿਚ ਚੰਚਲਤਾ, ਆਜ਼ਾਦੀ ਤੇ ਤੇਜ਼ੀ  ਦੀ ਹਲਕੀ ਪੁੱਠ ਸੀ ਜ਼ਰੂਰ ਪਰ ਘਰ ਇਸ ਤਰ੍ਹਾਂ ਸੁਦਾਮਾ ਪ੍ਰਸ਼ਾਦ ਤੇ ਦੀਵਾਨਬਾਈ ਦੇ ਸਿਕੰਜੇ ਵਿਚ ਜਕੜਿਆ ਸੀ ਕਿ ਉਨ੍ਹਾਂ ਨੇ ਆਪਣੀਆਂ ਭਾਵਨਾਵਾਂ ਨੂੰ ਫਿਲਹਾਲ ਸੁੱਤੀ ਹੋਈ ਅਵਸਥਾ ਵਿਚ ਰਹਿਣ ਦੇਣਾ ਹੀ ਠੀਕ ਮੰਨ ਲਿਆ। ਵੱਡੇ ਬੇਟੇ ਦੇ ਇਕ

ਲੜਕਾ ਸੀ ਅਤੇ ਛੋਟੇ ਦੇ ਦੋ। ਸੁਦਾਮਾ ਪ੍ਰਸ਼ਾਦ ਇਸ ਬੇਦਾਗ ਪੁੱਤਾਂ ਦੀ ਨਸਲ ਤੋਂ ਗਦਗਦ ਸੀ ਤੇ ਸੰਤੁਸ਼ਟ ਸੀ ਕਿ ਆਪਣੇ ਖਾਨਦਾਨ ਨੂੰ ਕੰਨਿਆ ਦੇ ਗ੍ਰਹਿਣ ਤੋਂ ਅਜੇ ਤਕ ਸਾਬੁਤ ਬਚਾ ਲਿਆਏ ਸੀ ਉਹ। ਬੇਟੇ ਪੜ੍ਹਨ-ਲਿਖਣ ਵਿਚ ਕੋਈ ਖਾਸ ਕਰਿਸ਼ਮਾ ਕਰਦੇ ਨਹੀਂ ਨਜ਼ਰ ਆਏ ਸੀ ਤਾਂ ਉਸਨੇ ਆਪਣੇ ਖਾਨਦਾਨੀ ਪੇਸ਼ੇ ਦੇ ਵੱਲ ਰੁਖ ਕੀਤਾ। ਹੁਣ ਵੱਡੇ ਬੇਟੇ ਦਾ ਇਕ ਕੰਮ ਚਲਾਊ ਜਨਰਲ ਸਟੋਰ ਸੀ, ਤੇ ਛੋਟੇ ਦਾ ਐਸ.ਟੀ.ਡੀ ਬੂਥ ਕਮ ਫੈਕਸ-ਜੀਰਾਕਸ ਸੈਂਟਰ। ਪੋਤੇ ਅਜੇ ਦੁੱਧ ਦੰਦਾਂ ਦੀ ਉਮਰ ਵਿਚ ਸਨ।

ਸਮਾਂ ਆਪਣੀ ਚਾਲ ਨਾਲ ਚਲ ਰਿਹਾ ਸੀ, ਜਦੋਂ ਅਚਾਨਕ ਇਕ ਘਟਨਾ ਵਾਪਰੀ। ਇਸ ਘਟਨਾ ਦੇ ਪ੍ਰਭਾਵ ਦੇ ਸੂਤਰ ਨੂੰ ਸਮਝਣ ਲਈ ਵਿਚਕਾਰ ਛੁਟ ਗਏ ਉਸ ਪ੍ਰਸ਼ਨ ਦਾ ਉੱਤਰ ਜ਼ਰੂਰੀ ਹੈ। ਸੰਨ ਉੱਨੀ ਸੌ ਤ੍ਰੇਹਟ-ਬਾਹਟ। ਉਹ ਜ਼ਮਾਨਾ ਜਦੋਂ ਦੀਵਾਨਬਾਈ ਉਲਟਾ ਪੱਲਾ ਸਾੜ੍ਹੀ ਪਹਿਨੀ ਤੇ ਰਿਬਨ ਨਾਲ ਕਸ ਕੇ ਬੰਨੀਆਂ ਦੋ ਮੁੜੀਆਂ-ਮੁੜੀਆਂ ਗੁੱਤਾਂ ਨੂੰ ਕੰਨਾਂ ’ਤੇ ਲਟਕਾ ਕੇ ਸ਼ਹਿਰ ਦੇ ਇਕਲੌਤੇ ਵੀਮੈਨ ਕਾਲਜ ਵਿਚ ਪੜ੍ਹਨ ਜਾਂਦੀ ਸੀ। ਤਿੰਨ ਮਕਾਨ ਛੱਡ ਕੇ ਚੌਥੇ ਮਕਾਨ ਦੇ ਲਗਭਗ ਹਮਉਮਰ ਪਰ ਖਾਂਦੇ-ਪੀਂਦੇ ਗੈਰ-ਜਾਤ ਮੁੰਡੇ ਨਾਲ ਉਸਦਾ ਇਸ਼ਕ ਹੋ ਗਿਆ। ਤਤਕਾਲੀ ਅਰਥਾਂ ਵਾਲਾ ਇਸ਼ਕ। ਤੇ ਇਸ਼ਕ ਹੋਣ ਦੀ ਹਾਲਤ ਤੇ ਉਸ ਨੂੰ ਕਰਨ ਦਾ ਤਰੀਕਾ ਵੀ ਉਹੀ, ਜਿਹੜਾ ਉਸ ਜ਼ਮਾਨੇ ਵਿਚ ਖੂਬ ਚਲਿਆ ਹੋਇਆ ਸੀ। ਪਹਿਲਾਂ ਛੱਤ ਤੋਂ ਅੱਖ-ਮਟੱਕਾ, ਫਿਰ ਗਲੀ ਵਿਚ ਕਦੇ ਆਉਂਦੇ-ਕਦੇ ਜਾਂਦੇ ਨਜ਼ਰਾਂ ਦਾ ਟਕਰਾਉਣਾ, ਜਾਂ ਫੇਰ ਮੇਲੇ ਵਿਚ, ਜਾਂ ਫਿਰ ਕਾਲਜ ਦੇ ਬਾਹਰ....ਆਦਿ-ਆਦਿ। ਸੰਵਾਦ ਅਦਾਇਗੀ ਦੇ ਨਾਂ ’ਤੇ ਇਕ ਦਿਨ ਕਾਲਜ ਦੇ ਬਾਹਰ ਬੱਸ ਨਾਂ ਵਗੈਰਾ ਦਾ ਅਦਾਨ-ਪ੍ਰਦਾਨ ਹੋਇਆ ਸੀ। ਬਾਕੀ ਸਮਾਂ ਬੱਸ ਮੂਕ ਸੁਨੇਹਿਆਂ ਦਾ ਹੀ ਸਹਾਰਾ ਸੀ। ਪਰ ਐਨ ਵਕਤ ’ਤੇ ਦੀਵਾਨਬਾਈ ਦਾ ਪਿਤਾ ਖਲਨਾਇਕ ਦੇ ਭੇਸ ਵਿਚ ਮੰਚ ’ਤੇ ਪ੍ਰਗਟ ਹੋਇਆ। ਉਹ ਪੇਸ਼ੇ ਤੋਂ ਵਕੀਲ ਸੀ, ਤੇ ਲਾਅ ਕਾਲਜ ਵਿਚ ਪੜ੍ਹਾਉਂਦਾ ਵੀ ਸੀ। ਤੇ ਉਥੇ ਹੀ ਉਨ੍ਹਾਂ ਨੇ ਇਕ ਜਹੀਨ ਪਰ ਆਰਥਿਕ ਮੋਰਚੇ ’ਤੇ ਕਮਜ਼ੋਰ ਜਵਾਈ ਲਭਿਆ ਆਪਣੇ ਲਈ। ਫਾਇਦਾ ਦੂਹਰਾ। ਵਰ ਦੇ ਸੁਯੋਗ ਨਿਕਲਣ ਦੀ ਗਰੰਟੀ ਸੀ ਤੇ ਕਮਜ਼ੋਰ ਹੈਸੀਅਤ ਦੇ ਪਿਉਵਾਰੇ ਵਰ ਨੂੰ ਆਪਣੀ ਹੈਸੀਅਤ ਦੀ ਧਾਂਕ ਦਿਖਾ ਕੇ ਮੁਫਤ ਵਿਚ ਕੰਨਿਆ ਨਿਪਟਾਈ ਜਾ ਸਕਣ ਦਾ ਮੌਕਾ ਵੀ ਸੀ। ਦੀਵਾਨਬਾਈ ਤੋਂ ਨਾ ਮਰਜੀ ਪੁੱਛੀ ਗਈ, ਨਾ ਉਸਨੇ ਦੱਸੀ। ਬੱਸ ਝਟਕੀ ਜਾਣ ਲਈ ਆਪਣੀ ਧੌਣ ਅੱਗੇ ਵਧਾ ਦਿੱਤੀ।ਲਾੜਾ ਖੁਸ਼ ?ਪ੍ਰੇਮੀ ਹੈਰਾਨ ਸੁੰਨ ।

ਦੀਵਾਨਬਾਈ ਅੱਗ ਦੇ ਫੇਰੇ ਲੈਣ ਮਗਰੋਂ ਠੰਢੀ ਹੋ ਗਈ। ਠੰਢੀ ਸਿਲ ’ਤੇ ਗ੍ਰਹਿਸਤੀ ਦਾ ਮੁੱਢ ਬੱਝਿਆ। ਸ਼ੁਰੂ ਦੇ ਦਿਨ ਤਾਂ ਤਾਜ਼ੇ-ਤਾਜ਼ੇ ਬਹੂਪਣੇ ਨੂੰ ਸੰਭਾਲਣ ਵਿਚ ਬੀਤ ਗਏ ਤੇ ਟ੍ਰੇਨ ਵਾਲੇ ਹਾਦਸੇ ਵਿਚ ਸੁਦਾਮਾ ਪ੍ਰਸ਼ਾਦ ਦੀ ਮਾਂ ਦੇ ਗੁਜਰਦਿਆਂ ਹੀ ਦੀਵਾਨਬਾਈ ਇਕਦਮ ਸਖਤ ਜਾਨ ਬਣ ਗਈ। ਉਹ ਸਾਰਾ ਦਿਨ ਖਟਨ ਲਗੀ ਤੇ ਆਪਣੇ ਆਪਨੂੰ ਕੰਮ ਵਿਚ ਲਾਈ ਰੱਖਦੀ। ਪਰ ਕਿਸ ਦੇ ਲਈ ? ਕਿਸੇ ਹੋਰ ਲਈ ਨਹੀਂ। ਸ਼ਾਇਦ ਆਪਣੇ ਲਈ। ਤਾਂਕਿ ਯਾਦਾਂ ਤੋਂ ਤੇ ਉਨ੍ਹਾਂ ਹਨੇਰੇ ਦੇ ਸੁਪਨਿਆਂ ਤੋਂ ਪਿਛਾ ਛੁਡਾਇਆ ਜਾ ਸਕੇ। ਪਰ ਜੇ ਅਜਿਹਾ ਸੰਭਵ ਹੋਇਆ ਹੁੰਦਾ ਤਾਂ ਦੁਨੀਆਂ ਦੀ ਸ਼ਾਇਦ ਹਰ ਪ੍ਰੇਮ ਕਹਾਣੀ ਅਧੂਰੀ ਰਹਿ ਜਾਂਦੀ। ਕਸੀਦਾ ਕੱਢਦਿਆਂ-ਕੱਢਦਿਆਂ ਉਸਦੀਆਂ ਉਂਗਲਾਂ ਵਿਚ ਸੂਈ ਚੁਭ ਜਾਂਦੀ ਕਦੇ , ਤਾਂ ਆਹ ਉਹ ਤਿੰਨ ਘਰ ਛੱਡ ਕੇ ਚੌਥੇ ਘਰ ਵਾਲੇ ਦੇ ਨਾਂ ਦੀ ਹੀ ਨਿਕਲਦੀ ਸੀ। ਜਦੋਂ ਕੱਪੜੇ ਦੇਣ ਵਾਲੇ, ਵਾਪਸ ਉਨ੍ਹਾਂ ਨੂੰ ਲੈ ਜਾਣ ਲੱਗਦੇ ਤੇ ਦੀਵਾਨਬਾਈ ਦੀ ਮੁੱਠੀ ਰੁਪਿਆਂ ਨਾਲ ਭਰੀ ਹੁੰਦੀ, ਉਦੋਂ ਅਚਾਨਕ ਉਸਦਾ ਦਿਲ ਚਹਿਕਦਾ-ਇਨ੍ਹਾਂ ਪੈਸਿਆਂ ਨਾਲ ਉਸ ਮੰਗਲ ਮੂਰਤ, ਸਾਂਵਲੀ ਸੂਰਤ ਲਈ ਕੀ ਖਰੀਦਿਆ ਜਾਵੇ ਪਰ ਉਸੇ ਤੇਜ਼ੀ ਨਾਲ ਉਸਦਾ ਦਿਲ ਬੈਠ ਵੀ ਜਾਂਦਾ ਤੇ ਉਸਦੇ ਬੁੱਲ੍ਹ ਸੁਕ ਜਾਂਦੇ ਵਰਤਮਾਨ ਦੇ ਤਾਪ ਨਾਲ। ਲੋਕਾਂ ਨੇ ਕਿਹਾ ਦੀਵਾਨਬਾਈ



ਦੀ ਮਿਹਨਤ ਰੰਗ ਲਿਆਈ.... ਉਸਦਾ ਪਤੀ ਵਕੀਲ ਬਣ ਗਿਆ। ਦੀਵਾਨਬਾਈ ਨੇ ਸੁਣਿਆ, ਉਸਦਾ ਪ੍ਰੇਮੀ ਦਿਨ-ਰਾਤ ਮਿਹਨਤ ਕਰ ਰਿਹਾ ਹੈ....ਬਾਪ ਦੇ ਬਾਅਦ ਉਸਨੇ ਕਾਰੋਬਾਰ ਬਾਖੂਬੀ ਸੰਭਾਲ ਲਿਆ ਹੈ। ਉਹ ਦੋਵੇਂ ਆਪਣੇ ਪ੍ਰੇਮ ਦੀ ਧਾਰ ਲੁਕੋਣ ਲਈ ਤੇ ਕਿਸਮਤ ਦੀ ਮਾਰ ਨੂੰ ਭੁਲਾਉਣ ਲਈ ਤਾਬੜ-ਤੋੜ ਮਿਹਨਤ ਕਰੀਂ ਜਾ ਰਹੇ ਸੀ! ਦੀਵਾਨਬਾਈ ਜਦੋਂ ਪੰਦਰਾਂ-ਵੀਹ ਮਿੰਟ ਰਿਕਸ਼ੇ ਦੀ ਸਵਾਰੀ ਕਰਕੇ ਆਪਣੇ ਪੇਕੇ ਪਹੁੰਚਦੀ ਤਾਂ ਸ਼ਾਮ ਦੇ ਘੁਸਮੁਸੇ ਵਿਚ ਉਸਦੀਆਂ ਅੱਖਾਂ ਤਿੰਨ ਘਰ ਪਾਰ ਵਾਲੀ ਛੱਤ ਨਾਲ ਚਿਪਕ ਜਾਂਦੀਆਂ। ਕਿਤੇ....ਕੁਝ....ਦਿੱਸੇ...। ਸ਼ਕਲ ਨਾ....ਪਰਛਾਵਾਂ ਸਹੀ। ਇਕ ਵਾਰ ਦੀਵਾਨਬਾਈ ਦਾ ਤੁਤਲਾ ਕੇ ਅੰਮਾ-ਪਾਪਾ,ਪਾਪਾ-ਮਾਮਾ ਬੋਲਣ ਵਾਲਾ ਡੇਢ ਸਾਲ ਦਾ ਬੇਟਾ ਜਦੋਂ ਉਸ ਘਰੋਂ ਦਿਨ-ਦਿਹਾੜੇ ਕੁਝ ਫੁਲ ਚੁਰਾ ਲਿਆਇਆ ਸੀ, ਉਦੋਂ ਦੀਵਾਨਬਾਈ ਨੇ ਦਬ ਕੇ ਉਸਨੂੰ ਕੁਟਿਆ ਸੀ। ਫੁਲ ਚੁਰਾਉਣ ਲਈ ਨਹੀਂ....ਬਲਕਿ ਇਸ ਲਈ ਕਿ ਦੀਵਾਨਬਾਈ ਦੇ ਲੱਖ ਮੰਗਣ ’ਤੇ ਵੀ ਬੱਚਾ ਉਸ ਨੂੰ ਉਹ ਫੁੱਲ ਦੇਣ ਨੂੰ ਤਿਆਰ ਨਹੀਂ ਸੀ। ਬੱਚੇ ਨੇ ਮਾਰ ਖਾ ਲਈ, ਪਰ ਮੁੱਠੀ ਨਹੀਂ ਖੋਲ੍ਹੀ। ਉਸਦੇ ਸੌਣ ਮਗਰੋਂ ਦੀਵਾਨਬਾਈ ਨੇ ਢਿੱਲੀ ਪੈ ਚੁੱਕੀ ਮੁੱਠੀ ਦੀਆਂ ਉਂਗਲੀਆਂ ਸਿਧੀਆਂ ਕੀਤੀਆਂ ਤੇ ਪਸੀਨੇ ਨਾਲ ਭਿੱਜੀਆਂ ਬੇਲੀ ਦੀਆਂ ਤਿੰਨ ਕਲੀਆਂ ਉਥੋਂ ਕੱਢੀਆਂ। ਉਨ੍ਹਾਂ ਤਿੰਨਾਂ ਮੁਰਝਾਈਆਂ ਕਲੀਆਂ ਨੂੰ ਆਪਣੀ ਹਥੇਲੀ ’ਤੇ ਖਿੜਾਇਆ, ਹੰਝੂਆਂ ਨਾਲ ਧੋ-ਧੋਕੇ। ਦੀਵਾਨਬਾਈ ਜਦੋਂ ਉਨ੍ਹਾਂ ਕਲੀਆਂ ਨੂੰ ਭਰਪੂਰ ਪਿਆਰ ਕਰ ਚੁੱਕਣ ਤੋਂ ਬਾਅਦ ਆਪਣੇ ਪੱਲੇ ਨਾਲ ਬੰਨ ਸਹੇਜ ਲੈਣ ਚਲੀ, ਉਦੋਂ ਬੇਲੀ ਦੀ ਇਕ ਨਿੱਕੀ ਪੰਖੜੀ ਉਸਦੇ ਹੇਠਲੇ ਬੁੱਲ੍ਹ ਨਾਲ ਚਿਪਕੀ ਰਹਿ ਗਈ। ਦੀਵਾਨਬਾਈ ਦੀਆਂ ਜਵਾਨ ਅੱਖਾਂ ਦੇ ਸਾਹਮਣੇ ਉਸਦੇ ਪ੍ਰੇਮੀ ਦਾ ਘਰ ਵਸਿਆ। ਉਸਦੀ ਬਾਲ-ਬੱਚੇਦਾਰ, ਲੱਦੀਆਂ-ਫੱਦੀਆਂ ਅੱਖਾਂ ਦੇ ਸਾਹਮਣੇ ਉਸਦੇ ਪ੍ਰੇਮੀ ਦੇ ਘਰ ਕਿਲਕਾਰੀਆਂ ਗੂੰਜੀਆਂ। ਉਸ ਪਾਰੋਂ ਚੰਦ ਤੇ ਸੁਦਾਮਾ ਪ੍ਰਸ਼ਾਦ ਨੂੰ ਵਾਰੀ-ਵਾਰੀ ਦੇਖਦੀਆਂ ਅੱਖਾਂ ਦੇ ਸਾਹਮਣੇ ਉਸਦਾ ਪ੍ਰੇਮੀ ਰੰਡਾ ਹੋ ਗਿਆ। ਦੂਰ ਦੀਆਂ ਚੀਜ਼ਾਂ ਧੁੰਦਲੀਆਂ ਦਿਖਾਈ ਦੇਣ ਵਾਲੀਆਂ ਅੱਖਾਂ ਦੇ ਸਾਹਮਣੇ ਉਸਦੇ ਪ੍ਰੇਮੀ ਦੇ ਵਾਲ ਚਿੱਟੇ ਹੋਏ ਤੇ ਹੁਣ...ਥੋੜ੍ਹਾ ਵੀ ਜ਼ੋਰ ਦੇ ਕੇ ਜਾਂ ਲਗਾਤਾਰ ਕੁਝ ਦੇਖਣ ’ਤੇ ਭਰ ਆਉਣ ਵਾਲੀਆਂ ਅੱਖਾਂ ਦੇ ਸਾਹਮਣੇ ਉਸਦੇ ਪ੍ਰੇਮੀ ਦੇ ਦੋਵੇਂ ਬੱਚੇ ਆਪਣੇ ਪਰਿਵਾਰ ਸਮੇਤ, ਕਾਰ-ਦੁਰਘਟਨਾ ਵਿਚ ਮਾਰੇ ਗਏ।

ਛੋਟਾ ਸ਼ਹਿਰ ਸੀ। ਕਸਬਾ ਕਹੋ। ਗੱਲ ਰਿਝਦੇ ਮੀਟ ਦੀ ਖੁਸ਼ਬੂ ਦੀ ਤਰ੍ਹਾਂ ਫੈਲਦੀ ਸੀ। ਸ਼ਹਿਰ ਦਾ ਇਕ ਇੱਜਤਦਾਰ ਭਲਾ ਆਦਮੀ ਤੇ ਅਜਿਹੀ ਬਿਪਤਾ ! ਸ਼ਯਾਮ ! ਸ਼ਯਾਮ! ਤੀਵੀਆਂ ਦੀਆਂ ਅੱਖਾਂ ਭਰ ਆਈਆਂ ਸੀ ਤੇ ਆਦਮੀਆਂ ਨੇ ਲੰਮੇ ਹੌਕੇ ਲਏ। ਸੁਦਾਮਾ ਪ੍ਰਸ਼ਾਦ ਸ਼ਾਮ ਦੀ ਤਫਰੀ ਤੋਂ ਘਰ ਨੂੰ ਮੁੜਿਆ ਤੇ ਉਸਦੇ ਬਦਹਵਾਸ ਬੁੱਲ੍ਹਾਂ ’ਤੇ ਖ਼ਬਰ ਸੀ। ਘਰ ਵਿਚ ਟੀ.ਵੀ. ’ਤੇ ਅੰਤਰਾਕਸ਼ੀ ਦੇਖਣ ਦੀ ਤਿਆਰੀ ਸੀ। ਸਾਰੇ ਆਪਣਾ-ਆਪਣਾ ਆਸਣ ਸੰਭਾਲ ਚੁੱਕੇ ਸੀ। ਬੱਸ ਉਸਦਾ ਹੀ ਇੰਤਜਾਰ ਸੀ। ਦੀਵਾਨਬਾਈ ਐਨਕ ਲਾ ਕੇ ਛੇਤੀ ਛੇਤੀ ਸਵੇਰੇ ਲਈ ਚਾਵਲ ਚੁਗ ਰਹੀ ਸੀ। ਇਹੀ ਦ੍ਰਿਸ਼ ਸੀ ਜਦੋਂ ਮੰਚ ’ਤੇ ਸੁਦਾਮਾ ਪ੍ਰਸ਼ਾਦ ਨੇ ਹੌਕੇ ਭਰਦਿਆਂ ਹੋਇਆਂ ਉਹ ਨਾਟਕੀ ਸੰਵਾਦ ਬੋਲਿਆ। ਸਾਰੇ ਲੋਕ ਥੋੜ੍ਹੇ-ਥੋੜ੍ਹੇ ਬੁੱਲ੍ਹ ਖੋਲ੍ਹ ਕੇ ਹੱਕੇ-ਬੱਕੇ ਰਹਿ ਗਏ। ਪਰ ਸਭ ਤੋਂ ਡੂੰਘਾ ਭਾਵ ਦੀਵਾਨਬਾਈ ਦੇ ਚਿਹਰੇ ’ਤੇ ਉਭਰਿਆ। ਬਰੀਕ ਨਜ਼ਰਾਂ ਨਾਲ ਜਾਇਜਾ ਲਈਏ ਤਾਂ ਉਸਦੇ ਚਿਹਰੇ ’ਤੇ ਰੇਸ਼ਮੀ ਧਾਗੇ ਜਿਹੀਆਂ ਮਹੀਨ ਕਈ ਛੋਟੀਆਂ-ਛੋਟੀਆਂ ਰੇਖਾਵਾਂ ਉਭਰੀਆਂ ਸੀ। ਦੀਵਾਨਬਾਈ ਦੇ ਅਗੇ ਸਾਰੇ ਰੋੜ ਅਤੇ ਚਾਵਲ ਇਕ ਰੰਗ ਦੇ ਹੋ ਗਏ। ਇਹ ਤਾਂ ਭੇਤ ਦੇ ਮਿਟਣ ਦੀ ਸ਼ੁਰੂਆਤ ਸੀ। ਇਸ ਤੋਂ ਅਗੇ ਆਪਣਾ-ਪਰਾਇਆ, ਜਾਇਜ-ਨਾਜਾਇਜ, ਉੱਚਿਤ-ਅਨਉੱਚਿਤ, ਸਹੀ-ਗਲਤ....ਸਾਰੇ ਭੇਤ ਇਕ-ਇਕ ਕਰਕੇ ਮਿਟਣ ਲਗੇ ਉਸਦੇ ਅੱਗੇਓਂ। ਉਹ ਚੁੱਪਚਾਪ ਉਠਕੇ ਆਪਣੇ ਬਿਸਤਰੇ ਤਕ ਗਈ। ਛਪੰਜਾ ਸਾਲ ਦੀ ਉਮਰ ਵਿਚ ਦੋ ਜੁਆਨ ਪੁੱਤਾਂ ਦੀ ਮਾਂ ਦੀਵਾਨਬਾਈ ਚਿੱਤ ਪਈ ਸੀ।

ਉਸਦੀਆਂ ਪਲਕਾਂ ਪਥਰਾਈਆਂ-ਜਿਹੀਆਂ ਹਨੇਰੇ ਵਿਚ ਟੰਗੀਆਂ ਸੀ। ਉਨ੍ਹਾ 'ਤੇ ਇਕ ਨਵਜੰਮੇ ਬੱਚੇ ਦੀ ਮਾਂ ਦੇ ਤੁਤਲੇ ਦੁੱਧ ਦੀਆਂ ਬੂੰਦਾਂ ਫੈਲ ਰਹੀਆਂ ਸੀ। ਇਹ ਉਹ ਬੂੰਦਾਂ ਸੀ, ਜਿਨ੍ਹਾਂ ਨੂੰ ਉਸਦੀ ਜੁਆਨੀ ਨੇ ਸੰਭਾਲ ਕੇ ਰੱਖਿਆ ਸੀ ਆਪਣੇ ਪਹਿਲੇ ਪ੍ਰੇਮੀ ਤੋਂ ਪੈਦਾ ਹੋਈ ਸੰਤਾਨ ਦੇ ਸੁਆਗਤ ਲਈ ਤੇ ਜਿਨ੍ਹਾਂ ਨੂੰ ਉਹ ਬੁੜਾਪੇ ਦੀ ਦਹਿਲੀਜ 'ਤੇ ਲੁਟਾ ਰਹੀ ਸੀ ਉਨ੍ਹਾਂ ਸੰਤਾਨਾਂ ਨੂੰ ਆਖਰੀ ਵਿਦਾਇਗੀ ਦੇਣ ਲਈ। ਉਸਦੇ ਗਲੇ 'ਚੋਂ ਇਕ ਬੇਸੁਧ ਚੀਕ ਨਿਕਲੀ ਤੇ ਹਿਚਕੀ ਤੇ ਹੰਝੂ ਰਲਗੱਡ ਹੋ ਗਏ। ਪਰਿਵਾਰ ਉਸਦਾ, ਇਸ ਖ਼ਬਰ ਬਾਅਦ ਹੌਲੀ ਆਵਾਜ਼ ਵਿਚ ਟੀ.ਵੀ. ਦੇਖ ਰਿਹਾ ਸੀ। ਪਰ ਦੀਵਾਨਬਾਈ ਦੇ ਵਿਰਲਾਪ ਨੇ ਉਨ੍ਹਾਂ ਨੂੰ ਉਸਦੇ ਕਮਰੇ ਤਕ ਖਿਚ ਲਿਆ। ਵੱਡੇ ਬੇਟੇ ਨੇ ਦੀਵਾਨਬਾਈ ਨੂੰ ਕਸ ਕੇ ਫੜਿਆ...ਦੀਵਾਨਬਾਈ ਤਾਂ ਭੇਤ ਮਿਟਾਉਣ ਦੀ ਮੁਹਿੰਮ 'ਤੇ ਸੀ...ਉੱਚਿਤ-ਅਣਉੱਚਿਤ, ਸਹੀ-ਗਲਤ। ਅਜਿਹਾ ਰੋਣਾ, ਅਜਿਹੀ ਚੀਕ...ਕੌਣ ਕਹੇਗਾ ਕਿ ਜੋ ਬੱਚੇ ਮਰੇ, ਉਹ ਬਿਨ ਮਾਂ ਦੇ ਸੀ। ਦੀਵਾਨਬਾਈ ਦੇ ਮੱਥੇ 'ਤੇ ਬਹੂਆਂ ਨੇ ਠੰਢਾ ਤੇਲ ਮਲਿਆ। ਤਲੀਆਂ ਦੀ ਮਾਲਿਸ਼ ਕੀਤੀ। ਪਾਣੀ ਪਿਆਇਆ ਤੇ ਉਸ ਨੂੰ ਚੰਗੀ ਤਰ੍ਹਾਂ ਢਕ-ਦਬ ਕੇ ਸਵਾਇਆ...ਦੀਵਾਨਬਾਈ ਅਰਧਚੇਤਨਾ ਵਿਚ ਰਾਤ ਭਰ ਬੁੜਬੁੜਾਉਂਦੀ ਰਹੀ।

ਸੂਰਜ ਡੁੱਬ ਗਿਆ। ਅਗੇ ਰਾਤ ਦੀ ਅੱਧੀ-ਅਧੂਰੀ ਕੜੀਆਂ ਵਾਲੀ ਕਹਾਣੀ ਸੀ। ਗਡ-ਮਡ-ਜਿਹੀਆਂ ਯਾਦਾਂ ਸੀ। ਉਸਨੇ ਆਪਣੀ ਸਾੜ੍ਹੀ ਦਾ ਅਗਲਾ ਹਿੱਸਾ ਟੋਹਿਆ....ਕਾਲਜੇ ਉਤਲਾ। ਅੰਦਰ ਦੇ ਕੱਪੜਿਆਂ ਦਾ ਸੁਕਾਪਣ ਪਰਖਿਆ। ਉਥੇ ਬੂੰਦਾਂ ਦੀ ਸਿੰਮ-ਸਿੰਮ ਯਾਦ ਪਸਰੀ ਸੀ। ਮਤਲਬ ? ਰਾਤ ਭਰ !

ਘਰ ਗੰਭੀਰ ਸੀ। ਲੋਕ ਦੁੱਖੀ ਸੀ ਤੇ ਤਿੰਨੇ ਬੱਚੇ ਡਰੇ ਹੋਏ....ਦੀਵਾਨਬਾਈ ਤੋਂ। ਉਸਦੇ ਦਰਵਾਜ਼ੇ ਦੀ ਓਟ 'ਚੋਂ ਆਪਣੇ ਕਮਰੇ ਵਿਚ ਝਾਕਦੇ। ਸਭ ਤੋਂ ਛੋਟੇ ਪੋਤੇ ਨੂੰ ਇਸ਼ਾਰੇ ਨਾਲ ਆਪਣੇ ਕੋਲ ਬੁਲਾਇਆ ਤੇ ਚੁੰਨੀ ਵਿਚ ਲਕੋ ਲਿਆ। ਬੱਚੇ ਨੇ ਆਪਣੀਆਂ ਨਿੱਕੀਆਂ ਉਂਗਲਾਂ ਉਸਦੀ ਧੁੰਨੀ ਵਿਚ ਫਸਾ ਦਿੱਤੀਆਂ ਤੇ ਦੀਵਾਨਬਾਈ ਨੇ ਅੱਖਾਂ ਬੰਦ ਕਰ ਲਈਆਂ। ਉਸਦੀਆਂ ਅੱਖਾਂ ਵਿਚੋਂ ਫੇਰ ਹਾਹਾਕਾਰ ਕਰਦੇ ਹੰਝੂ ਟਪਕੇ ਸੀ। ਉਸਨੇ ਬੱਚੇ ਨੂੰ ਕਸ ਕੇ ਆਪਣੇ ਨਾਲ ਲਾਇਆ ਤੇ ਹੰਝੂ ਪੂੰਝ ਕੇ ਆਪਣੇ ਆਪਨੂੰ ਮਜਬੂਤ ਬਣਾਇਆ ਤੇ ਵਾਪਸ ਆਪਣੇ ਦਿਨ ਦੇ ਕੰਮਾਂ ਵਿਚ ਰੁਝਣ ਦੀ ਕੋਸ਼ਿਸ਼ ਕਰਨ ਲਗੀ।

ਰਾਤ ਹੋਈ ! ਸਾਰੇ ਸੌਂ ਚੁੱਕੇ ਸੀ। ਦੀਵਾਨਬਾਈ ਅੱਖਾਂ ਖੋਲ੍ਹੀ ਪਈ ਸੀ। ਸੁਦਾਮਾ ਪ੍ਰਸ਼ਾਦ ਨੇ ਉਸ ਵੱਲ ਪਾਸਾ ਲਿਆ ਤਾਂ ਨਾਈਟ ਬਲਵ ਦੀ ਸ਼ਾਂਤ ਨੀਲੀ ਰੌਸ਼ਨੀ ਵਿਚ ਉਸ ਨੂੰ ਇਸ ਤਰ੍ਹਾਂ ਜਾਗਦੀ ਹੋਈ ਦੇਖ ਕੇ ਘਬਰਾ ਗਿਆ। ਉਹ ਘਬਰਾਹਟ ਵਿਚ ਉਠਿਆ ਤੇ ਦੀਵਾਨਬਾਈ ਦੇ ਠੰਢੇ ਮੱਥੇ 'ਤੇ ਹਥੇਲੀ ਟਿਕਾ ਦਿੱਤੀ ਆਪਣੀ। ਦੀਵਾਨਬਾਈ ਨੇ ਪੁਤਲੀਆਂ ਉਸਦੇ ਵੱਲ ਫੇਰੀਆਂ। ਉਸਨੇ ਨੀਲੇ ਧੁੰਦਲਕੇ ਵਿਚ ਉਸ ਇਨਸਾਨ ਨੂੰ ਦੇਖਣ ਦੀ ਕੋਸ਼ਿਸ਼ ਕੀਤੀ ਜਿਹੜਾ ਉਸਦਾ ਸਭ ਕੁਝ ਸੀ...ਜਿਹੜਾ ਉਸਦਾ ਕੁਝ ਨਹੀਂ ਸੀ। ਕਿਥੇ ਘਾਟ ਰਹਿ ਗਈ ਇਸ ਰਿਸ਼ਤੇ ਵਿਚ-ਦੀਵਾਨਬਾਈ ਦੇ ਅੰਦਰ ਤੇਜ਼ੀ ਨਾਲ ਇਹ ਸਵਾਲ ਉਠਿਆ....ਕਿਥੇ ਤਿੱਖੀ ਖਿਚ ਸੀ ਉਸ ਰਿਸ਼ਤੇ ਵਿਚ ?... ਉਸੇ ਜਗ੍ਹਾ ਤੋਂ ਪਹਿਲੇ ਸਵਾਲ ਦੇ ਜਵਾਬ ਵਿਚ ਦੂਸਰਾ ਸਵਾਲ ਉਠਿਆ। ਸੁਦਾਮਾ ਪ੍ਰਸ਼ਾਦ ਨੇ ਉਸ ਨੂੰ ਖਿਚ ਕੇ ਆਪਣੀਆਂ ਬਾਹਾਂ ਵਿਚ ਲੈ ਲਿਆ। ਦੀਵਾਨਬਾਈ ਉਪਰ ਇਕ ਠੰਢੀ ਪਰਤ ਚੜ੍ਹ ਗਈ ਤੇ ਠੀਕ ਉਸੇ ਵੇਲੇ ਉਸਨੇ ਮਹਿਸੂਸ ਕੀਤਾ ਕਿ ਉਸਦੇ ਅੰਦਰ ਨਾਦਾਨੀ ਵਾਲੀ ਉਮਰ ਦੀ ਉਹੀ ਤਪਸ਼ ਅਜੇ ਤਕ ਬਾਕੀ ਸੀ, ਜਿਸਨੂੰ ਪੇਕਿਆਂ ਦੀ ਦਹਿਲੀਜ ਵਿਚ ਚੁਣਵਾ ਆਈ ਸੀ ਕਈ ਸਾਲਾਂ ਪਹਿਲਾਂ...ਕਦੇ।

ਪਰ ਦੀਵਾਨਬਾਈ ਤੇ ਸੁਦਾਮਾ ਪ੍ਰਸ਼ਾਦ ਦੀ ਗ੍ਰਹਿਸਥੀ ਦੀ ਨੀਂਹ ਐਨੀ ਕੱਚੀ ਥੋੜ੍ਹੀ ਸੀ ! ਮੰਨਿਆ ਕਿ ਆਧਾਰ ਉਨ੍ਹਾਂ ਦੇ ਸੰਬੰਧਾਂ ਦਾ, ਸਿੱਲੀ ਧਰਤੀ 'ਤੇ ਰੱਖਿਆ ਗਿਆ ਸੀ।



ਪਰ ਜ਼ਮੀਨ ਸਿਲੀ ਹੋਈ ਸੀ, ਗਰਕੀ ਹੋਈ ਤਾਂ ਨਹੀਂ ! ਦੀਵਾਨਬਾਈ ਫੇਰ ਘਰ-ਸੰਸਾਰ ਦੇ ਛੋਟੇ-ਛੋਟੇ ਕੰਮਾਂ ਵਿਚ ਉਲਝ-ਪੁਲਝ ਗਈ ਸੀ। ਸੁਦਾਮਾ ਪ੍ਰਸ਼ਾਦ ਤੇ ਬੇਟਿਆਂ ਨੂੰ ਗੜਬੀ 'ਚ ਨਿੰਮ ਦਾ ਉਬਲਿਆ ਹੋਇਆ ਪਾਣੀ ਪਿਆਉਣਾ, ਪੋਤਿਆਂ ਦੀਆਂ ਉਂਗਲੀਆਂ ਫੜ ਕੇ ਸੜਕ ਪਾਰ ਕਰਾਉਣਾ, ਬਹੂਆਂ ਲਈ ਫੇਰੀਵਾਲੇ ਤੋਂ ਭਾਅ ਕਰ ਕੇ ਚੂੜੀਆਂ ਖਰੀਦਣੀਆਂ, ਸੁੱਕੇ ਧਣੀਏਂ ਦੇ ਤੰਦਰੁਸਤ ਮੋਟੇ-ਗੋਟੇ ਨੂੰ ਪੱਥਰ 'ਤੇ ਰਗੜਨਾ, ਚੌਲ ਤੇ ਰੋੜਾਂ ਨੂੰ ਇਕ ਦੂਜੇ ਤੋਂ ਵੱਖ ਕਰਨਾ...ਦੀਵਾਨਬਾਈ ਵਕਤ ਦੀ ਰਫਤਾਰ ਨਾਲ ਕਦਮ ਮਿਲਾ ਕੇ ਚਲਣਾ ਚਾਹੁੰਦੀ ਸੀ, ਪਰ ਆਪਣੇ ਨਾਲ ਛਲ ਕਰਨ ਦੇ ਜਨੂਨ ਵਿਚ ਕਦੇ ਵਕਤ ਤੋਂ ਅਗੇ ਨਿਕਲ ਜਾਂਦੀ। ਕਦੇ ਵਕਤ ਉਸ ਨੂੰ ਪਿਛੇ ਛੱਡ ਦਿੰਦਾ। ਤੇ ਇਕ ਦਿਨ ਵਕਤ ਉਸਦੇ ਨਾਲ ਛਲ ਕਰ ਗਿਆ....ਘਟਨਾ ਦੇ ਲਗਭਗ ਮਹੀਨੇ ਕੁ ਮਗਰੋਂ ਦੀਵਾਨਬਾਈ ਛੋਟੇ ਪੋਤੇ ਨੂੰ ਨਾਲ ਲੈ ਕੇ ਪੇਕੇ ਗਈ। ਪੇਕਿਆਂ ਵਿਚ ਸੁਖ-ਦੁਖ, ਹਾਰੀ-ਬੀਮਾਰੀ, ਹਰ ਤਰ੍ਹਾਂ ਦੇ ਕਿੱਸਿਆਂ ਦੀ ਗੰਢ ਖੁੱਲ੍ਹ ਗਈ। ਗਪਾਂ ਦੀ ਬਨਾਵਟ ਜਦ ਮਹੀਨ ਤੇ ਤਰਾਸ਼ੀ ਹੋਈ ਮੱਧਮ ਪਈ, ਉਦੋਂ ਕਿਸੇ ਦਾ ਧਿਆਨ ਉਖੜਿਆ। ਤੇ ਉਸ 'ਕਿਸੇ' ਨੂੰ ਇਹ ਧਿਆਲ ਆਇਆ ਕਿ ਛੋਟਾ ਮਹਿਮਾਨ ਗੁੰਮ ਹੈ। ਪਲ ਵਿਚ ਗਪ-ਗੋਸ਼ਟੀ ਖਿੰਡ ਗਈ ਤੇ ਖੋਜ ਸ਼ੁਰੂ ਹੋ ਗਈ। ਹੁਣ ਇਸ ਨੂੰ ਕੀ ਕਹੀਏ ਕਿ ਦੀਵਾਨਬਾਈ ਦੇ ਪੱਲੇ ਵਿਚ ਬੇਲੀ ਦੀਆਂ ਕਲੀਆਂ ਦੀਆਂ ਤਿੰਨ ਆਤਮਾਵਾਂ ਬੁੜਬੁੜਾਈਆਂ ਤੇ ਉਸਦੀਆਂ ਨਾਸਾਂ ਵਿਚ ਤਾਜ਼ੀ ਸੁਗੰਧ ਜਿਹੀ ਭਰ ਗਈ। ਸੁਧ-ਬੁਧ ਖੋਈਂ ਪੋਤੇ ਦੀ ਤਲਾਸ਼ ਵਿਚ ਉਹ ਸਿੱਧੀ ਜਾ ਕੇ ਉਥੇ ਖੜ੍ਹੀ ਹੋ ਗਈ, ਜਿਥੇ ਪੋਤਾ ਮੌਜੂਦ ਸੀ। ਇਸ ਵਾਰ ਪੌਦੇ ਬੇਲੀ ਦੇ ਨਹੀਂ ਸੀ....ਹਰਸ਼ਿੰਗਾਰ ਦੀ ਛੱਤਦਾਰ ਛਾਂ ਸੀ। ਅਲਸਸੁਬਹ ਦੇ ਚੂ ਗਏ ਹਾਰਸ਼ਿੰਗਾਰ ਦੇ ਫੁੱਲ ਸਨ ਜ਼ਮੀਨ 'ਤੇ, ਜਿੰਨਾਂ ਨੂੰ ਨਿੱਕਾ ਦੇਵਦੂਤ ਮਸਤੀ ਵਿਚ ਬੈਠਾ ਚੁਗੀ ਜਾ ਰਿਹਾ ਸੀ। ਤੇ ਉਸ ਨੂੰ ਦੇਖਦੀਆਂ ਦੋ ਮੁਗਧ ਅੱਖਾਂ ਸੀ...ਜਿਥੇ-ਕਿਤੇ ਬੇਦਰਦੀ ਨਾਲ ਚਿੱਟੇ ਹੋ ਚੁੱਕੇ ਵਾਲ ਸੀ, ਇਕ ਮਰੀਅਲ ਜਿਹੀ ਦੇਹ ਸੀ, ਲਹਿਰਾਉਂਦੀਂ ਚਿੱਟੀ ਧੋਤੀ ਦੀ ਸੀ ਚਮਕ ਬੇਦਾਗ, ਚਿੱਟਾ ਕੁਰਤਾ ਸੀ...ਤੇ ਨਫਾਸਤ ਭਰੀ ਕੋਹਲਾਪੁਰੀ ਦੀ ਚੱਪਲ ਸੀ। ਦੀਵਾਨਬਾਈ ਨੂੰ ਹੋਸ਼ ਨਹੀਂ ਸੀ। ਉਸਦਾ ਜੂੜਾ ਢਲਕ ਚੁੱਕਾ ਤੇ ਪੱਲਾ ਹੇਠਾਂ ਪਿਆ ਸੀ। ਛਾਤੀ ਸਾਹਾਂ ਨੂੰ ਲੈ-ਲੈ ਉਪਰ ਜਾਂਦੀ ਤੇ ਫੇਰ ਪਛਾੜ ਖਾ ਕੇ ਖੁਦ ਨੂੰ ਸਮੇਟ ਲੈਂਦੀ। ਉਸ ਦੀਆਂ ਖੁੱਲ੍ਹੀਆਂ ਛਾਤੀਆਂ ਨੇ ਮਹਿਸੂਸਿਆ ਕਿਸੇ ਦੇ ਆਪਣੇ ਮੋਹ ਨਾਲ ਦੇਖਕੇ ਵਧਦੇ ਆਉਂਦੇ ਕਦਮਾਂ ਦੀ ਬਿੜਕ ਨੂੰ। ਇੰਨੀ ਨਜ਼ਦੀਕੀ ਸੀ ਕਿ ਜੇ ਸਾਹਮਣੇ ਵਾਲੇ ਦੀਆਂ ਅੱਖਾਂ ਤੋਂ ਕੋਈ ਹੰਝੂ ਡਿਗਦਾ ਤਾਂ ਦੀਵਾਨਬਾਈ ਝਟਕੇ ਨਾਲ ਚਿਹਰਾ ਅੱਗੇ ਵਧਾ ਕੇ ਉਨ੍ਹਾਂ ਹੰਝੂਆਂ ਨੂੰ ਆਪਣੀ ਜੀਭ 'ਤੇ ਲੈ ਸਕਦੀ ਸੀ। ਉਸ ਦੀਆਂ ਅੱਖਾਂ ਵਿਚ ਕੋਈ ਕੁਝ ਲਭ ਰਿਹਾ ਸੀ। ਕਿਸੇ ਨੇ ਤਾਂ ਨਹੀਂ ਕੀਤਾ ਅੱਜ ਤੱਕ ਅਜਿਹਾ ! ਬਾਹਰ-ਬਾਹਰ ਜਿਸ ਨੂੰ ਜਿੰਨਾ ਮਿਲਿਆ.... ਉਸਦੇ ਆਸ-ਪਾਸ ਦੇ ਲੋਕ ਉੱਨੇ ਨਾਲ ਹੀ ਤਾਂ ਮਤਲਬ ਰੱਖਦੇ ਆਏ ਸੀ ਅੱਜ ਤਕ। ਇਵੇਂ ਅੰਦਰ ਜਾ ਕੇ ਕੁਝ ਲਭ ਲੈਣਾ ! ਉਸਦੀ ਇੱਛਾ ਹੋਈ ਕਿ ਸਾਹਮਣੇ ਵਾਲੇ ਦੀਆਂ ਅੱਖਾਂ ਨੂੰ ਜਿਸ ਚੀਜ਼ ਦੀ ਤਲਾਸ਼ ਸੀ ਉਸ ਵਿਚ, ਉਹ ਉਸ ਨੂੰ ਹੋਰ ਅੰਦਰ ਲੁਕਾ ਲਵੇ ਆਪਣੇ ਵਿਚ, ਤਾਂਕਿ ਉਸ ਚੀਜ਼ ਦੀ ਖੋਜ ਵਿਚ ਉਹ ਅੱਖਾਂ ਉਸਦੇ ਅੰਦਰ ਤਕ ਉਤਰ ਸਕਣ। ਅੱਖਾਂ ਨਾਲੋਂ ਵੀ ਅੰਦਰ ਹੋਰ ਅੰਦਰ...ਪਰ ਉਦੋਂ....ਵਿਚਾਲੇ ਸਾਹਮਣੇ ਵਾਲਾ ਚਿਹਰਾ ਪਿਛੇ ਮੁੜ ਗਿਆ ਤੇ ਹੌਲੀ-ਹੌਲੀ ਉਸ ਤੋਂ ਦੂਰ ਹੁੰਦਾ ਗਿਆ। ਉਹ ਮੰਤਰਮੁਗਧ-ਜਿਹੀ ਸੂਤ ਦੇ ਮੋਹ ਵਿਚ ਫੱਸੀ-ਫੱਸੀ ਉਸਦੇ ਪਿਛੇ ਵੱਧਣ ਲੱਗੀ। ਘਰ ਦੇ ਚਬੂਤਰੇ ਤਕ ਜਾ ਕੇ ਅੱਗੇ ਵਾਲੇ ਪੈਰ ਰੁੱਕ ਗਏ ਤੇ ਉਸਨੇ ਪਿਛੇ ਮੁੜ ਕੇ ਦੀਵਾਨਬਾਈ ਨੂੰ ਬੈਠਣ ਦਾ ਇਸ਼ਾਰਾ ਕੀਤਾ। ਦੀਵਾਨਬਾਈ ਬੈਠ ਚੁੱਕੀ ਸੀ। ਉਸਦੀ ਬਗਲ ਦੀ ਜਗ੍ਹਾ ਵੀ ਭਰ ਗਈ। ਉਸਦੇ ਠੀਕ ਸਾਹਮਣੇ ਹਰਸ਼ਿੰਗਾਰ ਦੀ ਉਹ ਛਾਂ ਸੀ, ਜਿਸਦੇ ਹੇਠਾਂ ਦੋ ਨਿੱਕੀਆਂ ਹਥੇਲੀਆਂ ਲਗਾਤਾਰ ਫੁਲ ਚੁਗੀ ਜਾ ਰਹੀਆਂ ਸੀ। ਬੱਚਾ ਦੀਵਾਨਬਾਈ ਦੀ ਹਾਜ਼ਰੀ ਤੋਂ ਬੇਖ਼ਬਰ ਸੀ।

ਦੀਵਾਨਬਾਈ ਆਪਣੇ ਆਪਦੀ ਮੌਜੂਦਗੀ ਤੋਂ ਬੇਖ਼ਬਰ ਸੀ। ਸੁਖ ਨਾਲ ਭਰੇ ਕੁਝ ਪਲ। ਬਰਾਂਡੇ ਵਿੱਚ ਬੈਠੇ ਦੋ ਲੋਕਾਂ ਦੇ ਗੋਡਿਆਂ ਦੇ ਵਿਚ ਰੱਤੀ ਭਰ ਤੋਂ ਵੀ ਘੱਟ ਫਾਸਲਾ ਸੀ। ਦੋਵਾਂ ਦੀਆਂ ਨਜ਼ਰਾਂ ਉਸ ਫਾਸਲੇ ’ਤੇ ਹੀ ਟਿਕੀਆਂ ਸੀ। ਫੇਰ ਬੱਚਾ ਉਠਿਆ। ਉਸਨੂੰ ਸਾਹਮਣੇ ਦੀਵਾਨਬਾਈ ਦਿੱਸ ਗਈ। ਉਸਦੀ ਫੁੱਲਾਂ ਨਾਲ ਭਰੀਆਂ ਦੋਵੇਂ ਮੁਠਾਂ ਖੁੱਲ੍ਹ ਗਈਆਂ ਤੇ ਹਰਸ਼ਿੰਗਾਰ ਝੜ ਕੇ ਮੁੜ ਹੇਠਾਂ ਖਿੰਡ ਗਏ। ਦੀਵਾਨਬਾਈ ਦੀ ਬਗਲ ਵਿਚੋਂ ਕੋਈ ਤੇਜ਼ੀ ਨਾਲ ਉਠਿਆ ਤੇ ਪਲਕ ਝਪਕਦਿਆਂ ਹੀ ਉਹ ਲੰਮਾ-ਜਿਹਾ ਪ੍ਰਛਾਵਾਂ ਬੱਚੇ ਦੇ ਕੋਲ ਸੀ। ਬੱਚਾ ਹੈਰਾਨ-ਜਿਹਾ ਖੜਾ ਸੀ। ਪਰਛਾਵਾ ਝੁਕ ਕੇ ਵਾਪਸ ਉਨ੍ਹਾਂ ਫੁੱਲਾਂ ਨੂੰ ਚੁਗਣ ਲੱਗਿਆ ਜਿਹੜਾ ਕੰਮ ਬੱਚਾ ਇੰਨੀ ਮਿਹਨਤ ਤੇ ਇਤੀਮਨਾਨ ਨਾਲ ਕਈ ਮਿੰਟਾਂ ਵਿਚ ਕਰ ਸਕਿਆ ਸੀ, ਉਹੀ ਕੰਮ ਇਥੇ ਪਲਾਂ ਵਿਚ ਪੂਰਾ ਕਰ ਦਿੱਤਾ ਗਿਆ ਸੀ। ਬੱਚੇ ਦੀਆਂ ਹਥੇਲੀਆਂ ਵਾਪਸ ਫੁੱਲਾਂ ਨਾਲ ਭਰ ਗਈਆਂ। ਬੱਚਾ ਖੁਸ਼ ਘੱਟ, ਹੈਰਾਨ ਵਧ ਸੀ। ਬੱਚੇ ਕੋਲ ਜਿਹੜਾ ਪਰਛਾਵਾਂ ਆਇਆ ਸੀ, ਉਹ ਪੁੱਠੇ ਪੈਰੀਂ ਮੁੜ ਗਿਆ। ਇਸ ਵਾਰ ਹੌਲੀ ਕਦਮ। ਤੇ ਹੁਣ ਉਹੀ ਪਰਛਾਵਾਂ ਦੀਵਾਨਬਾਈ ’ਤੇ ਪੈਂਦਾ ਸੀ। ਦੀਵਾਨਬਾਈ ਨੇ ਗਰਦਨ ਚੁੱਕ ਕੇ ਅੱਖਾਂ ਮਿਲਾਈਆਂ ਤੇ ਉਹ ਉਠਣ ਦਾ ਯਤਨ ਕਰਨ ਲਗੀ ਪਰ ਗੋਡੇ ਆਕੜੇ ਪਏ ਸੀ। ਉਹ ਉਠ ਨਹੀਂ ਸਕੀ। ਉਸਨੇ ਕੋਲ ਦੀ ਕੰਧ ਫੜਨੀ ਚਾਹੀ ਕਿ ਉਦੋਂ ਇਕ ਖੁੱਲ੍ਹੀ ਹਥੇਲੀ ਉਸਦੇ ਸਾਹਮਣੇ ਵਧੀ, ਜਿਸ ’ਤੇ ਹਰਸਿੰਗਾਰ ਦਾ ਇਕ ਸੁਕਿਆ ਫੁਲ ਚਿਪਕਿਆ ਸੀ। ਦੀਵਾਨਬਾਈ ਦੇ ਹੱਥ ਬਗੈਰ ਸੋਚੇ-ਸਮਝੇ ਸੁਭਾਵਿਕ ਰੂਪ ਵਿਚ ਅਗੇ ਵਧ ਗਏ, ਉਸ ਹਥੇਲੀ ਵਿਚ ਆਪਣਾ ਭਾਰ ਸੌਂਪ ਦੇਣ ਨੂੰ। ਦੀਵਾਨਬਾਈ ਉਠ ਖੜੀ ਹੋਈ। ਉਸਨੇ ਆਪਣੀ ਤੇ ਸਾਹਮਣੇ ਵਾਲੇ ਦੀਆਂ ਹਥੇਲੀਆਂ ਦੇ ਵਿਚ ਹਰਸ਼ਿੰਗਾਰ ਦੀ ਹਾਜਰੀ ਮਹਿਸੂਸ ਕੀਤੀ ਤੇ ਤੀਸਰੇ ਕਿਸੇ ਦੀ ਮੌਜੂਦਗੀ ਨਾਲ ਉਸ ਨੂੰ ਸ਼ਰਮ ਆਈ। ਉਸਨੇ ਆਪਣੀ ਹਥੇਲੀ ਵਾਪਸ ਖਿਚ ਲਈ। ਇਕ ਹਥੇਲੀ ਸਾਹਮਣੇ ਵਧੀ ਹੀ ਰਹਿ ਗਈ ਜਿਸ ’ਤੇ ਹਰਸ਼ਿੰਗਾਰ....ਦੀਵਾਨਬਾਈ ਦਾ ਕਾਲਜਾ ਧੜਕਣ ਲੱਗਾ। ਉਹ ਹੜਬੜਾਕੇ ਬੱਚੇ ਕੋਲ ਆਈ ਤੇ ਉਸ ਨੂੰ ਮੋਢੇ ਤੋਂ ਫੜ ਕੇ ਖਿਚਦੀ ਹੋਈ ਬਾਹਰ ਲੈ ਜਾਣ ਲੱਗੀ। ਬੱਚਾ ਮੁੜ ਕੇ ਪਿਛੇ ਦੇਖਦਾ ਰਿਹਾ ਆਪਣੇ ਸ਼ੁਭਚਿੰਤਕ ਨੂੰ, ਪਰ ਉਹ ਜੋ ਸੀ ਦੀਵਾਨਬਾਈ-ਮੁੜੀ ਨਹੀਂ ਵਾਪਸ।

ਦੀਵਾਨਬਾਈ ਨੇ ਸ਼ੀਸ਼ੇ ਵਿਚ ਸਾਰਿਆਂ ਤੋਂ ਲੁਕ-ਲੁਕ ਕੇ ਆਪਣੇ-ਆਪ ਨੂੰ ਦੇਖਿਆ। ਹੈਰਾਨੀ, ਗੁੱਸਾ। ਠੀਕ ਚੀਰ ਦੇ ਕੋਲ ਚਿੱਟੇ ਹੋ ਗਏ ਵਾਲ। ਅੱਖਾਂ ਦੇ ਹੇਠਾਂ...ਵਿਚ ਗਲ੍ਹਾਂ ’ਤੇ ਕਾਲੀਆਂ ਛਾਈਆਂ, ਪਸੀਨਾ, ਚਿਪਚਿਪਾਹਟ, ਚਿਹਰੇ ’ਤੇ ਸੋਜਸ਼। ਇੰਨੇ ਦਿਨਾਂ ਮਗਰੋਂ ਦਿੱਸੀ ਵੀ ਤਾਂ ਅਜਿਹਾ ਰੂਪ ਲੈ ਕੇ! ਇਸ ਖਿਆਲ ’ਤੇ ਨਫਰਤ-ਜਿਹੀ ਆ ਗਈ ਉਸ ਨੂੰ ਆਪਣੇ ’ਤੇ। ਅਜਿਹੇ ਵੇਲੇ ਜਦੋਂ ਉਹ ਸ਼ਖ਼ਸ ਆਪਣੇ ਬੱਚਿਆਂ ਦੀ ਮੌਤ ਦਾ ਦਰਦ ਝਲ ਰਿਹਾ ਸੀ, ਕੀ ਉਸਦਾ ਧਿਆਨ ਦੀਵਾਨਬਾਈ ਦੀ ਸ਼ਕਲ, ਰੰਗ-ਢੰਗ ’ਤੇ ਗਿਆ ਹੋਵੇਗਾ ! ਪਤਾ ਨਹੀਂ ਉਸਨੇ ਉਸ ਵਿਚ ਦੀਵਾਨਬਾਈ ਨੂੰ ਦੇਖਿਆ ਵੀ ਹੋਵੇਗਾ ਜਾਂ ਉਸਦੇ ਮਨ ਦੀ ਦਸ਼ਾ ਅਜਿਹੀ ਹੋਵੇਗੀ ਕਿ ਉਸ ਨੂੰ ਉਸ ਵਿਚ ਇਕ ਸਾਧਾਰਨ ਔਰਤ ਨਜ਼ਰ ਆਈ ਹੋਵੇਗੀ। ਕੋਈ ਵੀ ਹੋ ਸਕਣ ਵਾਲੀ ਔਰਤ। ਜਾਣਕਾਰ-ਅਣਜਾਣੀ। ਕਿਹੋ ਜਿਹੀ ਵੀ। ਨਿੱਕੇ ਹਰਸ਼ਿੰਗਾਰ ਚੁਗਦੇ ਬੱਚੇ ਨੂੰ ਨਿਹਾਰਦੀ ਉਸਦੀ ਮੋਹ ਭਰੀ ਨਿਗਾਹ ਕਿਸ ਨੂੰ ਲੱਭ ਰਹੀ ਹੋਵੇਗੀ ? ? ਇਹ ਸੋਚਦਿਆਂ ਦੀਵਾਨਬਾਈ ਦਾ ਸੀਨਾ ਭਰ ਆਇਆ। ਉਸਨੇ ਮਨ ਵਿਚ ਆਪਣੇ ਪ੍ਰੇਮੀ ਲਈ ਪਹਿਲੀ ਵਾਰ ਮੋਹ ਜਾਗਿਆ....।

ਦੀਵਾਨਬਾਈ ਪੇਕਿਆਂ ਤੋਂ ਆਪਣੇ ਪੁਰਾਣੇ ਦਿਨਾਂ ਦੇ ਸੁਪਨੇ ਵਾਪਸ ਲਿਆਈ ਸੀ। ਹੁਣ ਉਸਦਾ ਦਿਲ ਉਸ ਨੂੰ ਜਬਰਦਸਤੀ ਸ਼ੀਸ਼ੇ ਦੇ ਸਾਹਮਣੇਉਂ ਅੱਡ ਕਰਦਾ। ਹਲਕਾ ਰੰਗ ਹੁਣ ਆਪਣੀ ਉਮਰ ਦੇ ਮੁਤਾਬਿਕ ਨਹੀਂ ਲੱਗ ਰਿਹਾ ਸੀ....ਭੜਕੀਲੇ ਰੰਗਾਂ ਦੀ ਜ਼ਿੰਦਗੀ



ਵਿਚ ਵਾਪਸੀ ਸੀ। ਚਿਹਰਾ ਸੁੰਦਰਤਾ ਦੇ ਸਾਰੇ ਘਰੇਲੂ ਨੁਸਖਿਆਂ ਦੀ ਪਿੱਠਭੂਮੀ ਬਣਿਆ ਪਿਆ ਸੀ ਤੇ ਮਨ ! ਮਨ ਤਾਂ ਮਖਣੀ-ਜਿਹਾ ਬਣ ਕੇ ਪਾਣੀ ਦੇ ਉਪਰ-ਉਪਰ ਤਿਰ ਰਿਹਾ ਸੀ। ਅੱਡੀਆਂ ਨੂੰ ਝਾਵਾ ਪੱਥਰ ਨਾਲ ਰਗੜਦਿਆਂ-ਰਗੜਦਿਆਂ ਦੀਵਾਨਬਾਈ ਸੋਚਦੀ.....ਹੁਣ ਤਕ, ਆਪਣੇ ਨੂੰ ਸਾਫ-ਸੁਥਰਾ ਰੱਖਣ ਦਾ....ਸੰਵਾਰਨ ਦਾ ਖਿਆਲ ਕੀਤੇ ਬਗੈਰ ਜ਼ਿੰਦਗੀ ਕਿਵੇਂ ਗੁਜਰ ਗਈ ! ਤੇ ਹੁਣ ਵੀ ਜਦੋਂ ਉਸ ਵਿਚ ਸਾਹਮਣੇ ਵਾਲੇ ਨੂੰ ਇਕ ਸਾਧਾਰਨ ਔਰਤ ਹੀ ਦਿਖਾਈ ਦਿੱਤੀ ਸੀ, ਫੇਰ ਇਹ ਸਭ ਫੇਰ ਕਿਸ ਲਈ ! ਨਹੀਂ....ਉਹ ਦੀਵਾਨਬਾਈ ਨੂੰ ਦੇਖਕੇ ਹੈਰਾਨ ਰਹਿਣਾ, ਉਸਦੇ ਵੱਲ ਵਧਦਾ ਚਲਿਆ ਆਉਣਾ, ਉਹ ਹੱਥਾਂ ਦਾ ਸਹਾਰਾ ਤੇ ਉਹ ਚੁੱਪ ਦੀ ਭਾਸ਼ਾ.... ਉਹ ਸਭ ਸਿਰਫ ਤੇ ਸਿਰਫ ਉਸ ਲਈ ਸੀ। ਦੀਵਾਨਬਾਈ ਲਈ।

ਆਪਣੇ ਪੋਤਿਆਂ ਦੇ ਪਿਛੇ ਥਾਲੀ ਲੈ ਕੇ....ਬੁਰਕੀ ਬਣਾ ਕੇ ਘੁੰਮਦੀ ਹੋਈ.... ਉਨ੍ਹਾਂ ਨੂੰ ਖਾ ਲੈਣ ਦੀ ਕਹਿੰਦੀ, ਉਸਦਾ ਮੂੰਹ ਆਪਣੇ ਪੱਲੇ ਨਾਲ ਪੂੰਝਦੀ ...ਅਕਸਰ ਉਹ ਭਟਕਣ ਲੱਗੀ। ਅੱਗੇ-ਅੱਗੇ ਦੌੜ ਕੇ ਉਸਨੂੰ ਛੇੜਦਾ ਬੱਚਾ ਕਦੋਂ ਪੁੜਪੜੀ ’ਤੇ ਚਿੱਟੇ ਵਾਲਾਂ ਵਾਲਾ ਰੂਪ ਧਾਰ ਲੈਂਦਾ, ਕੁਝ ਹੋਸ਼ ਹੀ ਨਹੀਂ ਰਹਿ ਪਾ ਰਿਹਾ ਸੀ। ਕੌਣ ਰੱਖਦਾ ਹੋਵੇਗਾ ਉਸਦੇ ਖਾਣ ਪੀਣ ਦਾ ਧਿਆਨ ! ਰਾਤ ਨੂੰ ਸੌਂਦਿਆਂ ਹੋਇਆਂ ਅਚਾਨਕ ਪੰਘ ਦਾ ਦੌਰ ਆ ਜਾਂਦਾ ਹੋਵੇਗਾ ਤਾਂ ਕੌਣ ਇਕ ਗਲਾਸ ਪਾਣੀ ਦਾ ਲਿਆ ਕੇ ਦਿੰਦਾ ਹੋਵੇਗਾ ! ਕੁੜਤੇ ਮੈਲੇ ਹੋ ਰਹੇ ਹਨ ਜਾਂ ਚੱਪਲ ਘਸ ਰਹੀ ਹੈ ਜਾਂ ਵਜਨ ਘਟ ਹੋ ਰਿਹਾ ਹੈ...ਕੌਣ ਦਵਾਉਂਦਾ ਹੋਵੇਗਾ ਉਸਦਾ ਧਿਆਨ ! ਦੀਵਾਨਬਾਈ ਸੁੱਤੀਆਂ ਹੋਈਆਂ ਰਾਤਾਂ ਨੂੰ ਉਂਗਲੀਆਂ ਨਾਲ ਟੋਹ-ਟੋਹ ਕੇ ਬਿਸਤਰ ’ਤੇ ਕੁਝ ਲਭਦੀ। ਉਸਦਾ ਪ੍ਰੇਮੀ ਇਕ ਨਵਜੰਮੇ ਬੱਚੇ ਵਿਚ ਸਮਟ ਆਉਂਦਾ...ਪੂਰੀ ਤਰ੍ਹਾਂ ਨਾਲ ਬੱਸ ਉਸ ’ਤੇ ਆਸ਼ਰਤ। ਉਸਦਾ ਖਾਣਾ, ਸੌਣਾ, ਪੀਣਾ, ਨਹਾਉਣਾ ਸਭ ਦੀਵਾਨਬਾਈ ’ਤੇ ਨਿਰਭਰ। ਉਹ ਭੁੱਖਾ ਹੁੰਦਾ ਤਾਂ ਉਸਦੇ ਬੁੱਲ ਦੀਵਾਨਬਾਈ ਨੂੰ ਤਲਾਸ਼ਦੇ... ਉਸ ਨੂੰ ਨੀਂਦ ਆ ਰਹੀ ਹੁੰਦੀ ਤਾਂ ਉਸਦੀਆਂ ਅੱਖਾਂ ਦੀਵਾਨਬਾਈ ਨੂੰ ਲਭਦੀਆਂ...ਦੀਵਾਨਬਾਈ ਨੇ ਆਪਣੀ ਛਾਤੀ ਨੂੰ ਦੋਹਾਂ ਬਾਹਾਂ ਦੀ ਗਿਰਫਤ ਵਿਚ ਕਸ ਕੇ ਜਕੜ ਲਿਆ.... ਇਹ ਕਿਹਾ ਪ੍ਰੇਮ ਸੀ ਜਿਹੜਾ ਮਾਂ-ਮੋਹ ਵਿਚ ਬਚਪਨ ਵਿੱਚ ਘੁਲ-ਮਿਲ ਗਿਆ ਸੀ...ਕੀ ਔਰਤ ਇਕ ਉਮਰ ਮਗਰੋਂ ਸਿਰਫ ਤੇ ਸਿਰਫ ਮਾਂ ਰਹਿ ਜਾਂਦੀ ਹੈ ? ਕੀ ਔਰਤ ਹਰ ਉਮਰ ਵਿਚ ਸਿਰਫ ਅਤੇ ਸਿਰਫ ਮਾਂ ਹੁੰਦੀ ਹੈ ? ਨਹੀਂ !

ਰੰਗਮਹਿਲ ਤੋਂ ਸਫੈਦ ਜਰੀ ਦੇ ਕਸੀਦੇ ਵਾਲਾ ਹਲਕਾ ਨੀਲਾ ਪਰਦਾ, ਉਠਿਆ। ਰੰਗਮਹਿਲ ਦੀਆਂ ਕੰਧਾਂ ਧੋਤੇ ਸੰਖ ਦੀਆਂ ਬਣੀਆਂ ਸਨ। ਛੋਟੇ-ਵੱਡੇ, ਚਿੱਟੇ, ਨੀਲੇ ਚਿਤਕਬਰੇ ਸੰਖ। ਕਮਰੇ ਦੇ ਖੱਬੇ ਪਾਸੇ ਹਾਥੀ ਦੰਦ ਦਾ ਬਣਿਆ ਇਕ ਨਕਾਸ਼ੀਦਾਰ ਖੰਭਾ ਸੀ। ਜਿਸ ਨਾਲ ਲਿਪਟਿਆ ਸੋਨਜੂਹੀ ਦੀਆਂ ਪੱਤੀਆਂ ਦਾ ਇਕ ਜੋੜਾ ਆਪਣੇ ਵਿਚ ਡੁੱਬਿਆ ਹੋਇਆ ਜਿਹਾ ਸਾਹ ਲੈ ਰਿਹਾ ਸੀ। ਦੂਜੇ ਪਾਸੇ ਚੰਦਨ ਦੀਆਂ ਬਰੀਕ ਲਕੜੀਆਂ ਨਾਲ ਬਣਿਆ ਇਕ ਪਿੰਜਰ ਸੀ, ਜਿਸ ਵਿਚ ਚਟਖ ਉਨਾਭੀ ਖੰਭਾਂ ਵਾਲੇ ਪੰਛੀਆਂ ਦਾ ਇਕ ਜੋੜਾ ਪਿਆਰ ਕਲੋਲਾਂ ਵਿਚ ਰੁਝਿਆ ਹੋਇਆ ਸੀ। ਰੰਗਮਹਿਲ ਸ਼ਮ੍ਹਾਦਾਨਾਂ ਦੀ ਲੋ ਨਾਲ ਰੌਸ਼ਨ ਸੀ। ਹਵਾ ਦੇ ਮਹੀਨ ਬੁੱਲੇ ਨਾਲ ਕਮਰੇ ਦੇ ਚਿੱਟੇ ਜਹੀਨ ਪਰਦੇ ਇਸ ਖੂੰਜੇ ਤੋਂ ਉਸ ਖੂੰਜੇ ਤਕ ਲਹਿਰਾਉਂਦੇ ਸੀ। ਰੰਗਮਹਿਲ ਦੇ ਰੰਗੋਲੀ ਸਜੇ ਫਰਸ਼ ’ਤੇ ਰਾਧਾ ਦੇ ਇਕ ਜੋੜੀ ਤਲੀਆਂ ਦੀ ਛਾਂ ਪਈ ਤੇ ਕਮਰੇ ਦੇ ਸ਼ਮ੍ਹਾਦਾਨਾਂ ਦੀ ਸ਼ਮਾ ਫਕ ਦੇਣੇ ਬੁਝ ਗਈ। ਹੁਣ ਉਥੇ ਬਾਕੀ ਰਹਿ ਗਈ.... ਕਮਰੇ ਦੇ ਵਿਚਾਲੇ ਛੱਤ ਨਾਲ ਲਟਕਦੇ ਫਾਨੂਸ਼ ਦੀ ਮਧਮ ਰੌਸ਼ਨੀ। ਰਾਧਾ ਦੇ ਸੱਜੇ ਤਲੀ ਨਾਲ ਫਰਸ਼ ’ਤੇ ਇਕ ਥਾਪ ਪਈ ਤੇ ਰੰਗੋਲੀ ਦੇ ਗੁਲਾਬੀ ਗੁਲਾਲ ਦਾ ਧੂੰਆਂ ਕਮਰੇ ਵਿਚ ਤੈਰ ਗਿਆ। ਪੰਛੀਆਂ ਦਾ ਸ਼ੁਗਲ ਥਮ ਗਿਆ ਤੇ ਮਰਦੰਗ ਦੀ ਥਾਪ ਕਮਰੇ ਵਿਚ ਗੂੰਜ ਉਠੀ। ਮਰਦੰਗ ਦੀ ਥਾਪ ਤੇ ਪੰਜਿਆਂ-ਅੱਡੀਆਂ ਦੀ ਲੈਅ....ਰੰਗਮਹਿਲ ਗੁਲਾਲਮਈ ਹੋ ਉਠਿਆ ਤੇ ਇਕ-ਇਕ

ਕਰਕੇ ਕੰਧਾਂ ਦੇ ਸਾਰੇ ਸੰਖ ਗੁਲਾਬੀ ਹੋਣ ਲੱਗੇ। ਰਾਧਾ ਦਾ ਮਹੀਨ ਪਾਰਦਰਸ਼ੀ ਕੱਪੜਿਆਂ ਦੀਆਂ ਤਹਿਆਂ ਨਾਲ ਭਰਿਆ ਲਹਿੰਗਾ ਪੂਰੇ ਨਿਖਾਰ ’ਤੇ ਆ ਗਿਆ ਤੇ ਲੱਕ ਦੀ ਉਠਾਣ ਤਕ ਉਠਦੀਆਂ-ਡਿਗਦੀਆਂ ਲਹਿਰਾਂ ਜਿਹੇ ਗੁਲਾਬੀ ਲਹਿੰਗੇ ਦੀ ਛੂੰਹ ਨਾਲ ਇਕ-ਇਕ ਕਰਕੇ ਸ਼ਮ੍ਹਾਦਾਨ ਦੀ ਲੋ ਜਗਣ ਲੱਗੀ। ਕਮਰੇ ਦੀਆਂ ਦੀਵਾਰਾਂ ਦੇ ਪਰਦੇ ਰਾਧਾ ਦੇ ਨੱਚਦੇ ਸਰੀਰ ਵਿਚ ਲਿਪਟਣ ਲਗੇ ਤੇ ਰੰਗਮਹਿਲ ਵਿਚ ਕੁਝ ਵੀ ਨਾ ਬਚਿਆ...ਸਿਵਾਏ ਪ੍ਰੇਮ ਤੇ ਆਨੰਦ ਦੇ ਇਕ ਗੁਲਾਬੀ ਕੱਜਣ ਦੇ....

ਦੀਵਾਨਬਾਈ ਦੀਆਂ ਅੱਖਾਂ ਝਟਕੇ ਨਾਲ ਖੁੱਲ੍ਹੀਆਂ, ਸੁਦਾਮਾ ਪ੍ਰਸ਼ਾਦ ਉਸ ਨੂੰ ਮੋਢੇ ਤੋਂ ਫੜ ਕੇ ਬੁਰੀ ਤਰ੍ਹਾਂ ਹਿੱਲਾ ਰਿਹਾ ਸੀ-“ਅਵਿਨਾਸ਼ ਦੀ ਮਾਂ....”

ਦੀਵਾਨਬਾਈ ਨੇ ਫਟੀਆਂ ਹੋਈਆਂ ਅੱਖਾਂ ਨਾਲ ਉਸਨੂੰ ਦੇਖਿਆ। ਉਸਦੇ ਸਾਹ ਤੇਜ਼-ਤੇਜ਼ ਚਲ ਰਹੇ ਸੀ। ਜੂੜਾ ਖਿੰਡ ਚੁੱਕਿਆ ਸੀ ਤੇ ਪੱਲਾ ਆਪਣੀ ਜਗ੍ਹਾ ਤੋਂ ਹਟ ਗਿਆ ਸੀ। ਅਵਿਨਾਸ਼ ਦੀ ਮਾਂ-ਇਸ ਆਵਾਜ਼ ਨੇ ਮਰਦੰਗ ਦੀ ਥਾਪ ’ਤੇ ਜਿੱਤ ਪਾ ਲਈ ਸੀ। “ਸੁਫਨਾ ਦੇਖ ਰਹੀ ਏਂ ?” ਸੁਦਾਮਾ ਪ੍ਰਸ਼ਾਦ ਨੇ ਪੁੱਛਿਆ। ਦੀਵਾਨਬਾਈ ਕੋਈ ਉੱਤਰ ਨਾ ਦੇ ਸਕੀ। ਉਹ ਬੱਸ ਦੇਖਦੀ ਰਹੀ ਆਪਣੇ ਪਤੀ ਦੀਆਂ ਅੱਖਾਂ ਵਿਚ। ਫੇਰ ਉਸ ਨੇ ਅਚਾਨਕ ਸੁਦਾਮਾ ਪ੍ਰਸ਼ਾਦ ਨੂੰ ਆਪਣੇ-ਆਪ ਵਿਚ ਸਮੇਟ ਲਿਆ। ਬਾਹਾਂ ਕਸ ਕੇ ਉਸਦੇ ਦੁਆਲੇ ਪਾ ਦਿੱਤੀਆਂ। ਉਮਰ ਦੇ ਇਸ ਮੋੜ ’ਤੇ ਇਹ ਕਿਹੀ ਭਟਕਣ ਸੀ। ਜਦੋਂ ਉਮਰ ਸੀ, ਇੱਛਾਵਾਂ ਸੀ, ਭੁੱਖ ਸੀ, ਉਦੋਂ ਜੋ ਸਭ ਨਹੀਂ ਕਰ ਸਕੀ ਉਨ੍ਹਾਂ ਚੀਜ਼ਾਂ ਦੇ ਵੱਲ ਹੁਣ ...ਇੰਨੇ ਸਾਲਾਂ ਮਗਰੋਂ ! ਇਹ ਤਾਂ ਜ਼ਿੰਦਗੀ ਦਾ ਅੰਤ ਨੇੜੇ ਆ ਰਿਹਾ ਹੈ। ਹੁਣ ਫੇਰ ਤੋਂ ਇਕ ਨਵਾਂ ਜੀਵਨ ਜਿਉਣ ਦੀ ਚਾਹ ! ਉਹ ਵੀ ਇੰਨੇ ਫਰਜਾਂ ਵਿਚ ਬੰਝੀ ਹੋਣ ’ਤੇ.... ਸਮਾਜ, ਘਰ, ਪਰਿਵਾਰ, ਰਿਸ਼ਤੇਦਾਰ...ਇਕ ਔਰਤ ਹੋਣ ਦੇ ਬਾਵਜੂਦ ! ਨਹੀਂ। ਉਸ ਨੂੰ ਆਪਣੀ ਪੁਰਾਣੀ ਦੁਨੀਆਂ ਵਿਚ ਹੀ ਰਹਿਣਾ ਹੋਵੇਗਾ। ਉਸੇ ਵਿਚ ਰਮਾ ਦੇਣਾ ਹੋਵੇਗਾ ਆਪਣੇ ਮਨ ਨੂੰ। ਉਸਨੇ ਸੁਦਾਮ ਪ੍ਰਸ਼ਾਦ ਦੀ ਪਿੱਠ ਨੂੰ ਪਲੋਸਿਆ ਆਪਣੀਆਂ ਉਂਗਲਾਂ ਨਾਲ। ਉਸ ਨੂੰ ਪਤਾ ਸੀ ਕਿ ਉਸਦੀ ਛੋਹ ਨਾਲ ਸੁਦਾਮਾ ਪ੍ਰਸ਼ਾਦ ਦੇ ਮਨ ਵਿਚ ਹਸਰਤਾਂ ਜਾਗ ਉਠਣਗੀਆਂ ਤੇ ਫੇਰ.... ਉਹ ਹਮੇਸ਼ਾ ਲਈ ਆਪਣੇ ਨੂੰ ਆਪਣੀ ਗ੍ਰਹਿਸਥੀ ਵਿਚ ਡਬੋ ਦੇਵੇਗੀ। ਪਰ ਇਹ ਕੀ ? ਕੋਈ ਹਰਕਤ ਨਹੀਂ ਹੋਈ, ਸੁਦਾਮਾ ਪ੍ਰਸ਼ਾਦ ਵਿਚ। ਉਸਨੇ ਆਪਣੀਆਂ ਬਾਹਾਂ ਦਾ ਕਸਾਓ ਹੌਲੀ-ਹੌਲੀ ਢਿੱਲਾ ਕੀਤਾ। ਉਸਦੇ ਕੰਨਾਂ ਵਿਚ ਸੁਦਾਮਾ ਪ੍ਰਸ਼ਾਦ ਦੇ ਘੁਰਾੜੇ ਦੀ ਬਾਰੀਕ ਆਵਾਜ਼ ਆਈ। ਉਸਨੇ ਸਾਵਾਧਾਨੀ ਨਾਲ ਪੂਰੀ ਤਰ੍ਹਾਂ ਆਪਣੇ ਆਪ ਨੂੰ ਸੁਦਾਮਾ ਪ੍ਰਸ਼ਾਦ ਤੋਂ ਵੱਖ ਕਰ ਲਿਆ।ਦੀਵਾਨਬਾਈ ਨੇ ਨੀਲੇ ਬਲਬ ਦੀ ਰੌਸ਼ਨੀ ਵਿਚ ਗੌਰ ਨਾਲ ਆਪਣੇ ਪਤੀ ਦਾ ਚਿਹਰਾ ਪੜ੍ਹਿਆ। ਉਸ ’ਤੇ ਸਾਫ ਸਾਫ ਲਿਖਿਆ ਸੀ ਕਿ ਸੁਦਾਮਾ ਪ੍ਰਸ਼ਾਦ ਇਹ ਬਾਜ਼ੀ ਹਮੇਸ਼ਾ ਲਈ ਹਾਰ ਚੁੱਕਿਆ ਸੀ। ਦੀਵਾਨਬਾਈ ਨੇ ਪਾਸਾ ਫੇਰ ਲਿਆ ਤੇ ਸਰਹਾਣੇ ਵਿਚ ਆਪਣਾ ਮੂੰਹ ਲਕੋ ਲਿਆ। ਹਰ ਔਰਤ ਦੇ ਮਨ ਵਿਚ ਇਕ ਕੌਨੇ ਵਿਚ ਕੋਈ ਰੰਗਮਹਿਲ ਹੁੰਦਾ ਹੈ ਤੇ ਹਰ ਔਰਤ ਦੇ ਮਨ ਦੇ ਵਿਚ ਇਕ ਰਾਧਾ ਹੁੰਦੀ ਹੈ। ਦੀਵਾਨਬਾਈ ਨੇ ਅੱਖਾਂ ਕਸ ਕੇ ਬੰਦ ਕਰ ਲਈਆਂ।

ਦੀਵਾਨਬਾਈ ਨੇ ਆਪਣੇ ਆਪ ਨੂੰ ਸਜਾਇਆ ਤੇ ਆਪਣੇ ਪ੍ਰੇਮੀ ਦੇ ਦਰਵਾਜ਼ੇ ਦੀ ਘੰਟੀ ਜਾ ਵਜਾਈ। ਦਰਵਾਜ਼ਾ ਖੁੱਲ੍ਹਿਆ। ਉਸਦਾ ਕਮਜ਼ੋਰ ਤੇ ਥਕਿਆ ਹੋਇਆ ਮੇਜਬਾਨ ਹੈਰਾਨ ਹੋ ਗਿਆ। ਦੀਵਾਨਬਾਈ ਨੇ ਉਸਨੂੰ ਕੁਝ ਕਹਿਣ ਦੀ ਉਡੀਕ ਨਹੀਂ ਕੀਤੀ ਤੇ ਅੰਦਰ ਵੜਕੇ ਅੰਦਰ ਤਕ ਚਲਦੀ ਹੋਈ ਸੋਫੇ ’ਤੇ ਬੈਠ ਗਈ। ਮਹਿਮਾਨ ਦੇ ਪਿਛੇ ਪਿਛੇ ਉਸਦਾ ਮੇਜਬਾਨ। ਦੀਵਾਨਬਾਈ ਨੇ ਉਸਦੇ ਚਿਹਰੇ ’ਤੇ ਨਜ਼ਰਾਂ ਟਿਕਾਈਆਂ। ਉਹ ਸਿਰ ਨੀਵਾਂ ਕਰੀ ਬੈਠਾ ਸੀ। ਪਲ ਭਰ ਪਹਿਲਾਂ ਦਾ ਦੁਖ ਸਾਫ ਹੋ ਚੁੱਕਿਆ ਸੀ ਤੇ ਹੁਣ ਹੈਰਾਨੀ ਦੀ ਛਾਂ ਉਥੇ ਨਿਖਰਕੇ ਪਸਰੀ ਸੀ।



“ਤੁਸੀਂ ਆਪਣਾ ਖਿਆਲ ਨ੍ਹੀਂ ਰੱਖਦੇ ਨਾ...” ਦੀਵਾਨਬਾਈ ਨੇ ਸਵਾਲ ਕਰਨਾ ਚਾਹਿਆ ਸੀ। ਪਰ ਵਾਕ ਦੇ ਪੂਰਾ ਹੁੰਦਿਆਂ-ਹੁੰਦਿਆਂ ਉਸ ਵਿਚੋਂ ਪ੍ਰਸ਼ਨਸੂਚਕ ਚਿੰਨ ਮਿਟ ਚੁੱਕਿਆ ਸੀ ਤੇ ਉਹ ਇਕ ਸਾਧਾਰਨ, ਮੰਨੀ ਹੋਈ ਉਦਾਹਰਣ ਦੀ ਤਰ੍ਹਾਂ ਸਾਹਮਣੇ ਸੀ। ਦੀਵਾਨਬਾਈ ਨੇ ਬਿਨਾਂ ਲਾਗ-ਲਪੇਟ ਦੇ ਫੇਰ ਕਿਹਾ-“ਜੇ ਮੈਂ ਤੁਹਾਡਾ ਧਿਆਨ ਰੱਖਾਂ ਤਾਂ ?” ਸਾਹਮਣੇ ਵਾਲੇ ਨੇ ਜਿਵੇਂ ਕੁਝ ਸੁਣਿਆ ਹੀ ਨਹੀਂ। ਉਹ ਚੁੱਪਚਾਪ ਉਵੇਂ ਹੀ ਬੈਠਿਆ ਰਿਹਾ। ਕੁਝ ਪਲ ਗੁਜਰ ਗਏ।

“ਚਲਦੀ ਹਾਂ”, ਦੀਵਾਨਬਾਈ ਉਠ ਖੜ੍ਹੀ ਹੋਈ।

ਘਰ ਵਿਚ ਇਕ ਵਾਰ ਫੇਰ ਤੋਂ, ਪੁਰਾਣੇ ਤਰੀਕੇ ਨਾਲ ਸ਼ਾਮ ਢਲੀ ਸੀ। ਬੱਚੇ ਸਕੂਲੋਂ ਆਉਣ ਮਗਰੋਂ ਭੱਜ-ਦੌੜ, ਫੜੋ-ਫੜਾਈ ਵਿਚ ਰੁਝੇ ਹੋਏ ਸੀ। ਬਹੂਆਂ ਛੇਤੀ-ਛੇਤੀ ਨਾਸ਼ਤਾ ਤਿਆਰ ਕਰ ਰਹੀਆਂ ਸੀ। ਬੇਟੇ ਆਪਣੀਆਂ-ਆਪਣੀਆਂ ਦੁਕਾਨਾਂ ’ਤੇ ਸਨ। ਸੁਦਾਮਾ ਪ੍ਰਸ਼ਾਦ ਸ਼ਾਮ ਦੀ ਸੈਰ ਦੀ ਤਿਆਰੀ ਕਰ ਰਿਹਾ ਸੀ। ਦੀਵਾਨਬਾਈ ਨੇ ਸ਼ਾਮ ਦੀ ਦੀਵਾਬੱਤੀ ਕੀਤੀ ਤੇ ਪ੍ਰਸ਼ਾਦ ਦੇਣ ਲਈ ਪੋਤਿਆਂ ਨੂੰ ਆਵਾਜ਼ ਦਿੱਤੀ। ਬੱਚੇ ਉਸ ਨੂੰ ਘੇਰ ਕੇ ਖੜ੍ਹੇ ਹੋ ਗਏ ਤਾਂ ਉਸਨੇ ਵਿਚਕਾਰਲੇ ਪੋਤੇ ਦੇ ਸਿਰ ’ਤੇ ਹੱਥ ਰੱਖ ਕੇ ਪੁੱਛਿਆ-“ਦਾਦੀ ਨਾ ਰਹੇ ਤਾਂ ਪ੍ਰਸ਼ਾਦ ਕੌਣ ਦੇਵੇਗਾ ?”

ਛੇ ਸਾਲ ਦੇ ਬੱਚੇ ਨੇ ਹੈਰਾਨੀ ਜਿਹੀ ਨਾਲ ਉਸ ਨੂੰ ਦੇਖਿਆ। ਉਸਦਾ ਛੋਟਾ ਭਾਈ ਚੀਕਿਆ-“ਦਾਦੀ ਨ੍ਹੀਂ ਰਹੇਗੀ ਤਾਂ ਅਸੀਂ ਪੂਜਾ ਕਰਾਂਗੇ ਤੇ ਪ੍ਰਸ਼ਾਦ ਕਿਸੇ ਹੋਰ ਨੂੰ ਨ੍ਹੀਂ ਦੇਵਾਂਗੇ।” ਦੀਵਾਨਬਾਈ ਨੇ ਮੁਸਕਰਾ ਕੇ ਉਸਦੇ ਸਿਰ ਨੂੰ ਹੌਲੀ ਜਿਹੀ ਛੂਹਿਆ, ਪਿਆਰ ਨਾਲ ਬੱਚਾ ਚਾਂਭਲ ਕੇ ਭੱਜ ਗਿਆ। ਦੀਵਾਨਬਾਈ ਦੇਹਲੀਆਂ ’ਤੇ ਬੈਠ ਗਈ। ਕਿੰਨਾ ਛੋਟਾ ਤੇ ਸਧਿਆ ਹੋਇਆ ਜਵਾਬ ਸੀ। ਉਸ ਦੇ ਸਾਰੇ ਅੰਤਰਦਵੰਦ, ਹਲਚਲਾਂ, ਦਾ ਜੁਵਾਬ ਉਸ ਨਿੱਕੇ ਜਿਹੇ ਬੱਚੇ ਨੇ ਪਲਕ ਝਪਕਦੇ ਹੀ ਦੇ ਦਿੱਤਾ। ਕਿੰਨਾ ਸਹੀ। ਕਿੰਨਾ ਨਪਿਆ-ਤੋਲਿਆ। ਉਹ ਨਹੀਂ ਰਹੇਗੀ, ਫੇਰ ਵੀ ਦੁਨੀਆਂ ਉਸੇ ਰਫਤਾਰ ਨਾਲ ਚਲੇਗੀ। ਕੋਈ ਹੋਰ ਲੈ ਲਵੇਗਾ ਉਸਦੀ ਥਾਂ। ਉਸਨੇ ਆਪਣੇ ਆਪ ਨੂੰ ਖਾਰਜ ਕਰਕੇ ਮੰਚ ਦਾ ਜਾਇਜਾ ਲਿਆ। ਜੇ ਉਸਦੀ ਅਚਾਨਕ ਮੌਤ ਹੋ ਜਾਵੇ, ਬੇਵਕਤੀ ਤਾਂ...? ਸ਼ਾਮ ਐਂਦਾਂ ਹੀ ਢਲੇਗੀ। ਬਹੂਆਂ ਚੁਲੇ ਵਿਚ ਰੁਝੀਆਂ ਰਹਿਣਗੀਆਂ। ਬੱਚੇ ਸ਼ੋਰ ਸ਼ਰਾਬਾ ਕਰਦੇ ਰਹਿਣਗੇ। ਬੇਟੇ ਆਪਣੀਆਂ-ਆਪਣੀਆਂ ਦੁਕਾਨ ’ਤੇ ਤੇ ਸੁਦਾਮਾ ਪ੍ਰਸ਼ਾਦ ਸੈਰ ਕਰਨ ਦੀ ਤਿਆਰੀ ਵਿਚ। ਸੁਦਾਮਾ ਪ੍ਰਸ਼ਾਦ ਕੋਲ ਆ ਕੇ ਵੀ ਦੀਵਾਨਬਾਈ ਦੀ ਸੂਈ ਅਟਕੀ ਨਹੀਂ। ਸੁਦਾਮਾ ਪ੍ਰਸ਼ਾਦ ਦੀ ਰੋਜ਼ਾਨਾ ਦੀ ਰੁਟੀਨ ਵਿਚ ਉਸਦੀ ਕੀ ਜਗ੍ਹਾ ਸੀ ? ਸਵੇਰੇ ਪੰਜ ਵਜੇ ਜਾਗਣਾ, ਸਵੇਰ ਦੀ ਸੈਰ, ਅਖ਼ਬਾਰ, ਦਾੜ੍ਹੀ ਬਣਾਉਣਾ, ਨਹਾਉਣਾ, ਨਾਸ਼ਤਾ, ਫੇਰ ਘਰ ਦੇ ਬਗਲ ਵਿਚ ਬਣੇ ਆਪਣੇ ਛੋਟੇ ਜਿਹੇ ਦਫਤਰ ਵਿਚ ਕਾਨੂੰਨੀ ਦਾਅ-ਪੇਚ, ਦੁਪਹਿਰ ਦਾ ਭੋਜਨ, ਸ਼ਾਮ ਨੂੰ ਬਾਗਵਾਨੀ, ਟਹਿਲਨਾ, ਫੇਰ ਟੀ.ਵੀ.ਚੈਨਲ ਘੁਮਾ-ਘੁਮਾਕੇ ਕੋਈ ਭਾਵਨਾਤਮਕ ਫਿਲਮ ਲੱਭਣੀ। ਉਸ ਨੂੰ ਦੇਖਣਾ। ਨਾ ਮਿਲੇ ਤਾਂ ਗੀਤ ਜਿਨ੍ਹਾਂ ਚੈਨਲਾਂ ’ਤੇ ਆਉਂਦੇ ਹੋਣ ਹਮੇਸ਼ਾ, ਉਨ੍ਹਾਂ ਨੂੰ ਚਾਓ ਨਾਲ ਦੇਖਣਾ। ਨਵੇਂ ਜਮਾਨੇ ਦੇ ਕੱਪੜੇ, ਨੰਗੇ ਗਾਣੇ ਵੀ ਉਹ ਉਸੇ ਆਨੰਦ ਨਾਲ ਦੇਖਦਾ ਜਿਵੇਂ ਸੁਰੱਈਆ ਤੇ ਸਹਿਗਲ ਦੇ ਜ਼ਮਾਨੇ ਦੇ ਗਾਣੇ। ਦੀਵਾਨਬਾਈ ਨੂੰ ਨਾ ਤਾਂ ਟੀ.ਵੀ.ਦੇ ਚੈਨਲਾਂ ਦੀ ਜਾਣਕਾਰੀ ਹੋ ਸਕੀ ਅੱਜ ਤਕ, ਨਾ ਪ੍ਰੋਗਰਾਮਾਂ ਦੀ। ਤੇ ਸੁਦਾਮਾ ਪ੍ਰਸ਼ਾਦ ! ਬੇਟੇ ਤੇ ਬਹੂਆਂ ਤਕ ਉਸਦੀ ਜਾਣਕਾਰੀ ਦੇ ਮੋਹਤਾਜ ਹਨ। ਟੀ.ਵੀ. ਦੇਖਦਿਆਂ-ਦੇਖਦਿਆਂ ਭੋਜਨ ਤੇ ਫੇਰ ਪੱਕੀ ਨੀਂਦ। ਦੀਵਾਨਬਾਈ ਕਿਥੇ ਸੀ ? ਕਿਤੇ ਨਹੀਂ। ਨਾ ਤਾਂ ਉਹ, ਨਾ ਉਸਦਾ ਪ੍ਰਛਾਵਾਂ। ਛੋਟੀ ਬਹੂ ਨੇ ਅੰਦਰੋਂ ਉਸ ਨੂੰ ਆਵਾਜ਼ ਮਾਰੀ। ਦੀਵਾਨਬਾਈ ਨੇ ਉਠਣ ਦੀ ਕੋਸ਼ਿਸ਼ ਕੀਤੀ। ਪਰ ਗੋਡੇ ਜਵਾਬ ਦੇ ਗਏ। ਉਸਦਾ ਸੱਜਾ ਹੱਥ ਸਾਹਮਣੇ ਵਧ ਗਿਆ। ਪਰ ਉਸ ਨੂੰ ਫੜਨ ਲਈ ਹਰਸ਼ਿੰਗਾਰ ਦੀ ਕਲੀ

ਚਪਕੀ ਕੋਈ ਹਥੇਲੀ ਉਥੇ ਨਹੀਂ ਸੀ....

ਰਾਤ ਢਲ ਚੁੱਕੀ ਸੀ। ਸੁਦਾਮਾ ਪ੍ਰਸ਼ਾਦ ਸੌਣ ਦੀ ਤਿਆਰੀ ਵਿਚ ਸੀ। ਦੀਵਾਨਬਾਈ ਦੇ ਸਾਹ ਤੇਜ਼ੀ ਨਾਲ- ਉਠ-ਗਿਰ ਰਹੇ ਸੀ। ਉਸਦਾ ਸਿਰ ਖਿੜਕੀ ਨਾਲ ਟਿਕਿਆ ਸੀ ਤੇ ਹਵਾ ਦੇ ਬੁੱਲੇ ਵਿਚ ਅਗੇ ਦੇ ਵਾਲ ਜੂੜੇ 'ਚੋਂ ਨਿਕਲਕੇ ਚਿਹਰੇ 'ਤੇ ਲਹਿਰਾ ਰਹੇ ਸੀ।

"ਬਤੀ ਬੁਝਾ ਦੇਵੀਂ। ਅੱਜ ਬਾਰਿਸ਼ ਹੋਵੇਗੀ। ਕੀ ਸੋਚ ਰਹੀ ਏ ਬਈ ?" ਸੁਦਾਮਾ ਪ੍ਰਸ਼ਾਦ ਨੇ ਉਸ ਨੂੰ ਟੋਕਿਆ।

ਦੀਵਾਨਬਾਈ ਨੇ ਉਵੇਂ ਹੀ ਖਿੜਕੀ ਨਾਲ ਲਗਿਆ-ਲਗਿਆ, ਥੋੜ੍ਹਾ ਰੁਕ ਕੇ ਕਿਹਾ,"ਸੋਚਦੀ ਹਾਂ ਜੇ ਮੈਂ ਨਾ ਰਹਾਂ ਤਾਂ ਕੀ ਹੋਵੇਗਾ?"

ਹੱਸ ਪਿਆ ਸੁਦਾਮਾ ਪ੍ਰਸ਼ਾਦ,"ਓਏ ਵਈ, ਤੂੰ ਬੜੀ ਭਾਗਾਂ ਵਾਲੀ ਕਹਾਵੇਂਗੀ। ਆਪਣੇ ਪਿਛੇ ਇੰਨਾ ਸੁਖੀ ਘਰ ਛੱਡ ਜਾਵੇਂਗੀ। ਮੈਂ ਤੈਨੂੰ ਮੁਕਤੀ ਦੇਵਾਂਗਾ। ਹੋਰ ਕੀ ਚਾਹੀਦੈ ? ? ਇਸ ਵਿਚ ਇੰਨਾ ਸੋਚਣ ਦਾ ਕੀ ਏ ?" ਦੀਵਾਨਬਾਈ ਚੁੱਪ ਰਹੀ ਉਵੇਂ ਹੀ, ਤਾਂ ਸੁਦਾਮਾ ਪ੍ਰਸ਼ਾਦ ਅਗੇ ਵਧੇ।

"ਮਖੌਲ ਕਰ ਰਿਹਾ ਸੀ ਬਈ। ਤੂੰ ਭਲਾ ਕਿਉਂ ਜਾਵੇਂਗੀ ਕਿਤੇ ? ਇਹ ਸਭ ਕੀ ਸੋਚ ਰਹੀ ਏਂ ਅੱਜ ਅਚਾਨਕ ?" ਉਸਨੇ ਦੀਵਾਨਬਾਈ ਦਾ ਮੋਢਾ ਫੜ ਕੇ ਉਸ ਨੂੰ ਆਪਣੇ ਵਲ ਮੋੜ ਲਿਆ।

"ਅਚਾਨਕ ਨ੍ਹੀਂ...." ਦੀਵਾਨਬਾਈ ਦੀਆਂ ਅੱਖਾਂ ਵਿਚ ਕੁਝ ਸੀ, ਜਿਸ ਨੂੰ ਦੇਖ ਕੇ ਸੁਦਾਮਾ ਪ੍ਰਸ਼ਾਦ ਠਗਿਆ ਰਹਿ ਗਿਆ। ਉਹ ਬੋਲਦੀ ਗਈ, "ਅਚਾਨਕ ਨ੍ਹੀਂ....ਜੇ ਮੈਂ ਕਹਾਂ ਕਿ ਮੈਂ ਸਨਿਆਸ ਲੈਣਾ ਚਾਹੁੰਦੀ ਹਾਂ ਤਾਂ ?"

"ਸਨਿਆਸ....", ਇਸ ਵਾਰ ਹੱਸ ਨਹੀਂ ਸਕਿਆ ਸੁਦਾਮਾ ਪ੍ਰਸ਼ਾਦ, ਹਾਲਾਂਕਿ ਗੱਲ ਹੱਸਣ ਦੀ ਸੀ ਸਰਾਸਰ। ਪਰ ਦੀਵਾਨਬਾਈ ਦੀਆਂ ਅੱਖਾਂ ਨੇ ਉਸ ਨੂੰ ਹੱਸਣ ਨਹੀਂ ਦਿੱਤਾ।

"ਤੁਸੀਂ ਮੈਨੂੰ ਜਾਣ ਦਿਓਂਗੇ ?"

"ਕੀ ਹੋ ਗਿਆ ਏ ਤੈਨੂੰ ?" ਕੁਝ ਘਬਰਾ ਕੇ ਸੁਦਾਮਾ ਪ੍ਰਸ਼ਾਦ ਬੋਲਿਆ, "ਮੈਂ ਸੌਂਦਾ ਹਾਂ।"

"ਨ੍ਹੀਂ। ਜਿਹੜੀ ਗੱਲ ਮੈਨੂੰ ਤੁਹਾਨੂੰ ਪਹਿਲੀ ਰਾਤ ਦੱਸਣੀ ਚਾਹੀਦੀ ਸੀ, ਉਹ ਆਖਿਰੀ ਰਾਤ ਤਾਂ ਦੱਸ ਲੈਣ ਦਿਓ।"

ਸੁਦਾਮਾ ਪ੍ਰਸ਼ਾਦ ਨੇ ਅੱਖਾਂ ਛੋਟੀਆਂ ਕਰਕੇ ਉਸ ਨੂੰ ਦੇਖਿਆ ਤੇ ਉਸਦੇ ਮੱਥੇ 'ਤੇ ਆਪਣੀ ਹਥੇਲੀ ਰੱਖੀ।

"ਤਾਪ ਨਹੀਂ ਮੈਨੂੰ। ਮੈਂ ਠੀਕ ਹਾਂ। ਸ਼ਾਦੀ ਤੋਂ ਪਹਿਲਾਂ ਕਿਸੇ ਹੋਰ ਦੇ ਨਾਲ ਮੇਰੇ ਸੰਬੰਧ ਸੀ ਤੇ ਮੈਂ ਉਸਦੇ ਕੋਲ ਜਾਣਾ ਚਾਹੁੰਦੀ ਹਾਂ।" ਦੀਵਾਨਬਾਈ ਨੇ ਮੁਠੀ ਵਿਚ ਪੱਲੇ ਨੂੰ ਦਬਾਇਆ ਅਤੇ ਪੈਰ ਦਾ ਅੰਗੂਠਾ ਜ਼ਮੀਨ 'ਤੇ ਘਸਾਇਆ।

"ਕਿਹੇ ਸੰਬੰਧ ?" ਇਹ ਹਥੌੜੀ ਦੀ ਡੂੰਘੀ ਆਵਾਜ਼ ਸੀ।

"ਮਨ ਦੇ ਸੰਬੰਧ।"

ਸੁਦਾਮਾ ਪ੍ਰਸ਼ਾਦ ਨੇ ਦੋਵੇਂ ਹੱਥਾਂ ਨਾਲ ਉਸਦਾ ਚਿਹਰਾ ਫੜਿਆ। ਉਸ ਦੇ ਵਾਲਾਂ ਨੂੰ ਜ਼ੋਰ ਨਾਲ ਖਿਚਿਆ ਤੇ ਉਤੇਜਿਤ ਹੋ ਕੇ ਉਸ ਨੂੰ ਧੱਕਾ ਦਿੱਤਾ ਬਿਸਤਰੇ 'ਤੇ। ਉਹ ਕੰਬ ਰਿਹਾ ਸੀ ਬੇਤਹਾਸ਼ਾ।

"ਮੈਂ ਉਸਦੇ ਕੋਲ ਮੁੜਨਾ ਚਾਹੁੰਦੀ ਹਾਂ। ਇਸ ਘਰ ਦੇ ਸਾਰੇ ਫਰਜ ਪੂਰੇ ਕਰ ਦਿੱਤੇ ਮੈਂ। ਹੁਣ ਤੁਸੀਂ ਕਿਹਾ ਕਿ ਆਪਣੇ ਪਿਛੇ ਮੈਂ ਇਕ ਸੁਖੀ ਘਰ ਛੱਡ ਜਾਊਂਗੀ। ਤੁਸੀਂ ਕਿਹਾ



ਸੀ ਤੁਸੀਂ ਮੁਕਤੀ ਦੇਵੋਗੇ ਮੈਨੂੰ। ਮੈਨੂੰ ਮੁਕਤੀ ਚਾਹੀਦੀ ਏ।" ਦੀਵਾਨਬਾਈ ਬਿਸਤਰੇ 'ਤੇ ਹੌਂਕ ਰਹੀ ਸੀ। ਸੁਦਾਮਾ ਪ੍ਰਸ਼ਾਦ ਝਪਟ ਕੇ ਉਸ ਤਕ ਪਹੁੰਚਿਆ।

"ਮੁਕਤੀ ਤੈਨੂੰ ਮੈਂ ਦਿੰਦਾ ਹਾਂ।" ਉਸਨੇ ਦੀਵਾਨਬਾਈ ਦਾ ਗਲ੍ਹ ਫੜ ਲਿਆ ਤੇ ਪੂਰੇ ਜ਼ੋਰ ਨਾਲ ਉਸ ਨੂੰ ਦਬਾਉਣ ਲੱਗਿਆ। ਦੀਵਾਨਬਾਈ ਜੂਝ ਰਹੀ ਸੀ। ਮੱਥੇ ਨਾਲ, ਨਹੁੰਆਂ ਨਾਲ। ਉਸ ਨੂੰ ਮੁਕਤੀ ਚਾਹੀਦੀ ਸੀ। ਪਰ ਮਰ ਕੇ ਨਹੀਂ। ਉਸ ਨੇ ਜਿਉਣਾ ਸੀ। ਉਸਨੇ ਆਪਣੇ ਦੰਦ ਗੱਡ ਦਿੱਤੇ ਆਪਣਾ ਗਲਾ ਦਬਾਉਣ ਵਾਲੇ ਹੱਥਾਂ ਵਿਚ, ਗੁੱਟ ਤੋਂ ਥੋੜ੍ਹਾ 'ਤੇ। ਜਕੜ ਢਿੱਲੀ ਹੋਈ ਤੇ ਉਹ ਝਪਟ ਕੇ ਵੱਖ ਹੋ ਗਈ। ਦੋਵੇਂ ਯੋਧਿਆਂ ਦੇ ਸਾਹ ਫੁੱਲ ਰਹੇ ਸੀ। ਸੁਦਾਮਾ ਪ੍ਰਸ਼ਾਦ ਛੇਤੀ ਸੰਭਲਿਆ। ਉਸਨੇ ਤਾਬੜ-ਤੋੜ ਮਾਰਨਾ ਸ਼ੁਰੂ ਕੀਤਾ ਦੀਵਾਨਬਾਈ ਨੂੰ। ਉਸਨੇ ਦੀਵਾਨਬਾਈ ਨੂੰ ਮਾਰ ਮਾਰ ਕੇ ਚੂਰ ਕਰ ਦਿੱਤਾ। ਆਖਿਰ ਉਹ ਪਤੀ ਸੀ ਉਸਦਾ ! ਇੰਨਾ ਤਾਂ ਹੱਕ ਬਣਦਾ ਸੀ। ਦੀਵਾਨ ਬਾਈ ਨੇ ਉਠਣਾ ਚਾਹਿਆ, ਪਰ ਉਹ ਟੁੱਟ ਭੱਜ ਕੇ ਬਿਸਤਰੇ ਉਤੇ ਖਿਲਰ ਗਈ।

ਦੁਨੀਆਂ ਜਾਣਦੀ ਸੀ ਕਿ ਸੁਦਾਮਾ ਪ੍ਰਸ਼ਾਦ ਦੀ ਪੜ੍ਹਾਈ ਦਾ ਖਰਚ ਉਸਦੇ ਪਿਤਾ ਦੀ ਰੱਖ ਛੱਡੀ ਦੌਲਤ ਨਾਲ ਚਲ ਰਿਹਾ ਸੀ ਜਦੋਂਕਿ ਮਾੜੇ ਦਿਨ ਇੱਜਤ ਨਾਲ ਗੁਜਾਰ ਦੇਣ ਵਾਲੀ ਉਸਦੀ ਗਰੀਬ ਮਾਂ ਹਨੇਰਾ ਹੁੰਦਿਆਂ ਝੋਲਾ, ਤਕੜੀ, ਬੱਟੇ, ਕਾਗਜ਼ਾਂ ਦਾ ਲਿਫਾਫਾ....ਲੈ ਕੇ ਤੁਰ ਪੈਂਦੀ ਸੀ। ਇਨ੍ਹਾਂ ਦੋ ਜ਼ਿੰਦਗੀਆਂ ਦੇ ਵਿੱਚ ਤਾਲਮੇਲ ਬਿਠਾਉਣ ਦੇ ਚੱਕਰ ਵਿਚ ਉਸਦੇ ਪੈਰ ਰੇਲਗੱਡੀ ਤੇ ਪਲੇਟਫਾਰਮ ਦੇ ਵਿੱਚ ਲੈਅ ਨਾ ਰਖ ਸਕੇ। ਕੀ ਦੋ ਸਮਾਨਅੰਤਰ ਜ਼ਿੰਦਗੀਆਂ ਦੇ ਵਿਚ ਬਰਾਬਰ ਦੂਰੀ ਰੱਖਣ ਵਾਲੀ ਔਰਤ ਦੀ ਹਮੇਸ਼ਾ ਅਜਿਹੀ ਹੀ ਦੁਰੱਗਤ ਹੁੰਦੀ ਹੈ...! ਦੀਵਾਨਬਾਈ ਵਿਚ ਹਰਕਤ ਹੋਈ। ਉਸ ਰੂਹ ਨੇ, ਜਿਸਦੇ ਪੈਰ ਰਾਤ ਦੇ ਹਨੇਰੇ ਵਿਚ ਠੀਕ-ਠੀਕ ਪਲੇਟਫਾਰਮ ਦੀ ਥਾਹ ਨਹੀਂ ਲੈ ਪਾਏ ਸੀ, ਦੀਵਾਨਬਾਈ ਦੇ ਜਿਸਮ 'ਤੇ ਹੱਥ ਫੇਰਿਆ....ਸਿਰ ਤੋਂ ਪੈਰ ਤਕ। ਦੀਵਾਨਬਾਈ ਉਠ ਖੜੀ ਹੋਈ। ਉਸਨੇ ਘਰ ਦੇ ਮੁੱਖ ਦਰਵਾਜ਼ੇ ਦੇ ਅਰਲ ਹਿਟਾਈ। ਬਾਹਰ ਘੁਪ ਹਨੇਰਾ। ਮੀਂਹ। ਤੇਜ਼ ਹਵਾ। ਉਹ ਨੀਮਬੇਹੋਸ਼ੀ ਵਿਚ ਤੁਰ ਰਹੀ ਸੀ। ਪਤਾ ਸਿਧਾ-ਸਾਧਾ। ਪੇਕਿਆਂ ਦੇ ਤਿੰਨ ਘਰ ਮਗਰੋਂ। ਦੀਵਾਨਬਾਈ ਨੇ ਆਪਣੀ ਨਵੀਂ ਮੰਜਲ ਦੇ ਦਰ 'ਤੇ ਸਿਰ ਝੁਕਾ ਦਿੱਤਾ। ਉਹ ਇਕ ਬੰਦ ਦਰਵਾਜ਼ੇ ਦੇ ਅੱਗੇ ਨਿਢਾਲ ਹੋ ਗਈ। ਰੂਹ ਦਾ ਸਫਰ ਪੂਰਾ ਹੋ ਗਿਆ। ਉਸਨੇ ਇਕ ਵਾਰ ਫੇਰ ਦੀਵਾਨਬਾਈ ਦੇ ਜਿਸਮ 'ਤੇ ਹੱਥ ਫੇਰਿਆ ਐ ਉਹ ਉਥੋਂ ਚਲੀ ਗਹੀ। ਚੁੱਪਚਾਪ। ਜਿਥੇ ਉਸਦੀ ਮੰਜਿਲ ਸੀ, ਓਧਰ।

ਆਸਮਾਨ ਵਿਚ ਹੋਰ ਵੀ ਬਹੁਤ ਮੀਂਹ ਦੇ ਆਸਾਰ ਸਨ। ਸਾਰੀ ਰਾਤ ਮੀਂਹ ਪਵੇਗਾ, ਤੈਅ ਸੀ। ਸਵੇਰੇ ਕੀ ਹੋਵੇਗਾ ? ਮੀਂਹ ਸ਼ਾਇਦ ਰੁੱਕ ਜਾਵੇ। ਪਰ ਬੰਦ ਦਰਵਾਜ਼ੇ 'ਤੇ ਰੱਖੇ ਇਸ ਸਵਾਲ ਦਾ ਕੀ ਹੋਵੇਗਾ ! ਹੋ ਸਕਦਾ ਹੈ ਕਲ੍ਹ ਦੀ ਸਵੇਰ। ਕਿਸੇ ਇੰਦਰਧਨੁਸ਼ ਦੀ ਗਵਾਹ ਬਣੇ ! ਤੇ ਜੇ .....ਨਵੀਂ ਮੰਜਿਲ ਨੇ ਇਸ ਸਵਾਲ ਤੋਂ ਮੂੰਹ ਫੇਰ ਲਿਆ ਤਾਂ ! ਫੈਸਲਾ ਭਾਵੇਂ ਜੋ ਵੀ ਹੋਵੇ, ਜਿਸਦੇ ਵੀ ਹੱਕ ਵਿਚ ਹੋਵੇ, ਇੰਨਾ ਕੀ ਘੱਟ ਹੈ ਕਿ ਸੁਦਾਮਾ ਪ੍ਰਸ਼ਾਦ ਦੀ ਮਾਂ ਦੀ ਆਤਮਾ ਨੂੰ ਮੁਕਤੀ ਮਿਲ ਚੁੱਕੀ ਸੀ।

**ਅਨੁ: ਗੁਰਮੇਲ ਮਡਾਹੜ**

## ਰੋਣ ਵਾਲਾ ਕਮਰਾ/ਰਘੁਨੰਦਨ ਤ੍ਰਿਵੇਦੀ

ਜੂਨ ਦਾ ਮਹੀਨਾ ਸੀ। ਸ਼ਨਿਚਰਵਾਰ ਦਾ ਦਿਨ। ਮਾਂ ਨੂੰ ਸਵਰਗਵਾਸ ਹੋਇਆਂ ਪੰਦਰਾਂ ਦਿਨ ਹੋ ਗਏ ਸੀ। ਭੈਣ ਤੋਂ ਬਿਨਾਂ ਬਾਹਰੋਂ ਆਏ ਸਾਰੇ ਰਿਸ਼ਤੇਦਾਰ ਮੁੜ ਚੁੱਕੇ ਸੀ ਤੇ ਸੋਮਵਾਰ ਤੋਂ ਅਸੀਂ ਦੋਵੇਂ ਭਾਈ ਵੀ ਆਪੋ-ਆਪਣੇ ਆਫਿਸ ਜਾਣਾ ਸ਼ੁਰੂ ਕਰਨ ਵਾਲੇ ਸੀ। ਆਪਸ ਵਿਚ ਫੈਸਲਾ ਕਰ ਕੇ ਹੁਣ ਸਮਝਦਾਰੀ ਨਾਲ ਸਾਨੂੰ ਅੱਡ ਹੋ ਜਾਣਾ ਚਾਹੀਦਾ, ਸ਼ਿਵ ਵੀਰ ਨੇ ਪਿਛਲੀ ਰਾਤ ਇਕਾਂਤ ਵਿਚ ਗੱਲਬਾਤ ਕਰਦਿਆਂ ਹੋਇਆਂ ਇਹ ਸੁਝਾਅ ਮੇਰੇ ਸਾਹਮਣੇ ਰੱਖਿਆ ਸੀ। ਉਸਦੀ ਗੱਲ ਸੁਣ ਕੇ ਥੋੜ੍ਹੀ ਦੇਰ ਲਈ ਮੈਂ ਭਾਵੁਕ ਹੋਇਆ ਪਰ ਬਾਅਦ ਵਿਚ ਜਦੋਂ ਰਾਤ ਨੂੰ ਸੌਣ ਵੇਲੇ ਮੈਂ ਆਪਣੀ ਪਤਨੀ ਨਾਲ ਸਲਾਹ ਕੀਤੀ ਤਾਂ ਉਸਨੇ ਸ਼ਿਵ ਵੀਰ ਦੇ ਸੁਝਾਅ ਨਾਲ ਸਹਿਮਤੀ ਦੇ ਦਿੱਤੀ।

ਅੱਡ ਹੋਣ ਲਈ ਅਸੀਂ ਕਿਸੇ ਬਾਹਰਲੇ ਆਦਮੀ ਨੂੰ ਵਿਚਕਾਰ ਪੰਚਾਇਤ ਦਾ ਮੌਕਾ ਨਹੀਂ ਦਿੱਤਾ। ਕਿਸੇ ਵੱਡੇ-ਬਜ਼ੁਰਗ ਦੀ ਹਾਜਰੀ ਤੋਂ ਬਿਨਾਂ ਸ਼ੁਰੂ ਵਿਚ ਥੋੜ੍ਹਾ ਝੰਜਟ ਹੋਇਆ ਕਿਉਂਜੁ ਸ਼ਿਵ ਵੀਰ ਨੇ ਆਪਣੀ ਗੱਲ ਘਰ ਦੇ ਹਿਸਾਬ-ਕਿਤਾਬ ਤੋਂ ਸ਼ੁਰੂ ਕੀਤੀ ਸੀ। ਉਸ ਕੋਲ ਇਕ ਡਾਇਰੀ ਵਿਚ ਭੈਣ ਦੀ ਸ਼ਾਦੀ 'ਤੇ ਕੀਤੇ ਗਏ ਖਰਚ ਦਾ ਹਿਸਾਬ ਦੇਖ ਕੇ ਮੈਨੂੰ ਧੱਕਾ-ਜਿਹਾ ਲੱਗਿਆ ਸੀ। ਫੇਰ ਉਸਨੇ ਮਕਾਨ ਦੀ ਮੁਰੰਮਤ 'ਤੇ ਹੋਏ ਖਰਚ ਦਾ ਵੇਰਵਾ ਵੀ ਦਿੱਤਾ। ਮੈਨੂੰ ਓਦੋਂ ਹੋਰ ਵੀ ਹੈਰਾਨੀ ਹੋਈ ਜਦ ਹਿਸਾਬ ਦੱਸਣ ਦੇ ਇਸ ਕੰਮ ਵਿਚ ਭਾਬੀ ਨੇ ਵਿਚਾਲੇ ਬੋਲ ਕੇ ਉਸਦੀ ਮੱਦਦ ਕੀਤੀ। ਭਾਬੀ ਜਦੋਂ ਬੋਲ ਰਹੀ ਸੀ ਤਾਂ ਮੈਂ ਆਪਣੀ ਪਤਨੀ ਵੱਲ ਦੇਖਿਆ। ਉਸਦਾ ਚਿਹਰਾ ਭਖਿਆ ਹੋਇਆ ਸੀ। ਸ਼ਿਵ ਵੀਰ ਦੀ ਹਾਜਰੀ ਵਿਚ ਉਹ ਕੁਝ ਬੋਲ ਨਹੀਂ ਸਕਦੀ ਸੀ, ਇਸ ਲਈ ਅੱਖ ਦੇ ਇਸ਼ਾਰੇ ਨਾਲ ਉਸਨੇ ਮੈਨੂੰ ਬੋਲਣ ਲਈ ਉਕਸਾਇਆ। ਪਿਤਾ ਦੇ ਅਖੀਰਲੇ ਦਿਨਾਂ ਵਿਚ ਇਕੱਲਾ ਮੈਂ ਹੀ ਉਨ੍ਹਾਂ ਦੇ ਕੋਲ ਰਿਹਾ ਸੀ। ਸ਼ਿਵ ਵੀਰ ਦੀ ਪੋਸਟਿੰਗ ਉਨ੍ਹੀਂ ਦਿਨੀਂ ਉਦੈਪੁਰ ਸੀ। ਇਸ ਕਾਰਨ ਉਹ ਦਸ-ਪੰਦਰਾਂ ਦਿਨ ਵਿਚ ਇਕ ਅੱਧ ਵਾਰ ਆ ਕੇ ਪਿਤਾ ਨੂੰ ਸੰਭਾਲ ਲੈਂਦਾ। ਲਗਭਗ ਵੀਹ ਦਿਨਾਂ ਤੱਕ ਪਿਤਾ ਹਸਪਤਾਲ ਵਿਚ ਭਰਤੀ ਰਹੇ ਸਨ, ਉਦੋਂ ਉਨ੍ਹਾਂ ਦੀਆਂ ਦਵਾਈਆਂ ਦਾ ਸਾਰਾ ਖਰਚ ਮੈਂ ਇਕੱਲੇ ਨੇ ਹੀ ਕੀਤਾ ਸੀ। ਦੁਸਹਿਰੇ ਦੇ ਨੇੜੇ-ਤੇੜੇ ਦੇ ਉਨ੍ਹਾਂ ਦਿਨਾਂ ਦਾ ਖਿਆਲ ਆਉਂਦਿਆਂ ਹੀ ਮੇਰਾ ਗਲ ਭਰ-ਜਿਹਾ ਗਿਆ। ਪਰ ਮੇਰੇ ਕੋਲ ਦਵਾਈਆਂ ਦੇ ਬਿਲ ਹੁਣ ਸਾਂਭੇ ਹੋਏ ਨਹੀਂ ਸਨ, ਸੋ ਮੈਂ ਲਗਭਗ ਵੀਹ ਹਜ਼ਾਰ ਰੁਪੈ ਖਰਚ ਹੋ ਜਾਣ ਦੀ ਗੱਲ ਕਹੀ।

ਭੈਣ, ਜਿਹੜੀ ਸ਼ੁਰੂ ਤੋਂਹੀ ਨਿਰਪੱਖ ਸੀ, ਇਸ ਹਿਸਾਬ-ਕਿਤਾਬ ਵਿਚ ਆਪਣੇ ਵਿਆਹ ਦੇ ਖਰਚ ਦਾ ਜਿਕਰ ਆਉਣ ਨਾਲ ਇਕਦਮ ਗੁੱਸੇ ਹੋ ਗਈ। ਉਸਨੇ ਹੁਣ ਤਕ ਕਈ ਵਾਰ ਮੇਰੇ ਤੇ ਸ਼ਿਵ ਵੀਰ ਦੇ ਬੱਚਿਆਂ ਨੂੰ ਛੋਟੇ-ਛੋਟੇ ਤੋਹਫੇ ਦਿੱਤੇ ਸੀ। ਉਨ੍ਹਾਂ ਤੋਹਫਿਆਂ ਦਾ ਮੁੱਲ ਦੱਸਣ ਲੱਗੀ ਤਾਂ ਮੇਰੀ ਪਤਨੀ ਤੋਂ ਰਿਹਾ ਨਾ ਗਿਆ। ਉਹ ਬੋਲਣ ਲੱਗੀ ਤੇ ਭਾਬੀ ਵੀ ਉਸਦਾ ਸਾਥ ਦੇਣ ਲੱਗੀ।

"ਚੁੱਪ ਹੋ ਜਾਓ ਤੁਸੀਂ ਸਾਰੇ," ਸ਼ਿਵ ਵੀਰ ਤੋਂ ਸਹਿਣ ਨਹੀਂ ਹੋਇਆ, ਉਹ ਚੀਕੇ। ਸ਼ਿਵ ਵੀਰ ਦੀ ਆਵਾਜ਼ ਸੁਣ ਕੇ ਛੱਤ 'ਤੇ ਖੇਡਦੇ ਹੋਏ ਸੋਨੂ, ਮੋਨੂ, ਪਿੰਕੀ, ਗੁੱਡੀ ਤੇ ਗੁੰਜਨ ਭੱਜਦੇ ਹੋਏ ਹੇਠਾਂ ਮਾਂ ਦੇ ਕਮਰੇ ਵਿਚ, ਜਿਥੇ ਅਸੀਂ ਬੈਠੇ ਸੀ, ਆ ਗਏ। ਥੋੜ੍ਹੀ ਦੇਰ ਮਗਰੋਂ ਮੈਂ ਵੀ ਆਪਣੇ ਕਮਰੇ ਵਿਚ ਚਲਾ ਗਿਆ।



ਕਰੀਬ ਇਕ ਘੰਟੇ ਮਗਰੋਂ, ਜਦੋਂ ਮੈਂ ਆਪਣੇ ਕਮਰੇ ਵਿਚ ਬੈਠਾ ਸ਼ਿਵ ਵੀਰ ਦੇ ਹਿਸਾਬ-ਕਿਤਾਬ ਦੱਸਣ ਵਾਲੇ ਢੰਗ ਕਰ ਕੇ ਖਿਝ ਰਿਹਾ ਸੀ ਤਾਂ ਉਸਨੇ ਮੈਨੂੰ ਵਾਪਸ ਬੁਲਾਇਆ।

"ਇਸ ਤਰ੍ਹਾਂ ਬਹਿ ਕੇ ਕੁਸ਼ ਨ੍ਹੀਂ ਹੋਊਗਾ," ਸ਼ਿਵ ਵੀਰ ਨੇ ਦੋਬਾਰਾ ਗੱਲ ਸ਼ੁਰੂ ਕਰਦਿਆਂ ਹੋਇਆਂ ਕਿਹਾ ਤੇ ਖਰਚੇ ਦਾ ਜਿਕਰ ਕਰਨ ਲਈ ਮੁਆਫੀ ਮੰਗੀ ਤਾਂ ਮੈਨੂੰ ਆਪਣੀਆਂ ਕਹੀਆਂ ਹੋਈਆਂ ਗੱਲਾਂ 'ਤੇ ਸ਼ਰਮ ਮਹਿਸੂਸ ਹੋਈ।

"ਸਭ ਕੁਸ਼ ਸਮਝਦਾਰੀ ਨਾਲ ਕੀਤਾ ਜਾ ਸਕਦਾ ਏ," ਸ਼ਿਵ ਵੀਰ ਨੇ ਦੁਬਾਰਾ ਮੈਨੂੰ ਭਰੋਸੇ ਵਿਚ ਲਿਆ ਤੇ ਫੇਰ ਤਿੰਨੇ ਇਸਤ੍ਰੀਆਂ ਮਾਂ ਦੇ ਕਮਰੇ ਵਿਚ ਬੁਲਾ ਲਈਆਂ ਗਈਆਂ।

ਇਸ ਵਾਰ ਪਹਿਲਾਂ ਹੋ ਚੁੱਕੇ ਕਿਸੇ ਖਰਚੇ ਦਾ ਜਿਕਰ ਨਹੀਂ ਛਿੜਿਆ। ਤਹਿ ਹੋਇਆ ਕਿ ਘਰ ਵਿਚ ਜੋ ਕਮਰੇ ਹਨ, ਪਹਿਲਾਂ ਉਨ੍ਹਾਂ ਦੇ ਬਾਰੇ ਫੈਸਲਾ ਕਰ ਲਿਆ ਜਾਵੇ। ਇਸ ਵਿਚ ਕੁਝ ਮੁਸ਼ਕਲ ਨਹੀਂ ਆਈ ਕਿਉਂਜੁ ਅਸੀਂ ਦੋਵੇਂ ਹੀ ਭਾਈ ਉਂਝ ਵੀ ਘਰ ਵਿਚ ਆਪਣੇ-ਆਪਣੇ ਹਿਸਾਬ ਨਾਲ ਅਰਾਮਦਾਇਕ ਸਥਿਤੀ ਵਿਚ ਸਾਂ। ਤਿੰਨ ਕਮਰਿਆਂ ਵਿਚ ਸ਼ਿਵ ਵੀਰ ਦਾ ਟੱਬਰ ਸੀ ਤੇ ਤਿੰਨ ਕਮਰੇ ਮੇਰੇ ਕੋਲ ਵੀ ਸਨ। ਭਵਿੱਖ ਵਿਚ ਰਸੋਈ ਅੱਡ ਹੋਣੀ ਸੀ ਤਾਂ ਇਸ ਲਈ ਸ਼ਿਵ ਵੀਰ ਨੇ ਕਿਹਾ ਕਿ ਉਹ ਆਪਣੇ ਵਾਲੇ ਹਿੱਸੇ ਵਿਚ ਕਿਚਨ ਬਣਵਾ ਲੈਣਗੇ। ਨਹਾਉਣ ਤੇ ਪਖਾਨੇ ਦੀਆਂ ਸਹੂਲਤਾਂ ਫਿਲਹਾਲ ਸਾਂਝੀਆਂ ਰੱਖੀਆਂ ਜਾ ਸਕਦੀਆਂ ਹਨ। ਇਹ ਸੁਝਾਉ ਮੇਰਾ ਸੀ ਜਿਸ ਨੂੰ ਸਾਰਿਆਂ ਨੇ ਮੰਨ ਲਿਆ। ਇਸ ਤਰ੍ਹਾਂ ਮਾਂ ਦੇ ਕਮਰੇ ਨੂੰ ਵੀ ਸਾਂਝੇ ਡਰਾਇੰਗ ਰੂਮ ਦੇ ਰੂਪ ਵਿਚ ਵਰਤੇ ਜਾਣ ਦੀ ਸਾਰਿਆਂ ਨੇ ਸਹਿਮਤੀ ਦੇ ਦਿੱਤੀ। ਭਵਿੱਖ ਵਿਚ ਹੋਣ ਵਾਲੇ ਬਿਜਲੀ, ਪਾਣੀ ਤੇ ਮਕਾਨ ਦੀ ਸਫੈਦੀ ਆਦਿ ਦੇ ਕਾਮਨ ਖਰਚ ਨੂੰ ਅੱਧਾ-ਅੱਧਾ ਵੰਡ ਲਿਆ ਜਾਵੇਗਾ। ਇਸ ਸਿੱਟੇ ਦੇ ਬਾਅਦ ਦੁਪਹਿਰ ਤੱਕ ਲਈ ਵੱਖ ਹੋ ਕੇ ਅਸੀਂ ਸਾਰੇ ਆਪਣੇ-ਆਪਣੇ ਕੰਮ-ਧੰਦਿਆਂ ਵਿਚ ਜੁਟ ਗਏ।

ਦੁਪਹਿਰ ਦੇ ਤਿੰਨ ਵਜੇ ਜਦੋਂ ਅਸੀਂ ਦੁਬਾਰਾ ਇਕੱਠੇ ਹੋਏ ਤਾਂ ਸਭ ਤੋਂ ਪਹਿਲਾਂ ਘਰ ਦੇ ਭਾਂਡਿਆਂ ਦੀ ਸੂਚੀ ਬਣਾਈ ਗਈ। ਫਿਰ ਮਾਂ ਦੇ ਬਕਸੇ ਨੂੰ ਖੋਲ੍ਹ ਕੇ ਉਸ ਵਿੱਚ ਰੱਖੇ ਸੋਨੇ ਦੇ ਛੇ ਤੋਲਿਆਂ ਦੇ ਦੋ ਕੰਗਨ ਆਪਸ ਵਿੱਚ ਵੰਡੇ ਗਏ। ਬਕਸੇ ਵਿੱਚ ਰੱਖੀਆਂ ਮਾਂ ਦੀਆਂ ਪੁਰਾਣੀਆਂ ਸਾੜੀਆਂ ਦੇ ਬਾਰੇ ਵਿੱਚ ਤਹਿ ਕੀਤਾ ਗਿਆ ਕਿ ਉਨ੍ਹਾਂ ਨੂੰ ਦਾਨ ਕਰ ਦਿੱਤਾ ਜਾਵੇ। ਮਾਂ ਦੇ ਬਕਸੇ ਵਿੱਚ ਸੰਦੂਰ ਨਾਲ ਭਰੀ ਇਕ ਚਾਂਦੀ ਦੀ ਛੋਟੀ ਜਿਹੀ ਡੱਬੀ ਵੀ ਮਿਲੀ ਜਿਸ ਨੂੰ ਭੈਣ ਨੇ ਲੈਣਾ ਚਾਹਿਆ ਤੇ ਸ਼ਿਵ ਵੀਰ ਨੇ ਤੁਰੰਤ ਡੱਬੀ ਭੈਣ ਨੂੰ ਦੇ ਦਿੱਤੀ। ਲੋਹੇ ਦੇ ਇਕ ਛੋਟੇ-ਜਿਹੇ ਡੱਬੇ ਵਿਚ ਪੁਰਾਣੇ ਹਾਥੀਦੰਦ ਦੇ ਕੜੇ ਵੀ ਰੱਖੇ ਮਿਲੇ। ਭਾਬੀ ਨੇ ਕਿਹਾ ਕਿ ਉਸਨੂੰ ਇਕ ਦਵਾਈ ਬਣਾਉਣ ਲਈ ਹਾਥੀਦੰਦ ਦੇ ਚੂਰੇ ਦੀ ਜ਼ਰੂਰਤ ਹੈ। ਕਿਸੇ ਨੂੰ ਇਸ ਗੱਲ 'ਤੇ ਇਤਰਾਜ ਨਾ ਹੋਇਆ ਤੇ ਉਹ ਕੜੇ ਭਾਬੀ ਨੇ ਰੱਖ ਲਏ। ਲੋਹੇ ਦਾ ਇਕ ਬਕਸਾ ਸ਼ਾਦੀ-ਵਿਆਹ ਵੇਲੇ ਲੈਣ-ਦੇਣ ਵਿਚ ਮਿਲੀਆਂ ਸਾੜੀਆਂ ਤੇ ਪੱਗਾ ਨਾਲ ਭਰਿਆ ਹੋਇਆ ਸੀ। ਉਸੇ ਬਕਸੇ ਵਿਚ ਪਿਤਾ ਦਾ ਇਕ ਕੋਟ ਤੇ ਮਕਾਨ ਦੇ ਕਾਗਜ਼ਾਤ ਮਿਲੇ। ਕੋਟ ਬਹੁਤ ਪੁਰਾਣਾ ਸੀ ਜਿਹੜਾ ਹੁਣ ਕਿਸੇ ਕੰਮ ਦਾ ਨਹੀਂ ਸੀ, ਫੇਰ ਵੀ ਉਸ ਨੂੰ ਕਿਸੇ ਜ਼ਰੂਰਤਮੰਦ ਨੂੰ ਦੇਣ ਦਾ ਫੈਸਲਾ ਕਰਦਿਆਂ ਹੋਇਆਂ ਸ਼ਿਵ ਵੀਰ ਨੇ ਮਕਾਨ ਦੇ ਕਾਗਜ਼ਾਤ ਸੰਭਾਲ ਕੇ ਰੱਖਣ ਲਈ ਮੈਨੂੰ ਦੇ ਦਿੱਤੇ। ਦੂਜੇ ਇਕ ਬਕਸੇ ਵਿਚ ਪੁਰਾਣੀਆਂ ਚਿੱਠੀਆਂ ਤੇ ਕਾਪੀਆਂ ਦਾ ਢੇਰ ਸੀ। ਕਾਪੀਆਂ ਵਿਚ ਘਰ ਦਾ ਹਿਸਾਬ-ਕਿਤਾਬ ਤੇ ਕਿਤੇ-ਕਿਤੇ ਦੇਸੀ ਦਵਾਈਆਂ ਤਿਆਰ ਕਰਨ ਦੇ ਨੁਸਖੇ ਲਿਖੇ ਹੋਏ ਸੀ। ਮਾਂ ਦੀ ਵਿੰਗੀ ਟੇਡੀ ਲਿਖਾਈ ਵਿਚ ਦਵਾਈਆਂ ਦੇ ਨੁਸਖੇ ਪੜ੍ਹ ਕੇ ਸ਼ਿਵ ਵੀਰ ਮੁਸਕਰਾਉਂਦੇ ਹੋਏ ਭਾਬੀ ਵੱਲ ਦੇਖਣ ਲੱਗੇ। ਭਾਬੀ ਨੂੰ ਵੀ ਕਾਪੀਆਂ ਵਿਚ ਦਵਾਈਆਂ ਦੇ ਨੁਸਖੇ ਲਿਖਣ ਦੀ ਆਦਤ ਸੀ। ਫੇਰ ਭੈਣ ਪਿਤਾ ਦੀਆਂ ਲਿਖੀਆਂ ਹੋਈਆਂ ਚਿੱਠੀਆਂ ਪੜ੍ਹ ਕੇ ਸੁਣਾਉਣ ਲੱਗੀ। ਚਿੱਠੀਆਂ 'ਤੇ ਪਈਆਂ ਤਰੀਕਾਂ ਦੇ ਹਿਸਾਬ ਨਾਲ ਉਨ੍ਹੀਂ ਦਿਨੀਂ ਅਸੀਂ ਤਿੰਨੇ ਭੈਣ-ਭਾਈਆਂ ਵਿਚੋਂ ਸਭ ਤੋਂ ਵੱਡੇ ਸ਼ਿਵ ਵੀਰ ਹੀ ਸਿਰਫ ਪੰਦਰਾਂ ਸਾਲ ਦੇ ਸੀ, ਮੈਂ ਗਿਆਰਾਂ ਦਾ ਤੇ ਭੈਣ ਨੌਂ ਸਾਲਾਂ ਦੀ। ਮੈਂ ਬਚਪਨ ਦੇ ਉਨ੍ਹਾਂ ਪੁਰਾਣੇ ਦਿਨਾਂ ਨੂੰ ਯਾਦ ਕਰਨ ਦੀ ਕੋਸ਼ਿਸ਼ ਕੀਤੀ ਪਰ ਕਿਸੇ-ਕਿਸੇ ਧੁੰਦਲੇ ਜਿਹੇ

ਦ੍ਰਿਸ਼ ਤੋਂ ਬਿਨਾਂ ਉਹ ਸਮੁੱਚਾ ਕਾਲਖੰਡ ਮੈਥੋਂ ਓਹਲੇ ਹੋ ਗਿਆ ਸੀ। ਸਿਰਫ ਸ਼ਿਵ ਵੀਰ ਨੂੰ ਉਨ੍ਹਾਂ ਦਿਨਾਂ ਦੀਆਂ ਕਿੰਨੀਆਂ ਹੀ ਗੱਲਾਂ ਜਿਉਂ ਦੀਆਂ ਤਿਉਂ ਯਾਦ ਸੀ।

"ਇਹ ਤਸਵੀਰ ਵੀ ਕੀ ਉਨ੍ਹਾਂ ਦਿਨਾਂ ਦੀ ਏ ?" ਮਾਂ ਦੇ ਕਮਰੇ ਵਿਚ ਲੱਗੀ ਸਾਡੀ ਤਿੰਨਾਂ ਦੀ ਤਸਵੀਰ ਵੱਲ ਇਸ਼ਾਰਾ ਕਰਦਿਆਂ ਹੋਇਆਂ ਭੈਣ ਨੇ ਪੁੱਛਿਆ ਤਾਂ ਸ਼ਿਵ ਵੀਰ ਹੱਸਣ ਲੱਗਿਆ।

"ਨ੍ਹੀਂ, ਇਹ ਤਾਂ ਪੁਰਾਣੀ ਏ। ਉਦੋਂ ਦੀ ਜਦੋਂ ਤੂੰ ਪੰਜ ਸਾਲਾਂ ਦੀ ਸੀ।" ਉਸਨੇ ਕਿਹਾ।

ਪੁਰਾਣੇ ਦਿਨਾਂ ਦੀ ਇਹ ਖੋਜ-ਪੜਤਾਲ ਸ਼ਾਇਦ ਹੋਰ ਕਿੰਨੀ ਹੀ ਦੇਰ ਚਲਦੀ ਰਹਿੰਦੀ, ਪਰ ਇਸੇ ਵਿਚਕਾਰ ਮੇਰੇ ਆਫਿਸ ਤੋਂ ਕੁਝ ਲੋਕ ਮਿਲਣ ਆ ਗਏ ਜਿਸ ਕਰਕੇ ਮੈਨੂੰ ਉਥੋਂ ਉਠਣਾ ਪੈ ਗਿਆ। ਸ਼ਾਮ ਵੇਲੇ ਮੈਨੂੰ ਇਕ ਜ਼ਰੂਰੀ ਕੰਮ ਕਰ ਕੇ ਬਾਹਰ ਜਾਣਾ ਸੀ। ਆਫਿਸ ਤੋਂ ਆਏ ਲੋਕਾਂ ਨੂੰ ਵਿਦਾ ਕਰਨ ਮਗਰੋਂ ਮੈਂ ਬਾਹਰ ਚਲਿਆ ਗਿਆ ਸੀ। ਮੁੜਨ 'ਤੇ ਖਾਣਾ ਤਿਆਰ ਸੀ। ਜੂਨ ਦੇ ਉਸ ਸ਼ਨੀਵਾਰ ਨੂੰ ਪਹਿਲਾਂ ਦੀ ਤਰ੍ਹਾਂ ਇਕ ਹੀ ਰਸੋਈ ਵਿਚ ਸਾਰਿਆਂ ਲਈ ਭੋਜਨ ਦਾ ਪ੍ਰਬੰਧ ਸੀ। ਸ਼ਿਵ ਵੀਰ ਨੇ ਦੱਸਿਆ ਕਿ ਅਗਲੀ ਇਕ ਤਾਰੀਖ ਤੋਂ ਰਸੋਈ ਦਾ ਪ੍ਰਬੰਧ ਅੱਡ-ਅੱਡ ਹੋ ਜਾਵੇਗਾ।

ਅੱਡ ਹੋਣ ਦੀ ਹਲਕੀ-ਜਿਹੀ ਕਸਕ ਦੇ ਬਾਵਜੂਦ ਸਭ ਕੁਝ ਬਿਨਾਂ ਕਿਸੇ ਵਿਵਾਦ ਦੇ ਸ਼ਾਂਤੀਪੂਰਵਕ ਤਹਿ ਹੋ ਜਾਣ ਨਾਲ ਮਨ ਵਿਚ ਸੰਤੋਸ਼ ਸੀ ਉਸ ਰਾਤ। ਅਗਲੇ ਦਿਨ ਸਵੇਰੇ ਹਲਕੀ-ਹਲਕੀ ਬੂੰਦਾਬਾਂਦੀ ਵਿਚਕਾਰ ਮੈਂ ਭੈਣ ਨੂੰ ਛੱਡਣ ਸਟੇਸ਼ਨ 'ਤੇ ਗਿਆ ਸੀ। ਮਾਂ ਦੇ ਤੁਰ ਜਾਣ ਨਾਲ ਸਭ ਤੋਂ ਜ਼ਿਆਦਾ ਤਕਲੀਫ ਉਸੇ ਨੂੰ ਹੋਈ ਸੀ। ਸਟੇਸ਼ਨ 'ਤੇ ਵਿਦਾਅ ਹੋਣ ਵੇਲੇ ਉਸਨੇ ਕਿਹਾ ਵੀ ਸੀ ਕਿ ਮਾਂ ਦੇ ਮਗਰੋਂ ਸਾਡਾ ਘਰ ਉਸਦੇ ਲਈ ਇਕਦਮ ਪਰਾਇਆ ਹੋ ਜਾਵੇਗਾ। ਉਦੋਂ ਮੈਂ ਉਸ ਨੂੰ ਸਮਝਾਇਆ ਸੀ ਕਿ ਮੇਰੇ ਤੇ ਸ਼ਿਵ ਵੀਰ ਦੇ ਹੁੰਦਿਆਂ ਉਸਨੂੰ ਇਸ ਤਰ੍ਹਾਂ ਨਹੀਂ ਸੋਚਣਾ ਚਹੀਦਾ।

ਜੂਨ ਦੇ ਉਸ ਸ਼ਨੀਵਾਰ ਨੂੰ ਹੋਏ ਫੈਸਲੇ ਅਨੁਸਾਰ ਅਗਲੀ ਇਕ ਤਾਰੀਕ ਤੋਂ ਮੈਂ ਤੇ ਸ਼ਿਵ ਵੀਰ ਬਾਕਾਇਦਾ ਅੱਡ ਹੋ ਗਏ। ਉਸ ਦਿਨ ਭਾਬੀ ਨੇ ਉਪਰਵਾਲੇ ਹਿੱਸੇ ਵਿਚ ਅੱਡ ਖਾਣਾ ਬਣਾਇਆ।

ਇਹ ਇਕ ਨਵਾਂ ਪ੍ਰਬੰਧ ਸੀ ਜਿਸਦੇ ਸ਼ੁਰੂ-ਸ਼ੁਰੂ ਵਿਚ ਮੈਨੂੰ ਥੋੜ੍ਹੀ ਜਿਹੀ ਦਿਕਤ ਹੋਈ ਕਿਉਂਜੁ ਇਸ ਤੋਂ ਪਹਿਲਾਂ ਹਰ ਮਹੀਨੇ ਆਪਣੀ ਤਨਖਾਹ ਵਿਚੋਂ ਇਕ ਨਿਸ਼ਚਿਤ ਰਾਸ਼ੀ ਮਾਂ ਨੂੰ ਦੇ ਕੇ ਮੈਂ ਮੁਕਤ ਹੋ ਜਾਂਦਾ ਸੀ। ਘਰ ਦੇ ਸਾਰੇ ਪ੍ਰਬੰਧ ਦਾ ਜ਼ੁੰਮਾ ਮਾਂ ਤੇ ਸ਼ਿਵ ਵੀਰ 'ਤੇ ਸੀ। ਹਰ ਮਾਮਲੇ ਬਾਰੇ ਉਹ ਦੋਵੇਂ ਹੀ ਸੋਚਦੇ, ਦੋਵੇਂ ਹੀ ਤਹਿ ਕਰਦੇ ਸੀ ਪਰ ਹੁਣ ਮੈਂ ਅੱਡ ਸੀ ਸ਼ਿਵ ਵੀਰ ਨਾਲੋਂ, ਆਪਣੇ ਤਰੀਕੇ ਨਾਲ ਜੀ ਸਕਣ ਲਈ ਸੁਤੰਤਰ ਵੀ। ਇਸ ਸੁਤੰਤਰਤਾ ਵਿਚ ਇਕ ਹੋਰ ਸੁਖ ਸੀ, ਆਪਣੇ ਪ੍ਰੀਵਾਰ ਦਾ ਮੁੱਖੀ ਹੋ ਜਾਣ ਦਾ ਸੁਖ, ਤਾਂ ਦੂਸਰੇ ਪਾਸੇ ਇਹ ਜ਼ੁੰਮੇਵਾਰੀ ਦਾ ਅਹਿਸਾਸ ਵੀ ਸੀ ਕਿ ਹੁਣ ਸਾਰੇ ਫੈਸਲੇ ਖੁਦ ਹੀ ਕਰਨੇ ਹਨ। ਉਨ੍ਹਾਂ ਸ਼ੁਰੂ-ਸ਼ੁਰੂ ਦੇ ਦਿਨਾਂ ਵਿਚ ਕਈ ਵਾਰ ਆਪਣੇ ਇਕੱਲੇ ਹੋ ਜਾਣ ਦੇ ਅਹਿਸਾਸ ਨੇ ਮੈਨੂੰ ਸਤਾਇਆ ਵੀ, ਕਦੇ-ਕਦੇ ਥੋੜ੍ਹੀ-ਜਿਹੀ ਘਬਰਾਹਟ ਵੀ ਹੋਈ। ਪਰ ਹੌਲੀ-ਹੌਲੀ ਅਸੀਂ ਇਸ ਨਵੇਂ ਪ੍ਰਬੰਧ ਦੇ ਆਦੀ ਹੋ ਗਏ।

ਇਸ ਨਵੇਂ ਪ੍ਰਬੰਧ ਨੇ ਘਰ ਦੀ ਦਸ਼ਾ ਵਿਚ ਤੇਜ਼ੀ ਨਾਲ ਸੁਧਾਰ ਲਿਆਂਦਾ, ਸਿਰਫ ਤਿੰਨ ਸਾਲਾਂ ਵਿਚ ਸ਼ਿਵ ਵੀਰ ਨੇ ਆਪਣੇ ਹਿੱਸੇ ਦੇ ਤਿੰਨੇ ਕਮਰਿਆਂ ਵਿਚ ਫਰਸ਼ 'ਤੇ ਮਾਰਬਲ ਦੀ ਚਿਪਸ ਲਵਾ ਲਈ, ਪਖਾਨੇ ਤੇ ਨਹਾਉਣ ਦੀਆਂ ਸਹੂਲਤਾਂ ਹੋ ਗਈਆਂ। ਬੈਠੇ-ਬੈਠੇ ਰੋਟੀਆਂ ਬੇਲਣ ਤੇ ਭਾਂਡੇ ਸਾਫ ਕਰਨ ਵਾਲੀ ਭਾਬੀ ਦੇ ਗੋਡਿਆਂ ਵਿਚ ਦਰਦ ਰਹਿਣ ਲੱਗਿਆ ਤਾਂ ਸ਼ਿਵ ਵੀਰ ਨੇ ਕਿਚਨ ਨੂੰ ਵੀ ਆਧੁਨਿਕ ਰੂਪ ਦੇ ਦਿੱਤਾ। ਸ਼ਿਵ ਵੀਰ ਵਾਂਗ ਮੈਂ ਵੀ ਆਪਣੇ ਹਿੱਸੇ ਵਿਚ ਮਾਰਬਲ ਲਗਵਾਇਆ, ਫਰਿਜ ਖਰੀਦਿਆ, ਰੰਗੀਨ ਟੀ.ਵੀ ਲਿਆ ਤੇ ਗੁੰਜਨ ਨੂੰ ਹਿੰਦੀ ਮਾਧਿਅਮ ਦੇ ਸਕੂਲ 'ਚੋਂ ਹਟਾ ਕੇ ਅੰਗਰੇਜ਼ੀ ਮਾਧਿਅਮ ਦੇ ਸਕੂਲ ਵਿਚ ਭਰਤੀ ਕਰਵਾਇਆ।

ਅੱਜ ਕਲ੍ਹ ਮੈਂ ਤੇ ਸ਼ਿਵ ਵੀਰ ਇਕ-ਦੂਜੇ ਦੇ ਨਿੱਜੀ ਮਾਮਲੇ ਵਿਚ ਦਖਲ ਨਹੀਂ ਦਿੰਦੇ। ਇੰਨੀ ਸਮਝ ਹੁਣ ਵੀ ਹੈ ਸਾਡੇ ਵਿਚ। ਸਵੇਰੇ-ਸ਼ਾਮ ਘਰ ਦੀਆਂ ਪੌੜੀਆਂ ਚੜ੍ਹਦੇ-ਉਤਰਦੇ ਜਦੋਂ ਮਿਲਦੇ ਹਾਂ ਤਾਂ ਮੁਸਕਰਾ ਕੇ ਇਕ-ਦੂਜੇ ਦਾ ਹਾਲਚਾਲ ਪੁੱਛ ਲੈਂਦੇ ਹਾਂ। ਛੁੱਟੀ ਦੇ ਦਿਨ ਕਦੇ ਥੋੜ੍ਹੀ



ਵਿਹਲ ਹੁੰਦੀ ਹੈ ਤਾਂ ਮੌਸਮ ਜਾਂ ਰਾਜਨੀਤੀ 'ਤੇ ਹਲਕੀ-ਫੁਲਕੀ ਗੱਲਬਾਤ ਵੀ ਹੁੰਦੀ ਹੈ ਸਾਡੇ ਵਿਚ। ਸਾਡੇ ਬੱਚੇ ਇਕੱਠੇ ਖੇਡਦੇ ਹਨ, ਕਦੇ-ਕਦੇ ਜਦੋਂ ਉਨ੍ਹਾਂ ਵਿਚ ਆਪਸ ਵਿਚ ਝਗੜਾ ਹੁੰਦਾ ਹੈ ਤਾਂ ਮੈਂ ਤੇ ਸ਼ਿਵ ਵੀਰ ਖਾਸ ਤੌਰ 'ਤੇ ਨਿਰਪਖ ਹੀ ਰਹਿੰਦੇ ਹਾਂ। ਪਰ ਘਰ ਦੀਆਂ ਤੀਵੀਆਂ ਇੰਨੀਆਂ ਸਿਆਣੀਆਂ ਨਹੀਂ ਹਨ। ਮੇਰੀ ਪਤਨੀ ਤੇ ਭਾਬੀ ਵਿਚਕਾਰ ਕਦੇ-ਕਦੇ ਕਹੀ-ਸੁਣੀ ਹੋ ਜਾਂਦੀ ਹੈ। ਬੱਚਿਆਂ ਤੋਂ ਇਲਾਵਾ ਉਨ੍ਹਾਂ ਵਿਚ ਮਤਭੇਦ ਦਾ ਮੁਦਾ ਹੁੰਦਾ ਹੈ ਮਾਂ ਵਾਲੇ ਕਮਰੇ ਦੀ ਸਫਾਈ ਦਾ।

ਮਾਂ ਵਾਲਾ ਕਮਰਾ ਅਜੇ ਵੀ ਨਾ ਮੇਰੇ ਹਿੱਸੇ ਵਿਚ ਹੈ ਤੇ ਨਾ ਸ਼ਿਵ ਵੀਰ ਦੇ। ਇਕ ਤਰ੍ਹਾਂ ਨਾਲ ਕਾਮਨ ਹੀ ਹੈ। ਇਸ ਨੂੰ ਅਸੀਂ ਡਰਾਇੰਗਰੂਮ ਬਣਾਉਣ ਵਾਲੇ ਸੀ ਪਰ ਇਹ ਰੋਣਵਾਲੇ ਕਮਰੇ ਵਿਚ ਬਦਲ ਗਿਆ ਹੈ। ਜਿਸ ਦਿਨ ਅਸੀਂ ਅੱਡ ਹੋਏ ਸੀ ਉਸ ਰਾਤ ਸ਼ਿਵ ਵੀਰ ਇਸ ਕਮਰੇ ਵਿਚ ਇਕੱਲੇ ਬੈਠੇ ਰੋਂਦੇ ਹੋਏ ਦੇਖੇ ਗਏ। ਦੂਜੇ ਦਿਨ ਘਰ ਵਿਚੋਂ ਨਿਕਲਣ ਵੇਲੇ ਭੈਣ ਇਸ ਕਮਰੇ ਵਿਚ ਜਾ ਕੇ ਰੋਈ ਸੀ। ਉਦੋਂ ਤੋਂ ਘਰ ਵਿਚ ਜਦੋਂ ਕਿਸੇ ਨੂੰ ਰੋਣ ਲਈ ਇਕਾਂਤ ਦੀ ਲੋੜ ਹੁੰਦੀ ਹੈ ਤਾਂ ਉਹ ਇਸ ਕਮਰੇ ਦਾ ਦਰਵਾਜ਼ਾ ਅੰਦਰੋਂ ਬੰਦ ਕਰਕੇ ਬੈਠ ਜਾਂਦਾ ਹੈ। ਬੱਚੇ ਵੀ ਆਪਸ ਵਿਚ ਝਗੜਾ ਹੋਣ 'ਤੇ ਰੁਸ ਕੇ ਖੁਦ ਨੂੰ ਇਸ ਕਮਰੇ ਵਿਚ ਬੰਦ ਕਰ ਲੈਣਾ ਸਿੱਖ ਗਏ ਹਨ।

ਇਸ ਰੋਣ ਵਾਲੇ ਕਮਰੇ ਦਾ ਫਰਸ਼ ਹੁਣ ਵੀ ਟੁੱਟਿਆ ਹੋਇਆ ਹੈ। ਇਥੇ ਫਰਨੀਚਰ ਦੇ ਨਾਂ 'ਤੇ ਪਿਤਾ ਦੇ ਜ਼ਮਾਨੇ ਦੇ ਦੋ ਮੂੜੇ ਤੇ ਇਕ ਮੰਜਾ ਪਿਆ ਹੈ। ਮੰਜੇ ਦੇ ਹੇਠਾਂ ਮਾਂ ਦੇ ਖਾਲੀ ਬਕਸੇ ਪਏ ਹਨ। ਪਿਤਾ ਦੀਆਂ ਚਿੱਠੀਆਂ ਦਾ ਤਾਂ ਪਤਾ ਨਹੀਂ ਪਰ ਇਸ ਕਮਰੇ ਦੀ ਕੰਧ 'ਤੇ ਸਾਡੇ ਬਚਪਨ ਦੀ ਉਹ ਤਸਵੀਰ ਅਜੇ ਵੀ ਲੱਗੀ ਹੋਈ ਹੈ ਜਿਸ ਵਿਚ ਭੈਣ ਪੰਜ ਸਾਲ ਦੀ ਹੈ ਤੇ ਮੇਰੇ ਤੇ ਸ਼ਿਵ ਵੀਰ ਦੇ ਵਿਚਾਲੇ ਖੜੀ ਹੈ।

**ਅਨੁ: ਗੁਰਮੇਲ ਮਡਾਹੜ**

## ਲਾਲ ਮਿੱਟੀ ਦੀ ਸੜਕ / ਅਲਕਾ ਸਰਾਵਗੀ

ਵੰਦਨਾ ਨੇ ਪਾਸਾ ਮਾਰ ਕੇ ਆਪਣੇ ਮਨ ਨੂੰ ਉਸ ਬੇਚੈਨੀ ਤੋਂ ਮੁਕਤ ਕਰਨ ਦੀ ਕੋਸ਼ਿਸ਼ ਕੀਤੀ, ਜਿਹੜੀ ਅੱਧੀ ਨੀਂਦ ਤਕ ਪਹੁੰਚਦੀ-ਪਹੁੰਚਦੀ ਪਤਾ ਨਹੀਂ ਕਿਥੋਂ ਆ ਕੇ ਉਸ ਨੂੰ ਦਬਾਉਣ ਲੱਗੀ ਸੀ। ਅੱਧਜਾਗੀ ਜਿਹੀ ਹਾਲਤ ਵਿਚ ਉਸਦਾ ਦਿਮਾਗ ਇਸ ਬੇਚੈਨੀ ਦਾ ਕੋਈ ਕਾਰਨ ਲੱਭ ਨਹੀਂ ਪਾ ਰਿਹਾ ਸੀ। "ਇਹ ਘਬਰਾਹਟ ਏ ਜਾਂ ਇਕ ਤਰ੍ਹਾਂ ਦਾ ਖਾਲੀਪਣ-ਜਿਹਾ ?" ਉਸਨੇ ਆਪਣੀਆਂ ਬੋਝਲ ਅੱਖਾਂ ਖੋਲ੍ਹ ਕੇ ਨਾਲ ਦੇ ਪਲੰਘ 'ਤੇ ਪਈ ਸਵਿਤਾ ਵੱਲ ਦੇਖਿਆ। ਪੂਰਨਮਾਸ਼ੀ ਤੋਂ ਦੋ ਦਿਨ ਬਾਅਦ ਦੇ ਚੰਦ ਦੀ ਰੌਸ਼ਨੀ ਕਸੂਰੀਨਾ ਦੇ ਲੰਮੇ ਦਰਖਤਾਂ ਵਿਚੋਂ ਛਣ ਕੇ ਕਮਰੇ ਵਿਚ ਆ ਰਹੀ ਸੀ। ਪਤਾ ਨਹੀਂ ਇਹ ਇਕ ਨਵੀਂ ਥਾਂ ਵਿਚ ਸੌਂਣ ਦਾ ਅਸਰ ਸੀ ਜਾਂ ਚਾਨਣੀ ਨੂੰ ਰੋਕਣ ਦੀ ਕੋਸ਼ਿਸ਼ ਕਰਦੇ ਉਨ੍ਹਾਂ ਦਰਖਤਾਂ ਦੀ ਕਮਰੇ ਵਿਚ ਬਣਦੀ ਛਾਂ ਦਾ, ਬੰਦਨਾ ਦਾ ਮਨ ਹੈਰਾਨੀ ਨਾਲ ਭਰ ਉਠਿਆ-"ਕੀ ਮੈਨੂੰ ਹੀ ਇਹ ਬਿਲਕੁਲ ਇਕੱਲੇ ਹੋਣ ਦਾ ਤਜਰਬਾ, ਇਹ ਖਾਲੀਪਣ, ਇਸ ਤਰ੍ਹਾਂ ਘੇਰ ਲੈਂਦਾ ਏ ਜਾਂ ਸਾਰਿਆਂ ਨੂੰ ਇਸ ਵਿਚੋਂ ਦੀ ਗੁਜਰਨਾ ਹੁੰਦਾ ਏ ?" ਇਕ ਵਾਰ ਉਸਦਾ ਮਨ ਹੋਇਆ ਕਿ ਸਵਿਤਾ ਜੀ ਨੂੰ ਜਗਾ ਕੇ ਉਸ ਤੋਂ ਪੁੱਛੇ, ਪਰ ਫੇਰ ਉਸਨੂੰ ਲੱਗਿਆ ਕਿ ਇਹ ਹਰਕਤ ਇਕਦਮ ਬਚਕਾਨੀ ਲਗੇਗੀ।

"ਪਤਾ ਨ੍ਹੀਂ, ਆਦਮੀ ਕੀ ਖੋਜਣਾ ਤੇ ਕੀ ਪਾਉਣਾ ਚਾਹੁੰਦਾ ਏ ? ਸ਼ਾਇਦ ਉਹ ਹਰ ਵੇਲੇ ਆਪਣੇ-ਆਪ ਨੂੰ ਹੀ ਲੱਭਦਾ ਰਹਿੰਦਾ ਏ-ਆਪਣੇ ਡੂੰਘੇ ਇਕੱਲੇਪਣ ਤੋਂ ਬਾਹਰ ਆ ਕੇ ਖੁਦ ਨੂੰ ਜਾਨਣਾ ਚਾਹੁੰਦਾ ਏ..." ਵੰਦਨਾ ਨੇ ਬੱਦਲਾਂ ਦੀ ਦੌੜ ਨਾਲ ਕਮਰੇ ਦੇ ਸਾਹਮਣੇ ਦੀ ਕੰਧ 'ਤੇ ਵਾਰ-ਵਾਰ ਬਣਦੇ ਤੇ ਮਿਟਦੇ ਪ੍ਰਛਾਵਿਆਂ ਨੂੰ ਦੇਖਿਆ। ਰਾਤ ਦੀ ਖਾਮੋਸ਼ੀ ਵਿਚ ਕੁਝ ਅਜੀਬ ਢੰਗ ਨਾਲ ਉਸ ਨੂੰ ਆਪਣੇ ਆਪ ਨੂੰ ਇਕ ਸਫਰ ਵਿਚ ਹੋਣ ਦਾ ਅਹਿਸਾਸ ਹੋਇਆ.....ਸੂਰਜ ਦੇ ਚਹੁੰ ਪਾਸੀਂ ਦੌੜ ਲਾਉਂਦੀ, ਆਪਣੇ ਧੁਰੇ 'ਤੇ ਘੁੰਮਦੀ ਧਰਤੀ ਤੇ ਅਸੀਂ ਸਾਰੇ ਉਸਦੇ ਨਾਲ ਘੁੰਮਦੇ ਹੋਏ। ਇਕ ਪੜ੍ਹੀ ਹੋਈ ਅਮੂਰਤ ਕਲਪਨਾ ਉਸ ਨੂੰ ਹਕੀਕਤ-ਜਿਹੀ ਲੱਗੀ। ਪੂਰਵਪੱਲੀ ਗੈਸਟ ਹਾਊਸ ਵਿਚ ਸਾਹਮਣੇ ਵੱਲ ਲੱਗੇ ਹੋਏ ਗੁਲੰਚ ਦੇ ਚਿੱਟੇ ਫੁਲਾਂ ਦੀ ਖੁਸ਼ਬੂ ਅਚਾਨਕ ਹਵਾ ਦੇ ਬੁੱਲੇ ਨਾਲ ਕਮਰੇ ਵਿਚ ਭਰ ਗਈ। "ਫੇਰ ਚਲੀ ਆਈ ਹਾਂ ਮੈਂ ਇਕੱਲੀ-ਬਿਨਾਂ ਕਿਸੇ ਪੁਰਸ਼ ਦੇ-ਪਿਤਾ ਨ੍ਹੀਂ, ਪਤੀ ਨ੍ਹੀਂ, ਪੁੱਤ ਨ੍ਹੀਂ। ਭਾਵੇਂ ਇਸ ਵਾਰ ਇਕ ਦਿਨ ਲਈ ਹੀ ਤੇ ਉਹ ਵੀ ਸਵਿਤਾ ਦੇ ਨਾਲ ਹੀ....ਪਰ ਇਹ ਵੀ ਕੀ ਘਟ ਏ ?" ਵੰਦਨਾ ਦਾ ਦਿਮਾਗ ਹੁਣ ਪੂਰੀ ਤਰ੍ਹਾਂ ਚੇਤੰਨ ਜਿਵੇਂ ਜ਼ਿੰਦਗੀ ਦਾ ਹਿਸਾਬ ਲੈ ਰਿਹਾ ਸੀ। "ਦੋ ਸਾਲ ਪਹਿਲਾਂ ਜਦ ਪਹਿਲੀ ਵਾਰ ਆਪਣੀ ਸਹੇਲੀ ਨੂੰ ਮਿਲਣ ਇਥੇ ਸ਼ਾਂਤੀਨਿਕੇਤਨ ਇਕੱਲੀ ਆਈ ਸੀ, ਤਾਂ ਝੋਨੇ ਦੇ ਖੇਤਾਂ ਵਿਚਕਾਰ ਦੌੜਦੀ ਰੇਲ ਗੱਡੀ ਵਿਚ ਕਿੰਨੇ ਅਜੀਬ ਹਲਕੇਪਣ ਦਾ ਅਹਿਸਾਸ ਹੋਇਆ ਸੀ-ਜਿਵੇਂ ਧਰਤੀ ਤੋਂ ਉਪਰ ਉੱਠ ਕੇ ਧਰਤੀ ਨੂੰ ਦੇਖ ਰਹੀ ਹੋਵੇ....।"

"ਮੰਮੀ, ਨਾਨੀ ਕੀ ਤੁਹਾਨੂੰ ਇਸ ਤਰ੍ਹਾਂ ਇਕੱਲਿਆਂ ਛੱਡ ਕੇ ਕਦੇ ਗਈ ਸੀ, ਜਿਹੜੇ ਤੁਸੀਂ ਮੈਨੂੰ ਛੱਡ ਕੇ ਜਾ ਰਹੇ ਏ ?" ਅਚਾਨਕ ਪੁੱਛੇ ਗਏ ਬੇਆਸ ਸਵਾਲ 'ਤੇ ਉਹ ਚੁੱਪ ਰਹਿ ਗਈ ਸੀ।

"ਤੇਰੀ ਮੰਮੀ ਮਾਡਰਨ ਹੈ, ਬਈ !" ਸੁਰੇਸ਼ ਦੇ ਵਿਅੰਗ ਵਿਚ ਉਦਾਸੀ ਲੁਕੀ ਹੋਈ ਸੀ।

"ਨਹੀਂ ਬਿੱਟੂ ! ਮਾਡਰਨ ਕੋਈ ਇਸ ਤਰ੍ਹਾਂ ਇੰਨਾ ਕੁ ਕਰਨ ਦੇ ਨਾਲ ਨ੍ਹੀਂ ਹੁੰਦਾ....ਤੇ ਦੇਖ, ਤੂੰ ਵੀ ਜਦੋਂ ਵੱਡੀ ਹੋਊਂਗੀ, ਤਾਂ ਬਹੁਤ-ਸਾਰੇ ਅਜਿਹੇ ਕੰਮ ਕਰੂੰਗੀ, ਜਿਹੜੇ ਮੈਂ ਕਦੇ ਨ੍ਹੀਂ ਕੀਤੇ। ਇਸ



ਤਰ੍ਹਾਂ ਸਭ ਕੁਸ਼ ਹਰ ਵਾਰ ਬਦਲਦਾ ਰਹਿੰਦਾ ਏ। ਮੈਂ ਨਾਨੀ ਤਾਂ ਨ੍ਹੀਂ ਹਾਂ ਨਾ-ਉਸੇ ਤਰ੍ਹਾਂ ਜਿਵੇਂ ਤੂੰ-ਮੈਂ ਨ੍ਹੀਂ ਹਾਂ।" 'ਵੰਦਨਾ ਨੇ ਨਿਰਪੱਖ ਆਵਾਜ਼ ਵਿੱਚ ਚਿਹਰੇ 'ਤੇ ਬਿਨਾਂ ਕਿਸੇ ਭਾਵ ਦੇ ਕਿਹਾ ਸੀ।

ਵੰਦਨਾ ਨੇ ਅੱਖਾਂ ਗੱਡ ਕੇ ਚਾਨਣੀ ਵਿਚ ਸੁੱਤੀ ਹੋਈ ਸਵਿਤਾ ਦੇ ਚਿਹਰੇ ਨੂੰ ਪੜ੍ਹਨ ਦੀ ਕੋਸ਼ਿਸ਼ ਕੀਤੀ। "ਇਕ ਤਰ੍ਹਾਂ ਨਾਲ ਸਵਿਤਾ ਵਰਗੇ ਲੋਕ ਕਿੰਨੇ ਸੁੱਖੀ ਨੇ-ਬਣੇ-ਬਣਾਏ ਰਿਸ਼ਤਿਆਂ ਨੂੰ ਬਿਨਾਂ ਕਿਸੇ ਵਿਰੋਧ ਦੇ ਸਹਿਜ ਭਾਵ ਨਾਲ ਸਵੀਕਾਰ ਕਰਦਿਆਂ ਹੋਇਆਂ। ਪਤੀ ਨਾਲ ਡੂੰਘਾ ਪਿਆਰ ਤੇ ਹੁਣ ਢਲਦੀ ਉਮਰ ਵਿਚ ਯਾਦਾਂ ਦੀ ਅਮਾਨਤ ਸੰਭਾਲਦੀ ਹੋਈ....ਇਸ ਤਰ੍ਹਾਂ ਕਿ ਇਹ ਵੀ ਨ੍ਹੀਂ ਪਤਾ ਲੱਗਦਾ ਕਿ ਬੱਚੇ ਨਾ ਹੋਣ ਦਾ ਕੋਈ ਦਰਦ ਏ। ਸ਼ਾਂਤ, ਸੰਭਲੀ ਹੋਈ, ਆਪਣੇ ਇਕੱਲੇਪਣ ਨੂੰ ਕਿਸਮਤ ਮੰਨ ਕੇ ਸਰਲਤਾ ਨਾਲ ਸਹਿੰਦੀ ਹੋਈ। ਪਰ ਹੋਰਾਂ ਦਾ ਸੁਖ ਸਾਡਾ ਸੁਖ ਤਾਂ ਨ੍ਹੀਂ ਹੋ ਸਕਦਾ ਨਾ ? ਸਾਡੇ ਵਿਚ ਜਿਵੇਂ ਇਕ ਅੰਦਰਲੀ ਆਵਾਜ਼ ਏ-ਰਿਸ਼ਤਿਆਂ ਨੂੰ ਆਪਣੀ ਕਸੌਟੀ 'ਤੇ ਜਾਚਣ, ਉਲਟਣ-ਪਲਟਣ-ਟਟੋਲਣ ਦੀ-ਉਨ੍ਹਾਂ ਦੇ ਨਵੇਂ ਅਰਥ ਕੱਢਣ ਦੀ। ਸ਼ਾਇਦ ਅਸੀਂ ਹਰ ਵੇਲੇ ਇਕ ਤਰ੍ਹਾਂ ਦੇ ਸ਼ੱਕ ਵਿਚ ਘਿਰੇ ਹੋਏ ਹਾਂ ਕਿ ਕਿਤੇ ਸਾਡੀ ਜ਼ਿੰਦਗੀ ਅਧੂਰੀ ਤਾਂ ਨ੍ਹੀਂ- ਕਿਤੇ ਜ਼ਿੰਦਗੀ ਸਾਨੂੰ ਬੇਵਕੂਫ਼ ਤਾਂ ਨ੍ਹੀਂ ਬਣਾ ਰਹੀ ?"

"ਅੱਛਾ ਵੰਦਨਾ, ਦੱਸ ਤਾਂ, ਕੀ ਤੂੰ ਕਹਿ ਸਕਦੀ ਏਂ ਕਿ ਤੇਰੇ ਤੇ ਤੇਰੇ ਪਤੀ ਵਿਚਕਾਰ 'ਫਿਫਟੀ-ਫਿਫਟੀ', ਬਰਾਬਰੀ ਦਾ ਰਿਸ਼ਤਾ ਏ ? ਕੀ ਤੈਨੂੰ ਉਨ੍ਹਾਂ ਦੀ ਦਿੱਤੀ ਹੋਈ ਆਜ਼ਾਦੀ ਨੂੰ ਵਰਤਦਿਆਂ ਹੋਇਆਂ ਆਪਣੀ ਲਿਖਾਈ-ਪੜ੍ਹਾਈ ਨ੍ਹੀਂ ਕਰਨੀ ਪੈਂਦੀ ?" ਪ੍ਰਭਾ ਯੂਨੀਵਰਸਿਟੀ ਵਿਚ ਇਕੱਲੀ ਬੈਠੀ ਕੁਝ ਸੋਚ ਰਹੀ ਸੀ ਤੇ ਵੰਦਨਾ ਦੇ ਕਲਾਸ ਰੂਮ ਵਿਚ ਵੜਦਿਆਂ ਹੀ ਉਸਨੇ ਵੰਦਨਾ ਨੂੰ ਪ੍ਰਸ਼ਨ ਪੁੱਛ ਲਿਆ ਸੀ। 'ਫਿਫਟੀ-ਫਿਫਟੀ ?' ਵੰਦਨਾ ਸੋਚ ਵਿਚ ਪੈ ਗਈ। ਉਹ ਜਾਣਦੀ ਹੈ ਕਿ ਪ੍ਰਭਾ ਦੇ ਆਪਣੇ ਕੌੜੇ ਅਨੁਭਵ ਹਨ। "ਪਰ ਨ੍ਹੀਂ, ਸੁਰੇਸ਼ ਦੀ ਖੁੱਲ੍ਹਦਿਲੀ ਨੂੰ ਇਸ ਤਰ੍ਹਾਂ ਨ੍ਹੀਂ ਤੋਲਿਆ ਜਾ ਸਕਦਾ। ਇਹ ਤਾਂ ਬਿਲਕੁਲ ਗਲਤ ਹੋਊਗਾ। ਆਖਿਰ ਇਕ ਪਰੰਪਰਾ ਸਮੇਤ ਰਿਸ਼ਤਿਆਂ ਨੂੰ ਹੀ ਜਾਨਣ ਵਾਲਾ ਪੁਰਸ਼ ਜਦੋਂ ਔਰਤ ਨੂੰ ਆਜ਼ਾਦੀ ਦਿੰਦਾ ਏ ਤਾਂ ਉਹ ਖੁਦ ਕਿੰਨੀ ਉਥਲ-ਪੁਥਲ ਵਿਚੋਂ ਲੰਘਦਾ ਹੋਊਗਾ..... ਮੈਂ ਖੁਦ ਵੀ ਕੀ ਇਸਦੀ ਸ਼ਿਕਾਰ ਨ੍ਹੀਂ ?....ਫਿਰ ਸੁਰੇਸ਼ ਨੇ ਤਾਂ ਕਦੇ ਮੇਰੀਆਂ ਸਫਲਤਾਵਾਂ ਦਾ ਸਿਹਰਾ ਆਪਣੇ ਸਿਰ ਨ੍ਹੀਂ ਬੰਨਿਆ....ਕਦੇ ਆਪਣੀ ਖੁੱਲ੍ਹਦਿਲੀ ਦੀ ਧੌਂਸ ਨ੍ਹੀਂ ਦਿਖਾਈ ਕਿ 'ਦੇਖ, ਮੇਰੇ ਕਾਰਨ ਹੀ ਵਿਆਹ ਤੋਂ ਮਗਰੋਂ ਪੜ੍ਹ ਸਕੀ ਏਂ।' ਮੀਨਾ ਦੇ ਪਤੀ ਦੀ ਤਰ੍ਹਾਂ ਕਿਸੇ ਤੋਂ ਆਪਣੀ ਪ੍ਰਸੰਸਾ ਸੁਣ ਕੇ ਇੰਨਾ ਵੀ ਨਹੀਂ ਕਿਹਾ-'ਮੈਂ ਕੀ ਕੀਤਾ....ਮੈਂ ਤਾਂ ਬੱਸ ਲਗਾਮ ਢਿੱਲੀ ਛੱਡ ਦਿੱਤੀ।'-ਨਹੀਂ, ਇੰਨਾ ਵੀ ਨਹੀਂ ਕਿਹਾ ਜਿਸ ਵਿਚ ਇਹ ਹੰਕਾਰ ਹੁੰਦਾ ਕਿ ਲਗਾਮ ਮੇਰੇ ਹੱਥ ਵਿਚ ਸੀ। ਪਰ ਫਿਫਟੀ-ਫਿਫਟੀ ? ਕੀ ਮੈਂ ਹਰ ਅਗਲਾ ਕਦਮ ਡਰ-ਡਰ ਕੇ ਹੀ ਅਗੇ ਨਹੀਂ ਰੱਖਿਆ ? ਕੀ ਸੁਰੇਸ਼ ਦੀ ਮਨਜ਼ੂਰੀ ਤੋਂ ਬਿਨਾਂ ਕੁਝ ਕਰਨ ਦਾ ਹੌਸਲਾ ਹੁਣ ਵੀ ਮੈਂ ਕਰ ਸਕਦੀ ਹਾਂ ? ਕੀ ਇਕ ਅਹਿਸਾਨਮੰਦੀ ਦਾ ਬੋਝ ਨਹੀਂ ਮੇਰੇ 'ਤੇ ਕਿ -'ਮੈਂ ਅਹਿਸਾਨਮੰਦ ਹਾਂ, ਕਿਉਂਕਿ ਤੁਸੀਂ ਮੈਨੂੰ ਮੇਰਾ ਜੀਵਨ ਮੇਰੇ ਢੰਗ ਨਾਲ ਜਿਉਣ ਦਿੱਤਾ।' ਅਜਿਹਾ ਤਾਂ ਮੈਂ ਨਹੀਂ ਸੋਚ ਸਕਦੀ ਕਿ-'ਇਹ ਮੇਰਾ ਜਨਮਸਿੱਧ ਅਧਿਕਾਰ ਸੀ ਤੇ ਉਸਨੂੰ ਤੁਸੀਂ ਮੈਨੂੰ ਲੈਣ ਦਿੱਤਾ, ਤਾਂ ਕੋਈ ਅਹਿਸਾਨ ਨਹੀਂ ਕੀਤਾ।' ਪਰ ਕੀ ਕਿਸੇ ਵੀ ਰਿਸ਼ਤੇ ਵਿਚ ਇਸ ਤਰ੍ਹਾਂ ਬਰਾਬਰੀ ਦਾ ਹਿਸਾਬ-ਕਿਤਾਬ ਹੋ ਸਕਦਾ ਏ ? ਕੀ ਇਸ ਤਰ੍ਹਾਂ ਅਪਣੱਤਵ ਤੇ ਪ੍ਰੇਮ ਹੱਥੋਂ ਤਿਲਕ ਨ੍ਹੀਂ ਜਾਣਗੇ ?" ਵੰਦਨਾ ਸੋਚਦੀ ਰਹੀ।

"ਮੈਨੂੰ ਤਾਂ ਨੀਂਦ ਨਹੀਂ ਆ ਰਹੀ ਤੇ ਤੂੰ ਏ ਕਿ ਤੈਨੂੰ ਤਾਂ ਮੈਨੂੰ ਦੇਖਦਿਆਂ ਹੀ ਜਿਵੇਂ ਕੰਪੋਜ ਦਾ ਇੰਜੈਕਸ਼ਨ ਲੱਗ ਗਿਆ ਹੋਵੇ। ਬੱਸ ਲਿਟਦੀ ਹੀ ਝਟ ਦੇਣੇ ਸੌਂ ਜਾਉਂਗੀ....।" ਸੁਰੇਸ਼ ਦੇ ਬੋਲਾਂ ਵਿਚ ਕਈ ਦਿਨਾਂ ਦੀ ਦਬੀ ਹੋਈ ਖਿਝ ਸੀ।

"ਰਾਤ ਦੇ ਸਾਢੇ ਗਿਆਰਾਂ ਵਜ ਰਹੇ ਨੇ। ਇਸ ਵੇਲੇ ਨੀਂਦ ਆ ਵੀ ਰਹੀ ਏ, ਤਾਂ

ਕੀ ਗਲਤ ਏ ? ਫਿਰ ਤੁਸੀਂ ਜਾਣਦੇ ਹੋ ਕਿ ਮੈਂ ਸਵੇਰੇ ਜਲਦੀ ਉਠ ਜਾਂਦੀ ਹਾਂ।" ਵੰਦਨਾ ਨੇ ਮੁਸਕਰਾਹਟ ਨਾਲ ਖਿਝ ਨੂੰ ਹਟਾਉਣਾ ਚਾਹਿਆ ਸੀ।

"ਹੂੰ ਪੁਰਾਣੇ ਜ਼ਮਾਨੇ ਦੀਆਂ ਤੀਵੀਆਂ ਵੀ ਕੀ ਹੁੰਦੀਆਂ ਸਨ- ਪਤੀ ਦੇ ਖਾਣ ਤੋਂ ਮਗਰੋਂ ਖਾਣਾ, ਪਤੀ ਦੇ ਸੌਣ ਤੋਂ ਮਗਰੋਂ ਸੌਣਾ...ਤੇ ਹੁਣ ਤਾਂ ਹਰ ਗੱਲ 'ਤੇ ਕਿੰਨੇ ਸਵਾਲ ਨੇ- ਗਲਤ-ਸਹੀ...ਬਾਬਾ ਓ ਬਾਬਾ !" ਸੁਰੇਸ਼ ਦਾ ਮਕਸਦ ਉਸਦੀ ਨੀਂਦ ਉੜਾਉਣਾ ਸੀ, ਇਹ ਸਮਝਦਿਆਂ ਹੋਇਆਂ ਵੀ ਉਹ ਆਪਣੇ ਆਪ ਨੂੰ ਰੋਕ ਨਹੀਂ ਸਕੀ। ਦਿਮਾਗ ਵਿਚ ਕਿਤੋਂ 'ਫਿਫਟੀ-ਫਿਫਟੀ' ਉਗ ਆਇਆ-"ਕਦੇ ਨ੍ਹੀਂ ਸੁਧਰ ਸਕਦੇ ਤੁਸੀਂ ਲੋਕ ! ਕਿਤੇ-ਨਾ-ਕਿਤੇ ਤੁਹਾਡੇ ਲੋਕਾਂ ਦੇ ਦਿਮਾਗ ਵਿਚ 'ਪਤੀ ਪਰਮੇਸ਼ਰ' ਵਾਲੀ ਇੱਛਾ ਜੋ ਭਰੀ ਹੋਈ ਏ। ਕਿਉਂ ਅਸੀਂ ਦੋ ਦੋਸਤਾਂ ਦੀ ਤਰ੍ਹਾਂ ਬਰਾਬਰ-ਬਰਾਬਰ ਨ੍ਹੀਂ ਹੋ ਸਕਦੇ ? ਕਿਉਂ ਤੁਸੀਂ ਲੋਕ ਤੀਵੀਆਂ ਦੇ ਖਾਣ ਤੇ ਸੌਣ ਦਾ ਸਮਾਂ ਆਪਣੇ ਮਨ ਨਾਲ ਚਲਾਉਣਾ ਚਾਹੁੰਦੇ ਹੋ ? ਇਸ ਲਈ ਨਾ ਕਿ ਤੁਸੀਂ ਲੋਕਾਂ ਨੇ ਤੀਵੀਆਂ ਨੂੰ ਆਪਣਾ ਗੁਲਾਮ ਸਮਝ ਰੱਖਿਆ ਏ।" ਵੰਦਨਾ ਨੇ ਗੁੱਸੇ ਵਿਚ ਆ ਕੇ ਸੁਰੇਸ਼ ਵੱਲ ਦੇਖਿਆ।

"ਤੁਸੀਂ ਗੱਲਾਂ ਕਰਦੀਆਂ-ਕਰਦੀਆਂ 'ਤੁਸੀਂ ਲੋਕ-ਤੁਸੀਂ ਲੋਕ' ਕਿਉਂ ਕਰਨ ਲੱਗਦੀਆਂ? ਗੱਲ ਤੇਰੀ-ਮੇਰੀ ਹੋ ਰਹੀ ਏ। ਤੂੰ ਹੋਰਾਂ ਨੂੰ ਵਿਚ ਕਿਉਂ ਲੈ ਆਉਂਦੀ ਏਂ ? ਤੂੰ ਤਾਂ ਆਪਣੀ ਮਰਜੀ ਨਾਲ ਸੌਂਦੀ-ਜਾਗਦੀ ਏਂ। ਖਾਂਦੀ-ਪੀਂਦੀ ਏਂ, ਤੈਨੂੰ ਭਲਾ ਕਿਉਂ ਸ਼ਿਕਾਇਤ ਏ ਏਨੀ?" ਸੁਰੇਸ਼ ਦੀ ਮੁਸਕਰਾਹਟ ਨਾਲ ਉਹ ਰੋਣਹਾਕੀ ਹੋ ਗਈ।

"ਨ੍ਹੀਂ, ਅੱਜ ਮੈਂ ਸਮਝ ਰਹੀਂ ਹਾਂ ਕਿ ਤੁਹਾਡੇ ਮਨ ਵਿਚ ਕੀ ਏ। ਤੁਸੀਂ ਵੀ ਅੰਦਰੋਂ ਹੋਰਾਂ ਵਾਂਗ ਹੀ ਹੋ ! ਨ੍ਹੀਂ, ਕਿਤੇ ਬਰਾਬਰੀ ਨ੍ਹੀਂ ਹੁੰਦੀ ਤੀਵੀਂ ਤੇ ਆਦਮੀ ਦੇ ਵਿਚ...ਹੋ ਹੀ ਨ੍ਹੀਂ ਸਕਦੀ। ਜਦੋਂ ਤਕ ਤੀਵੀਆਂ ਆਪਣੇ ਪੈਰਾਂ 'ਤੇ ਖੜੀਆਂ ਨਾ ਹੋਣ। ਪਹਿਲਾਂ ਦੀਆਂ ਤੀਵੀਆਂ ਦੀ ਉਦਾਹਰਣ ਦੇ ਰਹੇ ਹੋ ਮੈਨੂੰ ? ਇਸ ਲਈ ਨਾ ਕਿ ਤੁਸੀਂ......।"

"ਬਹੁਤ ਹੋ ਗਈ ਵੰਦਨਾ ! ਹੱਦ ਏ ਕਿ ਤੂੰ ਇਕ ਸਾਧਾਰਨ ਜਿਹੇ ਮਖੌਲ ਪਿਛੇ ਵੀ ਪਤਾ ਨ੍ਹੀਂ ਕੀ-ਕੀ ਲੱਭ ਲੈਨੀ ਏਂ। ਹਰ ਗੱਲ ਨੂੰ ਇਕ ਝਗੜਾ ਬਣਾ ਲੈਨੀ ਏਂ। ਇੰਨੀਂ ਹੀ ਤਾਂ ਮੰਗ ਸੀ ਨਾ ਮੇਰੀ ਕਿ ਤੂੰ ਮੇਰੇ ਨਾਲ ਥੋੜ੍ਹੀ ਦੇਰ ਹੋਰ ਜਾਗ ਲੈ...ਮੇਰੇ ਨਾਲ ਗੱਲਾਂ ਕਰ ? ਜੇ ਤੂੰ ਅਜਿਹੀ ਮੰਗ ਮੈਥੋਂ ਕਰਦੀ ਤਾਂ ਮੈਂ ਕਦੇ ਇਸ ਵਿਚ ਅਧਿਕਾਰਾਂ ਦਾ ਝਗੜਾ ਨਾ ਲਿਆਉਂਦਾ।ਪਰ ਤੁਸੀਂ ਲੋਕ ਸਿੱਧੇ-ਸਿੱਧੇ ਕਿਸੇ ਗੱਲ ਨੂੰ ਦੇਖ ਹੀ ਨ੍ਹੀਂ ਸਕਦੇ... ਪਤਾ ਨ੍ਹੀਂ ਕੀ ਗੰਢ ਬਝ ਗਈ ਹੈ ਤੁਹਾਡੇ ਲੋਕਾਂ ਵਿਚ....।"

ਵੰਦਨਾ ਨੇ ਇਕ ਡੂੰਘਾ ਸਾਹ ਲੈ ਕੇ ਚਾਨਣੀ ਵਿਚ ਗੁੱਟ ਘੜੀ ਦੇਖਣ ਦੀ ਕੋਸ਼ਿਸ਼ ਕੀਤੀ-ਕਿੰਨੇ ਵਜ ਰਹੇ ਹਨ ! ਨੀਂਦ ਬਿਲਕੁਲ ਉੜ ਗਈ ਸੀ। ਦਿਮਾਗ ਜਿਵੇਂ ਇਕ ਭੰਵਰ ਵਿਚ ਗੋਲ-ਗੋਲ ਘੁੰਮ ਰਿਹਾ ਸੀ। "ਜਦੋਂ ਅਸੀਂ ਕਿਸੇ ਜਗ੍ਹਾ ਤੋਂ ਦੂਰ ਅੱਡ ਹੁੰਦੇ ਹਾਂ, ਉਦੋਂ ਜ਼ਿਆਦਾ ਡੂੰਘਾਈ ਨਾਲ ਉਥੋਂ ਆਪਣੇ ਰਿਸ਼ਤਿਆਂ ਨੂੰ ਦੇਖ ਸਕਦੇ ਹਾਂ।" ਵੰਦਨਾ ਨੂੰ ਲੱਗਿਆ ਕਿ ਉਹ ਸ਼ਾਇਦ ਉਥੇ ਇਸ ਤਰ੍ਹਾਂ ਇਕੱਲੀ ਹੋਣ ਦਾ ਸਮਰਥਨ ਲਭ ਰਹੀ ਏ। ਮੈਂ ਕੌਣ ਹਾਂ ਤੇ ਕੀ ਹਾਂ। ਬੱਸ ਇਹੀ ਜਾਨਣਾ ਮੇਰੇ ਇਥੇ ਹੋਣ ਦਾ ਕਾਰਨ ਏ।" ਕਲ੍ਹ ਵੰਦਨਾ ਨੇ ਆਪਣੀ ਸਹੇਲੀ ਨੂੰ ਕਿਹਾ ਸੀ। "ਸੁਰੇਸ਼ ਨੇ ਦਿਮਾਗ ਦੀ ਗੰਢ ਦੀ ਜਿਹੜੀ ਗੱਲ ਕਹੀ, ਕੀ ਉਹ ਵਾਕਈ ਸੱਚ ਏ? ਕੀ ਅਸੀਂ ਰਿਸ਼ਤਿਆਂ ਦੀ ਪੜਤਾਲ ਕਰਦਿਆਂ-ਕਰਦਿਆਂ ਬੇਮਤਲਬ ਗੱਲਾਂ ਨੂੰ ਉਲਝਾ ਲੈਂਦੇ ਹਾਂ ? ਕੀ ਅਸੀਂ ਸੱਚਮੁਚ ਆਪਣੇ ਸੰਸਕਾਰਾਂ ਦੇ ਜਾਂ ਉਨ੍ਹਾਂ ਸੰਸਕਾਰਾਂ ਨੂੰ ਪਾਰ ਕਰਨ ਦੀ ਇੱਛਾ ਦੇ ਹੀ ਇੰਨੇ ਗੁਲਾਮ ਹਾਂ ਕਿ ਸਾਡੇ ਵਿਚ ਕਿਤੇ ਕੋਈ ਨਿੱਜੀ ਅਣਛੂਹੀ ਸੰਵੇਦਨਾ ਹੀ ਨ੍ਹੀਂ ਬਚਦੀ ਤੇ ਅਸੀਂ ਖੁਦ ਆਪਣੇ ਮਨ ਦੇ ਘੇਰੇ ਵਿਚ ਹੀ ਚੱਕਰ ਲਗਾਉਂਦੇ ਰਹਿ ਜਾਂਦੇ ਹਾਂ ? ਮੈਨੂੰ ਹਮੇਸ਼ਾ ਅਜਿਹਾ ਲੱਗਦਾ ਰਿਹਾ ਏ ਜਿਵੇਂ ਕੋਈ ਅਜਿਹਾ ਵਿਅਕਤੀ



ਮਿਲ ਜਾਊਗਾ, ਜਿਸਦੇ ਆਉਣ ਨਾਲ ਸਾਰੇ ਸਵਾਲਾਂ ਦੇ ਜਵਾਬ ਮਿਲ ਜਾਣਗੇ ਤੇ ਜਿਵੇਂ ਸਭ ਕੁਸ਼ ਇਕਦਮ ਨਿਯਮਬਧ ਤੇ ਠੀਕ ਹੋ ਜਾਵੇਗਾ... ਇਕ ਤਰ੍ਹਾਂ ਨਾਲ ਜ਼ਿੰਦਗੀ ਦਾ ਅਰਥ ਸਮਝ ਵਿਚ ਆ ਜਾਵੇਗਾ"....-ਉਹ ਇਕ ਰੌਅ ਵਿਚ ਪ੍ਰੋਫੈਸਰ ਰਮੇਸ਼ ਨਾਲ ਗੱਪਾ ਮਾਰਦੀ ਹੋਈ ਬੋਲਦੀ ਗਈ ਸੀ...."ਇਸ ਲਈ ਮੈਨੂੰ ਲੱਗਦਾ ਏ ਕਿ ਹਰ ਸੰਬੰਧ ਨੂੰ ਲੈ ਕੇ ਮੇਰੇ ਮਨ ਵਿਚ ਇਕ ਖੋਜ-ਜਿਹੀ ਰਹਿੰਦੀ ਏ। ਹਾਲਾਂਕਿ ਅਜਿਹਾ ਕੁਸ਼ ਕਿਤੇ ਦਿੱਸਦਾ ਨ੍ਹੀਂ......ਕਿਤੇ ਨੀਚ ਬੁੱਧੀ ਏ ਤਾਂ ਕਿਤੇ ਦਿਲ ਦੀ ਨੀਚਤਾ ਨਿਰਾਸ਼ ਕਰ ਦਿੰਦੀ ਏ.....ਕਿਤੇ ਦੋਵੇਂ ਠੀਕ ਨੇ। ਪਰ ਘੋਰ ਪਰੇਸ਼ਾਨੀ ਤੇ ਉਦਾਸੀ ਏ....ਕੋਈ ਆਨੰਦ ਹੀ ਨ੍ਹੀਂ ਜ਼ਿੰਦਗੀ ਵਿਚ....।"

ਪ੍ਰੋਫੈਸਰ ਰਮੇਸ਼ ਉਸ ਵੱਲ ਹੱਕੇ ਬੱਕੇ ਹੋ ਕੇ ਦੇਖਦੇ ਰਹੇ ਸੀ। ਉਹ ਇਕਦਮ ਸੰਕੋਚ ਨਾਲ ਭਰ ਉਠੀ ਸੀ।

"ਪਰ ਤੁਹਾਨੂੰ ਦੇਖ ਕੇ ਤਾਂ ਅਜਿਹਾ ਨਹੀਂ ਲੱਗਦਾ ਕਿ ਤੁਸੀਂ ਸੋਚਦੇ ਹੋ ਕਿ ਕੋਈ ਹੋਰ ਆ ਕੇ ਸਾਰੀਆਂ ਉਲਝਣਾਂ ਸੁਲਝਾ ਦੇਊਗਾ ? ਮੈਨੂੰ ਤਾਂ ਹਮੇਸ਼ਾ ਇਹ ਮਹਿਸੂਸ ਹੋਇਆ ਏ ਕਿ ਤੁਸੀਂ ਆਪਣੇ ਫੈਸਲੇ ਖੁਦ ਲੈਣਾ ਪਸੰਦ ਕਰਦੀਆਂ ਹੋ। ਮੈਂ ਤਾਂ ਅਜਿਹਾ ਕਦੇ ਨ੍ਹੀਂ ਸੋਚਿਆ.... ਨ੍ਹੀਂ, ਉਮਰ ਦੇ ਕਿਸੇ ਦੌਰ ਵਿਚ ਨ੍ਹੀਂ...ਹੁਣ ਵੀ ਨ੍ਹੀਂ, ਹੁਣ ਜ਼ਿੰਦਗੀ ਦਾ ਬਹੁਤਾ ਹਿੱਸਾ ਬੀਤ ਗਿਆ ਏ-ਬਹੁਤ ਪ੍ਰੇਸ਼ਾਨੀਆਂ ਵਿਚ ਵੀ ਨ੍ਹੀਂ- ਕਿਤੇ ਤੁਹਾਡੇ ਅਜਿਹਾ ਸੋਚਣ ਦਾ ਕਾਰਨ ਤੁਹਾਡਾ ਔਰਤ ਹੋਣਾ ਤਾਂ ਨ੍ਹੀਂ ਏ ?"

ਉਸਨੂੰ ਬਹੁਤ ਦੁੱਖ ਹੋਇਆ ਸੀ ਇਨ੍ਹਾਂ ਸ਼ਬਦਾਂ ਤੋਂ। ਇਕ ਘਬਰਾਹਟ ਵੀ ਉਪਜੀ ਸੀ-"ਤਾਂ ਕੀ ਸਚਮੁਚ ਮੇਰਾ ਸਾਰਾ ਸੋਚਣਾ-ਵਿਚਾਰਨਾ ਇਕ ਔਰਤ ਹੋਣ ਨਾਲ ਹੀ ਜੁੜਿਆ ਏ? ਕੀ ਇਕ ਵਿਅਕਤੀ ਦੇ ਰੂਪ ਵਿਚ ਮੇਰੀ ਕੋਈ ਸੱਤਾ ਨ੍ਹੀਂ?" ਜਿਸ ਅਹਿਸਾਸ ਨੂੰ ਉਹ ਸਾਲਾਂ ਤੋਂ ਜੀਵਨ ਦੇ ਅਰਥ ਦੀ ਇਕ ਡੂੰਘੀ ਖੋਜ ਦੇ ਰੂਪ ਵਿਚ ਦੇਖਦੀ ਆਈ ਸੀ, ਉਹ ਕੀ ਸਿਰਫ ਇਕ ਕਮਜ਼ੋਰੀ ਹੀ ਹੈ ? ਇਕ ਸਹਾਰੇ ਦੀ ਜ਼ਰੂਰਤ ? ਸਹਾਰਾ ! ਕਿਉਂਜੁ ਉਹ ਕਮਜ਼ੋਰ ਹੈ ? ਉਸਨੇ ਬਹੁਤ ਪਹਿਲਾਂ ਇਕ ਦਿਨ ਮੈਥਿਲੀਸ਼ਰਣ ਗੁਪਤ ਦਾ 'ਸਾਕੇਤ' ਕੱਢ ਕੇ 'ਅਬਲਾ ਜੀਵਨ ਹਾਏ ਤੁਮਹਾਰੀ ਯਹੀ ਕਹਾਨੀ....' ਤੇ ਰਾਮਾਇਣ ਕੱਢ ਕੇ 'ਢੋਲ ਗੰਵਾਰ ਸ਼ੂਦਰ ਪਸ਼ੂ ਨਾਰੀ....' ਸਤਰਾਂ ਕੱਟ ਦਿੱਤੀਆਂ ਸੀ। ਇਹ ਠੀਕ ਹੈ ਕਿ ਉਹ ਇਕ ਬਚਕਾਨਾ ਵਿਦਰੋਹ ਸੀ, ਪਰ ਕਿਤੇ ਆਪਣੇ ਆਪ ਨੂੰ ਕਮਜ਼ੋਰ ਨਾ ਮੰਨ ਕੇ ਜਿਉਣ ਦੀ ਚਾਹ ਵੀ ਤਾਂ ਸੀ ? ਪਰ ਕੀ ਉਹ ਸੱਚਮੁਚ ਆਪਣੇ ਆਪ ਨੂੰ ਕਮਜ਼ੋਰ ਮੰਨਣ ਦੇ ਸੰਸਕਾਰ ਨਾਲੋਂ ਮੁਕਤ ਹੋ ਸਕੀ ? ਬਚਪਨ ਤੋਂ ਉਸਨੇ ਮਾਂ ਨੂੰ ਪਿਤਾ ਦੀ ਤੇਜ਼ ਅਕਲ ਦੇ ਸਾਹਮਣੇ ਪੁਰਸ਼ ਦੀ ਉੱਚਤਾ ਨੂੰ ਬਿਨਾਂ ਕਿਸੇ ਵਿਰੋਧ ਦੇ ਮਨਜੂਰ ਕਰਦਿਆਂ ਦੇਖਿਆ ਸੀ। ਖੁਦ ਉਸਨੂੰ ਮਾਂ ਨਾਲ ਕਦੇ ਵਿਸ਼ੇਸ਼ ਹਮਦਰਦੀ ਨਹੀਂ ਹੋਈ। ਮਾਂ ਖੁਦ ਖ਼ੁਸ਼ੀ ਨਾਲ ਪਿਤਾ ਦੀ ਹਰ ਮਰਜੀ ਚੱਲਣ ਦਿੰਦੀ ਸੀ। ਉਸ ਵਿਚ ਪੀੜਤ ਹੋਣ ਦਾ ਭਾਵ ਬਹੁਤ ਘੱਟ ਹੀ ਨਜ਼ਰ ਆਉਂਦਾ ਸੀ। ਉਸ ਵੱਡੀ ਹੁੰਦਿਆਂ-ਹੁੰਦਿਆਂ ਜਦੋਂ ਉਸਨੇ ਉਸ ਮਰਜੀ ਦੀ ਨਿਰੰਕੁਸ਼ਤਾ ਨੂੰ ਸਮਝਿਆ, ਤਾਂ ਆਪਣੇ ਆਪ ਨੂੰ ਕਮਜ਼ੋਰ ਪੱਖ ਵਿਚ ਪਾਇਆ। ਉਸ ਮਰਜ਼ੀ ਵਿਚ ਕਿਸੇ ਪ੍ਰਕਾਰ ਦੇ ਬਹਿਸ-ਮੁਬਾਹਿਸੇ ਦੀ ਗੁੰਜਾਇਸ਼ ਨਾ ਹੋਣਾ ਉਸਨੂੰ ਅਖਰਨ ਲੱਗਿਆ। ਉਸ ਨੂੰ ਆਪਣੇ ਇਕ ਕਮਜ਼ੋਰ ਹੋਂਦ ਭਾਵ ਇਕ ਔਰਤ ਹੋਣ ਦਾ ਅਰਥ ਸਮਝ ਵਿਚ ਆਉਣ ਲੱਗਾ ਤੇ ਨਾਲ ਹੀ ਦਿਮਾਗ ਵਿਚ ਇਹ ਸਵਾਲ ਵੀ-' ਜੇ ਮੈਂ ਮੁੰਡਾ ਹੁੰਦੀ ਤਾਂ ?'

"ਦੇਖੋ, ਇਨ੍ਹਾਂ ਦੋ ਦਿਨਾਂ ਤੱਕ ਬਿਸਤਰੇ 'ਤੇ ਨ੍ਹੀਂ ਬੈਠਦੇ ਤੇ ਕਿਸੇ ਚੀਜ਼ ਨੂੰ ਹੱਥ ਨ੍ਹੀਂ ਲਾਉਣਾ। ਹੇਠਾਂ ਚਟਾਈ ਵਿਛਾ ਕੇ ਬੈਠਣਾ ਤੇ ਰਾਤ ਨੂੰ ਉਹ ਨੀਲੀ ਰੇਸ਼ਮੀ ਚਾਦਰ ਬਿਸਤਰੇ 'ਤੇ ਵਿਛਾ ਕੇ ਸੌਣਾ। ਸਮਝ ਗਈ ਨਾ......ਜਿਵੇਂ ਦੀਦੀ ਕਹਿੰਦੀ ਹੈ ਨਾ ਉਂਵੇਂ ਹੀ।" ਮਾਂ ਬੜੀ ਜ਼ਿੰਮੇਵਾਰੀ ਦੇ ਭਾਵ ਨਾਲ ਉਸਦੇ ਕੰਨ ਵਿਚ ਫੁਸਫਸਾ ਰਹੀ ਸੀ। ਵੰਦਨਾ ਨੇ ਚੁੱਪਚਾਪ ਸੁਣਿਆ

ਸੀ। ਉਸਨੇ ਚਟਾਈ ਤੇ ਨੀਲੀ ਚਾਦਰ ਦੇ ਭੇਤ ਦੇ ਬਾਰੇ ਵਿਚ ਬਹੁਤ ਵਾਰ ਸੋਚਿਆ ਵੀ ਸੀ, ਪਰ ਪੂਰੀ ਜਾਣਕਾਰੀ ਬਿਨਾਂ ਕਿਸੇ ਸਿੱਟੇ 'ਤੇ ਪਹੁੰਚ ਨਹੀਂ ਸਕੀ ਸੀ। ਦੀਦੀ ਨੇ ਪੁੱਛਣ 'ਤੇ ਝਿੜਕ ਕੇ ਭਜਾ ਦਿੱਤਾ ਸੀ। ਮਾਂ ਦੇ ਖਿਸਕਦਿਆਂ ਹੀ ਉਹ ਦੀਦੀ ਦੀ ਗੋਦ ਵਿਚ ਵੜ ਕੇ ਬਿਸਤਰੇ 'ਤੇ ਸੌਂ ਗਈ ਸੀ–"ਮੈਂ ਨਾ ਚਟਾਈ 'ਤੇ ਬੈਠੂੰਗੀ, ਤੇ ਨਾ ਉਸ ਚਾਦਰ 'ਤੇ ਸੌਊਂਗੀ...ਤੇ ਤੁਹਾਨੂੰ ਤਾਂ ਮੈਂ ਛੋਹ ਕੇ ਅਛੂਤ ਬਣਾ ਹੀ ਦਿੱਤਾ ਏ। ਹੁਣ ਕੀ ਕਰੂੰਗੀ ?" ਦਾਦੀ ਚੁੱਪ-ਚਾਪ ਉਸਦੇ ਸਿਰ 'ਤੇ ਹੱਥ ਫੇਰਨ ਲੱਗੀ ਸੀ।

"ਮਾਂ, ਇਹ ਕੀ ! ਤੂੰ ਏਹਨੂੰ ਸਮਝਾਉਂਦੀ ਨ੍ਹੀਂ ? ਇਹ ਕੀ ਕਰ ਰਹੀ ਏ। ਸਭ ਕੁਸ਼ ਛੂਅ ਦਿੱਤਾ ਏ ਇਸਨੇ।" ਪਿਤਾ ਦੇ ਸ਼ਬਦਾਂ ਨਾਲ ਉਹ ਪੂਰੀ ਤਰ੍ਹਾਂ ਚੌਂਕ ਗਈ ਸੀ–"ਤਾਂ ਕੀ ਇਹ ਵੀ ਇਹੀ ਚਾਹੁੰਦੇ ਨੇ ?"

"ਅਜੇ ਬੱਚੀ ਏ, ਹੌਲੀ-ਹੌਲੀ ਸਮਝ ਜਾਊਗੀ, ਬੇਟਾ !' ਦਾਦੀ ਨੇ ਗੱਲ ਨੂੰ ਟਾਲ ਦਿੱਤਾ ਸੀ। ਮਹੀਨੇ-ਦਰ-ਮਹੀਨੇ ਬੀਤਦੇ ਗਏ ਸੀ। ਪਰ ਉਹ ਆਪਣੇ ਫੈਸਲੇ 'ਤੇ ਮਾਂ ਦੀ ਨਾਰਾਜਗੀ ਤੇ ਪਿਤਾ ਦੀ ਨਾਖੁਸ਼ੀ ਦੇ ਬਾਵਜੂਦ ਦਾਦੀ ਦਾ ਸਹਾਰਾ ਲੈ ਕੇ ਡਟੀ ਰਹੀ ਸੀ। ਅੰਤ ਦੀਦੀ ਨੇ ਵੀ ਵਿਦਰੋਹ ਕਰ ਦਿੱਤਾ ਸੀ–"ਵਾਹ, ਇਸ ਲਈ ਵੱਖ ਨਿਯਮ ਨੇ ਤੇ ਮੇਰੇ ਲਈ ਵੱਖ ?" ਇਹ ਪਹਿਲਾ ਸਫਲ ਵਿਦਰੋਹ ਸੀ, ਪਰ ਕਿਤੇ ਇਹ ਵੀ ਤਹਿ ਹੋ ਗਿਆ ਸੀ ਕਿ ਇਕ ਕਮਜ਼ੋਰ ਦੇ ਹੱਕ ਵਿਚ ਲੜਨ ਦੇ ਹਥਿਆਰ ਬੁੱਧੀ ਤੇ ਤਰਕ ਨਾ ਹੋ ਕੇ ਇਕ ਸਿਸਕਦੀ ਹੋਈ ਜ਼ਿੱਦ ਹੀ ਹੋ ਸਕਦੀ ਏ। ਇਸ ਹਥਿਆਰ ਦੀ ਵਰਤੋਂ ਉਸਨੂੰ ਇੰਨੀ ਅਪਮਾਨਜਨਕ ਲੱਗੀ ਸੀ ਕਿ ਉਸਨੇ ਮਗਰੋਂ ਕਿਸੇ ਗੱਲ ਲਈ ਇਸ ਤਰ੍ਹਾਂ ਜ਼ਿੱਦ ਕਰਨ ਦੀ ਬਜਾਏ ਪਿਤਾ ਦੀ ਮਰਜ਼ੀ ਨੂੰ ਚਲਣ ਦੇਣਾ ਜ਼ਿਆਦਾ ਠੀਕ ਸਮਝਿਆ ਸੀ।

ਬਾਹਰ ਸਵੇਰ ਦੀ ਸ਼ੁਰੂਆਤ ਹੋਣ ਨੂੰ ਸੀ। ਹਨੇਰਾ ਫਟਣ ਲੱਗਿਆ ਸੀ। ਇਕ ਕੋਇਲ ਨੇ ਜਿਵੇਂ ਡਰਦਿਆਂ-ਡਰਦਿਆਂ ਧੀਮੀ ਆਵਾਜ਼ ਵਿਚ ਕੂਕਣਾ ਸ਼ੁਰੂ ਕੀਤਾ। ਉਸਦਾ ਹੌਸਲਾ ਵਧਾਉਂਦਿਆਂ ਹੋਇਆਂ ਪਪੀਹੇ ਨੇ 'ਪੀ-ਕਹਾਂ' ਦੀ ਰਟ ਲਾ ਦਿੱਤੀ। ਵੰਦਨਾ ਦਾ ਮਨ ਸੌਖੇ ਹੀ ਇਕਦਮ ਹਲਕਾ ਹੋ ਉਠਿਆ। ਉਸਨੇ ਪਹਿਲਾਂ ਕਦੇ ਪਪੀਹੇ ਨੂੰ ਬੋਲਦਿਆਂ ਹੋਇਆਂ ਨਹੀਂ ਸੁਣਿਆ ਸੀ।"ਕਿਤੇ ਜਾਣ ਨਾਲ ਕੁਸ਼ ਨਵਾਂ ਜ਼ਰੂਰ ਮਿਲਦਾ ਏ। ਉਹੀ ਸ਼ਾਇਦ ਜ਼ਿੰਦਗੀ ਦਾ ਅਰਥ ਵੀ ਏ ਤੇ ਆਪਣੀ ਅੰਦਰਲੀ ਤਲਾਸ਼ ਦੀ ਤੁਸ਼ਟੀ ਵੀ।" ਕਲ੍ਹ ਤੋਂ ਪਤਾ ਨਹੀਂ ਕਿੰਨੀਆਂ ਤਰ੍ਹਾਂ ਦੀਆਂ ਚਿੜੀਆਂ ਦੀਆਂ ਬੋਲੀਆਂ ਉਸਨੇ ਸੁਣੀਆਂ ਸੀ ਤੇ ਕਿੰਨੀਆਂ ਖੁਸ਼ਬੂਆਂ ਉਸ ਨੇ ਜਾਣੀਆਂ ਸਨ। ਉਸਦੀ ਸਹੇਲੀ ਹਰ ਨਵੀਂ ਆਵਾਜ਼ ਤੇ ਨਵੀਂ ਖੁਸ਼ਬੂ ਉਸਦਾ ਚੌਂਕਨਾ ਤੇ ਹੈਰਾਨ ਰਹਿ ਜਾਣਾ ਦੇਖ ਕੇ ਉਤਸਾਹ ਪੂਰਵਕ ਦੱਸਦੀ ਰਹੀ ਸੀ–"ਇਹ ਆਵਾਜ਼ ਰੰਗਨ ਚਿੜੀ ਦੀ ਏ ਤੇ ਇਸ ਚਿੜੀ ਨੂੰ ਅਸੀਂ ਫੁਲਟੁਸੀ ਕਹਿੰਦੇ ਹਾਂ...ਉਹ ਮਹੋਕ ਧਰਤੀ 'ਤੇ ਬੈਠੀ ਏ....ਉਹ ਮਾਧਵੀ ਲਤਾ....ਇਹ ਮਾਲਤੀ ਦੀ ਖੁਸ਼ਬੂ ਆਈ....ਤੇ ਇਹ ਚੰਪਾ ਦੀ ਖੁਸ਼ਬੂ ? ਪਹਿਚਾਨਦੀ ਏਂ...ਉਹ ਦੇਖ ਚੰਪਾ ਦਾ ਵੱਡਾ ਦਰਖਤ...ਉਸ ਮਕਾਨ ਦੇ ਕੰਪਾਊਂਡ ਵਿਚ.....।" ਚੰਪਾ ਦੀ ਖੁਸ਼ਬੂ ਉਸ ਨੂੰ ਬਚਪਨ ਵਿਚ ਬਹੁਤ ਪਸੰਦ ਸੀ, ਪਰ ਉਸ ਦਿਨ ਸੁਰੇਸ਼ ਨੇ ਚੰਪਾ ਦੇ ਫੁਲ ਉਸਦੇ ਲਈ ਨਹੀਂ ਖਰੀਦੇ ਸੀ। ਪ੍ਰੋਫੈਸਰ ਵਰਮਾ ਦੇ ਨਾਲ ਨਾਟਕ ਦੇਖ ਕੇ ਇਕੱਲੇ ਨਿਕਲਦਿਆਂ ਹੋਇਆਂ ਦੇਖ ਕੇ ਉਸ ਨੂੰ ਲੈਣ ਆਏ ਸੁਰੇਸ਼ ਦਾ ਚਿਹਰਾ ਕਿਹੋ ਜਿਹਾ ਹੋ ਗਿਆ ਸੀ। ਘਰ ਆ ਕੇ ਵੀ ਉਹ ਇਕਦਮ ਗੰਭੀਰ ਰਿਹਾ ਸੀ–"ਤੂੰ ਤਾਂ ਕਿਹਾ ਸੀ ਕਿ ਹੋਰ ਵੀ ਕਈ ਜਣੇ ਜਾ ਰਹੇ ਨੇ।ਤੈਨੂੰ ਇਸ ਤਰ੍ਹਾਂ ਕੋਈ ਇਕੱਲੇ ਉਸਦੇ ਨਾਲ ਦੇਖੇ, ਤਾਂ ਚੰਗਾ ਲਗੇਗਾ ਕੀ ?" ਅਖਰੀਲੇ ਵਕਤ 'ਤੇ ਬਾਕੀ ਦੋਵੇਂ ਸਾਥੀਆਂ ਦਾ ਪ੍ਰੋਗਰਾਮ ਬਦਲਣ ਦੀ ਸਫਾਈ ਦਿੰਦਿਆਂ-ਦਿੰਦਿਆਂ ਵੰਦਨਾ ਗੁੱਸੇ ਵਿੱਚ ਆ ਗਈ ਸੀ– "ਤੈਨੂੰ ਵਿਸ਼ਵਾਸ ਨ੍ਹੀਂ ਮੇਰੇ 'ਤੇ ? ਹੋਰਾਂ ਦੀ ਗੱਲ ਛੱਡ, ਕੋਈ ਕੀ ਸੋਚੇਗਾ ਤੇ ਕੀ ਗੱਲਾਂ ਬਣਾਊਗਾ... ਤੈਨੂੰ ਕਿਉਂ ਇੰਨਾ ਬੁਰਾ ਲਗ ਰਿਹਾ ਏ ?"



ਰਾਤ ਨੂੰ ਸੁਰੇਸ਼ ਦੇ ਨਾ ਖਾਣ 'ਤੇ ਉਸਨੇ ਇਕੱਲੇ ਖਾਣਾ ਖਾ ਲਿਆ ਸੀ। "ਭੁੱਖੇ ਰਹਿ ਕੇ ਕਿਸੇ 'ਤੇ ਦਬਾਓ ਪਾਉਣਾ ਤਾਂ ਕਮਜ਼ੋਰੀ ਏ ਜਾਂ ਫੇਰ ਬਲੈਕਮੇਲਿੰਗ। ਮੈਂ ਕੋਈ ਗਲਤੀ ਨ੍ਹੀਂ ਕੀਤੀ।" ਬਾਅਦ ਵਿਚ ਸੁਲਾਹ ਹੋ ਜਾਣ 'ਤੇ ਵੀ ਬਹੁਤ ਵਾਰ ਉਹ ਬਹਿਸ ਉਠ ਆਉਂਦੀ ਸੀ। ਪਿਤਾ ਦੀ ਇਸ ਧਾਰਨਾ ਨੂੰ ਉਹ ਬਹੁਤ ਪਿਛੇ ਛੱਡ ਆਈ ਸੀ ਕਿ "ਤੀਵੀਂ ਤੇ ਪੁਰਸ਼ ਦੇ ਵਿਚ ਅੱਗ ਤੇ ਘਿਉ ਦਾ ਸੰਬੰਧ ਹੁੰਦਾ ਏ।"ਕੀ ਸੁਰੇਸ਼ ਦੀ ਵੀ ਅੰਤ ਇਹੀ ਧਾਰਨਾ ਏ ?" ਇਹ ਸਵਾਲ ਉਸਦੇ ਦਿਮਾਗ ਵਿਚ ਘੁੰਮਦਾ ਰਿਹਾ ਸੀ। "ਇਕ ਜਨਾਨੀ ਆਖਿਰ ਜਦੋਂ ਘਰ ਤੋਂ ਬਾਹਰ ਨਿਕਲਦੀ ਏ, ਤਾਂ ਇਹ ਕਿਵੇਂ ਸੰਭਵ ਏ ਕਿ ਉਹ ਕਿਸੇ ਪੁਰਸ਼ ਦੇ ਸੰਪਰਕ ਵਿਚ ਨਾ ਆਵੇ ਤੇ ਉਸ ਨਾਲ ਕਿਸੇ ਤਰ੍ਹਾਂ ਦਾ ਰਿਸ਼ਤਾ ਨਾ ਬਣਾਏ। ਕੀ ਤੀਵੀਂ-ਆਦਮੀ ਵਿਚ ਕੋਈ ਤੰਦਰੁਸਤ ਸੰਬੰਧ ਸੰਭਵ ਨਹੀਂ-ਜਿਥੇ ਉਹ ਦੋ ਵਿਅਕਤੀਆਂ ਵਾਂਗ ਮਿਲਦੇ ਨੇ ? ਫੇਰ ਪ੍ਰੋਫੈਸਰ ਵਰਮਾ ਤਾਂ ਬਜ਼ੁਰਗ ਆਦਮੀ ਏ। ਉਸ ਨਾਲ ਜਾਣ ਵਿਚ ਕੀ ਇਤਰਾਜ ਹੋ ਸਕਦਾ ਏ ?" ਉਸਨੇ ਸੁਰੇਸ਼ ਨੂੰ ਸਮਝਾਉਣਾ ਚਾਹਿਆ ਸੀ ਪਰ ਸੁਰੇਸ਼ ਅੜਿਆ ਰਿਹਾ ਕਿ ਉਸ ਨੂੰ ਲੋਕਾਂ ਦੀਆਂ ਗੱਲਾਂ ਬਣਾਉਣ ਦਾ ਮੌਕਾ ਨਹੀਂ ਦੇਣਾ ਚਾਹੀਦਾ ਸੀ ਤੇ ਦੂਜਿਆਂ ਵਾਂਗ ਆਪਣਾ ਵੀ ਪ੍ਰੋਗਰਾਮ ਰੱਦ ਕਰ ਦੇਣਾ ਚਾਹੀਦਾ ਸੀ।

ਸਵਿਤਾ ਉਠਕੇ ਗੁਸਲਖਾਨੇ ਵਿਚ ਵੜ ਗਈ ਸੀ। ਵੰਦਨਾ ਵੀ ਉਠ ਕੇ ਖਿੜਕੀ ਕੋਲ ਜਾ ਖੜੀ ਹੋਈ। ਕੈਸੂਰੀਨਾ ਦੇ ਮਹੀਨੇ ਨੁਕੀਲੇ ਪੱਤੇ ਸਵੇਰ ਦੀ ਠੰਢੀ ਹਵਾ ਵਿਚ ਝੂਮ ਰਹੇ ਸੀ। ਦਰਖਤਾਂ ਦੀ ਸੰਘਣੀ ਹਰਿਆਲੀ ਦੇ ਵਿਚ ਲਾਲ ਮਿੱਟੀ ਦੀ ਸੁੰਦਰ ਸੜਕ ਪਤਾ ਨਹੀਂ ਕਿਥੇ ਜਾ ਰਹੀ ਸੀ। "ਸੁਰੇਸ਼ ਨੇ ਇਹ ਰਾਤ ਕਿਵੇਂ ਕੱਟੀ ਹੋਊਗੀ ? ਕੀ ਉਹ ਵੀ ਉਸੇ ਤਰ੍ਹਾਂ ਆਪਣੇ ਖਾਲੀਪਣ ਦਾ ਕਾਰਨ ਲੱਭਦਾ ਰਿਹਾ ਹੋਊਗਾ ? ਕੀ ਉਹ ਵੀ ਗੱਲਾਂ ਨੂੰ ਦੁਹਰਾਉਂਦਾ-ਉਲਝਾਉਂਦਾ-ਸੁਲਝਾਉਂਦਾ ਰਿਹਾ ਹੋਊਗਾ ? ਕੀ ਉਹ ਸ਼ੱਕ ਵਿਚ ਘਿਰਿਆ ਹੋਊਗਾ ਕਿ ਉਹ ਇਕੱਲੀ ਏ ਤੇ ਕਿਤੇ ਕੁਸ਼ ਵੀ ਵਾਪਰ ਸਕਦਾ ਏ ?"

"ਮੈਂ ਤੇਰੀ ਗੱਲ ਮੰਨ ਹੀ ਲੈਂਦਾ ਹਾਂ ਕਿਉਂਜੁ ਮੈਂ ਨ੍ਹੀਂ ਚਾਹੁੰਦਾ ਕਿ ਤੂੰ ਸੋਚੇ ਕਿ ਮੈਂ ਤੈਨੂੰ ਆਪਣੀ ਤਾਕਤ ਨਾਲ ਜਬਰਦਸਤੀ ਕੁਸ਼ ਕਰਨ ਤੋਂ ਰੋਕ ਰਿਹਾ ਹਾਂ। ਮੇਰਾ ਅਜਿਹਾ ਸੁਭਾਅ ਨ੍ਹੀਂ ਏ ਕਿ ਮੈਂ ਕਿਸੇ ਨਾਲ ਜਬਰਦਸਤੀ ਕਰਾਂ। ਇਕੱਲੇ ਇਥੇ-ਉਥੇ ਨਾ ਘੁੰਮਣਾ।" ਸਟੇਸ਼ਨ 'ਤੇ ਉਸ ਨੂੰ ਛੱਡਣ ਆਏ ਸੁਰੇਸ਼ ਨੇ ਟ੍ਰੇਨ ਤੁਰਦਿਆਂ ਵੇਲੇ ਕਿਹਾ ਸੀ। ਉਹ ਬਿਨਾਂ ਕੁਝ ਕਹੇ ਸੁਰੇਸ਼ ਨੂੰ ਦੇਖਦੀ ਰਹੀ ਸੀ। "ਸੁਰੇਸ਼ ਨੇ ਕੀ ਪੜ੍ਹਿਆ ਹੋਊਗਾ ਉਸਦੇ ਚਿਹਰੇ 'ਤੇ ? ਜਾਂ ਕੀ ਪੜ੍ਹਨਾ ਚਾਹਿਆ ਹੋਊਗਾ ?" ਲਾਲ ਮਿੱਟੀ ਦੀ ਸੜਕ ਉਸ ਨੂੰ ਬੁਲਾ ਰਹੀ ਸੀ। ਪਰ ਉਸ ਨੇ ਸੋਚਿਆ ਕਿ ਸਵਿਤਾ ਦਾ ਸਾਥ ਠੀਕ ਰਹੇਗਾ ਤੇ ਥੋੜ੍ਹੀ ਹੋਰ ਰੌਸ਼ਨੀ ਵੱਧਣ ਦਾ ਇੰਤਜਾਰ ਕਰਨ ਲੱਗੀ।

**ਅਨੁ: ਗੁਰਮੇਲ ਮਡਾਹੜ**